# ਵਨ ਵੇਅ

## (ਨਾਵਲ)
## ਲੇਖਕ: ਹਰਜੀਤ ਅਟਵਾਲ

## ਇਕ

ਸੰਨ ਛਿਆਹਟ ਦੀਆਂ ਗਰਮੀਆਂ। ਐਤਵਾਰ ਦਾ ਦਿਨ। ਸ਼ਾਮ ਦੇ ਸਾਢੇ ਤਿੰਨ ਵੱਜੇ ਸਨ। ਸੂਰਜ ਹਾਲੇ ਦੁਪਿਹਰ ਵਾਂਗ ਖੜਾ ਸੀ। ਸੁਰਜਨ ਪੰਜ-ਮੰਜ਼ਲੀ ਇਮਾਰਤ ਵਿਚੋਂ ਨਿਕਲਿਆ। ਇਕ ਵਾਰ ਤਾਂ ਬਾਹਰਲੀ ਧੁੱਪ ਨੇ ਉਸ ਦੀਆਂ ਅੱਖਾਂ ਚੁੰਧਿਆ ਮਾਰੀਆਂ। ਲਗਾਤਾਰ ਛੇ ਘੰਟੇ ਅੰਦਰਲੇ ਬਲਬਾਂ ਦੀ ਰੋਸ਼ਨੀ ਵਿਚ ਰਹਿ ਕੇ ਤੇਜ਼ ਧੁੱਪ ਦਾ ਸਾਹਮਣਾ ਕਰਨਾ ਮੁਸ਼ਕਲ ਹੋ ਰਿਹਾ ਸੀ। ਉਸ ਨੇ ਘੜੀ ਦੇਖੀ, ਹਾਲਾਂ ਕਿ ਵਕਤ ਦਾ ਅੰਦਾਜ਼ਾ ਉਸ ਨੂੰ ਹੈ ਹੀ ਸੀ। ਸੜਕ ਉਪਰ ਕਿੰਨੇ ਹੀ ਲੋਕ ਇਧਰ ਉਧਰ ਤੁਰੇ ਫਿਰ ਰਹੇ ਸਨ ਬਲਕਿ ਭੱਜੇ ਫਿਰਦੇ ਸਨ। ਸੁਰਜਨ ਵੀ ਉਹਨਾਂ ਵਿਚ ਰਲ਼ ਗਿਆ।

'ਰੁਆਇਲ ਡੀਨ' ਦੀ ਵਿਸ਼ਾਲ ਇਮਾਰਤ ਤੋਂ ਪਰ੍ਹੇ ਹੁੰਦਾ ਹੀ ਉਹ ਪਹਾੜ-ਕੱਦ ਇਮਾਰਤਾਂ ਵਿਚ ਘਿਰ ਗਿਆ। ਹਰ ਇਮਾਰਤ ਹੀ ਪੱਗ ਡਿਗਵੀਂ ਉੱਚੀ ਸੀ। ਹੌਲਬੌਰਨ ਅੰਡਰਗਰਾਊਂਡ ਸਟੇਸ਼ਨ ਨੂੰ ਪਿੱਛੇ ਛੱਡ ਉਹ ਸਟਰੈਂਡ ਵਲ ਤੁਰਦਾ ਗਿਆ। ਇੰਡੀਅਨ ਹਾਈ ਕਮਿਸ਼ਨ ਦੀ ਬਿਲਡਿੰਗ ਦਾ ਤਿਰੰਗਾ ਹਲਕੀ ਹਲਕੀ ਹਵਾ ਵਿਚ ਲਹਿਰਾ ਰਿਹਾ ਸੀ। ਹਾਈ ਕਮਿਸ਼ਨ ਸੁੰਨਾ ਪਿਆ ਸੀ। ਛੁੱਟੀ ਜਿਉਂ ਸੀ। ਧੁੱਪ ਵਿਚ ਘਸਮੈਲੀ ਜਿਹੀ ਬਿਲਡਿੰਗ ਵੀ ਚਮਕ ਰਹੀ ਸੀ। ਉਸ ਦੇ ਬਰਾਬਰ ਜਾ ਰਹੇ ਅੰਗਰੇਜ਼ ਦੇ ਹੱਥਲੇ ਟਰਾਂਸਜਿਸਟਰ ਉਪਰ ਬੀਟਲਜ਼ ਦਾ ਗਾਣਾ ਪੂਰੇ ਜ਼ੋਰ ਨਾਲ ਵੱਜ ਰਿਹਾ ਸੀ। ਗੋਰਾ ਗਾਣੇ ਦੀ ਤਾਨ ਨਾਲ ਸਿਰ ਹਿਲਾ ਰਿਹਾ ਸੀ। ਕਦੇ ਲੱਕ ਵੀ ਹਿਲਾਉਣ ਲਗਦਾ। ਸੁਰਜਨ ਜੇਬ੍ਹਾਂ ਵਿਚ ਹੱਥ ਪਾਈ 'ਦ ਮਾਲ' ਉਪਰ ਆ ਪੁੱਜਾ। ਇਵੇਂ ਜੇਬ੍ਹਾਂ ਵਿਚ ਹੱਥ ਪਾ ਕੇ ਤੁਰਨ ਦੀ ਉਸ ਦੀ ਆਦਤ ਹਾਲੇ ਵੀ ਕਾਇਮ ਸੀ। 'ਦ ਮਾਲ' ਉਪਰ ਅਸਟਰੇਲੀਅਨ ਹਾਈ ਕਮਿਸ਼ਨਰ ਦਾ ਦਫਤਰ ਦੇਖ ਕੇ ਉਸ ਦੇ ਅੰਦਰ ਇਕ ਅਪਣੱਤ ਜਿਹੀ ਉਠ ਆਈ। ਅਸਟਰੇਲੀਆ; ਅਮਾਂਡਾ ਦਾ ਦੇਸ਼। ਅਮਾਂਡਾ ਦਾ ਖਿਆਲ ਆਉਂਦਿਆਂ ਹੀ ਉਸ ਦੇ ਪੈਰ ਕਾਹਲੇ ਪੈ ਗਏ। ਇਕ ਦੁਕਾਨ ਦੇ ਸ਼ੀਸ਼ੇ ਵਿਚ ਉਸ ਨੇ ਇਕ ਪਲ ਲਈ ਆਪਣੀ ਪੱਗ ਨੂੰ ਦੇਖਿਆ, ਠੀਕ ਸੀ। ਦਾਹੜੀ ਵੀ ਬੈਠਵੀਂ। ਭਾਵੇਂ ਇਸ ਸ਼ੀਸ਼ੇ ਨੇ ਸਹੀ ਅਕਸ ਨਹੀਂ ਸੀ ਦਿਤਾ ਪਰ ਉਸ ਨੂੰ ਤਸੱਲੀ ਸੀ।

ਟ੍ਰਫਾਲਗਰ ਸੁਕੈਅਰ ਵਿਚ ਅਜ ਭੀੜ ਆਮ ਨਾਲੋਂ ਸੰਘਣੀ ਸੀ। ਜਿਸਮ ਹੀ ਜਿਸਮ ਸਨ। ਇਕ ਦੂਜੇ ਨਾਲ ਖਹਿੰਦੇ ਫਿਰਦੇ ਜਿਸਮ। ਮਰਦ ਆਪਣੀਆਂ ਕਮੀਜ਼ਾਂ-ਬਨੈਣਾਂ ਕੱਛਿਆਂ ਵਿਚ ਫਸਾਈ ਫਿਰਦੇ ਸਨ। ਔਰਤਾਂ ਵੀ ਘੱਟ ਤੋਂ ਘੱਟ ਕਪੜੇ ਪਹਿਨ ਕੇ ਨਿਕਲੀਆਂ ਸਨ। ਕਬੂਤਰ ਵੀ ਆਮ ਨਾਲੋਂ ਚੁਸਤ ਸਨ। ਥੋੜੇ ਜਿਹੇ ਦਾਣੇ ਹੱਥੇਲੀ 'ਤੇ ਰੱਖੋ ਕਿ ਝੁੰਡ ਦਾ ਝੁੰਡ ਮੋਢਿਆਂ ਉਪਰ ਆ ਬੈਠਦਾ। ਭੀੜ ਵਿਚ ਅਜੀਬ ਜਿਹੀ ਚਮਲਾਹਟ ਸੀ। ਗਭਰੇਟ ਉਮਰ ਦੇ ਮੁੰਡੇ-ਕੁੜੀਆਂ ਇਕ ਦੂਜੇ ਪਿੱਛੇ ਚੀਕਾਂ ਮਾਰਦੇ ਭੱਜ ਰਹੇ ਸਨ। ਬੱਚੇ ਹੱਥਾਂ ਵਿਚ ਗੁਬਾਰੇ ਫੜੀ ਅਲੱਗ ਸ਼ੋਰ ਪਾ ਰਹੇ ਸਨ। ਕੁਝ ਕੁ ਲੋਕ ਥਕਾਵਟ ਦੇ ਭੰਨੇ ਸਾਹ ਲੈਣ ਲਈ ਫੁਹਾਰਿਆਂ ਦੇ ਬਨੇਰਿਆਂ ਉਪਰ ਬੈਠੇ ਸਨ। ਇਸ ਭੀੜ ਵਿਚ ਆਮ ਤੌਰ ਤੇ ਯਾਤਰੀ ਹੀ ਸਨ। ਇਕ ਦੂਜੇ ਦੀਆਂ ਤਸਵੀਰਾਂ ਖਿੱਚੀਆਂ ਜਾ ਰਹੀਆਂ ਸਨ। ਕੋਈ ਸ਼ੇਰਾਂ ਦੀ ਫੋਟੋ ਲੈ ਰਿਹਾ ਸੀ ਤੇ ਕੋਈ ਸ਼ੇਰਾਂ ਨਾਲ ਖੜ ਕੇ ਤਸਵੀਰ ਖਿਚਵਾ ਰਿਹਾ ਸੀ। ਕੋਈ ਕੋਈ ਲਾਟ ਦੇ ਧੁਰ ਉਪਰ ਖੜੇ ਨੈੱਲਸਨ ਦੇ ਬੁੱਤ ਦੀ ਫੋਟੋ ਲੈਣ ਦੀ ਕੋਸ਼ਿਸ਼ ਵੀ ਕਰ ਰਿਹਾ ਸੀ। ਪਰਾਂਹ ਦੋ ਸਿਪਾਹੀ ਹੈਟਾਂ ਵਿਚਦੀ ਚੋਂਦੇ ਮੁੜਕੇ ਨਾਲ ਖੜੇ ਗੱਲਾਂ ਕਰ ਰਹੇ ਸਨ।

ਸੁਰਜਨ ਉਸੇ ਰੇਹੜੀ ਕੋਲ ਆ ਖੜਿਆ ਜਿਥੇ ਰੁਕ ਕੇ ਅਮਾਂਡਾ ਉਸ ਦੀ ਉਡੀਕ ਕਰਿਆ ਕਰਦੀ ਸੀ। ਰੇਹੜੀ ਵਾਲਾ ਯਾਤਰੀਆਂ ਨੂੰ ਵੇਚਣ ਲਈ ਕਾਰਡ, ਟੋਪੀਆਂ, ਬੈਜ ਆਦਿ ਲਈ ਖੜਾ ਸੀ। ਅਜ ਉਸ ਨੇ ਸੁਰਜਨ ਨੂੰ ਦੇਖ ਕੇ 'ਵਿਸ਼' ਨਹੀਂ ਸੀ ਕੀਤੀ ਜਿਵੇਂ ਕਰਿਆ ਹੀ ਕਰਦਾ ਸੀ। ਅਜ ਉਹ ਵਿਅਸਤ ਹੀ ਬਹੁਤ ਸੀ। ਸੁਰਜਨ ਇਕ ਪਾਸੇ ਜ਼ਰਾ ਕੁ ਉੱਚੀ ਥਾਵੇਂ ਜਾ

www.PunjabiLibrary.com

ਖੜਿਆ। ਉਹ ਫੁੱਟਵੇਅ 'ਤੇ ਆ ਰਹੀ ਭੀੜ ਵਿਚੋਂ ਅਮਾਂਡਾ ਲੱਭਣ ਲਗਿਆ। ਲੰਘ ਰਹੇ ਕਈ ਲੋਕ ਉਸ ਵਲ ਉਚੇਚਾ ਦੇਖਦੇ। ਪੂਰੀ ਭੀੜ ਵਿਚ ਉੱਚਾ ਲੰਮਾ ਸਰਦਾਰ ਉਹ ਇਕੱਲਾ ਹੀ ਸੀ। ਉਸ ਦੀ ਬਦਾਮੀ ਪੱਗ ਧੁੱਪ ਨਾਲ ਲਿਸ਼ਕ-ਲਿਸ਼ਕ ਪੈ ਰਹੀ ਸੀ। ਕਈ ਚਿਹਰੇ ਉਸ ਵਲ ਦੇਖ ਕੇ ਇਵੇਂ ਵੀ ਹੋ ਜਾਂਦੇ ਜਿਵੇਂ ਨਫਰਤ ਨੂੰ ਥੁੱਕ ਨਾਲ ਨਿਗਲ ਰਹੇ ਹੋਣ।

ਅਮਾਂਡਾ ਕਿਧਰੇ ਨਹੀਂ ਸੀ। ਤਿੰਨ ਵਜੇ ਕੰਮ ਛੱਡ ਕੇ ਉਹ ਸੁਰਜਨ ਤੋਂ ਪਹਿਲਾਂ ਹੀ ਇਥੇ ਪੁੱਜ ਜਾਇਆ ਕਰਦੀ ਸੀ। ਅੱਜ ਤਾ ਚਾਰ ਵੱਜ ਚੁੱਕੇ ਸਨ। ਸੁਰਜਨ ਨੂੰ ਫਿਕਰ ਹੋਣ ਲਗਿਆ ਕਿਉਂਕਿ ਅਮਾਂਡਾ ਲੇਟ ਹੋਣ ਵਾਲੀ ਨਹੀਂ ਸੀ। ਉਸ ਨੇ ਇਕ ਵਾਰ ਫਿਰ ਘੜੀ ਦੇਖੀ ਤੇ ਬ੍ਰਿਟਿਸ਼ ਮਿਊਜ਼ੀਅਮ ਵਲ ਤੁਰ ਪਿਆ। ਅਮਾਂਡਾ ਰਾਹ ਵਿਚ ਕਿਤੇ ਨਾ ਮਿਲੀ। ਮਿਊਜ਼ੀਅਮ ਵੀ ਬੰਦ ਹੋਣ ਨੂੰ ਸੀ। ਉਸ ਨੇ ਜੇਬ੍ਹ ਵਿਚੋਂ ਸ਼ਲਿੰਗ ਕੱਢਿਆ ਅਤੇ ਨਾਲ ਦੇ ਫੋਨ ਬੌਕਸ ਵਿਚ ਜਾ ਵੜਿਆ। ਅਮਾਂਡਾ ਦੇ ਘਰ ਦਾ ਫੋਨ ਤਿੰਨਾਂ ਫਲੈਟਾਂ ਦਾ ਸਾਂਝਾ ਫੋਨ ਸੀ। ਸੁਰਜਨ ਨੂੰ ਸਦਾ ਝਿਜਕ ਰਹਿੰਦੀ ਕਿ ਕੋਈ ਹੋਰ ਹੀ ਫੋਨ ਨਾ ਚੁੱਕ ਲਵੇ। ਇਵੇਂ ਹੀ ਹੋਇਆ। ਥੱਲੇ ਦੇ ਫਲੈਟ ਵਾਲੇ ਮਾਈਕਲ ਨੇ ਫੋਨ ਉਠਾਇਆ। ਸੁਰਜਨ ਨੇ ਅਮਾਂਡਾ ਬਾਰੇ ਪੁੱਛਿਆ। ਮਾਈਕਲ ਮੁਤਾਬਕ ਅਮਾਂਡਾ ਘਰ ਹੀ ਸੀ। ਉਹ ਅਮਾਂਡਾ ਨੂੰ ਬੁਲਾਉਣ ਚਲੇ ਗਿਆ ਪਰ ਜਦ ਤਕ ਸੁਰਜਨ ਦਾ ਪਾਇਆ ਸ਼ਲਿੰਗ ਖਤਮ ਹੋ ਗਿਆ। ਉਸ ਨੇ ਜੇਬ੍ਹ ਵਿਚ ਹੱਥ ਮਾਰਿਆ, ਹੋਰ ਭਾਨ ਨਹੀਂ ਸੀ। ਸਾਹਮਣੇ ਹੀ ਅੰਡਰ ਗਰਾਊਂਡ ਸਟੇਸ਼ਨ ਨੂੰ ਪੌੜੀਆਂ ਉਤਰਦੀਆਂ ਸਨ। ਉਹ ਕਾਹਲੀ ਨਾਲ ਪੌੜੀਆਂ ਉਤਰਨ ਲਗਿਆ। ਉਸ ਸੋਚ ਰਿਹਾ ਸੀ ਕਿ ਜਦ ਤਕ ਭਾਨ ਦਾ ਇੰਤਜ਼ਾਮ ਕਰੇਗਾ ਤਦ ਤਕ ਤਾਂ ਉਹ ਅਮਾਂਡਾ ਦੇ ਘਰ ਦੇ ਅੱਧ ਵਿਚ ਪੁੱਜ ਚੁੱਕਾ ਹੋਵੇਗਾ। ਗੱਡੀ ਦਾ ਪਾਸ ਤਾਂ ਉਹਦੇ ਪਾਸ ਹੈ ਹੀ ਸੀ।

ਸ਼ੈਫ੍ਰਡ ਬੁੱਸ਼ ਸਟੇਸ਼ਨ ਤੋਂ ਬਾਹਰ ਨਿਕਲ ਉਹ ਉਵੇਂ ਹੀ ਜੇਬ੍ਹਾਂ ਵਿਚ ਹੱਥ ਪਾਈ ਤੁਰਨ ਲਗਿਆ। ਲਾਈਟਾਂ ਲੰਘ ਕੇ ਉਹ ਹੌਲੈਂਡ-ਪਾਰਕ ਐਵਿਨਿਊ ਵਿਚ ਪੈ ਗਿਆ। ਦੂਜ ਦੇ ਚੰਨ ਵਰਗੀ ਮੋੜਵੀਂ ਸੜਕ ਉਪਰ ਮੁੜ ਕੇ ਅਮਾਂਡਾ ਦਾ ਘਰ ਸੀ। ਉਸ ਨੇ ਸੈਂਤੀ ਨੰਬਰ ਦੇ ਦਰਵਾਜ਼ੇ ਉਪਰ ਲਗੇ ਵਿਚਕਾਰਲੇ ਬਟਨ ਨੂੰ ਦਬਾ ਦਿਤਾ। ਇਸ ਬਟਨ ਦੇ ਮੂਹਰੇ ਲਿਖਿਆ ਸੀ; ਮਿਸਜ਼ ਅਮਾਂਡਾ ਰਾਈਡਰ। ਕੁਝ ਦੇਰ ਵਿਚ ਪਤਲੀ ਲੰਮੀ ਗੋਰੀ ਦਰਵਾਜ਼ਾ ਖੋਹਲ ਉਸ ਦਾ ਸਾਹਮਣੇ ਆ ਖੜੀ। ਉਸ ਨੇ ਵਾਲ ਉਪਰ ਨੂੰ ਕਰਕੇ ਬੰਨੇ ਹੋਏ ਸਨ। ਉਸ ਦੇ ਨੱਕ ਦੀ ਲਾਲ ਕਰੂੰਬਲ ਦਸ ਰਹੀ ਸੀ ਕਿ ਉਸ ਦੀ ਸਿਹਤ ਵੱਲ ਨਹੀਂ ਹੈ। ਉਹ ਸੁਰਜਨ ਨੂੰ ਦੇਖ ਕੇ ਖਿੜ ਗਈ। ਉਸ ਨੂੰ ਬਾਂਹਾਂ ਵਿਚ ਲੈਂਦੀ ਹੌਲੇ ਜਿਹੇ ਬੋਲੀ,

"ਡਾਰਲਿੰਗ, ਮੇਰਾ ਤਾਂ ਬੁਰਾ ਹਾਲ ਐ, ਕੰਮ 'ਤੇ ਵੀ ਨਹੀਂ ਜਾ ਸਕੀ।"

ਕਹਿੰਦਿਆਂ ਉਸ ਨੇ ਸੁਰਜਨ ਦੀ ਦਾਹੜੀ ਨੂੰ ਚੁੰਮਿਆਂ ਤੇ ਉਸ ਦਾ ਹੱਥ ਫੜ ਪੌੜੀਆਂ ਚੜ੍ਹਨ ਲਗੀ। ਸੁਰਜਨ ਕੁਝ ਕਹੇ ਬਿਨਾਂ ਉਸ ਦੇ ਮਗਰ ਹੋ ਪੌਡੇ ਚੜ੍ਹਦਾ ਗਿਆ। ਪਹਿਲੀ ਮੰਜ਼ਲ 'ਤੇ ਹੀ ਫਲੈਟ ਸੀ। ਇਕ ਬੈੱਡ ਰੂਮ, ਇਕ ਬੈਠਕ ਤੇ ਨਾਲ ਹੀ ਰਸੋਈ ਤੇ ਗੁਸਲਖਾਨਾ। ਇਸੇ ਸਾਈਜ਼ ਦਾ ਇਕ ਫਲੈਟ ਹੇਠਾਂ ਸੀ ਜਿਸ ਵਿਚ ਮਾਈਕਲ ਤੇ ਉਸ ਦੀ ਪਤਨੀ ਨੋਰੀਨ ਰਹਿੰਦੇ ਸਨ। ਅਮਾਂਡਾ ਤੋਂ ਉਪਰਲੀ ਮੰਜ਼ਲ ਵਿਚਲੇ ਫਲੈਟ ਵਿਚ ਫਰੈਂਚ ਕੁੜੀ ਈਲ ਦੀ ਰਿਹਾਇਸ਼ ਸੀ। ਸੁਰਜਨ ਦਾ ਇਥੇ ਆਉਣਾ-ਜਾਣਾ ਆਮ ਸੀ ਪਰ ਉਹ ਕਿਸੇ ਨਾਲ ਘੁਲ਼ਿਆ-ਮਿਲ਼ਿਆ ਨਹੀਂ ਸੀ। ਪੌੜੀਆਂ ਚੜ੍ਹਦੇ-ਉਤਰਦੇ ਕਦੇ 'ਹੈਲੋ' ਹੋ ਗਈ ਤਾਂ ਹੋ ਗਈ। ਅਮਾਂਡਾ ਉਸ ਨੂੰ ਸਿੱਧਿਆਂ ਬੈੱਡ ਰੂਮ ਵਿਚ ਹੀ ਲੈ ਗਈ। ਉਹ ਬਿਸਤਰ ਉਪਰ ਜਾ ਡਿਗੀ। ਸੁਰਜਨ ਨਾਲ ਪਈ ਕੁਰਸੀ ਉਪਰ ਬੈਠ ਗਿਆ। ਅਮਾਂਡਾ ਬੋਲੀ,

"ਏਨੀ ਥਕਾਵਟ ਹੋਈ ਪਈ ਐ ਕਿ ਕੁਝ ਨਾ ਪੁੱਛ! ...ਰਾਤੀਂ ਅਚਾਨਕ ਇਹ ਸਭ ਸ਼ੁਰੂ ਹੋ ਗਿਆ, ਬਹੁਤ ਹੀ ਜ਼ੋਰਦਾਰ, ਐਤਕੀਂ ਲੱਤਾਂ ਵੀ ਨਹੀਂ ਦੁਖੀਆਂ, ਬਸ..., ਸਾਰਾ ਦਿਨ ਹੀ ਬਹੁਤ ਤਕਲੀਫ ਵਿਚ ਰਹੀ ਆਂ।"

"ਚਾਹ ਬਣਾ ਕੇ ਦੇਵਾਂ?"

"ਨਹੀਂ ਸਰਜ, ਮੈਂ ਕੁਝ ਨਹੀਂ ਪੀਣਾ, ...ਹਾਂ, ਤੂੰ ਆਪਣੇ ਲਈ ਬਣਾ ਲੈ, ਜਾਂ ਫਰਿੱਜ 'ਚੋਂ ਕੁਝ ਲੈ ਲੈ।"

"ਬਾਹਰ ਏਨਾ ਵਧੀਆ ਮੌਸਮ ਐਂ, ਅਜਿਹੇ ਮੌਸਮ ਵਿਚ ਅੰਦਰ ਬੈਠਣਾ ਪਾਪ ਹੁੰਦਾ, ਮੈਂਡੀ।"

"ਸਰਜ, ਮੈਨੂੰ ਕੁਝ ਵੀ ਚੰਗਾ ਨਹੀਂ ਲਗ ਰਿਹਾ।"

"ਇਕ ਵਾਰੀ ਬਾਹਰ ਨਿਕਲ ਕੇ ਦੇਖ ਤਾਂ ਸਹੀ।"

ਆਖਦਾ ਹੋਇਆ ਸੁਰਜਨ ਰਸੋਈ ਵਿਚ ਜਾ ਵੜਿਆ। ਬਿਜਲਈ ਕੈਟਲ ਚਲਾ ਦਿਤੀ। ਦੋ ਕੱਪਾਂ ਵਿਚ ਇਕ ਇਕ ਟੀ-ਬੈਗ ਤੇ ਇਕ ਇਕ ਚਮਚਾ ਖੰਡ ਦੇ ਪਾਏ। ਮਿੰਟ ਕੁ ਵਿਚ ਹੀ ਪਾਣੀ ਉਬਲਣ ਲਗਿਆ। ਕੱਪਾਂ ਵਿਚ ਪਾਣੀ ਪਾਣੀ ਪਾਇਆ ਤੇ ਥੋੜਾ ਥੋੜਾ ਦੁੱਧ ਵੀ। ਚਮਚੇ ਨਾਲ ਹਿਲਾ ਕੇ ਚਾਹ ਤਿਆਰ ਕਰ ਲਈ। ਹੁਣ ਤਕ ਸੁਰਜਨ ਨੂੰ ਅਜਿਹੀ ਚਾਹ ਪੀਣ ਦੀ ਆਦਤ ਪੈ ਚੁੱਕੀ ਸੀ। ਘਰ ਵਿਚ ਬਲਦੇਵ ਕਾੜ੍ਹ ਕਾੜ੍ਹ ਕੇ ਚਾਹ ਬਣਾਉਂਦਾ। ਸੁਰਜਨ ਨੂੰ ਉਹ ਚਾਹ ਸਵਾਦ ਲਗਣੋਂ ਹੀ ਹਟ ਗਈ ਸੀ। ਉਸ ਨੇ ਆਪਣੀ ਚਾਹ ਲਈ ਕੈਟਲ ਅਲੱਗ ਲਿਆ ਕੇ ਰੱਖ ਲਈ ਹੋਈ ਸੀ। ਇਵੇਂ ਚਾਹ ਬਣਾਉਣੀ ਸੌਖੀ ਵੀ ਸੀ। ਪਾਣੀ ਨੇ ਉਬਾਲਾ ਖਾਧਾ ਨਹੀਂ ਕਿ ਚਾਹ ਬਣੀ ਨਹੀਂ।

ਉਸ ਨੇ ਚਾਹ ਵਾਲਾ ਕੱਪ ਅਮਾਂਡਾ ਦੇ ਹੱਥ ਵਿਚ ਫੜਾਇਆ ਤੇ ਉਸ ਦੇ ਮੱਥੇ 'ਤੇ ਹੱਥ ਰੱਖਦਾ ਉਸ ਦੇ ਤਾਪਮਾਨ ਦਾ ਅੰਦਾਜ਼ਾ ਲਗਾਉਣ ਲਗਿਆ। ਉਹ ਬਿਸਤਰ ਉਪਰ ਹੀ ਅਮਾਂਡਾ ਦੇ ਨਾਲ ਲੱਗ ਕੇ ਬੈਠ ਗਿਆ ਤੇ ਬੋਲਿਆ,

"ਮੈਂਡੀ, ਅੰਦਰ ਬੈਠ ਕੇ ਹੋਰ ਬਿਮਾਰ ਹੋ ਜਾਵੇਂਗੀ। ਚੱਲ, ਕਿਧਰੇ ਬਾਹਰ ਚਲਦੇ ਆਂ।"

ਅਮਾਂਡਾ ਉਸ ਵਲ ਦੇਖਦੀ ਚਾਹ ਦੇ ਘੁੱਟ ਭਰਨ ਲਈ। ਚਾਹ ਮੁਕਾ ਕੇ ਉਸ ਨੇ ਸੁਰਜਨ ਨੂੰ ਕਲਾਵੇ ਵਿਚ ਲੈਂਦੀ ਬੋਲੀ,

"ਇਕ ਦਿਨ ਵਿਚ ਈ ਮੇਰੇ ਸਾਹ ਸੂਤੇ ਗਏ, ਬੈੱਡ 'ਤੇ ਪਈ ਪਈ ਫੈੱਡ-ਅੱਪ ਹੋਈ ਪਈ ਆਂ।"

"ਤਾਂਹੀ ਕਿਹਾ ਕਿ ਚਲ ਕਿਤੇ ਚੱਲੀਏ, ਥਕਾਵਟ ਜ਼ਰੂਰ ਐ ਪਰ ਠੀਕ ਹੋ ਜਾਵੇਂਗੀ।"

ਗੱਲ ਕਰਦਿਆਂ ਸੁਰਜਨ ਉਠਿਆ ਤੇ ਦੋ ਐਨਾਡੀਨ ਦੀਆਂ ਗੋਲੀਆਂ ਅਮਾਂਡਾ ਨੂੰ ਫੜਾ ਦਿਤੀਆਂ। ਆਮ ਤੌਰ ਤੇ ਉਹ ਸਦਾ ਹੀ ਅਮਾਂਡਾ ਨੂੰ ਦਵਾਈਆਂ ਖਾਣ ਤੋਂ ਵਰਜਦਾ ਰਹਿੰਦਾ ਪਰ ਹੁਣ ਉਸ ਨੂੰ ਲਗਦਾ ਸੀ ਕਿ ਅਮਾਂਡਾ ਨੂੰ ਦਵਾਈ ਦੀ ਲੋੜ ਸੀ। ਬਿਸਤਰ-ਢੋਅ ਦੇ ਡਰਾਅ ਵਿਚ ਪਏ ਹਵਾਈ ਖਤ ਨੂੰ ਦੇਖਦਾ ਪੁੱਛਣ ਲਗਿਆ,

"ਘਰੋਂ ਆਇਆ ਲਗਦਾ।"

"ਹਾਂ, ਜੌਰਜ ਦਾ ਏ, ...ਕਹਿੰਦਾ ਕੁਝ ਪੇਪਰ ਸਾਈਨ ਕਰਨ ਵਾਲੇ ਨੇ ਤੇ ਕੁਝ ਫਾਰਮ ਬਾਰੇ ਵੀ ਸਲਾਹਾਂ ਪੁੱਛੀਆਂ, ...ਜੂਨੀਅਰ ਜੌਰਜ ਮੈਨੂੰ ਬਹੁਤ ਯਾਦ ਕਰਦਾ, ...ਬਸ।"

"ਵੈਸੇ, ਪਿਓ-ਪੁੱਤ ਠੀਕ ਨੇ?"

"ਠੀਕ ਈ ਹੋਣਗੇ, ...ਨਾਲ ਦੇ ਫਾਰਮ ਵਾਲੇ ਨਾਈਜਲ ਦੀ ਪਤਨੀ ਸ਼ੈਰਲ ਦਾ ਬਹੁਤ ਜ਼ਿਕਰ ਕੀਤਾ ਹੋਇਐ, ...ਨਿਰੀ ਚੁੜੇਲ ਐ, ਜੌਰਜ ਨੂੰ ਫਸਾਉਣ ਦੀ ਕੋਸ਼ਿਸ਼ ਕਰਦੀ ਹੋਏਗੀ, ...ਕੋਈ ਗੱਲ ਨਹੀਂ, ਵਾਪਸ ਜਾ ਕੇ ਸਬਕ ਦੇਵਾਂਗੀ।"

ਉਹ ਹੱਸਦੀ ਹੋਈ ਬੋਲੀ ਤੇ ਉਠ ਕੇ ਤਿਆਰ ਹੋਣ ਲਗੀ। ਲੰਮੀ ਸਕੱਰਟ ਪਾ ਕੇ ਹਲਕਾ ਜਿਹਾ ਮੇਕ-ਅੱਪ ਕਰ ਲਿਆ। ਸਕੱਰਟ ਨੂੰ ਇਕ ਪਾਸਿਓਂ ਚੁਕ ਝੂਲਦੀ ਜਿਹੀ ਸੁਰਜਨ ਨੂੰ ਪੁੱਛਣ ਲਗੀ,

"ਕਿਵੇਂ ਲਗਦੀ ਆਂ?"

"ਬਹੁਤ ਖੂਬਸੂਰਤ! ...ਹਮੇਸ਼ਾ ਦੀ ਤਰ੍ਹਾਂ, ਲੋਕ ਮੇਰੇ ਨਾਲ ਤੁਰੀ ਜਾਂਦੀ ਨੂੰ ਦੇਖ ਕੇ ਈਰਖਾ ਕਰਨਗੇ!"

ਉਹ ਬਾਹਰ ਨਿਕਲੇ ਤਾਂ ਸੱਤ ਵੱਜਣ ਨੂੰ ਸਨ ਪਰ ਧੁੱਪ ਦੀ ਕਾਟ ਹਾਲੇ ਵੀ ਤੇਜ਼ ਸੀ। ਮੇਨ ਰੋਡ 'ਤੇ ਆ ਕੇ ਉਹਨਾਂ ਨੇ ਬੱਸ ਫੜ ਲਈ ਤੇ ਲੰਡਨ ਬਰਿਜ ਆ ਗਏ। ਥੇਮਜ਼ ਕੰਢੇ ਟਹਿਲਦੇ ਉਹ ਦਰਿਆ ਵਿਚ ਖੜੇ ਇਕ ਰੈਸਟੋਰੈਂਟ ਤਕ ਪੁੱਜ ਗਏ। ਇਹ ਇਕ ਪੁਰਾਣਾ ਜਹਾਜ਼ ਸੀ ਜਿਸ ਨੂੰ ਰੈਸਟੋਰੈਂਟ ਵਿਚ ਢਾਲ਼ ਲਿਆ ਗਿਆ ਸੀ। ਕੰਢੇ ਤੋਂ ਤੈਰਦੇ ਰੈਸਟੋਰੈਂਟ ਵਿਚਕਾਰਲਾ ਪੁੱਲ ਲੰਘ ਉਹ ਰੈਸਟੋਰੈਂਟ ਅੰਦਰ ਚਲੇ ਗਏ। ਉਪਰਲੀ ਮੰਜ਼ਲ ਵਿਚ ਪੱਬ ਬਣਿਆਂ ਸੀ ਅਤੇ ਹੇਠਲੀ ਮੰਜ਼ਲ ਵਿਚ ਰੈਸਟੋਰੈਂਟ। ਉਹ ਉਪਰਲੇ ਡੈੱਕ ਵਿਚ ਚਲੇ ਗਏ। ਵਾਈਨ ਦੇ ਗਲਾਸ ਭਰਾ ਕੇ ਬਾਹਰ ਆ ਖੜੇ। ਪਾਣੀ ਦੀਆਂ ਲਹਿਰਾਂ ਜਹਾਜ਼ ਨੂੰ ਡਿੱਕੇ-ਡੋਲੇ ਖਵਾ ਰਹੀਆਂ ਸਨ। ਸੁਰਜਨ ਬੀਅਰ ਜਾਂ ਵਿਸਕੀ ਤੋਂ ਪਰਹੇਜ਼ ਕਰਨ ਦੀ ਕੋਸ਼ਿਸ਼ ਕਰਦਾ ਪਰ ਅਮਾਂਡਾ ਦੀ ਕੰਪਨੀ ਵਿਚ ਵਾਈਨ ਪੀਣੀ ਉਸ ਨੂੰ ਚੰਗੀ ਲਗਦੀ ਸੀ। ਵਾਈਟ ਵਾਈਨ ਉਸ ਨੂੰ ਮਹਿਫਲ ਵਿਚ ਚੰਗੀ ਲਗਦੀ ਤੇ ਰੈੱਡ ਵਾਈਨ ਖਾਣੇ ਨਾਲ। ਇਹ ਸ਼ੌਂਕ ਉਸ ਨੇ ਅਮਾਂਡਾ ਤੋਂ ਹੀ ਲਿਆ ਸੀ। ਹਵਾ ਜ਼ਰਾ ਕੁ ਤੇਜ਼ ਹੋ ਗਈ। ਅਮਾਂਡਾ ਦੀ ਸਕੱਰਟ ਉੜਨ ਲਗੀ। ਉਸ ਦੀਆਂ ਨਿੱਗਰ ਲੱਤਾਂ ਨੰਗੀਆਂ ਹੋਣ ਲਗੀਆਂ। ਅੱਜ ਉਸ ਨੇ ਬਰਾਅ ਵੀ ਨਹੀਂ ਸੀ ਪਾਈ। ਮਜ਼ਬੂਤ ਲੱਤਾਂ ਤੇ ਪੱਥਰ ਜਿਹੀਆਂ ਛਾਤੀਆਂ ਸੁਰਜਨ ਨੂੰ ਨਸ਼ਿਆ ਰਹੀਆਂ ਸਨ। ਉਹ ਅਜੀਬ ਜਿਹੇ ਸੁਖ-ਅਨੰਦ ਵਿਚ ਸੀ।

ਉਹ ਬਹੁਤ ਖੁਸ਼ ਸੀ ਪਰ ਕੁਝ ਅਜਿਹਾ ਸੀ ਜੋ ਰੜਕ ਰਿਹਾ ਸੀ। ਇਹ ਰੜਕ ਅਮਾਂਡਾ ਦੀ ਹਾਜ਼ਰੀ ਵਿਚ ਪੈਂਦੀ ਹੀ ਰਹਿੰਦੀ ਸੀ। ਉਹ ਸੋਚਣ ਲਗਦਾ; ਇਹ ਸਭ ਕੀ ਹੈ? ...ਹਵਸ, ...ਜਾਂ ਕਿਸੇ ਅਤ੍ਰਿਪਤੀ ਦੀ ਤ੍ਰਿਪਤੀ? ...ਪਾਸ਼ੀ ਨਾਲ ਬੇਵਫਾਈ, ਧੀਆਂ ਨਾਲ ਦਗ਼ਾ, ...ਜਾਂ ਕੁਝ ਹੋਰ? ਉਹ ਕੋਈ ਫੈਸਲਾ ਨਾ ਕਰ ਸਕਦਾ। ਉਹ ਆਪਣੇ ਆਪ ਨੂੰ ਸਮਝਾਉਣ ਲਈ ਕੋਈ ਦਲੀਲ ਘੜਨ ਲਗਦਾ ਪਰ ਘੜੀ ਨਾ ਜਾਂਦੀ। ਕਦੇ ਕਦੇ ਜਦ ਉਸ ਦੇ ਅੰਦਰ ਗੁਨਾਹ ਭਾਵਨਾ ਪ੍ਰਬਲ ਹੋਣ ਲਗਦੀ, ਉਹ ਉਸੇ ਘੜੀ ਆਪਣੇ ਆਪ ਨੂੰ ਕਹਿਣ ਲਗਦਾ ਕਿ ਉਹ ਕਿਹੜਾ ਕੋਈ ਦੇਵਤਾ ਹੈ, ਇਕ ਸਧਾਰਨ ਆਦਮੀ ਹੀ ਤਾਂ ਹੈ; ਕਮੀਆਂ-ਪੂਰਤੀਆਂ, ਗੁਣਾਂ-ਔਗੁਣਾਂ ਦਾ ਪੁਤਲਾ। ਕਈ ਵਾਰ ਉਸ ਦਾ ਦਿਲ ਕਰਦਾ ਕਿ ਸਭ ਕੁਝ ਇਵੇਂ ਹੀ ਛੱਡ ਕੇ ਇੰਡੀਆ ਮੁੜ ਜਾਵੇ। ਨਹੀਂ ਚਾਹੀਦੀ ਉਸ ਨੂੰ ਅਜਿਹੀ ਇੰਗਲੈਂਡ। ਅਮਾਂਡਾ ਉਸ ਨੂੰ ਇਵੇਂ ਗਵਾਚੇ ਨੂੰ ਦੇਖ ਕੇ ਉਸ ਦੇ ਅੰਦਰਲੇ ਖੌਰੂ ਨੂੰ ਸਮਝ ਜਾਂਦੀ ਤੇ ਉਸ ਦੇ ਮੋਢੇ 'ਤੇ ਸਿਰ ਸੁੱਟ ਦਿੰਦੀ। ਸੁਰਜਨ ਸੋਚਣਾ ਬੰਦ ਕਰ ਦਿੰਦਾ।

ਉਹ ਇਕ ਲੱਖ ਰੁਪਏ ਕਮਾਉਣ ਵਾਸਤੇ ਇੰਗਲੈਂਡ ਆਇਆ ਸੀ। ਉਸ ਕੋਲ ਹੈ ਹੀ ਕੀ ਸੀ; ਨਾ ਘਰ, ਨਾ ਜ਼ਮੀਨ। ਬਸ ਇਕ ਮਾਸਟਰੀ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਵੀ ਮੁਸ਼ਕਲ ਨਾਲ ਹੁੰਦਾ। ਆਪਣਾ ਘਰ ਬੰਨ੍ਹਣ ਲਈ ਉਸ ਨੇ ਆਪਣੇ ਆਪ

www.PunjabiLibrary.com

ਨੂੰ ਪੰਜ ਸਾਲ ਦਾ ਬਣਵਾਸ ਦਿਤਾ ਸੀ। ਇਕ ਲੱਖ ਕਮਾਉਣ ਲਈ ਉਸ ਨੇ ਪਾਸ਼ੀ ਤੇ ਧੀਆਂ ਨੂੰ ਇਕੱਲੀਆਂ ਛੱਡਣ ਦਾ ਜੇਰਾ ਕੀਤਾ ਸੀ। ਇੰਗਲੈਂਡ ਵਿਚਲੀ ਔਖੀ ਜ਼ਿੰਦਗੀ ਦਾ ਉਸ ਨੂੰ ਪਹਿਲਾਂ ਹੀ ਪਤਾ ਸੀ। ਉਹ ਆਪਣੀਆਂ ਧੀਆਂ ਦੇ ਚੰਗੇ ਭਵਿੱਖ ਲਈ ਕੰਡਿਆਂ ਉਪਰ ਵੀ ਰਹਿ ਸਕਦਾ ਸੀ। ਕੋਈ ਰੇਗਿਸਤਾਨ ਵੀ ਪਾਰ ਕਰ ਸਕਦਾ ਸੀ। ਇਸੇ ਰੇਗਿਸਤਾਨ ਵਿਚ ਹੀ ਅਮਾਂਡਾ ਉਸ ਨੂੰ ਠੰਡੀ ਛਾਂ ਬਣ ਕੇ ਮਿਲੀ ਸੀ ਤੇ ਇਕ ਮਿੱਠਾ ਚਸ਼ਮਾ ਵੀ। ਅਮਾਂਡਾ ਨਾਲ ਤਾਂ ਉਸ ਦੀ ਰਾਸ਼ੀ ਹੀ ਮਿਲ ਗਈ ਸੀ ਨਹੀਂ ਤਾਂ ਉਹ ਉਹ ਔਰਤਾਂ ਪਿੱਛੇ ਭੱਜਣ ਵਾਲਾ ਬੰਦਾ ਨਹੀਂ ਸੀ। ਕਦੇ ਕਦੇ ਉਸ ਨੂੰ ਇਹ ਖਿਆਲ ਵੀ ਤੰਗ ਕਰਦਾ ਕਿ ਜੇ ਕਿਸੇ ਨੇ ਉਸ ਨੂੰ ਅਮਾਂਡਾ ਨਾਲ ਇਵੇਂ ਦੇਖ ਲਿਆ ਤਾਂ ਕੀ ਹੋਵੇਗਾ, ਲੋਕ ਕੀ ਸੋਚਣਗੇ ਉਸ ਬਾਰੇ। ਸਰਦੂਲ ਕੀ ਕਹੇਗਾ। ਸਰਦੂਲ ਉਸ ਦਾ ਕਿੰਨਾ ਮੋਹ ਕਰਦਾ ਸੀ। ਵਿਆਹ ਤੋਂ ਪਹਿਲਾਂ ਹੀ ਉਸ ਨੇ ਕਿਹਾ ਸੀ ਕਿ ਉਸ ਦੀ ਭੈਣ ਬਹੁਤ ਸਾਦੀ ਹੈ, ਚੰਗੀ ਤਰ੍ਹਾਂ ਸੋਚ ਕੇ ਵਿਆਹ ਕਰਾਵੇ। ਉਸ ਨੇ ਸਾਦੀ ਕੁੜੀ ਨਾਲ ਵਿਆਹ ਵੀ ਕਰਾਇਆ ਸੀ ਤੇ ਉਸ ਨੂੰ ਸਾਰੀ ਉਮਰ ਖੁਸ਼ ਵੀ ਰੱਖਿਆ ਸੀ। ਭਾਵੇਂ ਪਾਸ਼ੀ ਉਸ ਦੇ ਸੁਫਨਿਆਂ ਦੇ ਹਾਣ ਦੀ ਨਹੀਂ ਸੀ ਪਰ ਉਸ ਨੇ ਕਦੇ ਇਸ ਗੱਲ ਦਾ ਮਲਾਲ ਵੀ ਨਹੀਂ ਸੀ ਕੀਤਾ।

ਅਮਾਂਡਾ ਨਾਲ ਉਸ ਦੀ ਰਾਸ਼ੀ ਅਚਾਨਕ ਕਲਿੱਕ ਕਰ ਗਈ ਸੀ। ਅਮਾਂਡਾ ਨਾਲ ਪਹਿਲਾ ਵਾਰਤਾਲਾਪ ਕਰਦਿਆਂ ਹੀ ਉਸ ਨੂੰ ਮਹਿਸੂਸ ਹੋਣ ਲਗਿਆ ਸੀ ਕਿ ਇਹ ਹੈ ਉਹ ਕੁੜੀ ਜਿਹੜੀ ਉਸ ਦੇ ਸੁਫਨਿਆਂ ਵਿਚ ਆਉਂਦੀ ਰਹੀ ਹੈ। ਜ਼ਿੰਦਗੀ ਨਾਲ ਭਰੀ ਹੋਈ ਅਮਾਂਡਾ, ਹਰ ਗੱਲ ਵਿਚ ਅਦਾ, ਹਰ ਅਦਾ ਦੇ ਮਹਿਨੇ, ਹਰ ਮਹਿਨੇ ਵਿਚ ਸਮੋਏ ਕਈ ਕਈ ਅਰਥ। ਆਪਣੀ ਗੱਲ ਕਹਿੰਦੀ ਅਮਾਂਡਾ ਜਿਵੇਂ ਸੁਰਜਨ ਨੂੰ ਉਂਗਲ ਲਾ ਕੇ ਨਾਲ ਤੋਰ ਲੈਂਦੀ। ਦੂਜੇ ਪਾਸੇ ਪਾਸ਼ੀ ਸੀ; ਜ਼ਿੰਦਗੀ ਤੋਂ ਇਕਦਮ ਅਣਜਾਣ। ਸੁਰਜਨ ਦੀ ਹਰ ਗੱਲ ਨੂੰ ਇਵੇਂ ਮੰਨ ਲੈਂਦੀ ਜਿਵੇਂ ਕੋਈ ਰੱਬੀ ਹੁਕਮ ਨੂੰ ਮੰਨਦਾ ਹੈ। ਕੋਈ ਬਹਿਸ ਕਰਨੀ ਤਾਂ ਬਹੁਤ ਦੂਰ ਦੀ ਗੱਲ ਸੀ। ਸੁਰਜਨ ਕੋਲ ਪਾਸ਼ੀ ਨਾਲ ਕਰਨ ਵਾਲੀ ਕੋਈ ਵੀ ਗੱਲ ਨਾ ਹੁੰਦੀ ਪਰ ਅਮਾਂਡਾ ਨਾਲ ਗੱਲਾਂ ਮੁਕਦੀਆਂ ਹੀ ਨਹੀਂ ਸਨ। ਇਕ ਵਿਸ਼ੇ ਨੂੰ ਲੈ ਕੇ ਕਈ ਕਈ ਘੰਟੇ ਤਕ ਗੱਲ ਕਰ ਸਕਦੇ ਸਨ ਉਹ। ਅਮਾਂਡਾ ਦੇ ਕੋਲ ਬੈਠ ਕੇ ਸੁਰਜਨ ਨੂੰ ਆਪਣਾ ਆਪ ਭਰਪੂਰ ਲਗਦਾ, ਸੰਪੂਰਨ ਜਾਪਦਾ।

ਅਜੀਬ ਗੱਲ ਇਹ ਸੀ ਕਿ ਅਮਾਂਡਾ ਵੀ ਇੰਗਲੈਂਡ ਪੰਜ ਸਾਲਾ ਪਲਾਨ ਲੈ ਕੇ ਹੀ ਆਈ ਸੀ, ਦੁਨੀਆਂ ਦੇ ਦੂਜੇ ਹਿੱਸੇ ਦੇ ਮੁਲਕ ਅਸਟਰੇਲੀਆ ਤੋਂ। ਜਿਥੇ ਸੁਰਜਨ ਨੇ ਪੰਜ ਸਾਲ ਵਿਚ ਇਕ ਲੱਖ ਕਮਾਉਣਾ ਸੀ ਉਥੇ ਅਮਾਂਡਾ ਨੇ ਪੰਜ ਸਾਲ ਇੰਗਲੈਂਡ ਰਹਿ ਕੇ ਆਪਣੀਆਂ ਜੜ੍ਹਾਂ ਖੋਜਣੀਆਂ ਸਨ। ਆਪਣੇ ਪੁਰਖਿਆਂ ਦੀਆਂ ਕਬਰਾਂ ਉਪਰ ਫੁੱਲ ਚੜ੍ਹਾਉਣੇ ਸਨ। ਇਹ ਉਸ ਦਾ ਆਪਣੇ ਮਰਦੇ ਬਾਪ ਨਾਲ ਕੀਤਾ ਹੋਇਆ ਵਾਅਦਾ ਸੀ। ਨਾਲ ਦੀ ਨਾਲ ਆਪਣੇ ਪਤੀ ਤੇ ਪੁੱਤ ਤੋਂ ਦੂਰ ਰਹਿ ਕੇ ਆਪਣੇ ਆਪ ਦੀ ਤਲਾਸ਼ ਵੀ ਕਰਨੀ ਸੀ। ਇਵੇਂ ਇਕ ਦੇ ਪੰਜ ਸਾਲ ਮਜਬੂਰੀ ਦੇ ਸਨ ਤੇ ਦੂਜੇ ਦੇ ਸ਼ੌਂਕ ਦੇ। ਸੁਰਜਨ ਨੂੰ ਅਮਾਂਡਾ ਦਾ ਇਹ ਤਜੁਰਬਾ ਅਜੀਬ ਲਗਿਆ ਤੇ ਪਿਆਰਾ ਵੀ। ਉਸ ਨੂੰ ਅੰਗਰੇਜ਼ਾਂ ਦੀ ਅਜਿਹੀ ਹਾਦਸਿਆਂ ਭਰੀ ਜ਼ਿੰਦਗੀ ਬਹੁਤ ਚੰਗੀ ਲਗਦੀ।...

ਅਮਾਂਡਾ ਨੇ ਸੁਰਜਨ ਨੂੰ ਬਾਹੋਂ ਫੜ ਕੇ ਹਿਲਾਇਆ ਤੇ ਪੁੱਛਣ ਲਗੀ,

"ਕਿਥੇ ਚਲੇ ਗਿਆ ਏਂ ਸਰਜ?"

"ਇਥੇ ਹੀ ਆਂ, ਦਰਿਆ ਦੀਆਂ ਛੱਲਾਂ ਦੇਖ ਰਿਹਾਂ।"

"ਨਹੀਂ, ਦਰਿਆ ਦੀਆਂ ਛੱਲਾਂ 'ਤੇ ਤਾਂ ਸਿਰਫ ਤੇਰੀਆਂ ਨਜ਼ਰਾਂ ਖੇਡ ਰਹੀਆਂ ਨੇ, ਤੂੰ ਤੇ ਕਿਤੇ ਹੋਰ ਏਂ, ਆਪਣੀਆਂ ਧੀਆਂ ਕੋਲ?"

ਅਮਾਂਡਾ ਨੇ ਉਸ ਦੇ ਚਿਹਰੇ ਉਪਰ ਅੱਖਾਂ ਗੱਡਦਿਆਂ ਆਖਿਆ। ਸੁਰਜਨ ਨੇ ਉਸ ਦੇ ਚਿਹਰੇ ਉਪਰ ਆਏ ਭੂਰੇ ਵਾਲਾਂ ਦੀ ਲਿਟ ਹਟਾਈ ਤੇ ਬੋਲਿਆ,

"ਉਥੇ ਤਾਂ ਮੈਂ ਉਦੋਂ ਜਾਨਾਂ ਜਦੋਂ ਇਕੱਲਾ ਹੋਵਾਂ, ਤੂੰ ਨਾਲ ਹੋਵੇਂ ਤਾਂ ਕਿਤੇ ਹੋਰ ਜਾਣ ਕਾਰਨ ਮੈਨੂੰ ਪਾਪ ਨਹੀਂ ਲਗੇਗਾ!"

ਕਹਿੰਦਿਆਂ ਸੁਰਜਨ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ। ਅਮਾਂਡਾ ਵੀ ਬੱਚੇ ਵਾਂਗ ਉਸ ਦੇ ਨਾਲ ਲੱਗ ਗਈ।

ਥੇਮਜ਼ ਪੂਰਾ ਚੜ੍ਹਿਆ ਹੋਇਆ। ਪਾਣੀ ਬੰਨ੍ਹਿਆਂ ਦੀਆਂ ਕੰਧਾਂ ਦੇ ਉਪਰ ਤਕ ਪੁੱਜਿਆ ਪਿਆ ਸੀ। ਸੁਰਜਨ ਅਚਾਨਕ ਬੋਲਿਆ,

"ਮੈਂਡੀ, ਮੈਨੂੰ ਲੰਡਨ ਦੀ ਹਰ ਸ਼ੈਅ ਭਾਉਂਦੀ ਐ ਪਰ ਇਹ ਥੇਮਜ਼ ਨਹੀਂ।"

"ਕਿਉਂ?"

"ਕਿਉਂਕਿ ਇਹ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਐ।"

"ਕਿਥੋਂ ਵੰਡਦਾ ਐ ਵਿਚਾਰਾ! ਇਹ ਤਾਂ ਪੁਲਾਂ ਦਾ ਗੁਲਾਮ ਹੋਇਆ ਪਿਐ।"

"ਫੇਰ ਵੀ ਵੰਡੀ ਤਾਂ ਵੰਡੀ ਈ ਹੁੰਦੀ ਐ। ....ਇਹਦਾ ਟਾਈਡਲ ਹੋਣ ਵੀ ਮੈਨੂੰ ਪਸੰਦ ਨਹੀਂ, ਇਹ ਵਹਿੰਦਾ ਘੱਟ ਤੇ ਚੜ੍ਹਦਾ ਉਤਰਦਾ ਜ਼ਿਆਦੈ, ਮੈਨੂੰ ਉਹ ਦਰਿਆ ਪਸੰਦ ਨਹੀਂ ਜਿਹੜਾ ਵਾਪਸ ਮੁੜੇ।"

"ਇਹ ਤਾਂ ਲੰਡਨ ਦਾ ਗੰਦ ਹੂੰਝਣ ਲਈ ਮੁੜਦੈ।"

www.PunjabiLibrary.com

''ਕੁਝ ਵੀ ਹੋਵੇ, ਦਰਿਆ ਦਾ ਕੰਮ ਕੀ ਹੋਇਆ ਵਾਪਸ ਮੁੜਨਾ! ...ਦਰਿਆ ਲਈ ਯੂ-ਟਰਨ ਠੀਕ ਨਹੀਂ।''
''ਸਮੁੰਦਰ ਦੇ ਨੇੜੇ ਜਾ ਕੇ ਸਾਰੇ ਦਰਿਆ ਹੀ ਟਾਈਡਲ ਹੋ ਜਾਇਆ ਕਰਦੇ ਆ, ਨਾਲੇ ਯੂ-ਟਰਨ ਵੀ ਜ਼ਿੰਦਗੀ ਦੀ ਤੋਰ ਦਾ ਇਕ ਅੰਦਾਜ਼ ਐ।''
''ਮੈਂਡੀ, ਜ਼ਿੰਦਗੀ ਟੇਡੀ-ਮੇਡੀ ਚੱਲ ਸਕਦੀ ਐ, ਉਪਰ ਥੱਲੇ ਵੀ ਪਰ ਪਿਛਾਂਹ ਨੂੰ ਮੁੜਨਾ? ...ਨਹੀਂ, ਮੈਂ ਇਹਨੂੰ ਜ਼ਿੰਦਗੀ ਨਹੀਂ ਕਹਿੰਦਾ।''
''ਤੁਰਦੇ ਹੋਏ ਤੁਹਾਨੂੰ ਪਿਛਾਂਹ ਨੂੰ ਝਾਕਣਾ ਹੀ ਪੈਂਦਾ ਕਈ ਵਾਰ।''
''ਮੈਂਡੀ, ਪਿਛਾਂਹ ਝਾਕਣ ਨਾਲ ਜ਼ਿੰਦਗੀ ਦੀ ਰਫਤਾਰ ਹੌਲੀ ਪੈ ਜਾਂਦੀ ਐ।''

ਅਮਾਂਡਾ ਨੇ ਉਸ ਦੇ ਦੋਵੇਂ ਕਾਲਰ ਫੜੇ ਤੇ ਉਸ ਦਾ ਚਿਹਰਾ ਆਪਣੇ ਚਿਹਰੇ ਦੇ ਨੇੜੇ ਲਿਆ ਕੇ ਬੋਲੀ,
''ਮਿਸਟਰ ਚੈਹਲ, ਤੂੰ ਕਿਥੇ ਨੂੰ ਦੌੜ ਰਿਹੈਂ? ...ਹੈਂ! ...ਦਸ ਮੈਨੂੰ ਜ਼ਰਾ।''

ਰਾਤ ਦੇ ਗਿਆਰਾਂ ਵਜੇ ਦੇ ਕਰੀਬ ਸੁਰਜਨ ਘਰ, ਲੇਅਟਨ ਸਟੋਨ, ਪੁੱਜਿਆ। ਸਾਰੇ ਹੀ ਉਸ ਦੀ ਉਡੀਕ ਕਰ ਰਹੇ ਸਨ। ਬਲਦੇਵ ਨੇ ਉਸ ਦੀ ਰੋਟੀ ਬਣਾ ਕੇ ਇਕ ਪਾਸੇ ਰੱਖ ਦਿਤੀ ਸੀ। ਸਾਰੇ ਹੀ ਰਲ਼ ਕੇ ਕੰਮ ਨਬੇੜਦੇ। ਬਲਦੇਵ ਰੋਟੀਆਂ ਦਾ ਮਾਹਰ ਸੀ ਇਸ ਲਈ ਇਹ ਜ਼ਿੰਮੇਵਾਰੀ ਉਹੀ ਨਿਭਾਉਂਦਾ। ਐਤਵਾਰ ਦੀ ਰਾਤ ਦੇ ਖਾਣੇ ਵਿਚ ਕੋਈ ਉਚੇਚ ਨਾ ਹੁੰਦੀ। ਨਾ ਹੀ ਰੰਮ ਜਾਂ ਵਿਸਕੀ ਦੀ ਬੋਤਲ ਖੁਲ੍ਹਦੀ। ਸਭ ਨੇ ਸਵੇਰੇ ਕੰਮਾਂ ਉਪਰ ਜਿਉਂ ਜਾਣਾ ਹੁੰਦਾ। ਅਰਜਨ ਸਿੰਘ ਦਾ ਸ਼ਿਫਟਾਂ ਦਾ ਕੰਮ ਸੀ। ਬਨਾਰਸੀ ਦਾਸ ਵੀ ਬਹੁਤ ਵਾਰੀ ਕੰਮ ਉਪਰ ਲੇਟ ਹੀ ਸ਼ੁਰੂ ਹੁੰਦਾ। ਬਾਕੀ ਸਭ ਇਕੋ ਵਕਤ ਘਰੋਂ ਨਿਕਲਦੇ ਸਨ। ਇਕੋ ਵਕਤ ਤਿਆਰ ਹੋਣ ਕਰਕੇ ਗੁਸਲ ਜਾਣਾ ਵੀ ਇਕ ਸਮੱਸਿਆ ਬਣ ਜਾਂਦਾ। ਸੁਰਜਨ ਤਾਂ ਕਈ ਵਾਰ ਇਵੇਂ ਹੀ ਘਰੋਂ ਨਿਕਲ ਜਾਂਦਾ ਅਤੇ ਕੰਮ ਉਪਰ ਜਾ ਕੇ ਹੀ ਬੁਰਸ਼ ਆਦਿ ਕਰਦਾ। 'ਰੁਆਇਲ ਡੀਨ' ਵਿਚ ਵਧੀਆ ਗੁਸਲਖਾਨੇ ਬਣੇ ਹੋਏ ਸਨ। ਸ਼ਨਿਚਰਵਾਰ ਦਾ ਦਿਨ ਉਹਨਾਂ ਲਈ ਖਾਸਮ-ਖਾਸ ਹੁੰਦਾ। ਉਸ ਸ਼ਾਮ ਰਸੋਈ ਵਿਚ ਗਹਿਮੋ-ਗਹਿਮੀ ਹੁੰਦੀ। ਇਹ ਤਾਂ ਹੋਣੀ ਹੀ ਸੀ, ਦਸ ਬੰਦੇ ਰਹਿੰਦੇ ਸਨ ਉਸ ਘਰ ਵਿਚ।

ਇਹਨਾਂ ਵਿਚੋਂ ਅਵਤਾਰ ਸ਼ੌਂਕੀ ਬੰਦਾ ਸੀ। ਬੌਕਸ ਰੂਮ ਉਸ ਨੇ ਇਕੱਲੇ ਨੇ ਲੈ ਰੱਖਿਆ ਸੀ। ਬਲਦੇਵ ਤੇ ਸੁਰਜਨ ਇਕ ਕਮਰੇ ਵਿਚ ਸੌਂਦੇ ਸਨ। ਬਨਾਰਸੀ ਦਾਸ ਤੇ ਗੁਰਨਾਮ ਇਕ ਕਮਰਾ ਸਾਂਝਾ ਕਰਦੇ। ਅਰਜਨ ਤੇ ਵਚਿੱਤਰ ਦਾ ਇਕ ਕਮਰਾ ਸੀ। ਹੇਠਲਾ ਮੁਹਰਲਾ ਕਮਰਾ ਦੋ ਪਾਕਿਸਤਾਨੀਆਂ; ਅਲੀ ਤੇ ਜਵੇਦ ਕੋਲ ਸੀ। ਉਹ ਦੋਵੇਂ ਆਪਸ ਵਿਚ ਸਾਲੇ-ਭਣੋਈਏ ਸਨ। ਉਹਦੀ ਭੈਣ ਉਹਦੇ ਘਰ ਤੇ ਉਹਦੀ ਉਹਦੇ। ਸਾਰੇ ਹੀ ਹੱਸਦੇ ਹੋਏ ਉਹਨਾਂ ਨੂੰ ਛੇੜਦੇ ਕਿ ਉਹ ਤਾਂ ਇਕ ਦੂਜੇ ਨੂੰ ਭੈਣ ਦੀ ਗਾਲ਼ ਕੱਢਣ ਜੋਗੇ ਵੀ ਨਹੀਂ ਹਨ। ਉਹ ਬਾਕੀ ਸਭ ਨਾਲ ਵਾਹਵਾ ਰਲ਼ੇ-ਮਿਲੇ ਸਨ। ਸਾਭ ਵਿਚ ਵਾਹਵਾ ਠੱਠਾ-ਮਜ਼ਾਕ ਚਲਦਾ। ਇਹਨਾਂ ਮੁਸਲਮਾਨਾਂ ਨੂੰ ਹਲਾਲ-ਹਰਾਮ ਦਾ ਬਹੁਤ ਫਰਕ ਵੀ ਨਹੀਂ ਸੀ। ਜੇਕਰ ਅਵਤਾਰ ਕਦੇ ਕੋਈ ਔਰਤ ਲੈ ਆਉਂਦਾ ਤਾਂ ਉਹ ਦੋਵੇਂ ਲਾਲ੍ਹਾਂ ਸੁਟਦੇ ਉਸ ਦੇ ਦਰਵਾਜ਼ੇ ਮੂਹਰੇ ਹੀ ਖੜੇ ਰਹਿੰਦੇ। ਜਦ ਤਕ ਉਹਨਾਂ ਨੇ ਪਾਕਿਸਤਾਨ ਵਾਪਸ ਮੁੜਨ ਦਾ ਪਰੋਗਰਾਮ ਨਾ ਬਣਾਇਆ ਇਥੇ ਹੀ ਟਿਕੇ ਰਹੇ।

ਘਰ ਵਿਚ ਇਕ ਹੋਰ ਬੰਦਾ ਵੀ ਰਹਿੰਦਾ ਸੀ; ਚਮਨ ਲਾਲ। ਚਮਨ ਲਾਲ ਸੁਰਜਨ ਦਾ ਦੋਸਤ ਸੀ, ਜਮਾਤੀ ਵੀ ਸੀ ਤੇ ਪੇਂਡੂ ਵੀ। ਫਿਰ ਇਕੱਠੇ ਹੀ ਅਧਿਆਪਕ ਵੀ ਬਣੇ। ਚਮਨ ਲਾਲ ਪਹਿਲਾਂ ਦਾ ਇੰਗਲੈਂਡ ਆਇਆ ਹੋਇਆ ਸੀ। ਇਹ ਚਮਨ ਲਾਲ ਹੀ ਸੀ ਜਿਸ ਨੇ ਸੁਰਜਨ ਨੂੰ ਇੰਗਲੈਂਡ ਆਉਣ ਲਈ ਉਤਸ਼ਾਹਿਤ ਕੀਤਾ। ਚਮਨ ਲਾਲ ਕਿਸੇ ਫੈਕਟਰੀ ਵਿਚ ਰਾਤਾਂ 'ਤੇ ਕੰਮ ਕਰਦਾ ਸੀ। ਉਹ ਸਵੇਰੇ ਆ ਕੇ ਸੁਰਜਨ ਦੇ ਬਿਸਤਰ ਵਿਚ ਸੌਂ ਜਾਂਦਾ। ਵਚਿੱਤਰ ਤੇ ਗੁਰਨਾਮ ਨੂੰ ਇਹ ਗੱਲ ਚੰਗੀ ਨਹੀਂ ਸੀ ਲਗਦੀ। ਉਹ ਉਸ ਦੇ ਚਮਾਰ ਹੋਣ ਕਰਕੇ ਉਸ ਨਾਲ ਭਿੰਨ-ਭੇਦ ਕਰਦੇ ਸਨ ਭਾਵੇਂ ਚਮਨ ਲਾਲ ਦੇ ਸਾਹਮਣੇ ਇਸ ਗੱਲ ਦਾ ਇਜ਼ਹਾਰ ਨਹੀਂ ਸਨ ਕਰਦੇ। ਕੁਝ ਵੀ ਸੀ ਚਮਨ ਲਾਲ ਇਸ ਗਰੁੱਪ ਵਿਚ ਪੂਰੀ ਤਰ੍ਹਾਂ ਫਿੱਟ ਸੀ।

ਸ਼ਨਿਚਰਵਾਰ ਨੂੰ ਮਹਿਫਲ ਲਗਦੀ। ਕਈ ਬੋਤਲਾਂ ਖਾਲੀ ਹੋ ਜਾਂਦੀਆਂ। ਸੁਰਜਨ ਭਾਵੇਂ ਕਦੇ ਕਦਾਈਂ ਹੀ ਪੀਂਦਾ ਪਰ ਆਪਣਾ ਹਿੱਸਾ ਪੂਰਾ ਪਾ ਦਿੰਦਾ। ਇਸ ਦਿਨ ਮੀਟ ਦੀ ਵੀ ਵੱਡੀ ਹਾਂਡੀ ਚੜ੍ਹਦੀ। ਜਵੇਦ ਮੀਟ ਬਣਾਉਣ ਦਾ ਮਾਹਰ ਸੀ। ਜਦ ਤਕ ਉਹ ਰਿਹਾ, ਮੀਟ ਉਹੀ ਬਣਾਉਂਦਾ। ਕੋਈ ਲਸਣ ਛਿੱਲ ਰਿਹਾ ਹੁੰਦਾ ਤੇ ਕੋਈ ਗੱਠੇ। ਅਵਤਾਰ ਮੇਜ਼ ਦੀ ਢੋਲਕੀ ਬਣਾ ਕੇ ਗੀਤ ਸੁਣਾਉਂਦਾ। ਅਲੀ ਲਤੀਫਿਆਂ ਦੀ ਝੜੀ ਲਾ ਦਿੰਦਾ। ਅਰਜਨ ਭਾਵੇਂ ਖਾਮੋਸ਼ ਜਿਹਾ ਬੰਦਾ ਸੀ ਪਰ ਮਹਿਫਲ ਦਾ ਪੂਰਾ ਲੁਤਫ ਲੈਂਦਾ। ਬਨਾਰਸੀ ਦਾਸ ਪੈਸੇ ਖਰਚਣ ਵਿਚ ਸਭ ਤੋਂ ਚੀਪੜ ਸੀ। ਭਾਵੇਂ ਇਹ ਮਕਾਨ ਉਸ ਦਾ ਹੀ ਸੀ ਤੇ ਕਿਰਾਇਆ ਵਸੂਲਣ ਵੇਲੇ ਇਕ ਦਿਨ ਦੀ ਮੋਹਲਤ ਨਾ ਦਿੰਦਾ ਪਰ ਸ਼ਰਾਬ ਵਿਚ ਹਿੱਸਾ ਪਾਉਣ ਤੋਂ ਸਦਾ ਹੱਥ ਖਿਚਦਾ ਰਹਿੰਦਾ। ਸੁਰਜਨ ਵਾਈਨ ਦਾ ਸ਼ੌਕੀਨ ਹੋਣ

ਕਰਕੇ ਆਪਣੀ ਅਲੱਗ ਹੀ ਬੋਤਲ ਲੈ ਆਉਂਦਾ। ਉਹਦੀ ਇਕ ਅੱਧੀ ਬੋਤਲ ਹਰ ਵੇਲੇ ਹੀ ਫਰਿੱਜ ਵਿਚ ਪਈ ਰਹਿੰਦੀ। ਕਈ ਵਾਰ ਗੁਰਨਾਮ ਮਜ਼ਾਕ ਕਰਦਾ ਉਸ ਦੀ ਬੋਤਲ ਇਕੋ ਸਾਹੇ ਪੀ ਜਾਂਦਾ ਤੇ ਆਖਦਾ,

"ਮਾਸਟਰਾ, ਤੂੰ ਜੱਟ ਐਂ, ਜੱਟ ਈ ਰਹਿ। ਆਹ ਸਾਲ਼ਾ ਗੋਰੀਆਂ ਵਾਲ਼ੀ ਡਰਿੰਕ ਪੀਨਾਂ! ...ਸਾਨੂੰ ਵੀ ਸੰਗ ਔਣ ਲਗਦੀ ਐ।"

ਸੁਰਜਨ ਹੱਸ ਛੱਡਦਾ। ਹੁਣ ਅਵਤਾਰ ਵੀ ਸੁਰਜਨ ਨਾਲ ਵਾਈਨ ਪੀਣ ਲਗਿਆ ਸੀ। ਸਵੇਰੇ ਭਾਨ ਨਾਲ ਸਭ ਦੇ ਸਿਰ ਦੁਖ ਰਹੇ ਹੁੰਦੇ ਤੇ ਤਰ੍ਹਾਂ ਤਰ੍ਹਾਂ ਦੇ ਇਲਾਜ ਕਰ ਰਹੇ ਹੁੰਦੇ। ਅਖੀਰ ਗੀਨਸ ਦੇ ਡੱਬੇ ਪੀ ਕੇ ਠੀਕ ਹੁੰਦੇ।...

ਸੁਰਜਨ ਦੇ ਘਰ ਵੜਦਿਆਂ ਹੀ ਸਾਰੇ ਆਪਣੇ ਕਮਰਿਆਂ ਵਿਚੋਂ ਨਿਕਲ ਆਏ ਜਿਵੇਂ ਉਹ ਬਹੁਤ ਫਿਕਰਵੰਦ ਹੋਣ। ਜਵੇਦ ਪੁੱਛਣ ਲਗਿਆ,

"ਮੀਆਂ, ਦੱਸ ਦੇ ਯਾਰਾ ਜੇ ਕੋਈ ਨੱਢੀ ਫਸਾਈ ਸੂ, ...ਅਸਾਂ ਨੂੰ ਤਾਂ ਤੇਰਾ ਫਿਕਰ ਈ ਮਾਰ ਜਾਸੀ, ...ਇੰਝ ਈ ਇਕ ਦਿਨ ਜਾਨ ਨਿਕਲ ਜਾਸੀ।"

ਜਵੇਦ ਦੀ ਗੱਲ 'ਤੇ ਸਾਰੇ ਹੱਸ ਪਏ। ਉਸ ਦੇ ਮਗਰ ਹੀ ਅਲੀ ਬੋਲਿਆ,

"ਅਗਰ ਇਕੱਲੇ ਖਾਣ ਵਾਲੀ ਚੀਜ਼ ਊ ਤਾਂ ਇਕੱਲਾ ਈ ਖਾਵੀ ਜਾ ਪਰ ਭੈੜਿਆ ਸੱਚ ਤਾਂ ਦੱਸ ਛੱਡ, ਭਾਈਆਂ ਦਾ ਸੀਨਾ ਕਿਉਂ ਕੋਹਨਾਂ ਵੇਂ!"

"ਮੀਆਂ, ਔਰਤ ਤੋਂ ਬਿਨਾਂ ਵੀ ਕੋਈ ਗੱਲ ਕਰ ਲਿਆ ਕਰੋ।"

ਸੁਰਜਨ ਝਿੜਕਣ ਵਾਂਗ ਕਹਿਣ ਲਗਿਆ। ਅਗੋਂ ਅਲੀ ਨੇ ਕਿਹਾ,

"ਭਾਈ ਜਾਨ, ਅੱਲਾ-ਪਾਕ ਦੀ ਕਸਮ! ਔਰਤ ਬਿਨਾਂ ਹੋਰ ਹੈ ਵੀ ਕੀ ਉ! ਕੰਮ ਤੋਂ ਮੁੜਦਿਆਂ ਅਗਰ ਇਕ ਲੱਛੀ ਮਿਲ ਜਾਸੀ ਤਾਂ ਗੋਰਿਆਂ ਦੀਆਂ ਗਾਲ੍ਹਾਂ ਭੁੱਲ ਜਾਸਣ।"

ਬਨਾਰਸੀ ਦਾਸ ਵੱਡਾ ਬਣਦਾ ਰੋਅਬ ਪਾਉਂਦਾ ਆਖਣ ਲਗਿਆ,

"ਓ ਵੱਡਿਓ ਤੀਮੀਂਆਂ ਦੇ ਸ਼ੌਕੀਨੋ, ਕਿਉਂ ਫਜ਼ੂਲ ਬੋਲੀ ਜਾਨੇ ਓਂ, ਸਵੇਰੇ ਕੰਮਾਂ ਤੇ ਵੀ ਜਾਣਾਂ, ਹੁਣ ਸੌਂ ਜਾਓ।"

ਵਚਿੱਤਰ ਸਿੰਘ ਉਪਰੋਂ ਦੀ ਟਕੋਰ ਲਾਉਂਦਾ ਬਲਿਆ,

"ਬਾਹਮਣਾ, ਤੂੰ ਤਾਂ ਸਾਰਾ ਆਪਾ ਸਿੰਘਾ ਪੁਰ ਦੀਆਂ ਚੀਨਣਾਂ 'ਤੇ ਡੋਲ੍ਹ ਆਇਐਂ, ਹੁਣ ਤੈਨੂੰ ਤਾਂ ਇਹ ਸਭ ਫਜ਼ੂਲ ਲਗਣਾ ਈ ਐ।"

ਸਾਰੇ ਹੱਸਦੇ ਹੋਏ ਮੁੜ ਆਪਣੇ ਕਮਰਿਆਂ ਵਿਚ ਜਾ ਵੜੇ। ਸੁਰਜਨ ਪਹਿਲਾਂ ਰਸੋਈ ਵਿਚ ਗਿਆ। ਉਸ ਨੇ ਪਾਣੀ ਪੀਤਾ। ਉਸ ਨੂੰ ਪਤਾ ਸੀ ਕਿ ਉਸ ਦੇ ਹਿੱਸੇ ਦਾ ਖਾਣਾ ਪਿਆ ਹੋਵੇਗਾ ਪਰ ਉਸ ਨੂੰ ਭੁੱਖ ਨਹੀਂ ਸੀ। ਉਹ ਅਮਾਂਡਾ ਨਾਲ ਬਾਹਰ ਹੀ ਖਾ ਆਇਆ ਸੀ। ਬਾਥਰੂਮ ਜਾ ਕੇ ਉਹ ਬੈੱਡਰੂਮ ਵਿਚ ਆ ਗਿਆ। ਬਲਦੇਵ ਬਿਸਤਰ ਵਿਚ ਪਿਆ ਉਸ ਵਲ ਦੇਖਦਾ ਜਾ ਰਿਹਾ ਸੀ। ਸੁਰਜਨ ਨੇ ਉਸ ਨਾਲ ਅੱਖਾਂ ਨਾ ਮਿਲਾਈਆਂ। ਬਿਸਤਰ ਉਪਰ ਬੈਠ ਆਪਣੀਆਂ ਜੁਰਾਬਾਂ ਖੋਹਲਦਾ ਕਹਿਣ ਲਗਿਆ,

"ਅੱਜ ਮੈਂ ਜ਼ਰਾ ਸ਼ੈਫ੍ਰਡ ਬੁੱਸ਼ ਦੇ ਗੁਰਦਵਾਰੇ ਚਲੇ ਗਿਆ ਸੀ।"

"ਤੂੰ ਕਦੋਂ ਕੁ ਦਾ ਭਗਤ ਬਣ ਗਿਆ?"

"ਇਤਹਾਸਕ ਗੁਰਦਵਾਰਾ ਐ, ਊਧਮ ਸਿੰਘ ਵਰਗੇ ਬੰਦੇ ਆ ਕੇ ਠਹਿਰਦੇ ਰਹੇ ਆ ਓਥੇ, ਸਾਡਾ ਜੁਝਾਰੂ ਵਿਰਸਾ ਵਸਦਾ ਓਥੇ।"

ਸੁਰਜਨ ਨੇ ਸਫਾਈ ਦਿਤੀ। ਬਲਦੇਵ ਅਗੇ ਕੁਝ ਨਾ ਬੋਲਿਆ। ਉਸ ਨੂੰ ਦਾਲ਼ ਵਿਚ ਕੁਝ ਕਾਲ਼ਾ ਜਾਪ ਰਿਹਾ ਸੀ। ਬਲਦੇਵ ਦਾ ਬੰਗਿਆਂ ਕੋਲ ਪਿੰਡ ਸੀ; ਝਿੱਕਾ। ਉਹ ਕਾਮਰੇਡ ਰਿਹਾ ਸੀ। ਸੁਰਜਨ ਨੂੰ ਉਹ ਇੰਡੀਆ ਤੋਂ ਹੀ ਜਾਣਦਾ ਸੀ। ਉਸ ਨੂੰ ਪਤਾ ਸੀ ਕਿ ਸੁਰਜਨ ਦਾ ਕਿਸੇ ਅਦਿੱਖ ਤਾਕਤ ਵਿਚ ਯਕੀਨ ਨਹੀਂ ਹੈ, ਗੁਰਦਵਾਰੇ ਤੋਂ ਉਸ ਨੇ ਕੀ ਲੈਣਾ ਸੀ। ਜੇ ਉਥੇ ਜਾਣਾ ਵੀ ਹੁੰਦਾ ਤਾਂ ਉਹ ਪਹਿਲਾਂ ਕੋਈ ਗੱਲ ਜ਼ਰੂਰ ਕਰਦਾ।

ਸੁਰਜਨ ਵੀ ਬੱਤੀ ਬੁਝਾ ਕੇ ਪੈ ਗਿਆ। ਉਹ ਬਹੁਤ ਹੀ ਹੋਰਵੇਂ ਮਹਿਸੂਸ ਕਰ ਰਿਹਾ ਸੀ। ਝੂਠ ਨੂੰ ਨਫਰਤ ਕਰਨ ਵਾਲਾ ਉਹ ਝੂਠ ਦਾ ਸਹਾਰਾ ਲੈ ਰਿਹਾ ਸੀ। ਸੱਚ ਸਾਹਮਣੇ ਖੜ੍ਹਨ ਦੀ ਆਪਣੀ ਇਸ ਬੇਹਿੰਮਤੀ ਉਪਰ ਉਸ ਨੂੰ ਬਹੁਤ ਗੁੱਸਾ ਆ ਰਿਹਾ ਸੀ। ਉਹ ਗਈ ਰਾਤ ਤਕ ਸੌਂ ਨਾ ਸਕਿਆ।

ਕਦੇ ਕਦੇ ਉਸ ਦਾ ਦਿਲ ਕਰਦਾ ਕਿ ਅਮਾਂਡਾ ਨੂੰ ਇਥੇ ਲਿਆ ਕੇ ਸਭ ਨੂੰ ਮਿਲਾਵੇ ਤੇ ਇਸ ਝੂਠ ਵਿਚੋਂ ਬਾਹਰ ਨਿਕਲ ਜਾਵੇ ਪਰ ਫਿਰ ਸੋਚਦਾ ਕਿ ਇਹ ਬਹੁਤ ਵੱਡਾ ਸਕੈਂਡਲ ਬਣ ਜਾਵੇਗਾ। ਇਹਨਾਂ ਲੋਕਾਂ ਲਈ ਗੋਰੀ ਦਾ ਮਤਲਬ ਵੇਸਵਾ ਹੀ ਹੈ। ਇਹ ਸੋਚ ਵੀ ਨਹੀਂ ਸਕਦੇ ਕਿ ਅਮਾਂਡਾ ਵਰਗੀ ਵੀ ਕੋਈ ਅੰਗਰੇਜ਼ ਔਰਤ ਹੋ ਸਕਦੀ ਹੈ। ਇਕ ਦਿਨ ਅਰਜਨ ਸਿੰਘ ਨੇ ਚਲਦੀਆਂ ਗੱਲਾਂ ਵਿਚ ਇਸ਼ਾਰਾ ਕਰਦਿਆਂ ਕਹਿ ਵੀ ਦਿਤਾ ਸੀ,

"ਚਾਹਲ ਸਾਬ, ਆਪਾਂ ਕਬੀਲਦਾਰ ਬੰਦੇ ਆਂ, ਫੂਕ ਫੂਕ ਕੇ ਪੈਰ ਧਰਨ ਦੀ ਲੋੜ ਐ, ਇਹ ਗੋਰੀਆਂ ਤਾਂ ਸਾਡੇ ਬੰਦਿਆਂ ਦੇ ਫੱਟੇ ਚੁੱਕ ਦਿੰਦੀਆਂ।"

www.PunjabiLibrary.com

ਕਦੇ ਕਦੇ ਉਸ ਦਾ ਦਿਲ ਕਰਦਾ ਕਿ ਕਿਉਂ ਨਾ ਉਹ ਅਮਾਂਡਾ ਨਾਲ ਹੀ ਜਾ ਰਹਿਣ ਲਗੇ। ਅਮਾਂਡਾ ਕਿੰਨੀ ਵਾਰ ਕਹਿ ਵੀ ਚੁੱਕੀ ਸੀ। ਇਕ ਵਾਰ ਉਹ ਗੱਲਾਂ ਗੱਲਾਂ ਵਿਚ ਦੱਸ ਬੈਠਾ ਸੀ ਕਿ ਉਹ ਇਕ ਘਰ ਵਿਚ ਦਸ ਬੰਦੇ ਰਹਿੰਦੇ ਹਨ ਤਾਂ ਅਮਾਂਡਾ ਭੁੜਕਦੀ ਹੋਈ ਬੋਲੀ ਸੀ,

''ਤੁਸੀਂ ਬੰਦੇ ਹੋ ਕਿ ਜਾਨਵਰ! ਇੰਨੀ ਜਗਾਹ ਵਿਚ ਤਾਂ ਏਨੇ ਜਾਨਵਰ ਵੀ ਨਹੀਂ ਰੱਖੇ ਜਾ ਸਕਦੇ, ਤੂੰ ਅੱਜ ਹੀ ਸਮਾਨ ਚੁੱਕ ਲਿਆ, ਬੇਸ਼ੱਕ ਮੈਨੂੰ ਕਿਰਾਇਆ ਨਾ ਦੇਵੀਂ।''

ਸੁਰਜਨ ਨੇ ਕਈ ਕਿਸਮ ਦਾ ਝੂਠ ਬੋਲ ਕੇ ਅਮਾਂਡਾ ਤੋਂ ਪਿੱਛਾ ਛੁਡਾਇਆ ਸੀ ਕਿ ਇਹ ਏਨੇ ਲੋਕਾਂ ਦੀ ਰਿਹਾਇਸ਼ ਆਰਜ਼ੀ ਹੈ, ਜਿਵੇਂ ਜਿਵੇਂ ਅਗੇ ਟਿਕਾਣਾ ਬਣਦਾ ਜਾਵੇਗਾ, ਇਹ ਛਿੜਦੇ ਜਾਣਗੇ। ਅਮਾਂਡਾ ਨਾਲ ਉਸ ਨੇ ਆਪਣੀ ਰਿਹਾਇਸ਼ ਬਾਰੇ ਮੁੜ ਕਦੇ ਗੱਲ ਨਹੀਂ ਸੀ ਕੀਤੀ ਪਰ ਮਨ ਹੀ ਮਨ ਉਸ ਨੂੰ ਕਹਿਣ ਲਗਦਾ,

''ਤੂੰ ਕੀ ਜਾਣੇ ਅਮਾਂਡਾ, ਚੰਗੇ ਭਵਿੱਖ ਲਈ ਨਿਕਲੇ ਸਾਡੇ ਲੋਕਾਂ ਦਾ ਕੀ ਹਾਲ ਐ, ਜਿਵੇਂ ਕੰਮ ਦੀਆਂ ਤਿੰਨ ਸ਼ਿਫਟਾਂ ਹੁੰਦੀਆਂ ਇਵੇਂ ਹੀ ਬਿਸਤਰ ਤੇ ਸੌਣ ਦੀਆਂ ਵੀ ਸ਼ਿਫਟਾਂ ਹੁੰਦੀਆਂ, ਬਿਸਤਰ ਕਦੇ ਠੰਡੇ ਨਹੀਂ ਹੁੰਦੇ। ਇਕ ਦਿਨ ਦੀ ਬਣੀ ਸਬਜ਼ੀ ਨਾਲ ਪੂਰਾ ਹਫਤਾ ਕੱਢਣਾ ਹੁੰਦਾ। ਕਿਰਾਏ ਦੇ ਘਰਾਂ ਵਿਚ ਹੀਟਿੰਗ ਵੀ ਨਾਂ-ਮਾਤਰ ਹੀ ਹੁੰਦੀ ਐ। ਹੋਰ ਵੀ ਬਹੁਤ ਕੁਝ ਕਾਲਖ ਭਰਿਆ ਐ ਜੋ ਤੇਰੀ ਪਕੜ ਵਿਚ ਨਹੀਂ ਸਾ ਸਕਦਾ, ਸਾਡੀ ਸਮੱਸਿਆ ਨੂੰ ਤੂੰ ਪੂਰੀ ਤਰ੍ਹਾਂ ਨਹੀਂ ਸਮਝ ਸਕੇਂਗੀ।''

## ਦੋ

ਕ੍ਰਿਸਮਸ ਦੀਆਂ ਛੁੱਟੀਆਂ ਸਨ। ਇਕ ਤਾਂ ਸਿਆਲ ਦੇ ਦਿਨ ਉਵੇਂ ਹੀ ਛੋਟੇ ਸਨ ਉਪਰੋਂ ਬੱਦਲਵਾਈ ਹੋਣ ਕਰਕੇ ਤਿੰਨ ਕੁ ਵਜੇ ਹੀ ਸੜਕਾਂ ਦੀਆਂ ਬੱਤੀਆਂ ਜਗ ਪਈਆਂ ਸਨ। ਜਦ ਉਹ ਦੋਵੇਂ ਬਰਮੀਘੰਮ ਉਤਰੇ ਤਾਂ ਹਨੇਰਾ ਜਿਹਾ ਹੋ ਚੁੱਕਿਆ ਸੀ। ਇੰਨੀ ਭੀੜ ਵੀ ਨਹੀਂ ਸੀ। ਸੁਰਜਨ ਦੀ ਪੱਗ ਸਹਿਜੇ ਹੀ ਲੋਕਾਂ ਦਾ ਧਿਆਨ ਖਿੱਚ ਰਹੀ ਸੀ। ਕਈ ਆਦਰ ਨਾਲ ਉਸ ਵਲ ਦੇਖਦੇ ਤੇ ਕਈ ਨਫਰਤ ਭਰੀ ਨਜ਼ਰ ਨਾਲ ਵੀ। ਇਵੇਂ ਹੀ ਹੁੰਦੀ ਸੀ ਉਸ ਨਾਲ। ਪੱਗ ਕਾਰਨ ਉਹ ਸੱਭ ਤੋਂ ਅੱਡਰਾ ਹੋ ਜਾਂਦਾ। ਅੱਡ ਦਿਸਣ ਲਈ ਤਾਂ ਦੇਸੀ ਰੰਗ ਹੀ ਕਾਫੀ ਸੀ, ਉਪਰੋਂ ਦੀ ਪੱਗ ਵੀ। ਇਹੋ ਕਾਰਨ ਸੀ ਕਿ ਬਹੁਤ ਸਾਰੇ ਲੋਕ ਦਾਹੜੀ-ਪੱਗ ਤੋਂ ਵਿਹਲੇ ਹੋ ਗਏ ਸਨ। ਇਹਦੇ ਕਾਰਨ ਕੰਮ ਲੱਭਣ ਵਿਚ ਵੀ ਮੁਸ਼ਕਲਾਂ ਪੇਸ਼ ਆਉਂਦੀਆਂ ਸਨ। ਸੁਰਜਨ ਭਾਵੇਂ ਧਾਰਮਿਕ ਬਿਲਕੁਲ ਨਹੀਂ ਸੀ ਪਰ ਪੱਗ ਉਸ ਨੂੰ ਆਪਣੇ ਸਭਿਆਚਾਰ ਦਾ ਹਿੱਸਾ ਲਗਦੀ। ਉਹ ਦਾਹੜੀ-ਪੱਗ ਤੋਂ ਬਿਨਾਂ ਆਪਣੇ ਆਪ ਨੂੰ ਦੇਖ ਹੀ ਨਹੀਂ ਸੀ ਸਕਦਾ। ਇਕ ਗੱਲ ਹੋਰ ਵੀ ਉਸ ਦੇ ਮਨ ਵਿਚ ਬੈਠੀ ਸੀ। ਉਹ ਇਹ ਸੀ ਕਿ ਉਸ ਨੇ ਕਿਧਰੇ ਪੜ੍ਹਿਆ ਹੋਇਆ ਸੀ ਕਿ ਇਨਸਾਨ ਨੂੰ ਆਪਣੀ ਦਿੱਖ ਇਕੋ ਜਿਹੀ ਰੱਖਣੀ ਚਾਹੀਦੀ ਹੈ ਕਿ ਕੋਈ ਤੁਹਾਨੂੰ ਉਮਰਾਂ ਬਾਅਦ ਵੀ ਮਿਲੇ ਤਾਂ ਪੱਛਾਣ ਲਵੇ। ਇਹ ਵੀ ਕਿ ਬੰਦੇ ਨੂੰ ਆਪਣੀ ਦਿੱਖ ਦੇ ਮਾਮਲੇ ਵਿਚ ਸਮਝੌਤਾ ਨਹੀਂ ਕਰਨਾ ਚਾਹੀਦਾ। ਬੱਸ, ਉਹ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ।

ਗੱਡੀ ਉਤਰਦਿਆਂ ਹੀ ਸ਼ਿਵਰਾਜ ਸਾਹਮਣੇ ਖੜਾ ਦਿਸ ਪਿਆ। ਉਹ ਇਕ ਬਲਬ ਹੇਠ ਉਹਨਾਂ ਦੀ ਉਡੀਕ ਕਰ ਰਿਹਾ ਸੀ। ਉਹ ਚਮਨ ਲਾਲ ਤੇ ਸੁਰਜਨ ਨੂੰ ਜੱਫੀ ਵਿਚ ਲੈ ਕੇ ਮਿਲਿਆ। ਸ਼ਿਵਰਾਜ ਦੇ ਮੂੰਹ ਵਿਚੋਂ ਬੀਅਰ ਦਾ ਮੁਸ਼ਕ ਆ ਰਿਹਾ ਸੀ। ਸੁਰਜਨ ਨੇ ਮਜ਼ਾਕ ਵਿਚ ਕਿਹਾ,

''ਸਾਜ੍ਹਰੇ ਹੀ ਚਾੜ੍ਹੀ ਫਿਰਦੈਂ!''

''ਤੈਨੂੰ ਸਾਜ੍ਹਰਾ ਦਿਸਦੈ, ਆਹ ਦੇਖ ਰਾਤ ਪਈ ਹੋਈ ਐ, ਮੈਂ ਤਾਂ ਆਇਆ ਈ ਪੱਬ ਵਿਚੋਂ ਆਂ, ਸਾਰੇ ਉਥੇ ਈ ਉਡੀਕਦੇ ਪਏ ਆ।''

ਇਕ ਪਲ ਲਈ ਸੁਰਜਨ ਭੁੱਲ ਹੀ ਗਿਆ ਸੀ ਕਿ ਮਿੱਡਲੈਂਡ ਵਿਚ ਪੱਬ ਜਾਣਾ ਲੋਕਾਂ ਦੇ ਰੁਟੀਨ ਵਿਚ ਸ਼ਾਮਲ ਹੈ। ਉਹ ਤਿੰਨੋ ਲੰਮੇ ਕੋਟ ਪਾਈ ਬੱਸ ਸਟੌਪ 'ਤੇ ਆ ਗਏ। ਕੁਝ ਮਿੰਟਾਂ ਵਿਚ ਹੀ ਹੈਂਡਜ਼ਵਰਥ ਵਾਲੀ ਬੱਸ ਆ ਗਈ। ਬਸ ਵਿਚ ਬੈਠਦਿਆਂ ਹੀ ਸ਼ਿਵਰਾਜ ਨੇ ਚਮਨ ਲਾਲ ਨੂੰ ਪੁੱਛਿਆ,

''ਤੂੰ ਤਾਂ ਫਿਰ ਸਾਊਥਾਲ ਮੂਵ ਹੋ ਗਿਐਂ?''

''ਆਹੋ, ਆਪਣੇ ਬੰਦੇ ਉਥੇ ਬਹੁਤ ਮੂਵ ਹੋ ਰਹੇ ਆ। ਮੈਨੂੰ ਸੁਰਜਨ ਦੇ ਨਾਲ ਹੀ ਰੁਆਇਲ ਡੀਨ ਪੋਸਟ ਔਫਿਸ ਵਿਚ ਕੰਮ ਮਿਲ ਗਿਆ। ਕਈ ਬੰਦੇ ਸਾਊਥਾਲ ਤੋਂ ਕੰਮ ਤੇ ਜਾਂਦੇ ਆ, ਕਾਰ ਸ਼ੇਅਰ ਕਰ ਲਈਦੀ ਆ।''

ਫਿਰ ਉਹ ਸਾਊਥਾਲ ਵਿਚ ਖੁਲ੍ਹ ਰਹੀਆਂ ਦੇਸੀ ਦੁਕਾਨਾਂ ਤੇ ਢਾਬਿਆਂ ਬਾਰੇ ਗੱਲਾਂ ਕਰਨ ਲਗੇ।

ਅਜ ਦੁਪਿਹਰੇ ਉਹ ਯੂਸਟਨ ਸਟੇਸ਼ਨ 'ਤੇ ਇਕੱਠੇ ਹੋ ਗਏ ਸਨ। ਸੁਰਜਨ ਲੇਅਟਨ ਸਟੋਨ ਤੋਂ ਆ ਗਿਆ ਸੀ ਤੇ ਚਮਨ ਲਾਲ ਸਾਊਥਾਲ ਤੋਂ। ਛੁੱਟੀਆਂ ਸਨ ਤੇ ਉਹ ਵਿਹਲੇ, ਇਸ ਲਈ ਸ਼ਿਵਰਾਜ ਨੂੰ ਮਿਲਣ ਚਲੇ ਆਏ। ਸੁਰਜਨ ਸ਼ਿਵਰਾਜ ਨਾਲ ਕੋਈ ਜ਼ਰੂਰੀ ਗੱਲ ਵੀ ਕਰਨਾ ਚਾਹੁੰਦਾ ਸੀ। ਸ਼ਿਵਰਾਜ ਨੇ ਸੁਰਜਨ ਨਾਲ ਇਕੋ ਸਕੂਲ ਵਿਚ ਕਈ ਸਾਲ ਤਕ ਪੜ੍ਹਾਇਆ ਸੀ। ਉਸ ਦਾ ਪਿੰਡ ਵੀ ਸੁਰਜਨ ਦੇ ਪਿੰਡ ਦੇ ਨਜ਼ਦੀਕ ਹੀ ਸੀ। ਚੱਕ ਤੋਂ ਐਵੇਂ ਕੁਝ ਕੁ ਮੀਲ ਹੀ ਸੀ ਭਗਤੂ ਪੁਰਾ। ਚਮਨ ਲਾਲ ਦਾ ਵੀ ਉਹ ਚੰਗੀ ਤਰ੍ਹਾਂ ਵਾਕਫ ਸੀ। ਜਿਵੇਂ ਚਮਨ ਲਾਲ ਨੇ ਸੁਰਜਨ ਨੂੰ ਇੰਗਲੈਂਡ ਸੱਦਿਆ ਸੀ ਇਵੇਂ ਹੀ ਸੁਰਜਨ ਨੇ ਸ਼ਿਵਰਾਜ ਨੂੰ ਇੰਗਲੈਂਡ ਆਉਣ ਦੀ ਪ੍ਰੇਰਨਾ ਦਿਤੀ ਸੀ। ਸ਼ਿਵਰਾਜ ਇੰਗਲੈਂਡ ਆ ਕੇ ਕੁਝ ਦਿਨ ਸੁਰਜਨ ਕੋਲ ਰਿਹਾ ਪਰ ਫਿਰ ਆਪਣੇ ਮਾਮੇ ਦੇ ਮੁੰਡੇ ਬਖਸ਼ੀ ਕੋਲ ਬਰਮੀਘੰਮ ਚਲੇ ਗਿਆ ਸੀ। ਬਖਸ਼ੀ ਸੰਨ ਬਵੰਜਾ ਦਾ ਇੰਗਲੈਂਡ ਆਇਆ ਹੋਇਆ ਸੀ। ਉਸ ਦੇ ਪੈਰ ਬੱਝੇ ਹੋਏ ਸਨ। ਘਰ ਲਿਆ ਹੋਇਆ ਸੀ। ਬਰਮੀਘੰਮ ਵਿਚ ਘਰ ਬਹੁਤ ਸਸਤੇ ਸਨ ਤੇ ਕਿਰਾਏ ਵੀ ਥੋੜ੍ਹੇ। ਫਾਊਂਡਰੀਆਂ ਵਿਚ ਕੰਮ ਆਮ ਮਿਲ ਜਾਂਦਾ। ਫਾਊਂਡਰੀਆਂ ਵਿਚ ਕੰਮ ਭਾਵੇਂ ਭਾਰਾ ਹੁੰਦਾ ਪਰ ਰੇਟ ਵਧੀਆ ਮਿਲਦਾ। ਸਾਡੇ ਬਹੁਤ ਸਾਰੇ ਲੋਕਾਂ ਨੂੰ ਜਾਪਦਾ ਕਿ ਬਰਮੀਘੰਮ ਵਿਚ ਰਹਿ ਕੇ ਜ਼ਿਆਦਾ ਪੈਸੇ ਬਚਾਏ ਜਾ ਸਕਦੇ ਹਨ। ਸ਼ਿਵਰਾਜ ਬਰਮੀਘੰਮ ਆ ਗਿਆ ਤਾਂ ਸੁਰਜਨ ਨੂੰ ਚੰਗਾ ਨਹੀਂ ਸੀ ਲਗਿਆ। ਉਹ ਸੋਚਦਾ ਕਿ ਲੰਡਨ ਦਾ ਰਹਿਣਾ ਵਧੀਆ ਹੈ। ਉਸ ਨੂੰ ਤਾਂ ਲੰਡਨ ਨਾਲ ਮੋਹ ਜਿਹਾ ਹੋ ਗਿਆ ਸੀ।

ਬੱਸੋਂ ਉਤਰ ਕੇ ਉਹ ਤਿੰਨੋਂ ਦੋ ਕੁ ਮਿੰਟ ਤੁਰੇ ਤੇ ਦੋ ਸੜਕਾਂ ਦੇ ਖੂੰਜੇ ਬਣੇ ਪੱਬ ਵਿਚ ਵੜ ਗਏ। ਭੀੜ ਦਾ ਅਣਸਮਝਵਾਂ ਜਿਹਾ ਸ਼ੋਰ ਉਹਨਾਂ ਦੇ ਕੰਨਾਂ ਵਿਚ ਪੈਣ ਲਗਿਆ। ਸਿਗਰਟਾਂ ਦਾ ਸਾਹ ਘੁੱਟਵਾਂ ਧੂੰਆਂ ਜਿਵੇਂ ਉਹਨਾਂ ਦਾ ਸਵਾਗਤ ਕਰ ਰਿਹਾ ਹੋਵੇ। ਪੱਬ ਵਿਚ ਸਾਰੇ ਰੰਗਾਂ ਦੇ ਲੋਕ ਸਨ; ਕਾਲੇ, ਗੋਰੇ ਤੇ ਦੇਸੀ ਵੀ। ਇਕ ਪਾਸੇ ਕੁਝ ਬੰਦੇ ਡ੍ਰਾਟ ਖੇਡ ਰਹੇ ਸਨ, ਨਾਲ ਹੀ ਪੂਲ ਦਾ ਟੇਬਲ ਵੀ ਲਗਿਆ ਹੋਇਆ ਸੀ ਜਿਸ ਦੁਆਲੇ ਵੀ ਭੀੜ ਜੁੜੀ ਖੜੀ ਸੀ। ਇਹ ਮਹੌਲ ਉਹਨਾਂ ਲਈ ਓਪਰਾ ਨਹੀਂ ਸੀ। ਪੱਬ ਵਿਚ ਉਹ ਕਈ ਵਾਰ ਚਲੇ ਜਾਇਆ ਕਰਦੇ ਸਨ। ਵੱਡੇ ਹਾਲ ਵਿਚ ਦੀ ਲੰਘ ਉਹ ਇਕ ਹੋਰ ਕਮਰੇ ਵਿਚ ਪੁੱਜ ਗਏ। ਇਥੇ ਸਾਰੇ ਲੋਕ ਦੇਸੀ ਹੀ ਸਨ। ਪੱਬ ਦੇ ਮਾਲਕ ਨੇ ਸਮਝ ਲਿਆ ਹੋਇਆ ਸੀ ਕਿ ਪੰਜਾਬੀ ਲੋਕ ਬੀਅਰ ਉਪਰ ਬਹੁਤ ਪੈਸੇ ਖਰਚਦੇ ਹਨ ਇਸ ਲਈ ਉਹਨਾਂ ਨੂੰ ਵੱਖਰੀ ਜਿਹੀ ਸਹੂਲਤ ਦੇ ਦਿਤੀ ਹੋਈ ਸੀ। ਸੰਗੀਤ ਵੀ ਪੰਜਾਬੀ ਚਲ ਰਿਹਾ ਸੀ। ਇਕ ਪਾਸੇ ਤਾਸ਼ ਖੇਡੀ ਜਾ ਰਹੀ ਸੀ। ਕਿਸੇ ਨੂੰ ਹੁਣੇ ਹੀ 'ਭਾਬੀ' ਬਣਾਇਆ ਗਿਆ ਸੀ ਤੇ ਸਾਰੇ ਉਸ ਨੂੰ ਛੇੜ ਰਹੇ ਸਨ। ਇਕ ਮੇਜ਼ ਉਪਰ ਕੁਝ ਬੰਦੇ ਗਾਲ੍ਹ-ਮ-ਗਾਲ਼ੀ ਵੀ ਹੋ ਰਹੇ ਸਨ, ਕੋਈ ਪੇਂਡੂ ਮਸਲਾ ਹੀ ਸੀ। ਇਕ ਹੋਰ ਮੇਜ਼ ਦੁਆਲੇ ਬੈਠੀ ਢਾਣੀ ਬੌਲਦਾਂ ਦੀਆਂ ਗੱਲਾਂ ਕਰ ਰਹੀ ਸੀ। ਇਕ ਬੰਦਾ ਬਹੁਤ ਹੁੱਬ ਕੇ ਦੱਸ ਰਿਹਾ ਸੀ ਕਿ ਉਹਨਾਂ ਕੋਲ ਇਲਾਕੇ ਦੀ ਸਭ ਤੋਂ ਵਧੀਆ ਜੋਗ ਹੈ। ਹੁਣੇ ਜਿਹੇ ਹੀ ਉਹ ਆਪਣੇ ਪਿਓ ਨੂੰ ਬਹੁਤ ਮਹਿੰਗੇ ਬੌਲਦਾਂ ਦੀ ਜੋੜੀ ਖਰੀਦ ਕੇ ਦਿਤੀ ਸੀ। ਇਕ ਬੰਦਾ ਪੱਬ ਦੇ ਮੈਨੇਜਰ ਨੂੰ ਯਮਲੇ ਦਾ ਕੋਈ ਗੀਤ ਲਾਉਣ ਦੀ ਫਰਮਾਇਸ਼ ਕਰ ਰਿਹਾ ਸੀ। ਇਕ ਬੰਦਾ ਕਾਊਂਟਰ ਤੇ ਝੁਕਿਆ ਗਲਾਸ ਭਰਨ ਵਾਲੀ ਗੋਰੀ ਨਾਲ ਗੱਲਾਂ ਕਰ ਰਿਹਾ ਸੀ। ਉਸ ਨੂੰ ਕਿਸੇ ਨੇ ਉਚੀ ਅਵਾਜ਼ ਵਿਚ ਕਿਹਾ ਕਿ ਕਰਮਿਆਂ, ਇਹ ਮੁਫਤ ਵਿਚ ਨਹੀਂ ਫਸਣੀ, ਪੈਸੇ ਖਰਚਣੇ ਪੈਣੇ ਨੇ। ਇਸ ਪਾਸੇ ਸਿਗਰਟਾਂ ਦਾ ਧੂੰਆਂ ਤਾਂ ਬਹੁਤਾ ਨਹੀਂ ਸੀ ਪਰ ਕਾਵਾਂ ਰੌਲੀ ਜ਼ਿਆਦਾ ਸੀ।

ਸ਼ਿਵਰਾਜ ਨਾਲ ਆਉਂਦੇ ਬੰਦੇ ਦੇਖ ਕੇ ਇਕ ਮੇਜ਼ ਤੋਂ ਦੋ ਕੁ ਜਾਣੇ ਜੇਬ੍ਹਾਂ ਟਟੋਲਦੇ ਉਠੇ ਤੇ ਗਲਾਸ ਭਰਾਉਣ ਲਈ ਕਾਊਂਟਰ 'ਤੇ ਜਾ ਖੜੇ। ਸੁਰਜਨ ਤੇ ਚਮਨ ਲਾਲ ਭਾਈਵੰਦਾਂ ਨਾਲ ਹੱਥ ਮਿਲਾਉਂਦੇ, ਸਾਹਬ-ਸਲਾਮ ਕਰਦੇ ਬੈਠ ਗਏ। ਬੀਅਰ ਦੇ ਗਲਾਸ ਆ ਗਏ। ਇਥੇ 'ਮਾਈਲਡ' ਜ਼ਿਆਦਾ ਪੀਤੀ ਜਾਂਦੀ ਸੀ। ਮਿੱਡਲੈਂਡ ਦੀ ਮਾਈਲਡ ਹੀ ਮਸ਼ਹੂਰ ਸੀ। ਲੰਡਨ ਵਿਚ ਇਹ ਪੀਣ ਨੂੰ ਨਹੀਂ ਸੀ ਮਿਲਦੀ। ਸੁਰਜਨ ਮੂਹਰੇ ਗਲਾਸ ਰੱਖਿਆ ਤਾਂ ਉਹ ਨਾਂਹ ਨੁਕਰ ਕਰਨ ਲਗਿਆ। ਬਖਸ਼ੀ ਬੋਲਿਆ,

"ਓ ਸ਼ਹਿਰੀਓ, ਪੀ ਲਓ ਮਿੱਡਲੈਂਡ ਦੀ ਮੈਲ੍ਹ, ਓਥੇ ਨਹੀਂ ਲੱਭਣੀ ਇਹ।"

ਮਿੱਡਲੈਂਡ ਵਲ ਦੇ ਲੋਕ ਲੰਡਨ ਵਾਸੀਆਂ ਨੂੰ ਸ਼ਹਿਰੀਏ ਹੀ ਕਹਿੰਦੇ ਸਨ ਕਿ ਉਹ ਸੇਵਾ ਕਰਨ ਵੇਲੇ ਹੱਥ ਘੁੱਟਦੇ ਸਨ। ਤਾਹਨੇ ਦਿੰਦੇ ਸਨ ਕਿ ਨਸ਼ੇ-ਪਾਣੀ ਵਿਚ, ਮਹਿਮਾਨ ਨਿਵਾਜ਼ੀ ਵਿਚ ਉਹ ਪੂਰੇ ਨਹੀਂ ਉਤਰਦੇ। ਇਕ ਪਾਸਿਓਂ ਇਕ ਭਾਈਵੰਦ ਉਠਿਆ ਤੇ ਸੁਰਜਨ ਦੇ ਕੋਲ ਆ ਬੈਠਾ ਤੇ ਬੋਲਿਆ,

"ਕਿਉਂ ਭਾਈ ਸਾਬ, ਗਰੰਥੀ ਦੀ ਜੌਬ ਲੱਭਦੇ ਫਿਰਦੇ ਆਂ?"

ਸੁਰਜਨ ਨੇ ਕਾਟਵੀਂ ਜਿਹੀ ਨਜ਼ਰ ਨਾਲ ਉਸ ਵਲ ਦੇਖਿਆ ਪਰ ਉਹ ਬੰਦਾ ਸਵਾਲ ਪੁੱਛ ਕੇ ਮਿੰਨਾ ਮਿੰਨਾ ਮੁਸਕ੍ਰਾਈ ਜਾ ਰਿਹਾ ਸੀ। ਉਸ ਨੇ ਸਵਾਲ ਫਿਰ ਦੁਹਰਾਇਆ। ਦੂਜੀ ਵਾਰ ਬੋਲਣ 'ਤੇ ਸੁਰਜਨ ਨੇ ਉਹਨੂੰ ਪੱਛਾਣ ਲਿਆ ਤੇ ਬੋਲਿਆ,

"ਓਏ ਬਚਨਿਆਂ, ਤੂੰ ਐਂ! ...ਆਹ ਕੀ ਘੋਨ-ਮੋਨ ਜਿਹਾ ਬਣੀਂ ਫਿਰਦੈਂ!"

"ਤੇਰੇ ਆਂਗੂੰ ਆਹ ਜੰਗ-ਪਲੰਗਾ ਮੈਥੋਂ ਨਹੀਂ ਸੀ ਸਾਂਭ ਹੁੰਦਾ, ...ਹੁਣ ਇਕ ਫੌੜੀ ਇਧਰ ਮਾਰਦੀ ਐ ਤੇ ਇਕ ਓਧਰ, ਬੱਸ ਝੱਟ ਤਿਆਰ ਹੋ ਜਾਈਦਾ ਕੰਮ ਤੇ ਜਾਣ ਲਈ।"

ਬਚਨਾ ਸੁਰਜਨ ਨੂੰ ਜੱਫੀ ਪਾਈ ਬੈਠਾ ਸੀ। ਉਹ ਚਮਨ ਲਾਲ ਨੂੰ ਵੀ ਬਹੁਤ ਪਿਆਰ ਨਾਲ ਮਿਲਿਆ, ਉਹਨਾਂ ਦਾ ਪੇਂਡੂ ਜਿਉਂ ਸੀ। ਉਥੇ ਹੀ ਉਹਨਾਂ ਨੂੰ ਆਪਣਾ ਇਕ ਹੋਰ ਪੇਂਡੂ ਚੰਨਣ ਸਿੰਘ ਵੀ ਮਿਲ ਪਿਆ ਜਿਹੜਾ ਜਦੋਂ ਦਾ ਇੰਗਲੈਂਡ ਆਇਆ

ਵਾਪਸ ਨਹੀਂ ਸੀ ਗਿਆ। ਵਾਹਵਾ ਮਹੌਲ ਬੱਝ ਗਿਆ। ਅਜਿਹਾ ਮਹੌਲ ਲੰਡਨ ਦੇ ਪੱਬਾਂ ਵਿਚ ਘੱਟ ਦੇਖਣ ਨੂੰ ਮਿਲਦਾ ਹੈ। ਸੁਰਜਨ ਨੂੰ ਬੀਅਰ ਨਾ ਪੀਂਦੇ ਦੇਖ ਬਚਨਾ ਬੋਲਿਆ,

"ਮਾਠਰਾ, ਜਾ ਉਠ ਕੇ ਟੌਲਟ ਜਾ ਇਆ ਆਪੇ ਢਿੱਡ 'ਚ ਜਗ੍ਹਾ ਬਣ ਜਊ।"

ਹਾਸਾ ਮਜ਼ਾਕ ਚਲਦਾ ਰਿਹਾ। ਇਧਰ ਓਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਜਦ ਪੱਬ ਬੰਦ ਹੋਣ ਦੀ ਘੰਟੀ ਵੱਜੀ ਤਾਂ ਇਕ ਜਾਣੇ ਨੇ ਉਠ ਕੇ ਸਭ ਲਈ ਆਖਰੀ ਗਲਾਸ ਭਰਾ ਲਏ। ਦੋ ਜਾਣੇ ਰੋਟੀ ਤਿਆਰ ਕਰਨ ਲਈ ਤੁਰ ਗਏ। ਬਖਸ਼ੀ ਦਾ ਘਰ ਪੱਬ ਦੇ ਨੇੜੇ ਹੀ ਸੀ। ਸੁਰਜਨ ਨਾਂਹ-ਨਾਂਹ ਕਰਦਿਆਂ ਵੀ ਤਿੰਨ ਗਲਾਸ ਪੀ ਗਿਆ ਸੀ। ਚਮਨ ਲਾਲ ਸਭ ਦੇ ਬਰਾਬਰ ਪੀਂਦਾ ਰਿਹਾ ਸੀ। ਮਿੱਡਲੈਂਡ ਦੇ ਲੋਕ ਲੰਡਨ ਵਾਸੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਬੀਅਰ ਪੀ ਜਾਂਦੇ ਸਨ। ਸੁਰਜਨ ਹੈਰਾਨੀ ਨਾਲ ਦੇਖਦਾ ਜਾ ਰਿਹਾ ਸੀ ਕਿ ਕਈ ਲੋਕ ਦਸ ਦਸ ਗਲਾਸ ਬੀਅਰ ਦੇ ਸਹਿਜੇ ਹੀ ਪੀ ਗਏ ਸਨ। ਪੱਬ ਦੀ ਆਖਰੀ ਘੰਟੀ ਦੇ ਨਾਲ ਉਹ ਸਾਰੇ ਗਲਾਸ ਮੁਕਾਉਂਦੇ ਉਠ ਖੜੇ।

ਘਰ ਆ ਕੇ ਵਿਸਕੀ ਦੀਆਂ ਬੋਤਲਾਂ ਖੁਲ੍ਹ ਗਈਆਂ। ਬਖਸ਼ੀ ਰੌਲੀ ਪਾਈ ਜਾ ਰਿਹਾ ਸੀ; ਮੁਰਗੀ ਲਿਆਓ, ਮੁਰਗੀ ਲਿਆਓ। 'ਮੁਰਗੀ' ਸ਼ਬਦ ਸੁਰਜਨ ਤੇ ਚਮਨ ਲਾਲ ਲਈ ਕੁਝ ਓਪਰਾ ਸੀ। ਲੰਡਨ ਵਿਚ 'ਚਿਕਨ' ਵਰਤਿਆ ਜਾਂਦਾ। ਦੋ ਕੁ ਡੌਂਗਿਆਂ ਵਿਚ ਸਾਂਝਾ ਜਿਹਾ ਮੀਟ ਪਾ ਲਿਆਂਦਾ ਗਿਆ ਤੇ ਨਾਲ ਹੀ ਵੱਡੀਆਂ ਵੱਡੀਆਂ ਦੁੱਪੜਾਂ। ਸਾਰੇ ਇਕੱਠੇ ਹੀ ਖਾਣ ਲਗੇ। ਇਕ ਦੂਜੇ ਉਪਰ ਹੋਰ ਵਿਸਕੀ ਪੀਣ ਲਈ ਦਬਾਅ ਪਾ ਰਹੇ ਸਨ ਖਾਸ ਤੌਰ ਤੇ ਦੋਨਾਂ ਮਹਿਮਾਨਾਂ ਉਪਰ। ਘਰ ਵਿਚ ਕਿੰਨੇ ਬੰਦੇ ਸਨ ਸੁਰਜਨ ਗਿਣ ਨਾ ਸਕਿਆ। ਠੰਡ ਬਹੁਤ ਸੀ। ਮਿੱਡਲੈਂਡ ਵਿਚ ਵੈਸੇ ਹੀ ਲੰਡਨ ਦੇ ਮੁਕਾਬਲੇ ਜ਼ਿਆਦਾ ਠੰਡ ਹੁੰਦੀ। ਤੇਲ ਦੇ ਹੀਟਰ ਕਮਰਿਆਂ ਨੂੰ ਗਰਮਾ ਰਹੇ ਸਨ ਪਰ ਫਿਰ ਵੀ ਸੁਰਜਨ ਤੇ ਚਮਨ ਠੰਡ ਮੰਨ ਰਹੇ ਸਨ। ਸ਼ਿਵਰਾਜ ਉਹਨਾਂ ਦੋਨਾਂ ਨੂੰ ਇਕ ਕਮਰੇ ਵਿਚ ਸਵਾਉਣ ਲਈ ਲੈ ਗਿਆ। ਉਥੇ ਪਹਿਲਾਂ ਹੀ ਕੁਝ ਬੰਦੇ ਸੁੱਤੇ ਪਏ ਸਨ। ਸ਼ਿਵਰਾਜ ਉਹਨਾਂ ਨੂੰ ਕਹਿਣ ਲਗਿਆ,

"ਆਹ ਖੂੰਜੇ ਬਾਲਟੀ ਪਈ ਆ, ਪ੍ਰੈਸ਼ਰ ਬਣਿਆਂ ਤਾਂ ਇਥੇ ਈ...।"

"ਏਦਾਂ ਚੰਗਾ ਲਗਦਾ ਯਾਰ!"

"ਇਥੇ ਸੁਰਜਨ ਸਿਆਂ, ਮਿੱਡਲੈਂਡ 'ਚ ਏਦਾਂ ਈ ਚਲਦਾ, ਟੁਆਇਲਟ ਬਾਹਰ ਆ, ਬਾਹਰ ਜਾਏਂਗਾ ਤਾਂ ਠੰਡ ਨਾਲ ਜੁੜ ਜਾਏਂਗਾ।"

ਸ਼ਿਵਰਾਜ ਚਲੇ ਗਿਆ। ਸੁਰਜਨ ਸੌਣ ਦੀ ਕੋਸ਼ਿਸ਼ ਕਰਨ ਲਗਿਆ। ਚਮਨ ਲਾਲ ਜ਼ਿਆਦਾ ਸ਼ਰਾਬੀ ਹੋਣ ਕਰਕੇ ਬੈੱਡ 'ਤੇ ਡਿਗਦਾ ਹੀ ਸੌਂ ਗਿਆ। ਸੁਰਜਨ ਨੂੰ ਵੀ ਨੀਂਦ ਆਉਣ ਲਗੀ। ਜਦ ਵੀ ਉਸ ਨੂੰ ਜਾਗ ਆਉਂਦੀ ਤਾਂ ਬਾਲਟੀ ਵਿਚ ਧਾਰ ਪੈਣ ਦੀ ਆਵਾਜ਼ ਆ ਰਹੀ ਹੁੰਦੀ। ਉਸ ਨੂੰ ਹਾਜਤ ਹੋਈ ਤਾਂ ਉਸ ਨੇ ਵੀ ਬਾਲਟੀ ਦਾ ਸਹਾਰਾ ਹੀ ਲਿਆ। ਕਮਰੇ ਵਿਚ ਅਜੀਬ ਜਿਹੀ ਬੋਅ ਉਠ ਰਹੀ ਸੀ। ਸੁਰਜਨ ਦਾ ਸਿਰ ਦੁਖਣ ਲਗਿਆ ਸੀ। ਜਿਵੇਂ ਕਿਵੇਂ ਕਰਕੇ ਰਾਤ ਕੱਟੀ। ਉਹ ਉਠਿਆ ਤਾਂ ਕਮਰਾ ਜਲ-ਥਲ ਹੋਇਆ ਪਿਆ ਸੀ। ਬਖਸ਼ੀ ਹਰਨਾਮੇ ਨੂੰ ਗਾਲ੍ਹਾਂ ਕੱਢਣ ਲਗਿਆ ਹੋਇਆ ਸੀ,

"ਸਾਲ੍ਹਿਆ, ਹਰਾਮੀਆਂ, ਤੇਰਾ ਈ ਕਸੂਰ ਐ, ਤੂੰ ਈ ਟੁੱਟੇ ਥੱਲੇ ਵਾਲੀ ਬਾਲਟੀ ਪ੍ਰਾਹੁਣਿਆਂ ਦੇ ਕਮਰੇ ਵਿਚ ਰੱਖੀ ਸੀ।"

ਸ਼ਿਵਰਾਜ ਕੋਲ ਜਾਣ ਦਾ ਉਹਨਾਂ ਦਾ ਮੁੱਖ ਮਕਸਦ ਤਾਂ ਇਹ ਸੀ ਕਿ ਉਸ ਨੂੰ ਉਹ ਕਿਸੇ ਤਰ੍ਹਾਂ ਲੰਡਨ ਲੈ ਆਉਣ। ਰੁਆਇਲ ਡੀਨ ਵਿਚ ਅਜ ਕਲ੍ਹ ਭਰਤੀ ਖੁਲ੍ਹੀ ਹੋਈ ਸੀ। ਇਹ ਬਹੁਤ ਵੱਡਾ ਡਾਕਖਾਨਾ ਸੀ। ਇਥੇ ਭਰਤੀ ਹਮੇਸ਼ਾ ਨਹੀਂ ਸੀ ਖੁਲ੍ਹਦੀ। ਲੋੜ ਮੁਤਾਬਕ ਹੀ ਬੰਦੇ ਰੱਖੇ ਜਾਂਦੇ। ਅਜਕਲ੍ਹ ਪੋਸਟਮੈਨਜ਼ ਦੀਆਂ ਕਾਫੀ ਜਗਾਵਾਂ ਖਾਲੀ ਸਨ। ਬਲਦੇਵ, ਚਮਨ, ਗੁਰਨਾਮ, ਅਰਜਨ ਆਦਿ ਸਾਰੇ ਹੀ ਰੁਆਇਲ ਡੀਨ ਵਿਚ ਆ ਗਏ ਸਨ। ਇਕ ਤਾਂ ਨੌਕਰੀ ਪੱਕੀ ਸੀ ਦੂਜੇ ਓਵਰ ਟਾਈਮ ਇੰਨਾ ਮਿਲਦਾ ਕਿ ਭਾਵੇਂ ਸੱਤੇ ਦਿਨ ਹੀ ਕੰਮ ਕਰੀ ਜਾਓ। ਚਾਰ ਘੰਟੇ ਤਾਂ ਰੋਜ਼ਾਨਾ ਦੀ ਸ਼ਿਫਟ ਨਾਲ ਮਿਲਦਾ ਹੀ ਸੀ। ਸ਼ਿਵਰਾਜ ਦਾ ਫਾਊਂਡਰੀ ਦਾ ਕੰਮ ਬਹੁਤ ਭਾਰਾ ਤੇ ਗਰਮ ਸੀ। ਸੇਕ ਇੰਨਾ ਪੈਂਦਾ ਸੀ ਕਿ ਬੰਦੇ ਦਾ ਅੰਦਰ ਬਾਹਰ ਜਲ਼ ਜਾਂਦਾ। ਇਸੇ ਲਈ ਫਾਂਉਂਡਰੀ ਵਿਚ ਕੰਮ ਕਰਨ ਵਾਲੇ ਬੀਅਰ ਬਹੁਤ ਪੀਂਦੇ ਸਨ। ਸ਼ਿਵਰਾਜ ਵੀ ਬਹੁਤ ਪੀਣ ਲਗਿਆ ਸੀ। ਸੁਰਜਨ ਨੇ ਲੰਡਨ ਚੱਲਣ ਲਈ ਜ਼ੋਰ ਪਾਇਆ ਤਾਂ ਉਹ ਬੋਲਿਆ,

"ਯਾਰ, ਹੁਣ ਕੰਨ੍ਹ ਪੈ ਚੁੱਕੀ ਐ, ਜਿਹੜੇ ਚਾਰ ਸਾਲ ਹੋਰ ਲਗਦੇ ਆ ਇਥੇ ਈ ਲਾ ਲੈਂਨੇ ਆਂ। ਆਪਾਂ ਕਿਹੜਾ ਇਥੇ ਪੱਕਾ ਘਰ ਬਣਾਉਣੈ, ਫੇਰ ਕੀ ਫਰਕ ਪੈਂਦਾ, ਲੰਡਨ ਰਹੋ ਜਾਂ ਬਰਮੀਘੰਮ, ਫੈਕਟਰੀ ਵਿਚ ਕੰਮ ਕਰੋ ਜਾਂ ਡਾਕਖਾਨੇ ਵਿਚ...।"

"ਸ਼ਿਵਰਾਜ, ਬੰਦੇ ਦੀ ਇਕ ਮਾਨਸਿਕਤਾ ਹੁੰਦੀ ਐ, ਗੱਲਬਾਤ ਕਰਨ ਦਾ ਇਕ ਪੱਧਰ ਹੁੰਦੈ, ਇਕ ਵੇਵ-ਲੈਂਗਥ। ਆਹ ਬਖਸ਼ੀ ਦੀ ਮਹਿਫਲ ਰਾਤੀਂ ਆਪਾਂ ਦੇਖੀ ਈ ਐ, ਪਤਾ ਨਹੀਂ ਤੂੰ ਕਿੱਦਾਂ ਸਰਵਾਈਵ ਕਰਦਾਂ!"

"ਸੁਰਜਨ, ਗੱਲ ਤਾਂ ਤੇਰੀ ਠੀਕ ਐ ਪਰ ਮੈਂ ਸੋਚਦਾਂ ਕਿ ਇਹ ਟੈਂਪਰੇਰੀ ਈ ਐ।"

www.PunjabiLibrary.com

''ਟੈਂਪਰੇਰੀ ਤਾਂ ਹੋਵੇ ਜੇ ਦੋ ਚਾਰ ਦਿਨ ਦੀ ਗੱਲ ਹੋਵੇ, ਇਹ ਸਾਲਾਂ ਦੀ ਗੱਲ ਐ, ਨਾਲੇ ਹੁਣ ਰੁਆਇਲ ਡੀਨ ਵਿਚ ਮਾਸਟਰ, ਕਲਰਕ, ਪ੍ਰੋਫੈਸਰ, ਵਕੀਲ ਬਗੈਰਾ ਆਸਾਨੀ ਨਾਲ ਫਿੱਟ ਹੋਏ ਪਏ ਆ, ਮਹੌਲ ਬਹੁਤ ਵਧੀਆ, ਤੂੰ ਪਸੰਦ ਕਰੇਂਗਾ।''
''ਮੈਂ ਤਾਂ ਕਿਹਾ ਸੀ ਕਿ ਹੁਣ ਬਸ ਠੀਕ ਐ।''
''ਠੀਕ ਤਾਂ ਹੈ ਵੀ ਪਰ ਇਥੇ ਤੈਨੂੰ ਬਹੁਤੇ ਸਮਝੌਤੇ ਕਰਨੇ ਪੈ ਰਹੇ ਆ ਤੇ ਉਥੇ ਇਹ ਪੀੜ ਘਟ ਜਾਵੇਗੀ।''

ਚਮਨ ਲਾਲ ਕਹਿ ਰਿਹਾ ਸੀ। ਸਮਝੌਤੇ ਤੋਂ ਉਸ ਦਾ ਮਤਲਬ ਸੀ ਕਿ ਜਿਹੜੇ ਸਮਝੌਤੇ ਇੰਗਲੈਂਡ ਆ ਕੇ ਪੜ੍ਹੇ ਲਿਖੇ ਲੋਕਾਂ ਨੂੰ ਆਪਣੀ ਪੱਧਰ ਦੇ ਖਿਲਾਫ ਜਾ ਕੇ ਕੰਮਾਂ ਦੇ ਮਾਮਲੇ ਵਿਚ ਕਰਨੇ ਪੈਂਦੇ ਹਨ। ਸ਼ਿਵਰਾਜ ਬੀ. ਏ. ਬੀ. ਐੱਡ. ਅਧਿਆਪਕ ਸੀ ਤੇ ਫਾਊਂਡਰੀ ਵਿਚ ਕੰਮ ਕਰ ਰਿਹਾ ਸੀ ਜਿਸ ਵਿਚ ਸੁਆਹ ਚੁੱਕਣ ਦਾ ਕੰਮ ਵੀ ਆਉਂਦਾ ਸੀ। ਸਭ ਕੁਝ ਸੋਚਦਾ ਸ਼ਿਵਰਾਜ ਉਹਨਾਂ ਦੀ ਗੱਲ ਮੰਨਣ ਲਈ ਤਿਆਰ ਹੋਣ ਲਗਿਆ। ਫਿਰ ਵੀ ਲੰਡਨ ਆਉਣ ਵਿਚ ਜਕੋ-ਤਕੀ ਕਰਦਿਆਂ ਸ਼ਿਵਰਾਜ ਨੇ ਦੋ ਮਹੀਨੇ ਲਗਾ ਦਿਤੇ ਪਰ ਉਦੋਂ ਤਕ ਰੁਆਇਲ ਡੀਨ ਵਿਚ ਭਰਤੀ ਬੰਦ ਹੋ ਚੁੱਕੀ ਸੀ। ਸ਼ਿਵਰਾਜ ਬਰਮੀਘੰਮ ਤੋਂ ਕੰਮ ਛੱਡ ਲੰਡਨ ਆ ਗਿਆ ਪਰ ਮੂਹਰੇ ਕੋਈ ਕੰਮ ਨਹੀਂ ਸੀ। ਸੁਰਜਨ ਨੇ ਉਸ ਲਈ ਭੱਜ ਦੌੜ ਸ਼ੁਰੂ ਕਰ ਦਿਤੀ ਜਿਸ ਦੇ ਫਲ ਸਰੂਪ ਜਲਦੀ ਹੀ ਉਸ ਨੂੰ ਲੰਡਨ ਟਰਾਂਸਪੋਰਟ ਵਿਚ ਡਰਾਇਵਰ ਦੀ ਨੌਕਰੀ ਮਿਲ ਗਈ। ਡਰਾਈਵਰਾਂ ਦੇ ਘੰਟੇ ਵੀ ਘੱਟ ਸਨ ਤੇ ਤਨਖਾਹ ਵੀ ਚੰਗੀ। ਇਥੇ ਦੋਸਤਾਂ ਦੀ ਢਾਣੀ ਦਾ ਮਹੌਲ ਵੀ ਵੱਖਰਾ ਸੀ, ਆਲਾ ਦੁਆਲਾ ਵੀ ਇਕ ਦਮ ਭਿੰਨ। ਉਹ ਖੁਸ਼ ਸੀ।

ਹਾਰਵੇ ਰੋਡ, ਲੇਅਟਨ ਸਟੋਨ। ਬਨਾਰਸੀ ਦਾਸ ਦੇ ਘਰ ਰਹਿੰਦੇ ਲੋਕ ਛਣਨ ਲਗੇ। ਚਮਨ ਲਾਲ ਸਾਊਥਾਲ ਚਲੇ ਗਿਆ। ਬਲਦੇਵ ਹੰਸਲੋ ਜਾ ਵਸਿਆ। ਵਚਿੱਤਰ ਸਿੰਘ ਦਾ ਸਾਲਾ ਸਾਊਥੈਂਪਨ ਰਹਿੰਦਾ ਸੀ, ਉਹ ਉਥੇ ਜਾ ਪੁੱਜਾ। ਅਲੀ ਤੇ ਜਵੇਦ ਪਹਿਲਾਂ ਪਾਕਿਸਤਾਨ ਮੁੜ ਗਏ ਸਾਲ ਕੁ ਬਾਅਦ ਵਾਪਸ ਆ ਕੇ ਬ੍ਰੈਡਫੋਰਡ ਜਾ ਵਸੇ। ਸ਼ਿਵਰਾਜ ਹੁਣ ਉਹਨਾਂ ਨਾਲ ਆ ਟਿਕਿਆ ਸੀ। ਉਪਰਲਾ ਮੂਹਰਲਾ ਕਮਰਾ ਸ਼ਿਵਰਾਜ ਤੇ ਸੁਰਜਨ ਕੋਲ ਸੀ, ਪਿਛਲਾ ਕਮਰਾ ਗੁਰਨਾਮ ਤੇ ਅਰਜਨ ਸਿੰਘ ਕੋਲ ਸੀ। ਅਵਤਾਰ ਕੋਲ ਹਾਲੇ ਵੀ ਬੌਕਸ ਰੂਮ ਸੀ। ਉਹ ਹਾਲੇ ਵੀ ਇਕੱਲਾ ਰਹਿੰਦਾ ਸੀ। ਹੇਠਲਾ ਫਰੰਟ ਰੂਮ ਉਹਨਾਂ ਨੇ ਸਾਂਝੇ ਤੌਰ ਤੇ ਵਰਤਣ ਲਈ ਰੱਖ ਲਿਆ ਹੋਇਆ ਸੀ। ਹੇਠਲੇ ਪਿਛਲੇ ਕਮਰੇ ਵਿਚ ਬਨਾਰਸੀ ਦਾਸ ਇਕੱਲਾ ਰਹਿੰਦਾ ਸੀ। ਅਸਲ ਵਿਚ ਉਸ ਦੀ ਪਤਨੀ ਹੁਣ ਇੰਡੀਆ ਤੋਂ ਆਉਣ ਵਾਲੀ ਸੀ ਇਸ ਲਈ ਹੁਣ ਉਹ ਬਹੁਤੇ ਕਿਰਾਏਦਾਰ ਉਸ ਨੂੰ ਨਹੀਂ ਸਨ ਚਾਹੀਦੇ। ਜਦੋਂ ਲਾਜਵੰਤੀ ਦੇ ਆਉਣ ਦੀ ਗੱਲ ਦਾ ਪਤਾ ਚਲਿਆ ਤਾਂ ਲਗਭਗ ਸਾਰੇ ਹੀ ਬਨਾਰਸੀ ਦਾਸ ਦੇ ਘਰੋਂ ਜਾਣ ਲਈ ਤਿਆਰ ਹੋ ਗਏ ਸਨ ਪਰ ਬਨਾਰਸੀ ਦਾਸ ਇਹ ਨਹੀਂ ਸੀ ਚਾਹੁੰਦਾ। ਕਿਰਾਇਆ ਵੀ ਤਾਂ ਆਉਣਾ ਚਾਹੀਦਾ ਸੀ। ਫਿਰ ਇਹ ਕਿਰਾਏਦਾਰਾਂ ਦੇ ਕਿਰਾਏਦਾਰ ਸਨ ਤੇ ਦੋਸਤਾਂ ਦੇ ਦੋਸਤ। ਅਵਤਾਰ ਤੋਂ ਬਿਨਾਂ ਬਾਕੀ ਸਭ ਟੱਬਰ-ਟੀਰ ਵਾਲੇ ਸਨ। ਅਵਤਾਰ ਵੀ ਬੀਬਾ ਜਿਹਾ ਮੁੰਡਾ ਸੀ। ਬਨਾਰਸੀ ਦਾਸ ਵੀ ਤੇ ਬਾਕੀ ਵੀ ਉਸ ਨੂੰ ਬਹੁਤ ਪਸੰਦ ਕਰਦੇ ਸਨ।

ਅਵਤਾਰ ਆਲਡਗੇਟ ਵਿਚ ਇਕ ਕਪੜੇ ਦੀ ਫੈਕਟਰੀ ਵਿਚ ਕੱਟਰ ਦਾ ਕੰਮ ਕਰਨ ਜਾ ਲਗਿਆ ਸੀ। ਉਸ ਨੂੰ ਖੁਦ ਨਹੀਂ ਸੀ ਪਤਾ ਕਿ ਉਸ ਵਿਚ ਇਹ ਹੁਨਰ ਕਿਵੇਂ ਤੇ ਕਿਥੋਂ ਆ ਗਿਆ ਕਿ ਉਹ ਇੰਨਾ ਵਧੀਆ ਕੱਟਰ ਬਣ ਗਿਆ। ਕਪੜੇ ਨੂੰ ਕੱਟਦੀ ਉਸ ਦੀ ਕੈਂਚੀ ਪਾਣੀ ਵਿਚ ਫਿਰਨ ਵਾਂਗ ਲੰਘ ਜਾਂਦੀ ਤੇ ਬਿਲਕੁਲ ਸਹੀ। ਜਾਹ ਤਾਂ ਸੂਤ ਭਰ ਇਧਰ ਓਧਰ ਹੋ ਜਾਵੇ। ਸਾਰੇ ਆਲਡਗੇਟ ਵਿਚ ਉਸ ਦੇ ਨਾਂ ਦੀਆਂ ਧੁੰਮਾਂ ਸਨ। ਕਪੜੇ ਦੀਆਂ ਫੈਕਟਰੀਆਂ ਵਾਲੇ ਉਸ ਨੂੰ ਵੱਧ ਤਨਖਾਹ ਦੇ ਕੇ ਆਪਣੇ ਵਲ ਖਿਚਣ ਦੀ ਕੋਸ਼ਿਸ਼ ਕਰਦੇ। ਅਵਤਾਰ ਸੀ ਕਿ ਉਸ ਨੂੰ ਇਹਨਾਂ ਗੱਲਾਂ ਦੀ ਪਰਵਾਹ ਨਹੀਂ ਸੀ। ਚੀਰੇ ਹਰਨ ਵਾਂਗ ਉਲ੍ਹਾਂਘਾਂ ਭਰਦਾ ਉਹ ਕਿਤੇ ਦਾ ਕਿਤੇ ਜਾ ਰਹਿੰਦਾ। ਉਹ ਕਦੇ ਵੀ ਟਿਕ ਕੇ ਕੰਮ ਨਹੀਂ ਸੀ ਕਰਦਾ ਪਰ ਮਾਲਕ ਉਸ ਦੀ ਇੰਨੀ ਕਦਰ ਕਰਦੇ ਕਿ ਨੌਕਰੀ ਤੋਂ ਉਸ ਨੂੰ ਥੋੜੇ ਕੀਤੇ ਕੋਈ ਜਵਾਬ ਨਹੀਂ ਸੀ ਦਿਤਾ ਜਾਂਦਾ। ਬਨਾਰਸੀ ਦਾਸ ਵੀ ਉਸ ਉਪਰ ਕਿਰਾਏ ਲਈ ਬਹੁਤਾ ਦਬਾਅ ਨਹੀਂ ਸੀ ਪਾਉਂਦਾ, ਜਦ ਉਸ ਨੂੰ ਨੌਕਰੀ ਵਾਪਸ ਮਿਲਦੀ ਤਾਂ ਉਹ ਸਾਰਾ ਕਿਰਾਇਆ ਅਦਾ ਕਰ ਦਿੰਦਾ।

ਬਨਾਰਸੀ ਦਾਸ ਦੁਆਬੇ ਦੇ ਪਿੰਡ ਮੁਕੰਦ ਪੁਰ ਤੋਂ ਸੀ। ਦੂਜੇ ਮਹਾਂ-ਯੁੱਧ ਵਿਚ ਉਹ ਫੌਜ ਵਿਚ ਸੀ, ਬਰਮਾ ਦੇ ਫਰੰਟ ਉਪਰ। ਜਦੋਂ ਫੌਜੀ ਨੇਤਾ ਸੁਭਾਸ਼ ਚੰਦਰ ਬੋਸ ਦੇ ਪ੍ਰਭਾਵ ਹੇਠਾਂ ਆ ਕੇ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋਣ ਲਗੇ ਤਾਂ ਬਨਾਰਸੀ ਦਾਸ ਵੀ ਉਹਨਾਂ ਵਿਚ ਰਲ਼ ਗਿਆ। ਹਾਲਾਂਕਿ ਸਿਆਸਤ ਦੀ ਉਸ ਨੂੰ ਇੰਨੀ ਸਮਝ ਨਹੀਂ ਸੀ। ਜੰਗ ਤੋਂ ਬਾਅਦ ਉਹ ਬਰਮਾ ਵਿਚ ਹੀ ਟਿਕ ਗਿਆ। ਉਹ ਕਈ ਸਾਲ ਉਥੇ ਰਿਹਾ। ਚੀਨਣ ਔਰਤਾਂ ਨਾਲ ਇਕ ਦੋ ਵਿਆਹ ਵੀ ਕਰਾਏ। ਫਿਰ ਸਭ ਕੁਝ ਛੱਡ ਛਡਾ ਕੇ ਇੰਗਲੈਂਡ ਆ ਗਿਆ। ਇਥੋਂ ਇੰਡੀਆ ਜਾ ਕੇ ਵਿਆਹ ਕਰਾ ਆਇਆ। ਵਿਆਹ ਵੇਲੇ ਉਹ ਪੰਜਾਹ ਸਾਲਾਂ ਨੂੰ ਢੁੱਕ ਰਿਹਾ ਸੀ। ਉਹ ਆਪ ਅਨਪੜ੍ਹ ਹੀ ਸੀ। ਲਿਖਾ-ਪੜ੍ਹੀ ਦੇ ਉਸ ਦੇ ਸਾਰੇ ਕੰਮ ਸੁਰਜਨ ਕਰਿਆ ਕਰਦਾ। ਘਰ ਦੀ ਕਿਸ਼ਤ, ਬਿੱਲ ਆਦਿ ਸੁਰਜਨ ਹੀ ਦਿੰਦਾ। ਹੋਰ ਨਿੱਕੇ ਮੋਟੇ ਫਾਰਮ ਭਰਨੇ ਹੁੰਦੇ ਜਾਂ ਕੁਝ ਹੋਰ, ਇਹ ਸੁਰਜਨ ਦੀ ਜ਼ਿੰਮੇਵਾਰੀ ਹੀ ਸੀ। ਬਨਾਰਸੀ ਦਾਸ

www.PunjabiLibrary.com

ਉਸ ਉਪਰ ਪੂਰਾ ਯਕੀਨ ਕਰਦਾ ਸੀ। ਸੁਰਜਨ ਥੋੜ੍ਹਾ ਗੰਭੀਰ ਜਿਹਾ ਰਹਿੰਦਾ, ਕਿਸੇ ਨੂੰ ਬਹੁਤੀ ਟਿੱਚਰ-ਮਸ਼ਕਰੀ ਨਾ ਕਰਦਾ। ਜੇਕਰ ਉਹਨੂੰ ਕੋਈ ਕਰਦਾ ਤਾਂ ਉਹ ਹੱਸ ਛੱਡਦਾ। ਅਗਲਾ ਆਪ ਹੀ ਦੁਬਾਰਾ ਕੁਝ ਨਾ ਕਹਿੰਦਾ।

ਇਸ ਦੇ ਉਲਟ ਬਨਾਰਸੀ ਦਾਸ ਬਾਕੀਆਂ ਨਾਲ ਵਾਹਵਾ ਖੁਲ੍ਹਿਆ ਹੋਇਆ ਸੀ। ਗੁਰਨਾਮ ਤੇ ਵਚਿੱਤਰ ਹੋਰੀਂ ਜਦ ਰਲ੍ਹ ਕੇ ਇਕ ਰਾਤ ਲਈ ਔਰਤ ਲਿਆਉਂਦੇ ਤਾਂ ਬਨਾਰਸੀ ਦਾਸ ਦੀ ਭਿਆਲ੍ਹੀ ਵੀ ਪੁਆ ਲੈਂਦੇ। ਕੰਜੂਸ ਹੋਣ ਕਰਕੇ ਬਨਾਰਸੀ ਦਾਸ ਕਈ ਵਾਰ ਆਪਣਾ ਹਿੱਸਾ ਦੇਣੋਂ ਨਾਂਹ ਕਰ ਦਿੰਦਾ। ਉਹ ਢਾਹ ਕੇ ਉਹਦੀ ਜੇਬ੍ਹ ਵਿਚੋਂ ਪੈਸੇ ਕੱਢ ਲੈਂਦੇ। ਗੁਰਨਾਮ ਆਖਦਾ,

"ਅਸੀਂ ਬਾਹਮਣਾਂ ਨੂੰ ਖੀਰ ਤਾਂ ਮੁਫਤ ਖਵਾ ਸਕਦੇ ਆਂ ਪਰ ਇਹ ਚੀਜ਼ ਨਹੀਂ।"

ਜਦੋਂ ਤੋਂ ਵਚਿੱਤਰ ਸਾਊਥੈਂਪਨ ਚਲੇ ਗਿਆ, ਗੁਰਨਾਮ ਨੇ ਕਦੇ ਔਰਤ ਨਹੀਂ ਸੀ ਲਿਆਂਦੀ। ਜੇ ਬਹੁਤਾ ਹੀ ਹੁੰਦਾ ਤਾਂ ਆਪ ਜਾ ਕੇ ਰੈੱਡ ਲਾਈਟ ਏਰੀਏ ਦਾ ਚੱਕਰ ਮਾਰ ਆਉਂਦਾ। ਕਿੰਗਜ਼ ਕਰੌਸ, ਪਿਕਾਡਲੀ, ਅਰਲਜ਼ ਕ੍ਰੋਟ, ਮੈਰਲੀਬੋਨ; ਸਾਰੇ ਇਲਾਕਿਆਂ ਦੀ ਉਸ ਨੂੰ ਵਾਕਫੀ ਸੀ, ਥੁਹ ਟਿਕਾਣਿਆਂ ਦਾ ਵੀ ਪਤਾ ਸੀ। ਬਨਾਰਸੀ ਦਾਸ ਰੰਮ ਦੇ ਦੋ ਹਾੜੇ ਲਾ ਕੇ ਪੁੱਛਦਾ,

"ਸਿੰਘਾ, ਹੁਣ ਕਦੇ ਜਲਸਾ ਨਹੀਂ ਕਰਨਾ?"

"ਪੰਡਤਾ, ਕਰ ਲੈਨੇਂ ਆ ਕੁਸ਼, ਅੱਧ 'ਚ ਖੜੇਂਗਾ ਤਾਂ।"

"ਆਹ ਤੇਰੇ ਏਨੇ ਦੋਸਤ ਆ, ਰਲ੍ਹਾ ਲੈ ਇਹਨਾਂ ਨੂੰ।"

"ਪੰਡਤਾ, ਇਹਨਾਂ ਸਭ ਨੂੰ ਸੋਕਾ ਮਾਰ ਗਿਆ, ਆਪਾਂ ਦੋ ਈ ਆਂ ਜਿਹੜੇ ਹਰੇ ਆਂ, ਜਿਹਨਾਂ ਵਿਚ ਦਮ-ਖਮ ਹੈਗਾ।"

ਗੁਰਨਾਮ ਆਖਦਾ ਤੇ ਫਿਰ ਉਹ ਦੋਵੇਂ ਖਚਰੀ ਜਿਹੀ ਹਾਸੀ ਹਸਦੇ ਤੇ ਜੇ ਕੋਈ ਕੋਲ ਬੈਠਾ ਹੋਵੇ ਤਾਂ ਉਸ ਵਲ ਡਿੰਗਾ ਡਿੰਗਾ ਦੇਖਦੇ। ਸੁਰਜਨ ਤਾਂ ਅਜਿਹੀ ਕਿਸੇ ਗੱਲ ਵਿਚ ਆਉਂਦਾ ਹੀ ਨਹੀਂ ਸੀ। ਅਰਜਨ ਸਿੰਘ ਵੀ ਘੱਟ ਬੋਲਣ ਵਾਲੇ ਸੁਭਾਅ ਦਾ ਸੀ। ਸ਼ਿਵਰਾਜ ਚਾਹੁੰਦਾ ਰਹਿੰਦਾ ਸੀ ਕਿ ਅਜਿਹਾ ਕੁਝ ਹੋਵੇ ਪਰ ਆਪ ਕਹਿਣੋਂ ਝਿਜਕਦਾ ਸੀ। ਉਹ ਦੱਬੀ ਜਿਹੀ ਜ਼ੁਬਾਨ ਨਾਲ ਗੁਰਨਾਮ ਨੂੰ ਕਹਿ ਦਿੰਦਾ,

"ਭਊ, ਦੇਖੀਂ ਬਈ, ਐਵੇਂ ਰਿਸਕ ਨਾ ਲੈ, ...ਕਿਤੇ ਕੋਈ ਬਿਮਾਰੀ ਨਾ ਲੁਆ ਬੈਠੀਂ!"

ਗੁਰਨਾਮ ਕੋਲ ਬੈਠੇ ਸੁਰਜਨ ਵਲ ਦੇਖਦਾ ਤੇ ਅੱਖ ਦੱਬਦਾ ਆਖਦਾ,

"ਜੇ ਤਾਂ ਸਾਡਾ ਵੱਡੇ ਭਊ ਵਾਂਗੂੰ ਨਿੱਤ ਡੁੱਗੂ ਲਗਦਾ ਹੋਵੇ ਤਾਂ ਤੇ ਰਿਸਕ ਨਾ ਵੀ ਲਈਏ, ਹੁਣ ਕੀ ਕਰੀਏ, ਭੁੱਖਾ ਬੰਦਾ ਤਾਂ ਦਰਖਤ ਨੂੰ ਵੀ ਦੰਦੀ ਵੱਢਣ ਨੂੰ ਜਾਂਦਾ।"

ਸਾਰੇ ਹੱਸਦੇ। ਸੁਰਜਨ ਵੀ ਇਸ ਗੱਲ ਨੂੰ ਅਣਗੌਲ਼ੀ ਕਰ ਜਾਂਦਾ।

ਸੁਰਜਨ ਛੁੱਟੀਆਂ ਵਿਚ ਕੁਝ ਦਿਨਾਂ ਲਈ ਅਮਾਂਡਾ ਕੋਲ ਚਲੇ ਜਾਂਦਾ। ਬਹਾਨਾ ਲਾਉਂਦਾ ਕਿ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਜਾ ਰਿਹਾ ਹੈ। ਉਹ ਸਾਰੇ ਸਮਝਦੇ ਸਨ ਕਿ ਸੁਰਜਨ ਝੂਠ ਬੋਲ ਰਿਹਾ ਹੈ ਪਰ ਬਹੁਤੀ ਘੋਖ ਨਾ ਕਰਦੇ। ਉਸ ਦੇ ਗੰਭੀਰ ਰਹਿਣ ਕਰਕੇ ਵੀ ਗੱਲ ਬਹੁਤੀ ਅਗੇ ਨਹੀਂ ਸੀ ਖਿੱਚੀ ਜਾਂਦੀ। ਉਹ ਕਿਸੇ ਹੱਦ ਤਕ ਯਕੀਨ ਕਰੀ ਬੈਠੇ ਸਨ ਕਿ ਸੁਰਜਨ ਦੇ ਕੋਲ ਕੋਈ ਔਰਤ ਜ਼ਰੂਰ ਹੈ।

ਅਵਤਾਰ ਇਹਨਾਂ ਸਭ ਵਿਚੋਂ ਉਮਰ ਤੋਂ ਛੋਟਾ ਸੀ। ਉਹ ਅਜਿਹੀਆਂ ਗੱਲਾਂ ਨੂੰ ਲੁਕਾਉਂਦਾ ਨਹੀਂ ਸੀ। ਜੇ ਉਹ ਲੰਡਨ ਵਿਚ ਹੁੰਦਾ ਤਾਂ ਉਸ ਕੋਲ ਗਰਲ ਫ੍ਰੈਂਡ ਹੁੰਦੀ ਤਾਂ ਉਹ ਸ਼ਰੇਆਮ ਲਈ ਫਿਰਦਾ। ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ, ਨਾ ਕੋਈ ਚਿੰਤਾ। ਪਿੱਛਿਓਂ ਅਵਤਾਰ ਚਾਰ ਭਰਾਵਾਂ ਦਾ ਵਿਗੜਿਆ ਹੋਇਆ ਛੋਟਾ ਭਰਾ ਸੀ। ਜ਼ਮੀਨ ਖੁਲ੍ਹੀ ਸੀ ਇਸ ਕਰਕੇ ਪਿੱਛੇ ਨੂੰ ਪੈਸੇ ਭੇਜਣ ਦਾ ਕੋਈ ਫਿਕਰ ਨਹੀਂ ਸੀ। ਜੋ ਕਮਾਉਂਦਾ, ਖਾ ਛੱਡਦਾ। ਉਸ ਨੂੰ ਐਕਟਰ ਬਣਨ ਦਾ ਬਹੁਤ ਸ਼ੌਂਕ ਸੀ। ਕਾਲਜ ਸਮੇਂ ਵੀ ਡਰਾਮਿਆਂ ਵਿਚ ਹਿੱਸਾ ਲੈਂਦਾ ਰਿਹਾ ਸੀ। ਗਾ ਵੀ ਲੈਂਦਾ ਸੀ। ਕੰਮ ਕਰਦਾ, ਚਾਰ ਪੈਸੇ ਜੁੜਦੇ ਤਾਂ ਬੰਬਈ ਭੱਜ ਜਾਂਦਾ। ਪੈਸੇ ਮੁਕ ਜਾਂਦੇ ਤਾਂ ਮੁੜ ਆਉਂਦਾ। ਕੰਮ ਦੀ ਘਾਟ ਉਸ ਨੂੰ ਹੈ ਨਹੀਂ ਸੀ। ਜਿਸ ਫੈਕਟਰੀ ਤਕ ਪਹੁੰਚ ਕਰਦਾ ਕੰਮ ਮਿਲ ਜਾਂਦਾ। ਐਕਟਿੰਗ ਦੇ ਨਾਲ ਨਾਲ ਉਸ ਨੂੰ ਕਾਰਾਂ ਰੱਖਣ ਦਾ ਸ਼ੌਂਕ ਵੀ ਸੀ। ਆਪਣੇ ਆਲੇ-ਦੁਆਲੇ ਉਹ ਪਹਿਲਾ ਇੰਡੀਅਨ ਸੀ ਜਿਸ ਨੇ ਕਾਰ ਲਈ ਸੀ। ਦੇਸੀ ਬੰਦੇ ਕਾਰ ਨਹੀਂ ਸਨ ਖਰੀਦਦੇ। ਕਾਰ ਤਾਂ ਖੜੀ ਹੀ ਪੈਸੇ ਖਾਂਦੀ ਸੀ ਤੇ ਦੇਸੀ ਲੋਕਾਂ ਦਾ ਮੁੱਖ ਉਦੇਸ਼ ਪੈਸੇ ਜੋੜਨਾ ਸੀ। ਅਵਤਾਰ ਸੀ ਕਿ ਕਾਰ ਬਦਲੀ ਹੀ ਰਖਦਾ। ਕਈ ਵਾਰ ਆਪ ਹੀ ਮਜ਼ਾਕ ਵਿਚ ਕਹਿਣ ਲਗਦਾ, "ਅਵਤਾਰ ਕੀ ਕਮਾਈ; ਬੰਬੇ, ਗੋਰੀ ਔਰ ਕਾਰ ਨੇ ਖਾਈ।"

ਅਵਤਾਰ ਸੁਰਜਨ ਦੀ ਬਹੁਤ ਇਜ਼ਤ ਕਰਦਾ ਸੀ। ਇਹ ਅਵਤਾਰ ਹੀ ਸੀ ਜਿਸ ਦੀ ਜ਼ਿਦ ਕਾਰਨ ਸੁਰਜਨ ਨੇ ਵੀ ਡਰਾਈਵਿੰਗ ਟੈੱਸਟ ਪਾਸ ਕਰ ਲਿਆ ਸੀ। ਅਵਤਾਰ ਆਪ ਸੁਰਜਨ ਨੂੰ ਲੈੱਸਨ ਦੇਣ ਲਗਦਾ। ਦੋ ਕੁ ਵਾਰ ਫੇਹਲ ਵੀ ਹੋ ਗਿਆ ਪਰ ਅਵਤਾਰ ਨੇ ਤਦ ਤਕ ਆਪਣੀ ਜ਼ਿਦ ਫੜੀ ਰੱਖੀ ਜਦ ਤਕ ਸੁਰਜਨ ਨੇ ਟੈੱਸਟ ਪਾਸ ਨਾ ਕਰ ਲਿਆ।

www.PunjabiLibrary.com

ਇਹ ਸਾਰੇ ਦੋਸਤ ਜਦ ਕਦੇ ਮੌਕਾ ਬਣਦਾ ਤਾਂ ਬਨਾਰਸੀ ਦਾਸ ਦੇ ਘਰ ਮੁੜ ਇਕੱਠੇ ਹੋ ਲੈਂਦੇ। ਸਾਰੀ ਸਾਰੀ ਰਾਤ ਗੱਲਾਂ ਚਲਦੀਆਂ ਰਹਿੰਦੀਆਂ। ਅੱਜਕੱਲ੍ਹ ਉਹਨਾਂ ਦੀਆਂ ਮਹਿਫਲਾਂ ਵਿਚ ਬਹਿਸ ਚਲਦੀ ਕਿ ਇੰਡੀਆ ਵਾਪਸ ਮੁੜਨਾ ਹੈ ਜਾਂ ਨਹੀਂ। ਭਹੁਤ ਸਾਰੇ ਗੋਰੇ ਅਜਿਹੇ ਸਨ ਜੋ ਕਾਲੇ ਰੰਗ ਦੇ ਲੋਕਾਂ ਨੂੰ ਇੰਗਲੈਂਡ ਵਿਚ ਦੇਖ ਕੇ ਖੁਸ਼ ਨਹੀਂ ਸਨ। ਕੁਝ ਨਸਲਵਾਦੀ ਸੰਸਥਾਵਾਂ ਬਹੁਤ ਹੀ ਡਰਾਉਣੇ ਬਿਆਨ ਦੇ ਰਹੀਆਂ ਸਨ। ਏਸ਼ੀਅਨ ਤੇ ਕਾਲੇ ਲੋਕਾਂ ਉਪਰ ਨਸਲੀ ਹਮਲੇ ਬਹੁਤ ਵਧ ਗਏ ਸਨ। ਕੋਈ ਆਖਣ ਲਗਦਾ,

"ਅਸੀਂ ਪੈਸੇ ਦੀ ਖਾਤਰ ਸੈਕਿੰਡ ਕਲਾਸ ਸਿਟੀਜ਼ਨ ਬਣ ਕੇ ਰਹਿ ਗਏ ਆਂ। ਇਹ ਗੋਰੇ ਤਾਂ ਸਾਨੂੰ ਬੰਦੇ ਹੀ ਨਹੀਂ ਸਮਝਦੇ, ਦੂਰੋਂ ਹੀ ਦੇਖ ਕੇ ਥੁੱਕਣ ਲਗਦੇ ਆ।"

"ਪਰਸੋਂ ਦੀ ਅਖਬਾਰ ਵਿਚ ਖਬਰ ਸੀ ਕਿ ਇਹਨਾਂ ਰੰਗਦਾਰ ਲੋਕਾਂ ਨੂੰ ਜਲਦੀ ਹੀ ਇਥੋਂ ਕੱਢ ਦਿਤਾ ਜਾਵੇਗਾ।"

"ਮੇਰਾ ਤਾਂ ਖਿਆਲ ਐ ਬਈ ਇਸ ਤੋਂ ਪਹਿਲਾਂ ਇਸ ਸਾਨੂੰ ਫੜ ਕੇ ਕੱਢਣ, ਸਾਨੂੰ ਆਪ ਹੀ ਚਲੇ ਜਾਣਾ ਚਾਹੀਦੈ।"

ਹਰ ਕਿਸੇ ਦੀ ਆਪਣੀ ਹੀ ਰਾਏ ਹੁੰਦੀ। ਚਮਨ ਲਾਲ ਆਪਣੀ ਰਾਏ ਦਿੰਦਾ ਆਖਦਾ,

"ਗੋਰੇ ਰੇਸ਼ੀਅਲਿਸਟ ਜ਼ਰੂਰ ਐ ਪਰ ਸਾਰੇ ਗੋਰੇ ਨਹੀਂ, ਇਹਨਾਂ ਦੀ ਗਿਣਤੀ ਥੋੜੀ ਈ ਐ, ...ਫਿਰ ਅਸੀਂ ਕਿਤੇ ਥੋੜ੍ਹੇ ਰੇਸ਼ੀਅਲਿਸਟ ਆਂ; ਅਖੇ ਉਹ ਚੂਹੜਾ ਐ, ਉਹ ਨਾਈ, ਝੀਰ, ਚਮਾਰ ਐ। ...ਮੈਂ ਤਾਂ ਕਹਿੰਨਾ ਕਿ ਇਹ ਮੁਲਕ ਬਲਾਈ ਵਧੀਐ। ਹੁਣ ਦੇਖੋ ਕਿਸੇ ਗੋਰੀ ਨੇ ਮੈਨੂੰ ਏਸ ਕਰਕੇ ਕਿੱਸ ਦੇਣੋਂ ਨਾਂਹ ਨਹੀਂ ਕਰਨੀ ਕਿ ਮੈਂ ਚਮਾਰ ਆਂ, ਗੋਰੀ ਨੂੰ ਮੇਰੇ ਚਮਾਰ ਹੋਣ ਨਾਲ ਕੋਈ ਮਤਲਬ ਨਹੀਂ, ਹਾਂ, ਕੋਈ ਜੱਟੀ ਕਦੇ ਮੈਨੂੰ ਕਿੱਸ ਨਹੀਂ ਦੇਣ ਲਗੀ, ਉਹ ਤਾਂ ਮੇਰਾ ਛੋਹਿਆ ਭਾਂਡਾ ਵੀ ਅੱਗ ਵਿਚ ਪਾ ਕੇ ਸਾਫ ਕਰੂ।"

ਉਸ ਦੀ ਜੱਟੀ ਵਾਲੀ ਗੱਲ 'ਤੇ ਗੁਰਨਾਮ ਗੁੱਸੇ ਵਿਚ ਆ ਜਾਂਦਾ ਤੇ ਕਹਿੰਦਾ,

"ਸਾਲ਼ਿਆ! ਤੂੰ ਜੱਟੀਆਂ ਤੋਂ ਈ ਕਿੱਸਾਂ ਲੈਣੀਆਂ? ਕੁਸ਼ ਹੋਰ ਨਾ ਲੈ ਲਵੀਂ!"

"ਮੈਂ ਤਾਂ ਯਾਰ ਸੁਭੈਕੀ ਗੱਲ ਕੀਤੀ ਆ, ਗੁੱਸਾ ਕਿਉਂ ਕਰਦਾਂ! ਇਥੇ ਮੇਰੀ ਜਨਾਨੀ ਆਊ ਤਾਂ ਐਂਜਲਾ, ਸੂਜੀ ਤੇ ਮੈਰੀ ਨਾਲ ਕੰਮ ਕਰੂ, ਉਥੇ ਵਿਚਾਰੀ ਤੁਹਾਡੇ ਕਿਸੇ ਬੰਨੇ 'ਤੇ ਘਾਹ ਖੋਤਦੀ ਹੋਊ, ...ਮੈਂ ਤਾਂ ਕਹਿੰਨਾ ਜਿਹਨੇ ਮੈਨੂੰ ਪਾਕੀ ਕਹਿਣਾ ਕਹਿ ਲਵੇ, ਸਗੋਂ ਮੈਨੂੰ ਤਾਂ ਪਾਕੀ ਕਹਾਉਣਾ ਚਮਾਰ ਕਹਾਉਣ ਤੋਂ ਸੌਖਾ ਲਗਦਾ, ਸੋ ਭਾਈਓ, ਮੈਂ ਵਾਪਸ ਇੰਡੀਆ ਨਹੀਂ ਜਾਂਦਾ।"

ਸੁਰਜਨ ਸਿੰਘ ਚਮਨ ਲਾਲ ਦੀ ਗੱਲ ਸੁਣ ਕੇ ਹੈਰਾਨ ਹੋ ਜਾਂਦਾ ਤੇ ਸੋਚਣ ਲਗਦਾ ਕਿ ਉਸ ਦੀ ਗੱਲ ਬਿਲਕੁਲ ਸੱਚੀ ਹੈ। ਅਸੀਂ ਲੋਕ ਵੀ ਘੱਟ ਨਸਲਵਾਦੀ ਨਹੀਂ ਹਾਂ। ਜਾਤਾਂ-ਪਾਤਾਂ ਕਾਰਨ ਹੀ ਮਨਾਂ ਵਿਚ ਜ਼ਹਿਰ ਭਰੀ ਫਿਰਦੇ ਹਾਂ। ਬਨਾਰਸੀ ਦਾਸ ਆਪਣੀ ਰਾਏ ਦਿੰਦਾ ਬੋਲਦਾ,

"ਬਈ, ਸਾਰੇ ਗੋਰੇ ਮਾੜੇ ਨ੍ਹੀਂ। ਹੁਣ ਮੇਰਾ ਫੋਰਮੈਨ ਆਂ ਨੌਰਮਨ, ਮੇਰੇ ਨਾਲ ਬਥੇਰਾ ਹੱਸ ਖੇਡ ਲੈਂਦਾ, ...ਨਾਲ਼ੇ ਇੰਡੀਆ ਵਿਚ ਹੈ ਈ ਕੀ, ਭੁੱਖ ਮਰੀ! ਧੋਖਾ! ਹੇਰਾਫੇਰੀ!"

"ਕੁਸ਼ ਵੀ ਹੋਵੇ ਯਾਰੋ, ਆਪਣਾ ਦੇਸ਼ ਐ, ਆਪਣੀ ਜਨਮ ਭੂਮੀ ਐਂ।"

"ਦੇਖੋ ਬਈ, ਸਾਰੇ ਗੋਰੇ ਮਾੜੇ ਨਹੀਂ, ਜੇ ਕੋਈ ਇਕ ਗੋਰਾ ਸਾਡੇ ਖਿਲਾਫ ਬਿਆਨ ਦਿੰਦਾ ਤਾਂ ਦਸ ਗੋਰੇ ਸਾਡੇ ਹੱਕ ਵਿਚ ਤਾਂ ਦਿੰਦੇ ਆ, ਨਸਲਵਾਦੀਆਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੀ ਐ।"

"ਓ ਨਹੀਂ ਬਈ, ਜਦ ਹਵਾ ਚਲਦੀ ਆ ਤਾਂ ਚੰਗੇ ਵੀ ਮਾੜੇ ਬਣ ਜਾਂਦੇ ਆ, ਆਹ ਪਾਕਿਸਤਾਨ ਬਣਨ ਦੀ ਗੱਲ ਤਾਂ ਹਾਲੇ ਕੱਲ ਦੀ ਆ, ਜਦੋਂ ਸਾਨੂੰ ਲਾਇਲਪੁਰ ਵਿਚੋਂ ਕੱਢਿਆ ਤਾਂ ਸਾਡੇ ਭਰਾ ਬਣੇ ਲੋਕ ਹੀ ਸਾਡੇ ਜਾਨੀ ਦੁਸ਼ਮਣ ਬਣ ਗਏ ਸੀ।"

ਬਹਿਸ ਜ਼ਰਾ ਭਾਰੂ ਹੋਣ ਲਗਦੀ ਤਾਂ ਬਨਾਰਸੀ ਦਾਸ ਗੱਲ ਦਾ ਰੁੱਖ ਬਦਲਣ ਲਈ ਕਹਿੰਦਾ,

"ਓ ਬਈ, ਜਦੋਂ ਕੱਢਣਗੇ, ਦੇਖੀ ਜਾਊ, ਤੁਸੀਂ ਹੁਣੇ ਈ ਕਿਉਂ ਭੀੜ ਵਿਚ ਟੱਟੂ ਭਜਾਈ ਫਿਰਦੇ ਓ।"

"ਪੰਡਤਾ, ਤੇਰਾ ਬਕਸਾ ਇਥੇ ਹੀ ਬਣੂੰ ਪਰ ਇਹ ਦੇਖਲਾ ਬਈ ਤੇਰੀ ਓਨਾ ਚਿਰ ਗਤੀ ਨਹੀਂ ਹੋਣੀ ਜਿੰਨਾ ਚਿਰ ਤੇਰੇ ਫੁੱਲ ਗੰਗਾ ਵਿਚ ਨਹੀਂ ਪੈਂਦੇ।"

ਗੁਰਨਾਮ ਆਪਣਾ ਤੋੜਾ ਝਾੜਦਾ ਬੋਲਦਾ। ਉਸ ਦੇ ਮਗਰ ਹੀ ਬਲਦੇਵ ਆਖ ਦਿੰਦਾ,

"ਬਈ, ਏਦਾਂ ਦੇ ਕੰਜੂਸ ਦੀ ਗਤੀ ਤਾਂ ਗੰਗਾ ਵਿਚ ਫੁੱਲ ਪੈਣ ਤੇ ਵੀ ਨਹੀਂ ਹੋਣੀ। ...ਮੈਂ ਤਾਂ ਕਹਿੰਨਾ, ਪੰਡਤਾ, ਬਈ ਜੇ ਗਤੀ ਕਰਾਉਣੀ ਆਂ ਤਾਂ ਅੱਜ ਦੀ ਸਾਰੀ ਦਾਰੂ ਦਾ ਖਰਚਾ ਆਪਣੇ ਸਿਰ ਲੈ ਲਾ।"

ਸਾਰੇ ਬਲਦੇਵ ਨਾਲ ਸਹਿਮਤ ਹੁੰਦੇ ਬਨਾਰਸੀ ਦਾਸ ਦੇ ਪਿੱਛੇ ਪੈ ਜਾਂਦੇ ਪਰ ਉਹ ਕਿਸੇ ਦੇ ਹੱਥ ਨਾ ਆਉਂਦਾ।

ਸੁਰਜਨ ਇਹਨਾਂ ਸਭ ਵਿਚ ਹਾਜ਼ਰ ਹੋ ਕੇ ਵੀ ਕਿਤੇ ਹੋਰ ਹੁੰਦਾ। ਉਹ ਸੋਚ ਰਿਹਾ ਹੁੰਦਾ ਕਿ ਮੋਟੇ ਤੌਰ 'ਤੇ ਇੰਗਲੈਂਡ ਆਉਣ ਵਾਲੇ ਲੋਕ ਦੋ ਕਿਸਮ ਦੇ ਹਨ। ਇਕ ਪੜ੍ਹੇ ਲਿਖੇ ਤੇ ਦੂਜੇ ਅਨਪੜ੍ਹ। ਅਨਪੜ੍ਹਾਂ ਨੂੰ ਤਾਂ ਪਿਛਲ ਝਾਤ ਹੈ ਹੀ ਨਹੀਂ। ਉਹਨਾਂ ਨੂੰ ਤਾਂ ਹੈ ਕਿ ਜੇ ਗੋਰਿਆਂ ਨੇ ਜ਼ਬਰਦਸਤੀ ਕੱਢਿਆ ਤਾਂ ਹੀ ਜਾਣਗੇ ਇਸ ਲਈ ਉਹ ਵੱਧ ਤੋਂ ਵੱਧ ਪੈਸੇ ਜੋੜਨ ਦੇ ਆਹਰ ਵਿਚ

www.PunjabiLibrary.com

ਸਨ। ਜਿਹੜੇ ਦੂਜੀ ਕਿਸਮ ਦੇ ਪੜ੍ਹੇ ਲਿਖੇ ਲੋਕ ਸਨ, ਜਿਹਨਾਂ ਨੇ ਸੁਰਜਨ ਵਾਂਗ ਪੰਜ ਸਾਲ ਵਿਚ ਇਕ ਲੱਖ ਲੈ ਕੇ ਮੁੜਨਾ ਸੀ, ਇਹ ਲੋਕ ਨੌਕਰੀਆਂ ਛੱਡ ਕੇ ਆਏ ਸਨ, ਹੁਣ ਇਹ ਵੀ ਨਹੀਂ ਸੀ ਪਤਾ ਕਿ ਇਹਨਾਂ ਨੂੰ ਵਾਪਸ ਨੌਕਰੀਆਂ ਮਿਲਣਗੀਆਂ ਕਿ ਨਹੀਂ। ਇਹਨਾਂ ਵਿਚੋਂ ਕੋਈ ਵੀ ਇਕ ਲੱਖ ਰੁਪਏ ਨਹੀਂ ਸੀ ਜੋੜ ਸਕਿਆ। ਉਹ ਪੈਸੇ ਲਗਾਤਾਰ ਇੰਡੀਆ ਭੇਜਦੇ ਰਹੇ ਸਨ ਤੇ ਉਹ ਪੈਸੇ ਘਰਾਂ ਦੀਆਂ ਡੁੱਡਾਂ ਵਿਚ ਵੜਦੇ ਗਏ ਸਨ ਸੋ ਪੈਸੇ ਵਲੋਂ ਸਾਰੇ ਖਾਲੀ ਹੀ ਸਨ। ਇਕ ਲੱਖ ਜੋੜਨ ਦਾ ਟੀਚਾ ਉਵੇਂ ਦਾ ਉਵੇਂ ਖੜਾ ਸੀ। ਇਸ ਕਰਕੇ ਵਾਪਸ ਮੁੜਨਾ ਇੰਨਾ ਸੌਖਾ ਨਹੀਂ ਸੀ। ਸੁਰਜਨ ਮਨ ਹੀ ਮਨ ਤਸੱਲੀ ਸੀ ਕਿ ਉਸ ਦੇ ਟੱਬਰ ਦੇ ਸਿਰ ਉਪਰ ਛੱਤ ਤਾਂ ਸੀ। ਘਰ ਚਲਾਉਣ ਲਈ ਉਹ ਪੈਸੇ ਭੇਜ ਹੀ ਦਿੰਦਾ ਸੀ।

ਇਹਨਾਂ ਵਿਚੋਂ ਸ਼ਿਵਰਾਜ ਅਜਿਹਾ ਸੀ ਜਿਹੜਾ ਕਹਿੰਦਾ ਕਿ ਇਕ ਲੱਖ ਜੁੜੇ ਜਾਂ ਨਾ ਪਰ ਉਸ ਨੇ ਪੰਜ ਸਾਲ ਤੋਂ ਇਕ ਦਿਨ ਵੀ ਵੱਧ ਨਹੀਂ ਲਾਉਣਾ। ਉਸ ਲਈ ਪੈਸੇ ਦੀ ਵੱਡੀ ਸਮੱਸਿਆ ਨਹੀਂ ਸੀ। ਪਿਓ ਦਾ ਇਕੱਲਾ ਪੁੱਤਰ ਸੀ। ਦੁਆਬੇ ਦੇ ਹਿਸਾਬ ਨਾਲ ਖੁਲ੍ਹੀ ਜ਼ਮੀਨ ਸੀ; ਇਕੋ ਟੱਕ ਦੇ ਵੀਹ ਖੇਤ। ਪਿਓ ਸਿਰੜੀ ਸੀ, ਆਪ ਹੀ ਖੇਤੀ ਕਰਦਾ ਸੀ ਪਰ ਸ਼ਿਵਰਾਜ ਦੇਹ-ਰੱਖ ਸੀ, ਖੇਤੀ ਤੋਂ ਭੱਜਦਾ ਹੀ ਤਾਂ ਮਾਸਟਰੀ ਕਰਨ ਜਾ ਲਗਿਆ ਸੀ ਤੇ ਫਿਰ ਇੰਗਲੈਂਡ ਆ ਗਿਆ ਸੀ। ਹੁਣ ਖੇਤੀ ਕਰਨ ਦੇ ਨਵੇਂ ਨਵੇਂ ਤਰੀਕੇ ਈਜਾਦ ਹੋ ਰਹੇ ਸਨ। ਪੰਜਾਬ ਵਿਚ ਟਾਵੇਂ ਟਾਵੇਂ ਟਰੈਕਟਰ ਆਉਣ ਲਗੇ ਸਨ। ਉਹ ਸੋਚਦਾ ਕਿ ਹੁਣ ਜਾ ਕੇ ਟਰੈਕਟਰ ਖਰੀਦੇਗਾ ਤੇ ਨੌਕਰ ਰੱਖ ਕੇ ਖੇਤੀ ਕਰਾਏਗਾ।

ਇਹਨਾਂ ਵਿਚੋਂ ਅਵਤਾਰ ਕਿਸੇ ਬਹਿਸ ਵਿਚ ਨਹੀਂ ਸੀ ਪੈਂਦਾ। ਉਹ ਹੱਸਦਾ ਹੋਇਆ ਕਹਿ ਛਡਦਾ,

''ਭਰਾਵੋ, ਯਾਰਾਂ ਨੇ ਤਾਂ ਐਸ਼ ਈ ਕਰਨੀ ਆਂ, ਜਿੰਨਾ ਚਿਰ ਏਥੇ ਹੋ ਸਕੀ ਏਥੇ ਨਹੀਂ ਤਾਂ ਇੰਡੀਆ ਜਾ ਕੇ ਸਹੀ।''

ਇਹਨਾਂ ਵਿਚੋਂ ਅਰਜਨ ਸਿੰਘ ਅਜਿਹਾ ਸੀ ਜਿਸ ਨੇ ਘਰ ਲੈਣ ਲਈ ਪੈਸੇ ਜੋੜਨੇ ਸ਼ੁਰੂ ਕਰ ਦਿਤੇ ਹੋਏ ਸਨ। ਜਦ ਉਸ ਨੇ ਘਰ ਦੇਖਣੇ ਸ਼ੁਰੂ ਕੀਤੇ ਤਾਂ ਗੁਰਨਾਮ ਉਸ ਨੂੰ ਕਹਿਣ ਲਗਿਆ,

''ਓ ਭਊ ਅਰਜਨ ਸਿੰਆਂ, ਫਸ ਜਾਵੇਂਗਾ, ...ਘਰ ਲੈ ਕੇ ਫਸ ਜਾਵੇਂਗਾ। ਘਰ ਤਾਂ ਬੰਦੇ ਦੀ ਜੜ੍ਹ ਹੁੰਦੈ, ਘਰ ਲੈ ਲਿਆ ਤਾਂ ਤੂੰ ਮੁੜ ਕੇ ਨਹੀਂ ਜਾ ਸਕਣਾ। ਮੇਰੀ ਮੰਨਦਾ ਤਾਂ ਏਸ ਚੱਕਰ ਵਿਚ ਨਾ ਪੈ।''

ਗੁਰਨਾਮ ਦੀਆਂ ਗੱਲਾਂ ਨੇ ਅਰਜਨ ਦਾ ਮਨ ਇਕ ਵਾਰ ਫਿਰ ਮੁੜ ਵਿਚਾਰਾਂ ਵਿਚ ਫਸਾ ਦਿਤਾ। ਜਿਸ ਦਿਨ ਸਰੂਪ ਉਸ ਤੋਂ ਪੈਸੇ ਉਧਾਰ ਲੈਣ ਆਇਆ ਤਾਂ ਇਕ ਵਾਰ ਫਿਰ ਉਸ ਨੇ ਘਰ ਖਰੀਦ ਲੈਣ ਦਾ ਮਨ ਪੱਕਾ ਕਰ ਲਿਆ। ਸਰੂਪ ਅਰਜਨ ਸਿੰਘ ਦੀ ਪਤਨੀ ਗੁਰਬੰਸ ਕੋਰ ਦਾ ਭਾਂਣਜਾ ਸੀ ਤੇ ਉਸ ਨੇ ਤੇਰੇ-ਮੇਰੇ ਤੋਂ ਹੱਥ-ਉਧਾਰ ਲੈ ਕੇ ਆਪਣਾ ਘਰ ਲੈ ਲਿਆ ਸੀ। ਅਰਜਨ ਸਿੰਘ ਉਸ ਨਾਲ ਸਲਾਹਾਂ ਕਰਨ ਲਗਿਆ ਤਾਂ ਸਰੂਪ ਬੋਲਿਆ,

''ਮਾਸੜ ਜੀ, ਦੋ ਗੱਲਾਂ ਹੈਗੀਆਂ, ਪਹਿਲੀ ਗੱਲ ਤਾਂ ਗੋਰੇ ਸਾਨੂੰ ਥੋੜ੍ਹੇ ਕੀਤੇ ਇਥੋਂ ਕੱਢਣ ਨਹੀਂ ਲੱਗੇ ਕਿਉਂਕਿ ਇਹ ਵ੍ਰਡ ਪੌਵਰ ਐ ਤੇ ਦੁਨੀਆਂ ਵਿਚ ਆਪਣਾ ਰੈਪੂਟੇਸ਼ਨ ਤਾਂ ਖਰਾਬ ਨਹੀਂ ਕਰਨ ਲਗੇ। ਇਹ ਆਪ ਦੁਨੀਆਂ ਭਰ ਵਿਚ ਹਿਊਮਨ ਰਾਈਟਸ ਦਾ ਢੰਡੋਰਾ ਪਿੱਟਦੇ ਫਿਰਦੇ ਆ, ਆਪਣੇ ਘਰ ਵਿਚ ਤਾਂ ਏਦਾਂ ਦਾ ਕੰਮ ਨਹੀਂ ਕਰਨ ਲਗੇ। ਦੂਜੀ ਗੱਲ ਜੇ ਇਹਨਾਂ ਸਾਨੂੰ ਕੱਢਣਾ ਵੀ ਹੋਇਆ ਤਾਂ ਘਰ ਵੇਚਣ ਦਾ ਮੌਕਾ ਤਾਂ ਦੇਣਗੇ ਹੀ। ...ਨਾਲੇ ਮਾਸੜ ਜੀ, ਘਰ ਤਾ ਆਪਣੇ ਆਪ ਵਿਚ ਹੀ ਇਕ ਐਸਟ ਐ, ਵੇਚ ਕੇ ਇਕੱਠੇ ਪੈਸੇ ਮਿਲ ਜਾਣਗੇ, ਹੁਣ ਕਿਸ਼ਤ ਤਾਂ ਕਿਰਾਏ ਨੇ ਚੁੱਕ ਲੈਣੀ ਆਂ। ...ਹੁਣ ਤੁਸੀਂ ਬਨਾਰਸੀ ਦਾਸ ਵਲ ਦੇਖੋ, ਤੁਹਾਡੇ ਸਿਰ 'ਤੇ ਕਿਤੇ ਇਹਨੇ ਥੋੜ੍ਹੇ ਪੈਸੇ ਬਣਾਏ ਆ!''

ਅਰਜਨ ਸਿੰਘ ਨੇ ਕਿਸੇ ਨਾਲ ਬਹੁਤੀ ਸਲਾਹ ਕੀਤੇ ਬਿਨਾਂ ਤਿੰਨ ਬੈੱਡਰੂਮ ਘਰ ਖਰੀਦ ਲਿਆ। ਪਹਿਲਾਂ ਉਹ ਵੈਂਬਲੇ ਦੇ ਇਲਾਕੇ ਵਿਚ ਘਰ ਦੇਖ ਰਿਹਾ ਸੀ ਜਿਥੇ ਸਰੂਪ ਨੇ ਲਿਆ ਸੀ ਪਰ ਫਿਰ ਉਸ ਨੇ ਈਸਟ ਲੰਡਨ ਵਿਚ ਹੀ ਖਰੀਦਿਆ ਕਿਉਂ ਕਿ ਹੁਣ ਉਹ ਇਸ ਇਲਾਕੇ ਦਾ ਚੰਗੀ ਤਰ੍ਹਾਂ ਵਾਕਫ ਬਣ ਚੁਕਿਆ ਸੀ। ਉਸ ਦੇ ਕਿੰਨੇ ਹੀ ਦੋਸਤ ਤੇ ਪੇਂਡੂ ਇਸੇ ਇਲਾਕੇ ਵਿਚ ਰਹਿੰਦੇ ਸਨ।

ਲਾਜਵੰਤੀ ਨੂੰ ਆਉਂਦਿਆਂ-ਕਰਦਿਆਂ ਦੋ ਸਾਲ ਲਗ ਗਏ। ਜੇ ਉਹ ਇਕੱਲੀ ਹੁੰਦੀ ਤਾਂ ਜਲਦੀ ਵੀ ਆ ਜਾਂਦੀ ਪਰ ਉਸ ਦੇ ਇਕ ਬੱਚਾ ਵੀ ਹੋ ਗਿਆ ਸੀ। ਇਸ ਕਰਕੇ ਬਨਾਰਸੀ ਦਾਸ ਨੂੰ ਕਈ ਵਾਰ ਪੇਪਰ ਭੇਜਣੇ ਪਏ ਸਨ। ਹਾਈ ਕਮਿਸ਼ਨ ਵਾਲੇ ਕਦੇ ਕੋਈ ਪੇਪਰ ਮੰਗ ਲੈਂਦੇ ਤੇ ਕਦੇ ਕੋਈ। ਪਹਿਲਾਂ ਲਾਜਵੰਤੀ ਦਾ ਪਾਸਪੋਰਟ ਹੀ ਬਹੁਤ ਮੁਸ਼ਕਲ ਨਾਲ ਬਣਿਆਂ ਫਿਰ ਬੱਚੇ ਦਾ ਅਲੱਗ ਬਣਾਉਣਾ ਪਿਆ। ਕਈ ਮਹੀਨੇ ਲਾਲਚੀ ਏਜੰਟਾਂ ਨੇ ਖਰਾਬ ਕਰਾ ਦਿਤੇ। ਫਿਰ ਲਾਜਵੰਤੀ ਦੇ ਘਰ ਦੇ ਲੋਕ ਵੀ ਢਿੱਲੇ ਜਿਹੇ ਸਨ, ਬਹੁਤੀ ਦੌੜ-ਭੱਜ ਵਾਲੇ ਨਹੀਂ ਸਨ।

ਲਾਜਵੰਤੀ ਆਈ ਤਾਂ ਘਰ ਦਾ ਮਹੌਲ ਇਕ ਦਮ ਬਦਲ ਗਿਆ। ਉੱਚੀ ਉੱਚੀ ਬੋਲਣਾ ਬੰਦ ਹੋ ਗਿਆ। ਹਰ ਕੋਈ ਸੁਚੇਤ ਰਹਿੰਦਾ ਕਿ ਘਰ ਵਿਚ ਔਰਤ ਵੀ ਹੈ। ਕੋਈ ਵੀ ਸ਼ਰਾਬ ਪੀ ਕੇ ਹੈਤ-ਹੂਤ ਨਹੀਂ ਸੀ ਕਰਦਾ। ਛੁੱਟੀ ਵਾਲੇ ਦਿਨ ਇਕੱਠੇ ਪੀਂਦੇ ਤੇ

www.PunjabiLibrary.com

ਚੁੱਪ ਕਰਕੇ ਕੇ ਆਪਣੇ ਕਮਰਿਆਂ ਵਿਚ ਜਾ ਵੜਦੇ। ਲਾਜਵੰਤੀ ਦਾ ਮੁੰਡਾ ਤੋਤਲੀਆਂ ਗੱਲਾਂ ਕਰਦਾ ਸਾਰੇ ਹੀ ਕਮਰਿਆਂ ਵਿਚ ਤੁਰਿਆ ਫਿਰਦਾ ਤੇ ਸਭ ਦਾ ਦਿਲ ਲਾਈ ਰੱਖਦਾ। ਬਨਾਰਸੀ ਦਾਸ ਵੀ ਹੁਣ ਟਹਿਕਣ ਲਗਿਆ ਸੀ। ਰਸੋਈ ਦਾ ਕੰਮ ਲਾਜਵੰਤੀ ਨੇ ਸੰਭਾਲ ਲਿਆ ਸੀ ਤੇ ਕਿਸੇ ਵੀ ਮਰਦ ਨੂੰ ਆਪ ਰੋਟੀ ਨਹੀਂ ਸੀ ਬਣਾਉਣੀ ਪੈਂਦੀ। ਲਾਜਵੰਤੀ ਸਭ ਦੀ ਰੋਟੀ-ਸਬਜ਼ੀ ਬਣਾ ਦਿੰਦੀ ਸੀ ਪਰ ਉਹ ਉਹਨਾਂ ਦੇ ਮੀਟ ਨੂੰ ਹੱਥ ਨਹੀਂ ਸੀ ਲਾਉਂਦੀ। ਉਸ ਦੀ ਸਬਜ਼ੀ ਹੀ ਇੰਨੀ ਸੁਆਦ ਹੁੰਦੀ ਕਿ ਮੀਟ ਬਣਾਉਣ ਦੀ ਕੋਈ ਲੋੜ ਵੀ ਨਾ ਸਮਝਦਾ। ਪਹਿਲਾਂ ਉਹ ਆਪ ਮੋਟੀਆਂ ਮੋਟੀਆਂ ਦੁੱਪੜਾਂ ਥਪਿਆ ਕਰਦੇ ਸਨ ਪਰ ਹੁਣ ਲਾਜਵੰਤੀ ਦੇ ਨਿੱਕੇ ਨਿੱਕੇ ਇਕੋ ਬੁਰਕੀ ਜਿੰਨੇ ਫੁਲਕੇ ਹੁੰਦੇ। ਉਹਨਾਂ ਨੂੰ ਬਹੁਤ ਚੰਗਾ ਲਗਦਾ। ਸੁਰਜਨ ਸੋਚਦਾ ਕਿ ਇਕ ਔਰਤ ਦੇ ਆਉਣ ਨਾਲ ਘਰ ਦਾ ਮਹੌਲ ਕਿਵੇਂ ਬਦਲ ਜਾਂਦਾ ਹੈ। ਲਾਜਵੰਤੀ ਬਹੁਤ ਸਚਿਆਰੀ ਔਰਤ ਸੀ। ਸ਼ਕਲ ਵਲੋਂ ਭਾਵੇਂ ਉਹ ਬਿਲਕੁਲ ਸੋਹਣੀ ਨਹੀਂ ਸੀ। ਕਾਲਾ ਰੰਗ ਤੇ ਮੋਟਾ ਜਿਹਾ ਨੱਕ, ਉਮਰ ਦੀ ਵੀ ਕੁਝ ਚੜ੍ਹੀ ਹੋਈ ਸੀ। ਅਸਲ ਵਿਚ ਬਨਾਰਸੀ ਦਾਸ ਨੇ ਬਹੁਤ ਸੋਚ ਕੇ ਇਸ ਕੁੜੀ ਦੀ ਚੋਣ ਕੀਤੀ ਸੀ। ਆਪਣੀ ਉਮਰ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਬਹੁਤੀ ਸੋਹਣੀ ਤੇ ਘੱਟ ਉਮਰ ਦੀ ਕੁੜੀ ਨਾਲ ਵਿਆਹ ਨਹੀਂ ਸੀ ਕਰਨਾ ਚਾਹੁੰਦਾ। ਲਾਜਵੰਤੀ ਆਈ ਤਾਂ ਕਿਸੇ ਨੂੰ ਵੀ ਪਸੰਦ ਨਹੀਂ ਸੀ ਆਈ। ਗੁਰਨਾਮ ਨੇ ਤਾਂ ਇਕ ਦਿਨ ਬਨਾਰਸੀ ਦਾਸ ਨਾਲ ਬੈਠ ਕੇ ਪੀਂਦਿਆਂ ਕਹਿ ਵੀ ਦਿਤਾ ਸੀ,

“ਪੰਡਤਾ, ਆਹ ਟੁੱਟੀ ਜਿਹੀ ਬ੍ਰਾਮਣੀ ਕਿਥੋਂ ਲੱਭੀ ਓਏ?”

“ਕਿਉਂ ਸਿੰਘਾ, ਤੈਨੂੰ ਕੀ ਤਕਲੀਫ ਐ?”

“ਬਈ ਜੇ ਤੈਂ ਬੁੱਢੇ ਬਾਰੇ ਵਿਆਹ ਕਰਾਉਣਾ ਹੀ ਸੀ ਤਾਂ ਰੰਨ ਤਾਂ ਢੰਗ ਦੀ ਲੱਭ ਲੈਂਦਾ। ਏਸ ਹਾਰੀ ਜਿਹੀ ਤੀਵੀਂ ਤੋਂ ਤੈਂ ਕੀ ਕਰੌਣਾ!”

“ਆਹੋ, ...ਸੁਹਣੀ ਤੀਵੀਂ ਲਿਔਂਦਾ ਤਾਂ ਤੇਰੇ ਅਰਗਿਆਂ ਨੇ ਮੁੱਛਾਂ ਨੂੰ ਤਾਅ ਦੇਣੋਂ ਨਹੀਂ ਸੀ ਹਟਣਾ।”

“ਅਸੀਂ ਕੀ ਖਾ ਲੈਣਾ ਸੀ! ...ਜ਼ਰਾ ਅੱਖਾਂ ਤੱਤੀਆਂ ਕਰ ਕੇ ਮਨ ਪਰਚਾਵਾ ਕਰ ਲੈਂਦੇ, ਬਸ ਹੋਰ ਕੀ।”

“ਸਿੰਘਾ, ਇਕ ਗੱਲ ਪੱਲੇ ਬੰਨ ਲਾ, ਇਸ਼ਕ ਕਰੋ ਸੁਹਣੀ ਤੀਵੀਂ ਨਾਲ ਤਾਂ ਕਿ ਸਾਰੇ ਈਰਖਾ ਕਰਨ ਪਰ ਵਿਆਹ ਕਰੋ ਬਦਸ਼ਕਲ ਔਰਤ ਨਾਲ ਤਾਂ ਕਿ ਕੋਈ ਤੁਹਾਡੀ ਤੀਵੀਂ ਵਲ ਦੇਖਣਾ ਵੀ ਪਸੰਦ ਨਾ ਕਰੇ ਤੇ ਤੁਸੀਂ ਮਜ਼ੇ ਨਾਲ ਦੂਜਿਆਂ ਦੀਆਂ ਜਨਾਨੀਆਂ ਜਿੰਦਾਂ ਮਰਜ਼ੀ ਤਾੜੋ।”

## ਤਿੰਨ

‘ਰੁਆਇਲ ਡੀਨ’ ਬਰਤਾਨੀਆਂ ਦਾ ਸੱਭ ਤੋਂ ਵੱਡਾ ਪੋਸਟ ਔਫਿਸ। ਬਰਤਾਨੀਆਂ ਹੀ ਨਹੀਂ ਸਗੋਂ ਪੂਰੇ ਯੌਰਪ ਵਿਚੋਂ ਵੱਡਾ ਸੌਰਟਿੰਗ ਔਫਿਸ। ਇਥੇ ਸਿਰਫ ਚਿੱਠੀਆਂ ਛਾਂਟੀਆਂ ਹੀ ਜਾਂਦੀਆਂ ਸਨ ਅਗੇ ਵੰਡੀਆਂ ਨਹੀਂ ਸੀ ਜਾਂਦੀਆਂ। ਡਾਕ ਛਾਂਟੀ ਕਰਕੇ ਕੇ ਦੇਸ਼ ਦੇ ਵੱਖ ਵੱਖ ਹਿੱਸਿਆਂ ਨੂੰ ਭੇਜ ਦਿਤੀ ਜਾਂਦੀ। ਇਹ ਬਹੁਤ ਵੱਡੀ ਇਮਾਰਤ ਸੀ; ਪੰਜ ਮੰਜ਼ਲੀ। ਇਸ ਦੇ ਦੋ ਕਾਰ ਪਾਰਕ ਸਨ। ਇਮਾਰਤ ਦੇ ਦੁਆਲੇ ਵਨ ਵੇਅ ਸਿਸਟਮ ਨਾਲ ਸੜਕ ਲੰਘਦੀ ਸੀ।

ਇਸ ਇਮਾਰਤ ਦੇ ਬੇਸਮੈਂਟ ਭਾਵ ਜ਼ਮੀਨਦੋਜ਼ ਮੰਜ਼ਲ ਵਿਚ ਬੈਗ-ਰੂਮ ਸੀ। ਡਾਕ ਵਾਲੇ ਖਾਲੀ ਬੋਰੇ ਇਥੇ ਸੰਭਾਲੇ ਜਾਂਦੇ, ਸੰਵਾਰੇ ਜਾਂਦੇ ਤੇ ਮੁੜ ਵਰਤਣ ਯੋਗ ਬਣਾਏ ਜਾਂਦੇ। ਬੇਸਮੈਂਟ ਵਿਚ ਹੀ ਵਰਜਿਸ਼ ਲਈ ਜਿੰਮ ਵੀ ਬਣਿਆ ਹੋਇਆ ਸੀ। ਰੁਆਇਲ ਡੀਨ ਦੇ ਕਾਮਿਆਂ ਲਈ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਉਪਲਭਧ ਸਨ ਜਿਵੇਂ ਕਿ ਬੇਸਮੈਂਟ ਵਿਚ ਹੀ ਇਕ ਵਾਈਨ ਕਲੱਬ ਵੀ ਸੀ ਜਿਥੇ ਕਰਮਚਾਰੀ ਆਪਣੀ ਵਾਈਨ ਬਣਾ ਸਕਦੇ ਸਨ, ਇਕ ਫੋਟੋ ਕਲੱਬ ਵੀ ਸੀ। ਪੇਟਿੰਗ ਕਰਨ ਵਾਲਿਆਂ ਦੀ ਦਿਲਚਸਪੀ ਲਈ ਵੀ ਸਭ ਕੁਝ ਸੀ। ਇਵੇਂ ਹੀ ਸੰਗੀਤ, ਬੁੱਤ ਤਰਾਸ਼ੀ ਜਾਂ ਕਿਸੇ ਹੋਰ ਕਲਾ ਵਿਚ ਸ਼ੌਂਕ ਰੱਖਣ ਵਾਲਿਆ ਲਈ ਵੀ ਕਈ ਕਿਸਮ ਦੇ ਸਾਧਨ ਮੁਹੱਈਆ ਸਨ। ਇਥੇ ਹੀ ਸ਼ਾਵਰ ਵੀ ਲੱਗੇ ਹੋਏ ਸਨ। ਟੁਆਇਲਟਾਂ ਤਾਂ ਇਮਾਰਤ ਦੇ ਹਰ ਕੋਨੇ ਵਿਚ ਸਨ। ਗਰਾਉਂਡ ਫਲੋਰ ਭਾਵ ਜ਼ਮੀਨ ਦੇ ਸਮਤੁੱਲ ਮੰਜ਼ਲ ਉਪਰ ਇਮਾਰਤ ਦਾ ਇਸ ਦੇ ਮੁੱਖ ਦਵਾਰ ਸਨ। ਚਾਰੋਂ ਦਿਸ਼ਾਵਾਂ ਵਿਚ ਚਾਰ ਦਵਾਰ ਸਨ। ਇਹਨਾਂ ਦਵਾਰਾਂ ਵਿਚ ਪੂਰੀ ਸਕਿਉਰਟੀ ਦਾ ਇੰਤਜ਼ਾਮ ਸੀ। ਇਸ ਪੋਸਟ ਆਫਿਸ ਦੇ ਦੋ ਪਲੇਟ ਫਾਰਮ ਸਨ ਇਕ ਇਮਾਰਤ ਦੇ ਉਤਰ ਵਿਚ ਤੇ ਇਕ ਦੱਖਣ ਵਿਚ। ਉਤਰ ਵਲ ਦੇ ਪਲੇਟ ਫਾਰਮ ‘ਤੇ ਡਾਕ ਦੇ ਭਰੇ ਬੈਗ ਲੌਰੀਆਂ ਵਿਚੋਂ ਉਤਰਦੇ ਸਨ ਤੇ ਦੱਖਣ ਵਲ ਦੇ ਪਲੇਟ ਫਾਰਮ ‘ਤੇ ਛਾਂਟੀ ਹੋਈ ਡਾਕ ਦੇ ਭਰੇ ਬੈਗ ਟਰੱਕਾਂ ਵੈਨਾਂ ਵਿਚ ਲੱਦੇ ਜਾਂਦੇ। ਇਸੇ ਮੰਜ਼ਲ ‘ਤੇ ਚਿੱਠੀਆਂ ਛਾਂਟਣ ਵਾਲੇ ਖੜੇ ਫਰੇਮ ਸਨ ਤੇ ਪੈਕਟ ਜਾਂ ਪਾਰਸਲ ਛਾਂਟਣ ਵਾਲੇ ਲਮਕਵੇਂ ਫਰੇਮ ਵੀ। ਵੱਡੇ ਪੈਕਟਾਂ ਲਈ ਵਿਸ਼ੇਸ਼ ਢੋਲ ਜਿਹੇ ਵੀ ਸਨ। ਇਸੇ ਮੰਜ਼ਲ ਤੇ ਨਵੀਂ ਆਈ ਡਾਕ ਉਪਰ ਮੋਹਰਾਂ ਵੀ ਲਗਦੀਆਂ। ਅੱਧੇ-ਪਚੱਧੇ ਸਿਰਨਾਵੇਂ ਵਾਲੀਆਂ

ਚਿੱਠੀਆਂ ਨੂੰ ਵੀ ਵਾਚਿਆ ਜਾਂਦਾ ਜਾਂ ਪਾਟੇ ਹੋਏ ਪਾਰਸਲਾਂ ਜਾਂ ਹੋਰ ਡਾਕ ਨੂੰ ਵੀ। ਇਸੇ ਮੰਜ਼ਲ ‘ਤੇ ਉਹ ਦਫਤਰ ਵੀ ਸੀ ਜੋ ਰੁਆਇਲ ਡੀਨ ਨੂੰ ਚਲਾਉਂਦਾ ਸੀ ਜਿਸ ਨੂੰ ਬੁੱਕ ਰੂਮ ਕਹਿੰਦੇ ਸਨ। ਵੈਸੇ ਕੰਟਰੋਲਰ ਤੇ ਹੋਰ ਅਫਸਰੀ ਅਮਲੇ ਫੈਲੇ ਦੇ ਦਫਤਰ ਪੰਜਵੀਂ ਮੰਜ਼ਲ ‘ਤੇ ਸਨ। ਪੂਰੇ ਮੁਲਕ ਨੂੰ ਡਵੀਯਨਾਂ ਵਿਚ ਵੰਡ ਕੇ ਉਸ ਨਾਲ ਸਬੰਧਤ ਡਾਕ ਉਥੇ ਪੁੱਜਦੀ ਹੋ ਜਾਂਦੀ। ਇਹ ਡਵੀਯਨਾਂ ਸ਼ਹਿਰਾਂ ਜਾਂ ਇਲਾਕਿਆਂ ਦੀ ਦਿਸ਼ਾ ਦੇ ਹਿਸਾਬ ਨਾਲ ਹੁੰਦੀਆਂ ਜਿਵੇਂ ਕਿ ਸਕਾਟਲੈਂਡ ਦੀ ਅਲੱਗ, ਵੇਲਜ਼, ਮਿੱਡਲੈਂਡ, ਲੰਡਨ ਸ਼ਹਿਰ, ਹੋਮ ਕਾਊਂਟੀਜ਼ ਦੀਆਂ ਅਲੱਗ ਅਲੱਗ।

ਰੁਆਇਲ ਡੀਨ ਦੀ ਪਹਿਲੀ ਮੰਜ਼ਲ ‘ਤੇ ਰੇੜ੍ਹੀਆਂ ਵਿਚ ਪਈ ਡਾਕ ਆਪਣੀ ਵਾਰੀ ਦੀ ਉਡੀਕ ਕਰ ਰਹੀ ਹੁੰਦੀ। ਇਸੇ ਮੰਜ਼ਲ ਉਪਰ ਯੂਨੀਫੌਰਮ ਸੈਕਸ਼ਨ ਵੀ ਸੀ ਤੇ ਪੇਅ ਸੈਕਸ਼ਨ ਵੀ। ਯੂਨੀਅਨ ਵਲੋਂ ਖੋਹਲੀ ਦੁਕਾਨ ਵੀ, ਕਾਮਿਆਂ ਦੇ ਲੌਕਰ ਵੀ ਸਨ ਜਿਹਨਾਂ ਵਿਚ ਉਹ ਆਪੋ ਆਪਣਾ ਸਮਾਨ ਰੱਖਦੇ ਸਨ। ਤੀਜੀ ਮੰਜ਼ਲ ‘ਤੇ ਕੰਟੀਨ ਸੀ, ਪੱਬ ਸੀ, ਕਾਮਿਆਂ ਦਾ ਰੈੱਸਟ ਰੂਮ ਵੀ ਸੀ। ਵੱਡੇ ਵੱਡੇ ਕੁੱਕਰਾਂ ਵਾਲੀਆਂ ਰਸੋਈਆਂ ਵੀ ਸਨ ਜਿਥੇ ਕਾਮੇ ਘਰੋਂ ਲਿਆਂਦਾ ਖਾਣਾ ਗਰਮ ਕਰਕੇ ਖਾਂਦੇ। ਚਾਰ ਵੱਡੇ ਹਾਲ ਕਮਰੇ ਸਨ ਜਿਹੜੇ ਰੈੱਸਟ ਰੂਮ ਸਨ, ਹਰ ਹਾਲ ਕਮਰੇ ਨਾਲ ਰਸੋਈ ਸੀ। ਇਹਨਾਂ ਰਸੋਈਆਂ ਵਿਚ ਲੋਕ ਰਲ਼ ਕੇ ਵੀ ਖਾਣਾ ਬਣਾ ਲੈਂਦੇ ਸਨ। ਆਮ ਤੌਰ ਤੇ ਦੇਸੀ ਬੰਦੇ ਹਿੱਸਾ ਪਾ ਕੇ ਮੀਟ ਰਿੰਨ ਲਿਆ ਕਰਦੇ ਸਨ। ਇਹਨਾਂ ਹਾਲ ਕਮਰਿਆਂ ਵਿਚ ਯੂਨੀਅਨ ਮੀਟਿੰਗਾਂ ਵੀ ਕਰਿਆ ਕਰਦੀ ਸੀ। ਵੈਸੇ ਯੂਨੀਅਨ ਦਾ ਦਫਤਰ ਚੌਥੀ ਮੰਜ਼ਲ ‘ਤੇ ਸੀ। ਪੰਜ ਹਜ਼ਾਰ ਤੋਂ ਵੱਧ ਕਰਮਚਾਰੀ ਕੰਮ ਕਰਦਾ ਸੀ ਰੁਆਇਲ ਡੀਨ ਵਿਚ। ਚੌਵੀ ਘੰਟੇ, ਸੱਤੇ ਦਿਨ, ਬਾਰਾਂ ਮਹੀਨੇ ਇਥੇ ਕੰਮ ਚਲਦਾ ਰਹਿੰਦਾ ਸੀ। ਇਸ ਦੀਆਂ ਬੱਤੀਆਂ ਕਦੇ ਬੰਦ ਨਹੀਂ ਸਨ ਹੋਈਆਂ। ਕਰਮਚਾਰੀਆਂ ਦੀਆਂ ਸ਼ਿਫਟਾਂ ਅਜਿਹੀਆਂ ਸਨ ਕਿ ਹਰ ਵੇਲੇ ਕੰਮ ਚਲਦਾ ਰਹੇ।

ਬਰਤਾਨੀਆਂ ਵਿਚ ਡਾਕਖਾਨੇ ਦੇ ਕੰਮ ਨੂੰ ਵਾਹਵਾ ਪਸੰਦ ਕੀਤਾ ਜਾਂਦਾ ਸੀ ਖਾਸ ਤੌਰ ਤੇ ਬਾਹਰਲੇ ਮੁਲਕਾਂ ਤੋਂ ਆਏ ਲੋਕ ਇਥੇ ਕੰਮ ਕਰਕੇ ਬਹੁਤ ਖੁਸ਼ ਸਨ। ਇਕ ਤਾਂ ਤਨਖਾਹ ਫੈਕਟਰੀਆਂ ਦੇ ਮੁਕਾਬਲੇ ਵਧੀਆ ਸੀ ਤੇ ਦੂਜੇ ਓਵਰ ਟਾਈਮ ਵੀ ਬਹੁਤ ਮਿਲਦਾ। ਰੁਆਇਲ ਡੀਨ ਦੀ ਬਾਕੀ ਦੇ ਡਾਕਖਾਨਿਆਂ ਨਾਲੋ ਵੱਖਰਤਾ ਇਹ ਸੀ ਕਿ ਇਥੇ ਡਾਕ ਡਿਲਿਵਰ ਕਰਨ ਦਾ ਕੰਮ ਨਹੀਂ ਸੀ। ਸਾਡੇ ਲੋਕ ਡਾਕ ਵੰਡਣ ਤੋਂ ਬਹੁਤ ਝਿਜਕਦੇ ਸਨ। ਨਸਲੀ ਹਮਲਿਆਂ ਦਾ ਡਰ ਵੀ ਹਰ ਵੇਲੇ ਬਣਿਆਂ ਰਹਿੰਦਾ ਸੀ। ਲੰਡਨ ਵਿਚ ਅਜਿਹੇ ਹੋਰ ਵੀ ਸੌਰਟਿੰਗ ਔਫਿਸ ਸਨ ਪਰ ਇਸ ਤੋਂ ਛੋਟੇ ਸਨ। ਉਹਨਾਂ ਵਿਚ ਸਿਰਫ ਲੰਡਨ ਦੀ ਡਾਕ ਹੀ ਸੰਭਾਲੀ ਜਾਂਦੀ ਸੀ। ਅਜਿਹੇ ਹੀ ਇਕ ਸੌਰਟਿੰਗ ਔਫਿਸ ਵਿਚ ਅਰਜਨ ਸਿੰਘ ਦਾ ਵਾਕਫ ਮੇਜਰ ਸਿੰਘ ਕੰਮ ਕਰਦਾ ਸੀ ਜਿਸ ਨੇ ਬਾਅਦ ਵਿਚ ਰੁਆਇਲ ਡੀਨ ਵਿਚ ਹੀ ਤਬਾਦਲਾ ਕਰਾ ਲਿਆ ਸੀ। ਦੂਜੇ ਸੌਰਟਿੰਗ ਔਫਿਸਾਂ ਵਿਚ ਰੁਆਇਲ ਡੀਨ ਵਾਲੀਆਂ ਸਹੂਲਤਾਂ ਨਹੀਂ ਸਨ।...

ਪਹਿਲਿਆਂ ਵਿਚ ਸੁਰਜਨ ਇਕ ਰਬੜ ਫੈਕਟਰੀ ਵਿਚ ਕੰਮ ਕਰਦਾ ਸੀ। ਬਾਰਕਿੰਗ ਵਿਚ ਸਥਿਤ ਇਸ ਫੈਕਟਰੀ ਵਿਚ ਭਾਰਤੋਂ ਆਏ ਨਵੇਂ ਬੰਦੇ ਜਾ ਲਗਦੇ ਸਨ। ਤਨਖਾਹ ਵੀ ਸਾਵੀਂ ਹੀ ਸੀ ਤੇ ਕੰਮ ਵੀ ਗੰਦਾ ਪਰ ਵਿਹਲੇ ਰਹਿਣ ਨਾਲੋਂ ਠੀਕ ਸਮਝਿਆ ਜਾਂਦਾ ਸੀ। ਸੁਰਜਨ ਨੇ ਵੀ ਇਥੇ ਕੰਮ ਸ਼ੁਰੂ ਕਰਕੇ ਹੋਰ ਕੰਮਾਂ ਦੀ ਭਾਲ ਜਾਰੀ ਰੱਖੀ। ਉਸ ਦੇ ਨਾਲ ਹੀ ਰਬੜ ਫੈਕਟਰੀ ਵਿਚ ਕੰਮ ਕਰਦਾ ਜੈ ਦੇਵ ਚੋਪੜਾ ਸੋਸ਼ਲ ਸਕਿਉਰਟੀ ਵਿਚ ਕਲਰਕ ਜਾ ਲਗਿਆ। ਉਥੇ ਕਲਰਕ ਦੀ ਤਨਖਾਹ ਵੀ ਘੱਟ ਸੀ ਤੇ ਓਵਰ ਟਾਈਮ ਵੀ ਨਹੀਂ ਸੀ ਮਿਲਦਾ। ਓਵਰ ਟਾਈਮ ਹੀ ਤਾਂ ਅਜਿਹਾ ਲਾਲਚ ਸੀ ਕਿ ਸਾਡੇ ਲੋਕ ਭਾਰੇ ਤੋਂ ਭਾਰਾ ਕੰਮ ਵੀ ਕਰਨ ਲਈ ਤਿਆਰ ਹੋ ਜਾਂਦੇ। ਜੈ ਦੇਵ ਚੋਪੜਾ ਭਾਰੀ ਕੰਮ ਕਰਨ ਤੋਂ ਡਰਦਾ ਰਹਿੰਦਾ ਸੀ ਇਸ ਲਈ ਉਸ ਨੇ ਥੋੜੀ ਤਨਖਾਹ ਵਾਲੀ ਦਫਤਰੀ ਨੌਕਰੀ ਹੀ ਮਨਜ਼ੂਰ ਕਰ ਲਈ ਸੀ।

ਇਹਨਾਂ ਦਿਨਾਂ ਵਿਚ ਹੀ ਸੁਰਜਨ ਨੂੰ ਰੁਆਇਲ ਡੀਨ ਵਿਚ ਨੌਕਰੀ ਦਾ ਪਤਾ ਚਲਿਆ। ਉਸ ਨੇ ਇਕ ਦਮ ਫਾਰਮ ਮੰਗਾਏ ਤੇ ਭਰ ਕੇ ਭੇਜ ਦਿਤੇ। ਦੋ ਕੁ ਹਫਤੇ ਵਿਚ ਹੀ ਉਸ ਨੂੰ ਸੱਦ ਲਿਆ ਗਿਆ ਕਿ ਆ ਕੇ ਟੈੱਸਟ ਦਿਓ। ਸਾਧਾਰਣ ਜਿਹੀ ਜਾਣਕਾਰੀ ਵਾਲਾ ਟੈੱਸਟ ਸੀ ਜੋ ਉਸ ਨੇ ਸਹਿਜੇ ਹੀ ਪਾਸ ਕਰ ਲਿਆ। ਇਵੇਂ ਹੀ ਹਲਕੀ ਜਿਹੀ ਇੰਟਰਵਿਊ ਸੀ। ਮਹੀਨੇ ਦੇ ਅੰਦਰ ਅੰਦਰ ਸੁਰਜਨ ਨੂੰ ਰੁਆਇਲ ਡੀਨ ਵਿਚ ਕੰਮ ਮਿਲ ਗਿਆ। ਪਹਿਲਾਂ ਦੋ ਹਫਤੇ ਦੀ ਟਰੇਨਿੰਗ ਹੋਣੀ ਸੀ ਤੇ ਫਿਰ ਕੰਮ ਸ਼ੁਰੂ ਹੋ ਜਾਣਾ ਸੀ। ਸੁਰਜਨ ਨੂੰ ਰੁਆਇਲ ਡੀਨ ਵਿਚ ਕੰਮ ਮਿਲਣ ਦੀ ਦੇਰ ਸੀ ਕਿ ਉਸ ਨੇ ਆਪਣੇ ਸਾਰੇ ਵਾਕਫ ਤੇ ਦੋਸਤ ਉਥੇ ਖਿਚਣੇ ਸ਼ੁਰੂ ਕਰ ਦਿਤੇ। ਹੌਲੀ ਹੌਲੀ ਅਰਜਨ ਸਿੰਘ, ਗੁਰਨਾਮ, ਚਮਨ ਲਾਲ ਸਾਰੇ ਹੀ ਰੁਆਇਲ ਡੀਨ ਵਿਚ ਆ ਗਏ।

ਕਿੰਗਜ਼ ਕਰੌਸ ਸਟੇਸ਼ਨ ਦੇ ਸਾਹਮਣੇ ਡਾਕਖਾਨੇ ਵਾਲਿਆਂ ਦਾ ਟਰੇਨਿੰਗ ਸੈਂਟਰ ਸੀ। ਦੋ ਹਫਤਿਆਂ ਵਿਚ ਸੁਰਜਨ ਨੂੰ ਡਾਕ ਵਾਲਾ ਬੈਗ ਖੋਹਲਣ ਤੋਂ ਲੈ ਕੇ, ਡਾਕ ਛਾਂਟਣ, ਮੋਹਰਾਂ ਲਾਉਣ ਤੇ ਡਾਕ ਨੂੰ ਮੁੜ ਕੇ ਡਿਸਪੈਚ ਕਰਨ ਤਕ ਦੀ ਟਰੇਨਿੰਗ ਦੇ ਦੇਣੀ ਸੀ। ਚਿੱਠੀਆਂ ਛਾਂਟਣ ਲਈ ਫਰੇਮ ਦੇ ਅੱਠਤਾਲੀ ਖਾਨੇ ਸਨ। ਵੱਡਿਆਂ ਸ਼ਹਿਰਾਂ ਦੇ ਅਲੱਗ ਫਰੇਮ ਸਨ, ਛੋਟੇ ਸ਼ਹਿਰਾਂ ਦੇ ਇਕੱਠੇ। ਪੰਦਰਾਂ ਸੌ ਕਾਰਡਾਂ ਉਪਰ ਸਿਖਲਾਈ ਕਰਨੀ ਸੀ ਤੇ ਇਹ ਪੰਦਰਾਂ ਸੌ ਕਾਰਡ ਪੰਦਰਾਂ ਮਿੰਟਾਂ ਵਿਚ ਪਾਉਣੇ ਸਨ। ਵੇਲਜ਼ ਤੇ ਸਕੌਟਲੈਂਡ ਦੇ ਪਿੰਡਾਂ ਦੇ ਨਾਂ ਬਹੁਤ ਔਖੇ ਸਨ ਜੋ ਕਿ ਸਹਿਜੇ ਕੀਤੇ ਯਾਦ ਨਹੀਂ ਸਨ ਹੁੰਦੇ। ਸੁਰਜਨ ਨੇ ਇਹ ਟੈੱਸਟ ਅਸਾਨੀ

ਨਾਲ ਹੀ ਪਾਸ ਕਰ ਲਿਆ ਸੀ। ਉਸ ਨੇ ਇਕ ਵਾਰ ਸਾਰਾ ਕੰਮ ਹੱਥੀਂ ਕੱਢ ਲਿਆ ਸੀ। ਕਿਧਰੇ ਵੀ ਕੋਈ ਵੱਡੀ ਮੁਸ਼ਕਲ ਨਹੀਂ ਸੀ ਆਈ।

ਉਸ ਦੇ ਬੈਜ ਵਿਚ ਕੁਲ ਪੰਦਰਾਂ ਬੰਦੇ ਸਨ। ਇਕ ਕਾਲਾ ਸੀ; ਵੈੱਸਟ ਇੰਡੀਅਨ, ਦੋ ਅਫਰੀਕਨ ਮੁੰਡੇ ਸਨ। ਇਕ ਗੁਜਰਾਤੀ ਸੀ ਕਾਂਤੀ ਪਟੇਲ। ਇਕ ਪਾਕਿਸਤਾਨੀ ਪੰਜਾਬੀ ਸੀ; ਅਬਦੁੱਲਾ। ਇਕ ਇਲਫੋਰਡ ਰਹਿੰਦਾ ਸੋਹਣ ਸਿੰਘ ਸੀ ਤੇ ਇਵੇਂ ਹੀ ਵੂਲਿਚ ਤੋਂ ਕੁਲਤਾਰ। ਬਾਕੀ ਸਭ ਗੋਰੇ ਸਨ। ਪੱਗ ਵਾਲਾ ਸਿੰਘ ਉਹ ਇਕੱਲਾ ਹੀ ਸੀ। ਟਰੇਨਿੰਗ ਤੋਂ ਬਾਅਦ ਰੁਆਇਲ ਡੀਨ ਆ ਕੇ ਉਹਨਾਂ ਨੂੰ ਗਰੇਅ ਰੰਗ ਦਾ ਇਕ ਓਵਰਔਲ ਦੇ ਦਿਤਾ ਗਿਆ। ਖੱਬੀਆਂ ਬਾਹਾਂ ਉਪਰ ਆਰਜੀ ਜਿਹਾ ਬੈਜ ਬੰਨ ਦਿਤਾ ਗਿਆ ਤੇ ਅਗਲੀ ਸਿਖਲਾਈ ਸ਼ੁਰੂ ਹੋ ਗਈ। ਉਹਨਾਂ ਨੂੰ ਵੱਖ ਵੱਖ ਡਿਵੀਯਨਾਂ ਵਿਚ ਪੁਰਾਣੇ ਕਰਮਚਾਰੀਆਂ ਨਾਲ ਲਗਾ ਦਿਤਾ ਗਿਆ। ਸੁਰਜਨ ਦੀ ਪਹਿਲੇ ਦਿਨ ਦੀ ਡਿਊਟੀ ਨੌਰਥ ਪਲੇਟ ਫਾਰਮ ‘ਤੇ ਲੱਗੀ ਜਿਥੇ ਡਾਕ ਦੇ ਭਰੇ ਬੈਗ ਉਤਰਦੇ ਸਨ। ਕੰਮ ਕੋਈ ਮੁਸ਼ਕਲ ਨਹੀਂ ਸੀ। ਸੁਰਜਨ ਦੀ ਪਕੜ ਵਿਚ ਅਸਾਨੀ ਨਾਲ ਆ ਰਿਹਾ ਸੀ। ਸਭ ਤੋਂ ਮੁਸ਼ਕਲ ਕੰਮ ਉਸ ਨੂੰ ਆਰ. ਐਲ. ਡੀ. ਭਾਵ ਰਜਿਸਟਰਡ ਲੈਟਰ ਡਿਪਾਰਟਮੈਂਟ ਦਾ ਲਗਿਆ। ਰਜਿਸਟਰ ਹੋਈਆਂ ਚਿੱਠੀਆਂ ਨੂੰ ਬਹੁਤ ਹੀ ਧਿਆਨ ਨਾਲ ਹੈਂਡਲ ਕੀਤਾ ਜਾਂਦਾ। ਨਿੱਕੀ ਜਿਹੀ ਗਲਤੀ ਦਾ ਮਤਲਬ ਕਿ ਨੌਕਰੀ ਵੀ ਜਾ ਸਕਦੀ ਸੀ। ਕੰਮ ਵੀ ਕਾਹਲੀ ਕਰਨਾ ਪੈਂਦਾ ਸੀ। ਇਥੇ ਕੰਮ ਕਰਨ ਲਈ ਵਿਸ਼ੇਸ਼ ਅਰਜ਼ੀ ਭਰਨੀ ਪੈਂਦੀ ਸੀ ਪਰ ਸੁਰਜਨ ਨੂੰ ਇਸ ਵਿਭਾਗ ਵਿਚ ਕੰਮ ਕਰਨਾ ਪਸੰਦ ਨਾ ਆਇਆ।

ਦੋ ਕੁ ਹਫਤਿਆਂ ਵਿਚ ਉਸ ਨੂੰ ਸ਼ਿਫਟ ਦੀ ਸ਼ੈਡਿਊਲ ਮਿਲ ਗਈ। ਜਿਹੜੀ ਸ਼ਿਫਟ ਉਹ ਚਾਹੁੰਦਾ ਸੀ ਭਰ ਸਕਦਾ ਸੀ ਪਰ ਮਿਲਣੀ ਸਿਨਿਓਰਟੀ ਦੇ ਹਿਸਾਬ ਨਾਲ ਸੀ। ਹਫਤੇ ਦੇ ਕੁੱਲ ਤਰਤਾਲੀ ਘੰਟੇ ਪੂਰੇ ਕਰਨੇ ਪੈਣੇ ਸਨ। ਬਹੁਤੀਆਂ ਸ਼ਿਫਟਾਂ ਨਾਲ ਸ਼ਨਿਚਰਵਾਰ ਵੀ ਪੈਂਦਾ ਸੀ। ਜੇਕਰ ਐਤਵਾਰ ਦੀ ਡਿਊਟੀ ਲੈਣੀ ਚਾਹੋਂ ਤਾਂ ਮਿਲ ਸਕਦੀ ਸੀ। ਇਕ ਐਤਵਾਰ ਛੱਡ ਕੇ ਛੇ ਘੰਟੇ ਲਾਉਣੇ ਪੈਣੇ ਸਨ। ਜੇ ਰਾਤਾਂ ‘ਤੇ ਹੋਵੋਂ ਤਾਂ ਹਰ ਤੀਜਾ ਐਤਵਾਰ ਲਗਾਉਣਾ ਹੁੰਦਾ। ਰਾਤਾਂ ਦੀ ਸ਼ਿਫਟ ਦਾ ਘੰਟੇ ਦੇ ਰੇਟ ਦਾ ਤੀਜਾ ਹਿੱਸਾ ਨਾਈਟ ਅਲਾਊਂਸ ਵਜੋਂ ਮਿਲਦਾ ਸੀ। ਵੀਕ ਐਂਡ ਦੇ ਓਵਰ ਟਾਈਮ ਦੇ ਡੱਬਲ ਪੈਸੇ ਹੁੰਦੇ। ਦਿਨ ਦੇ ਓਵਰ ਟਾਈਮ ਦੇ ਪਹਿਲੇ ਬਾਰਾਂ ਘੰਟੇ ਦੇ ਦਾ ਡੇਢਾ ਰੇਟ ਹੁੰਦਾ ਤੇ ਫਿਰ ਡੱਬਲ ਹੋ ਜਾਂਦਾ। ਸੁਰਜਨ ਨੇ ਪੁਰਾਣੇ ਕਾਮਿਆਂ ਤੋਂ ਪੁੱਛ-ਪੁਛਾ ਕੇ ਸ਼ੈਡਿਊਲ ਵਿਚ ਸ਼ਿਫਟ ਭਰ ਦਿਤੀ। ਇਹ ਸ਼ਿਫਟ ਇਕ ਦਿਨ ਸੱਤ ਵਜੇ ਸ਼ੁਰੂ ਹੁੰਦੀ ਸੀ ਤੇ ਦੂਜੇ ਦਿਨ ਗਿਆਰਾਂ ਵਜੇ। ਜਿਸ ਦਿਨ ਜਲਦੀ ਸ਼ਿਫਟ ਸ਼ੁਰੂ ਹੋਣੀ ਹੁੰਦੀ ਤਾਂ ਇਸ ਦੇ ਅਖੀਰ ਵਿਚ ਚਾਰ ਘੰਟੇ ਦਾ ਓਵਰ ਟਾਈਮ ਹੁੰਦਾ ਤੇ ਜਿਸ ਦਿਨ ਲੇਟ ਸ਼ੁਰੂ ਹੋਣੀ ਹੁੰਦੀ ਤਾਂ ਇਹਦੇ ਸ਼ੁਰੂ ਵਿਚ ਚਾਰ ਘੰਟੇ ਲਗ ਜਾਂਦੇ। ਸ਼ਨਿਚਰਵਾਰ ਵਾਲੇ ਦਿਨ ਵੀ ਓਵਰ ਟਾਈਮ ਮਿਲ ਜਾਂਦਾ ਸੀ। ਓਵਰ ਟਾਈਮ ਦੀ ਹੀ ਸਾਰੀ ਖੇਡ ਸੀ। ਇਸ ਸ਼ਿਫਟ ਵਿਚ ਓਵਰ ਟਾਈਮ ਜ਼ਿਆਦਾ ਹੋਣ ਕਰਕੇ ਦੇਸੀ ਲੋਕ ਇਸ ਨੂੰ ਹੀ ਕਰਕੇ ਖੁਸ਼ ਸਨ ਇਸ ਲਈ ਗੋਰੇ ਇਸ ਨੂੰ ਮਜ਼ਾਕ ਵਿਚ ਇੰਡੋ-ਪਾਕ ਸ਼ਿਫਟ ਆਖਿਆ ਕਰਦੇ।

ਪਹਿਲੇ ਦਿਨਾਂ ਵਿਚ ਹੀ ਸੁਰਜਨ ਦਾ ਦੇਸੀ ਬੰਦਿਆਂ ਦੇ ਨਾਲ ਨਾਲ ਡੈਰਕ ਨਾਂ ਦੇ ਗੋਰੇ ਨਾਲ ਵੀ ਬੈਠਣਾ ਉਠਣਾ ਹੋ ਗਿਆ। ਸਿਖਲਾਈ ਦੌਰਾਨ ਡੈਰਕ ਨੇ ਉਸ ਨੇ ਸਕੌਟਿਸ਼ ਡਿਵੀਯਨ ਵਿਚ ਡਿਸਪੈਚਿੰਗ ਸਿਖਾਈ ਸੀ। ਫਿਰ ਕੰਮ ਦੀ ਡਿਊਟੀ ਵੀ ਉਸੇ ਨਾਲ ਹੀ ਪੈ ਗਈ। ਇਸ ਨੌਕਰੀ ਵਿਚ ਪੂਰਾ ਦਿਨ ਇਕੋ ਥਾਵੇਂ ਕੰਮ ਨਹੀਂ ਸੀ ਕੀਤਾ ਜਾਂਦਾ। ਘੰਟਾ-ਡੇਢ ਘੰਟਾ ਇਕ ਜਗਾਹ, ਇੰਨਾ ਕੁ ਹੀ ਅਗਲੀ ਜਗਾਹ। ਇਵੇਂ ਹੀ ਡੈਰਕ ਨਾਲ ਉਸ ਦੀ ਡਿਊਟੀ ਰੋਜ਼ ਹੀ ਰਲ਼ ਜਾਂਦੀ। ਉਹਨਾਂ ਦੀ ਚਾਹ ਦੀ ਬ੍ਰੇਕ ਤੇ ਖਾਣੇ ਦੀ ਛੁੱਟੀ ਵੀ ਇਕੱਠਿਆਂ ਦੀ ਹੁੰਦੀ। ਡੈਰਕ ਸੱਟਾ ਬਾਜ਼ਾਰਾਂ ਵਿਚ ਡੂੰਘੀ ਸਮਝ ਰੱਖਦਾ ਸੀ। ‘ਫਿਨਾਸ਼ੀਅਲ ਟਾਈਮਜ਼’ ਉਹ ਹਰ ਵੇਲੇ ਜੇਬ੍ਹ ਵਿਚ ਰੱਖਦਾ। ਉਹ ਸ਼ੇਅਰ ਖਰੀਦਦਾ ਤੇ ਵੇਚਦਾ ਰਹਿੰਦਾ। ਸੁਰਜਨ ਨੂੰ ਵੀ ਸ਼ੇਅਰ ਖਰੀਦਣ ਦੀ ਸਲਾਹ ਦਿੰਦਾ ਰਹਿੰਦਾ। ਸੁਰਜਨ ਨੂੰ ਇਸ ਧੰਦੇ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਤਾਂ ਇਕ ਪੈਨੀ ਦਾ ਵੀ ਰਿਸਕ ਨਹੀਂ ਸੀ ਲੈਣਾ ਚਾਹੁੰਦਾ। ਉਹ ਡੈਰਕ ਨਾਲ ‘ਵਾਲ ਸਰਟੀਟ’ ਵਲ ਨਿਕਲ ਜਾਂਦਾ। ‘ਵਾਲ ਸਟਰੀਟ’ ਸੱਟਾ ਬਾਜ਼ਾਰ ਦੀ ਦੁਨੀਆਂ ਦਾ ਸਭ ਤੋਂ ਵੱਡਾ ਅੱਡਾ ਸੀ। ਸੁਰਜਨ ਨੂੰ ਹੁਣ ਤਕ ਲੰਡਨ ਘੁੰਮਣ ਤੇ ਦੇਖਣ-ਘੋਖਣ ਦਾ ਸ਼ੌਂਕ ਪੈਦਾ ਹੋ ਚੁਕਿਆ ਸੀ। ਉਹ ਇਤਹਾਸਕ ਥਾਵਾਂ ਨੂੰ ਵਾਰ ਵਾਰ ਦੇਖਣ ਜਾਇਆ ਕਰਦਾ। ਉਹਨਾਂ ਬਾਰੇ ਕਿਤਾਬਾਂ ਖਰੀਦ ਕੇ ਪੜ੍ਹਦਾ।

ਡੈਰਕ ਤਾਂ ਜਨਮ ਤੋਂ ਹੀ ਲੰਡਨ ਦਾ ਵਾਸੀ ਸੀ। ਉਹ ਲੰਡਨ ਦੀਆਂ ਪ੍ਰਮੁੱਖ ਜਗਾਵਾਂ ਬਾਰੇ ਮਸਾਲੇ ਲਾ ਲਾ ਕੇ ਕਹਾਣੀਆਂ ਸੁਣਾਇਆ ਕਰਦਾ। ‘ਸ਼ੇਅਰ ਐਕਚੇਂਜ’ ਵਿਚ ਸਤਾਰਵੀ ਸਦੀ ਵਿਚ ਲਗੀ ਅੱਗ ਬਾਰੇ ਗੱਲ ਕਰਦਾ ਤਾਂ ਦ੍ਰਿਸ਼ ਇਵੇਂ ਖਿਚਦਾ ਕਿ ਅੱਖਾਂ ਸਾਹਮਣੇ ਸਭ ਕੁਝ ਖੜਾ ਕਰ ਦਿੰਦਾ। ਇਹ ਅੱਗ ਕਈ ਦਿਨ ਲਗੀ ਰਹੀ ਸੀ ਤੇ ਅਰਬਾਂ ਪੌਂਡਾ ਦਾ ਨੁਕਸਾਨ ਕਰ ਗਈ ਸੀ। ਮਰਨ ਵਾਲਿਆਂ ਦੀ ਯਾਦ ਵਿਚ ਮੌਨੂਮੈਂਟ ਵੀ ਬਣਾਇਆ ਹੋਇਆ ਸੀ। ਪਿੱਛੇ ਜਿਹੇ ਹੋਏ ‘ਕਰੇਅ’ ਭਰਾਵਾਂ ਦੇ ਦਿਲ ਹਿਲਾਊ ਮੁਰਜਮਾਨਾ ਕਾਰਨਾਮੇ ਤਾਂ ਸਭ ਦੀ ਜ਼ੁਬਾਨ ‘ਤੇ ਸਨ। ਈਸਟ ਲੰਡਨ ਹੀ ਕਰੇਅ ਭਰਾਵਾਂ ਦੀਆਂ ਕਾਰਵਾਈਆਂ ਦਾ ਮੁੱਖ ਅੱਡਾ ਸੀ ਇਹੋ ਇਲਾਕੇ ਡੈਰਕ ਦਾ ਵੀ ਸੀ। ਡੈਰਕ ਉਹਨਾਂ ਦੇ ਨੇੜੇ ਰਿਹਾ ਹੋਣ ਕਰਕੇ ਉਹਨਾਂ ਦੀਆਂ ਕਿੰਨੀਆਂ ਹੀ ਕਹਾਣੀਆਂ ਸੁਣਾਉਂਦਾ।

www.PunjabiLibrary.com

ਦੂਜੇ ਮਹਾਂਯੁੱਧ ਸਮੇਂ ਦੀਆਂ ਵੀ ਉਸ ਕੋਲ ਅਣਗਿਣਤ ਕਹਾਣੀਆਂ ਹੁੰਦੀਆਂ। ਉਹ 'ਸਨ' ਅਖਬਾਰ ਦੀਆਂ ਦਿਲਚਸਪ ਖਬਰਾਂ ਪੜ੍ਹ ਕੇ ਤੇ ਉਹਨਾਂ ਬਾਰੇ ਗੱਲਾਂ ਕਰਕੇ ਖੁਸ਼ ਰਹਿੰਦਾ। ਡੈਰਕ ਫੁੱਟਬਾਲ ਦਾ ਵੀ ਬਹੁਤ ਸ਼ੌਕੀਨ ਸੀ। ਫੁੱਟਬਾਲ ਦਾ ਤਾਂ ਸਾਰਾ ਇੰਗਲੈਂਡ ਹੀ ਸ਼ੌਦਾਈ ਸੀ। ਜਿਹਨਾਂ ਦਿਨਾਂ ਵਿਚ 'ਵ੍ਰਲਡ ਕੱਪ' ਚਲ ਰਿਹਾ ਹੁੰਦਾ ਤਾਂ ਸਾਰਾ ਇੰਗਲੈਂਡ ਹੀ ਪੱਬਾਂ ਭਾਰ ਹੋਇਆ ਰਹਿੰਦਾ। ਜਦ ਇੰਗਲੈਂਡ ਵ੍ਰਲਡ ਕੱਪ ਜਿਤਿਆ ਤਾਂ ਅੰਗਰੇਜ਼ਾਂ ਨੂੰ ਕਿਸੇ ਮਹਾਂਯੁੱਧ ਜਿੱਤਣ ਜਿੰਨੀ ਹੀ ਖੁਸ਼ੀ ਹੋਈ ਸੀ। ਵਿਸ਼ੇਸ਼ ਗੱਲ ਇਸ ਮੈਚ ਦੀ ਇਹ ਸੀ ਕਿ ਇੰਗਲੈਂਡ ਨੇ ਆਪਣੇ ਇਤਿਹਾਸਕ ਦੁਸ਼ਮਣ ਜਰਮਨੀ ਦੇ ਖਿਲਾਫ ਇਹ ਮੈਚ ਜਿੱਤਿਆ ਸੀ। ਸੁਰਜਨ ਨੂੰ ਡੈਰਕ ਨਾਲ ਬੈਠਣ ਦਾ ਇਹ ਫਾਇਦਾ ਹੁੰਦਾ ਕਿ ਉਹ ਲੰਡਨ ਬਾਰੇ ਅਜਿਹੀਆਂ ਗੱਲਾਂ ਜਾਣ ਸਕਦਾ ਜਿਹੜੀਆਂ ਕਿਤਾਬਾਂ ਵਿਚ ਨਹੀਂ ਸਨ ਮਿਲਦੀਆਂ।

ਇਕ ਦਿਨ ਸੁਰਜਨ ਫਰੇਮ ਸਾਹਮਣੇ ਬੈਠਾ ਚਿੱਠੀਆਂ ਛਾਂਟ ਰਿਹਾ ਸੀ। ਵੱਡੇ ਸਾਰੇ ਢਿੱਡ ਵਾਲਾ ਇਕ ਬੰਦਾ ਉਸ ਦੇ ਨਾਲ ਦੇ ਫਰੇਮ 'ਤੇ ਆ ਕੇ ਚਿੱਠੀਆਂ ਛਾਂਟਣ ਲਗਿਆ। ਚਿੱਠੀਆਂ ਛਾਂਟਦਾ ਉਹ ਮੁੜ ਮੁੜ ਕੇ ਸੁਰਜਨ ਵਲ ਅਪਣੱਤ ਭਰੀ ਨਜ਼ਰ ਨਾਲ ਦੇਖਣ ਲਗਦਾ। ਸੁਰਜਨ ਨੂੰ ਪਤਾ ਲਗਦਾ ਤਾਂ ਉਸ ਵੀ ਮੁਸਕ੍ਰਾ ਦਿੰਦਾ। ਕੁਝ ਦੇਰ ਬਾਅਦ ਉਹ ਬੰਦਾ ਪੁੱਛਣ ਲਗਿਆ,

"ਤੁਸੀਂ ਸੁਰਜਨ ਸਿੰਘ ਚਾਹਲ ਹੋ?"

"ਜੀ ਹਾਂ ਪਰ ਮੈਂ ਤੁਹਾਨੂੰ ਨਹੀਂ ਪੱਛਾਣਿਆਂ।"

"ਤੁਸੀਂ ਮੈਨੂੰ ਨਹੀਂ ਜਾਣਦੇ, ਮੇਰਾ ਨਾਂ ਵੇਦ ਪ੍ਰਕਾਸ਼ ਐ, ਕਲੇਰਾਂ ਤੋਂ।"

"ਓ, ਆਏ ਸੀ!"

"ਮੈਂ ਤੁਹਾਨੂੰ ਜਾਣਦਾਂ, ਜਦ ਤੁਹਾਡਾ ਵਿਆਹ ਹੋਇਆ ਤਾਂ ਮੈਂ ਪਿੰਡ ਹੀ ਸੀ। ਤੁਹਾਡੇ ਵਿਆਹ ਦੀ ਸਾਡੇ ਪਿੰਡ ਵਿਚ ਹੀ ਨਹੀਂ ਪੂਰੇ ਇਲਾਕੇ ਵਿਚ ਹੀ ਚਰਚਾ ਸੀ। ਤੁਸੀਂ ਦਾਜ ਨਾ ਲੈ ਕੇ ਇਕ ਐਗਜ਼ੈਂਪਲ ਕਾਇਮ ਕੀਤੀ ਸੀ।"

ਸੁਰਜਨ ਜ਼ਰਾ ਕੁ ਮੁਸਕ੍ਰਾਇਆ ਤੇ ਮਨ ਹੀ ਮਨ ਸੋਚਣ ਲਗਿਆ ਕਿ ਚਲੋ ਉਸ ਨੇ ਕੁਝ ਤਾਂ ਅਜਿਹਾ ਕੀਤਾ ਜੋ ਲੋਕਾਂ ਲਈ ਉਦਾਹਰਣ ਬਣਿਆਂ ਹੋਵੇ। ਫਿਰ ਵੇਦ ਪ੍ਰਕਾਸ਼ ਆਪਣੇ ਬਾਰੇ ਗੱਲਾਂ ਕਰਨ ਲਗਿਆ। ਉਹ ਇੰਗਲੈਂਡ ਆ ਕੇ ਸਿੱਧਾ ਹੀ ਰੁਆਇਲ ਡੀਨ ਵਿਚ ਆ ਗਿਆ ਸੀ। ਉਸ ਦੇ ਮਨ ਵਿਚ ਸੁਰਜਨ ਪ੍ਰਤੀ ਬਹੁਤ ਆਦਰ ਸੀ। ਹੋਰਨਾਂ ਲੋਕਾਂ ਨਾਲ ਸੁਰਜਨ ਬਾਰੇ ਗੱਲਾਂ ਕਰਦਾ ਕਹਿਣ ਲਗਦਾ,

"ਸਾਡੇ ਪਿੰਡ ਈ ਵਿਆਇਆ ਇਹ, ਬਾਰੋਂ ਆਇਆ ਟੱਬਰ ਸੀ, ਕਈ ਪਿੰਡਾਂ ਵਿਚ ਜ਼ਮੀਨ ਸੀ ਉਹਨਾਂ ਦੀ, ਮੂੰਹੋਂ ਮੰਗਿਆ ਦਾਜ ਦਿੰਦੇ ਪਰ ਇਸ ਬੰਦੇ ਦੇ ਪੁੱਤ ਨੇ ਇਕ ਪੈਸੇ ਦੀ ਵੀ ਕੋਈ ਚੀਜ਼ ਨਹੀਂ ਲਈ।"

ਕੋਈ ਸ਼ੱਕ ਕਰਦਾ ਕਹਿ ਦਿੰਦਾ,

"ਸ਼ਰਮਾ ਜੀ, ਗੁਪਤ ਦਾਨ ਲੈ ਲਿਆ ਹੋਊ, ਕਈ ਵਾਰ ਪਤਾ ਵੀ ਨਹੀਂ ਚਲਦਾ ਕਿ ਅਗਲਾ ਕਿਹੜੇ ਵੇਲੇ ਆਪਣਾ ਕੰਮ ਕਰ ਜਾਂਦਾ।"

"ਓਹ ਨਹੀਂ ਬਈ, ਏਦਾਂ ਦਾ ਬੰਦਾ ਨਹੀਂ ਇਹ, ਏਦਾਂ ਦਾ ਸਮਾਜ ਸੁਧਾਰ ਕਰਨ ਦੇ ਪ੍ਰਚਾਰਕ ਕਰਦੇ ਆ, ਇਹ ਤਾਂ ਸਕੂਲ ਟੀਚਰ ਈ ਸੀ ਪਰ ਅਸੂਲਾਂ ਦਾ ਪੱਕਾ!"

ਰੁਆਇਲ ਡੀਨ ਸੁਰਜਨ ਨੂੰ ਸੂਤ ਬਹਿ ਗਿਆ ਤੇ ਰੁਆਇਲ ਡੀਨ ਨੂੰ ਸੁਰਜਨ। ਉਹ ਵਧੀਆ ਕਾਮਾ ਸੀ। ਚਿੱਠੀਆਂ ਛਾਂਟਣੀਆਂ ਹੋਣ, ਮੋਹਰਾਂ ਲਾਉਣੀਆਂ ਹੋਣ, ਬੈਗ ਤਿਆਰ ਕਰਨਾ ਹੋਵੇ, ਉਹ ਹਰ ਕੰਮ ਨੂੰ ਪੂਰੇ ਮਨ ਨਾਲ ਕਰਦਾ। ਕਈ ਲੋਕ ਆਨੇ ਬਹਾਨੇ ਕਰਦੇ ਟੁਆਇਲਟ ਜਾਣ ਜਾਂ ਸਿਗਰਟ ਪੀਣ ਦੀ ਛੁੱਟੀ ਲਈ ਰੱਖਦੇ ਪਰ ਉਹ ਬਿਨਾਂ ਕਿਸੇ ਗੱਲ ਦੇ ਸਮਾਂ ਖਰਾਬ ਨਾ ਕਰਦਾ। ਨਾ ਹੀ ਕਿਸੇ ਦੀ ਗੱਲ ਵਿਚ ਬਿਨਾਂ ਮਤਲਬ ਦਖਲ ਦਿੰਦਾ। ਜਿਹੋ ਜਿਹੀ ਢਾਣੀ ਵਿਚ ਬੈਠਾ ਹੋਵੇ ਉਹੋ ਜਿਹਾ ਹੋਣ ਦੀ ਕੋਸ਼ਿਸ਼ ਕਰਦਾ। ਆਪਣੀ ਬ੍ਰੇਕ ਵਿਚ ਬਹੁਤਾ ਸਮਾਂ ਉਹ ਅਖਬਾਰ ਪੜ੍ਹ ਕੇ ਲੰਘਾਉਂਦਾ। ਗਾਰਡੀਅਨ ਅਖਬਾਰ ਉਸ ਦੇ ਓਵਰਆਲ ਦੀ ਜੇਬ੍ਹ ਵਿਚ ਹੁੰਦੀ। ਟਿਊਬ ਵਿਚ ਸਫਰ ਕਰਦਾ ਵੀ ਅਖਬਾਰ ਜਾਂ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ। ਖਾਣੇ ਦੀ ਬ੍ਰੇਕ ਇਕ ਘੰਟੇ ਦੀ ਤੇ ਚਾਹ ਬ੍ਰੇਕ ਅੱਧੇ ਘੰਟੇ ਦੀ ਹੁੰਦੀ। ਇਹਨਾਂ ਬ੍ਰੇਕਾਂ ਵਿਚ ਲੋਕ ਤੀਜੀ ਮੰਜ਼ਲ ਵਾਲੇ ਹਾਲ ਕਮਰਿਆਂ ਵਿਚ ਜਾ ਬੈਠਦੇ। ਰੰਗ, ਮੁਲਕ ਜਾਂ ਦੋਸਤੀਆਂ ਦੇ ਹਿਸਾਬ ਨਾਲ ਢਾਣੀਆਂ ਬਣ ਜਾਂਦੀਆਂ। ਬਹੁਤੇ ਲੋਕ ਤਾਂ ਕੰਟੀਨ ਵਿਚੋਂ ਹੀ ਖਾਣਾ ਖਾਂਦੇ ਸਨ ਪਰ ਕਈ ਲੋਕ ਘਰਾਂ ਤੋਂ ਵੀ ਖਾਣਾ ਲੈ ਆਉਂਦੇ। ਖਾਣਾ ਗਰਮ ਕਰਨ ਲਈ ਓਵਨ ਵੀ ਬਣੇ ਹੋਏ ਸਨ। ਹਾਲਾਂ ਨਾਲ ਦੀਆਂ ਰਸੋਈਆਂ ਵੀ ਚਾਹ ਆਦਿ ਲਈ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ। ਪੰਜਾਬੀ ਲੋਕ ਦੇਸੀ ਹਿਸਾਬ ਦੀ ਕਾੜ੍ਹ ਕਾੜ੍ਹ ਕੇ ਚਾਹ ਬਣਾਉਂਦੇ। ਕਈ ਗੁਰੱਪ ਬਣੇ ਹੋਏ ਸਨ। ਹਰ ਗਰੁੱਪ ਨੇ ਆਪਣਾ ਬਕਸਾ ਜਿਹਾ ਰੱਖਿਆ ਹੋਇਆ ਸੀ ਜਿਸ ਵਿਚ ਚਾਹ ਦਾ ਸਮਾਨ, ਅਖਬਾਰਾਂ, ਮੈਗਜ਼ੀਨ, ਤਾਸ਼ ਆਦਿ ਪਏ ਰਹਿੰਦੇ। ਵਿਹਲੇ ਸਮੇਂ ਤਾਸ਼ ਆਮ ਖੇਲ੍ਹੀ ਜਾਂਦੀ। ਵੈਸਟ ਇੰਡੀਅਨ ਰੌਲ਼ਾ

ਪਾਉਂਦੇ ਹੋਏ ਕੋਈ ਗੇਮ ਖੇਡਦੇ। ਸੁਰਜਨ ਵੇਦ ਪ੍ਰਕਾਸ਼ ਵਾਲੇ ਗਰੁੱਪ ਵਿਚ ਸ਼ਾਮਲ ਹੋ ਗਿਆ। ਗਰੁੱਪ ਵਿਚ ਸ਼ਾਮਲ ਹੋਣ ਲਈ ਇਕ ਪੌਂਡ ਹਫਤੇ ਦਾ ਦੇਣਾ ਪੈਂਦਾ ਸੀ। ਸੁਰਜਨ ਪ੍ਰੀਤ ਲੜੀ ਪੜ੍ਹਨ ਦਾ ਸ਼ੌਕੀਨ ਸੀ। ਉਸ ਨੇ ਲਗਵਾਈ ਹੋਈ ਸੀ। ਜਦ ਉਹ ਪੜ੍ਹ ਲੈਂਦਾ ਤਾਂ ਉਹ ਬਕਸੇ ਵਿਚ ਰੱਖ ਦਿੰਦਾ ਤਾਂ ਜੋ ਹੋਰ ਵੀ ਪੜ੍ਹ ਸਕਣ।

ਰੁਆਇਲ ਡੀਨ ਵਿਚ ਐਤਵਾਰ ਦਾ ਦਿਨ ਸਭ ਤੋਂ ਵਿਸ਼ੇਸ਼ ਹੁੰਦਾ। ਗਰੁੱਪਾਂ ਵਿਚੋਂ ਕੋਈ ਜਾਣਾ ਘਰੋਂ ਕੋਈ ਖਾਸ ਚੀਜ਼ ਬਣਾ ਕੇ ਲੈ ਆਉਂਦਾ। ਕਈ ਮੀਟ ਦੇ ਦੇਗਚੇ ਵੀ ਚਾੜ੍ਹ ਲੈਂਦੇ। ਜਿਸ ਦੀ ਬ੍ਰੇਕ ਹੁੰਦੀ ਆ ਕੇ ਕੜਛੀ ਫੇਰ ਜਾਂਦਾ। ਬੋਤਲਾਂ ਖੁਲ੍ਹਦੀਆਂ। ਕਈ ਵਾਰ ਗੋਰੇ ਇਨਸਪੈਕਟਰ ਜਾਂ ਇਨਚਾਰਜ ਵੀ ਦੇਸੀ ਕਰੀ ਖਾਣ ਆ ਬੈਠਦੇ। ਸ਼ਾਮ ਦੀਆਂ ਸ਼ਿਫਟਾਂ ਤੇ ਰਾਤ ਦੀਆਂ ਸ਼ਿਫਟਾਂ ਵਿਚ ਸ਼ਰਾਬ ਬਹੁਤ ਪੀਤੀ ਜਾਂਦੀ। ਪੱਬ ਦਿਨੇ ਤਾਂ ਖੁਲ੍ਹਦਾ ਹੀ ਸੀ ਪਰ ਰਾਤ ਨੂੰ ਬਾਰਾਂ ਤੋਂ ਦੋ ਵਜੇ ਤਕ ਵੀ ਖੁਲ੍ਹਦਾ। ਸੁੰਦਰ ਸਿੰਘ ਕਲਸੀ ਵਰਗੇ ਕੁਝ ਵਿਓਪਾਰੀ ਵੀ ਸਨ ਜਿਹੜੇ ਆਪਣੇ ਲੌਕਰਾਂ ਵਿਚ ਵਿਸਕੀ ਰੱਖਦੇ ਤੇ ਵੇਚਦੇ ਵੀ। ਜਦ ਕਿਸੇ ਗਰੁੱਪ ਦੀ ਸ਼ਰਾਬ ਥੁੜ ਜਾਂਦੀ ਉਹ ਸੁੰਦਰ ਸਿੰਘ ਕਲਸੀ ਤਕ ਪਹੁੰਚ ਕਰ ਲੈਂਦਾ। ਮਾੜੀ ਸ਼ਰਾਬ ਉਹ ਦੁੱਗਣੇ ਭਾਅ ਵੇਚਦਾ।

ਸੁਰਜਨ ਸ਼ਰਾਬ ਵਾਲੀ ਢਾਣੀ ਵਿਚ ਕਦੇ ਨਹੀਂ ਸੀ ਰਲ਼ਿਆ। ਉਸ ਦੀ ਜ਼ਿਆਦਾ ਵੇਦ ਪ੍ਰਕਾਸ਼ ਤੇ ਕੁਲਤਾਰ ਨਾਲ ਬਣਦੀ ਸੀ, ਜਿਹਨਾਂ ਨਾਲ ਉਹ ਲੰਮੀਆਂ ਸਿਆਸੀ ਬਹਿਸਾਂ ਕਰਦਾ ਰਹਿੰਦਾ। ਹਰ ਦੇਸ਼ ਦਾ ਤੇ ਹਰ ਧਰਮ-ਰੰਗ ਦਾ ਬੰਦਾ ਇਥੇ ਕੰਮ ਕਰਦਾ ਸੀ ਪਰ ਲੋਕਾਂ ਦੇ ਆਪਸ ਵਿਚ ਸਬੰਧ ਚੰਗੇ ਸਨ। ਨਸਲਵਾਦ ਵੀ ਮਨਾਂ ਦੇ ਅੰਦਰੋ ਅੰਦਰ ਸੀ। ਭਾਰਤੀ ਤੇ ਪਾਸਿਕਤਾਨੀ ਆਪਸ ਵਿਚ ਮੋਹ ਕਰਦੇ ਸਨ ਪਰ ਕਦੇ ਕਦੇ ਆਪਸ ਵਿਚ ਤਿੜ ਵੀ ਜਾਂਦੇ। ਜਦ ਸੰਨ ਪੈਂਹਟ ਦੀ ਲੜ੍ਹਾਈ ਲਗੀ ਤਾਂ ਬਹੁਤ ਸਾਰੇ ਵਤਨ-ਪ੍ਰਸਤਾਂ ਇਕ ਦੂਜੇ ਨਾਲ ਬੋਲਣਾਂ ਵੀ ਬੰਦ ਕਰ ਦਿਤਾ ਸੀ। ਇਹੋ ਗੱਲ ਫਿਰ ਸੰਨ ਇਕੱਤਰ ਵਾਲੀ ਲੜ੍ਹਾਈ ਵੇਲੇ ਹੋਈ। ਸੰਨ ਇਕੱਤਰ ਤਕ ਰੁਆਇਲ ਡੀਨ ਵਿਚ ਇੰਨੇ ਕੁ ਭਾਰਤੀ ਤੇ ਪਾਕਿਸਤਾਨੀ ਹੋ ਚੁੱਕੇ ਸਨ ਕਿ ਮੈਨਜਮੈਂਨ ਡਰਨ ਲਗੀ ਸੀ ਕਿ ਇਹ ਲੋਕ ਆਪਸ ਵਿਚ ਹੀ ਨਾ ਲੜ੍ਹ ਪੈਣ। ਆਪਸ ਵਿਚ ਤਣਾਵ ਹੀ ਇੰਨਾ ਵਧ ਗਿਆ ਸੀ ਕਿ ਖਤਰੇ ਦੀਆਂ ਘੰਟੀਆਂ ਵੱਜਣ ਲਗੀਆਂ ਸਨ। ਪਾਕਿਸਤਾਨੀ ਢਾਣੀ ਵਿਚੋਂ ਕੋਈ ਆ ਕੇ ਖਬਰ ਸੁਣਾਉਂਦਾ,

"ਲਓ ਜੀ, ਖਬਰ ਆਈ ਏ ਕਿ ਸਾਡੇ ਜਹਾਜ਼ਾਂ ਨੇ ਦਿੱਲੀ ਦਾ ਕਨਾਟ ਪਲੇਸ ਢਾਹ ਛੱਡਿਆ ਜੇ।"

ਭਾਰਤੀ ਢਾਣੀ ਵਿਚੋਂ ਕੋਈ ਭੜਕਦਾ ਹੋਇਆ ਬੋਲਦਾ,

"ਖਾਨ, ਜੇ ਢਾਹੁਣਾ ਈ ਐ ਤਾਂ ਕੋਈ ਮਿਲਟਰੀ ਦਾ ਅੱਡਾ ਢਾਓ, ਕਨਾਟ ਪਲੇਸ ਤਾਂ ਇਕ ਸੈਰਗਾਹ ਐ, ਨਾਲੇ ਇਕ ਗੱਲ ਦੱਸ ਖਾਨ, ਦਿੱਲੀ ਤਕ ਦੇ ਸਫਰ ਲਈ ਜਹਾਜ਼ ਨੂੰ ਤੇਲ ਕਿੰਨਾ ਲਗਦਾ ਪਤਾ ਕੁਸ਼, ਏਨਾ ਵੀ ਪਤਾ ਕਿ ਲੜਾਕੇ ਜਹਾਜ਼ ਵਿਚ ਕਿੰਨੀ ਦੇਰ ਤਕ ਉੜਨ ਜੋਗਾ ਤੇਲ ਭਰਿਆ ਜਾ ਸਕਦਾ!"

ਕੋਈ ਹੋਰ ਭਾਰਤੀ ਗੱਲ ਕਰਦਾ ਆਖਣ ਲਗਦਾ,

"ਪਾਕਿਸਤਾਨੀ ਜਹਾਜ਼ਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਬੰਬ ਕਿਤੇ ਸੁੱਟਣਾ, ਕੱਲ ਸਾਡੇ ਬਾਪੂ ਦੀ ਚਿੱਠੀ ਆਈ ਕਿ ਪਾਕਿਸਤਾਨੀ ਜਹਾਜ਼ ਆਏ ਤੇ ਛੱਪੜ ਵਿਚ ਬੰਬ ਸੁੱਟ ਕੇ ਦੌੜ ਗਏ, ਏਦਾਂ ਈ ਨਾਲ ਦੇ ਪਿੰਡ ਇਕ ਤੋਕੜ ਜਿਹੀ ਮੱਝ ਮਾਰ ਗਏ ਬੰਬ ਨਾਲ।"

ਇਵੇਂ ਹੀ ਭਾਰਤੀਆਂ ਦਾ ਥੱਲਾ ਲਾਉਣ ਲਈ ਪਾਕਿਸਤਾਨੀ ਵੀ ਕਹਾਣੀਆਂ ਘੜ ਲੈਂਦੇ। ਵਿਚੋਂ ਹੀ ਕੋਈ ਉਠਦਾ ਤੇ ਬੋਲਦਾ,

"ਯਾਰੋ, ਕਿਉਂ ਬਹਿਸੀ ਜਾਂਦੇ ਓ, ਕਿਉਂ ਮਹੌਲ ਖਰਾਬ ਕਰਨ ਲਗੇ ਓ, ਇਹ ਸਾਰੀ ਗੌਰਮਿੰਟਾਂ ਦੀ ਸਿਆਸਤ ਐ, ਮਰਦੇ ਆ ਵਿਚਾਰੇ ਸਾਧਾਰਨ ਲੋਕ, ਤੁਸੀਂ ਬੇਗਾਨੇ ਮੁਲਕ ਵਿਚ ਆਏ ਓ, ਭਰਾਵਾਂ ਵਾਂਗ ਰਹੋ।"

ਇਕ ਦਿਨ ਰਾਮ ਸਿੰਘ ਸ਼ਰਾਬੀ ਹੋਇਆ ਕਹਿੰਦਾ ਫਿਰੇ ਕਿ ਬੰਗਲਾ ਦੇਸ਼ ਬਣੇ ਜਾਂ ਨਾ, ਇੰਡੀਆ ਜਿੱਤਦਾ ਜਾਂ ਨਹੀਂ ਪਰ ਮੈਂ ਚੈਲੰਜ ਕਰਦਾਂ ਬਈ ਜਿਹੜਾ ਮਰਜ਼ੀ ਪਾਕਿਸਤਾਨੀ ਮੇਰੇ ਨਾਲ ਘੁਲ਼ ਕੇ ਦੇਖ ਲਵੇ। ਦੋਸਤਾਂ ਨੇ ਬੜੀ ਮੁਸ਼ਕਲ ਨਾਲ ਰਾਮ ਸਿੰਘ ਨੂੰ ਠੰਡਾ ਕੀਤਾ।

ਇਹਨਾਂ ਲੋਕਾਂ ਵਿਚ ਇਕ ਹੋਰ ਵੀ ਜੋੜੀ ਸੀ; ਰਮਨ ਭਾਈ ਤੇ ਮਨਸੂਰ ਅਲੀ। ਦੋਨੋਂ ਕੱਛ ਦੇ ਰਹਿਣ ਵਾਲੇ ਸਨ। ਪਾਕਿਸਤਾਨ ਬਣਨ ਤੋਂ ਬਾਅਦ ਮਨਸੂਰ ਅਲੀ ਦਾ ਟੱਬਰ ਕਰਾਚੀ ਜਾ ਵਸਿਆ ਸੀ। ਦੋਨਾਂ ਦੀ ਹੀ ਸ਼ਾਮ ਦੀ ਸ਼ਿਫਟ ਸੀ। ਹਰੇਕ ਬ੍ਰੇਕ ਵਿਚ ਘੁੱਟ ਘੁੱਟ ਪੀਂਦੇ ਰਹਿੰਦੇ ਤੇ ਸ਼ੁਗਲ ਕਰਦੇ ਰਹਿੰਦੇ। ਜਿਥੇ ਅਜਿਹਾ ਬਹਿਸ-ਮੁਬਾਸਾ ਹੋ ਰਿਹਾ ਹੁੰਦਾ ਉਥੇ ਜਾ ਬੈਠਦੇ। ਨਕਲੀਆਂ ਵਾਂਗ ਉੱਚੀ ਉੱਚੀ ਗੱਲਾਂ ਕਰਨ ਲਗਦੇ;

"ਹਾਂ ਬਈ ਮਨਸੂਰ ਭਾਈ।"

"ਬੋਲ ਰਮਨ ਭਾਈ।"

"ਮੈਂ ਸੋਚ ਰਹਾ ਹੂੰ ਕਿ ਇੰਡੀਆ ਵੇਚ ਦੂੰ।"

"ਤੂ ਠੀਕ ਸੋਚ ਰਹਾ ਹੈ, ਮੁਝੇ ਵੀ ਪਾਕਿਸਤਾਨ ਵੇਚ ਦੇਨਾ ਹੈ, ਬੋਲ ਖਰੀਦੇਗਾ।"

"ਚਲੋ, ਮੈਂ ਨੇ ਪਾਕਿਸਤਾਨ ਖਰੀਦਾ, ਯੇ ਲੋ ਏਕ ਪੌਂਡ।"

"ਸਾਲੇ ਦੋ ਪੌਂਡ ਕੀਮਤ ਹੈ ਪਾਕਿਸਤਾਨ ਕੀ ਔਰ ਤੂ ਸਿਰਫ ਏਕ ਦੇ ਰਹਾ ਹੈ।"
"ਨਹੀਂ ਮਨਸੂਰ ਭਾਈ, ਦੋ ਪੌਂਡ ਬਹੁਤ ਜ਼ਿਆਦਾ ਹੈਂ, ਦੋ ਪੌਂਡ ਮੇਂ ਤੋ ਮੈਂ ਇੰਡੀਆ ਵੇਚ ਰਹਾ ਹੂੰ, ਦੇਖੋ ਕਿਤਨਾ ਬੜਾ ਮੁਲਕ ਹੈ, ਸਾਥ ਮੇਂ ਕਸ਼ਮੀਰ ਵੀ।"
"ਚਲ ਯਾਰ ਰਮਨ ਭਾਈ, ਤੁ ਪੁਰਾਨਾ ਦੋਸਤ ਹੈ, ਲਾ ਏਕ ਪੌਂਡ ਹੀ ਦੇ ਦੇ।

ਰਮਨ ਭਾਈ ਉਠ ਕੇ ਇਕ ਪੌਂਡ ਮਨਸੂਰ ਅਲੀ ਨੂੰ ਫੜਾਉਣ ਲਗਦਾ ਤਾਂ ਕੋਲ ਬੈਠਾ ਕੋਈ ਗਾਲ੍ਹ ਕੱਢਦਾ ਕਹਿੰਦਾ,
"ਚਲੋ ਭਾਗੋ ਯਹਾਂ ਸੇ, ਸਾਲੇ ਪਾਗਲ ਕਹੀਂ ਕੇ।"

ਉਹ ਦੋਵੇਂ ਇਕੋ ਅਵਾਜ਼ ਵਿਚ ਬੋਲਦੇ,
"ਪਾਗਲ ਹਮ ਨਹੀਂ ਪਾਗਲ ਤੁਮ ਹੋ ਜੋ ਕੌਮ ਔਰ ਦੇਸ਼ ਕੇ ਨਾਮ ਪਰ ਖਾਹਮਖਾਹ ਕੀ ਟੈਂਸ਼ਨ ਕਰੀਏਟ ਕਰਤੇ ਹੋ, ਅਰੇ ਕਿਸ ਇੰਡੀਆ, ਕਿਸਕਾ ਪਾਕਿਸਤਾਨ, ਅਰੇ ਓਵਰਟਾਈਮ ਲਗਾਓ, ਕਰਕੇ ਰੁਆਇਲ ਡੀਨ ਮੇਂ ਕਾਮ!"

ਜਿਸ ਦਿਨ ਭਾਰਤੀ ਫੌਜ ਨੇ ਇਕ ਲੱਖ ਪਾਕਿਸਤਾਨੀ ਫੌਜ ਨੂੰ ਜੰਗੀ ਕੈਦੀ ਬਣਾਇਆ ਉਸ ਦਿਨ ਮਹੌਲ ਬਹੁਤ ਖਤਰਨਾਕ ਸੀ। ਕੋਈ ਪਾਕਿਸਤਾਨੀ ਕੋਲੋਂ ਦੀ ਲੰਘਦਾ ਤਾਂ ਸ਼ਰਾਰਤੀ ਲੋਕ ਅਵਾਜ਼ੇ ਕੱਸਣ ਲਗਦੇ। ਕੁਝ ਦਿਨ ਤਾਂ ਭਾਰਤੀ ਪੰਜਾਬੀਆਂ ਨੇ ਇਸੇ ਖਬਰ ਨੂੰ ਸ਼ਰਾਬ ਪੀਣ ਦਾ ਬਹਾਨਾ ਵੀ ਬਣਾਇਆ। ਲੜਾਈ ਜਿੱਤਣ ਦੀ ਖੁਸ਼ੀ ਵਿਚ ਗੋਰਿਆਂ ਤੇ ਕਾਲਿਆਂ ਨੂੰ ਵੀ ਸ਼ਰਾਬ ਪਿਲਾਈ।

## ਚਾਰ

ਸਰਦੂਲ ਦੇ ਖਤ ਨੇ ਸੁਰਜਨ ਨੂੰ ਸੋਚਾਂ ਵਿਚ ਪਾ ਦਿਤਾ। ਉਹ ਉਠਦਾ ਬੈਠਦਾ ਇਹੋ ਸੋਚਦਾ ਰਹਿੰਦਾ ਕਿ ਹੁਣ ਕੀ ਕਰੇ। ਸਰਦੂਲ ਨੇ ਲਿਖਿਆ ਸੀ ਕਿ ਕਲੇਰਾਂ ਵਿਚ ਜ਼ਮੀਨ ਦੇ ਦੋ ਖੇਤ ਵਿਕਾਊ ਸਨ। ਸਸਤੇ ਮਿਲ ਰਹੇ ਸਨ। ਸੁਰਜਨ ਨੂੰ ਜ਼ਮੀਨ ਨਾਲ ਬਹੁਤਾ ਪਿਆਰ ਨਹੀਂ ਸੀ, ਉਸ ਨੇ ਤਾਂ ਆਪਣੇ ਹਿੱਸਾ ਵੀ ਪਿਓ ਦੇ ਕਹਿਣ 'ਤੇ ਆਪਣੇ ਭਰਾ ਨੂੰ ਛੱਡ ਦਿਤਾ ਸੀ। ਜੇ ਕੁਝ ਖਰੀਦਣਾ ਵੀ ਹੋਵੇ ਤਾਂ ਆਪਣੇ ਪਿੰਡ ਚੱਕ ਵਿਚ ਹੀ ਖਰੀਦਣਾ ਸੀ। ਕਲੇਰਾਂ ਉਸ ਦੇ ਪਿੰਡ ਤੋਂ ਕੁਝ ਦੂਰ ਸੀ, ਫਿਰ ਸੁਹਰਾ ਪਿੰਡ ਵੀ। ਆਪਣੇ ਸ਼ਰੀਕੇ ਵਿਚ ਵਸਣ ਦਾ ਮਜ਼ਾ ਹੋਰ ਹੁੰਦਾ ਹੈ। ਸਰਦੂਲ ਦੀ ਗੱਲ ਨੂੰ ਮੋੜਨਾ ਵੀ ਨਹੀਂ ਸੀ ਚਾਹੁੰਦਾ। ਸਰਦੂਲ ਦੋਸਤ ਵੀ ਸੀ ਤੇ ਉਸ ਦੇ ਉਸ ਉਪਰ ਅਹਿਸਾਨ ਵੀ ਸਨ। ਜਦੋਂ ਦਾ ਉਹ ਇੰਗਲੈਂਡ ਆਇਆ, ਪਾਸ਼ੀ ਬੱਚੇ ਲੈ ਕੇ ਕਲੇਰੀਂ ਹੀ ਰਹਿ ਰਹੀ ਸੀ। ਚੱਕ ਵਾਲਾ ਘਰ ਵੀ ਛੋਟਾ ਜਿਹਾ ਸੀ ਤੇ ਫਿਰ ਪਾਸ਼ੀ ਭੋਲੀ ਔਰਤ। ਉਸ ਦੇ ਭਰਾ ਦੀ ਤੇਜ਼ ਪਤਨੀ ਨੇ ਤਾਂ ਉਸ ਦੇ ਪਿੰਡ ਪੈਰ ਵੀ ਨਹੀਂ ਸੀ ਲਗਣ ਦੇਣੇ। ਪਾਸ਼ੀ ਦੇ ਸਿਰਫ ਕੁੜੀਆਂ ਹੀ ਹੋਣ ਕਰਕੇ ਉਸ ਨੂੰ ਹੀਣੀ ਜਿਹੀ ਵੀ ਸਮਝਿਆ ਜਾ ਰਿਹਾ ਸੀ। ਸਰਦੂਲ ਨੇ ਆਪ ਹੀ ਕਿਹਾ ਸੀ ਕਿ ਜਿੰਨਾ ਚਿਰ ਉਹ ਨਹੀਂ ਮੁੜਦਾ ਪਾਸ਼ੀ ਉਹਨਾਂ ਕੋਲ ਹੀ ਰਹੇਗੀ। ਸਰਦੂਲ ਹੋਰੀਂ ਤਿੰਨ ਭਰਾ ਸਨ, ਇਕੱਠੇ ਹੀ ਰਹਿੰਦੇ ਸਨ। ਉਹਨਾਂ ਨੇ ਪਾਸ਼ੀ ਨੂੰ ਅਲੱਗ ਘਰ ਛੱਤ ਦਿਤਾ ਸੀ ਤੇ ਲਵੇਰਾ ਵੀ ਰੱਖ ਦਿਤਾ ਹੋਇਆ ਸੀ। ਸੁਰਜਨ ਨੂੰ ਕਦੇ ਵੀ ਆਪਣੇ ਬੱਚਿਆਂ ਦਾ ਫਿਕਰ ਨਹੀਂ ਸੀ ਹੋਇਆ। ਇਹ ਸਰਦੂਲ ਕਰਕੇ ਹੀ ਸੀ। ਸਰਦੂਲ ਪਾਸ਼ੀ ਦਾ ਵੱਡਾ ਭਰਾ, ਉਸ ਦਾ ਸਾਲਾ ਬਆਦ ਵਿਚ ਬਣਿਆਂ ਪਹਿਲਾਂ ਉਸ ਦਾ ਦੋਸਤ ਸੀ। ਦੋਸਤ ਵੀ ਬਰਾਬਰ ਖੜਨ ਵਾਲਾ। ਉਸ ਦੇ ਆਪਣੇ ਭਰਾ ਨਿਰਮਲ ਨਾਲ ਸਬੰਧ ਪਹਿਲੇ ਜਿਹੇ ਨਹੀਂ ਸਨ ਰਹੇ, ਖਾਸ ਤੌਰ ਤੇ ਜਦੋਂ ਉਹ ਇੰਗਲੈਂਡ ਆ ਗਿਆ ਸੀ। ਬੱਚੇ ਕਲੇਰੀਂ ਰਹਿਣ ਜਾ ਲੱਗੇ ਸਨ ਤਾਂ ਨਿਰਮਲ ਨੇ ਸਾਰੇ ਘਰ ਉਪਰ ਹੀ ਕਬਜ਼ਾ ਕਰ ਲਿਆ ਸੀ। ਉਸ ਦੀ ਗੱਲਬਾਤ ਤੋਂ ਜ਼ਾਹਰ ਸੀ ਕਿ ਹੁਣ ਉਹ ਸੁਰਜਨ ਨੂੰ ਹਿੱਸਾ ਨਹੀਂ ਦੇਣ ਲਗਿਆ। ਇਸ ਗੱਲ ਦਾ ਸੁਰਜਨ ਨੂੰ ਦੁੱਖ ਤਾਂ ਸੀ ਪਰ ਇਸ ਨੂੰ ਵੱਡੀ ਨਹੀਂ ਸੀ ਬਣਾਉਣਾ ਚਾਹੁੰਦਾ। ਉਸ ਨੇ ਸੋਚ ਲਿਆ ਸੀ ਕਿ ਨਵੀਂ ਜਗਾਹ ਖਰੀਦ ਕੇ ਹੋਰ ਘਰ ਛੱਤ ਲਵੇਗਾ। ਉਸ ਨੇ ਇਕ ਖਤ ਵਿਚ ਸਰਦੂਲ ਨੂੰ ਲਿਖ ਵੀ ਦਿਤਾ ਹੋਇਆ ਸੀ ਕਿ ਚੱਕ ਵਿਚ ਕੋਈ ਘਰ ਬਣਾਉਣ ਲਈ ਜਗਾਹ ਵਿਕਦੀ ਹੋਵੇ ਤਾਂ ਦੇਖ ਲਵੇ। ਸਰਦੂਲ ਦੀ ਕਲੇਰਾਂ ਵਿਚ ਜ਼ਮੀਨ ਖਰੀਦਣ ਵਾਲੀ ਗੱਲ ਨੇ ਉਸ ਨੂੰ ਦੁਚਿੱਤੀ ਵਿਚ ਪਾ ਦਿਤਾ। ਦੋ ਕੁ ਦਿਨ ਉਸ ਨੇ ਸੋਚਿਆ ਤੇ ਫਿਰ 'ਹਾਂ' ਕਰ ਦਿਤੀ ਕਿ ਦੇਖੀ ਜਾਵੇਗੀ, ਜਦ ਲੋੜ ਪਵੇਗੀ ਵੇਚ ਕੇ ਚੱਕ ਖਰੀਦ ਲਵੇਗਾ।

ਸਰਦੂਲ ਤੇ ਸੁਰਜਨ ਨੇ ਇਕੱਠਿਆਂ ਨੇ ਰਾਮ ਗੜ੍ਹੀਆ ਕਾਲਜ ਵਿਚ ਦਾਖਲਾ ਲਿਆ ਸੀ। ਦੇਸ਼ ਨਵਾਂ ਨਵਾਂ ਅਜ਼ਾਦ ਹੋਇਆ ਸੀ ਇਸ ਲਈ ਲੋਕਾਂ ਵਿਚ ਦੇਸ਼-ਭਗਤੀ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ। ਨਾਲ ਦੀ ਨਾਲ ਕੌਮਨਿਸਟ ਲਹਿਰ ਵੀ ਜ਼ੋਰ

ਫੜ ਰਹੀ ਸੀ। ਉਹਨਾਂ ਦੋਨਾਂ ਨੇ ਇਕੱਠਿਆਂ ਨੇ ਕੌਮਨਿਜ਼ਮ ਸਮਝਣਾ ਸ਼ੁਰੂ ਕੀਤਾ ਸੀ। ਉਹ ਰਲ਼ ਕੇ ਕਿਤਾਬਾਂ ਪੜ੍ਹਿਆ ਕਰਦੇ। ਰੂਸ ਬਾਰੇ ਗੱਲਾਂ ਕਰਦੇ। ਦੋਵੇਂ ਹੀ ਪਦਾਰਥਵਾਦੀ ਸਨ। ਰੱਬ 'ਤੇ ਯਕੀਨ ਨਹੀਂ ਸਨ ਕਰਦੇ। ਦੋਸਤਾਂ ਨਾਲ ਹੁੰਦੀ ਬਹਿਸ ਵਿਚ ਆਪਣੀ ਗੱਲ ਮਨਵਾਉਣ ਦੀ ਕੋਸ਼ਿਸ਼ ਕਰਦੇ ਕਿ ਕੁਦਰਤ ਆਪਣੇ ਆਪ ਵਿਚ ਸੰਪੂਰਨ ਹੈ, ਇਸ ਨੂੰ ਕੋਈ ਅਦਿੱਖ ਤਾਕਤ ਨਹੀਂ ਚਲਾਉਂਦੀ। ਉਹ ਕੌਮਨਿਸਟ ਪਾਰਟੀ ਦੇ ਹਮਦਰਦ ਬਣ ਗਏ। ਉਹਨਾਂ ਦੀਆਂ ਮੀਟਿੰਗਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ। ਦੋਵੇਂ ਹੀ ਪ੍ਰੀਤ ਲੜੀ ਦੇ ਪਾਠਕ ਵੀ ਸਨ। ਕਈ ਦੋਸਤ ਉਹਨਾਂ ਨੂੰ ਪ੍ਰੀਤ ਲੜੀਏ ਕਹਿ ਕੇ ਬੁਲਾਉਂਦੇ। ਉਹਨਾਂ ਦੀ ਅਜਿਹੀ ਦੋਸਤੀ ਪਈ ਕਿ ਦਿਨੋ ਦਿਨ ਪੀਡੀ ਹੁੰਦੀ ਗਈ। ਇਕ ਦੂਜੇ ਦੇ ਘਰੀਂ ਜਾਣ ਲਗੇ, ਜਾ ਕੇ ਕਈ ਕਈ ਰਾਤਾਂ ਰਹਿਣ ਲਗੇ।

ਬੀ. ਏ. ਵਿਚ ਪੜ੍ਹਦਿਆਂ ਹੀ ਸਰਦੂਲ ਦੇ ਪਿਤਾ ਦੀ ਮੌਤ ਹੋ ਗਈ। ਉਸ ਨੂੰ ਪੜ੍ਹਾਈ ਛੱਡਣੀ ਪਈ ਕਿਉਂਕਿ ਜ਼ਮੀਨ ਸੰਭਾਲਣੀ ਪੈਣੀ ਸੀ। ਦੂਜੇ ਭਰਾ ਹਾਲੇ ਛੋਟੇ ਸਨ। ਸੱਤਰ ਏਕੜ ਜ਼ਮੀਨ ਦੇ ਸਨ ਪਰ ਸੀ ਖਿਲਰਵੀਂ, ਚੌਂਹ ਪਿੰਡੀਂ। ਬਾਰ ਵਿਚ ਉਹ ਕਈ ਮਰੱਬਿਆਂ ਦੇ ਮਾਲਕ ਸਨ, ਇਧਰ ਆ ਕੇ ਤਾਂ ਬਹੁਤ ਘੱਟ ਰਹਿ ਗਈ ਸੀ। ਪੜ੍ਹਾਈ ਜਾਰੀ ਰੱਖਦਿਆਂ ਜ਼ਮੀਨ ਨਹੀਂ ਸੀ ਸੰਭਾਲੀ ਜਾਣੀ। ਸਰਦੂਲ ਦੇ ਪਿਤਾ ਦੀ ਮੌਤ ਤੋਂ ਬਾਅਦ ਕਈ ਦਿਨ ਤਕ ਸੁਰਜਨ ਕਲੇਰੀਂ ਹੀ ਰਿਹਾ, ਆਪਣੇ ਦੋਸਤ ਦਾ ਦੁੱਖ ਵੰਡਾਉਂਦਾ ਰਿਹਾ। ਇਹਨਾਂ ਦਿਨਾਂ ਵਿਚ ਹੀ ਸਰਦੂਲ ਨੇ ਉਹਨੂੰ ਇਕ ਵਾਰ ਪੁੱਛਿਆ ਸੀ,

"ਸੁਰਜਣਾ, ਵਿਆਹ ਕਦੋਂ ਕਰਾਉਣਾ?"

"ਵਿਆਹ ਵੀ ਕਰਾ ਲਵਾਂਗੇ, ਇਥੇ ਕਿਹੜੀ ਕਾਹਲ ਪਈ ਆ, ਬੀ. ਏ. ਕਰਕੇ ਬੀ. ਟੀ. ਕਰਨੀ ਆਂ ਤੇ ਫਿਰ ਕਿਤੇ ਨੌਕਰੀ ਲੱਭਣੀ ਆਂ, ਫਿਰ ਜਾ ਕੇ ਸੋਚਾਂਗੇ। ਦੇਖੀ ਜਾਊ, ਹਾਲੇ ਬਥੇਰਾ ਟਾਇਮ ਹੈਗਾ।"

ਉਸ ਦਿਨ ਤਾਂ ਇੰਨੀ ਕੁ ਗੱਲ ਹੋ ਸਕੀ। ਇਕ ਦਿਨ ਫਿਰ ਸਰਦੂਲ ਗੱਲ ਕਰਨ ਲਗ ਪਿਆ,

"ਮੈਂ ਤਾਂ ਨਹੀਂ ਪੜ੍ਹ ਸਕਿਆ ਪਰ ਹੁਣ ਮੈਂ ਭਰਾਵਾਂ ਨੂੰ ਜ਼ਰੂਰ ਪੜ੍ਹਾਉਣਾ, ਨਹੀਂ ਤਾਂ ਏਹਨਾਂ ਨੂੰ ਜਗੀਰਦਾਰਾਂ ਵਾਲ਼ੇ ਐਬ ਲੱਗ ਜਾਣੇ ਆਂ ਪਰ ਓਸ ਤੋਂ ਵੀ ਪਹਿਲਾਂ ਮੈਂ ਪਾਸ਼ੀ ਦਾ ਵਿਆਹ ਕਰ ਦੇਣਾ ਚਾਹੁੰਨਾ।"

ਪਾਸ਼ੀ, ਸਰਦੂਲ ਦੀ ਭੈਣ ਨੂੰ ਸੁਰਜਨ ਨੇ ਚੰਗੀ ਤਰ੍ਹਾਂ ਦੇਖਿਆ ਹੋਇਆ ਸੀ। ਘਰ ਦਾ ਰੋਟੀ-ਟੁੱਕ ਉਹੀ ਕਰਦੀ ਸੀ। ਪੜ੍ਹੀ, ਭਾਵੇਂ ਬਹੁਤਾ ਨਹੀਂ ਸੀ ਪਰ ਕੰਮ ਨੂੰ ਬਹੁਤ ਸਚਿਆਰੀ ਸੀ ਤੇ ਸੁਹਣੀ ਵੀ ਬਹੁਤ ਸੀ। ਸੁਰਜਨ ਨੂੰ ਉਹ ਚੰਗੀ ਵੀ ਲਗਦੀ ਸੀ ਪਰ ਉਸ ਨੇ ਉਸ ਨੂੰ ਇਕ ਦੋਸਤ ਦੀ ਭੈਣ ਵਾਂਗ ਹੀ ਲਿਆ ਸੀ। ਸਰਦੂਲ ਨੇ ਫਿਰ ਕਿਹਾ,

"ਬਸ ਮੇਰੀ ਇਹ ਇਕੋ ਸਿਰਦਰਦੀ ਐ ਹੁਣ।"

"ਇਹ ਕਾਹਦੀ ਸਿਰਦਰਦੀ ਐ ਸਰਦੂਲ, ਤੁਹਾਡੀ ਕੁੜੀ ਸੁਹਣੀ ਐ, ਉੱਚਾ ਖਾਨਦਾਨ ਐ ਤੁਹਾਡਾ, ਰਿਸ਼ਤਿਆਂ ਦਾ ਕੀ ਘਾਟਾ! ਫਿਕਰ ਕਿਉਂ ਕਰਦਾਂ।"

"ਉਹ ਤਾਂ ਤੇਰੀ ਗੱਲ ਠੀਕ ਐ ਸੁਰਜਣਾ ਪਰ ਮੈਂ ਕੁਝ ਹੋਰ ਸੋਚ ਰਿਹਾਂ।"

"ਤੂੰ ਕੀ ਸੋਚ ਰਿਹਾਂ?"

"ਸੁਰਜਣਾਂ, ਮੈਂ ਇਕ ਗੱਲ ਕਹਿਣ ਜਾ ਰਿਹਾਂ, ਤੂੰ 'ਹਾਂ' ਕਰ ਜਾਂ 'ਨਾਂਹ', ਮੈਨੂੰ ਕੋਈ ਇਤਰਾਜ਼ ਨਹੀਂ, ਆਪਣੀ ਦੋਸਤੀ ਵਿਚ ਵੀ ਫਰਕ ਨਹੀਂ ਆਊਗਾ, ...ਦੱਸ ਤੈਨੂੰ ਕੁੜੀ ਪਸੰਦ ਐ?"

"ਸਰਦੂਲ, ਤੇਰਾ ਦਿਮਾਗ ਤਾਂ ਠੀਕ ਐ!"

"ਏਹਦੇ ਵਿਚ ਦਿਮਾਗ ਠੀਕ ਹੋਣ ਜਾਂ ਨਾ ਹੋਣ ਵਾਲੀ ਕਿਹੜੀ ਗੱਲ ਐ, ਜੇ ਨਹੀਂ ਪਸੰਦ ਤਾਂ ਨਾਂਹ ਕਹਿ ਦੇ, ਸਭ ਕੁਝ ਤੇਰੇ ਸਾਹਮਣੇ ਈ ਐ।"

"ਦੇਖ ਸਰਦੂਲ, ਆਪਾਂ ਦੋਸਤ ਆਂ ਤੇ ਦੋਸਤ ਈ ਰਹੀਏ ਤਾਂ ਠੀਕ ਐ, ਦੋਸਤੀ ਵਿਚ ਆਪਣਾ ਮੇਲ ਠੀਕ ਐ ਪਰ ਰਿਸ਼ਤੇਦਾਰੀ ਵਿਚ ਇਹ ਮੇਲ ਨਹੀਂ ਚਲਦਾ ਹੁੰਦਾ।"

"ਤੈਨੂੰ ਕੁੜੀ ਪਸੰਦ ਐ ਤਾਂ ਦੱਸ, ਫਿਰ ਮੈਂ ਅਗਲੀ ਗੱਲ ਕਰਦਾਂ।"

"ਮੈਂ ਪਾਸ਼ੀ ਨੂੰ ਕਦੇ ਏਸ ਨਜ਼ਰ ਨਾਲ ਨਹੀਂ ਦੇਖਿਆ, ਕੁੜੀਆਂ ਵਰਗੀ ਕੁੜੀ ਐ, ਹੋਰ ਕੀ!"

"ਫਿਰ ਸੋਚ ਲੈ, ਕਾਹਲੀ ਕੋਈ ਨਹੀਂ, 'ਨਾਂਹ' ਕਰਨੀ ਹੋਈ ਤਾਂ ਵੀ ਕੋਈ ਗੱਲ ਨਹੀਂ।"

"ਦੇਖ ਸਰਦੂਲ, ਆਪਣਾ ਕੋਈ ਮੇਲ਼ ਨਹੀਂ, ਤੁਸੀਂ ਲੈਂਡ ਲੌਰਡ ਤੇ ਮੈਂ ਬੇ-ਜ਼ਮੀਨੇ ਜੱਟ ਦਾ ਪੁੱਤ। ਆਪਣੇ ਸਮਾਜਕ ਰੁਤਬੇ ਦਾ ਬਹੁਤ ਵੱਡਾ ਫਰਕ ਐ।"

"ਇਹ ਤਾਂ ਕੋਈ ਫਰਕ ਨਾ ਹੋਇਆ, ਦੇਖ ਸਾਡੀ ਕੁੜੀ ਸਾਦੀ ਐ ਤੇ ਬਹੁਤ ਭੋਲ਼ੀ ਵੀ ਪਰ ਇਹ ਹਰ ਹਾਲਾਤ ਵਿਚ ਰਹਿ ਸਕਦੀ ਆ, ਦੁੱਖ ਸੁੱਖ ਵਿਚ ਤੇਰਾ ਸਾਥ ਦੇ ਸਕਦੀ ਐ। ਤੇਰਾ ਦਿਲ ਕਰਦਾ ਤਾਂ ਤੂੰ ਕੁੜੀ ਨਾਲ ਆਪ ਗੱਲ ਕਰ ਸਕਦਾਂ, ...ਤੂੰ ਏਦਾਂ ਕਰ ਕਿ ਹਫਤਾ, ਦਸ ਦਿਨ ਜਾਂ ਜਿੰਨਾ ਚਿਰ ਮਰਜ਼ੀ ਸੋਚ ਲੈ। ਕੋਈ ਕਾਹਲ਼ੀ ਨਹੀਂ।"

"ਛੱਡ ਯਾਰ, ਕੋਈ ਹੋਰ ਗੱਲ ਕਰ।"

ਕਹਿ ਕੇ ਸੁਰਜਨ ਨੇ ਗੱਲ ਟਾਲ਼ ਦਿਤੀ। ਉਸ ਨੇ ਵਿਹੜੇ ਵਿਚ ਫਿਰਦੀ ਪਾਸ਼ੀ ਵਲ ਇਕ ਵਾਰ ਫਿਰ ਦੇਖਿਆ। ਉਸ ਨੂੰ ਉਹ ਬਹੁਤ ਸੋਹਣੀ ਲਗੀ। ਸਰਦੂਲ ਨੂੰ ਪਤਾ ਸੀ ਕਿ ਪਾਸ਼ੀ ਲਈ ਸੁਰਜਨ ਤੋਂ ਚੰਗਾ ਮੁੰਡਾ ਨਹੀਂ ਸੀ ਮਿਲ ਸਕਣਾ। ਜ਼ਮੀਨ ਥੋੜੀ ਜਿਹੀ ਸੀ ਭਾਵੇਂ ਪਰ ਉਸ ਨੇ ਮਾਸਟਰ ਬਣ ਹੀ ਜਾਣਾ ਸੀ। ਉਹਨਾਂ ਦੀ ਕੁੜੀ ਭੁੱਖੀ ਨਹੀਂ ਸੀ ਮਰਨ ਲਗੀ। ਉਸ ਨੇ ਆਪਣੀ ਮਾਂ ਨਾਲ ਪਹਿਲਾਂ ਹੀ ਗੱਲ ਕਰ ਰੱਖੀ ਸੀ। ਉਸ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਸੁਰਜਨ ਨੇ ਥੋੜੇ ਕੀਤੇ ਨਾਂਹ ਨਹੀਂ ਕਰਨੀ।

ਉਸ ਦਿਨ ਸੁਰਜਨ ਚਲੇ ਗਿਆ ਪਰ ਮੁੜ ਕਲੇਰੀਂ ਨਾ ਗਿਆ। ਪਾਸ਼ੀ ਨੂੰ ਉਸ ਨੇ ਪਸੰਦ ਤਾਂ ਕਰ ਲਿਆ ਸੀ ਬਸ ਵੱਡੇ ਰੁਤਬੇ ਵਾਲੀ ਗੱਲ ਰੜਕੀ ਜਾ ਰਹੀ ਸੀ। ਉਸ ਨੇ ਪਾਸ਼ੀ ਨੂੰ ਉਹ ਸੁੱਖ ਸਹੂਲਤਾਂ ਨਹੀਂ ਸੀ ਦੇ ਸਕਣੀਆਂ ਜਿਹੜੀਆਂ ਉਸ ਨੂੰ ਹੁਣ ਹਾਸਲ ਸਨ। ਘਰ ਵਿਚ ਉਸ ਦੇ ਤਾਂ ਹਿੱਸੇ ਵੀ ਕੁਝ ਖਣ ਹੀ ਆਉਂਦੇ ਸਨ। ਸਰਦੂਲ ਨੇ ਦੋ ਹਫਤੇ ਉਸ ਨੂੰ ਉਡੀਕਿਆ ਤੇ ਫਿਰ ਆਪ ਹੀ ਚੱਕ ਚਲੇ ਗਿਆ। ਸੁਰਜਨ ਘਰ ਹੀ ਸੀ। ਸਰਦੂਲ ਉਸ ਨਾਲ ਹੱਥ ਮਿਲਾਉਂਦਾ ਬੋਲਿਆ,

"ਕਿਧਰ ਗਾਇਬ ਹੋ ਗਿਆਂ, ...ਨਹੀਂ ਤਾਂ ਨਾ ਸਹੀ ਪਰ ਦੋਸਤੀ ਤਾਂ ਨਾ ਛੱਡ।"

"ਮੈਂ ਜ਼ਰਾ ਪੜ੍ਹਾਈ 'ਚ ਬੀਜ਼ੀ ਸੀ ਪਰ ਸਰਦੂਲ ਇਹ ਬਹੁਤ ਅਣਹੋਈ ਗੱਲ ਐ, ਆਹ ਦੇਖ ਮੇਰਾ ਘਰ ਤੇ ਫੇਰ ਦੇਖ ਆਪਣੀ ਇਕ ਘੁਮਾਂ ਵਿਚ ਬਣੀ ਹਵੇਲੀ।"

"ਦੇਖ ਸੁਰਜਣਾ, ਇਹ ਕੋਈ ਮਸਲਾ ਨਹੀਂ, ਹਾਂ, ਜੇ ਤੈਨੂੰ ਕੁੜੀ ਨਹੀਂ ਪਸੰਦ ਤਾਂ ਕੋਈ ਗੱਲ ਈ ਨਹੀਂ।"

"ਇਹ ਕੀ ਗੱਲ ਕਰਦਾਂ, ਚੰਗੀ ਭਲੀ ਕੁੜੀ ਐ ਪਰ ਮੈਂ ਉਹਨੂੰ ਤੇਰੇ ਘਰ ਵਾਲੀਆਂ ਸਹੂਲਤਾਂ ਕਿਥੋਂ ਦੇਵਾਂਗਾ।"

"ਇਸ ਗੱਲ ਦਾ ਫਿਕਰ ਨਾ ਕਰ, ਜੇ ਕੁੜੀ ਕਦੇ ਕੋਈ ਕੰਪਲੇਂਟ ਕਰੇ ਤਾਂ ਤੂੰ ਮੈਨੂੰ ਫੜੀਂ। ਪਹਿਲਾਂ ਤੂੰ ਆਪਣਾ ਮਨ ਬਣਾ ਫਿਰ ਆਪਣੇ ਪਰਿਵਾਰ ਵਿਚ ਸਲਾਹ ਕਰ ਲੈ।"

"ਘਰ ਦਿਆਂ ਨਾਲ ਹੁਣ ਤੂੰ ਹੀ ਗੱਲ ਕਰੇਂਗਾ ਪਰ ਇਹ ਕੰਮ ਗਲਤ ਕਰ ਰਿਹਾਂ।"

"ਤੂੰ ਮੇਰੀ ਜ਼ੁਬਾਨ ਤੇ ਭਰੋਸਾ ਰੱਖ, ਕੁੜੀ ਤੈਨੂੰ ਵੀ ਸੁੱਖ ਦੇਊਗੀ ਤੇ ਤੇਰੇ ਨਾਲ ਰਹਿ ਕੇ ਉਹ ਵੀ ਸੁੱਖ ਪਾਊਗੀ।"

"ਦੇਖ ਸਰਦੂਲ, ਮੈਂ ਤੇਰੀ ਗੱਲ ਮੰਨ ਲੈਂਨਾ ਪਰ ਤੈਨੂੰ ਵੀ ਮੇਰੀਆਂ ਦੋ ਗੱਲਾਂ ਮੰਨਣੀਆਂ ਪੈਣਗੀਆਂ ਤਾਂ ਹੀ ਇਹ ਦੋਸਤੀ ਅਗੇ ਕਾਇਮ ਰਹੇਗੀ।"

"ਤੂੰ ਹੁਕਮ ਕਰ ਯਾਰ।"

"ਇਕ ਗੱਲ ਤਾਂ ਇਹ ਕਿ ਮੈਂ ਦਾਜ ਬਿਲਕੁਲ ਨਹੀਂ ਲੈਣਾ, ਜਿਸ ਦਿਨ ਵੀ ਤੂੰ ਮੈਨੂੰ ਕੁਝ ਦੇਣ ਦੀ ਕੋਸ਼ਿਸ਼ ਕੀਤੀ ਆਪਣੀ ਦੋਸਤੀ ਖਤਮ ਹੋ ਜਾਣੀ ਆਂ।"

"ਓਹ ਜੋ ਕੁਝ ਸਾਡੀ ਮਾਂ ਬਣਾਈ ਬੈਠੀ ਐ, ਕੁੜੀ ਨੇ ਆਪਣੇ ਹੱਥੀਂ ਵੀ ਬਣਾਇਆ ਹੋਇਆ ਬਹੁਤ ਕੁਝ।"

"ਮੈਂ ਕੁਝ ਨਹੀਂ ਲੈਣਾ, ਕੁੜੀ ਤਿੰਨਾਂ ਕਪੜਿਆਂ ਵਿਚ ਆਊ ਸਾਡੇ ਘਰ, ਦੇਖ ਲੈ ਮਨਜ਼ੂਰ ਐ ਤਾਂ।"

"ਦੂਜੀ ਗੱਲ ਕਿਹੜੀ ਐ?"

"ਦੂਜੀ ਗੱਲ ਇਹ ਕਿ ਮੈਂ ਸਿਰਫ ਸਿਵਲ ਮੈਰਿਜ ਈ ਕਰਨੀ ਆਂ।"

"ਸੁਰਜਣਾਂ, ਇਥੇ ਤੂੰ ਗਲਤ ਐਂ, ਦੇਖ ਆਪਾਂ ਰੱਬ ਨੂੰ ਨਹੀਂ ਮੰਨਦੇ ਪਰ ਆਪਣੇ ਨਾਲ਼ ਜੁੜੇ ਲੋਕ ਤਾਂ ਆਪਣੇ ਜਿਹੇ ਨਹੀਂ। ਪਾਸ਼ੀ ਤਾਂ ਮੰਨਦੀ ਐ, ਬਾਕੀ ਤੇਰਾ ਮੇਰਾ ਸਾਰਾ ਟੱਬਰ ਵੀ। ਜੇ ਧਾਰਮਿਕ ਰਸਮਾਂ ਨਾ ਹੋਈਆਂ, ਫੇਰੇ ਨਾ ਹੋਏ ਤਾਂ ਲੋਕਾਂ ਦੇ ਮਨ ਵਹਿਮੀ ਹੋ ਜਾਂਦੇ ਆ, ਮਹਾਂਰਾਜ ਦੇ ਮੂਹਰੇ ਵਿਆਹ ਨੂੰ ਈ ਲੋਕ ਅਸਲੀ ਵਿਆਹ ਮੰਨਦੇ ਆ।"

ਸੁਰਜਨ ਨੂੰ ਜਾਪਿਆ ਕਿ ਸਰਦੂਲ ਇਸ ਗੱਲ ਵਿਚ ਸਹੀ ਹੈ। ਵਿਆਹ ਪਾਸ਼ੀ ਦਾ ਵੀ ਤਾਂ ਹੋ ਰਿਹਾ ਹੈ, ਉਸ ਦੀ ਮਰਜ਼ੀ ਵੀ ਤਾਂ ਹੋਣੀ ਚਾਹੀਦੀ ਹੈ। ਸਰਦੂਲ ਨੇ ਫਿਰ ਕਿਹਾ,

"ਤੁਸੀਂ ਬਰਾਤ ਲੈ ਕੇ ਆ ਜਾਇਓ ਜਿੰਨੀ ਮਰਜ਼ੀ, ਅਸੀਂ ਪੂਰੀ ਸੇਵਾ ਕਰਾਂਗੇ, ਲੈਣ ਦੇਣ ਜਿਵੇਂ ਤੂੰ ਕਹੇਂਗਾ।"

"ਨਹੀਂ, ਬਰਾਤ ਵੀ ਨਹੀਂ ਆਉਣੀ।"

"ਪੰਜ ਬੰਦੇ ਤਾਂ ਆਵੋਂਗੇ ਹੀ, ਤੇਰੇ ਇਕੱਲੇ ਨਾਲ ਈ ਕਿੱਦਾਂ ਕੁੜੀ ਤੋਰ ਦੇਵਾਂਗੇ!"

"ਹਾਂ, ਪੰਜ ਬੰਦੇ ਹੋਣਗੇ ਪਰ ਰਾਤ ਨਹੀਂ ਰਹਾਂਗੇ।"

ਉਹਨਾਂ ਨੇ ਹੱਥ ਮਿਲਾ ਲਏ। ਘਰ ਵਿਚ ਆਉਣੀ ਜਾਣੀ ਹੋਣ ਕਰਕੇ ਸਰਦੂਲ ਸੁਰਜਨ ਦੇ ਪਿਤਾ ਬਿਕਰਮ ਸਿੰਘ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਸੀ। ਜਦ ਉਸ ਨੇ ਜਾ ਕੇ ਉਹਦੇ ਨਾਲ ਗੱਲ ਕੀਤੀ ਤਾਂ ਬਿਕਰਮ ਸਿੰਘ ਨੂੰ ਯਕੀਨ ਹੀ ਨਾ ਆਵੇ ਕਿ ਐਡੇ ਵੱਡੇ ਅਲਾਟੀ ਉਹਦੇ ਘਰ ਰਿਸ਼ਤਾ ਲੈ ਕੇ ਆਏ ਹਨ। ਉਸ ਨੇ ਤਾਂ ਉਸੇ ਵੇਲੇ ਹੀ ਦੱਬੀ ਹੋਈ ਬੋਤਲ ਪੁੱਟ ਲਈ। ਸਰਦੂਲ ਪੂਰੀ ਤਿਆਰੀ ਕਰਕੇ ਆਇਆ ਹੋਇਆ ਸੀ। ਛੁਆਰਾ ਤੇ ਕੁਝ ਪਤਾਸੇ ਉਸ ਦੇ ਝੋਲੇ ਵਿਚ ਸਨ। ਉਸ ਨੇ ਉਸੇ ਵੇਲੇ ਹੀ ਛੁਆਰਾ ਸੁਰਜਨ ਦੇ ਮੂੰਹ ਨੂੰ ਛੁਹਾ ਦਿਤਾ। ਉਹ ਦੋਸਤਾਂ ਤੋਂ ਰਿਸ਼ਤੇਦਾਰ ਬਣ ਗਏ।

ਉਸ ਸਾਲ ਸੁਰਜਨ ਨੇ ਬੀ. ਏ. ਕਰ ਲਈ ਤੇ ਉਸ ਤੋਂ ਅਗਲੇ ਸਾਲ ਬੀ. ਟੀ.। ਬੀ. ਟੀ. ਕਰਦਿਆਂ ਹੀ ਉਸ ਨੂੰ ਨੌਕਰੀ ਮਿਲ ਗਈ ਤੇ ਨਾਲ ਹੀ ਉਸ ਦਾ ਵਿਆਹ ਵੀ ਹੋ ਗਿਆ। ਕੁਝ ਦਿਨ ਪਾਸ਼ੀ ਉਸ ਨਾਲ ਪਿੰਡ ਚੱਕ ਰਹੀ ਤੇ ਫਿਰ ਜਿੱਥੇ ਵੀ ਉਸ ਦੀ ਨੌਕਰੀ ਹੁੰਦੀ ਉਹ ਨਾਲ ਹੀ ਰਹਿੰਦੀ। ਛੁੱਟੀਆਂ ਵਿਚ ਉਹ ਚੱਕ ਦੀ ਥਾਂ ਕਲੇਰੀਂ ਚਲੇ ਜਾਂਦੇ। ਚੱਕ ਵਾਲੇ ਛੋਟੇ ਜਿਹੇ ਘਰ ਵਿਚ ਉਹਨਾਂ ਦਾ ਦਿਲ ਵੀ ਨਾ ਲਗਦਾ।

ਬਿਕਰਮ ਸਿੰਘ ਹੋਰੀਂ ਪੰਜ ਭਰਾ ਸਨ ਤੇ ਪੰਜ ਹੀ ਖੇਤ ਜ਼ਮੀਨ ਦੇ। ਪੰਜਾਂ ਵਿਚੋਂ ਦੋ ਛੜੇ ਸਨ। ਇਕ ਛੜਾ ਤਾਰਾ ਸਿੰਘ ਬਿਕਰਮ ਸਿੰਘ ਨਾਲ ਰਹਿੰਦਾ ਸੀ। ਜਦ ਬਿਕਰਮ ਸਿੰਘ ਦੀ ਪਤਨੀ ਧੰਨੋ ਬਿਮਾਰ ਰਹਿਣ ਲਗੀ ਤਾਂ ਤਾਰਾ ਸਿੰਘ ਆਪਣੀ ਟਿੰਡ-ਫੌਹੜੀ ਚੁੱਕ ਕੇ ਸਿਹਤਵੰਤ ਪਤਨੀ ਵਾਲੇ ਭਰਾ ਲਹਿਣਾ ਸਿੰਘ ਨਾਲ ਜਾ ਰਹਿਣ ਲਗਿਆ। ਇਵੇਂ ਬਿਕਰਮ ਸਿੰਘ ਕੋਲ ਇਕ ਹੀ ਖੇਤ ਰਹਿ ਗਿਆ।

ਧੰਨੋ ਦੀ ਮੌਤ ਤੋਂ ਬਾਅਦ ਘਰ ਦੀ ਰੋਟੀ-ਪਾਣੀ ਦਾ ਕੰਮ ਉਸ ਦੀ ਧੀ ਨੇ ਸੰਭਾਲ ਲਿਆ ਸੀ ਪਰ ਫਿਰ ਵੀ ਹਾਲੇ ਸਾਰੀ ਕਬੀਲਦਾਰੀ ਨਿਜੱਠਣ ਵਾਲੀ ਪਈ ਸੀ। ਸੁਰਜਨ ਤੇ ਨਿਰਮਲ ਹਾਲੇ ਪੜ੍ਹਦੇ ਹੀ ਸਨ। ਨਿਰਮਲ ਦਾ ਸਕੂਲੇ ਦਿਲ ਨਾ ਲਗਿਆ ਤੇ ਉਹ ਆਪਣੇ ਪਿਓ ਨਾਲ ਖੇਤੀ ਕਰਾਉਣ ਲਗ ਪਿਆ ਪਰ ਸੁਰਜਨ ਨੂੰ ਖੇਤੀ ਚੰਗੀ ਨਹੀਂ ਸੀ ਲਗਦੀ। ਉਸ ਨੇ ਤਾਂ ਹਲ਼ ਵਾਹੁਣਾ ਵੀ ਰੋ-ਪਿੱਟ ਕੇ ਹੀ ਸਿਖਿਆ ਸੀ। ਪੜ੍ਹਨ ਵਿਚ ਉਹ ਚੰਗਾ ਸੀ, ਬਿਨਾਂ ਫੇਲ੍ਹ ਹੋਇਆਂ ਅਗੇ ਤੁਰਦਾ ਜਾ ਰਿਹਾ ਸੀ। ਬਿਕਰਮ ਸਿੰਘ ਵੀ ਚਾਹੁੰਦਾ ਸੀ ਕਿ ਉਹ ਪੜ੍ਹ ਜਾਵੇ, ਖੇਤੀ ਵਿਚ ਕੁਝ ਨਹੀਂ ਸੀ ਪਿਆ। ਸੁਰਜਨ ਖੇਤਾਂ ਵਲ ਵੀ ਘੱਟ ਹੀ ਗੇੜਾ ਮਾਰਦਾ। ਬਿਕਰਮ ਸਿੰਘ ਉਸ ਨੂੰ ਪਾੜ੍ਹਾ ਕਹਿ ਕੇ ਸੰਬੋਧਨ ਹੁੰਦਾ। ਛੇਤੀ ਹੀ ਬਿਕਰਮ ਸਿੰਘ ਨੇ ਆਪਣੀ ਧੀ ਦਾ ਵਿਆਹ ਕਰ ਦਿਤਾ ਪਰ ਨਾਲ ਹੀ ਨਿਰਮਲ ਵੀ ਵਿਆਹ ਲਿਆ। ਬਿਕਰਮ ਸਿੰਘ ਸਿਰੜੀ ਜੱਟ ਸੀ। ਆਪਣੀ ਜ਼ਮੀਨ ਨਹੀਂ ਵੀ ਸਹੀ ਤਾਂ ਨਾ ਸਹੀ, ਉਹ ਹਾਲ਼ੇ-ਭੌਲ਼ੀ 'ਤੇ ਜ਼ਮੀਨ ਲੈ ਕੇ ਇਕ ਹਲ਼ ਜੋਗੀ ਖੇਤੀ ਕਰੀ ਜਾ ਰਿਹਾ ਸੀ ਤੇ ਟੱਬਰ ਦਾ ਨਿਭਾਅ ਵਧੀਆ ਕਰ ਰਿਹਾ ਸੀ।

ਇਕ ਦਿਨ ਬਿਕਰਮ ਸਿੰਘ ਨੇ ਸੁਰਜਨ ਨੂੰ ਕੋਲ ਬੈਠਾਇਆ ਤੇ ਕਹਿਣ ਲਗਿਆ,

"ਦੇਖ ਸੁਰਜਣ ਪੁੱਤ, ਤੂੰ ਪੜ੍ਹ ਗਿਐਂ, ਨੌਕਰੀ ਤੇ ਲੱਗ ਗਿਐਂ ਵਿਆਹ ਹੋ ਗਿਐਂ, ...ਮੈਂ ਕਿਸੇ ਨਾ ਕਿਸੇ ਤਰ੍ਹਾਂ ਤੁਹਾਨੂੰ ਪਾਲ਼ਿਆ, ਤੇਰੀ ਮਾਂ ਦੀ ਬਿਮਾਰੀ ਦੇਖੀ, ਆਹ ਚਾਰ ਖਣ ਬਣਾਏ ਤੇ ਪਸ਼ੂਆਂ ਲਈ ਵੀ, ਮਿੰਦੋ ਵਿਆਹੀ, ਨਿਰਮਲ ਦਾ ਵਿਆਹ ਕੀਤਾ, ਤੈਨੂੰ ਪੜ੍ਹਾਇਆ ਵੀ, ...ਮੈਨੂੰ ਬਹੁਤ ਮਿਹਨਤ ਕਰਨੀ ਪਈ ਤੇ ਨਿਰਮਲ ਨੇ ਵੀ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ, ...ਹੁਣ ਮੇਰੀ ਇਕ ਗੱਲ ਆ ਜੇ ਮੰਨੇ ਤਾਂ।"

"ਦੱਸ ਬਾਪੂ, ਕੀ ਗੱਲ ਐ? ...ਮੈਂ ਜ਼ਰੂਰ ਮੰਨੂ।"

"ਤੂੰ ਏਦਾਂ ਕਰੀਂ ਬਈ ਆਹ ਘਰ ਨਿਰਮਲ ਨੂੰ ਛੱਡ ਦੇਈਂ, ਤੂੰ ਬਾੜੇ ਦਸ ਮਰਲੇ ਬਗਲ਼ ਲਈਂ।"

ਉਸ ਨੇ ਬਾਪੂ ਦੀ ਗੱਲ ਨੂੰ ਸਤ-ਬਚਨ ਕਹਿ ਕੇ ਮੰਨ ਲਿਆ ਸੀ। ਸਾਲ ਕੁ ਬਾਅਦ ਉਸ ਨੇ ਬਾੜੇ ਵਿਚ ਦਸ ਮਰਲੇ ਜਗਾਹ ਦੁਆਲੇ ਬਗਲ਼ ਵੀ ਕਰ ਲਿਆ ਕਿ ਇਥੇ ਘਰ ਬਣਾਵੇਗਾ। ਛੇਤੀ ਹੀ ਬਿਕਰਮ ਸਿੰਘ ਬਿਮਾਰ ਪੈ ਗਿਆ। ਉਸ ਨੂੰ ਆਪਣਾ ਅੰਤ ਨੇੜੇ ਆਉਂਦਾ ਜਾਪਿਆ। ਉਸ ਨੇ ਇਕ ਵਾਰ ਫਿਰ ਸੁਰਜਨ ਨੂੰ ਆਪਣੇ ਕੋਲ ਬੈਠਾਇਆ ਤੇ ਕਿਹਾ,

"ਦੇਖ ਪੁੱਤ, ਮੈਂ ਕੋਈ ਵਸੀਅਤ ਨਹੀਂ ਕਰਨੀ, ਅੱਠ ਕਨਾਲ ਜ਼ਮੀਨ ਦੀ ਵਸੀਅਤ ਕਰਦਾ ਵੀ ਬੰਦਾ ਬੁਰਾ ਲਗਦਾ, ਅੱਠ ਕਨਾਲ ਦੇ ਮਾਲਕ ਨੂੰ ਤਾਂ ਜ਼ਿਮੀਦਾਰ ਕਹਾਉਣ ਦਾ ਹੱਕ ਵੀ ਨਹੀਂ ਹੁੰਦਾ ਪਰ ਕੀ ਕਰਦਾ, ਮੇਰੇ ਹਿੱਸੇ ਹੀ ਏਨੀ ਆਈ, ਪੜ੍ਹਿਆ ਮੈਂ ਹੈ ਨਹੀਂ ਸੀ, ...ਮੇਰੀ ਉਮਰ ਤਾਂ ਤੁਹਾਨੂੰ ਪਾਲ਼ਦਿਆਂ ਕਰਦਿਆਂ ਈ ਨਿਕਲ਼ ਗਈ। ਦੇਖ, ਹੁਣ ਤੇਰੇ ਕੋਲ ਨੌਕਰੀ ਹੈਗੀ ਆ, ਤੇਰੇ ਸੁਹਰੇ ਵੀ ਤਕੜੇ ਆ, ਔਖ ਪਈ ਤੇ ਤੇਰੇ ਨਾਲ ਖੜ੍ਹਨ ਵਾਲੇ, ਮੈਂ ਚਾਹੁੰਨਾ ਕਿ ਤੂੰ ਭਰਾ ਤੋਂ ਆਪਣਾ ਹਿੱਸਾ ਨਾ ਮੰਗੇ, ਬਾਕੀ ਤੇਰੀ ਮਰਜ਼ੀ। ਮੈਂ ਵਸੀਅਤ ਨਹੀਂ ਕਰਨੀ ਸੋ ਸਭ ਕੁਸ਼ ਤੇਰੀ ਮਰਜ਼ੀ ਤੇ ਛੱਡ ਰਿਹਾਂ।"

"ਜਿੱਦਾਂ ਤੂੰ ਕਹੇਂ ਬਾਪੂ, ਮੈਨੂੰ ਮਨਜ਼ੂਰ ਐ।"

ਬਿਕਰਮ ਸਿੰਘ ਸੁਖੀ-ਸੁਖੀ ਮਰਿਆ ਸੀ। ਉਸ ਨੂੰ ਬਸ ਇਕ ਝੋਰਾ ਰਿਹਾ ਸੀ ਕਿ ਸੁਰਜਨ ਨੇ ਕੋਈ ਦਾਜ ਨਹੀਂ ਸੀ ਲਿਆ। ਜਦੋਂ ਸੁਰਜਨ ਨੇ ਦਾਜ ਤੋਂ ਬਿਨਾਂ ਵਿਆਹ ਕਰਾਉਣ ਦੀ ਗੱਲ ਕੀਤੀ ਸੀ ਤਾਂ ਘਰ ਵਿਚ ਬਹੁਤ ਹੰਗਾਮਾ ਹੋਇਆ ਸੀ। ਬਿਕਰਮ ਸਿੰਘ ਨੇ ਬਹੁਤ ਪੈਰ ਅੜਾਏ ਸਨ ਪਰ ਅੰਤ ਉਸ ਨੂੰ ਸਮਝੌਤਾ ਕਰਨਾ ਹੀ ਪਿਆ ਸੀ। ਪਿੰਡ ਦੇ ਲੋਕ ਦਾਜ ਨਾ ਲੈਣ ਕਾਰਨ ਕਈ ਵਾਰ ਬਿਕਰਮ ਸਿੰਘ ਕੋਲ ਅਫਸੋਸ ਕਰਨ ਬਹਿ ਜਾਂਦੇ ਕਿ ਘਰ ਦੀ ਮਾਲੀ ਹਾਲਤ ਨੂੰ ਵਧੀਆ ਬਣਾਉਣ ਦਾ ਸੁਰਜਨ ਨੇ ਮੌਕਾ ਹੱਥੋਂ ਗਵਾ ਦਿਤਾ ਸੀ ਤਾਂ ਬਿਕਰਮ ਸਿੰਘ ਦੋਵੇਂ ਹੱਥ ਹਵਾ ਵਿਚ ਘੁੰਮਾਉਂਦਾ ਹੋਇਆ ਬੋਲਦਾ,

"ਕੀ ਕਰੀਏ, ਆਹ ਕਿਤਾਬਾਂ ਪਾੜ੍ਹੇ ਦੇ ਡਮਾਕ ਨੂੰ ਚੜ੍ਹ ਗਈਆਂ!"

## ਪੰਜ

ਲੰਡਨ ਸੁਰਜਨ ਲਈ ਸਦਾ ਹੀ ਲੋਹੜੇ ਦੀ ਖਿੱਚ ਰੱਖਦਾ ਰਿਹਾ ਸੀ। ਇੰਡੀਆ ਵਿਚ ਵੀ ਕਦੇ ਉਹ ਲੰਡਨ ਬਾਰੇ ਪੜ੍ਹਦਾ ਤਾਂ ਉਸ ਦੇ ਦਿਲ ਵਿਚ ਆਉਂਦਾ ਕਿ ਕਾਸ਼, ਉਹ ਵੀ ਕਦੇ ਲੰਡਨ ਦੇਖ ਸਕੇ। ਲੰਡਨ ਦੇਖਣ ਆਏ ਪੰਜਾਬੀ ਲੋਕਾਂ ਦੇ ਉਸ ਨੇ ਕੁਝ ਸਫਰਨਾਮੇ ਵੀ ਪੜ੍ਹੇ ਹੋਏ ਸਨ। ਜਦ ਚਮਨ ਲਾਲ ਨੇ ਦਸਿਆ ਕਿ ਉਹ ਇੰਗਲੈਂਡ ਜਾ ਰਿਹਾ ਹੈ ਅਤੇ ਲੰਡਨ ਵਿਚ ਹੀ ਠਹਿਰੇਗਾ ਤਾਂ ਸੁਰਜਨ ਦਾ ਮਨ ਵੀ ਕਾਹਲਾ ਪੈਣ ਲਗਿਆ ਸੀ। ਜਦ ਚਮਨ ਲਾਲ ਨੇ ਉਸ ਨੂੰ ਲੰਡਨ ਆ ਜਾਣ ਦਾ ਸੱਦਾ ਦਿਤਾ ਤਾਂ ਉਸ ਨੂੰ ਸੁਫਨੇ ਵਾਂਗ ਜਾਪਿਆ। ਮਾਸਟਰਾਂ ਨੂੰ ਵੋਚਰ ਆਮ ਮਿਲ ਰਹੇ ਸਨ। ਇਕ ਪਾਸੇ ਉਸ ਦਾ ਲੰਡਨ ਜਾਣ ਦਾ ਸੁਫਨਾ ਦੂਜੇ ਪਾਸੇ ਪਾਸ਼ੀ ਤੇ ਬੱਚੀਆਂ ਸਨ। ਪਾਸਪੋਰਟ ਬਣਾਉਣ ਤੋਂ ਲੈ ਕੇ ਦਿੱਲੀ ਹਵਾਈ ਅੱਡੇ 'ਤੇ ਜਹਾਜ਼ ਚੜ੍ਹਨ ਵੇਲੇ ਤਕ ਉਸ ਨੇ ਕਈ ਵਾਰ ਇਹ ਵੀ ਸੋਚਿਆ ਕਿ ਕਿਧਰੇ ਉਹ ਕਿਸੇ ਸੁਫਨੇ ਮਗਰ ਲਗ ਕੇ ਹੀ ਤਾਂ ਇੰਗਲੈਂਡ ਨਹੀਂ ਜਾ ਰਿਹਾ। ਉਸ ਨੇ ਇੰਗਲੈਂਡ ਤੋਂ ਆਏ ਲੋਕ ਦੇਖੇ ਸਨ, ਉਸ ਦੇ ਪਿੰਡ ਦੇ ਹੀ ਕਿੰਨੇ ਲੋਕਾਂ ਦੇ ਇੰਗਲੈਂਡ ਜਾ ਕੇ ਦਿਨਾਂ ਵਿਚ ਹੀ ਘਰ ਦੀ ਗਰੀਬੀ ਤੋੜ ਮਾਰੀ ਸੀ। ਲੰਡਨ ਜਾਣਾ ਸੁਫਨੇ ਦਾ ਸੁਫਨਾ ਸੀ ਤੇ ਸੱਚ ਦਾ ਸੱਚ। ਧੀਆਂ ਵਿਆਹੁਣੀਆਂ ਸਨ। ਘਰ ਛੱਤਣਾ ਸੀ। ਮਾਸਟਰੀ ਵਿਚੋਂ ਤਾਂ ਇਹ ਸੰਭਵ ਹੈ ਹੀ ਨਹੀਂ ਸੀ। ਉਹ ਸੋਚਣ ਲਗਦਾ ਕਿ ਇਕ ਲੱਖ ਕਮਾ ਕੇ ਵਾਪਸ ਆ ਜਾਵਗਾ ਨਾਲੇ ਲੰਡਨ ਦੀਆਂ ਆਰਟ ਗੈਲਰੀਆਂ, ਬ੍ਰਿਟਿਸ਼ ਮਿਊਜ਼ਮ, ਕੋਹੇਨੂਰ ਹੀਰ, ਹਾਈਡ ਪਾਰਕ, ਥੇਮਜ਼ ਦਰਿਆ, ਰਾਣੀ ਦੇ ਮਹੱਲ ਆਦਿ ਮੁਫਤ ਵਿਚ ਦੇਖ ਆਵੇਗਾ। ਲੰਡਨ ਤਾਂ ਪੂਰੇ ਦਾ ਪੂਰਾ ਹੀ ਦੇਖਣ ਵਾਲਾ ਸੀ।

ਉਹ ਲੰਡਨ ਪੁੱਜਾ ਤਾਂ ਇਥੇ ਦੁਨੀਆਂ ਹੀ ਹੋਰ ਸੀ। ਸੁਫਨਿਆਂ ਵਿਚ ਦੇਖੇ ਲੰਡਨ ਤੋਂ ਸਭ ਕੁਝ ਇਕ ਦਮ ਭਿੰਨ। ਸਲ੍ਹਾਭਿਆ ਜਿਹਾ ਮੌਸਮ, ਘਸਮੈਲੀਆਂ ਜਿਹੀਆਂ ਇਮਾਰਤਾਂ, ਨਿਕੇ ਨਿਕੇ ਘਰ। ਉਹ ਪੂਰਬੀ ਲੰਡਨ ਵਿਚ ਮੁਸ਼ਕ ਮਾਰਦੇ ਇਕ ਘਰ ਦੀ ਭੀੜ ਵਿਚ ਆ ਕੇ ਰਹਿਣ ਲਗਿਆ ਸੀ। ਇਕ ਕਮਰੇ ਵਿਚ ਕਈ ਕਈ ਬੰਦੇ ਰਹਿੰਦੇ ਸਨ। ਹਰ ਵੇਲੇ ਕੁਝ ਬੰਦੇ ਸੁੱਤੇ ਰਹਿੰਦੇ। ਉਹ ਉਠ ਕੇ ਜਾਂਦੇ ਤੇ ਉਹਨਾਂ ਬਿਸਤਰਾਂ ਵਿਚ ਹੋਰ ਸੌਣ ਲਈ ਆ ਜਾਂਦੇ। ਲੰਡਨ ਦੀ ਕਿਸੇ ਖਾਸੀਅਤ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਕਿਸੇ ਨੂੰ ਚੇਤਾ ਸੀ ਤਾਂ ਪੌਂਡ ਦੇ ਭਾਅ ਦਾ। ਇਕ ਪੌਂਡ ਦੇ ਕਿੰਨੇ ਰੁਪਏ ਮਿਲਦੇ ਹਨ, ਬਲੈਕ ਵਿਚ ਕਿੰਨੇ ਤੇ ਬੈਂਕ ਰਾਹੀਂ ਭੇਜੋ ਤਾਂ ਕਿੰਨੇ। ਲੋਕ ਪੌਂਡਾਂ ਦੇ ਰੁਪਏ ਚਿਤਵ ਰਹੇ ਹੁੰਦੇ ਤੇ ਫਿਰ ਉਹਨਾਂ ਰੁਪਈਆਂ ਦੇ ਉਸਰ ਰਹੇ ਨਵੇਂ ਮਕਾਨ ਜਾਂ ਖਰੀਦੇ ਜਾ ਰਹੇ ਖੇਤ। ਸੁਰਜਨ ਨੂੰ ਰੂੰ ਦੀ ਇਕ ਫੈਕਟਰੀ ਵਿਚ ਕੰਮ ਮਿਲ ਗਿਆ। ਉਸ ਦੀ ਦਾਹੜੀ ਤੇ ਪੱਗ ਹਰ ਵੇਲੇ ਰੂੰ ਨਾਲ ਭਰੇ ਰਹਿੰਦੇ। ਭਾਵੇਂ ਮੂੰਹ ਉਪਰ ਮਾਸਕ ਚਾੜ੍ਹੇ ਹੁੰਦੇ ਪਰ ਫਿਰ ਵੀ ਕੰਨ ਵਿਚ ਉਂਗਲ ਪਾਓ ਤਾਂ ਰੂੰ ਹੱਥ ਲਗਦਾ ਤੇ ਨੱਕ ਵਿਚ ਪਾਓ ਤਾਂ ਵੀ ਰੂੰ ਹੀ ਲੱਭਦਾ। ਜੇ ਕਦੇ ਮਸ਼ੀਨ ਸਾਫ ਕਰਨੀ ਪੈ ਜਾਂਦੀ ਤਾਂ ਹਾਲ ਹੋਰ ਵੀ ਮਾੜਾ ਹੋ ਜਾਂਦਾ।

ਫਿਰ ਜਲਦੀ ਹੀ ਉਥੋਂ ਹਟ ਕੇ ਉਸ ਨੂੰ ਬਾਰਕਿੰਗ ਵਾਲੀ ਰਬੜ ਫੈਕਟਰੀ ਵਿਚ ਕੰਮ ਮਿਲ ਗਿਆ। ਇਥੇ ਧੂੜ ਤਾਂ ਨਹੀਂ ਸੀ ਪਰ ਇਕ ਗੁਬਾਰ ਜਿਹਾ ਸਿਰ ਨੂੰ ਚੜ੍ਹਦਾ ਰਹਿੰਦਾ ਸੀ। ਉਸ ਦੇ ਨਾਲ ਦੇ ਤਾਂ ਬੀਅਰ, ਸ਼ਰਾਬ ਪੀ ਕੇ ਸੁੱਤੇ ਰਹਿੰਦੇ ਪਰ ਉਹ ਬਹੁਤੀ ਵਾਰੀ ਸੋਚਾਂ ਨਾਲ ਹੀ ਘੁਲਦਾ ਰਹਿੰਦਾ। ਜਦ ਉਹ ਬਨਾਰਸੀ ਦਾਸ ਦੇ ਘਰ ਆ ਗਿਆ ਤਾਂ ਕੁਝ ਰਾਹਤ ਮਿਲੀ। ਇਥੇ ਭਾਵੇਂ ਉਹ ਦੋ ਜਾਣੇ ਇਕ ਕਮਰੇ ਵਿਚ ਰਹਿੰਦੇ ਸਨ ਪਰ ਬਿਸਤਰ ਅਲੱਗ ਅਲੱਗ ਸਨ। ਐਤਵਾਰ ਦੀ ਛੁੱਟੀ ਹੁੰਦੀ ਸੀ। ਨਹਾਉਣ ਤੇ ਕਪੜੇ ਧੋਣ ਦਾ ਕੰਮ ਐਤਵਾਰ ਵਾਲੇ ਦਿਨ ਹੀ ਕੀਤਾ ਜਾਂਦਾ। ਇਹ ਕੰਮ ਮੁਕਾ ਕੇ ਉਹ ਸਾਰੇ ਦਿਨ ਦਾ ਟਿਕਟ ਲੈ ਕੇ ਟਿਊਬ ਫੜ੍ਹ ਲੰਡਨ ਘੁੰਮਣ ਨਿਕਲ ਜਾਂਦਾ। ਅੰਡਰ ਗਰਾਊਂਡ ਟਿਊਬ ਦੀ ਉਸ ਨੂੰ ਜਲਦੀ ਹੀ ਵਾਕਫੀ ਹੋ ਗਈ ਸੀ। ਵੱਖ ਵੱਖ ਲਾਈਨਾਂ ਦੀ ਉਸ ਨੂੰ ਪੂਰੀ ਜਾਣਕਾਰੀ ਹਾਸਲ ਸੀ। ਉਹ ਹਰ ਵਾਰ ਨਵੀਂ ਥਾਂਵੇਂ ਜਾਂਦਾ। ਕਈ ਥਾਵਾਂ ਉਸ ਨੂੰ ਰੁਖੀਆਂ ਜਿਹੀਆਂ ਵੀ ਲਗਦੀਆਂ ਪਰ ਕੁਝ ਅਨੰਦ ਦਾਇਕ ਵੀ। ਬਨਾਰਸੀ ਦਾਸ ਦੇ ਘਰ ਰਹਿੰਦੇ ਲੋਕਾਂ ਵਿਚੋਂ ਕਿਸੇ ਹੋਰ ਨੂੰ ਲੰਡਨ ਦੇਖਣ ਦਾ ਕੋਈ ਸ਼ੌਂਕ ਨਹੀਂ ਸੀ। ਇਕ ਵਾਰ ਉਹ ਮੱਲੋ ਮੱਲੀ ਗੁਰਨਾਮ ਨੂੰ ਨਾਲ ਲੈ ਗਿਆ ਸੀ ਪਰ ਗੁਰਨਾਮ ਸਾਰੀ ਵਾਟ ਉਬਾਸੀਆਂ ਹੀ ਲੈਂਦਾ ਰਿਹਾ। ਮੁੜਦਾ ਹੋਇਆ ਉਹ ਬੋਲਿਆ,

"ਯਾਰ, ਤੂੰ ਮੇਰਾ ਪੂਰਾ ਦਿਨ ਹੀ ਖਰਾਬ ਕਰ ਦਿਤਾ, ਛੁੱਟੀ ਸੀ, ਨਸ਼ਾ ਪੀਣਾ ਸੀ, ਬੱਕਰੇ ਬੁਲਾਉਣੇ ਸਨ।"

ਇਕ ਦਿਨ ਉਹ ਬਲਦੇਵ ਨੂੰ ਦੱਸ ਰਿਹਾ ਸੀ ਕਿ ਲੰਡਨ ਬੁੱਤਾਂ ਦਾ ਸ਼ਹਿਰ ਹੈ, ਜਿਧਰ ਦੇਖੋ ਬੁੱਤ ਹੀ ਬੁੱਤ। ਹਰ ਬੁੱਤ ਪਿੱਛੇ ਇਕ ਇਤਹਾਸ ਖੜਾ ਹੈ। ਬਲਦੇਵ ਫਿਕਰ ਕਰਦਾ ਕਹਿਣ ਲਗਿਆ,

"ਯਾਰ ਚਾਹਲ, ਤੇਰੀ ਤਬੀਅਤ ਤਾਂ ਠੀਕ ਐ ਨਾ! ...ਬੇਜਾਨ ਬੁੱਤਾਂ ਦੀ ਈ ਤਰੀਫ ਕਰੀ ਜਾਨੈਂ!"

ਬ੍ਰਿਟਿਸ਼ ਮਿਉਜ਼ੀਅਮ ਵਿਚੋਂ ਉਸ ਨੂੰ ਬਹੁਤ ਕੁਝ ਲੱਭਾ ਸੀ। ਪ੍ਰਾਚੀਨ ਹਿੰਦੁਸਤਾਨੀ ਹੱਥ ਲਿਖਤਾਂ, ਪੁਰਾਣੇ ਗਰੰਥ ਵੱਖ ਵੱਖ ਮੁਲਕਾਂ ਤੇ ਧਰਮਾਂ ਦੇ। ਮਿਸਰ ਤੋਂ ਲਿਆਂਦੀਆਂ ਮੱਮੀਆਂ ਤੇ ਹੋਰ ਕਿੰਨਾ ਕੁਝ। ਐਡਾ ਵੱਡਾ ਮਿਊਜ਼ੀਅਮ ਕਿ ਦੇਖਣ ਨੂੰ ਕਈ

ਹਫਤੇ ਲਗ ਜਾਣ। ਉਹ ਹਰ ਹਫਤੇ ਹੀ ਇਥੇ ਆ ਜਾਂਦਾ। ਹੁਣ ਤਕ ਉਹ ਰੁਆਇਲ ਡੀਨ ਵਿਚ ਆ ਚੁੱਕਿਆ ਸੀ। ਐਤਵਾਰ ਵਾਲੇ ਦਿਨ ਉਹ ਸਾਢੇ ਤਿੰਨ ਵਿਹਲਾ ਹੋ ਜਾਂਦਾ ਤੇ ਸਿੱਧਾ ਬ੍ਰਿਟਿਸ਼ ਮਿਊਜ਼ੀਅਮ ਦਾ ਰੁੱਖ ਕਰ ਲੈਂਦਾ। ਭਾਵੇਂ ਮਿਊਜ਼ੀਅਮ ਬੰਦ ਹੋਣ ਵਾਲਾ ਹੁੰਦਾ ਪਰ ਜਿੰਨਾ ਵੀ ਹੋ ਸਕਦਾ ਉਹ ਦੇਖ ਲੈਂਦਾ। ਛੁੱਟੀਆਂ ਹੁੰਦੀਆਂ ਤਾਂ ਉਹ ਹੋਰ ਮਿਊਜ਼ੀਅਮਾਂ ਵਲ ਵੀ ਨਿਕਲ ਜਾਂਦਾ। ਸਾਇੰਸ ਮਿਊਜ਼ੀਅਮ, ਨੈਚੁਰਲ ਹਿਸਟਰੀ ਮਿਊਜ਼ੀਅਮ, ਵਿਕਟੋਰੀਆ ਐਂਡ ਅਲਬਰਟ ਮਿਊਜ਼ੀਅਮ। ਵਿਕਟੋਰੀਆ ਐਂਡ ਅਲਬਰਟ ਮਿਊਜ਼ੀਅਮ ਵਿਚ ਸਿੱਖ ਇਤਹਾਸ ਨਾਲ ਸਬੰਧਤ ਵਸਤਾਂ ਪਈਆਂ ਸਨ, ਉਹਨਾਂ ਨੂੰ ਦੇਖਣ ਉਹ ਕਈ ਵਾਰ ਜਾ ਚੁੱਕਿਆ ਸੀ।

ਹਾਂ, ਬ੍ਰਿਟਿਸ਼ ਮਿਊਜ਼ੀਅਮ ਵਿਚੋਂ ਉਸ ਨੂੰ ਬਹੁਤ ਕੁਝ ਮਿਲਿਆ ਸੀ; ਅਮਾਂਡਾ ਵੀ। ਅਮਾਂਡਾ ਇਸੇ ਮਿਊਜ਼ੀਅਮ ਵਿਚ ਹੀ ਰਿਸੈਪਨਿਸਟ ਸੀ। ਹਾਲੇ ਨਵੀਂ ਨਵੀਂ ਹੀ ਨੌਕਰੀ 'ਤੇ ਲਗੀ ਸੀ। ਸੁਰਜਨ ਹਰ ਐਤਵਾਰ ਆਉਂਦਾ। ਉਸ ਦੀ ਦਿੱਖ ਸਭ ਤੋਂ ਵਖਰੀ ਹੁੰਦੀ। ਅਮਾਂਡਾ ਨੇ ਪੱਗ ਵਾਲਾ ਸਰਦਾਰ ਪਹਿਲੀ ਵਾਰ ਲੰਡਨ ਆ ਕੇ ਹੀ ਦੇਖਿਆ ਸੀ। ਉਸ ਨੇ ਤਾਂ ਕਾਲੇ ਰੰਗ ਦੇ ਲੋਕ ਵੀ ਪਹਿਲੀ ਵਾਰ ਇੰਗਲੈਂਡ ਆ ਕੇ ਹੀ ਦੇਖੇ ਸਨ। ਭਾਵੇਂ ਅਸਟਰੇਲੀਆ ਦੇ ਔਬਰਿਜਨੀ ਲੋਕ ਵੀ ਕਾਲੇ ਜਿਹੇ ਸਨ ਪਰ ਅਫਰੀਕਨ ਨਸਲ ਤੋਂ ਬਹੁਤ ਵੱਖਰੇ। ਪਹਿਲਾਂ ਤਾਂ ਅਮਾਂਡਾ ਦੀ ਦਿਲਚਸਪੀ ਸੁਰਜਨ ਦੀ ਪੱਗ ਵਿਚ ਜਾਗੀ ਫਿਰ ਉਸ ਦੇ ਰੋਜ਼ ਲੇਟ ਆਉਣ ਵਿਚ। ਉਹ ਉਸ ਨੂੰ ਵਿਸ਼ੇਸ਼ ਤੌਰ ਤੇ ਹੈਲੋ ਆਖਦੀ। ਕੋਈ ਨਾ ਕੋਈ ਗੱਲ ਕਰਨ ਦੀ ਕੋਸ਼ਿਸ਼ ਵੀ ਕਰਦੀ। ਉਸ ਦੀ ਮੁਸਕ੍ਰਾਹਟ ਦੇਖ ਕੇ ਸੁਰਜਨ ਸੋਚਣ ਲਗਦਾ ਕਿ ਗੋਰੀਆਂ ਕਿਵੇਂ ਤੁਹਾਡੇ ਧੁਰ ਅੰਦਰ ਉਤਰ ਜਾਂਦੀਆਂ ਹਨ। ਇਕ ਦਿਨ ਅਮਾਂਡਾ ਨੇ ਸੁਰਜਨ ਨੂੰ ਪੁੱਛ ਹੀ ਲਿਆ,

"ਮਿਸਟਰ ਸਿੰਘ, ਤੂੰ ਐਤਵਾਰ ਦੇ ਐਤਵਾਰ ਆਉਨਾ ਏਂ, ਉਹ ਵੀ ਬਹੁਤ ਲੇਟ, ਕੋਈ ਖਾਸ ਕਾਰਨ ਏ?"

"ਹਾਂ ਅਮਾਂਡਾ, ਮੇਰੀ ਨੌਕਰੀ ਹੀ ਅਜਿਹੀ ਏ।"

ਫਿਰ ਉਹ ਆਪਣੀ ਨੌਕਰੀ ਬਾਰੇ ਦੱਸਣ ਲਗਿਆ। ਅਮਾਂਡਾ ਦੇ ਨਾਂ ਦਾ ਉਸ ਨੂੰ ਉਸ ਦੀ ਛਾਤੀ 'ਤੇ ਲਗੇ ਬੈਜ ਤੋਂ ਪਤਾ ਚਲ ਗਿਆ ਸੀ। ਦੋ ਕੁ ਗੱਲਾਂ ਕਰਕੇ ਉਹ ਅਗੇ ਵਧ ਗਿਆ।

ਇਕ ਦਿਨ ਆਪਣੇ ਰੌਂਅ ਵਿਚ ਘੁੰਮਦਾ ਸੁਰਜਨ ਟ੍ਰਾਫਲਗਰ ਸੁਕੈਅਰ ਪਹੁੰਚਿਆ। ਫਿਰ ਥੇਮਜ਼ ਵਲ ਤੁਰ ਪਿਆ। ਇੰਬੈਂਕਮੈਂਟ ਸ਼ਟੇਸ਼ਨ ਦੇ ਸਾਹਮਣੇ ਹੀ 'ਥੇਮਜ਼ ਰਿਵਰ ਬੱਸ' ਦਾ ਦਫਤਰ ਸੀ। ਇਥੋਂ ਪਾਣੀ ਵਾਲੀ ਬੱਸ ਦੇ ਟਿਕਟ ਮਿਲ ਰਹੇ ਸਨ। ਲੋਕ ਕਤਾਰ ਬਣਾਈ ਟਿਕਟਾਂ ਲੈ ਰਹੇ ਸਨ। ਨਾਲ ਹੀ ਬੱਸ ਨੁਮਾ ਕਿਸ਼ਤੀ ਵੀ ਖੜੀ ਸੀ। ਲੋਕ ਟਿਕਟ ਲੈ ਕੇ ਪੁਲ ਪਾਰ ਕਰ ਬੱਸ ਵਿਚ ਜਾ ਵੜਦੇ। ਅਜਿਹੀਆਂ ਕਈ ਬੱਸਾਂ ਦਰਿਆ ਦੀ ਸੈਰ ਲਈ ਚਲਦੀਆਂ ਰਹਿੰਦੀਆਂ ਸਨ। ਵੱਖਰੀ ਥਾਂ ਤੋਂ ਵੱਖਰੇ ਪਾਸੇ ਨੂੰ ਬੱਸਾਂ ਜਾਂਦੀਆਂ। ਇਥੋਂ ਗਰੀਨਿਚ ਲਈ ਬੱਸ ਜਾਂਦੀ ਸੀ। ਹਰ ਅੱਧੇ ਘੰਟੇ ਬਾਅਦ ਬੱਸ ਚਲਦੀ। ਕੁਝ ਇਕ ਥਾਂਵਾਂ ਤੇ ਰੁਕਦੀ ਹੋਈ ਗਰੀਨਿਚ ਪੁੱਜਦੀ ਤੇ ਫਿਰ ਵਾਪਸ ਆ ਜਾਂਦੀ। ਲੋਕ ਗਰੀਨਿਚ ਦੇਖਣ ਲਈ ਉਤਰ ਜਾਂਦੇ ਤੇ ਫਿਰ ਅਗਲੀ ਬਸ ਫੜ ਮੁੜ ਆਉਂਦੇ। ਗਰੀਨਿਚ ਉਹ ਜਗਾਹ ਸੀ ਜਿਥੋਂ ਇੰਗਲੈਂਡ ਦਾ ਵਕਤ ਨਿਰਧਾਰਤ ਹੁੰਦਾ ਸੀ ਬਲਕਿ ਸਾਰੀ ਦੁਨੀਆਂ ਦਾ ਹੀ। ਇਥੇ ਹੀ ਲੜਾਈਆਂ ਨਾਲ ਸਬੰਧਤ ਹਥਿਆਰਾਂ ਦਾ ਮਿਊਜ਼ੀਅਮ ਵੀ ਸੀ। ਇਕ ਬਹੁਤ ਪੁਰਾਣਾ ਵੈਰੀ ਜਹਾਜ਼ ਵੀ ਖੜਾ ਸੀ ਜਿਸ ਨੂੰ ਅੰਗਰੇਜ਼ਾਂ ਨੇ ਕਈ ਲੜਾਈਆਂ ਵਿਚ ਵਰਤਿਆ ਹੋਇਆ ਸੀ। ਸੁਰਜਨ ਦਰਿਆਈ ਬੱਸ ਵਿਚ ਉਦੋਂ ਹੀ ਚੜ੍ਹਦਾ ਜਦੋਂ ਮੌਸਮ ਖੁਸ਼ਗਵਾਰ ਹੁੰਦਾ। ਉਸ ਨੇ ਵਰਡਜ਼ਵਰਥ ਦੀਆਂ ਕਵਿਤਾਵਾਂ ਪੜ੍ਹੀਆਂ ਸਨ ਤੇ ਇਹਨਾਂ ਕਵਿਤਾਵਾਂ ਦੀ ਕਦਮ-ਚਾਪ ਸੁਣਨ ਲਈ ਅਕਸਰ ਉਹ ਲੰਡਨ ਵਿਚ ਉਹ ਥਾਂ ਲੱਭਣ ਦੀ ਕੋਸ਼ਿਸ਼ ਕਰਦਾ ਜਿਥੇ ਇਹ ਕਵਿਤਾਵਾਂ ਲਿਖੀਆਂ ਗਈਆਂ ਸਨ। ਹਾਈਡ ਪਾਰਕ ਦੇ ਵੀ ਕਿੰਨੇ ਹੀ ਚੱਕਰ ਇਸੇ ਸਿਲਸਿਲੇ ਵਿਚ ਲਾਏ ਸਨ। ਵਰਡਜ਼ਵਰਥ ਨੇ ਆਪਣੀ ਇਕ ਕਵਿਤਾ ਵਿਚ ਇਕ ਕਿਸ਼ਤੀ ਵਿਚ ਬੈਠ ਕੇ ਥੇਮਜ਼ ਦਰਿਆ ਦੇ ਆਲੇ ਦੁਆਲੇ ਦਾ ਦ੍ਰਿਸ਼ ਖਿਚਿਆ ਸੀ। ਇਸ ਕਵਿਤਾ ਵਿਚ ਦਰਿਆ ਦੇ ਆਲੇ ਦੁਆਲੇ ਦੇ ਘਰਾਂ, ਇਮਾਰਤਾਂ, ਫੈਕਟਰੀਆਂ ਆਦਿ ਵਿਚੋਂ ਉਠਦੇ ਧੂੰਏਂ ਦਾ ਜ਼ਿਕਰ ਸੀ ਪਰ ਸੁਰਜਨ ਨੂੰ ਇਹ ਦ੍ਰਿਸ਼ ਕਿਤੇ ਨਾ ਲੱਭਿਆ। ਉਹ ਜਾਣਦਾ ਸੀ ਕਿ ਵਰਡਜ਼ਵਰਥ ਵੇਲੇ ਦਾ ਲੰਡਨ ਹੋਰ ਤਰ੍ਹਾਂ ਦਾ ਹੋਵੇਗਾ। ਦਰਿਆਈ ਬੱਸ ਵਿਚ ਬੈਠਾ ਉਹ ਉਸ ਸਮੇਂ ਵਿਚ ਜਾਣ ਦੀ ਕੋਸ਼ਿਸ਼ ਕਰਨ ਲਗਦਾ ਜਦੋਂ ਵਰਡਜ਼ਵਰਥ ਨੇ ਇਹ ਕਵਿਤਾ ਲਿਖੀ ਸੀ। ਅਜ ਲੰਡਨ ਉਹ ਨਹੀਂ ਸੀ, ਸੜਕਾਂ ਸਨ, ਆਵਜਾਈ ਲਈ ਕਾਰਾਂ, ਰੇਲਾਂ ਸਨ। ਹੁਣ ਦਰਿਆ ਕੰਢੇ ਪਹਿਲਾਂ ਜਿਹੀਆਂ ਫੈਕਰਟੀਆਂ ਵੀ ਨਹੀਂ ਸਨ। ਜੇ ਦਰਿਆ ਕੰਢੇ ਹਾਲੇ ਕੁਝ ਕਾਇਮ ਸੀ ਤਾਂ ਉਹ ਸੀ ਉਹ ਪੱਬ ਜਿਥੇ ਚਾਰਲਸ ਡਿੱਕਨ ਬੈਠ ਕੇ ਬੀਅਰ ਪੀਂਦਾ ਰਿਹਾ ਸੀ। ਉਸ ਦੇ ਇਵੇਂ ਵਾਰ ਵਾਰ ਦਰਿਆਈ ਬੱਸ ਵਿਚ ਜਾਣ ਨੂੰ ਲੋਕ ਉਸ ਦਾ ਸੁਦਾਅ ਮੰਨਦੇ ਪਰ ਉਹ ਚੁੱਪ-ਚਾਪ ਚਲੇ ਜਾਂਦਾ।...

www.PunjabiLibrary.com

ਸੁਰਜਨ ਟਿਕਟ ਲੈਣ ਲਈ ਲੋਕਾਂ ਦੀ ਕਤਾਰ ਵਿਚ ਜਾ ਖੜਿਆ। ਉਸ ਨੇ ਜੇਬ੍ਹ ਵਿਚੋਂ ਪੈਸੇ ਕੱਢ ਕੇ ਹੱਥ ਵਿਚ ਫੜ੍ਹ ਲਏ। ਕਤਾਰ ਹੌਲੀ ਹੌਲੀ ਅਗੇ ਵਧ ਰਹੀ ਸੀ। ਅਚਾਨਕ ਕਿਸੇ ਨੇ ਪਿਛਿਓਂ ਉਸ ਦੇ ਮੋਢ੍ਹੇ ਤੇ ਹੱਥ ਮਾਰਿਆ। ਉਸ ਨੇ ਪਿੱਛੇ ਦੇਖਿਆ ਤਾਂ ਪਤਲੀ ਤੇ ਲੰਮੀ ਜਿਹੀ ਗੋਰੀ ਉਸ ਵਲ ਦੇਖ ਮੁਸਕ੍ਰਾ ਰਹੀ ਸੀ। ਉਹ ਬੋਲੀ,

''ਹੈਲੋ ਮਿਸਟਰ ਸਿੰਘ, ਮੈਂ ਅਮਾਂਡਾ, ਬ੍ਰਿਟਿਸ਼ ਮਿਉਜ਼ੀਅਮ ਤੋਂ, ਯਾਦ ਏ?''

''ਬਿਲਕੁਲ ਯਾਦ ਏ ਅਮਾਂਡਾ।''

''ਮੈਂ ਵੀ ਤੇਰੇ ਸਾਥ ਹੋ ਲਵਾਂ?''

''ਕਿਉਂ ਨਹੀਂ, ਇਹ ਤਾਂ ਮੇਰੀ ਖੁਸ਼ਕਿਸਮਤੀ ਹੋਵੇਗੀ।''

ਸੁਰਜਨ ਨੇ ਕਿਹਾ ਤੇ ਅਮਾਂਡਾ ਉਸ ਦੇ ਨਾਲ ਲਗ ਕੇ ਖੜ ਗਈ। ਦੋਨਾਂ ਨੇ ਆਪੋ-ਆਪਣੀਆਂ ਟਿਕਟਾਂ ਲਈਆਂ ਤੇ ਬਰੋ-ਬਰਾਬਰ ਤੁਰਦੇ ਹੋਏ ਬਸ ਦੇ ਉਪਰਲੇ ਖੁਲ੍ਹੇ ਡੈੱਕ ਵਿਚ ਆ ਬੈਠੇ। ਅਮਾਂਡਾ ਨੇ ਆਪਣੇ ਬੈਗ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ, ਇਕ ਸਿਗਰਟ ਦਾ ਸਿਰ ਬਾਹਰ ਨੂੰ ਕੱਢਦੀ ਨੇ ਡੱਬੀ ਸੁਰਜਨ ਮੁਹਰੇ ਪੇਸ਼ ਕਰਦਿਆਂ ਕਿਹਾ,

''ਲਓ, ਪਲੀਜ਼ ਇਕ।''

''ਨਹੀਂ, ਮਿਹਰਬਾਨੀ, ਮੈਂ ਸਿਗਰਟ ਨਹੀਂ ਪੀਂਦਾ।''

''ਕਿਉਂ?''

''ਮੈਨੂੰ ਚੰਗੀ ਨਹੀਂ ਲਗਦੀ, ਫਿਰ ਜਿਸ ਧਰਮ ਵਿਚ ਮੇਰਾ ਜਨਮ ਹੋਇਆ ਉਸ ਵਿਚ ਸਿਗਰਟ ਪੀਣ ਦੀ ਸਖਤ ਮਨਾਹੀ ਐ।''

''ਇਹਦਾ ਮਤਲਬ ਤੂੰ ਧਾਰਮਿਕ ਪ੍ਰਾਣੀ ਏਂ।''

''ਨਹੀਂ, ਮੈਂ ਧਾਰਮਿਕ ਬਿਲਕੁਲ ਨਹੀਂ ਆਂ, ...ਸਮੇਂ ਨਾਲ ਮੈਂ ਰੱਬ ਤੋਂ ਤਾਂ ਛੁੱਟਕਾਰਾ ਪਾ ਲਿਆ ਹੋਇਐ ਪਰ ਸੰਸਕਾਰਾਂ ਤੋਂ ਨਿਜਾਤ ਨਹੀਂ ਪਾ ਹੋ ਰਹੀ।''

''ਓਹ, ਆਏ ਸੀ! ...ਤੂੰ ਤੇ ਬਹੁਤ ਦਿਲਚਸਪ ਆਦਮੀ ਐਂ ਮਿਸਟਰ ਸਿੰਘ। ਪਹਿਲੀ ਨਜ਼ਰ ਵਿਚ ਤੇਰੀ ਪੱਗ ਦੇਖ ਕੇ ਮੈਂ ਸੋਚਦੀ ਸਾਂ ਕਿ ਜ਼ਰੂਰ ਤੂੰ ਕਿਸੇ ਧਰਮ ਦਾ ਆਗੂ ਹੋਵੇਂਗਾ।''

ਉਸ ਦੀ ਗੱਲ ਸੁਣ ਕੇ ਸੁਰਜਨ ਹੱਸਣ ਲਗਿਆ ਤੇ ਫਿਰ ਬੋਲਿਆ,

''ਨਹੀਂ, ਇਹ ਪੱਗ ਮੇਰੇ ਪਹਿਰਾਵੇ ਦਾ ਹੀ ਇਕ ਹਿੱਸਾ ਐ, ਅਹਿਮ ਹਿੱਸਾ।''

ਅਮਾਂਡਾ ਨੇ ਸਮਝਦੇ ਹੋਇਆ ਸਿਰ ਮਾਰਿਆ ਤੇ ਇਕ ਲੰਮਾ ਕਸ਼ ਖਿੱਚ ਕੇ ਧੂੰਆਂ ਛੱਡਿਆ। ਧੂੰਏਂ ਨਾਲ ਸੁਰਜਨ ਨੂੰ ਖੰਘ ਛਿੜ ਪਈ। ਅਮਾਂਡਾ ਉਸ ਵਲ ਦੇਖਦੀ ਫਿਕਰਵੰਦ ਹੋ ਗਈ। ਸੁਰਜਨ ਬੋਲਿਆ,

''ਕੋਈ ਖਾਸ ਗੱਲ ਨਹੀਂ ਬਸ ਜ਼ਰਾ ਧੂੰਏਂ ਤੋਂ ਮੈਨੂੰ ਅਲਰਜੀ ਐ, ਕੋਈ ਗੱਲ ਨਹੀਂ ਮੈਂ ਦੂਜੀ ਸੀਟ 'ਤੇ ਚਲੇ ਜਾਨਾਂ।''

''ਸੌਰੀ ਮਿਸਟਰ ਸਿੰਘ, ਮੈਨੂੰ ਦਸ ਦਿੰਦਾ ਤਾਂ ਮੈਂ ਇਹ...।''

ਆਖਦਿਆਂ ਉਸ ਨੇ ਸਿਗਰਟ ਬੁਝਾ ਦਿਤੀ। ਫਿਰ ਉਹ ਮੌਸਮ ਦੀਆਂ, ਥੇਮਜ਼ ਦੁਆਲੇ ਉਸਰ ਰਹੀਆਂ ਇਮਾਰਤਾਂ ਦੀਆਂ ਤੇ ਥੇਮਜ਼ ਦਰਿਆ ਦੀਆਂ ਗੱਲਾਂ ਕਰਨ ਲਗੇ। ਅਮਾਂਡਾ ਬੋਲੀ,

''ਦੇਖ, ਥੇਮਜ਼ ਦਾ ਪਾਣੀ ਕਿੰਨਾ ਗੰਦਾ ਐ! ਨਿਊਜ਼ੀਲੈਂਡ ਦੇ ਵਲਿੰਗਟਨ ਸ਼ਹਿਰ ਵਿਚ ਦਰਿਆ ਐ ਜਿਹਦਾ ਨਾਂ ਵੀ ਵਲਿੰਗਟਨ ਐ, ਉਹਦਾ ਪਾਣੀ ਏਨਾ ਸਾਫ ਐ ਕਿ ਥੱਲਾ ਦਿਖਾਈ ਦਿੰਦਾ ਐ।''

''ਅਮਾਂਡਾ, ਇਹਦਾ ਕਾਰਨ ਕਿ ਉਸ ਦਰਿਆ ਦਾ ਥੱਲਾ ਪਥਰੀਲਾ ਹੋਵੇਗਾ, ਇਸ ਦੀ ਹੇਠਲੀ ਤਹਿ ਮਿੱਟੀ ਦੀ ਐ ਇਸੇ ਲਈ ਇਹ ਦਰਿਆ ਵੀ ਮਟੀਲਾ ਐ।''

''ਨਹੀਂ ਮਿਸਟਰ ਸਿੰਘ, ਪੂਰੇ ਲੰਡਨ ਦਾ ਗੰਦ ਏਸ ਦਰਿਆ ਵਿਚ ਆ ਕੇ ਪੈਂਦਾ ਏਸ ਲਈ ਗੰਦਾ ਐ।''

''ਅਮਾਂਡਾ, ਮੈਂ ਕਿਤੇ ਪੜ੍ਹਿਆ ਸੀ ਕਿ ਜੇ ਇਸ ਪਾਣੀ ਦਾ ਇਕ ਗਲਾਸ ਭਰ ਕੇ ਰੱਖ ਦੇਵੋ ਤਾਂ ਕੁਝ ਮਿੰਟਾਂ ਵਿਚ ਹੀ ਏਹਦੀ ਮਿੱਟੀ ਹੇਠ ਬੈਠ ਜਾਵੇਗੀ ਤੇ ਇਹ ਦਾ ਪਾਣੀ ਪੀਣ ਯੋਗ ਹੋ ਜਾਵੇਗਾ।''

''ਇਹ ਤਾਂ ਮਜ਼ਾਕ ਵਾਲੀ ਗੱਲ ਹੋਵੇਗੀ, ਕੌਣ ਪੀਵੇਗਾ ਲੰਡਨ ਦਾ ਸਾਰਾ ਗੰਦ!''

ਅਮਾਂਡਾ ਨੇ ਥੋੜਾ ਖਿਝ ਕੇ ਆਖਿਆ। ਸੁਰਜਣ ਹੱਸਣ ਲਗਿਆ ਤੇ ਬੋਲਿਆ,

''ਤੈਨੂੰ ਇਹ ਪਾਣੀ ਪੀਣ ਲਈ ਕੋਈ ਨਹੀਂ ਕਹਿੰਦਾ, ਮੈਂ ਤਾਂ ਪੜ੍ਹੀ ਹੋਈ ਗੱਲ ਈ ਦੱਸੀ ਐ ਪਰ ਮੈਂ ਕਦੇ ਪ੍ਰਯੋਗ ਕਰਕੇ ਨਹੀਂ ਦੇਖਿਆ।''

''ਕਰੀਂ ਵੀ ਨਾ। ਸ਼ਹਿਰ ਵਿਚ ਵਗਦੇ ਦਰਿਆ ਗੰਦੇ ਈ ਹੁੰਦੇ ਨੇ।''

ਇੰਨੇ ਚਿਰ ਵਿਚ ਉਹ ਗਰੀਨਿਚ ਪੁੱਜ ਗਏ। ਉਹ ਬਰਾਬਰ ਤੁਰਦੇ ਬਾਹਰ ਨਿਕਲੇ। ਗਰੀਨਿਚ ਪਾਰਕ ਸੁਰਜਨ ਪਹਿਲਾਂ ਵੀ ਆਇਆ ਹੋਇਆ ਸੀ ਪਰ ਅਜ ਅਮਾਂਡਾ ਨਾਲ ਆਉਣ ਦਾ ਮਜ਼ਾ ਹੀ ਹੋਰ ਸੀ।

www.PunjabiLibrary.com

ਅਮਾਂਡਾ ਸੁਰਜਨ ਨੂੰ ਬਹੁਤ ਚੰਗੀ ਲਗੀ। ਸਾਂਭਿਆ ਹੋਇਆ ਸਰੀਰ, ਮੋਢਿਆਂ ਤਕ ਕੱਟੇ ਤਾਂਬੇ ਰੰਗੇ ਵਾਲ। ਤਿੱਖਾ ਨੱਕ, ਹਰੀਆਂ ਅੱਖਾਂ, ਗੱਲਾਂ ਵਿਚ ਡਿੰਪਲ। ਗੋਰੀਆਂ ਤਾਂ ਵੈਸੇ ਹੀ ਸੁਹਣੀਆਂ ਸਨ ਪਰ ਇਹ ਤਾਂ ਉਹਨਾਂ ਵਿਚੋਂ ਵੀ ਸੁਹਣੀ ਸੀ, ਸਭ ਤੋਂ ਉਪਰ। ਪਾਸ਼ੀ ਨਾਲ ਵਿਆਹ ਤੋਂ ਪਹਿਲਾਂ ਜ਼ਰੂਰ ਉਸ ਦੇ ਕੁਝ ਸੁਫਨੇ ਸਨ ਪਰ ਫਿਰ ਉਸ ਨੇ ਸੁਫਨੇ ਦੇਖਣੇ ਛੱਡ ਦਿਤੇ ਸਨ। ਹੁਣ ਸੁਫਨੇ ਮੁੜ ਫੁੱਟ ਤੁਰੇ। ਉਸ ਨੂੰ ਜਾਪਦਾ ਕਿ ਉਸ ਨੇ ਅਮਾਂਡਾ ਨੂੰ ਕਿਧਰੇ ਦੇਖਿਆ ਹੋਇਆ ਹੈ। ਜਦੋਂ ਕਿਧਰੇ ਦੇਖਿਆ ਸੀ ਤਾਂ ਇਹ ਪੰਜਾਬੀ ਕੁੜੀ ਸੀ, ਮੇਮ ਨਹੀਂ। ਅਮਾਂਡਾ ਬਾਰੇ ਸੋਚਦਿਆਂ ਹੀ ਉਸ ਨੂੰ ਇਕ ਖੁਮਾਰ ਜਿਹਾ ਚੜ੍ਹਨ ਲਗਦਾ। ਅਗਲੇ ਐਤਵਾਰ ਕੰਮ ਤੋਂ ਬਾਅਦ ਉਹ ਬ੍ਰਿਟਿਸ਼ ਮਿਊਜ਼ਮ ਵਲ ਤੁਰ ਪਿਆ, ਤੁਰਿਆ ਵੀ ਕਾਹਲ-ਕਦਮੀ। ਅਮਾਂਡਾ ਵੀ ਜਿਵੇਂ ਉਸ ਨੂੰ ਉਡੀਕ ਹੀ ਰਹੀ ਹੋਵੇ। ਸੁਰਜਨ ਨੇ ਉਸ ਨੂੰ ਕੌਫੀ ਪਿਆਉਣ ਦੀ ਪੇਸ਼ਕਸ਼ ਕੀਤੀ। ਉਸ ਨੇ ਝੱਟ ਹਾਂ ਕਰ ਦਿਤੀ ਜਿਵੇਂ ਇਹੋ ਉਡੀਕ ਰਹੀ ਸੀ।

ਅਮਾਂਡਾ ਅਸਟਰੇਲੀਆ ਤੋਂ ਆਪਣੇ ਪੁਰਖਿਆਂ ਦੀਆਂ ਜੜ੍ਹਾਂ ਤਲਾਸ਼ਣ ਆਈ ਸੀ। ਨਿਊਜ਼ੀਲੈਂਡ, ਅਸਟਰੇਲੀਆ, ਅਮਰੀਕਾ, ਕੈਨੈਡਾ ਜਾਂ ਜਿਥੇ ਵੀ ਹੋਰ ਅੰਗਰੇਜ਼ ਲੋਕ ਜਾ ਵਸੇ ਸਨ ਉਥੋਂ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਅਕਸਰ ਇੰਗਲੈਂਡ ਦਾ ਘੱਟੋ-ਘੱਟ ਇਕ ਫੇਰਾ ਜ਼ਰੂਰ ਪਾਉਂਦੀਆਂ ਸਨ। ਬਹੁਤੇ ਤਾਂ ਇਥੇ ਆ ਕੇ ਸਾਲ ਸਾਲ ਭਰ ਜਾਂ ਇਸ ਤੋਂ ਵੀ ਜ਼ਿਆਦਾ ਦੇਰ ਰਹਿੰਦੇ, ਕੰਮ ਲੱਭ ਲੈਂਦੇ, ਘੁੰਮ-ਫਿਰ ਕੇ ਮੁੜ ਜਾਂਦੇ। ਅਮਾਂਡਾ ਨੇ ਆਪਣੇ ਪਿਓ ਨਾਲ ਵਾਅਦਾ ਕੀਤਾ ਸੀ ਕਿ ਉਹ ਇੰਗਲੈਂਡ ਜਾ ਕੇ ਕੁਝ ਦੇਰ ਰਹੇਗੀ ਤੇ ਹਰ ਸਾਲ ਆਪਣੇ ਪੁਰਖਿਆਂ ਦੀ ਕਬਰ 'ਤੇ ਫੁੱਲ ਚੜ੍ਹਾਇਆ ਕਰੇਗੀ। ਉਸ ਦਾ ਪਿਓ ਹਜ਼ਾਰ ਏਕੜ ਦੇ ਫਾਰਮ ਦਾ ਮਾਲਕ ਸੀ ਜਿਸ ਦੀ ਉਹ ਇਕਲੌਤੀ ਵਾਰਸ ਸੀ। ਆਪਣੇ ਫਾਰਮ ਨੂੰ ਉਹ ਆਪਣੇ ਪਤੀ ਜੌਰਜ ਦੇ ਜ਼ਿੰਮੇ ਲਾ ਕੇ ਪੰਜ ਸਾਲ ਲਈ ਅਜ਼ਾਦ ਪੰਛੀ ਬਣ ਇੰਗਲੈਂਡ ਆ ਉਤਰੀ ਸੀ। ਉਹ ਆਪਣੇ ਬਾਰੇ ਸੁਰਜਨ ਨੂੰ ਦਸਦੀ ਹੋਈ ਉਸ ਤੋਂ ਉਸ ਬਾਰੇ ਪੁੱਛਣ ਲਗੀ। ਜਦ ਸੁਰਜਨ ਨੇ ਦਸਿਆ ਕਿ ਉਹ ਪੰਜਾਂ ਧੀਆਂ ਦਾ ਬਾਪ ਹੈ ਤਾਂ ਉਹ ਇਕ ਦਮ ਉਛਲਦੀ ਹੋਈ ਬੋਲੀ,

"ਸੱਚ ਸਰਜ, ਤੂੰ ਏਨਾ ਕਿਸਮਤ ਵਾਲਾ ਐਂ! ਪੰਜ ਧੀਆਂ! ...ਰੱਬ ਤਾਂ ਤੇਰੇ ਤੇ ਬਹੁਤ ਹੀ ਮਿਹਰਬਾਨ ਐ। ...ਮੇਰਾ ਬਾਪ ਰੋਂਦਾ ਮਰ ਗਿਆ ਹੋਰ ਧੀ ਲਈ, ਕਾਸ਼ ਅਸੀਂ ਵੀ ਪੰਜ ਭੈਣਾਂ ਹੁੰਦੀਆਂ, ਅਗੇ ਮੇਰੇ ਵੀ ਮੁੰਡਾ ਈ ਜੰਮਿਆਂ।"

"ਅਮਾਂਡਾ, ਤੂੰ ਭੈਣਾਂ ਦੀ ਤਮੰਨਾਂ ਕਿਉਂ ਕਰਦੀ ਐਂ।"

"ਕਿਉਂਕਿ ਔਰਤ ਹੀ ਔਰਤ ਨੂੰ ਸਮਝ ਸਕਦੀ ਐ, ਭੈਣ ਭੈਣ ਵੀ ਹੁੰਦੀ ਐ ਤੇ ਸਹੇਲੀ ਵੀ।"

ਸੁਰਜਨ ਦਾ ਦਿਲ ਕਰਦਾ ਕਿ ਅਮਾਂਡਾ ਨੂੰ ਦੱਸੇ ਕਿ ਉਸ ਦੇ ਘਰ ਪੰਜ ਧੀਆਂ ਕਿਵੇਂ ਜੰਮ ਪਈਆਂ। ਇਕ ਪੁੱਤ ਦੀ ਉਮੀਦ ਲਈ ਉਹ ਹੋਰ ਤੇ ਹੋਰ ਬੱਚੇ ਲੈਂਦੇ ਗਏ। ਉਹ ਇਹ ਵੀ ਦੱਸਣਾ ਚਾਹੁੰਦਾ ਸੀ ਕਿ ਸਾਡੇ ਸਮਾਜ ਵਿਚ ਤਾਂ ਤੇਰੇ ਵਰਗੀ ਕੁੜੀ ਨੂੰ, ਜੋ ਭੈਣਾਂ ਦੀ ਜਾਂ ਧੀਆਂ ਦੀ ਲਾਲਸਾ ਰੱਖਦੀ ਹੈ, ਪਾਗਲ ਹੀ ਕਿਹਾ ਜਾਵੇਗਾ। ਸਾਡੇ ਸਮਾਜ ਵਿਚ ਤਾਂ ਸਭ ਨੂੰ ਪੁੱਤ ਚਾਹੀਦੇ ਹਨ। ਇਕ ਧੀ ਦਾ ਜਨਮ ਵੀ ਗੁਨਾਹ ਸਮਝਿਆ ਜਾਂਦਾ ਹੈ ਪਰ ਉਹ ਚੁੱਪ ਰਿਹਾ ਕਿ ਇਵੇਂ ਉਸ ਦਾ ਹੀ ਨਹੀਂ ਪੂਰੇ ਸਮਾਜ ਦਾ ਮਜ਼ਾਕ ਉਡੇਗਾ।

ਉਹਨਾਂ ਦਾ ਮੇਲ-ਜੋਲ ਵਧਣ ਲਗਿਆ। ਉਹ ਜਦ ਬੈਠਦੇ ਤਾਂ ਉਹਨਾਂ ਦੀਆਂ ਗੱਲਾਂ ਹੀ ਨਾ ਮੁਕਦੀਆਂ। ਉਸ ਨੂੰ ਅਮਾਂਡਾ ਕੋਲੋਂ ਬਹੁਤ ਸਾਰੀ ਨਵੀਂ ਜਾਣਕਾਰੀ ਮਿਲਦੀ। ਕਈ ਵਾਰ ਉਹਨਾਂ ਵਿਚਕਾਰ ਬਹਿਸ ਵੀ ਹੋ ਜਾਂਦੀ ਜਿਹੜੀ ਕਿ ਉਹਨਾਂ ਨੂੰ ਹੋਰ ਨੇੜੇ ਲੈ ਆਉਂਦੀ। ਉਹ ਹੁਣ ਇਕੱਠੇ ਲੰਡਨ ਘੁੰਮਣ ਨਿਕਲਣ ਲਗੇ। ਅਮਾਂਡਾ ਨੂੰ ਡਰਾਮੇ ਦੇਖਣ ਦਾ ਸ਼ੌਂਕ ਸੀ ਪਰ ਪਹਿਲਾਂ ਉਸ ਨੂੰ ਕੋਈ ਸਾਥ ਨਹੀਂ ਸੀ ਮਿਲ ਰਿਹਾ। ਹੁਣ ਸੁਰਜਨ ਜਿਵੇਂ ਉਸ ਦੇ ਰੂਹ ਦਾ ਹਾਣੀ ਵੀ ਸੀ। ਉਹ 'ਮਾਊਸ ਸਟਰੈਪ' ਨਾਮੀ ਚਰਚਿੱਤ ਡਰਾਮਾ ਦੇਖਣ ਗਏ ਜਿਹੜਾ ਕਿ ਪਿਛਲੇ ਪੰਦਰਾਂ ਸਾਲ ਤੋਂ ਨਿਰੰਤਰ ਚਲਿਆ ਆ ਰਿਹਾ ਸੀ ਤੇ ਇਹ ਨਾਟਕ ਲੰਡਨ ਦੀ ਥੀਏਟਰੀ-ਦੁਨੀਆਂ ਵਿਚ ਚਰਚਾ ਦਾ ਕਾਰਨ ਬਣਿਆਂ ਹੋਇਆ ਸੀ। ਇਵੇਂ ਹੀ ਸੁਰਜਨ ਨੇ ਇਕ ਹੋਰ ਨਾਟਕ 'ਓ ਕਲਕੱਤਾ' ਬਾਰੇ ਵੀ ਪੜ੍ਹ ਰਖਿਆ ਸੀ। ਕਲਕੱਤਾ ਦੇਸੀ ਨਾਂ ਹੋਣ ਕਰਕੇ ਉਸ ਲਈ ਖਿੱਚ ਦਾ ਕਾਰਨ ਵੀ ਬਣ ਰਿਹਾ ਸੀ। ਅਖਬਾਰਾਂ ਵਿਚ ਇਸ ਨਾਟਕ ਬਾਰੇ ਕਾਟਵੀਆਂ ਟਿੱਪਣੀਆਂ ਛਪ ਰਹੀਆਂ ਸਨ। ਵੱਖ ਵੱਖ ਅਦਾਕਾਰਾਂ, ਲੇਖਕਾਂ ਤੇ ਦਰਸ਼ਕਾਂ ਦੇ ਵਿਚਾਰ ਛਪਦੇ ਰਹਿੰਦੇ। ਉਹ ਦੋਨੋਂ ਵੀ ਇਸ ਬਾਰੇ ਗੱਲਾਂ ਕਰਨ ਲਗੇ ਸਨ। ਇਕ ਦਿਨ ਅਮਾਂਡਾ ਨੇ ਕਿਹਾ,

"ਸਰਜ, ਚਲ ਇਹ ਪਲੇਅ ਦੇਖ ਆਈਏ।"

"ਅਮਾਂਡਾ, ਇਹ ਅਸ਼ਲੀਲ ਐ, ਪਤਾ ਨਹੀਂ ਕਿਹੋ ਜਿਹਾ ਹੋਵੇ।"

ਸੁਰਜਨ ਕਹਿਣ ਲਗਿਆ। ਉਹ ਇਹ ਪਲੇਅ ਦੇਖਣਾ ਤਾਂ ਚਾਹੁੰਦਾ ਸੀ ਪਰ ਝਿਜਕ ਵੀ ਰਿਹਾ ਸੀ। ਅਮਾਂਡਾ ਬੋਲੀ,

"ਇਹ ਪਲੇਅ ਉਸੇ ਕੈਨ ਟਾਇਨਨ ਦੀ ਦੇਣ ਐ ਜਿਸ ਨੇ ਟੈਲੀ ਉਪਰ ਪਹਿਲੀ ਵਾਰ ਐਫ ਵ੍ਰਡ ਵਰਤਿਆ ਸੀ, ਗਾਲ਼ ਤੋਂ ਵੱਧ ਕੀ ਅਸ਼ਲੀਲ ਹੋਵੇਗਾ।"

"ਚਲ ਫਿਰ ਅਮਾਂਡਾ, ਗਾਲ਼ਾਂ ਹੀ ਖਾ ਆਵਾਂਗੇ।"

ਸੁਰਜਨ ਨੇ ਹੱਸਦੇ ਹੋਏ ਕਿਹਾ। ਨਾਟਕ ਉਹਨਾਂ ਦੋਨਾਂ ਨੂੰ ਹੀ ਪਸੰਦ ਨਹੀਂ ਸੀ ਆਇਆ ਪਰ ਵਕਤ ਵੀ ਖਰਾਬ ਨਹੀਂ ਸੀ ਹੋਇਆ ਸਮਝਦੇ। ਨਾਟਕ ਦੇ ਸਾਰੇ ਕਿਰਦਾਰ ਪੂਰਾ ਸਮਾਂ ਅਲਫ ਨੰਗੇ ਰਹਿੰਦੇ ਹਨ। ਪਿਓ-ਧੀ, ਮਾਂ-ਪੁੱਤ, ਭੈਣ-ਭਰਾ ਵਰਗੇ ਪਵਿੱਤਰ ਰਿਸ਼ਤਿਆਂ ਦਾ ਮਜ਼ਾਹ ਦਾ ਸਹਾਰਾ ਲੈ ਕੇ ਮਜ਼ਾਕ ਉਡਾਇਆ ਹੋਇਆ ਸੀ। ਮਨੁੱਖ ਅੰਦਰ ਬੈਠੇ ਜਾਨਵਰ ਦੇ ਵੀ ਦਰਸ਼ਨ ਕਰਾਏ ਹੋਏ ਸਨ। ਨਾਟਕ ਤੋਂ ਬਾਅਦ ਅਮਾਂਡਾ ਬੋਲੀ,

"ਇਹ ਅੰਗਰੇਜ਼ ਹੋਏ, ਅਮਰੀਕਨ ਹੋਏ, ਇਹ ਬਹੁਤ ਉਲਾਰ ਕਿਸਮ ਦੇ ਲੋਕ ਐ। ਅਸਟਰੇਲੀਆ ਵਿਚ ਇਵੇਂ ਕੁਝ ਨਹੀਂ ਮਿਲੇਗਾ। ...ਆਹ ਦੇਖ ਮੈਰੀ ਕੁਅੰਟ ਜਿਸ ਦੀਆਂ ਖਬਰਾਂ ਨਾਲ ਅਖਬਾਰਾਂ ਭਰੀਆਂ ਰਹਿੰਦੀਆਂ, ਗੱਲ ਕੁਝ ਵੀ ਨਹੀਂ ਸਿਰਫ ਉਹਦੇ ਗੁਪਤ ਅੰਗ 'ਤੇ ਉਹਦੇ ਪਤੀ ਨੇ ਦਿਲ ਦੀ ਸ਼ਕਲ ਦੀ ਸ਼ੇਵ ਕੀਤੀ ਐ, ਹੁਣ ਦੱਸੋ ਇਹਦੇ ਵਿਚ ਕਿਹੜੀ ਵੱਡੀ ਗੱਲ ਐ!"

"ਇਹ ਸਭ ਅਖਬਾਰਾਂ ਵੇਚਣ ਦੇ ਹੱਥਕੰਡੇ ਐ ਅਮਾਂਡਾਂ। ਸਮਾਜ ਦੀ ਬਹੁਤ ਗਿਣਤੀ ਨੂੰ ਅਜਿਹੇ ਹਲਕੇ ਸਵਾਦ ਵਾਲੀਆਂ ਖਬਰਾਂ ਖਿਚਦੀਆਂ, ਇਹੋ ਅਖਬਾਰਾਂ ਚਾਹੁੰਦੀਆਂ।"

"ਠੀਕ ਸਰਜ ਪਰ ਸਰਕਾਰ ਨੂੰ ਕੋਈ ਰੋਕ ਵੀ ਤਾਂ ਲਾਉਣੀ ਚਾਹੀਦੀ ਐ, ਹੁਣ ਆਹ ਅਮੈਰਕਿਨ ਆਇਆ ਹੋਇਐ; ਟਿਮੋਥੀ ਲੈਰੀ, ਇਹ ਨਸ਼ਿਆਂ ਦੇ ਗੁਣ ਦਸ ਦਸ ਕੇ ਲੋਕਾਂ ਨੂੰ ਡਰੱਗਾਂ ਵਲ ਉਤਸ਼ਾਹਿਤ ਕਰ ਰਿਹੈ।"

"ਇਹ ਪੱਛਮੀ ਸਮਾਜ ਦਾ ਇਕ ਮਾੜਾ ਪੱਖ ਐ ਪਰ ਚੰਗੀ ਗੱਲ ਇਹ ਕਿ ਪੂਰਬ ਦਾ ਸਮਾਜ ਇਸ ਤੋਂ ਹਾਲੇ ਬਚਿਆ ਹੋਇਆ।"

"ਸਰਜ, ਕਿੰਨੀ ਕੁ ਦੇਰ ਬਚੇਗਾ, ਫਿਲਮਾਂ ਵਿਚ ਨਾਂ-ਪੱਖੀ ਬੰਦੇ ਨੂੰ ਹੀਰੋ ਬਣਾਉਣਾ ਸਾਫ ਦਸ ਰਿਹੈ ਕਿ ਭਵਿੱਖ ਦਾ ਸਮਾਜ ਕਿਧਰ ਜਾਵੇਗਾ।"

ਉਹ ਗੱਲਾਂ ਕਰਦੇ ਕਿੰਨੀ ਦੇਰ ਤਕ ਫਿਕਰ ਕਰਦੇ ਰਹੇ। ਉਸ ਰਾਤ ਸੁਰਜਨ ਅਮਾਂਡਾ ਦੇ ਫਲੈਟ ਵਿਚ ਹੀ ਰਹਿ ਗਿਆ।

ਹੌਲੀ ਹੌਲੀ ਸੁਰਜਨ ਅਮਾਂਡਾ ਦੇ ਫਲੈਟ ਵਿਚ ਅਕਸਰ ਠਹਿਰਨ ਲਗਿਆ। ਉਹ ਪਹਿਲਾਂ ਹੀ ਸਲਾਹ ਕਰ ਲੈਂਦੇ। ਸ਼ਨਿਚਰਵਾਰ ਸੁਰਜਨ ਅਮਾਂਡਾ ਦੇ ਫਲੈਟ ਵਿਚ ਚਲੇ ਜਾਂਦਾ ਤੇ ਐਤਵਾਰ ਉਥੋਂ ਸਿੱਧਾ ਕੰਮ 'ਤੇ। ਐਤਵਾਰ ਕੰਮ ਤੋਂ ਆ ਕੇ ਉਹ ਸਫਾਈ ਤੇ ਆਪਣੇ ਕਪੜੇ ਧੋਣ ਆਦਿ ਦਾ ਕੰਮ ਕਰ ਲੈਂਦਾ। ਉਸ ਦੇ ਸਾਥੀ ਵੀ ਸਮਝਣ ਲਗ ਪਏ ਸਨ ਕਿ ਸ਼ਨਿਚਰਵਾਰ ਦੀ ਰਾਤ ਉਹ ਸ਼ਾਇਦ ਹੀ ਆਵੇ ਪਰ ਫਿਰ ਵੀ ਉਸ ਦੀ ਰੋਟੀ ਕੱਢ ਕੇ ਇਕ ਪਾਸੇ ਰੱਖ ਦਿਤੀ ਜਾਂਦੀ। ਦੋਸਤ ਉਸ ਨੂੰ ਹਲਕਾ-ਹਕਲਾ ਮਜ਼ਾਕ-ਟਿੱਚਰ ਵੀ ਕਰਦੇ ਪਰ ਉਹ ਹੱਸ ਛੱਡਦਾ। ਉਸ ਦਾ ਫਿਕਰ ਵੀ ਕਰਦੇ ਕਿ ਉਹ ਜ਼ਰੂਰ ਕਿਸੇ ਗੋਰੀ ਦੇ ਚੱਕਰ ਵਿਚ ਫਸ ਗਿਆ ਹੈ। ਪੰਜਾਂ ਧੀਆਂ ਦਾ ਬਾਪ ਹੈ, ਹੁਣ ਇਸ ਦਾ ਕੀ ਬਣੇਗਾ, ਇਹ ਪੈਸੇ ਕਿਵੇਂ ਬਚਾਵੇਗਾ। ਇਹ ਵੀ ਹੋ ਸਕਦਾ ਹੈ ਕਿ ਉਹ ਆਪਣਾ ਟੱਬਰ-ਟੀਰ ਛੱਡ ਕੇ ਗੋਰੀ ਨਾਲ ਹੀ ਵਿਆਹ ਕਰਾ ਲਵੇ। ਉਸ ਨੂੰ ਸਿੱਧਾ ਕੁਝ ਕਹਿਣ ਦੀ ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ। ਇਕ ਦਿਨ ਗੁਰਨਾਮ ਨੇ ਸਭ ਦੇ ਬੈਠਿਆਂ ਜਾਣ ਬੁਝ ਕੇ ਗੱਲ ਅਰੰਭੀ,

"ਲੈ ਬਈ, ਮੈਂ ਵੀਹ ਕੁ ਹਜ਼ਾਰ ਜੋਗੇ ਪੌਂਡ ਜੋੜੇ ਆ, ਜਦੋਂ ਵੀ ਰੇਟ ਚੰਗਾ ਮਿਲ ਗਿਆ ਭੇਜ ਦੇਣੇਂ ਆਂ।

"ਐਤਕੀਂ ਆਪਾਂ ਬੜੇਪਿੰਡੀਏ ਸਹੋਤੇ ਰਾਹੀਂ ਭੇਜਾਂਗੇ, ਬੰਦਾ ਯਕੀਨ ਵਾਲਾ ਤੇ ਰੇਟ ਵੀ ਵਧੀਆ ਦੁਆਊਗਾ, ਕੰਮ ਵੀ ਗਰੰਟੀ ਵਾਲਾ ਕਰਦੈ। ...ਜੇ ਸਾਰੇ ਰਲ਼ ਕੇ 'ਕੱਠੇ ਭੇਜੀਏ ਤਾਂ ਰੇਟ ਵੀ ਠੀਕ ਮਿਲ਼ ਜਾਊ। ਵੀਹ ਗੁਰਨਾਮ ਦਾ ਤੇ ਪੰਦਰਾਂ ਮੇਰਾ...।"

ਕਹਿੰਦਾ ਬਲਦੇਵ ਸਭ ਵਲ ਦੇਖਣ ਲਗਿਆ, ਖਾਸ ਤੌਰ ਤੇ ਸੁਰਜਨ ਵਲ। ਸੁਰਜਨ ਨੂੰ ਚੁੱਪ ਦੇਖ ਗੁਰਨਾਮ ਬੋਲਿਆ,

"ਪੈਂਤੀ ਹੋ ਗਿਆ, ਆਹ ਬਾਹਮਣ ਨੂੰ ਵੀ ਪੁੱਛ ਲਓ, ਇਹਨੇ ਵੀ ਸੁਹਰਿਆਂ ਨੂੰ ਭੇਜਣੇ ਹੋਣੇਂ ਆਂ, ਅਗਲਿਆਂ ਐਵੇਂ ਤਾਂ ਨਹੀਂ ਗੱਡੇ ਨਾਲ ਕੱਟਾ ਬੰਨਿਆਂ।"

ਉਸ ਦੀ ਗੱਲ 'ਤੇ ਸਾਰੇ ਹੱਸਣ ਲਗੇ। ਉਸ ਨੇ ਨਾਲ ਹੀ ਸੁਰਜਨ ਨੂੰ ਵੀ ਪੁੱਛ ਲਿਆ,

"ਹਾਂ ਵੀ ਚਾਹਲ ਸਾਬ, ਤੁਸੀਂ ਕਿੰਨੇ ਕੁ ਭੇਜਣੇਂ ਆਂ?"

"ਬਈ ਮੈਂ ਤੁਹਾਡੇ ਜਿੱਡੀਆਂ ਛਾਲਾਂ ਨਹੀਂ ਮਾਰ ਸਕਦਾ, ਮੈਂ ਤਾਂ ਹਾਲੇ ਪਿਛਲੇ ਮਹੀਨੇ ਈ ਦੋ ਖੇਤ ਖਰੀਦੇ ਆ, ਜ਼ਰਾ ਮਹਿੰਗੇ ਮਿਲੇ।"

ਉਸ ਦੇ ਇਹ ਦੱਸਣ 'ਤੇ ਸਾਰੇ ਹੈਰਾਨ ਹੋ ਗਏ। ਸੁਰਜਨ ਨੇ ਖੇਤ ਖਰੀਦਣ ਵਾਲੀ ਗੱਲ ਕਿਸੇ ਨਾਲ ਕੀਤੀ ਹੀ ਨਹੀਂ ਸੀ, ਇਸ ਦੀ ਜ਼ਰੂਰਤ ਹੀ ਨਹੀਂ ਸੀ ਸਮਝੀ। ਅਮਾਂਡਾ ਕਰਕੇ ਉਸ ਦੇ ਕੁਝ ਖਰਚੇ ਜ਼ਰੂਰ ਵਧੇ ਸਨ ਪਰ ਉਸ ਦੇ ਹੋਰ ਫਜ਼ੂਲ ਖਰਚੇ ਨਹੀਂ ਸਨ ਜਿਵੇਂ ਕਿ ਉਸ ਦੇ ਨਾਲ ਦੇ ਸ਼ਰਾਬ ਤੇ ਵੇਸਵਾਵਾਂ ਉਪਰ ਖਰਚਦੇ ਸਨ। ਸੁਰਜਨ ਸਮਝ ਰਿਹਾ ਸੀ ਕਿ ਗੁਰਨਾਮ ਕਿਥੋਂ ਬੋਲ ਰਿਹਾ ਹੈ। ਉਸ ਨੇ ਅਗੇ ਕਿਹਾ,

"ਫੇਰ ਵੀ ਜੇ ਇਕੱਠੇ ਭੇਜਣ ਵਿਚ ਕੋਈ ਫਾਇਦੈ ਤਾਂ ਮੈਂ ਬਾਰਾਂ ਕੁ ਹਜ਼ਾਰ ਕਰ ਦੇਊਂ।"

www.PunjabiLibrary.com

ਉਸ ਦੀ ਅਗਲੀ ਇਸ ਗੱਲ ‘ਤੇ ਗੁਰਨਾਮ ਹਿੱਲ ਗਿਆ। ਉਹ ਤਾਂ ਵੀਹ ਹਜ਼ਾਰ ਦੀ ਵੀ ਗੱਪ ਮਾਰ ਰਿਹਾ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਸੁਰਜਨ ਝੂਠ ਨਹੀਂ ਬੋਲ ਰਿਹਾ ਹੋਣਾਂ, ਜੇ ਉਸ ਨੇ ਕਿਹਾ ਤਾਂ ਉਹ ਕੋਲ ਪੈਸੇ ਹੋਣਗੇ ਵੀ। ਮੁੜ ਕੇ ਗੁਰਨਾਮ ਨੇ ਵੀ ਸੁਰਜਨ ਨਾਲ ਕੋਈ ਵਾਧੂ ਗੱਲ ਕਰਨ ਦੀ ਹਿੰਮਤ ਨਾ ਕੀਤੀ। ਬਨਾਰਸੀ ਦਾਸ ਸੁਰਜਨ ਤੋਂ ਵੱਡਾ ਸੀ, ਕੁਝ ਕਹਿ ਵੀ ਸਕਦਾ ਸੀ ਪਰ ਉਹ ਆਪ ਸਿੰਘਾ ਪੁਰ ਰਿਹਾ ਹੋਣ ਕਰਕੇ, ਨਿੱਜੀ ਆਜ਼ਾਦੀ ਮਾਣੀ ਹੋਣ ਕਰਕੇ ਸੁਰਜਨ ਦੀ ਕਿਸੇ ਗੱਲ ਵਿਚ ਦਖਲ ਨਹੀਂ ਸੀ ਦੇਣਾ ਚਾਹੁੰਦਾ।...

ਸੁਰਜਨ ਹੁਣ ਅਮਾਂਡਾ ਦੇ ਬਹੁਤ ਨੇੜੇ ਹੋ ਗਿਆ ਸੀ। ਜਿਥੇ ਉਸ ਨੂੰ ਅਮਾਂਡਾ ਨਾਲ ਸਬੰਧਾਂ ਵਿਚੋਂ ਸੁੱਖ ਮਿਲਦਾ ਸੀ ਉਥੇ ਉਹ ਕਈ ਵਾਰ ਰਾਤਾਂ ਦੇ ਉਨੀਂਦਰੇ ਵੀ ਕੱਟਦਾ। ਪਾਸ਼ੀ ਉਸ ਦੇ ਸਰਾਹਣੇ ਆ ਖੜ੍ਹਦੀ। ਬੱਚੀਆਂ ਉਸ ਨੂੰ ਸਕੂਲ ਦਾ ਕੰਮ ਦਿਖਾ ਰਹੀਆਂ ਹੁੰਦੀਆਂ। ਕਦੇ ਕਦੇ ਅਜਿਹੇ ਖਿਆਲ ਉਸ ਨੂੰ ਬਹੁਤ ਹੀ ਚੁੱਪ ਕਰਾ ਜਾਂਦੇ। ਉਹ ਕਈ ਕਈ ਘੰਟੇ ਡੁੰਨ ਜਿਹਾ ਬਣਿਆਂ ਘੁੰਮਦਾ ਰਹਿੰਦਾ। ਅਜਿਹੇ ਵੇਲੇ ਅਮਾਂਡਾ ਉਸ ਦੇ ਮਨ ਨੂੰ ਪੜ੍ਹ ਲੈਂਦੀ ਤੇ ਉਸ ਦਾ ਹੱਥ ਫੜ ਕੇ ਆਖਦੀ,

“ਸਰਜ, ਕਿਉਂ ਫਿਕਰ ਕਰ ਰਿਹੈਂ, ਆਪਾਂ ਤਾਂ ਸਫਰ ਵਿਚ ਮਿਲੇ ਯਾਤਰੀ ਹਾਂ, ਸਫਰ ਖਤਮ ਹੋਇਆ ਤਾਂ ਆਪੋ ਆਪਣੇ ਰਾਹ ਪੈ ਜਾਵਾਂਗੇ, ...ਨਾ ਤੇਰੇ ਤੋਂ ਕੋਈ ਤੇਰਾ ਟੱਬਰ ਖੋਹ ਸਕਦਾ ਤੇ ਨਾ ਮੇਰੇ ਤੋਂ ਮੇਰਾ।”

ਇਕ ਦਿਨ ਉਸ ਨੇ ਅਮਾਂਡਾ ਨੂੰ ਪੁੱਛਿਆ,

“ਮੈਂਡੀ, ਕਦੇ ਸੋਚਿਆ ਕਿ ਉਹ ਕਿਹੜੀ ਚੀਜ਼ ਹੋਈ ਜਿਹੜੀ ਸਾਨੂੰ ਏਨਾ ਜੋੜ ਰਹੀ ਐ?”

“ਹਾਂ ਸੋਚਿਆ, ਬਹੁਤ ਵਾਰ ਸੋਚਿਆ, ਸ਼ਾਇਦ ਸਾਡੇ ਦੋਨਾਂ ਦੇ ਅੰਦਰ ਕੋਈ ਇਕੋ ਜਿਹਾ ਖਲਾਅ ਐ ਜਿਸ ਨੂੰ ਨਾ ਤੂੰ ਮੰਨਣ ਲਈ ਤਿਆਰ ਐਂ ਤੇ ਨਾ ਮੈਂ।”

ਸੁਰਜਨ ਅਗੇ ਕੁਝ ਨਾ ਬੋਲਿਆ। ਉਹ ਸੱਚ ਹੀ ਕਿਸੇ ਅੰਦਰਲੇ ਖਲਾਅ ਨੂੰ ਮੰਨਣ ਲਈ ਤਿਆਰ ਨਹੀਂ ਸੀ। ਕਾਫੀ ਦੇਰ ਬਾਅਦ ਉਸ ਨੇ ਫਿਰ ਪੁੱਛਿਆ,

“ਤੇਰੇ ਅੰਦਰ ਕਿਹੜਾ ਖਲਾਅ ਐ, ਦਸ ਸਕਦੀ ਐਂ?”

“ਮੇਰੇ ਅੰਦਰ ਉਹੋ ਕੁਝ ਐ ਜੋ ਤੇਰੇ ਅੰਦਰ, ਇਕ ਸਾਥੀ ਵਿਚੋਂ ਜਿਹੜੀ ਚੀਜ਼ ਨਹੀਂ ਮਿਲੀ ਉਹ ਕਿਸੇ ਹੋਰ ਵਿਚੋਂ ਮਿਲ ਗਈ। ਕਈ ਵਾਰ ਅਸੀਂ ਇਹਨੂੰ ਬਿਆਨ ਨਹੀਂ ਕਰ ਸਕਦੇ ਹੁੰਦੇ। ...ਹੁਣ ਜੌਰਜ ਵਿਚ ਸਾਰੇ ਗੁਣ ਹੈਗੇ ਨੇ, ਮੇਰੇ ਬੇਟੇ ਦਾ ਪਿਓ ਐ, ਮੇਰਾ ਫਾਰਮ ਸੰਭਾਲਦਾ ਐ, ਉਥੇ ਬੈਠਾ ਮੇਰੀ ਉਡੀਕ ਕਰ ਰਿਹੈ, ਹੋਰ ਇਸ ਤੋਂ ਵਧੀਆ ਪਤੀ ਕੀ ਹੋ ਸਕਦੈ ਪਰ ਕਿਧਰੇ ਕੁਝ ਹੈ ਵੇ।”

ਸੁਰਜਨ ਨੂੰ ਉਸ ਦੀ ਗੱਲ ਚੰਗੀ ਲਗੀ ਪਰ ਉਹ ਚੁੱਪ ਰਿਹਾ। ਕੁਝ ਦੇਰ ਬਾਅਦ ਅਮਾਂਡਾ ਬੋਲੀ,

“ਅਸਟਰੇਲੀਆ ਬਹੁਤ ਵੱਡਾ ਮੁਲਕ ਐ, ਬਹੁਤ ਸਾਰੀਆਂ ਸੰਭਾਵਨਾਵਾਂ ਨਾਲ ਭਰਿਆ ਹੋਇਆ। ਆਹ ਜੋ ਤੂੰ ਪੰਜ ਸਾਲ ਦਾ ਪਲਾਨ ਲੈ ਕੇ ਇਕ ਲੱਖ ਕਮਾਉਣ ਦੀ ਗੱਲ ਕਰਦੈਂ ਇਹ ਇਕ ਲੱਖ ਤੂੰ ਉਥੇ ਕੁਝ ਮਹੀਨਿਆਂ ਵਿਚ ਕਮਾ ਲਵੇਂਗਾ, ਉਥੇ ਵਿਓਪਾਰ ਕਰਨ ਦੇ ਬਹੁਤ ਮੌਕੇ ਨੇ। ਮੌਸਮ ਇਥੋਂ ਉਲਟ ਬਹੁਤ ਹੀ ਵਧੀਆ ਐ। ਮੇਰਾ ਬਾਬਾ ਇਥੋਂ ਖਾਲੀ ਹੱਥ ਗਿਆ ਸੀ, ਉਥੇ ਜਾ ਕੇ ਉਹਨੇ ਇਕ ਫਾਰਮ ਖਰੀਦ ਲਿਆ ਤੇ ਸੈਂਕੜੇ ਏਕੜ ਜ਼ਮੀਨ ਬਣਾ ਲਈ, ਮੇਰਾ ਪਿਓ ਉਸ ਨੂੰ ਹਜ਼ਾਰ ਏਕੜ ਤਕ ਲੈ ਗਿਆ, ਇਹ ਗੱਲ ਏਸ ਮੁਲਕ ਵਿਚ ਸੰਭਵ ਨਹੀਂ। ਹੁਣ ਮੈਂ ਵੀ ਇਸ ਨੂੰ ਅਗੇ ਵਧਾਵਾਂਗੀ। ...ਤੂੰ ਇਕ ਵਾਰ ਮੇਰੇ ਨਾਲ ਚਲ ਕੇ ਦੇਖ ਤਾਂ ਸਹੀ।”

“ਮੈਂਡੀ, ਜੇ ਮੈਂ ਤੇਰੇ ਨਾਲ ਜਾਵਾਂ ਤਾਂ ਤੇਰਾ ਜੌਰਜ ਮੇਰੇ ਬਾਰੇ ਕੀ ਸੋਚੇਗਾ?”

“ਜੌਰਜ ਬਹੁਤ ਚੰਗਾ ਆਦਮੀ ਐਂ, ਕੁਝ ਨਹੀਂ ਸੋਚੇਗਾ, ਤੂੰ ਫਿਕਰ ਨਾ ਕਰ, ਜੇ ਜਾਣਾ ਐਂ ਤਾਂ ਚਲੀਂ, ਮੈਨੂੰ ਖੁਸ਼ੀ ਹੋਵੇਗੀ।”

ਅਮਾਂਡਾ ਨੇ ਪੂਰੇ ਯਕੀਨ ਨਾਲ ਕਿਹਾ। ਸੁਰਜਨ ਉਸ ਨੂੰ ਆਪਣੀਆਂ ਜ਼ਿੰਮੇਵਾਰੀਆਂ ਦਸਦਾ ਸਮਝਾਉਣ ਲਗਿਆ ਕਿ ਉਹ ਤਾਂ ਇੰਗਲੈਂਡ ਵੀ ਬਹੁਤ ਮੁਸ਼ਕਲ ਨਾਲ ਬੈਠਾ ਹੈ ਪਿੱਛੇ ਪਾਸ਼ੀ ਪਤਾ ਨਹੀਂ ਕਿਹੜੇ ਹਾਲ ਵਿਚ ਬੱਚੇ ਪਾਲ ਰਹੀ ਹੋਵੇਗੀ। ਜੇ ਸਰਦੂਲ ਵਰਗੇ ਦੋਸਤ ਦਾ ਸਹਾਰਾ ਨਾ ਹੁੰਦਾ ਤਾਂ ਸ਼ਾਇਦ ਉਹ ਕਦੇ ਵੀ ਇੰਗਲੈਂਡ ਨਾ ਆ ਸਕਦਾ। ਉਸ ਨੇ ਹਿੰਦੁਸਤਾਨੀ ਵਿਆਹਾਂ ਬਾਰੇ ਵੀ ਦਸਿਆ ਕਿ ਕਿਵੇਂ ਮਾਂਪਿਓ ਦੀ ਮਰਜ਼ੀ ਨਾਲ ਹੁੰਦੇ ਹਨ। ਪਾਸ਼ੀ ਬਾਰੇ ਵੀ ਕਿ ਉਹ ਵਧੀਆ ਪਤਨੀ ਤਾਂ ਹੈ ਪਰ ਦੋਸਤ ਬਿਲਕੁਲ ਨਹੀਂ ਹੈ। ਬੱਚਿਆਂ ਦੀ ਪਰਵਰਿਸ਼ ਤੋਂ ਬਿਨਾਂ ਉਹਨਾਂ ਵਿਚ ਕੋਈ ਵੀ ਗੱਲ ਸਾਂਝੀ ਨਹੀਂ ਹੈ।

ਉਸ ਦਿਨ ਅਮਾਂਡਾ ਨੇ ਸੁਰਜਨ ਲਈ ਵਿਸ਼ੇਸ਼ ਖਾਣਾ ਤਿਆਰ ਕੀਤਾ। ਮੋਮਬੱਤੀਆਂ ਜਗਾ ਕੇ ਉਸ ਨੇ ਖਾਣਾ ਪਰੋਸਿਆ। ‘ਕੈਂਡਲ ਲਾਈਟ ਡਿਨਰ’ ਪਹਿਲਾਂ ਸੁਰਜਨ ਨੇ ਫਿਲਮਾਂ ਵਿਚ ਦੇਖਿਆ ਹੋਇਆ ਸੀ। ਉਹ ਨੂੰ ਇਹ ਤਰੀਕਾ ਬਹੁਤ ਹੀ ਰੁਮਾਂਟਿਕ ਲਗ ਰਿਹਾ ਸੀ। ਵਾਈਨ ਦੀਆਂ ਚੁਸਕੀਆਂ ਤੇ ਸਾਹਮਣੇ ਬੈਠੀ ਅਮਾਂਡਾ ਦਾ ਮੱਧਮ ਰੌਸ਼ਨੀ ਵਿਚ ਦਗਦਾ ਚਿਹਰਾ ਜਿਵੇਂ ਕਿਸੇ ਫਿਲਮ ਦਾ ਸੀਨ ਜੀਉ ਰਹੇ ਹੋਣ। ਸੁਰਜਨ ਨੇ ਅਮਾਂਡਾ ਦੀ ਠੋਡੀ ਹੇਠ ਉਂਗਲ ਰੱਖ ਉਹਦਾ ਚਿਹਰਾ ਉਪਰ ਚੁਕਿਆ ਤੇ ਕਿਹਾ,

“ਮੈਂਡੀ, ਮੇਰੇ ਮਨ ਵਿਚ ਇਕ ਸਵਾਲ ਘੁੰਮਦਾ ਰਹਿੰਦੈ।”

"ਕਿਹੜਾ?"
"ਪੁਰਖਿਆਂ ਦੀਆਂ ਜੜ੍ਹਾਂ ਦੇਖਣ ਦਾ ਕੰਮ ਤਾਂ ਕੁਝ ਮਹੀਨਿਆਂ ਵਿਚ ਵੀ ਹੋ ਸਕਦੈ ਫਿਰ ਇਹ ਪੰਜ ਸਾਲ ਕਿਉਂ?"

ਅਮਾਂਡਾ ਸਵਾਲ ਸੁਣ ਕੇ ਗੰਭੀਰ ਹੋ ਗਈ ਤੇ ਫਿਰ ਮੁਸਕ੍ਰਾਂਦੀ ਹੋਈ ਬੋਲੀ,

"ਅੱਜ ਦੇ ਜੀਵਨ ਵਿਚ ਮਨੁੱਖ ਨੂੰ ਬਹੁਤ ਸੋਝੀ ਆ ਗਈ ਐ ਜਿਹਦੇ ਕਾਰਨ ਉਹ ਆਪਣੇ ਨਿੱਜ ਬਾਰੇ ਜ਼ਿਆਦਾ ਸੋਚਣ ਲਗਿਆ। ਹਰ ਗੱਲ ਵਿਚ ਆਪਣੇ ਆਪ ਨੂੰ ਮੂਹਰੇ ਰੱਖਦੈ, ਮੈਂ ਵੀ ਇਵੇਂ ਹੀ ਸੋਚਣ ਲਗੀ ਸੀ, ਇਸ ਕਰਕੇ ਆਪਣੇ ਲਈ ਪੰਜ ਸਾਲ ਤੈਅ ਕੀਤੇ ਸਨ।"

"ਮੈਨੂੰ ਤੇਰੀ ਇਹ ਗੱਲ ਬੁਝਾਰਤ ਜਿਹੀ ਹੀ ਲਗਦੀ ਐ।"

"ਸਰਜ, ਇਹ ਜੌਰਜ ਸਾਡੇ ਫਾਰਮ ਦਾ ਮੈਨੇਜਰ ਸੀ, ਸਾਡਾ 'ਡੇਵੀ ਫਾਰਮ' ਐ, ਮੈਲਬੌਰਨ ਦੇ ਨਜ਼ਦੀਕ ਐ ਤੇ ਸਾਰੇ ਇਲਾਕੇ ਵਿਚ ਮਸ਼ਹੂਰ ਐ। ...ਮੈਂ ਪਿਓ ਦੀ ਇਕਲੌਤੀ ਧੀ ਸੀ ਤੇ ਮੇਰੇ ਮਗਰ ਬਹੁਤ ਮੁੰਡੇ ਲਗੇ ਹੋਏ ਸੀ ਪਰ ਮੈਨੂੰ ਜੌਰਜ ਨਾਲ ਪਿਆਰ ਹੋ ਗਿਆ। ਹਰ ਕੋਈ ਕਹਿੰਦਾ ਸੀ ਕਿ ਜੌਰਜ ਮੈਨੂੰ ਨਹੀਂ ਮੇਰੇ ਫਾਰਮ ਨੂੰ ਪਿਆਰ ਕਰਦੈ। ਮੇਰੇ ਨਾਲ ਪਿਆਰ ਦੀ ਉਹ ਸਿਰਫ ਐਕਟਿੰਗ ਕਰਦੈ। ਬੇਸ਼ੱਕ ਮੈਨੂੰ ਕਦੇ ਅਜਿਹਾ ਲਗਿਆ ਨਹੀਂ ਪਰ ਇਹ ਗੱਲ ਹਰ ਵੇਲੇ ਮੇਰੀ ਸੋਚ ਵਿਚ ਰੜਕਦੀ ਰਹਿੰਦੀ ਸੀ।"

"ਪੰਜ ਸਾਲ ਦਾ ਚੱਕਰ ਤਾਂ ਮੈਨੂੰ ਹਾਲੇ ਵੀ ਸਮਝ ਨਹੀਂ ਆਇਆ!"

"ਪੰਜ ਸਾਲ ਹੋਏ ਸਨ ਸਾਡੇ ਵਿਆਹ ਨੂੰ, ਫਿਰ ਮੈਂ ਪੰਜ ਸਾਲ ਉਸ ਤੋਂ ਅਲੱਗ ਰਹਿਣ ਦਾ ਫੈਸਲਾ ਕਰ ਲਿਆ, ਪੰਜ ਸਾਲ ਬਾਅਦ ਜਾ ਕੇ ਦੇਖਾਂਗੀ ਕਿ ਜੌਰਜ ਕਿਥੇ ਖੜਾ ਐ, ਜੇ ਮੈਨੂੰ ਕੁਝ ਗਲਤ ਲਗਿਆ ਤਾਂ ਚੁੱਕ ਕੇ ਉਹਨੂੰ ਫਾਰਮ ਵਿਚੋਂ ਬਾਹਰ ਸੁੱਟ ਦੇਵਾਂਗੀ।"

ਉਸ ਦਿਨ ਸੁਰਜਨ ਵੇਲੇ ਸਿਰ ਉਠ ਕੇ ਤਿਆਰ ਹੋਇਆ ਤੇ ਬੱਸ ਫੜ ਕੇ ਹਾਰਟਸ ਕਾਰ ਗੈਰਜ ਵਲ ਚਲ ਪਿਆ ਜਿਥੇ ਉਸ ਨੇ ਕਿਰਾਏ 'ਤੇ ਲੈਣ ਲਈ ਕਾਰ ਬੁੱਕ ਕਰਾਈ ਹੋਈ ਸੀ। ਗੈਰਜ ਵਿਚ ਜਾ ਕੇ ਜ਼ਰੂਰੀ ਪੇਪਰ ਭਰੇ, ਆਪਣਾ ਲਾਇਸੰਸ ਦਿਖਾਇਆ, ਪੈਸੇ ਦਿਤੇ ਤੇ ਕਾਰ ਦੀ ਚਾਬੀ ਲੈ ਲਈ। ਕਲਰਕ ਨੇ ਬਾਹਰ ਖੜੀ ਨੀਲੇ ਰੰਗ ਦੀ ਕਾਰ ਵਲ ਇਸ਼ਾਰਾ ਕਰ ਦਿਤਾ। ਸੁਰਜਨ ਨੂੰ ਕਾਰ ਚਲਾਉਣ ਦਾ ਬਹੁਤਾ ਅਭਿਆਸ ਤਾਂ ਨਹੀਂ ਸੀ ਪਰ ਆਤਮ-ਵਿਸ਼ਵਾਸ ਬਹੁਤ ਸੀ। ਉਹ ਕਾਰ ਲੈ ਕੇ ਅਮਾਂਡਾ ਦੇ ਘਰ ਪੁੱਜ ਗਿਆ। ਉਹ ਤਿਆਰ ਬੈਠੀ ਸੀ ਤੇ ਆਪਣਾ ਬੈਗ ਚੁੱਕ ਕੇ ਉਹ ਸੁਰਜਨ ਦੇ ਬਰਾਬਰ ਆ ਬੈਠੀ। ਅਮਾਂਡਾ ਆਪ ਵਧੀਆ ਡਰਾਈਵਰ ਸੀ ਪਰ ਉਸ ਨੇ ਸਰੁਜਨ ਨੂੰ ਹੀ ਕਾਰ ਡਰਾਈਵ ਕਰਨ ਦਿਤੀ। ਸੁਰਜਨ ਲੋੜ ਤੋਂ ਵਧ ਸਾਵਧਾਨੀ ਵਰਤ ਰਿਹਾ ਸੀ। ਅਮਾਂਡਾ ਵਾਰ ਵਾਰ ਕਹਿਣ ਲਗਦੀ; 'ਰਿਲੈਕਸ ਸਰਜ, ਰਿਲੈਕਸ।' ਕੁਝ ਮੀਲ ਚਲਾ ਕੇ ਉਸ ਦਾ ਹੱਥ ਟਿਕ ਗਿਆ। ਸ਼ੈਫ੍ਰਡ ਬੁੱਸ਼ ਦੇ ਨੇੜਿਓਂ ਹੀ ਉਹਨਾਂ ਨੇ 'ਏ 40' ਲੈ ਲਈ। ਮੇਨ ਰੋਡ ਤੇ ਆ ਕੇ ਸੁਰਜਨ ਕਾਰ ਇਵੇਂ ਚਲਾਉਣ ਲਗਿਆ ਜਿਵੇਂ ਬਹੁਤ ਹੰਢਿਆ ਹੋਇਆ ਡਰਾਈਵਰ ਹੁੰਦਾ ਹੈ। ਦੋ ਘੰਟੇ ਲਗਾਤਾਰ ਕਾਰ ਚਲਾਈ। ਅਗੇ ਜਾ ਕੇ 'ਏ 44' ਫੜ ਲਈ ਤੇ 'ਸਟਰੈਟਫੋਰਡ ਅਪੌਨ ਐਵਨ' ਦੇ ਸਾਈਨ ਲੈ ਲਏ ਤੇ ਨਾਲ ਹੀ 'ਏ 3400' 'ਤੇ ਪੈ ਗਏ।

ਇਵੇਂ ਇੰਗਲੈਂਡ ਦੇ ਪਿੰਡਾਂ ਵਲ ਆਉਣ ਦਾ ਸੁਰਜਨ ਦਾ ਇਹ ਪਹਿਲਾ ਮੌਕਾ ਸੀ। ਰੇਲ ਰਾਹੀਂ ਬਰਮੀਘੰਮ ਉਹ ਕੁਝ ਇਕ ਵਾਰ ਗਿਆ ਹੋਇਆ ਸੀ। ਸੜਕਾਂ ਦੁਆਲੇ ਚੁਗਦੀਆਂ ਗਾਈਆਂ, ਭੇਡਾਂ ਤੇ ਘੋੜੇ ਉਸ ਨੂੰ ਬਹੁਤ ਚੰਗੇ ਲਗ ਰਹੇ ਸਨ। ਦੂਰ ਦੂਰ ਤਕ ਖਿਲਰੇ ਉਚੇ ਨੀਵੇਂ ਖੇਤ, ਮਧਰੀਆਂ ਪਹਾੜੀਆਂ, ਸੱਪ ਵਾਂਗ ਵਲ਼ ਖਾਦੀਆਂ ਤੇ ਝੂਲੇ ਵਾਂਗ ਉੱਚੀਆਂ ਨੀਵੀਂਆਂ ਹੁੰਦੀਆਂ ਸੜਕਾਂ; ਇਹ ਇਕ ਸੁਫਨਮਈ ਦ੍ਰਿਸ਼ ਬਣ ਰਿਹਾ ਸੀ। ਉਸ ਦੀ ਰੂਹ ਨੂੰ ਅਜੀਬ ਜਿਹਾ ਸਕੂਨ ਮਿਲ ਰਿਹਾ ਸੀ। ਉਸ ਦਾ ਦਿਲ ਕਰਦਾ ਸੀ ਕਿ ਅਜਿਹੇ ਨਜ਼ਾਰੇ ਵਿਚ ਉਹ ਸਾਰੀ ਉਮਰ ਹੀ ਕਾਰ ਚਲਾਉਂਦਾ ਰਹੇ। ਅਮਾਂਡਾ ਪੁੱਛਣ ਲਗੀ,

"ਕੀ ਸੋਚ ਰਿਹੈਂ ਸਰਜ?"

"ਏਨੀ ਖੂਬਸੂਰਤ ਜਗਾਹ ਰਹਿ ਕੇ ਸ਼ੈਕਸਪੀਅਰ ਨੇ ਖੂਬਸੂਰਤ ਤਾਂ ਹੀ ਲਿਖਣਾ ਹੋਇਆ!"

"ਨਹੀਂ ਸਰਜ, ਅਸਟਰੇਲੀਆ ਵੀ ਬਹੁਤ ਖੂਬਸੂਰਤ ਐ; ਸਮਾਂ, ਧਰਤੀ, ਮੌਸਮ! ਪਰ ਬਹੁਤ ਵੱਡਾ ਮੁਲਕ ਐ, ਆਬਾਦੀ ਬਹੁਤ ਥੋੜੀ, ਮਸਾਂ ਲੰਡਨ ਜਿੰਨੀ।"

"ਮੈਂਡੀ, ਅਸਟਰੇਲੀਆ ਜਾਵਾਂਗਾ ਤਾਂ ਉਥੇ ਬਾਰੇ ਗੱਲ ਕਰਾਂਗਾ, ਹਾਲੇ ਤਾਂ ਇਹੋ ਸਵਰਗ ਲਗ ਰਿਹੈ।"

ਤਿੰਨ ਘੰਟੇ ਕਾਰ ਚਲਾ ਕੇ ਉਹ ਸ਼ੈਕਸਪੀਅਰ ਦੇ ਜਨਮ ਵਾਲੇ ਸ਼ਹਿਰ ਪੁੱਜ ਗਏ। ਕੁਝ ਦੇਰ ਇਧਰ ਓਧਰ ਫਿਰ ਕੇ ਇਕ ਹੋਟਲ ਵੀ ਮਿਲ ਗਿਆ। ਹੋਟਲ ਦੇ ਕਾਰ ਪਾਰਕ ਵਿਚ ਕਾਰ ਖੜੀ ਕੀਤੀ ਤੇ ਉਹ ਦੋਵੇਂ ਰਿਸੈਪਨਿਸਟ ਕੋਲ ਜਾ ਕਮਰਾ ਪੁੱਛਣ ਲਗੇ। ਰਿਸੈਪਨੈਸਟ ਕੁੜੀ ਨੇ ਬਹੁਤ ਮਿੱਠੀ ਮੁਸਕ੍ਰਾਹਟ ਦਿਤੀ ਪਰ ਨਾਲ ਦੀ ਨਾਲ ਸੁਰਜਨ ਨੂੰ ਸਿਰ ਤੋਂ ਪੈਰਾਂ ਤਕ ਘੋਖਦੀ ਰਜਿਸਟਰ ਫਰੋਲਣ ਲਗ ਪਈ। ਦੋ ਕੁ ਮਿੰਟ ਬਾਅਦ ਹੀ ਉਸ ਨੇ ਕਮਰਾ ਖਾਲੀ ਹੋਣ ਲਈ 'ਹਾਂ' ਕਰ ਦਿਤੀ। ਉਹਨਾਂ ਪੈਸੇ ਜਮ੍ਹਾਂ

ਕਰਾ ਕੇ ਚਾਬੀ ਲੈ ਲਈ। ਆਪਣੇ ਕਮਰੇ ਵਿਚ ਜਾ ਕੇ ਸਮਾਨ ਰੱਖਿਆ ਤੇ ਕੁਝ ਦੇਰ ਲਈ ਸੁਸਤਾਉਣ ਲਗ ਪਏ। ਘੰਟੇ ਕੁ ਬਾਅਦ ਉਹ ਬਾਹਰ ਨਿਕਲੇ। ਰਾਹ ਵਿਚੋਂ ਟੇਕ ਅਵੇਅ ਲੈਂਦੇ, ਖਾਂਦੇ ਹੋਏ ਸ਼ੈਕਸਪੀਅਰ ਦਾ ਜਨਮ ਅਸਥਾਨ ਦੇਖਣ ਤੁਰ ਪਏ। ਧੁੱਪ ਤਾਂ ਨਿਕਲੀ ਹੋਈ ਸੀ ਪਰ ਨਾਲ ਦੀ ਨਾਲ ਠੰਡੀ ਹਵਾ ਵੀ ਵਗ ਰਹੀ ਸੀ।

ਸ਼ੈਕਸਪੀਅਰ ਦੇ ਜਨਮ ਵੇਲੇ ਦਾ ਘਰ, ਜਨਮ ਵੇਲੇ ਦਾ ਝੂਲਾ, ਹੋਰ ਪੁਰਾਤਨ ਵਸਤਾਂ, ਹੱਥ ਲਿਖਤਾਂ, ਪੁਰਾਣੀਆਂ ਸੰਨਦਾਂ, ਕਾਗਜ਼ਾਤ, ਉਸ ਦੇ ਨਾਟਕ ਬਾਰੇ ਪੁਰਾਣੇ ਤੇ ਵੱਡੇ ਲੋਕਾਂ ਦੇ ਵਿਚਾਰ, ਨਾਟਕਾਂ ਦੇ ਅਦਾਕਾਰਾਂ ਦੇ ਕੌਸਚੂਮ ਆਦਿ ਕਿੰਨਾ ਕੁਝ ਸੰਭਾਲਿਆ ਪਿਆ ਸੀ। ਸ਼ਨਿਚਰਵਾਰ ਦਾ ਦਿਨ ਹੋਣ ਕਰਕੇ ਲੋਕਾਂ ਦੀ ਭਾਰੀ ਭੀੜ ਸੀ। ਸਟਰੈਟਫੋਰਡ ਵਿਚ ਕਈ ਥੀਏਟਰ ਸਨ ਜਿਥੇ ਹਰ ਵੇਲੇ ਸ਼ੈਕਸਪੀਅਰ ਦੇ ਨਾਟਕ ਚਲਦੇ ਰਹਿੰਦੇ ਸਨ। ਘੰਮਦੇ ਹੋਏ ਉਹ ਇਕ ਥੀਏਟਰ ਵਲ ਨਿਕਲ ਗਏ। ਸੁਰਜਨ ਖੁਸ਼ੀ ਵਿਚ ਉਛਲ ਪਿਆ, ਬੋਲਿਆ,

"ਮਰਚੈਂਟ ਔਫ ਵੀਨਸ! ਇਹ ਤਾਂ ਮੈਂ ਪੜ੍ਹਿਆ ਹੋਇਆ। ...ਉਥੈਲੋ ਵੀ, ਉਹ ਸਾਡੇ ਕੋਰਸ ਵਿਚ ਸੀ।"

"ਅੱਛਾ! ਮੈਂ ਵੀ, ...ਮੈਂ ਤਾਂ ਉਹਦੇ ਕਈ ਨਾਟਕ ਪੜ੍ਹੇ ਆ, ਟੈਂਪੇਸਟ, ਕਿੰਗ ਲੀਅਰ ਤੇ ਕਈ ਹੋਰ ਵੀ, ਸਾਡੇ ਵੀ ਕੋਰਸ ਵਿਚ ਹੁੰਦੇ ਸੀ।"

ਉਹਨਾਂ ਸ਼ਾਮ ਦੇ ਸ਼ੋਅ ਦੀਆਂ ਟਿਕਟਾਂ ਖਰੀਦ ਲਈਆਂ। ਫਿਰ ਉਹ ਮਰਚੈਂਟ ਔਫ ਵੀਨਸ ਦੇ ਕਿਰਦਾਰ ਸ਼ਾਈਲੌਕ ਬਾਰੇ ਗੱਲਾਂ ਕਰਨ ਲਗੇ। ਅਮਾਂਡਾ ਦਸ ਰਹੀ ਸੀ ਕਿ ਸ਼ੈਕਸਪੀਅਰ ਦੇ ਕਿਰਦਾਰ ਬਹੁਤ ਹੀ ਜਾਨਦਾਰ ਹੁੰਦੇ ਹਨ, ਡਰਾਮਾ ਪੜ੍ਹਦਿਆਂ ਹੀ ਕਿਰਦਾਰ ਸਾਹਮਣੇ ਦਿਸਣ ਲਗਦੇ ਹਨ। ਸੁਰਜਨ ਬਹੁਤ ਖੁਸ਼ ਸੀ ਕਿ ਉਹ ਆਪਣੇ ਮਨ ਪਸੰਦ ਦੇ ਕਿਰਦਾਰਾਂ ਨੂੰ ਸਟੇਜ ਤੇ ਦੇਖਣ ਜਾ ਰਿਹਾ ਸੀ। ਨਾਟਕ ਸਮੇਂ ਸਿਰ ਸ਼ੁਰੂ ਹੋ ਗਿਆ। ਲੋਕ ਬਹੁਤ ਹੀ ਮਜ਼ੇ ਵਿਚ ਬੈਠ ਕੇ ਡਰਾਮਾ ਦੇਖਦੇ ਰਹੇ। ਐਕਟਰਾਂ ਨੇ ਬਹੁਤ ਵਧੀਆ ਕੰਮ ਕੀਤਾ। ਨਾਟਕ ਦਾ ਉਹਨਾਂ ਨੇ ਪੂਰਾ ਅਨੰਦ ਲਿਆ। ਨਾਟਕ ਤੋਂ ਬਾਅਦ ਸ਼ਾਈਲੌਕ ਦਾ ਕਿਰਦਾਰ ਨਿਭਾਉਣ ਵਾਲੇ ਐਕਟਰ ਨਾਲ ਉਹਨਾਂ ਨੂੰ ਹੱਥ ਮਿਲਾਉਣ ਦਾ ਮੌਕਾ ਵੀ ਮਿਲਿਆ। ਰਾਤ ਉਹ ਬਹੁਤ ਦੇਰ ਨਾਲ ਆਪਣੇ ਕਮਰੇ ਵਿਚ ਮੁੜੇ। ਉਹ ਦੇਖੇ ਹੋਏ ਨਾਟਕ ਬਾਰੇ ਹੀ ਗੱਲਾਂ ਕਰਦੇ ਜਾ ਰਹੇ ਸਨ।...

ਸਵੇਰੇ ਵੇਟਰ ਚਾਹ ਦੇ ਨਾਲ ਦੋ ਅਖਬਾਰਾਂ ਵੀ ਦੇ ਗਿਆ। ਪਹਿਲੇ ਸਫੇ ਨੂੰ ਦੇਖਦੀ ਹੀ ਅਮਾਂਡਾ ਬੋਲੀ,

"ਸਰਜ, ਦੇਖ, ਨਿਕੀ ਜਿਹੀ ਖਬਰ ਨੂੰ ਪਹਿਲੇ ਸਫੇ 'ਤੇ ਛਾਪ ਰਹੇ ਆ।"

"ਕਿਹੜੀ?"

"ਉਹੀ ਜਿਹੜੀ ਆਪਾਂ ਕੱਲ ਗੱਲ ਕਰ ਰਹੇ ਸੀ ਕਿ ਕੁਝ ਔਰਤਾਂ ਕਹਿ ਰਹੀਆਂ ਕਿ ਅਸੀਂ ਅਜ਼ਾਦ ਹਾਂ, ਅੰਗੀ ਗੁਲਾਮੀ ਦੀ ਨਿਸ਼ਾਨੀ ਐ, ਇਸ ਲਈ ਮੁੜ ਕੇ ਅੰਗੀਆਂ ਨਹੀਂ ਪਾਵਾਂਗੀਆਂ, ...ਬੇਵਕੂਫ ਔਰਤੋ, ਮਰਦ ਬਰਾਬਰ ਤਨਖਾਹ ਦੀ ਗੱਲ ਕਰੋ, ਹੋਰ ਬਰਾਬਰੀ ਦੀ ਗੱਲ ਕਰੋ।"

ਹਾਲੇ ਕੱਲ ਹੀ ਲੰਡਨ ਦੇ ਕੇਂਦਰ ਵਿਚ ਕੁਝ ਔਰਤਾਂ ਨੇ ਆਪਣੀਆਂ ਅੰਗੀਆਂ ਸਾੜ ਦਿਤੀਆਂ ਸਨ ਕਿ ਉਹ ਮਰਦਾਂ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਇਸ ਕਰਕੇ ਮੁੜ ਕੇ ਅੰਗੀਆਂ ਨਹੀਂ ਪਹਿਣਗੀਆਂ। ਅੰਗੀਆਂ ਉਹਨਾਂ ਨੂੰ ਹੀਣੀਆਂ ਬਣਾ ਰਹੀਆਂ ਹਨ। ਅਖਬਾਰ ਨੇ 'ਬਰਨਿੰਗ ਬਰਾਅ' ਦੀ ਸੁਰਖੀ ਹੇਠ ਖਬਰ ਲਾਈ ਹੋਈ ਸੀ। ਸੁਰਜਨ ਬੋਲਿਆ,

"ਉਹੀ ਗੱਲ ਆ ਗਈ ਨਾ ਕਿ ਮੀਡਿਆ ਤਾਂ ਚਾਹੁੰਦਾ ਐ ਕਿ ਏਹੋ ਜਿਹੀ ਦਿਲਚਸਪ ਖਬਰ ਮਿਲੇ ਪਰ ਅਜਿਹੇ ਲੋਕ ਤਾਂ ਸਮਾਜ ਦਾ ਬਹੁਤ ਛੋਟਾ ਹਿੱਸਾ ਹੁੰਦੇ ਆ। ਆਹ ਦੇਖ ਹੁਣ ਜਿਹੜਾ ਪਤਨੀਆਂ ਬਦਲਣ ਦਾ ਰਿਵਾਜ਼ ਐ ਇਹ ਕਿੰਨੇ ਫੀ ਸਦੀ ਲੋਕ ਐ ਇਹਦੇ ਨਾਲ ਜੁੜੇ ਪਰ ਖਬਰ ਏਦਾਂ ਦੇਣਗੇ ਜਿੰਦਾਂ ਪੂਰਾ ਇੰਗਲੈਂਡ ਹੀ ਪਤਨੀ-ਬਦਲ ਮੁਹਿਮ ਵਿਚ ਸ਼ਾਮਲ ਹੋਵੇ।"

"ਸਰਜ, ਉਹ ਤਾਂ ਮੈਂ ਸਮਝਦੀ ਆਂ ਪਰ ਇਹ ਲੋਕ ਬਹੁਤਾ ਖੜਕਾ ਕਰਕੇ ਲੋਕਾਂ ਦਾ ਧਿਆਨ ਖਿੱਚ ਲੈਂਦੇ ਆ ਤੇ ਹੋਰ ਲੋਕਾਂ ਨੂੰ ਵੀ ਆਪਣੀ ਨਕਲ ਕਰਨ ਲਈ ਉਕਸਾਉਂਦੇ ਆ, ਸਮੁੱਚੇ ਸਮਾਜ ਨੂੰ ਇਹਦਾ ਨੁਕਸਾਨ ਹੁੰਦੈ।"

ਚਾਹ ਪੀਂਦੇ ਉਹ ਇਸ ਵਿਸ਼ੇ ਤੇ ਹੀ ਗੱਲਾਂ ਕਰਦੇ ਰਹਿੰਦੇ। ਕਈ ਵਾਰ ਉਹ ਇਕ ਦੂਜੇ ਨਾਲ ਸਹਿਮਤ ਵੀ ਹੁੰਦੇ ਪਰ ਫਿਰ ਵੀ ਕਿੰਨੀ ਦੇਰ ਤਕ ਗੱਲ ਖਿੱਚ ਹੋ ਜਾਂਦੀ। ਨੌਂ ਕੁ ਵਜੇ ਉਹਨਾਂ ਹੋਟਲ ਵਿਚੋਂ ਚੈੱਕ ਆਊਟ ਕਰ ਲਿਆ। ਰਿਸੈਪਸ਼ਨ 'ਤੇ ਆਏ ਤਾਂ ਹੋਰ ਗੋਰੀ ਬੈਠੀ ਸੀ। ਸੁਰਜਨ ਨੂੰ ਦੇਖ ਕੇ ਉਹਦੇ ਚਿਹਰੇ ਦਾ ਰੰਗ ਹੀ ਬਦਲ ਗਿਆ। ਕਾਰ ਵਿਚ ਬੈਠਦਾ ਸੁਰਜਨ ਬੋਲਿਆ,

"ਹੋਟਲ ਤਾਂ ਵਧੀਆ ਸੀ ਪਰ ਗੋਰੀ ਨਾਲ ਸਿੰਘ ਪਸੰਦ ਨਹੀਂ ਆਇਆ ਇਹਨਾਂ ਨੂੰ।"

"ਨਸਲਵਾਦੀ ਹਰਾਮੀ!"

ਆਖਦੀ ਅਮਾਂਡਾ ਕਾਰ ਤੋਂ ਬਾਹਰ ਦੇਖਣ ਲਗ ਪਈ। ਸੁਰਜਨ ਨੇ ਕਾਰ ਮੁੜ ਕੇ 'ਏ 3400' ਤੇ ਪਾ ਲਈ। ਇਹ ਸਾਰੇ ਰਾਹ ਉਸ ਨੇ ਪਹਿਲਾਂ ਹੀ ਇੰਗਲੈਂਡ ਦੀ 'ਏ ਟੂ ਜ਼ੈਡ' ਤੋਂ ਦੇਖ ਰੱਖੇ ਸਨ। ਐਟਲਸ ਆਪਣੇ ਨਾਲ ਵੀ ਰੱਖੀ ਹੋਈ ਸੀ ਕਿ ਜੇਕਰ ਕਿਧਰੇ ਭੁਲਦੇ ਹੋਏ ਪਰ ਸੁਰਜਨ ਨੂੰ ਸਭ ਯਾਦ ਹੀ ਸੀ। ਦਸ ਕੁ ਮੀਲ ਉੱਤਰ ਵਲ ਜਾ ਕੇ ਕਲੈਵਰਡਨ ਦੇ ਸਾਈਨ ਮਿਲ ਗਏ।

ਕਲੈਵਰਡਨ ਛੋਟਾ ਜਿਹਾ ਪਿੰਡ ਸੀ; ਅਮਾਂਡਾ ਦੇ ਪੁਰਖਿਆਂ ਦਾ ਪਿੰਡ। ਪਿੰਡ ਦੇ ਨੇੜੇ ਜਾ ਕੇ ਤਾਂ ਅਮਾਂਡਾ ਨੂੰ ਰਸਤੇ ਦਾ ਪਤਾ ਹੀ ਸੀ। ਉਹ ਪਹਿਲਾਂ ਵੀ ਇਥੇ ਆ ਚੁੱਕੀ ਸੀ। ਇਕ ਤਿੱਖੇ ਜਿਹੇ ਮੋੜ ਉਪਰ ਫੁੱਲਾਂ ਦੀ ਦੁਕਾਨ ਸੀ। ਉਹਨਾਂ ਨੇ ਉਥੋਂ ਵਾਹਵਾ ਸਾਰੇ ਫੁੱਲ ਖਰੀਦੇ। ਅਗੇ ਦੋ ਕੁ ਤੰਗ ਜਿਹੀਆਂ ਸੜਕਾਂ ਮੁੜ ਕੇ ਖੱਬੇ ਹੱਥ ਖੁੱਲ੍ਹਾ ਜਿਹਾ ਮੈਦਾਨ ਆ ਗਿਆ। ਅਮਾਂਡਾ ਨੇ ਇਕ ਜਗਾਹ ਕਾਰ ਰੋਕ ਲੈਣ ਦਾ ਇਸ਼ਾਰਾ ਕੀਤਾ। ਸੜਕ ਤੋਂ ਹਟਵੀਂ ਇਕ ਪਾਸੇ ਦੋ ਕੁ ਫੁੱਟ ਉੱਚੀ ਪੱਥਰਾਂ ਦੀ ਕੰਧ ਸੀ। ਲੋਹੇ ਦਾ ਇਕ ਪੁਰਾਣਾ ਜਿਹਾ ਗੇਟ ਲਗਿਆ ਹੋਇਆ ਸੀ। ਵੱਡਾ ਸਾਰਾ ਹਾਤਾ ਸੀ। ਬਹੁਤ ਹੀ ਖਾਮੋਸ਼ੀ ਨਾਲ ਰੁੱਖਾਂ ਦੇ ਝੁੰਡ ਖੜੇ ਸਨ। ਪਹਿਲਾਂ ਕਾਰ ਵਿਚੋਂ ਅਮਾਂਡਾ ਨਿਕਲੀ ਤੇ ਫਿਰ ਸੁਰਜਨ। ਅਮਾਂਡਾ ਨੇ ਕਾਲੇ ਰੰਗ ਦੀ ਸਕੱਰਟ ਪਾਈ ਹੋਈ ਸੀ ਤੇ ਕਾਲੇ ਰੰਗ ਦਾ ਹੀ ਬਲੇਜ਼ਰ। ਸਿਰ ਉਪਰ ਸਕਾਰਫ ਵੀ ਕਾਲੇ ਰੰਗ ਦਾ ਹੀ ਸੀ। ਉਹ ਗੇਟ ਨੂੰ ਇਕ ਪਾਸੇ ਧੱਕਦੀ ਬੋਲੀ,

"ਇਹ ਡੇਵੀ ਪਰਿਵਾਰ ਦਾ ਨਿੱਜੀ ਕਬਰਸਤਾਨ ਐ, ਇਸ ਇਲਾਕੇ ਦਾ 'ਡੇਵੀ' ਗੋਤ ਬਹੁਤ ਮਸ਼ਹੂਰ ਹੋਇਐ। ਮੇਰੇ ਬਾਬੇ ਨੇ ਤਾਂ ਅਸਟਰੇਲੀਆ ਜਾ ਕੇ ਇਸ ਨੂੰ ਹੋਰ ਵੀ ਵੱਡਾ ਬਣਾ ਦਿਤਾ ਐ ਪਰ ਹੁਣ ਇਸ ਪਿੰਡ ਵਿਚ ਬਹੁਤੇ ਡੇਵੀ ਨਹੀਂ ਰਹਿੰਦੇ।"

ਕਬਰਸਤਾਨ ਛੋਟਾ ਜਿਹਾ ਹੀ ਸੀ ਤੇ ਬਹੁਤ ਪੁਰਾਣਾ ਵੀ। ਉਹ ਇਕ ਕਬਰ ਕੋਲ ਰੁਕੇ। ਇਸ ਉਪਰ ਪੱਥਰ ਲਗਿਆ ਹੋਇਆ ਸੀ; ਜੌਹਨ ਡੇਵੀ: ਜਨਮ ਫਰਵਰੀ 1820—ਮੌਤ ਅਪਰੈਲ 1899. ਅਮਾਂਡਾ ਨੇ ਕਬਰ ਉਪਰ ਸਿਜਦਾ ਕੀਤਾ ਤੇ ਬੋਲੀ,

"ਇਹ ਮੇਰੇ ਪੜਦਾਦੇ ਦੀ ਕਬਰ ਐ, ਮੇਰੇ ਪਿਤਾ ਤੇ ਬਾਬੇ ਦੀਆਂ ਕਬਰਾਂ ਉਥੇ ਅਸਟਰੇਲੀਆ ਵਿਚ ਐ।"

ਆਖਦੀ ਉਹ ਕਬਰ ਸਾਫ ਕਰਨ ਲਗੀ। ਇਧਰ ਓਧਰ ਹਿੱਲੇ ਪੱਥਰਾਂ ਨੂੰ ਸਿੱਧੇ ਕਰਕੇ ਟਿਕਾਇਆ ਤੇ ਕਬਰ ਉਪਰ ਫੁੱਲ ਰੱਖ ਦਿਤੇ। ਫਿਰ ਅਮਾਂਡਾ ਨੇ ਛਾਤੀ ਉਪਰ ਸਲੀਬ ਦਾ ਨਿਸ਼ਾਨ ਬਣਾਉਂਦਿਆਂ ਬਾਈਬਲ ਦੀਆਂ ਦੋ ਕੁ ਸਤਰਾਂ ਮੂੰਹ ਵਿਚ ਬੁੜਬੁੜਾਈਆਂ ਤੇ ਆਖਣ ਲਗੀ,

"ਅੱਜ ਮੇਰੇ ਪਿਤਾ ਦੀ ਬਰਸੀ ਐ, ਮੈਨੂੰ ਆਪਣੇ ਬਾਬੇ ਤੇ ਪੜਦਾਦੇ ਦੀਆਂ ਬਰਸੀਆਂ ਦੀਆਂ ਸਹੀ ਤਰੀਕਾਂ ਦਾ ਨਹੀਂ ਪਤਾ ਪਰ ਮੈਂ ਅਜ ਸਭ ਨੂੰ ਇਕੱਠਿਆਂ ਯਾਦ ਕਰ ਲਿਆ, ਆਸ ਐ, ਮੇਰੇ ਡੈਡੀ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ।"

ਉਥੋਂ ਉਹ ਆਹਿਸਤਾ ਜਿਹੇ ਤੁਰੇ ਤਾਂ ਇਕ ਪਾਸੇ ਤਾਜ਼ੀ ਕਬਰ ਦੇਖ ਕੇ ਅਮਾਂਡਾ ਬੋਲੀ,

"ਇਹ ਕੋਈ ਡੇਵੀ ਹੀ ਹੋਵੇਗਾ ਪਰ ਸ਼ਾਇਦ ਕਿਸੇ ਹੋਰ ਪਿੰਡੋਂ ਹੋਵੇ।"

ਉਹਨਾਂ ਕਾਰ ਸਟ੍ਰਾਟ ਕੀਤੀ ਤੇ ਪਹਾੜੀ ਉਪਰ ਬਣੇ ਚਰਚ ਦੇ ਰਾਹ ਪਾ ਲਈ। ਚਰਚ ਦੇ ਵਿਹੜੇ ਵਿਚ ਹੋਰ ਵੀ ਕਾਰਾਂ ਖੜੀਆਂ ਸਨ। ਉਹ ਚਰਚ ਦੇ ਅੰਦਰ ਗਏ ਤਾਂ ਪਾਦਰੀ ਤੇ ਹੋਰ ਲੋਕ ਉਹਨਾਂ ਨੂੰ ਬਹੁਤ ਹੀ ਪਿਆਰ ਨਾਲ ਮਿਲੇ। ਇਕ ਸਿਆਣੀ ਜਿਹੀ ਔਰਤ ਸੁਰਜਨ ਨੂੰ ਪੁੱਛਣ ਲਗੀ,

"ਕੀ ਤੂੰ ਡਾਕਟਰ ਐਂ?"

ਜਵਾਬ ਵਿਚ ਸੁਰਜਨ ਹੱਸ ਪਿਆ। ਉਹ ਫਿਰ ਕਹਿਣ ਲਗੀ,

"ਤਾਂ ਫਿਰ ਤੂੰ ਕਿਸਮਤ ਦੱਸਣ ਵਾਲਾ ਹੋਵੇਂਗਾ।"

ਇਸ ਵਾਰ ਅਮਾਂਡਾ ਵੀ ਸੁਰਜਨ ਨਾਲ ਹੱਸਣ ਲਗੀ। ਇਹ ਗੱਲ ਸੁਰਜਨ ਨਾਲ ਪਹਿਲਾਂ ਵੀ ਕਈ ਵਾਰ ਵਾਪਰ ਚੁੱਕੀ ਸੀ। ਤੁਰੇ ਜਾਂਦੇ ਗੋਰੇ ਉਸ ਅਗੇ ਹੱਥ ਕਰ ਦਿੰਦੇ ਕਿ ਕਿਸਮਤ ਦੱਸ। ਭਾਟੜਾ ਬਰਾਦਰੀ ਦੇ ਕਈ ਲੋਕਾਂ ਦੇ ਸਿੱਖਾਂ ਦੇ ਵਕਾਰ ਨੂੰ ਅਜਿਹਾ ਬਣਾ ਦਿਤਾ ਹੋਇਆ ਸੀ। ਉਹ ਪੈਸਾ ਕਮਾਉਣ ਲਈ ਭੋਲੇ ਭਾਲੇ ਲੋਕਾਂ ਦਾ ਹੱਥ ਦੇਖ ਕੇ ਕਿਸਮਤ ਦੱਸਣ ਲਗਦੇ। ਇਵੇਂ ਹੀ ਪਹਿਲੀਆਂ ਵਿਚ ਕਈ ਸਿੱਖ ਡਾਕਟਰ ਵੀ ਇੰਗਲੈਂਡ ਵਿਚ ਦੂਰ ਦੂਰ ਤਕ ਆ ਵਸੇ ਸਨ। ਕਈਆਂ ਨੇ ਤਾਂ ਵਾਹਵਾ ਨਾਂ ਵੀ ਕਮਾਇਆ ਸੀ।

ਚਰਚ ਦਾ ਪਾਦਰੀ ਅਮਾਂਡਾ ਦੇ ਪਿਤਾ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿਉਂਕਿ ਉਹ ਇਥੇ ਆਉਂਦਾ ਰਿਹਾ ਸੀ। ਉਸ ਨੇ ਉਹਨਾਂ ਨੂੰ ਕਿਹਾ,

"ਬਾਰਾਂ ਵਜੇ ਦੀ ਅਰਦਾਸ ਹੋਣ ਵਾਲੀ ਐ, ਆਓ ਤੁਸੀਂ ਵੀ ਬਾਕੀ ਲੋਕਾਂ ਨਾਲ ਸ਼ਾਮਲ ਹੋਵੋ।"

ਚਰਚ ਦੇ ਹਾਲ ਵਿਚ ਲੋਕ ਇਕੱਠੇ ਹੋ ਰਹੇ ਸਨ। ਸੀਟਾਂ ਲਗੀਆਂ ਹੋਈਆਂ ਸਨ। ਸੀਟਾਂ ਉਪਰ ਅਜ ਦੀ ਅਰਦਾਸ ਵਾਲੇ ਕਿਤਾਬਚੇ ਪਏ ਸਨ। ਸਾਹਮਣੇ ਬਲੈਕ ਬੋਰਡ ਉਪਰ ਅਜ ਦਾ ਵਿਚਾਰ ਵੀ ਲਿਖਿਆ ਹੋਇਆ ਸੀ। ਬਾਈਬਲ ਦੇ ਉਸ ਅਧਿਆਏ ਦਾ ਨੰਬਰ ਵੀ ਦਿਤਾ ਹੋਇਆ ਸੀ ਜਿਥੋਂ ਇਹ ਵਿਚਾਰ ਲਿਆ ਗਿਆ ਸੀ। ਅਮਾਂਡਾ ਨੇ ਇਕ ਕਿਤਾਬਚਾ ਆਪ ਖੋਹਲ ਲਿਆ ਤੇ ਇਕ ਖੋਹਲ ਕੇ ਸੁਰਜਨ ਦੇ ਅਗੇ ਕਰ ਦਿਤਾ। ਸੁਰਜਨ ਨੇ ਹੌਲੀ ਜਿਹੀ ਕਿਹਾ,

"ਤੈਨੂੰ ਤਾਂ ਰਸਮਾਂ ਬਾਰੇ ਖੂਬ ਪਤਾ ਐ।"

"ਹਾਂ, ਮੈਂ ਬਚਪਨ ਤੋਂ ਹੀ ਡੈਡੀ ਨਾਲ ਚਰਚ ਜਾਂਦੀ ਰਹੀ ਆਂ, ਅਰਦਾਸ ਤਾਂ ਮੈਨੂੰ ਮੂੰਹ ਜ਼ੁਬਾਨੀ ਯਾਦ ਹੋਇਆ ਕਰਦੀ ਸੀ। ...ਤੂੰ ਵੀ ਅਰਦਾਸ ਨੂੰ ਕਿਤਾਬ ਵਿਚੋਂ ਨਾਲ ਦੀ ਨਾਲ ਪੜ੍ਹਨ ਦੀ ਕੋਸ਼ਿਸ਼ ਕਰੀਂ, ਵਿਚ ਵਿਚ ਗੋਡਿਆਂ ਭਾਰ ਵੀ ਹੋਣਾਂ ਪਵੇਗਾ।"

"ਤੂੰ ਫਿਕਰ ਨਾ ਕਰ, ਸਾਡੇ ਧਾਰਮਿਕ ਅਸਥਾਨਾਂ ਉਪਰ ਵੀ ਬਹੁਤ ਉਲਟਾ ਸਿੱਧਾ ਹੋਣਾਂ ਪੈਂਦੈ!"

## ਛੇ

ਜਨਵਰੀ ਦੀ ਜ਼ੋਰਦਾਰ ਠੰਡ। ਦਿਲਬਾਗ ਨੂੰ ਚਾਰ ਘੰਟੇ ਹੋ ਗਏ ਸਨ ਆਪਣੀ ਕਾਰ ਵਿਚ ਬੈਠਿਆਂ। ਦੋ ਵਾਰ ਗੋਰੀ ਦਾ ਦਰਵਾਜ਼ਾ ਖੜਕਾ ਆਇਆ ਸੀ। ਹਰਿੰਦਰ ਬਾਰੇ ਪੁੱਛ ਆਇਆ ਸੀ। ਗੋਰੀ ਖਿੱਝੀ ਤਾਂ ਨਹੀਂ ਸੀ ਪਰ ਉਸ ਨੂੰ ਅੰਦਰ ਆਉਣ ਲਈ ਵੀ ਨਹੀਂ ਸੀ ਕਿਹਾ। ਇੰਨਾ ਜ਼ਰੂਰ ਦੱਸ ਦਿਤਾ ਸੀ ਕਿ ਹਰਿੰਦਰ ਸੱਤ-ਅੱਠ ਵਜੇ ਦੇ ਕਰੀਬ ਇਕ ਵਾਰ ਘਰ ਆਇਆ ਕਰਦਾ ਹੈ। ਦਿਲਬਾਗ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ ਉਸ ਨੇ ਹਰਿੰਦਰ ਤੋਂ ਉਸ ਦੇ ਕੰਮ ਦਾ ਸਿਰਨਾਵਾਂ ਕਿਉਂ ਨਹੀਂ ਸੀ ਲਿਆ। ਘੱਟੋ ਘੱਟ ਫੋਨ ਨੰਬਰ ਹੀ ਲੈ ਲੈਂਦਾ। ਫਿਰ ਉਹ ਤੁਰਨ ਵੇਲੇ ਭਾਰਾ ਕਪੜਾ ਵੀ ਨਾਲ ਨਹੀਂ ਸੀ ਲਿਆਇਆ। ਬਸ ਹਲਕੀ ਜਿਹੀ ਜੈਕਟ ਨਾਲ ਆ ਗਿਆ ਸੀ ਜਿਹੜੀ ਕਾਰ ਚਲਾਉਣ ਵੇਲੇ ਪਾਇਆ ਹੀ ਕਰਦਾ ਸੀ। ਕਾਰ ਨੂੰ ਚਲਾ ਕੇ ਇੰਜਣ ਗਰਮ ਕਰਕੇ ਪੱਖਾ ਚਲਾ ਲੈਂਦਾ ਤੇ ਇਵੇਂ ਆਪ ਨਿੱਘ ਲੈ ਲੈਂਦਾ ਪਰ ਕਾਰ ਵਿਚ ਕੋਈ ਨੁਕਸ ਸੀ ਕਿ ਇੰਜਣ ਜਲਦੀ ਗਰਮ ਹੋਣ ਲਗਦਾ ਸੀ ਤੇ ਉਸ ਨੂੰ ਕਾਰ ਬੰਦ ਕਰਨੀ ਪੈਂਦੀ। ਕਦੇ ਕਦੇ ਉਸ ਦਾ ਦਿਲ ਕਰਦਾ ਕਿ ਗਰੇਵਜ਼ੈਂਡ ਹੀ ਵਾਪਸ ਮੁੜ ਜਾਵੇ। ਕੁਝ ਦੇਰ ਬਾਅਦ ਫਿਰ ਸੋਚਦਾ ਕਿ ਹੁਣ ਆ ਗਿਆ ਤਾਂ ਆ ਗਿਆ। ਜਿਹੜਾ ਫੈਸਲਾ ਇਕ ਵਾਰ ਕਰ ਲਿਆ ਸੋ ਕਰ ਲਿਆ। ਘਰੋਂ ਤੁਰਦਿਆਂ ਨੇ ਉਸ ਨੇ ਸੋਚਿਆ ਸੀ ਕਿ ਐਤਵਾਰ ਦਾ ਦਿਨ ਹੈ ਤੇ ਹਰਿੰਦਰ ਘਰ ਹੀ ਹੋਵੇਗਾ। ਉਹ ਇਹ ਭੁੱਲ ਹੀ ਗਿਆ ਸੀ ਕਿ ਟੈਕਸੀ ਵਾਲੇ ਤਾਂ ਐਤਵਾਰ ਵਾਲੇ ਦਿਨ ਜ਼ਿਆਦਾ ਵਿਅਸਤ ਹੁੰਦੇ ਹਨ। ਉਹ ਅਜਿਹਾ ਫਸ ਗਿਆ ਸੀ ਕਿ ਕਿਧਰੇ ਜਾ ਵੀ ਨਹੀਂ ਸੀ ਸਕਦਾ। ਵੈਸੇ ਤਾਂ ਖੂੰਜੇ ਹੀ ਪੱਬ ਵੀ ਸੀ ਪਰ ਪੱਬ ਨੇ ਵੀ ਸੱਤ ਵਜੇ ਖੁਲ੍ਹਣਾ ਸੀ। ਉਸ ਨੇ ਰੱਬ ਰੱਬ ਕਰਕੇ ਸੱਤ ਵਜਾਏ ਤੇ ਹਰਿੰਦਰ ਦੀ ਮਕਾਨ ਮਾਲਕਣ ਮੈਰੀ ਨੂੰ ਦੱਸ ਆਇਆ ਕਿ ਉਹ ਕੋਨੇ ਵਾਲੇ ਪੱਬ ਵਿਚ ਬੈਠਾ ਹੋਵੇਗਾ, ਜਦ ਵੀ ਉਹ ਆਵੇ, ਦਸ ਦੇਵੇ।

ਹਰਿੰਦਰ ਦਿਲਬਾਗ ਦਾ ਖਾਸਮ-ਖਾਸ ਦੋਸਤ ਸੀ। ਦੋਵੇਂ ਹਮ-ਉਮਰ ਸਨ। ਹਰਿੰਦਰ ਨੂੰ ਉਸ ਦੇ ਮਾਮੇ ਨੇ ਆਪਣਾ ਪੁੱਤ ਬਣਾ ਕੇ ਇੰਗਲੈਂਡ ਲੰਘਾਇਆ ਸੀ, ਇਵੇਂ ਹੀ ਦਿਲਬਾਗ ਨੂੰ ਉਸ ਦੇ ਤਾਏ ਨੇ। ਹਰਿੰਦਰ ਪਹਿਲਾਂ ਗਰੇਵਜੈਂਡ ਹੀ ਰਹਿੰਦਾ ਸੀ ਪਰ ਫਿਰ ਮਾਮੇ ਤੋਂ ਬਾਗੀ ਹੋ ਕੇ ਲੰਡਨ ਭੱਜ ਆਇਆ ਸੀ। ਇਵੇਂ ਹੀ ਦਿਲਬਾਗ ਹੁਣ ਆਪਣੇ ਤਾਏ ਫੁੰਮਣ ਸਿੰਘ ਤੋਂ ਬਾਗੀ ਹੋ ਕੇ ਲੰਡਨ ਆਇਆ ਸੀ। ਦਿਲਬਾਗ ਹਰਿੰਦਰ ਵਾਂਗ ਬਾਗੀ ਨਹੀਂ ਸੀ ਹੋਇਆ ਪਰ ਉਹ ਸਾਂਝੇ ਟੱਬਰ ਵਿਚ ਰਹਿ ਕੇ ਅੱਕ ਗਿਆ ਸੀ। ਉਹ ਆਪਣੀ ਜ਼ਿੰਦਗੀ ਜੀਉਣਾ ਚਾਹੁੰਦਾ ਸੀ। ਤਾਏ-ਤਾਈ ਮੂਹਰੇ ਉਹ ਬੋਲ ਨਹੀਂ ਸੀ ਸਕਦਾ। ਉਸ ਦਾ ਆਪਣੇ ਤਾਏ ਨਾਲ ਪਿਆਰ ਹੀ ਇੰਨਾ ਸੀ ਕਿ ਉਹਦੇ ਮੂਹਰੇ ਜਾ ਕੇ ਗੂੰਗਾ ਬਣ ਜਾਂਦਾ। ਉਸ ਦੀ ਕਹੀ ਹਰ ਗੱਲ ਸਿਰ ਸੁੱਟ ਕੇ ਮੰਨੀ ਜਾਂਦਾ। ਤਾਏ ਦੇ ਪੁੱਤਰ ਅਮਰੀਕ ਤੇ ਨਛੱਤਰ ਭਾਵੇਂ ਕਦੇ ਕਦੇ ਉਸ ਨਾਲ ਜ਼ਿੱਦ ਕਰਨ ਲਗਦੇ ਪਰ ਤਾਇਆ ਉਸ ਨੂੰ ਆਪਣੇ ਪੁੱਤਾਂ ਬਰਾਬਰ ਹੀ ਸਮਝਦਾ ਸੀ। ਉਸ ਦੀ ਤਾਈ ਉਸ ਦੀ ਮਾਸੀ ਵੀ ਸੀ, ਉਹ ਵੀ ਕੋਈ ਫਰਕ ਨਹੀਂ ਸੀ ਕਰਦੀ। ਘਰ ਵਿਚ ਦਿਲਬਾਗ ਦਾ ਸਭ ਤੋਂ ਪਿਆਰ ਆਪਣੀ ਭੈਣ ਭੁਪਿੰਦਰ ਨਾਲ ਸੀ। ਉਹ ਸਭ ਤੋਂ ਛੋਟੀ ਸੀ ਤੇ ਦਿਲਬਾਗ ਦਾ ਧਿਆਨ ਵੀ ਰਖਦੀ ਸੀ। ਜਦੋਂ ਫੁੰਮਣ ਸਿੰਘ ਇਧਰ ਆਇਆ ਤਾਂ ਕੰਮ ਕਰਦਿਆਂ ਬੱਚਿਆਂ ਦੇ ਨਾਂ ਲਿਖਵਾਉਣੇ ਪੈਂਦੇ ਸਨ। ਜਿੰਨੇ ਬੱਚੇ ਜ਼ਿਆਦਾ ਹੋਣ ਓਨਾ ਹੀ ਟੈਕਸ ਘੱਟ ਕੱਟ ਹੋਣਾ ਹੁੰਦਾ। ਉਸ ਨੇ ਦਿਲਬਾਗ ਦਾ ਨਾਂ ਵੀ ਆਪਣੇ ਕੋਡ ਵਿਚ ਪਾ ਲਿਆ ਸੀ। ਇਵੇਂ ਹੀ ਦਿਲਬਾਗ ਵੀ ਬਾਕੀ ਟੱਬਰ ਨਾਲ ਇੰਗਲੈਂਡ ਲੰਘ ਆਇਆ ਸੀ। ਦੋ ਕੁ ਸਾਲ ਸਕੂਲਾਂ ਵਿਚ ਧੱਕੇ ਖਾ ਕੇ ਦਿਲਬਾਗ ਇਕ ਫੈਕਟਰੀ ਵਿਚ ਕੰਮ 'ਤੇ ਜਾ ਲਗਿਆ।

ਦਿਲਬਾਗ ਦਾ ਪਿਤਾ ਸਾਥੀ ਬਿਸ਼ੰਭਰ ਸਿੰਘ ਨਵੇਂਸ਼ਹਿਰ ਦਾ ਜਾਣਿਆਂ ਪੱਛਾਣਿਆਂ ਕਾਮਰੇਡ ਸੀ। ਜਵਾਨੀ ਵਿਚ ਹੀ ਉਹ ਪਾਰਟੀ ਦਾ ਮੈਂਬਰ ਬਣ ਗਿਆ ਸੀ। ਉਹ ਬਹੁਤਾ ਸਮਾਂ ਜਲੂਸਾਂ-ਮੁਜ਼ਾਹਰਿਆਂ ਵਿਚ ਖਰਚ ਕਰਦਾ। ਕਿਤੇ ਹੜਤਾਲ ਕਰਾਉਣੀ ਹੋਵੇ, ਕਿਤੇ ਰੋਸ-ਮਾਰਚ ਕਰਨਾ ਹੋਵੇ; ਸਾਥੀ ਬਿਸ਼ੰਭਰ ਸਿੰਘ ਮੋਹਰੀ ਹੁੰਦਾ। ਉਸ ਦੀ ਆਮਦਨ ਜ਼ਮੀਨ ਦਾ ਥੋੜ੍ਹਾ ਜਿਹਾ ਹਾਲ੍ਹਾ ਹੀ ਸੀ। ਖੇਤੀ ਕਰਨ ਕਰਾਉਣ ਦੀ ਨਾ ਉਸ ਕੋਲ ਵਿਹਲ ਸੀ ਤੇ ਨਾ ਹੀ ਕੋਈ ਉੱਕਤ। ਫੁੰਮਣ ਸਿੰਘ ਨੂੰ ਆਪਣੇ ਛੋਟੇ ਭਰਾ ਦਾ ਬਹੁਤ ਫਿਕਰ ਰਹਿੰਦਾ ਸੀ। ਦੋ ਧੀਆਂ ਵੀ ਸਨ ਵਿਆਹੁਣ ਵਾਲੀਆਂ। ਦਿਲਬਾਗ ਕੰਮ 'ਤੇ ਲਗਿਆ ਤਾਂ ਉਹ ਸਾਰੀ ਤਨਖਾਹ ਲਿਆ ਕੇ ਆਪਣੇ ਤਾਏ ਨੂੰ ਹੀ ਦਿੰਦਾ ਸੀ। ਫੁੰਮਣ ਸਿੰਘ ਨੇ ਉਸ ਦੇ ਪੈਸੇ ਅਲੱਗ ਰੱਖੇ ਤੇ ਕੁਝ ਆਪਣੇ ਕੋਲੋਂ ਪਾਏ ਤੇ ਇੰਡੀਆ ਜਾ ਕੇ ਦੋਨਾਂ ਕੁੜੀਆਂ ਦੇ ਸਾਦੇ ਜਿਹੇ ਵਿਆਹ ਕਰ ਆਇਆ। ਇਸ ਨਾਲ ਬਿਸ਼ੰਭਰ ਸਿੰਘ ਬਿਲਕੁਲ ਹੀ ਵਿਹਲਾ ਹੋ ਗਿਆ। ਹੁਣ ਫੁੰਮਣ ਸਿੰਘ ਦਿਲਬਾਗ ਤੋਂ ਕਦੇ ਕਦੇ ਕੁਝ ਪੈਸੇ ਬਿਸ਼ੰਭਰ ਸਿੰਘ ਨੂੰ ਭਿਜਵਾ ਦਿੰਦਾ ਪਰ ਦਿਲਬਾਗ ਨੂੰ ਹੁਣ ਪੈਸੇ ਦੀ ਸੋਝੀ ਆਉਣ ਲਗ ਪਈ ਸੀ। ਉਹ ਆਪਣੀ ਤਨਖਾਹ ਇੰਡੀਆ ਨਹੀਂ ਸੀ ਭੇਜਣੀ ਚਾਹੁੰਦਾ। ਉਸ ਦੇ ਆਪਣੇ ਖਚਰ ਵੀ ਵਧ ਗਏ ਸਨ। ਕਾਰ ਲੈ ਲਈ

ਸੀ ਤੇ ਹੋਰ ਖਰਚੇ ਵੀ। ਉਸ ਨੂੰ ਆਪਣੇ ਪਿਓ ਬਾਰੇ ਬਹੁਤਾ ਫਿਕਰ ਨਹੀਂ ਸੀ। ਉਹ ਚਾਹੁੰਦਾ ਸੀ ਕਿ ਹੁਣ ਆਪਣੀ ਸਾਰੀ ਤਨਖਾਹ ਆਪਣੇ ਕੋਲ ਰੱਖੇ ਤੇ ਆਪਣੀ ਮਰਜ਼ੀ ਨਾਲ ਵਰਤੇ।

ਤਾਏ ਦੇ ਮੁੰਡੇ ਅਮਰੀਕ ਦੇ ਵਿਆਹ ਕਾਰਨ ਘਰ ਵੀ ਹੁਣ ਛੋਟਾ ਪੈਣ ਲਗਿਆ ਸੀ। ਘਰ ਵਿਚ ਸਭ ਨੂੰ ਇਕੱਠੇ ਔਖੇ ਹੋ ਕੇ ਸੌਣਾ ਪੈਂਦਾ। ਤਾਇਆ ਚਾਹੁੰਦਾ ਸੀ ਕਿ ਦਿਲਬਾਗ ਪੈਸੇ ਜੋੜੇ ਤੇ ਆਪਣਾ ਘਰ ਲੈ ਲਵੇ ਪਰ ਉਸ ਤੋਂ ਪੈਸੇ ਹੁਣ ਜੁੜ ਨਹੀਂ ਸਨ ਰਹੇ। ਤਾਇਆ ਉਸ ਨੂੰ ਖਰਚ ਤੇ ਕਾਬੂ ਕਰਨ ਬਾਰੇ ਕਹਿੰਦਾ ਰਹਿੰਦਾ ਜਿਹੜਾ ਕਿ ਉਸ ਨੂੰ ਚੰਗਾ ਨਾ ਲਗਦਾ। ਇਸ ਲਈ ਉਹ ਤਾਏ-ਤਾਈ ਤੋਂ ਦੂਰ ਚਲੇ ਜਾਣਾ ਚਾਹੁੰਦਾ ਸੀ। ਇਸੇ ਮਨਸ਼ੇ ਨਾਲ ਉਹ ਹਰਿੰਦਰ ਕੋਲ ਆਇਆ ਸੀ।

ਹਰਿੰਦਰ ਪੂਰਬੀ ਲੰਡਨ ਵਿਚ ਆ ਕੇ ਸੈੱਟਲ ਹੋ ਗਿਆ ਸੀ। ਜਦ ਕਦੇ ਗਰੇਵਜ਼ੈਂਡ ਆਉਂਦਾ ਤਾਂ ਬਹੁਤ ਹੀ ਚੜ੍ਹਾ ਵਧਾ ਕੇ ਗੱਲਾਂ ਕਰਦਾ। ਹਰਿੰਦਰ ਟੈਕਸੀ ਚਲਾਉਂਦਾ ਹੋਣ ਕਰਕੇ ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਉਸ ਦਾ ਵਾਹ ਪੈਂਦਾ ਸੀ ਇਸ ਲਈ ਉਸ ਕੋਲ ਸੁਣਾਉਣ ਲਈ ਬਹੁਤ ਸਾਰੀਆਂ ਦਿਲਚਸਪ ਕਹਾਣੀਆਂ ਹੁੰਦੀਆਂ। ਉਹ ਲੰਡਨ ਦੀ ਜ਼ਿੰਦਗੀ ਬਾਰੇ ਵੀ ਬਹੁਤ ਸਾਰੀਆਂ ਗੱਪਾਂ ਮਾਰਦਾ। ਉਹ ਦਿਲਬਾਗ ਨੂੰ ਹਲਾਸ਼ੇਰੀ ਦਿੰਦਾ ਆਖਦਾ,

"ਯਾਰ, ਕੀ ਆਹ ਫੈਕਟਰੀਆਂ ਵਿਚ ਧੱਕੇ ਖਾਈ ਜਾਨਾਂ, ਪੱਚੀ ਨਾ ਤੀਹ ਪੌਂਡ ਲੈ ਆਵੇਂਗਾ, ਕੈਬਿੰਗ ਵਿਚ ਸੌ ਨੂੰ ਢੁਕੇਂਗਾ, ਨਾਲੇ ਆਪਣੇ ਕੰਮ ਨਾਲ ਦੀ ਰੀਸ ਨਹੀਂ।"

ਹਰਿੰਦਰ ਦੀਆਂ ਇਹਨਾਂ ਗੱਲਾਂ ਦਾ ਖਿਚਿਆ ਦਿਲਬਾਗ ਲੰਡਨ ਆ ਗਿਆ ਸੀ ਪਰ ਆਉਣ ਤੋਂ ਪਹਿਲਾਂ ਉਹ ਹਰਿੰਦਰ ਨਾਲ ਚੰਗੀ ਤਰ੍ਹਾਂ ਰਾਬਤਾ ਕਾਇਮ ਨਹੀਂ ਸੀ ਕਰ ਸਕਿਆ। ਟੈਕਸੀ ਚਲਾਉਣ ਦਾ ਕੰਮ ਉਸ ਨੂੰ ਚੰਗਾ ਵੀ ਲਗ ਰਿਹਾ ਸੀ। ਉਸ ਦੇ ਕੁਝ ਹੋਰ ਵਾਕਫ ਵੀ ਇਸ ਕੰਮ ਵਿਚ ਸਨ ਪਰ ਲੰਡਨ ਵਿਚ ਟੈਕਸੀ ਚਲਾਉਣੀ ਬਹੁਤ ਸੌਖੀ ਸੀ। ਸਿਰਫ ਤੁਹਾਨੂੰ ਡਰਾਈਵਿੰਗ ਲਾਇਸੰਸ ਦੀ ਜ਼ਰੂਰਤ ਹੀ ਸੀ। ਕਾਰ ਖਰੀਦੋ ਤੇ ਟੈਕਸੀ ਸ਼ੁਰੂ ਕਰ ਦਿਓ। ਹੋਰਨਾਂ ਸ਼ਹਿਰਾਂ ਵਾਂਗ ਨਾ ਕੋਈ ਕੌਂਸਲ ਦੀ ਇਜਾਜ਼ਤ ਦੀ ਲੋੜ ਸੀ ਤੇ ਨਾ ਹੀ ਕੋਈ ਹੋਰ ਖਲਜਗਣ। ਗਰੇਵਜ਼ੈਂਡ ਵਿਚ ਟੈਕਸੀ ਕਰਨ ਲਈ ਖਾਸ ਪਲੇਟ ਲੈਣੀ ਪੈਂਦੀ ਸੀ ਜਿਹੜੀ ਕਾਫੀ ਮਹਿੰਗੀ ਸੀ। ਉਸ ਨੂੰ ਪਤਾ ਸੀ ਕਿ ਤਾਏ ਨਾਲ ਗੱਲ ਕਰੇਗਾ ਕਿ ਉਹ ਲੰਡਨ ਜਾ ਕੇ ਟੈਕਸੀ ਕਰਨੀ ਚਾਹੁੰਦਾ ਹੈ ਤਾਂ ਉਹ ਕਦੇ ਨਹੀਂ ਮੰਨੇਗਾ ਤੇ ਤਾਏ ਦੀ ਗੱਲ ਨੂੰ ਉਹ ਉਲੱਦ ਵੀ ਨਹੀਂ ਸਕੇਗਾ। ਫਿਰ ਇਕ ਦਿਨ ਅਜਿਹਾ ਸਬੱਬ ਬਣਿਆਂ ਕਿ ਕੰਮ ਉਪਰ ਉਸ ਦਾ ਆਪਣੇ ਫੋਰਮੈਨ ਨਾਲ ਕਿਸੇ ਗੱਲੋਂ ਝਗੜਾ ਹੋ ਗਿਆ। ਉਸ ਨੇ ਫੋਰਮੈਨ ਨੂੰ ਗਲੋਂ ਫੜ ਕੇ ਧੱਕਾ ਦੇ ਮਾਰਿਆ ਜਿਸ ਦੇ ਫਲਸਰੂਪ ਉਸ ਨੂੰ ਕੰਮ ਤੋਂ ਜਵਾਬ ਦੇ ਦਿਤਾ ਗਿਆ। ਉਸ ਨੇ ਆਪਣੇ ਕੰਮ ਟੁੱਟਣ ਦੇ ਨਾਲ ਨਾਲ ਘਰ ਵਿਚ ਹਲਕੀ ਜਿਹੀ ਖਬਰ ਫੈਲਾ ਦਿਤੀ ਕਿ ਸ਼ਾਇਦ ਹੁਣ ਉਹ ਲੰਡਨ ਹੀ ਚਲੇ ਜਾਵੇ। ਘਰੋਂ ਤੁਰਨ ਵੇਲੇ ਉਸ ਨੇ ਆਪਣੀ ਭੈਣ ਭੁਪਿੰਦਰ ਨੂੰ ਹੀ ਦਸਿਆ ਸੀ ਕਿ ਉਹ ਹਰਿੰਦਰ ਕੋਲ ਜਾ ਰਿਹਾ ਹੈ ਤੇ ਕੱਲ੍ਹ ਮੁੜੇਗਾ ਪਰ ਉਸ ਨੂੰ ਯਕੀਨ ਸੀ ਕਿ ਉਹ ਮੁੜਨ ਲਈ ਨਹੀਂ ਜਾ ਰਿਹਾ। ਘਰੋਂ ਤੁਰਨ ਵੇਲੇ ਉਹ ਵੱਡੀ ਜੈਕਟ ਚੁੱਕਣੀ ਭੁੱਲ ਗਿਆ ਸੀ। ਰਸਤੇ ਵਿਚ ਉਸ ਨੂੰ ਯਾਦ ਵੀ ਆ ਗਿਆ ਸੀ ਪਰ ਉਸ ਨੇ ਸੋਚਿਆ ਕਿ ਹਰਿੰਦਰ ਦਾ ਸਾਈਜ਼ ਵੀ ਉਸ ਵਾਲਾ ਹੀ ਹੈ, ਉਸ ਦੇ ਕਪੜੇ ਪਹਿਨ ਲਵੇਗਾ।...

ਪੱਬ ਵਿਚ ਬੈਠਾ ਦਿਲਬਾਗ ਆਪਣੇ ਦੋਸਤ ਨੂੰ ਉਡੀਕਦਾ ਰਿਹਾ। ਅੱਧਾ ਘੰਟਾ, ਇਕ ਘੰਟਾ ਡੇੜ ਘੰਟਾ। ਉਸ ਦਾ ਵਕਤ ਹੀ ਪਾਸ ਨਹੀਂ ਸੀ ਹੋ ਰਿਹਾ। ਹਰਿੰਦਰ ਜਾ ਕੇ ਨੌਂ ਵਜੇ ਆਇਆ ਪਰ ਆ ਕੇ ਉਹ ਮਿਲਿਆ ਬਹੁਤ ਪਿਆਰ ਨਾਲ। ਦਿਲਬਾਗ ਗਿਲਾ ਕਰਨ ਲਗਿਆ,

"ਮਾਰ'ਤਾ ਯਾਰ, ...ਸਾਲ਼ੀ ਠੰਡ ਵੀ ਉਪਰੋਂ ਜ਼ੋਰਾਂ ਦੀ ਤੇ ਤੇਰੀ ਗੋਰੀ ਨੇ ਵੀ ਅੰਦਰ ਨਹੀਂ ਵੜ੍ਹਨ ਦਿਤਾ ਅਖੇ ਤੂੰ ਸਟਰੇਂਜ਼ਰ ਐਂ।"

"ਪਰ ਤੂੰ ਫੋਨ ਕਿਉਂ ਨਹੀਂ ਕੀਤਾ, ਕੋਈ ਮੈਸੇਜ ਈ ਛੱਡ ਦਿੰਦਾ, ਘਰ ਜਾਂ ਫਿਰ ਕੰਮ 'ਤੇ ਈ।"

"ਮੇਰੇ ਕੋਲ ਨੰਬਰ ਹੈ ਨਾ ਸੀ, ਜਿਹੜਾ ਤੂੰ ਦਿਤਾ ਸੀ ਕਿਤੇ ਗਵਾ ਬੈਠਾਂ।"

"ਮੈਂ ਤੈਨੂੰ ਸਮਝਾਇਆ ਤਾਂ ਸੀ ਬਈ 'ਐਕਸਪਰੈੱਸ ਮਿੰਨੀ ਕੈਬ' ਕਹਿ ਕੇ ਓਪਰੇਟਰ ਤੋਂ ਵੀ ਨੰਬਰ ਮੰਗ ਸਕਦਾਂ।"

"ਯਾਰ, ਏਨੀ ਗੱਲ ਮੈਂ ਸੋਚੀ ਈ ਨਹੀਂ।"

"ਚਲ, ਕੋਈ ਗੱਲ ਨਹੀਂ, ਦੇਰ ਆਏ ਦਰੁਸਤ ਆਏ।"

"ਹਰਿੰਦਰ ਸਿਆਂ, ਮੈਂ ਤਾਂ ਤੇਰੇ ਕੋਲ ਕੈਬਿੰਗ ਕਰਨ ਆਇਆਂ, ਜੌਬ ਛੁੱਟ ਗਈ ਮੇਰੀ, ਫੋਰਮੈਨ ਕੁੱਟ ਹੋ ਗਿਆ ਮੇਰੇ ਤੋਂ।"

ਪਹਿਲਾਂ ਤਾਂ ਹਰਿੰਦਰ ਕੁਝ ਝਿਜਕਿਆ ਪਰ ਫਿਰ ਕਹਿਣ ਲਗਿਆ,

"ਗੱਲ ਈ ਨਹੀਂ ਕੋਈ, ਸਵੇਰੇ ਈ ਸਟਾ੍ਟ ਕਰਾ ਦਿੰਨਾ, ਕਾਰ ਚੰਗੀ ਚਾਹੀਦੀ ਐ।"

"ਕਾਰ ਤਾਂ ਮੇਰੇ ਕੋਲ ਕਰਟੀਨਾ ਐਂ।"

"ਕੰਮ ਤਾਂ ਤੇਰਾ ਮੈਂ ਕੱਲ ਨੂੰ ਈ ਸਟਾ੍ਟ ਕਰਾ ਸਕਦਾਂ, ਕੰਪਨੀ ਵਾਲਿਆਂ ਨੇ ਤਾਂ ਆਪਣਾ ਕਿਰਾਇਆ ਈ ਲੈਣਾਂ ਪਰ ਤੈਨੂੰ ਲੰਡਨ ਦੀ ਵਾਕਫੀ ਨਹੀਂ।"

"ਓਹਦਾ ਫਿਕਰ ਨਾ ਕਰ, ਮੇਰੀ ਰੋਡ ਸੈਂਸ ਬਹੁਤ ਐ, ਨਾਲੇ ਮੈਂ ਲੰਡਨ ਦੀ 'ਏ ਟੂ ਜ਼ੈਡ' ਖਰੀਦ ਲਈ ਆ, ਰੋਡ ਲੱਭਣੀ ਕੋਈ ਮੁਸ਼ਕਲ ਨਹੀਂ ਮੇਰੇ ਲਈ।"

ਦਿਲਬਾਗ ਨੇ ਪੂਰੇ ਹੌਂਸਲੇ ਨਾਲ ਆਖਿਆ। ਉਸ ਨੇ ਆਪਣਾ ਮਨ ਬਣਾ ਲਿਆ ਹੋਇਆ ਸੀ। ਕੁਝ ਦੇਰ ਉਹ ਪੱਬ ਵਿਚ ਬੈਠੇ, ਫਿਰ ਉਹਨਾਂ ਫਿਸ਼ ਐਂਡ ਚਿਪਸ਼ ਸ਼ੌਪ ਤੋਂ ਖਾਣਾ ਲਿਆ ਤੇ ਨਾਲ ਹੀ ਇਕ ਬੋਤਲ ਵੀ ਤੇ ਹਰਿੰਦਰ ਦੇ ਕਮਰੇ ਵਿਚ ਆ ਗਏ। ਹਰਿੰਦਰ ਦੀ ਮਕਾਨ ਮਾਲਕਣ ਜ਼ਰਾ ਸਖਤ ਸੁਭਾਅ ਦੀ ਸੀ। ਇਕ ਕਿਰਾਏਦਾਰ ਹੋਰ ਵੀ ਰਹਿੰਦਾ ਸੀ। ਮੈਰੀ ਦਾ ਪਤੀ ਕਾਫੀ ਦੇਰ ਤੋਂ ਬਿਮਾਰ ਚਲਿਆ ਆ ਰਿਹਾ ਸੀ ਇਸ ਕਰਕੇ ਵੀ ਉਸ ਨੂੰ ਜ਼ਰਾ ਜ਼ਿਆਦਾ ਹੀ ਖਿਝ ਚੜ੍ਹਦੀ। ਉਹ ਕਿਸੇ ਨੂੰ ਉੱਚੀ ਨਹੀਂ ਸੀ ਬੋਲਣ ਦਿੰਦੀ। ਹਰਿੰਦਰ ਨੂੰ ਪਤਾ ਸੀ ਕਿ ਅੱਜ ਦੀ ਰਾਤ ਤਾਂ ਕੰਮ ਚਲ ਜਾਵੇਗਾ ਪਰ ਉਹ ਦਿਲਬਾਗ ਨੂੰ ਇਸ ਤੋਂ ਵਧ ਆਪਣੇ ਘਰ ਨਹੀਂ ਰਹਿਣ ਦੇਵੇਗੀ। ਉਹ ਹੌਲੇ ਜਿਹੇ ਦਰਵਾਜ਼ਾ ਖੋਹਲ ਕੇ ਆਪਣੇ ਕਮਰੇ ਵਿਚ ਜਾ ਵੜੇ।

ਸਵੇਰੇ ਉਠ ਕੇ ਸਭ ਤੋਂ ਪਹਿਲਾਂ ਤਾਂ ਹਰਿੰਦਰ ਨੇ ਮੈਰੀ ਨੂੰ ਮਨਾਇਆ ਕਿ ਅਗਲਾ ਇੰਤਜ਼ਾਮ ਹੋਣ ਤਕ ਦਿਲਬਾਗ ਨੂੰ ਇਥੇ ਰਹਿ ਲੈਣ ਦੇਵੇ, ਜਿਸ ਦੇ ਬਦਲੇ ਵਿਚ ਉਹ ਵਾਧੂ ਕਿਰਾਇਆ ਦੇ ਦੇਣਗੇ। ਫਿਰ ਉਹਨਾਂ ਹਾਈ ਸਟਰੀਟ ਉਪਰ ਅਖਬਾਰਾਂ ਵਾਲਿਆਂ ਦੀਆਂ ਦੁਕਾਨਾਂ ਦੇ ਸ਼ੀਸ਼ਿਆਂ ਉਪਰੋਂ ਖਾਲੀ ਕਮਰਿਆਂ ਦੀਆਂ ਲਿਸਟਾਂ ਲਈਆਂ ਤੇ ਫੋਨ ਕਰ ਕਰ ਕੇ ਦੇਖਣ ਲਗੇ। ਗੋਰੇ ਆਮ ਕੀਤੇ ਦੇਸੀ ਕਿਰਾਏਦਾਰਾਂ ਨੂੰ ਆਪਣੇ ਘਰ ਰੱਖਦੇ ਨਹੀਂ ਸਨ ਤੇ ਦੇਸੀ ਲੋਕਾਂ ਕੋਲ ਬਹੁਤ ਘੱਟ ਘਰ ਸਨ। ਜੇ ਕਿਸੇ ਨੇ ਲੈ ਵੀ ਲਿਆ ਤਾਂ ਪਹਿਲਾਂ ਹੀ ਉਸ ਦੇ ਵਾਕਫ ਕਿਰਾਏਦਾਰਾਂ ਦੀ ਲੰਮੀ ਲਿਸਟ ਉਹਨਾਂ ਕੋਲ ਹੁੰਦੀ। ਕਮਰੇ ਲਈ ਕੋਈ ਹੱਥ ਪੱਲਾ ਨਾ ਪਿਆ ਤਾਂ ਉਹ 'ਐਕਸਪਰੈੱਸ ਮਿੰਨੀ ਕੈਬ' ਦੇ ਦਫਤਰ ਚਲੇ ਗਏ। ਹਰਿੰਦਰ ਨੇ ਮੈਨੇਜਰ ਨਾਲ ਦਿਲਬਾਗ ਬਾਰੇ ਗੱਲ ਕੀਤੀ। ਉਸ ਨੇ ਉਸ ਦਾ ਲਾਇਸੰਸ ਦੇਖਿਆ, ਦਸ ਪੌਂਡ ਹਫਤੇ ਦਾ ਕਿਰਾਇਆ ਲਿਆ ਤੇ ਉਸ ਨੂੰ ਕੰਮ 'ਤੇ ਰੱਖ ਲਿਆ।

ਐਕਸਪਰੈੱਸ ਮਿੰਨੀ ਕੈਬ ਈਸਟ ਲੰਡਨ ਦੀ ਸਭ ਤੋਂ ਰੁਝੀ ਹੋਈ, ਸਭ ਤੋਂ ਵਿਅਸਤ ਕੰਪਨੀ ਸੀ। ਸੌ ਦੇ ਕਰੀਬ ਡਰਾਈਵਰ ਸਨ। ਹਰ ਡਰਾਈਵਰ ਕੰਪਨੀ ਨੂੰ ਦਸ ਪੌਂਡ ਹਰ ਹਫਤੇ ਦਾ ਕਿਰਾਇਆ ਦਿੰਦਾ ਜਿਸ ਦੇ ਬਦਲੇ ਵਿਚ ਉਸ ਨੂੰ ਕੰਮ ਦਿਤਾ ਜਾਂਦਾ। ਕੰਪਨੀ ਨਾਲ ਕਾਰਾਂ ਦੇ ਨਾਲ ਨਾਲ ਕੁਝ ਵੈਨਾਂ ਵੀ ਲਗੀਆਂ ਹੋਈਆਂ ਸਨ। ਹਰ ਡਰਾਈਵਰ ਦੇ ਵਾਹਨਾਂ ਵਿਚ ਰੇਡੀਓ ਲਗੇ ਹੋਏ ਸਨ ਜਿਹਨਾਂ ਦਾ ਕੰਟਰੋਲ ਕੰਪਨੀ ਦੇ ਦਫਤਰ ਵਿਚ ਹੁੰਦਾ। ਕੰਪਨੀ ਦੇ ਕੰਟਰੋਲਰ ਨੂੰ ਪਤਾ ਹੁੰਦਾ ਕਿ ਕਿਹੜਾ ਡਰਾਈਵਰ ਕਿਥੇ ਹੈ, ਉਹ ਵਾਰੀ ਸਿਰ ਕੰਮ ਦੇਈ ਜਾਂਦਾ। ਕੰਪਨੀ ਬਹੁਤ ਪੁਰਾਣੀ ਸੀ ਇਸ ਲਈ ਲੋਕ ਉਸ ਬਾਰੇ ਜਾਣਦੇ ਸਨ। ਉਹ ਲਗਾਤਾਰ ਆਪਣੀ ਕੰਪਨੀ ਦੀ ਮਸ਼ਹੂਰੀ ਵੀ ਕਰਾਉਂਦੇ ਰਹਿੰਦੇ ਸਨ। ਰੇਡੀਓ 'ਤੇ, ਅਖਬਾਰਾਂ ਵਿਚ ਵੀ ਤੇ ਘਰਾਂ ਵਿਚ ਆਪਣੇ ਕਾਰਡ ਬਗੈਰਾ ਸੁਟਦੇ ਰਹਿੰਦੇ ਸਨ।

ਦਿਲਬਾਗ ਨੂੰ ਕੰਮ ਤਾਂ ਮਿਲ ਗਿਆ ਪਰ ਰੇਡੀਓ ਇਕ ਦਮ ਨਾ ਮਿਲਿਆ। ਉਸ ਨੂੰ ਪਹਿਲੀ ਸਵਾਰੀ ਕਿਤੇ ਨੇੜੇ ਦੀ ਹੀ ਮਿਲੀ ਪਰ ਉਹ ਬਹੁਤ ਖੁਸ਼ ਸੀ। ਉਹ ਸਵਾਰੀ ਛੱਡ ਆਇਆ ਤੇ ਆ ਕੇ ਦਫਤਰ ਵਿਚ ਦਸ ਦਿਤਾ। ਅੱਧੇ ਕੁ ਘੰਟੇ ਬਾਅਦ ਇਕ ਹੋਰ ਸਵਾਰੀ ਮਿਲ ਗਈ। ਦਿਲਬਾਗ ਦੇਖ ਰਿਹਾ ਸੀ ਕਿ ਉਸ ਦੇ ਆਲੇ ਦੁਆਲੇ ਡਰਾਈਵਰ ਭੱਜੇ ਫਿਰਦੇ ਸਨ। ਉਸ ਨੂੰ ਆਸ ਬੱਝ ਰਹੀ ਸੀ ਕਿ ਉਹ ਕਾਮਯਾਬ ਹੋ ਜਾਵੇਗਾ। ਪਹਿਲੇ ਦਿਨ ਉਸ ਨੂੰ ਅਸਾਨ ਜਿਹੀਆਂ ਜੌਬਾਂ ਹੀ ਮਿਲੀਆਂ ਤੇ ਉਸ ਨੇ ਤਿੰਨ ਪੌਂਡ ਕਮਾਏ। ਉਹ ਬਹੁਤ ਖੁਸ਼ ਸੀ। ਉਸ ਸ਼ਾਮ ਉਹ ਪੱਬ ਨੂੰ ਗਏ ਤਾਂ ਉਹ ਹਰਿੰਦਰ ਉਸ ਨੂੰ ਟੈਕਸੀ ਚਲਾਉਣ ਦੇ ਗੁਰ ਸਿਖਾਉਂਦਾ ਕਹਿਣ ਲਗਿਆ,

"ਇਕ ਦਿਨ ਵਿਚ ਦਸ ਪੌਂਡ ਕਮਾਉਣੇ ਜ਼ਰੂਰੀ ਨੇ, ਇਕ ਦਿਨ ਦੀ ਕਮਾਈ ਨਾਲ ਕਿਰਾਇਆ ਨਿਕਲੇ, ਇਕ ਦਿਨ ਦੀ ਨਾਲ ਪੈਟਰੌਲ, ਇਕ ਦਿਨ ਦੀ ਕਮਾਈ ਨਾਲ ਕਾਰ ਦੀ ਟੁੱਟ ਭੱਜ ਤੇ ਇੰਸ਼ੌਰੈਂਸ, ਬਾਕੀ ਦੇ ਚਾਰ ਦਿਨ ਦੇ ਪੈਸੇ ਤੁਹਾਡੇ ਆਪਣੇ। ਸੱਤੇ ਦਿਨ ਪੂਰੇ ਘੰਟੇ ਲਾਏਂਗਾ ਤਾਂ ਕਾਮਯਾਬ ਹੋ ਜਾਏਂਗਾ।"

"ਓ ਭਰਾ ਮੇਰੇ, ਮੈਂ ਕੰਮ ਤੋਂ ਟਲ੍ਹਣ ਵਾਲਾ ਬੰਦਾ ਨਹੀਂ, ਸੱਤੇ ਦਿਨ ਪੰਦਰਾਂ ਪੰਦਰਾਂ ਘੰਟੇ ਕੰਮ ਕਰ ਸਕਦਾਂ।"

"ਬਸ ਇਹੋ ਰਾਜ਼ ਐ ਏਸ ਕੰਮ ਦਾ, ਜਿੰਨੇ ਘੰਟੇ; ਓਨੇ ਹੀ ਪੈਸੇ। ਫੈਕਟਰੀ ਵਾਂਗੂੰ ਓਵਰ ਟਾਈਮ ਦੀ ਵੇਟ ਨਹੀਂ ਕਰਨੀ ਪੈਂਦੀ।"

ਹਰਿੰਦਰ ਹੰਢੇ ਹੋਏ ਕੈਬੀ ਵਾਂਗ ਕਹਿ ਰਿਹਾ ਸੀ। ਦੋ ਗਲਾਸ ਬੀਅਰ ਦੇ ਪੀ ਕੇ ਦਿਲਬਾਗ ਵੀ ਕਾਇਮ ਹੋ ਗਿਆ ਤੇ ਆਦਤ ਅਨੁਸਾਰ ਗੱਪਾਂ ਮਾਰਨ ਲਗਿਆ,

"ਲੈ ਬਈ, ਜੇ ਮੈਨੂੰ ਪਤਾ ਹੁੰਦਾ ਕਿ ਇਹ ਕੰਮ ਏਨਾ ਗੁੱਡ ਐ ਤਾਂ ਮੈਂ ਫੋਰਮੈਨ ਪਹਿਲਾਂ ਈ ਕੁੱਟ ਸੁੱਟਣਾ ਸੀ।"

"ਅੱਛਾ!"

"ਲੈ, ਤੈਨੂੰ ਦਸਿਆ ਤਾਂ ਸੀ ਬਈ ਮੇਰੇ ਤੋਂ ਫੋਰਮੈਨ ਕੁੱਟ ਹੋ ਗਿਆ, ਗੋਰਾ ਸਾਲ਼ਾ ਤਿੜ ਫਿੜ ਜਿਹੀ ਕਰਦਾ ਸੀ, ਮੈਂ ਆਅ ਦੇਖਿਆ ਨਾ ਤਾਅ, ਹਥੌੜਾ ਸਿੱਧ ਓਹਦੇ ਮੌਰਾਂ ਵਿਚ ਦੇ ਮਾਰਿਆ, ਗੋਰਾ ਪਾਵੇ ਕੱਟੇ ਆਂਗੂੰ ਅੜ੍ਹਾਟ! ...ਮੈਨੇਜਮੈਂਟ ਆ ਗਈ, ਮੈਂ ਸਪਾਨੇ ਓਥੇ ਈ ਸੁੱਟ 'ਤੇ, ਕਿਹਾ ਬਈ ਕਰ ਦਿਓ ਮੇਰਾ ਹਸਾਬ।"

www.PunjabiLibrary.com

ਗੱਲ ਕਰਕੇ ਦਿਲਬਾਗ ਤਾੜੀ ਮਾਰ ਕੇ ਹੱਸਿਆ। ਉਸ ਦੇ ਮੁਕਾਬਲੇ ਵਿਚ ਹਰਿੰਦਰ ਨੇ ਵੀ ਕੁਝ ਗੱਪਾਂ ਮਾਰੀਆਂ। ਫਿਰ ਉਹਨਾਂ ਦੀਆਂ ਇਹ ਗੱਪਾਂ ਰੋਜ਼ ਹੀ ਵੱਜਣ ਲਗੀਆਂ। ਹਫਤਾ ਕੁ ਔਖਾ ਹੋ ਕੇ ਦਿਲਬਾਗ ਦਾ ਕੰਮ ਰੁੜ੍ਹ ਪਿਆ। ਲੰਡਨ ਦਾ ਵੀ ਉਹ ਗਰੇਵਜੈਂਡ ਵਾਂਗੂੰ ਹੀ ਵਾਕਫ ਹੋਣ ਲਗਿਆ। ਹਰਿੰਦਰ ਦੀ ਇਕ ਗੱਲ ਉਸ ਦੇ ਬਹੁਤ ਕੰਮ ਆਈ। ਉਸ ਨੇ ਕਿਹਾ ਸੀ ਕਿ ਬਸ ਇੰਨਾ ਯਾਦ ਰੱਖ ਲੈ ਕਿ ਕਿਹੜੇ ਇਲਾਕੇ ਨਾਲ ਕਿਹੜਾ ਲਗਦਾ ਹੈ, ਫਿਰ ਤੂੰ ਲੰਡਨ ਵਿਚ ਨਹੀਂ ਭੁੱਲਦਾ, ਜਿੱਦਾਂ ਹੁਣ ਈਸਟ ਹੈਮ ਨਾਲ ਵੈਸਟ ਹੈਮ, ਸਟਰੈਟਫੋਰਡ, ਲੇਅਟਨ ਸਟੋਨ, ਲੇਅਟਨ। ਲੇਅਟਨ ਨਾਲ ਬਲਥਮਸਟੋਅ, ਹੈਕਨੀ, ਇਜ਼ਲਿੰਗਟਨ।

ਅਗਲੇ ਹਫਤੇ ਉਸ ਦੀ ਕਾਰ ਵਿਚ ਰੇਡੀਓ ਵੀ ਲਗ ਗਿਆ। ਹੁਣ ਉਸ ਨੂੰ ਉਤਰ ਕੇ ਨਵੀਂ ਜੌਬ ਲਈ ਦਫਤਰ ਵਿਚ ਨਹੀਂ ਸੀ ਜਾਣਾ ਪੈਂਦਾ। ਕੁਝ ਦਿਨ ਉਹ ਮੈਰੀ ਦੇ ਘਰ ਹਰਿੰਦਰ ਨਾਲ ਰਿਹਾ ਤੇ ਫਿਰ ਉਸ ਨੂੰ ਈਸਟ ਹੈਮ ਵਿਚ ਡਰਬੀ ਰੋਡ 'ਤੇ ਇਕ ਪੰਜਾਬੀ ਪਰਿਵਾਰ ਵਿਚ ਕਮਰਾ ਮਿਲ ਗਿਆ।

ਤਿੰਨ ਹਫਤੇ ਬਾਅਦ ਦਿਲਬਾਗ ਵਾਪਸ ਗਰੇਵਜ਼ੈਂਡ ਗਿਆ। ਪਹਿਲਾਂ ਉਸ ਨੇ ਇਕ ਵਾਰ ਫੋਨ ਕਰਕੇ ਆਪਣੇ ਬਾਰੇ ਦਸ ਦਿਤਾ ਸੀ। ਜਾਂਦਾ ਹੋਇਆ ਉਹ ਗਰੀਨ ਸਟਰੀਟ ਉਪਰ ਨਵੀਂ ਖੁਲ੍ਹੀ ਦੁਕਾਨ ਵਿਚੋਂ ਤਾਈ ਤੇ ਭੁਪਿੰਦਰ ਲਈ ਸੂਟ ਲੈ ਗਿਆ। ਉਸ ਨੂੰ ਪਤਾ ਸੀ ਕਿ ਘਰ ਵਿਚ ਸਾਰੇ ਹੀ ਉਸ ਨਾਲ ਨਰਾਜ਼ ਹੋਣਗੇ। ਗੱਪਾਂ ਦੀ ਆਦਤ ਤਾਂ ਉਸ ਨੂੰ ਹੈ ਹੀ ਸੀ ਪਰ ਉਹ ਮੂੰਹ ਦਾ ਵੀ ਮਿੱਠਾ ਸੀ, ਘਰ ਜਾ ਕੇ ਉਸ ਨੇ ਇਧਰ ਓਧਰ ਦੀਆਂ ਮਾਰ ਕੇ ਸਭ ਨੂੰ ਸ਼ਾਂਤ ਕਰ ਲਿਆ। ਫੁੰਮਣ ਸਿੰਘ ਨੇ ਵੀ ਉਸ ਨੂੰ ਬਹੁਤਾ ਕੁਝ ਨਾ ਕਿਹਾ। ਉਸ ਨੂੰ ਪਤਾ ਸੀ ਕਿ ਕਹਿਣ ਦਾ ਕੋਈ ਫਾਇਦਾ ਵੀ ਨਹੀਂ। ਸ਼ਾਮ ਨੂੰ ਬੀਅਰ ਪੀਂਦਿਆਂ ਉਸ ਨੇ ਜ਼ਰੂਰ ਕਿਹਾ,

"ਦੇਖ ਬਾਗਿਆ, ਬਿਸ਼ੰਭਰ ਨੇ ਤਾਂ ਕੋਈ ਜ਼ਿੰਮੇਵਾਰੀ ਨਿਭਾਈ ਨਹੀਂ, ਤੂੰ ਏਧਰ ਆ ਗਿਆ ਤਾਂ ਕੁੜੀਆਂ ਵਿਆਹੀਆਂ ਗਈਆਂ, ਨਹੀਂ ਤਾਂ ਪਤਾ ਨਹੀਂ ਕੀ ਬਣਦਾ। ...ਮੈਂ ਚਾਹੁੰਦਾ ਸੀ ਬਈ ਤੂੰ ਸਾਡੇ ਵਿਚ ਰਹਿ ਕੇ ਪੈਸੇ ਜੋੜ ਲੈਂਦਾ, ਘਰ ਲੈ ਲੈਂਦਾ ਤੇ ਵਿਆਹ ਕਰਾ ਲੈਂਦਾ। ..ਹੁਣ ਤੇਰੀ ਉਮਰ ਵੀ ਤਾਂ ਹੋ ਗਈ ਵਿਆਹ ਦੀ ...ਪਰ ਤੂੰ ਆਪਣੇ ਰਾਹੇ ਤੁਰ ਪਿਐਂ, ਜਿਹੜੇ ਚਾਰ ਪੈਸੇ ਜੋੜੇ ਸੀ, ਕਾਰ ਲੈ ਲਈ, ਲੜਾਈ ਕਰਕੇ ਕੰਮ ਛੱਡ ਆਇਐਂ, ...ਹੁਣ ਲੰਡਨ ਜਾ ਵੜਿਆਂ!"

"ਤਾਇਆ, ਤੂੰ ਫਿਕਰ ਕੀ ਕਰਦਾਂ! ਘਰ ਤਾਂ ਮੈ ਮਹੀਨਿਆਂ 'ਚ ਲੈ ਲਊਂ, ਸੌ ਪੌਂਡ ਨਹੀਂ ਛੱਡਦਾ ਮੈਂ ਵੀਕ ਦਾ।"

"ਬਾਗਿਆ, ਲੰਡਨ ਲੰਡਨ ਐਂ, ਹਰ ਚੀਜ਼ ਮਹਿੰਗੀ ਐ, ਘਰ ਵੀ ਤੇ ਹੋਰ ਸਭ ਵੀ। ਕਿਰਾਇਆ ਵੀ ਦੇਵੇਂਗਾ ਤੇ ਅੱਖਾਂ ਤੋਂ ਪਰ੍ਹੇ ਵੀ ਰਹੇਂਗਾ। ...ਹੁਣ ਮੈਂ ਤਾਂ ਇਹੋ ਕਹੂੰ ਬਈ ਇੰਡੀਆ ਜਾ ਤੇ ਵਿਆਹ ਕਰਾ ਆ।"

"ਜਾਊਂਗਾ, ਤਾਇਆ ਜਾਊਂਗਾ, ਬਸ ਥੋੜੇ ਪੈਸੇ ਜੋੜ ਲਵਾਂ।"

ਦਿਲਬਾਗ ਨੂੰ ਤਾਏ ਦੀਆਂ ਗੱਲਾਂ ਉਕਤਾਉਣ ਲਗੀਆਂ। ਉਸ ਨੂੰ ਪਤਾ ਸੀ ਕਿ ਉਹ ਉਸ ਦੇ ਫਾਇਦੇ ਦੀ ਗੱਲ ਕਰ ਰਿਹਾ ਸੀ ਪਰ ਹੁਣ ਇੰਨੇ ਦਿਨ ਇਕੱਲੇ ਰਹਿ ਕੇ ਉਸ ਨੇ ਦੇਖ ਲਿਆ ਸੀ ਕਿ ਅਜ਼ਾਦੀ ਕੀ ਹੁੰਦੀ ਹੈ। ਆਪਣੇ ਤਾਏ ਦੇ ਪੁੱਤ ਨਛੱਤਰ ਨਾਲ ਲੰਡਨ ਬਾਰੇ ਗੱਲਾਂ ਕਰਦਾ ਆਖਣ ਲਗਦਾ,

"ਜਿੰਨੇ ਮਰਜ਼ੀ ਘੰਟੇ ਲਾ ਲਓ, ਨਾ ਹੇਹਾ ਨਾ ਖੇਹਾ! ਗੋਰੀਆਂ ਵੀ ਬਹੁਤ ਮਿਲਦੀਆਂ, 'ਰਾਤ' ਵਾਲੀਆਂ ਵੀ ਤੇ 'ਬਾਤ' ਵਾਲੀਆਂ ਵੀ।"

"ਕੀ ਮਤਲਬ?"

"ਓ ਬਈ, ਸਿੰਪਲ ਜਿਹੀ ਗੱਲ ਨਹੀਂ ਤੂੰ ਸਮਝਦਾ, ਰਾਤ ਕਟਾਉਣ ਵਾਲੀਆਂ ਵੀ ਤੇ ਸਿਰਫ ਗੱਲਾਂ ਕਰਨ ਵਾਲੀਆ ਵੀ।"

"ਤੈਨੂੰ ਵੀ ਕੋਈ ਮਿਲੀ ਕਿ ਨਹੀਂ?"

"ਦੇਖ, ਪੈਸੇ ਮੈਂ ਕਦੇ ਤੀਵੀਂ 'ਤੇ ਖਰਚੇ ਨਹੀਂ, ਬਾਤ ਕਰਾਉਣ ਵਾਲੀ 'ਤੇ ਹਾਲੇ ਮੈਂ ਟਰਾਈ ਨਹੀਂ ਮਾਰੀ।"

ਅਪ੍ਰੈਲ ਦਾ ਮਹੀਨਾ ਸੀ। ਠੰਡ ਹਾਲੇ ਨਹੀਂ ਸੀ ਗਈ। ਬੱਦਲਵਾਈ ਕਾਰਨ ਦਿਨ ਭੱਦਾ ਭੱਦਾ ਲਗ ਰਿਹਾ ਸੀ। ਬੈਂਕ ਹੌਲੀਡੇ ਕਾਰਨ ਸੜਕਾਂ ਖਾਲੀ ਸਨ ਤੇ ਉਜਾੜ ਜਿਹੀ ਪਈ ਹੋਈ ਸੀ। ਦਿਲਬਾਗ ਆਪਣੀ ਕਾਰ ਵਿਚ ਹੂਵਰ ਕਰ ਰਿਹਾ ਸੀ। ਉਹ ਤਾਂ ਛੁੱਟੀ ਵਾਲੇ ਦਿਨ ਵੀ ਕੰਮ ਕਰ ਲੈਂਦਾ। ਸਵੇਰੇ ਸਵੇਰੇ ਕੁਝ ਘੰਟੇ ਲਗਾ ਆਇਆ ਸੀ। ਉਹ ਪੈਸੇ ਜੋੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਬਿਲਡਿੰਗ ਸੁਸਾਇਟੀ ਵਿਚ ਅਜਿਹਾ ਖਾਤਾ ਖੁਲ੍ਹਵਾਇਆ ਕਿ ਜਿਸ ਵਿਚੋਂ ਛੇ ਮਹੀਨੇ ਦਾ ਨੋਟਿਸ ਦੇ ਕੇ ਹੀ ਪੈਸੇ ਕਢਾ ਸਕੇ ਪਰ ਇਸ ਅਕਾਊਂਟ ਵਿਚ ਹਾਲੇ ਤਕ ਕੋਈ ਪੈਸਾ ਜਮ੍ਹਾਂ ਨਹੀਂ ਸੀ ਕਰਾ ਸਕਿਆ। ਸੌ, ਦੋ ਸੌ ਤਾਂ ਉਸ ਨੂੰ ਹਰ ਵੇਲੇ ਜੇਬ੍ਹ ਵਿਚ ਰੱਖਣੇ ਪੈਂਦੇ ਕਿ ਪਤਾ ਨਹੀਂ ਕਿਹੜੇ ਵੇਲੇ ਕਾਰ ਖਰਾਬ ਹੋ ਜਾਣੀ ਹੈ। ਬਾਕੀ ਦੀ ਉਸ ਦੀ ਮਸਾਂ ਆਈ ਚਲਾਈ ਹੀ ਚਲਦੀ ਸੀ। ਤਾਏ ਜਾਂ ਤਾਈ ਨੂੰ ਫੋਨ ਕਰਦਾ ਤਾਂ ਉਹਨਾਂ ਦਾ ਇਕੋ ਕਹਿਣਾ ਹੁੰਦਾ ਕਿ ਇੰਡੀਆ ਜਾ ਕੇ ਵਿਆਹ ਕਰਾ ਲੈ। ਵਿਆਹ ਦੇ ਨਾਂ 'ਤੇ ਉਸ ਦੇ ਮਨ ਵਿਚ ਜ਼ਰੂਰ ਲੱਡੂ ਭੁਰਨ ਲਗਦੇ ਪਰ ਇੰਡੀਆ ਜਾਣ ਜੋਗੇ ਉਸ ਕੋਲ ਪੈਸੇ ਨਹੀਂ ਸਨ ਜੁੜ ਰਹੇ। ਬਹੁਤੇ

ਘੰਟੇ ਕੰਮ ਕਰ ਕਰ ਕੇ ਉਸ ਦਾ ਮਨ ਹੁਣ ਅੱਕਣ ਵੀ ਲਗਿਆ ਸੀ। ਨੌਕਰੀ ਹੁੰਦੀ ਤਾਂ ਬੱਝਵੇਂ ਪੈਸੇ ਆਈ ਜਾਂਦੇ। ਹਰ ਹਫਤੇ ਪਤਾ ਹੁੰਦਾ ਕਿ ਕਿੰਨੀ ਤਨਖਾਹ ਹੋਣੀ ਹੈ ਪਰ ਇਸ ਕੰਮ ਵਿਚ ਤਾਂ ਪਤਾ ਹੀ ਨਹੀਂ ਸੀ ਚਲਦਾ ਕਿ ਕਿੰਨੇ ਕਮਾਉਣੇ ਹਨ। ਕਮਾਉਣੇ ਵੀ ਹਨ ਕਿ ਨਹੀਂ। ਜਦ ਕਦੇ ਉਸ ਦਾ ਮਨ ਕੰਮ ਤੋਂ ਉਚਾਟ ਹੋ ਜਾਂਦਾ ਤਾਂ ਉਹ ਕੰਮ ਤੋਂ ਛੁੱਟੀ ਹੀ ਕਰ ਲੈਂਦਾ। ਅਜ ਵੀ ਕੁਝ ਘੰਟੇ ਕੰਮ ਕਰਕੇ ਉਸ ਦਾ ਮਨ ਛੁੱਟੀ ਕਰਨ ਦਾ ਹੋ ਗਿਆ ਸੀ। ਉਹ ਕਾਰ ਵਿਚ ਹੂਵਰ ਕਰ ਹੀ ਰਿਹਾ ਸੀ ਕਿ ਇਕ ਕਾਰ ਉਸ ਦੀ ਕਾਰ ਦੇ ਪਿੱਛੇ ਆ ਕੇ ਰੁਕ ਗਈ; ਚਿੱਟੇ ਰੰਗ ਦੀ ਹਿੱਲਮੈਨ ਹੰਟਰ। ਇਹ ਸਰੂਪ ਸੀ। ਉਹ ਬਹੁਤ ਹੀ ਉਤਸ਼ਾਹ ਨਾਲ ਉਸ ਵਲ ਵਧਿਆ। ਕਾਰ ਵਿਚੋਂ ਨਿਕਲ ਕੇ ਸਰੂਪ ਨੇ ਉਸ ਨੂੰ ਜੱਫੀ ਵਿਚ ਲੈ ਲਿਆ। ਦਿਲਬਾਗ ਪੁੱਛਣ ਲਗਿਆ,

"ਆ ਗਿਐਂ ਨਗਮਿਆਂ! ...ਕਦ ਆਇਆਂ?"

ਉਹ ਦੋਵੇਂ ਇਕ ਦੂਜੇ ਨੂੰ ਨਗਮਾ ਕਹਿ ਕੇ ਬੁਲਾਇਆ ਕਰਦੇ ਸਨ। ਦੋਨਾਂ ਦਾ ਆਪਸ ਵਿਚ ਵਾਹਵਾ ਮਜ਼ਾਕ ਚਲਦਾ। ਸਰੂਪ ਉਸ ਦੀ ਗੱਲ ਦਾ ਜਵਾਬ ਦਿਤੇ ਬਿਨਾਂ ਪੁੱਛਣ ਲਗਿਆ,

"ਕਾਰ ਬਦਲ ਲਈ?"

"ਆਹੋ, ਇਸਟੇਟ ਵਿਚ ਕੰਮ ਦੇ ਚਾਂਸ ਜ਼ਿਆਦਾ ਬਣ ਜਾਂਦੇ ਆ। ਕਈ ਵਾਰ ਏਅਰ ਪੋਰਟ ਦੀ ਜੌਬ ਵੀ ਮਿਲ ਜਾਂਦੀ ਐ, ...ਅਜ ਗੋਰੀ ਮਿਲ ਗਈ, ਦੋ ਕੁੱਤੇ ਸੀ, ਸਾਲ਼ੇ ਵਾਲ਼ ਈ ਵਾਲ਼ ਹੋ ਗਏ, ...ਟਿੱਪ ਤਾਂ ਵਾਹਵਾ ਦੇ ਗਈ ਪਰ ਆਹ ਦੇਖ ਗੰਦ ਕਿੱਦਾਂ ਪੈ ਗਿਆ।"

ਫਿਰ ਉਸ ਨੇ ਹੂਵਰ ਸਾਂਭਿਆ। ਕਾਰ ਲੌਕ ਕੀਤੀ ਤੇ ਪੁੱਛਣ ਲਗਿਆ,

"ਕਿੱਦਾਂ ਰਿਹਾ ਇੰਡੀਆ ਦਾ ਟਰਿੱਪ?"

"ਬਹੁਤ ਵਧੀਆ, ਤੇਰੇ ਪਿੰਡ ਵੀ ਜਾ ਕੇ ਆਇਆਂ, ਸਾਰੇ ਠੀਕ ਆ।"

ਉਹ ਗੱਲਾਂ ਕਰਦੇ ਅੰਦਰ ਆ ਗਏ। ਸਰੂਪ ਗੁਰਬੰਸ ਕੋਰ ਦੇ ਪੈਰੀਂ ਹੱਥ ਲਾ ਕੇ ਮਿਲਿਆ। ਉਸ ਦਾ ਭਾਂਣਜਾ ਜਿਉਂ ਸੀ। ਸਰੂਪ ਨੇ ਪਰਮੀਤ ਤੇ ਹਰਮੀਤ ਨੂੰ ਕਲ਼ਾਵੇ ਵਿਚ ਲੈ ਕੇ ਪਿਆਰ ਕੀਤਾ, ਛੋਟੀ ਇੰਦਰਜੀਤ ਦੇ ਸਿਰ 'ਤੇ ਹੱਥ ਫੇਰਿਆ। ਗੁਰਬੰਸ ਕੋਰ ਆਪਣੀ ਭੈਣ ਤੇ ਹੋਰ ਟੱਬਰ ਦਾ ਹਾਲ ਚਾਲ ਪੁੱਛਣ ਲਗੀ। ਫਿਰ ਉਸ ਨੂੰ ਅਚਾਨਕ ਚੇਤੇ ਆਇਆ ਤੇ ਬੋਲੀ,

"ਸੱਚ, ਤੂੰ ਤੇ ਆਪਣੇ ਚਾਚੇ ਦਾ ਈ ਸਾਢੂ ਬਣ ਗਿਆਂ, ..ਭਲਾ ਇਹ ਰਿਸ਼ਤਾ ਚੰਗਾ ਲਗਦਾ!"

"ਮਾਸੀ, ਮੈਨੂੰ ਉਹ ਬੰਦੇ ਨਿੰਗਰ ਲੱਗੇ, ਮੈਂ ਤਾਂ ਕੁੜੀ ਦੇਖੇ ਬਿਨਾਂ ਈ ਹਾਂ ਕਰ ਦਿਤੀ।"

ਸਰੂਪ ਖ਼ੁਸ਼ ਹੋ ਕੇ ਦੱਸ ਰਿਹਾ ਸੀ। ਉਸ ਦੀ ਗੱਲ ਸੁਣ ਕੇ ਦਿਲਬਾਗ ਕਹਿ ਉਠਿਆ,

"ਕੁੜੀ ਦੇਖੇ ਬਿਨਾਂ ਈ 'ਹਾਂ' ਕਰ ਦਿਤੀ! ...ਤੇਰਾ ਦਿਮਾਗ ਤਾਂ ਠੀਕ ਐ ਨਗਮਿਆਂ!"

"ਓ ਨਗਮਿਆਂ, ਤੈਨੂੰ ਨਹੀਂ ਪਤਾ ਇੰਡੀਆ ਦਾ, ਲੋਕ ਤਾਂ ਆਪਣੀਆਂ ਕੁੜੀਆਂ ਨੂੰ ਸਾਈਕਲਾਂ ਪਿੱਛੇ ਬਠਾਈ ਫਿਰਦੇ ਆ ਕਿ ਮੇਰੀ ਦੇਖ, ਮੇਰੀ ਦੇਖ! ...ਲੋਕਾਂ ਨੇ ਮੰਡੀ ਬਣਾਈ ਪਈ ਐ। ਇੰਗਲੈਂਡ ਦੇ ਨਾਂ 'ਤੇ ਜਿੰਦਾਂ ਦੀ ਮਰਜ਼ੀ ਕੁੜੀ ਲੈ ਲਓ ਪਰ ਬਾਅਦ ਵਿਚ ਕੀ ਨਿਕਲ਼ੇ ਏਸ ਦੀ ਕੋਈ ਗਰੰਟੀ ਨਹੀਂ।"

"ਅੱਛਾ! ਬੜੇ ਅਜੀਬ ਹੋ ਗਏ ਲੋਕ।"

"ਤੂੰ ਜਾ ਕੇ ਇਕ ਵਾਰੀ ਦੇਖ ਤਾਂ ਸਹੀ, ...ਨਗਮਿਆਂ, ਇੰਡੀਆ ਉਹ ਨਹੀਂ ਰਿਹਾ, ਜਿਹੜਾ ਆਪਾਂ ਕੁਸ਼ ਸਾਲ ਪਹਿਲਾਂ ਛੱਡ ਕੇ ਆਏ ਸੀ, ਬਹੁਤ ਬਦਲ ਗਿਆ, ਇੰਗਲੈਂਡ ਦੇ ਨਾਂ ਨੂੰ ਭਾਵੇਂ ਕੁੱਤਾ ਵੀ ਵਿਆਹ ਲਓ। ਏਸੇ ਕਰਕੇ ਮੈਂ ਖਾਨਦਾਨ ਦੇਖਿਆ ਤੇ ਮੈਨੂੰ ਇਹ ਲੋਕ ਚੰਗੇ ਲਗੇ, ਕੁੜੀ ਵੀ ਠੀਕ ਐ।"

ਸਰੂਪ ਦਸਦਾ ਗਿਆ। ਗੁਰਬੰਸ ਕੋਰ ਬੋਲੀ,

"ਚੱਲ, ਜੇ ਤੈਨੂੰ ਕੁੜੀ ਪਸੰਦ ਐ ਤਾਂ ਸਭ ਠੀਕ ਐ।"

"ਮਾਸੀ, ਓਦਾਂ ਤਾਂ ਦਸ ਪਾਸ ਐ ਪਰ ਸਿੰਪਲ ਜਿਹੀ ਐ, ਚੁੰਨੀ ਦੀ ਬੁੱਕਲ ਵੀ ਨਹੀਂ ਮਾਰਨੀ ਆਉਂਦੀ ਪਰ ਮੈਨੂੰ ਏਦਾਂ ਦੀ ਈ ਚਾਹੀਦੀ ਸੀ। ਤੇਜ਼ ਔਰਤ ਮੈਨੂੰ ਚੰਗੀ ਨਹੀਂ ਲਗਦੀ।"

"ਬਸ ਪੁੱਤ, ਤੈਨੂੰ ਚੰਗੀ ਲਗਣੀ ਚਾਹੀਦੀ ਐ।"

"ਓਦਾਂ ਘਰ ਦੇ ਕੰਮ ਨੂੰ ਚੰਗੀ ਐ, ਚਾਚੀ ਤੇ ਬੀਬੀ ਉਹਦੇ ਤੋਂ ਖ਼ੁਸ਼ ਐ।"

ਪਿੱਛੇ ਪਿੰਡ ਸਰੂਪ ਦਾ ਟੱਬਰ ਹਾਲੇ ਵੀ ਸਾਂਝੇ ਪਰਿਵਾਰ ਵਾਂਗ ਹੀ ਰਹਿੰਦਾ ਸੀ। ਇਸ ਗੱਲ ਨੂੰ ਚੇਤੇ ਕਰਦਿਆਂ ਮਾਸੀ ਬੋਲੀ,

"ਓਦਾਂ ਦੇਖ ਲੈ ਸਰੂਪ, ਤੇਰੀ ਮਾਂ ਦੀ ਤੇ ਚਾਚੀ ਦੀ ਖ਼ੂਬ ਨਿਭੀ ਜਾਂਦੀ ਐ।"

"ਹਾਂ ਮਾਸੀ, ਏਸ ਗੱਲ ਦੀ ਤਾਂ ਸਾਰਾ ਪਿੰਡ ਈ ਵਡਿਆਈ ਕਰਦੈ।"

ਸਾਂਝੇ ਪਰਿਵਾਰ ਵਜੋਂ ਆਪਣੇ ਟੱਬਰ ਤੋਂ ਸਰੂਪ ਵੀ ਖੁਸ਼ ਸੀ। ਉਹਨਾਂ ਦੇ ਗੱਲਾਂ ਕਰਦਿਆਂ ਦਿਲਬਾਗ ਘੜੀ ਵਲ ਦੇਖਦਾ ਜਾ ਰਿਹਾ ਸੀ। ਅਖੀਰ ਉਸ ਤੋਂ ਰਿਹਾ ਨਾ ਗਿਆ, ਬੋਲਿਆ,

"ਪੱਬ ਦਾ ਟਾਈਮ ਤਾਂ ਤੂੰ ਏਥੇ ਈ ਕੱਢ ਦੇਣਾਂ।"

ਸਰੂਪ ਕੁਝ ਕਹੇ ਬਿਨਾਂ ਉਠ ਖੜਿਆ। ਗੁਰਬੰਸ ਕੋਰ ਵੀ ਸਮਝ ਗਈ ਸੀ ਕਿ ਉਹਨਾਂ ਹੁਣ ਚਾਹ ਨਹੀਂ ਪੀਣੀ, ਪੱਬ ਜਾਣ ਵਾਲੇ ਚਾਹ ਨਹੀਂ ਪੀਆ ਕਰਦੇ। ਉਸ ਨੇ ਇੰਨਾ ਹੀ ਕਿਹਾ,

"ਆਪਣੇ ਅੰਕਲ ਦੇ ਔਣ ਤਕ ਮੁੜ ਆਇਓ, ਮੈਂ ਰੋਟੀ ਤਿਆਰ ਕਰਦੀ ਆਂ।"

ਉਹ ਤੁਰਨ ਲਗੇ ਤਾਂ ਪਰਮੀਤ ਦਿਲਬਾਗ ਨੂੰ ਕਹਿਣ ਲਗਿਆ,

"ਭਾਜੀ, ਵੱਟ ਅਬਾਊਟ ਮਾਈ ਲੈੱਸਨ?"

"ਮੇ ਬੀ ਲੇਟਰ ਔਨ, ਮੇ ਬੀ ਟੁਮਾਰੋ।"

ਦਿਲਬਾਗ ਨੇ ਮੋਢੇ ਮਾਰਦਿਆਂ ਕਿਹਾ। ਉਸ ਨੇ ਅਜ ਇਕ ਘੰਟਾ ਪਰਮੀਤ ਨੂੰ ਕਾਰ ਚਲਾਉਣ ਦਾ ਅਭਿਆਸ ਕਰਾਉਣ ਦਾ ਵਾਅਦਾ ਕੀਤਾ ਹੋਇਆ ਸੀ ਪਰ ਸਰੂਪ ਦੇ ਆਉਣ ਕਾਰਨ ਸਾਰਾ ਪਰੋਗਰਾਮ ਬਦਲ ਗਿਆ।

ਦਿਲਬਾਗ ਤੇ ਸਰੂਪ ਜਦ ਇਕੱਠੇ ਹੁੰਦੇ ਤਾਂ ਘੰਟਿਆਂ ਬੱਧੀ ਗੱਲਾਂ ਕਰਦੇ ਰਹਿੰਦੇ। ਸਰੂਪ ਗੁਰਬੰਸ ਕੋਰ ਦਾ ਭਾਣਜਾ ਸੀ ਤੇ ਦਿਲਬਾਗ ਗੁਰਬੰਸ ਕੋਰ ਦਾ ਕਿਰਾਏਦਾਰ। ਹਰਿੰਦਰ ਨਾਲ ਰਹਿੰਦਿਆਂ ਉਸ ਨੂੰ ਇਸ ਪਰਿਵਾਰ ਵਿਚ ਇਕ ਕਮਰਾ ਕਿਰਾਏ 'ਤੇ ਮਿਲ ਗਿਆ ਸੀ ਤੇ ਉਦੋਂ ਤੋਂ ਇਥੇ ਹੀ ਟਿਕਿਆ ਹੋਇਆ ਸੀ। ਕੁਝ ਗੱਪਾਂ ਮਾਰ-ਮਾਰ ਕੇ ਤੇ ਕੁਝ ਮਿੱਠੀਆਂ ਗੱਲਾਂ ਕਰ-ਕਰ ਕੇ ਉਸ ਨੇ ਇਸ ਪਰਿਵਾਰ ਵਿਚ ਵਿਸ਼ੇਸ਼ ਜਗਾਹ ਬਣਾ ਲਈ ਹੋਈ ਸੀ। ਉਹ ਕਦੇ ਪਰਮੀਤ ਨੂੰ ਡਰਾਈਵਿੰਗ ਲੈੱਸਨ ਦੇ ਦਿੰਦਾ, ਕਦੇ ਗੁਰਬੰਸ ਕੋਰ ਨੂੰ ਕੰਮ 'ਤੇ ਛੱਡ ਆਉਂਦਾ ਤੇ ਕਦੇ ਘਰ ਦੀ ਸ਼ੌਪਿੰਗ ਕਰਾ ਦਿੰਦਾ। ਗਰੇਵਜੈਂਡ ਜਾਣਾ ਹੁਣ ਉਸ ਦਾ ਹੋਰ ਵੀ ਘਟ ਗਿਆ ਸੀ। ਜੇ ਕਦੇ ਜਾਂਦਾ ਵੀ ਤਾਂ ਤਾਇਆ ਸਲਾਹਾਂ ਦੇਣ ਬਹਿ ਜਾਂਦਾ। ਹੁਣ ਤਾਇਆ ਇਹ ਕਹਿਣ ਲਗਿਆ ਸੀ ਕਿ ਉਹ ਸਿਰਫ ਟਿਕਟ ਜੋਗੇ ਹੀ ਪੈਸੇ ਜੋੜ ਲਵੇ, ਉਸ ਨੇ ਅਗਲੇ ਸਾਲ ਨਛੱਤਰ ਦਾ ਵਿਆਹ ਕਰਨ ਜਾਣਾ ਸੀ ਤੇ ਨਾਲ ਹੀ ਉਸ ਦਾ ਵੀ ਕਰ ਦਿਤਾ ਜਾਵੇਗਾ ਪਰ ਦਿਲਬਾਗ ਤੋਂ ਹੁਣ ਟਿਕਟ ਜੋਗੇ ਪੈਸੇ ਜੋੜਨੇ ਵੀ ਮੁਸ਼ਕਲ ਹੋ ਗਏ ਸਨ। ਉਸ ਦਾ ਪੱਬਾਂ ਦਾ ਹੀ ਖਰਚ ਇੰਨਾ ਵਧ ਗਿਆ ਸੀ ਕਿ ਕੁਝ ਨਾ ਬਚਾ ਸਕਦਾ।

ਸਰੂਪ ਦੀ ਤੇ ਦਿਲਬਾਗ ਦੀ ਸਾਂਝ ਇਹ ਸੀ ਕਿ ਉਹ ਵੀ ਟੈਕਸੀ ਚਲਾਉਂਦਾ ਸੀ। ਉਹ ਕਿਸੇ ਫੈਕਟਰੀ ਵਿਚ ਨੌਕਰੀ ਵੀ ਕਰਦਾ ਸੀ ਤੇ ਨਾਲ ਦੀ ਨਾਲ ਟੈਕਸੀ। ਸਰੂਪ ਆਪਣੀ ਮਾਸੀ ਨੂੰ ਮਿਲਣ ਆਇਆ ਹੀ ਦਿਲਬਾਗ ਦਾ ਦੋਸਤ ਬਣ ਗਿਆ ਸੀ। ਸਰੂਪ ਨੇ ਤਾਂ ਕਾਫੀ ਦੇਰ ਦਾ ਘਰ ਖਰੀਦ ਰੱਖਿਆ ਸੀ। ਉਪਰਲੇ ਤਿੰਨ ਕਮਰੇ ਕਿਰਾਏ 'ਤੇ ਚਾੜ੍ਹੇ ਹੋਏ ਸਨ। ਹੇਠਲੇ ਦੋਨੋਂ ਕਮਰੇ ਉਸ ਕੋਲ ਸਨ। ਕਈ ਵਾਰ ਦਿਲਬਾਗ ਸਰੂਪ ਨੂੰ ਮਿਲਣ ਵੈਂਬਲੇ ਚਲੇ ਜਾਂਦਾ। ਉਹ ਅਜਿਹੇ ਰਲ਼ਦੇ ਕਿ ਦੋ ਦੋ ਦਿਨ ਬੈਠੇ ਦਾਰੂ ਪੀਂਦੇ ਰਹਿੰਦੇ। ਸਰੂਪ ਨੂੰ ਬਹੁਤਾ ਫਰਕ ਨਹੀਂ ਸੀ ਪੈਂਦਾ। ਉਸ ਕੋਲ ਨੌਕਰੀ ਵੀ ਸੀ ਤੇ ਕਿਰਾਇਆ ਵੀ ਆਉਂਦਾ ਸੀ ਪਰ ਦਿਲਬਾਗ ਦਾ ਦੋ ਦਿਨ ਵਿਹਲੇ ਬੈਠਣ ਨਾਲ ਥੱਲਾ ਲਗ ਜਾਂਦਾ। ਦਿਲਬਾਗ ਨੂੰ ਫਿਲਮਾਂ ਦੇਖਣ ਦਾ ਬਹੁਤ ਸ਼ੌਂਕ ਸੀ ਤੇ ਸਾਊਥਾਲ ਦੇਸੀ ਫਿਲਮਾਂ ਚਲਦੀਆਂ ਰਹਿੰਦੀਆਂ ਸਨ। ਦਿਲਬਾਗ ਤੁਰਿਆ ਹੀ ਰਹਿੰਦਾ ਤੇ ਨਾਲ ਹੀ ਸਰੂਪ ਦੇ ਘਰ ਵੀ ਜਾ ਵੜਦਾ।

ਪੱਬ ਵਿਚ ਬੈਠਦਿਆਂ ਹੀ ਦਿਲਬਾਗ ਪੁੱਛਣ ਲਗਿਆ,

"ਸਾਡੇ ਪਿੰਡ ਵੀ ਗਿਆ ਸੀ ਫਿਰ?"

"ਹਾਂ, ਗਿਆ ਸੀ, ਤੇਰੀ ਮਦਰ ਮਿਲ਼ੀ ਸੀ, ਉਹ ਤਾਂ ਤੇਰੀ ਵੇਟ ਕਰਦੇ ਆ, ਤੇਰੇ ਫਾਦਰ ਨੇ ਤੇਰੇ ਲਈ ਆਪਣੇ ਕਿਸੇ ਫਰੈਂਡ ਦੀ ਕੁੜੀ ਦੇਖੀ ਹੋਈ ਐ।"

"ਭਾਪਾ ਨਹੀਂ ਮਿਲ਼ਿਆ?"

"ਨਹੀਂ, ਉਹ ਜੇਲ੍ਹ-ਯਾਤਰਾ 'ਤੇ ਗਿਆ ਹੋਇਆ ਸੀ, ਕੋਈ ਸਟਰਾਈਕ ਚਲ ਰਹੀ ਸੀ, ਸ਼ਾਇਦ ਟੀਚਰਾਂ ਦੀ। ਤੇਰੇ ਡੈਡੀ ਦੀ ਤਾਂ ਇਲਾਕੇ ਵਿਚ ਵਾਹਵਾ ਚਲਦੀ ਐ। ਓਦਾਂ ਕਾਮਰੇਡਾਂ ਦੀ ਪਹਿਲਾਂ ਵਾਲੀ ਗੱਲ ਨਹੀਂ ਰਹੀ, ਕਈ ਕਿਸਮਾਂ ਹੋ ਗਈਆਂ ਇਹਨਾਂ ਦੀਆਂ। ਕਿਸੇ ਨੂੰ ਸੱਜੂ ਕਹਿੰਦੇ ਆ ਤੇ ਕਿਸੇ ਨੂੰ ਖੱਬੂ। ...ਅੱਜ ਕੱਲ੍ਹ ਨੈਕਸਲਬਾੜੀਏ ਵੀ ਆ ਕੋਈ ਆਏ।"

"ਉਹ ਵੀ ਕਾਮਰੇਟ ਆ?"

"ਏਦਾਂ ਦਾ ਈ ਆ ਕੁਸ਼, ਕਹਿੰਦੇ ਅਮੀਰ ਮਾਰ ਦਿਓ।"

"ਬਸ, ਸਾਡੇ ਭਾਪੇ ਨੇ ਸਾਰੀ ਉਮਰ ਕੱਢ ਲਈ ਏਦਾਂ ਦੀਆਂ ਪੁੱਠੀਆਂ ਸਿੱਧੀਆਂ ਗੱਲਾਂ ਕਰਦੇ ਨੇ। ਇਲਾਕੇ 'ਚ ਭਾਮੇਂ ਬੱਲੇ ਬੱਲੇ ਹੋਊ ਪਰ ਉਹਦੀ ਕੋਈ ਗੱਲ ਤਾਂ ਸਮਝ ਆਉਂਦੀ ਨਹੀਂ। ਸਾਡੀ ਬੀਬੀ ਵਿਚਾਰੀ ਰੋਟੀਆਂ ਬਣਾਉਂਦੀ ਥੱਕ ਜਾਂਦੀ ਪਰ ਬੰਦੇ ਆਉਣੋਂ ਨਾ ਹਟਦੇ।"

ਦਿਲਬਾਗ ਨੂੰ ਜਦ ਬੀਅਰ ਦਾ ਕੁਝ ਸਰੂਰ ਹੋਇਆ ਤਾਂ ਉਹ ਕਹਿਣ ਲਗਿਆ,

www.PunjabiLibrary.com

"ਨਗਮਿਆਂ, ਤੂੰ ਅੱਖਾਂ ਮੀਟ ਕੇ ਵਿਆਹ ਕਰਾ ਲਿਆ ਪਰ ਮੈਂ ਤਾਂ ਨਹੀਂ ਏਦਾਂ ਕਰੌਣਾਂ, ਭਾਮੇਂ ਦੋ ਸਾਲ ਲਗ ਜਾਣ। ਮੈਨੂੰ ਕੁੜੀ ਚਾਹੀਦੀ ਐ ਜਿਹਦੇ ਵੱਲ ਮੈਂ ਦੇਖਦਾ ਮੈਂ ਸਾਰੀ ਉਮਰ ਕੱਢ ਲਵਾਂ, ਜਿੱਦਾਂ ਨੀਲ ਕਮਲ ਵਿਚ ਰਾਜ ਕੁਮਾਰ ਵਹੀਦਾ ਰਹਿਮਾਨ ਵੱਲ ਦੇਖੀ ਜਾਂਦਾ।"

## ਸੱਤ

ਐਤਕੀਂ ਬਰਫਬਾਰੀ ਬਹੁਤੀ ਹੋਈ। ਦੋ ਦਿਨ ਲਗਾਤਾਰ ਪੈਂਦੀ ਰਹੀ। ਇੰਨੀ ਬਰਫ ਪਈ ਕਿ ਸੜਕਾਂ ਤੇ ਖੜੀਆਂ ਕਾਰਾਂ ਵੀ ਬਰਫ ਵਿਚ ਲੁਕ ਗਈਆਂ। ਜਿਵੇਂ ਕਈ ਵਾਰ ਹੋ ਹੀ ਜਾਂਦਾ ਹੈ ਕਿ ਬਰਫ ਤੋਂ ਬਾਅਦ ਠੰਡੀ ਹਵਾ ਚਲ ਜਾਂਦੀ ਹੈ ਤੇ ਬਰਫ ਜੰਮ ਕੇ ਪੱਥਰ ਬਣ ਜਾਂਦੀ ਹੈ, ਇਵੇਂ ਹੀ ਹੋਇਆ। ਤਾਪਮਾਨ ਮਨਫੀ ਤੋਂ ਹੇਠਾਂ ਜਾ ਪੁੱਜਾ। ਮੁੱਖ ਸੜਕਾਂ ਤਾਂ ਕੌਂਸਲ ਦੇ ਟਰੱਕਾਂ ਨੇ ਗਰਿੱਟ ਛਿੜਕ ਕੇ ਚਲਦੀਆਂ ਕਰ ਲਈਆਂ ਪਰ ਫੁੱਟਪਾਥਾਂ 'ਤੇ ਬਰਫ ਉਵੇਂ ਹੀ ਪਈ ਰਹੀ। ਲੰਘਦੇ ਲੋਕ ਤਿਲਕ ਤਿਲਕ ਜਾਂਦੇ। ਬਹੁਤ ਧਿਆਨ ਨਾਲ ਤੁਰਨਾ ਪੈਂਦਾ।

ਲੇਅਟਨ ਸਟੋਨ ਦੇ ਅੰਡਰਗਰਾਊਂਡ ਸਟੇਸ਼ਨ ਵਿਚੋਂ ਸੁਰਜਨ ਨਿਕਲਿਆ ਤਾਂ ਹਨੇਰਾ ਡੂੰਘਾ ਹੋ ਚੁੱਕਿਆ ਸੀ। ਅਜਿਹੇ ਬਰਫੀਲੇ ਦਿਨਾਂ ਵਿਚ ਤਾਂ ਸਾਰਾ ਦਿਨ ਹੀ ਹਨੇਰਾ ਜਿਹਾ ਰਹਿੰਦਾ। ਸੁਰਜਨ ਬੋਚ ਬੋਚ ਕੇ ਪੈਰ ਰੱਖਦਾ ਤੁਰ ਰਿਹਾ ਸੀ। ਪੰਜ ਮਿੰਟ ਦੇ ਰਸਤੇ ਨੂੰ ਪੰਦਰਾਂ ਮਿੰਟ ਲਗ ਜਾਣੇ ਸਨ। ਹਾਈ ਰੋਡ 'ਤੇ ਆਇਆ ਤਾਂ ਮੁਸ਼ਤਾਕ ਨੇ ਹਲਾਲ ਮੀਟ ਦੀ ਦੁਕਾਨ ਵਿਚੋਂ ਅਵਾਜ਼ ਮਾਰੀ,

"ਸਰਦਾਰ ਜੀ, ਆਓ, ਚਾਹ ਪੀਂਦੇ ਜਾਓ, ਠੰਡ ਜਾਨ ਕੱਢੀ ਜਾਂਦੀ ਸੂ।"

ਸੁਰਜਨ ਦੁਕਾਨ ਅੰਦਰ ਲੰਘ ਗਿਆ ਤੇ ਰਾਜ਼ੀ ਖੁਸ਼ੀ ਪੁੱਛ ਕੇ ਅਗੇ ਤੁਰ ਪਿਆ। ਮੁਸ਼ਤਾਕ ਮੁਹੰਮਦ ਨੇ ਨਵੀਂ ਨਵੀਂ ਦੁਕਾਨ ਖੋਹਲੀ ਸੀ ਇਸ ਲਈ ਦੇਸੀ ਲੋਕਾਂ ਨੂੰ ਦੂਰੋਂ ਹੀ ਸਾਬ-ਸਲਾਮ ਕਰਦਾ। ਸੁਰਜਨ ਵੀ ਇਥੋਂ ਹੀ ਮੀਟ ਖਰੀਦਿਆ ਕਰਦਾ। ਪਹਿਲੀਆਂ ਵਿਚ ਲਾਜਵੰਤੀ ਮੀਟ ਨੂੰ ਹੱਥ ਤਕ ਨਹੀਂ ਸੀ ਲਾਉਂਦੀ ਪਰ ਹੁਣ ਬਣਾਉਣ ਲਗ ਪਈ ਸੀ। ਬਨਾਰਸੀ ਦਾਸ ਮੀਟ ਖਾਂਦਾ ਸੀ ਇਸ ਲਈ ਲਾਜਵੰਤੀ ਨੂੰ ਬਦਲਣਾ ਪਿਆ ਸੀ। ਅਵਤਾਰ ਨੇ ਤੁਰ ਫਿਰ ਕੇ ਮੀਟ ਬਣਾਉਣ ਸਿਖੇ ਹੋਏ ਤਰੀਕੇ ਲਾਜਵੰਤੀ ਨੂੰ ਸਿਖਾ ਦਿਤੇ ਸਨ। ਸੁਰਜਨ ਨੇ ਘਰ ਪੁੱਜ ਕੇ ਆਪਣੇ ਚਮੜੇ ਦੇ ਭਾਰੇ ਬੂਟ ਦਰਵਾਜ਼ੇ ਦੇ ਬਾਹਰ ਹੀ ਝਾੜੇ ਪਰ ਬਰਫ ਤੇ ਗਾਰਾ ਇਵੇਂ ਚੁੰਬੜਿਆ ਪਿਆ ਸੀ ਕਿ ਉਤਰਨ ਦਾ ਨਾਂ ਨਹੀਂ ਸੀ ਲੈ ਰਿਹਾ। ਉਸ ਨੇ ਦਰਵਾਜ਼ਾ ਖੋਹਲਿਆ ਤੇ ਬੂਟਾਂ ਨੂੰ ਇਕ ਪਾਸੇ ਇਵੇਂ ਉਤਾਰ ਦਿਤਾ ਕਿ ਇਹਨਾਂ ਦਾ ਗੰਦ ਅੰਦਰ ਨਾ ਜਾਵੇ। ਘਰ ਵਿਚਲਾ ਨਿੱਘ ਜਿਵੇਂ ਭੱਜ ਕੇ ਉਸ ਨੂੰ ਮਿਲਿਆ ਹੋਵੇ। ਅੰਦਰ ਤੇਲ ਵਾਲਾ ਹੀਟਰ ਚੱਲ ਰਿਹਾ ਸੀ ਇਸ ਲਈ ਤੇਲ ਦੀ ਹਲਕੀ ਜਿਹੀ ਗੰਧ ਵੀ ਖਿਲਰੀ ਪਈ ਸੀ। ਉਸ ਨੂੰ ਦੇਖਦਿਆਂ ਹੀ ਲਾਜਵੰਤੀ ਆਪਣੀ ਮਹੀਨ ਜਿਹੀ ਅਵਾਜ਼ ਨਾਲ ਰਸੋਈ ਵਿਚੋਂ ਬੋਲੀ,

"ਭਰਾ ਜੀ, ਚਾਹ ਬਣੀ ਹੋਈ ਐ, ਲੈਂਦੇ ਜਾਵੋ।"

ਸੁਰਜਨ ਨੇ ਰਸੋਈ ਵਿਚ ਜਾ ਕੇ ਲਾਜਵੰਤੀ ਦਾ ਧੰਨਵਾਦ ਕਰਦਿਆਂ ਚਾਹ ਦਾ ਕੱਪ ਫੜ ਲਿਆ। ਮੁੱਖ ਦਰਵਾਜ਼ੇ ਦੇ ਪਿੱਛੇ ਹੀ ਟੈਲੀਫੋਨ ਵਾਲਾ ਬੈਂਚ ਪਿਆ ਸੀ। ਉਥੇ ਹੀ ਸਭ ਦੀ ਰੋਜ਼ਾਨਾ ਡਾਕ ਵੀ ਪਈ ਹੁੰਦੀ। ਸੁਰਜਨ ਦੀਆਂ ਦੋ ਚਿੱਠੀਆਂ ਪਈਆਂ ਸਨ, ਤਕਰੀਬਨ ਇਕੋ ਜਿਹੀ ਲਿਖਾਈ ਵਾਲੀਆਂ। ਉਹ ਚਿੱਠੀਆਂ ਦੇਖਦਾ ਤੇ ਚਾਹ ਦੇ ਘੁੱਟ ਭਰਦਾ ਆਪਣੇ ਕਮਰੇ ਵਿਚ ਆ ਗਿਆ। ਯਾਦਾਂ ਦੀ ਹਲਕੀ ਜਿਹੀ ਟੀਸ ਉਸ ਦੀ ਛਾਤੀ ਵਿਚ ਟਹਿਲਣ ਲਗੀ। ਇਕ ਚਿੱਠੀ ਵੱਡੀ ਧੀ ਗੁਰਿੰਦਰ ਦੀ ਸੀ ਅਤੇ ਦੂਜੀ ਛੋਟੀ ਬਲਜਿੰਦਰ ਦੀ। ਉਸ ਨੇ ਪਹਿਲਾਂ ਬਲਜਿੰਦਰ ਦੀ ਚਿੱਠੀ ਖੋਹਲੀ। ਉਸ ਨੇ ਵੱਡੀ ਦੀਆਂ ਸ਼ਿਕਾਇਤਾਂ ਲਾਈਆਂ ਹੋਈਆਂ ਸਨ ਕਿ ਜਿਵੇਂ ਪਹਿਲਾਂ ਉਹ ਦੋਵੇਂ ਅੱਧੀ ਅੱਧੀ ਚਿੱਠੀ ਲਿਖਿਆ ਕਰਦੀਆਂ ਸਨ ਇਸ ਵਾਰ ਗੁਰਿੰਦਰ ਨੇ ਉਸ ਨੂੰ ਲਿਖਣ ਨਹੀਂ ਸੀ ਦਿਤੀ, ਇਸ ਲਈ ਉਹਨੇ ਵੱਖਰੀ ਆਪਣੀ ਚਿੱਠੀ ਲਿਖੀ ਸੀ। ਦੋਨਾਂ ਨੇ ਹੀ ਨਿੱਤ ਸਕੂਲ ਦੀਆਂ ਨਿਕੀਆਂ ਨਿਕੀਆਂ ਗੱਲਾਂ ਲਿਖੀਆਂ ਹੋਈਆਂ ਸਨ। ਅੰਤ ਵਿਚ ਦੋਨਾਂ ਨੇ ਹੀ ਲਿਖਿਆ ਸੀ ਕਿ ਉਹਨਾਂ ਨੂੰ ਪੈਸੇ ਬਿਲਕੁਲ ਨਹੀਂ ਚਾਹੀਦੇ ਇਸ ਲਈ ਜਲਦੀ ਤੋਂ ਜਲਦੀ ਉਹ ਵਾਪਸ ਆ ਜਾਵੇ। ਉਸ ਨੂੰ ਖੁਸ਼ੀ ਹੋ ਰਹੀ ਸੀ ਕਿ ਧੀਆਂ ਚਿੱਠੀ ਲਿਖਣ ਜੋਗੀਆਂ ਹੋ ਗਈਆਂ ਸਨ। ਪਾਸ਼ੀ ਤਾਂ ਅਨਪੜ੍ਹ ਰਹਿ ਗਈ ਸੀ। ਉਸ ਦਾ ਜਨਮ ਪਾਕਿਸਤਾਨ ਦਾ ਸੀ, ਉਸ ਪਾਸੇ ਕੁੜੀਆਂ ਨੂੰ ਪੜ੍ਹਾਉਣ ਦਾ ਰਿਵਾਜ਼ ਨਹੀਂ ਸੀ, ਜਦ ਉਹ ਇਸ ਪਾਸੇ ਦੇ ਪੰਜਾਬ ਵਿਚ ਆਏ ਤਾਂ ਪਾਸ਼ੀ ਦੀ ਉਮਰ ਸਕੂਲ ਜਾਣ ਤੋਂ ਟੱਪ ਚੁੱਕੀ ਸੀ। ਹੁਣ ਧੀਆਂ ਆਪਣੀ ਮਾਂ ਦੀ ਘਾਟ ਨੂੰ ਪੂਰਾ ਕਰ

ਰਹੀਆਂ ਸਨ। ਪਹਿਲਾਂ ਉਹ ਸਰਦੂਲ ਨੂੰ ਚਿੱਠੀ ਲਿਖਦਾ ਸੀ, ਉਸ ਰਾਹੀਂ ਹੀ ਪਾਸ਼ੀ ਨੂੰ ਸੁਨੇਹੇ ਦਿਤੇ ਹੁੰਦੇ ਪਰ ਫਿਰ ਗੁਰਿੰਦਰ ਚਿੱਠੀ ਲਿਖਣ ਲਗ ਪਈ ਸੀ। ਗੁਰਿੰਦਰ ਆਪ ਖੁਦ ਉਸ ਨੂੰ ਮੁਖਾਤਬ ਹੋ ਕੇ ਚਿੱਠੀ ਲਿਖਦੀ; ਪਿਆਰੇ ਡੈਡੀ ਜੀ...।

ਚਿੱਠੀਆਂ ਇਕ ਪਾਸੇ ਰੱਖ ਉਹ ਕਿਧਰੇ ਦੂਰ ਜਾ ਪੁੱਜਾ। ਸੋਚਣ ਲਗਿਆ ਕਿ ਗੁਰਿੰਦਰ ਕਿੱਡੀ ਕੁ ਹੋ ਗਈ ਹੋਵੇਗੀ। ਪੰਦਰਾਂ ਸਾਲ ਦੀ ਕੁੜੀ ਤਾਂ ਭਰ ਮੁਟਿਆਰ ਹੁੰਦੀ ਹੈ। ਉਹ ਵੀ ਜ਼ਰੂਰ ਪਾਸ਼ੀ ਜਿੱਡੀ ਹੋ ਗਈ ਹੋਵੇਗੀ। ਉਹਦੇ ਵਰਗੀ ਹੀ ਪਤਲੀ ਜਿਹੀ, ਸੁਬਕ ਜਿਹੀ। ਜਦ ਉਸ ਨੇ ਪਾਸ਼ੀ ਨੂੰ ਪਹਿਲੀ ਵਾਰ ਦੇਖਿਆ ਸੀ ਤਾਂ ਅਜਿਹੀ ਹੀ ਸੀ। ਪਾਸ਼ ਤਾਂ ਇੰਨੇ ਨਿਆਣੇ ਜੰਮ ਕੇ ਵੀ ਮੋਟੀ ਨਹੀਂ ਸੀ ਹੋਈ, ਸ਼ਾਇਦ ਆਖਰੀ ਬੱਚੇ ਵੇਲੇ ਹੋ ਗਈ ਹੋਵੇ। ਇਹਨਾਂ ਸਾਲਾਂ ਵਿਚ ਬੱਚਿਆਂ ਦੀ ਕੋਈ ਫੋਟੋ ਵੀ ਤਾਂ ਨਹੀਂ ਸੀ ਆਈ ਕਿ ਦੇਖ ਸਕੇ ਕਿ ਕਿਹੋ ਜਿਹੀਆਂ ਲਗਦੀਆਂ ਹਨ ਉਸ ਦੀਆਂ ਧੀਆਂ। ਬਲਜਿੰਦਰ ਤੇਰਾਂ ਦੀ, ਉਸ ਤੋਂ ਦੋ ਸਾਲ ਛੋਟੀ ਸੁਰਿੰਦਰ। ਸੁਰਿੰਦਰ ਤੋਂ ਬਾਅਦ ਮੁੰਡਾ ਹੋਇਆ ਸੀ ਪਰ ਬਚ ਨਹੀਂ ਸੀ ਸਕਿਆ। ਜਨਮ ਵੇਲੇ ਹੀ ਕੋਈ ਔਹੜ ਪੈ ਗਈ ਸੀ। ਮੁੰਡਾ ਭਾਲਦੇ ਭਾਲਦੇ ਸੁਖਵੀਰ ਆ ਗਈ। ਇਕ ਹੋਰ ਯਤਨ ਮਾਰਿਆ ਤਾਂ ਰਣਜੀਤ। ਪਹਿਲਾਂ ਪਹਿਲ ਉਸ ਨੂੰ ਆਪਣੇ ਆਪ ਉਪਰ ਬਹੁਤ ਗੁੱਸਾ ਆਉਂਦਾ ਕਿ ਦੋ ਬੱਚਿਆਂ ਬਾਅਦ ਬਸ ਕਿਉਂ ਨਹੀਂ ਕੀਤੀ, ਐਡੀ ਵੱਡੀ ਲਾਈਨ ਕਿਉਂ ਲਗਾ ਲਈ ਫਿਰ ਉਸ ਨੂੰ ਲਗਦਾ ਕਿ ਪੁੱਤ ਦੀ ਭੁੱਖ ਉਸ ਦੇ ਅੰਦਰ ਵੀ ਕਿਧਰੇ ਪਈ ਸੀ, ਜਿਹੜੀ ਉਹਨੂੰ ਸੰਸਕਾਰਾਂ ਵਿਚੋਂ ਹੀ ਮਿਲੀ ਸੀ। ਸਮਾਜ ਵਿਚ ਮੁੰਡਾ ਵਾਰਸ ਵੀ ਬਣਦਾ ਹੈ ਤੇ ਡੰਗੋਰੀ ਵੀ ਤੇ ਸਮਾਜ ਦੇ ਮਾੜੇ ਅਨਸਰਾਂ ਤੋਂ ਰੱਖਿਅਕ ਵੀ। ਹੁਣ ਉਸ ਨੂੰ ਨਾ ਕਦੇ ਮੁੰਡਾ ਨਾ ਹੋਣ ਦਾ ਦੁੱਖ ਸੀ ਤੇ ਨਾ ਹੀ ਪੰਜ ਧੀਆਂ ਦਾ ਪਛਤਾਵਾ।

ਬੱਚੀਆਂ ਤੇ ਪਾਸ਼ੀ ਦਾ ਚੇਤਾ ਆਉਂਦਿਆਂ ਹੀ ਉਹ ਸੋਚਣ ਲਗਿਆ ਕਿ ਹੁਣ ਵਾਪਸ ਮੁੜਨ ਦਾ ਵਕਤ ਹੋ ਗਿਆ ਹੈ। ਪੰਜ ਸਾਲ ਹੋਣ ਹੀ ਵਾਲੇ ਸਨ ਪਰ ਉਹ ਆਪਣੇ ਨਿਸ਼ਾਨੇ ਤੋਂ ਬਹੁਤ ਦੂਰ ਸੀ। ਇਕ ਲੱਖ ਤਾਂ ਕੀ ਕੁਝ ਵੀ ਨਹੀਂ ਸੀ ਜੁੜਿਆ। ਸਭ ਨਾਲ ਦੀ ਨਾਲ ਵਰਤ ਹੋ ਗਿਆ ਸੀ। ਹਾਂ, ਉਸ ਨੇ ਦੋ ਖੇਤ ਜ਼ਰੂਰ ਲੈ ਲਏ ਸਨ। ਜਿਹੜਾ ਘਰ ਸਰਦੂਲ ਨੇ ਪਾਸ਼ੀ ਨੂੰ ਬਣਾ ਕੇ ਦਿਤਾ ਸੀ ਉਸ ਦੇ ਪੈਸੇ ਵੀ ਉਤਾਰ ਦਿਤੇ ਸਨ ਤੇ ਉਸ ਜਗਾਹ ਦੀ ਕੀਮਤ ਵੀ ਲਾਹ ਦਿਤੀ ਸੀ। ਸੁਰਜਨ ਨੂੰ ਪਤਾ ਸੀ ਕਿ ਉਸ ਨੇ ਹੁਣ ਚੱਕ ਜਾ ਨਹੀਂ ਸਕਣਾ। ਜਿਹੜਾ ਉਸ ਦੇ ਹਿੱਸੇ ਵਾਲੀ ਜਗਾਹ ਸੀ ਉਸ ਉਪਰ ਵੀ ਨਿਰਮਲ ਨੇ ਕਬਜ਼ਾ ਕਰ ਲਿਆ ਹੋਇਆ ਸੀ। ਅਜਿਹੀਆਂ ਗੱਲਾ ਜਦ ਕਦੇ ਵੀ ਉਹ ਸੋਚਣ ਬਹਿੰਦਾ ਤਾਂ ਉਸ ਦੀ ਪੂਰੀ ਰਾਤ ਜਾਗਦਿਆਂ ਨਿਕਲ ਜਾਂਦੀ।

ਆਪਣੀਆਂ ਧੀਆਂ ਵਿਚ ਖਤ ਲਿਖਣ ਖਾਤਰ ਚਲਦੀ ਤਕਰਾਰ ਬਾਰੇ ਜਦ ਉਸ ਨੇ ਅਮਾਂਡਾ ਨੂੰ ਦਸਿਆ ਤਾਂ ਉਹ ਖੁਸ਼ ਹੁੰਦੀ ਬੋਲੀ,

''ਸਰਜ, ਤੂੰ ਬਹੁਤ ਖੁਸ਼ਕਿਸਮਤ ਬਾਪ ਐਂ, ਹਾਲੇ ਤਾਂ ਤੇਰੀਆਂ ਧੀਆਂ ਛੋਟੀਆਂ ਐਂ, ਦੇਖੀ ਜਦ ਵੱਡੀਆਂ ਹੋਈਆਂ ਤਾਂ ਤੈਨੂੰ ਕਿੰਨਾ ਪਿਆਰ ਕਰਨਗੀਆਂ, ਤੇਰੀ ਦੁਨੀਆਂ ਬਹੁਤ ਹੀ ਖੂਬਸੂਰਤ ਹੋਵੇਗੀ।''

ਅਰਜਨ ਸਿੰਘ ਨੇ ਈਸਟ ਹੈਮ ਘਰ ਲਿਆ ਤਾਂ ਗੁਰਨਾਮ ਉਸ ਨਾਲ ਹੀ ਚਲੇ ਗਿਆ ਸੀ। ਫਿਰ ਗੁਰਨਾਮ ਉਥੇ ਵੀ ਨਾ ਰਿਹਾ ਤੇ ਸਾਊਥਾਲ ਜਾ ਵਸਿਆ। ਸਾਊਥਾਲ ਹੁਣ ਦੇਸੀ ਬੰਦੇ ਬਹੁਤ ਗਿਣਤੀ ਵਿਚ ਹੋ ਗਏ ਸਨ। ਇੰਡੀਅਨ ਵਰਕਰ ਅਸੋਸੀਏਸ਼ਨ ਇਕ ਵੱਡੀ ਸੰਸਥਾ ਦੇ ਰੂਪ ਵਿਚ ਸਾਹਮਣੇ ਆ ਗਈ ਸੀ ਜਿਸ ਨੇ ਰਾਜਨੀਤਕ ਸਘੰਰਸ਼ ਕਰਨੇ ਸ਼ੁਰੂ ਕਰ ਦਿਤੇ ਸਨ। ਇਸੇ ਕਾਰਨ ਸਿਆਸੀ ਮੱਸ ਰੱਖਣ ਵਾਲੇ ਲੋਕਾਂ ਨੂੰ ਇੰਗਲੈਂਡ ਆਉਣ ਦਾ ਮਜ਼ਾ ਆਉਣ ਲਗਿਆ ਸੀ। ਬਹੁਤ ਸਾਰੇ ਲੋਕਾਂ ਦੇ ਪੰਜ ਸਾਲ ਵਾਲੇ ਨਿਸ਼ਾਨੇ ਲੰਮੇ ਪੈ ਗਏ ਸਨ। ਪਿਛਲ-ਝਾਕ ਖਤਮ ਕਰਨ ਲਈ ਲੋਕਾਂ ਨੇ ਟੱਬਰ ਸੱਦਣੇ ਸ਼ੁਰੂ ਕਰ ਦਿਤੇ ਸਨ। ਗੁਰਨਾਮ ਸਾਊਥਾਲ ਗਿਆ ਤਾਂ ਉਸ ਦੇ ਰਿਸ਼ਤੇਦਾਰਾਂ ਨੇ ਮੱਲੋਮੱਲੀ ਉਸ ਦੇ ਟੱਬਰ ਦੇ ਪੇਪਰ ਭਿਜਵਾ ਦਿਤੇ ਤਾਂ ਜੋ ਉਹ ਇਥੇ ਆ ਜਾਣ। ਗੁਰਨਾਮ ਨੇ ਘਰ ਵੀ ਖਰੀਦ ਲਿਆ। ਰੁਆਇਲ ਡੀਨ ਵਿਚ ਓਵਰ ਟਾਈਮ ਹੀ ਇੰਨਾ ਮਿਲਦਾ ਸੀ ਕਿ ਬਿਲਡਿੰਗ ਸੁਸਾਇਟੀਆਂ ਸਹਿਜੇ ਹੀ ਮੌਟਰਗੇਜ ਦੇ ਦਿੰਦੀਆਂ। ਚਮਨ ਲਾਲ ਨੇ ਵੀ ਘਰ ਲੈ ਲਿਆ ਤੇ ਉਹ ਆਪਣਾ ਟੱਬਰ ਲੈਣ ਇੰਡੀਆ ਜਾ ਰਿਹਾ ਸੀ। ਉਹ ਸੁਰਜਨ ਨੂੰ ਕਈ ਵਾਰ ਕਹਿ ਚੁਕਿਆ ਸੀ ਕਿ ਸਾਊਥਾਲ ਆ ਜਾਵੇ। ਸਾਊਥਾਲ ਦਿਨੋ ਦਿਨ ਸਰਗਰਮੀਆਂ ਦਾ ਗੜ੍ਹ ਬਣ ਰਿਹਾ ਸੀ। ਗੁਰਦਵਾਰੇ ਖੜ੍ਹੇ ਹੋ ਰਹੇ ਸਨ। ਮੰਦਰ ਉਸਰ ਰਹੇ ਸਨ। ਸਿਨਮੇ ਸਨ। ਨਵੀਂ ਤੋਂ ਨਵੀਂ ਫਿਲਮ ਲਗਣ ਲਗੀ ਸੀ। ਕੋਈ ਨਾ ਕੋਈ ਫਿਲਮੀ ਹਸਤੀ ਸਾਊਥਾਲ ਆਈ ਹੀ ਰਹਿੰਦੀ। ਇੰਡੀਆ ਦੇ ਬਹੁਤ ਸਾਰੇ ਲੀਡਰ ਲੋਕ ਵੀ ਸਾਊਥਾਲ ਆ ਕੇ ਹਾਜ਼ਰੀ ਲਗਵਾਉਂਦੇ। ਇਸ ਦੇ ਮੁਕਾਬਲੇ ਈਸਟ ਲੰਡਨ ਠੰਡਾ ਸੀ। ਸਿਰਫ ਇਕ ਹੀ ਗੁਰਦਵਾਰਾ ਸੀ ਤੇ ਇਕੋ ਮੰਦਰ ਤੇ ਇਕ ਮਸਜਦ। ਸਿਆਸੀ ਸਰਗਰਮੀਆਂ ਨਾ-ਬਰਾਬਰ ਸਨ। ਕੁਝ ਵੀ ਹੋਵੇ ਸੁਰਜਨ ਦਾ ਦਿਲ ਈਸਟ ਲੰਡਨ ਵਿਚ ਹੀ ਲਗ ਗਿਆ। ਇਹੋ ਇਲਾਕਾ ਉਸ ਦੇ ਮੇਚ ਆ ਗਿਆ ਸੀ। ਰੁਆਇਲ ਡੀਨ ਜਾਣ ਲਈ ਲੇਅਟਨ ਤੋਂ ਸਿੱਧੀ ਟਿਊਬ ਵੀ ਜਾਂਦੀ ਸੀ ਤੇ ਬੱਸ ਵੀ। ਕੇਂਦਰੀ ਲੰਡਨ ਵੀ ਇਥੋਂ ਨੇੜੇ ਸੀ। ਸਾਊਥਾਲ ਤੋਂ ਕੁਝ ਵੀ ਸਿੱਧਾ ਕੇਂਦਰੀ ਲੰਡਨ ਜਾਂ ਰੁਆਇਲ ਡੀਨ ਨੂੰ ਨਹੀਂ ਸੀ ਆਉਂਦਾ। ਉਥੋਂ ਲੋਕ ਕਾਰਾਂ ਵਿਚ ਹੀ ਰੁਆਇਲ ਡੀਨ ਆਉਂਦੇ ਸਨ। ਚਾਰ ਪੰਜ ਰਲ਼ ਕੇ ਕਾਰ ਸਾਂਝੀ ਕਰਦੇ ਜੋ ਕਿ ਸੁਰਜਨ ਨੂੰ ਪਸੰਦ ਨਹੀਂ

www.PunjabiLibrary.com

ਸੀ। ਗੱਡੀ ਵਿਚ ਇਕੱਲਿਆਂ ਸਫਰ ਕਰਨ ਵਿਚ ਆਪਣੀ ਅਜ਼ਾਦੀ ਹੁੰਦੀ। ਸਫਰ ਕਰਦਿਆਂ ਕੁਝ ਨਾ ਕੁਝ ਪੜ੍ਹਨ ਦਾ ਵਕਤ ਵੀ ਮਿਲ ਜਾਦਾ। ਉਹ ਬਨਾਰਸੀ ਦਾਸ ਦੇ ਘਰ ਵਿਚ ਰਹਿੰਦਾ ਸੀ ਤੇ ਅਜਿਹਾ ਪਰਿਵਾਰਕ ਮਹੌਲ ਉਸ ਨੂੰ ਕਿਧਰੇ ਹੋਰ ਨਹੀਂ ਸੀ ਮਿਲ ਸਕਣਾ। ਲਾਜਵੰਤੀ ਉਸ ਦੀ ਰੋਟੀ ਬਣਾ ਦਿੰਦੀ। ਹੁਣ ਲਾਂਡਰੀ ਵਿਚੋਂ ਉਸ ਦੇ ਕਪੜੇ ਵੀ ਧੁਆ ਲਿਆਂਉਂਦੀ ਸੀ। ਬਨਾਰਸੀ ਦਾਸ ਵੀ ਨਹੀਂ ਸੀ ਚਾਹੁੰਦਾ ਕਿ ਸੁਰਜਨ ਉਸ ਦੇ ਘਰੋਂ ਜਾਵੇ। ਉਸ ਦੀ ਸਾਰੀ ਕਾਗਜ਼ੀ ਕਾਰਵਾਈ ਸੁਰਜਨ ਦੇ ਜ਼ਿੰਮੇ ਹੀ ਸੀ। ਭਾਵੇਂ ਹੁਣ ਲਾਜਵੰਤੀ ਕਾਫੀ ਕੁਝ ਸਿਖ ਗਈ ਹੋਈ ਸੀ ਪਰ ਬਨਾਰਸੀ ਦਾਸ ਨੂੰ ਸੁਰਜਨ ‘ਤੇ ਹੀ ਯਕੀਨ ਸੀ।

ਹਾਰਵੇ ਰੋਡ ‘ਤੇ ਸਭ ਕੁਝ ਠੀਕ ਹੀ ਨਹੀਂ ਸੀ। ਇਸ ਰੋਡ ਉਪਰ ਕੁਝ ਨਸਲਵਾਦੀ ਲੋਕ ਵੀ ਰਹਿੰਦੇ ਸਨ। ਇਹਨਾਂ ਲੋਕਾਂ ਨੇ ਕਾਲੇ ਰੰਗ ਦੇ ਲੋਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿਤਾ ਹੋਇਆ ਸੀ। ਬਨਾਰਸੀ ਦਾਸ ਜਾਂ ਜਿਹੜੇ ਇਕ ਦੋ ਹੋਰ ਪਰਿਵਾਰ ਇਥੇ ਰਹਿੰਦੇ ਸਨ, ਉਹਨਾਂ ਨੂੰ ਨਸਲਵਾਦੀਆਂ ਨਾਲ ਨਿਰੰਤਰ ਜੂਝਣਾ ਪੈ ਰਿਹਾ ਸੀ। ਕੁਝ ਘਰ ਛੱਡ ਕੇ ਇਕ ਗੋਰਾ ਰਹਿੰਦਾ ਸੀ ਜੋ ਉਹਨਾਂ ਨੂੰ ਦੇਖਦੇ ਹੀ ਬੁੜ ਬੁੜ ਕਰਨ ਲਗਦਾ। ਸਾਹਮਣੇ ਹੀ ਰਹਿੰਦੀ ਇਕ ਔਰਤ ਹਰ ਵੇਲੇ ਕੋਈ ਨਾ ਕੋਈ ਨਸਲਵਾਦੀ ਅਵਾਜ਼ਾ ਕੱਸ ਜਾਂਦੀ। ਰੋਡ ਦੇ ਅਖੀਰ ਵਿਚ ਇਕ ਸਕਿੰਨ ਹੈੱਡ ਮੁੰਡਾ ਵੀ ਰਹਿੰਦਾ ਸੀ, ਉਹ ਵੀ ਗਾਹੇ-ਵਗਾਹੇ ਗਾਲ਼ਾਂ ਕੱਢਣ ਲਗਦਾ ਤੇ ਡਰ ਵੀ ਬਣਿਆਂ ਰਹਿੰਦਾ ਕਿ ਕਦੀ ਉਹਨਾਂ ਉਪਰ ਹਮਲਾ ਵੀ ਕਰ ਸਕਦਾ ਹੈ। ਅਵਤਾਰ ਨੂੰ ਕਾਰ ਖੜ੍ਹੀ ਕਰਨ ਵਿਚ ਵੀ ਇਸੇ ਕਾਰਨ ਕਈ ਵਾਰ ਦਿੱਕਤ ਪੇਸ਼ ਆਉਂਦੀ। ਇਕ ਦਿਨ ਸ਼ਿਵਰਾਜ ਕਹਿਣ ਲਗਿਆ,

“ਯਾਰ ਸੁਰਜਨ, ਇਥੇ ਆਹ ਸਾਲ਼ਾ ਪੰਗਾ ਪਿਆ ਹੀ ਰਹਿੰਦਾ। ਚੱਲ ਮੂਵ ਹੋ ਜਾਈਏ, ਅਰਜਨ ਕੋਲ ਰੂਮ ਵੀ ਖਾਲੀ ਹੈਗੇ।”

“ਸਮੱਸਿਆ ਤੋਂ ਭੱਜਣਾ ਸਮੱਸਿਆ ਦਾ ਹੱਲ ਨਹੀਂ। ਅਜਿਹੇ ਨਸਲਵਾਦੀ ਤਾਂ ਹਰ ਮੋੜ ‘ਤੇ ਮਿਲ਼ ਜਾਣਗੇ, ਇਸ ਲਈ ਇਹਨਾਂ ਦਾ ਸਾਹਮਣਾ ਕਰਨਾ ਚਾਹੀਦੈ, ...ਸਰੀਰਕ ਤੌਰ ‘ਤੇ ਵੀ ਤੇ ਕਾਨੂੰਨੀ ਤੌਰ ‘ਤੇ ਵੀ। ...ਡਰ ਗਏ ਤਾਂ ਇਹ ਹਾਵੀ ਹੋ ਜਾਣਗੇ।”

ਸੁਰਜਨ ਨੇ ਦ੍ਰਿੜਤਾ ਨਾਲ ਕਿਹਾ। ਨਸਲਵਾਦ ਦੇ ਮਾਮਲੇ ਵਿਚ ਉਸ ਨੂੰ ਹੋਰਨਾਂ ਨਾਲੋਂ ਤਿੱਖੇ ਤਜਰਬੇ ਹੋ ਰਹੇ ਸਨ। ਇਕ ਤਾਂ ਰੰਗ ਕਾਲਾ ਤੇ ਦੂਜਾ ਸਿਰ ‘ਤੇ ਪੱਗ। ਬਹੁਤ ਸਾਰੇ ਲੋਕਾਂ ਦਾ ਪੱਗਾਂ ਉਤਾਰ ਮਾਰਨ ਦਾ ਕਾਰਨ ਹੀ ਦੋਹਰਾ ਨਸਲਵਾਦ ਸੀ। ਪੱਗ ਵਾਲੇ ਬੰਦੇ ਨੂੰ ਦੇਖ ਕੇ ਕੋਈ ਗੋਰਾ ਪੁੱਛਣ ਲਗਦਾ ਕਿ ਕੀ ਉਸ ਦਾ ਸਿਰ ਦੁਖਦਾ ਹੈ ਜਿਹੜਾ ਇਹ ਬੰਨਿਆਂ ਹੋਇਆ। ਕੋਈ ਪੁੱਛਦਾ ਕਿ ਇਸ ਪੱਗ ਹੇਠ ਕਿਹੜਾ ਖਜ਼ਾਨਾ ਦਬਾਇਆ ਹੋਇਆ ਹੈ। ਛੋਕਰੇ ਜਿਹੇ ਅਜਿਹੇ ਟੋਟਕੇ ਛੱਡ ਕੇ ਭੱਜ ਜਾਂਦੇ ਪਰ ਸੁਰਜਨ ਨੂੰ ਇਸ ਦੇ ਮੁਕਾਬਲੇ ਸਤਿਕਾਰ ਦੇਣ ਵਾਲੇ ਬਹੁਤੇ ਅੰਗਰੇਜ਼ ਮਿਲਦੇ। ਪੁਰਾਣੇ ਅੰਗਰੇਜ਼ ਦੋਨਾਂ ਵਿਸ਼ਵ-ਯੁੱਧਾਂ ਵਿਚ ਸਿਖਾਂ ਦੀ ਬਹਾਦਰੀ ਦੇ ਕਿੱਸਿਆਂ ਨੂੰ ਜਾਣਦੇ ਸਨ।

ਏਸ਼ੀਅਨ ਤੇ ਅਫਰੀਕਨ ਲੋਕਾਂ ਉਪਰ ਇੱਕਾ-ਦੁੱਕਾ ਜਿਣਸੀ ਹਮਲੇ ਹੁੰਦੇ ਹੀ ਰਹਿੰਦੇ ਸਨ। ਇਹਨਾਂ ਹਮਲਿਆਂ ਦੇ ਖਿਲਾਫ ਜਥੇਬੰਦੀਆਂ ਵੀ ਬਣੀਆਂ ਹੋਈਆਂ ਸਨ। ਇਹਨਾਂ ਖਿਲਾਫ ਮੁਜ਼ਾਹਰੇ ਵੀ ਹੁੰਦੇ, ਅਖਬਾਰਾਂ ਵਿਚ ਲੇਖ ਵੀ ਛਪਦੇ। ਪੂਰਬੀ ਲੰਡਨ ਵੈਸੇ ਹੀ ਨਸਲਵਾਦੀ ਗਿਣਿਆਂ ਜਾਂਦਾ ਸੀ। ਮੁਸ਼ਤਾਕ ਮੁਹੰਮਦ ਦੀ ਦੁਕਾਨ ਦੇ ਸ਼ੀਸ਼ੇ ਦੋ ਵਾਰ ਭੰਨੇ ਜਾ ਚੁੱਕੇ ਸਨ। ਨਸਲਵਾਦੀ ਵਾਰਦਾਤ ਕਰ ਕੇ ਭੱਜ ਜਾਂਦੇ ਸਨ। ਪੁਲੀਸ ਵੀ ਬਹੁਤਾ ਕੁਝ ਨਹੀਂ ਸੀ ਕਰਦੀ। ਸਵਾਸਤਿਕਾ ਦੇ ਨਿਸ਼ਾਨ ਥਾਂ-ਥਾਂ ਬਣਾਏ ਹੁੰਦੇ ਜਿਹੜਾ ਕਿ ਨਾਜ਼ੀਵਾਦ ਦਾ ਚਿੰਨ ਸੀ। ਭਾਵੇਂ ਨਾਜ਼ੀਵਾਦ ਦੇ ਖਿਲਾਫ ਬਹੁਤ ਮਜ਼ਬੂਤ ਜਥੇਬੰਦੀਆਂ ਬਣੀਆਂ ਹੋਈਆਂ ਸਨ ਪਰ ਫਿਰ ਵੀ ਨਸਲਵਾਦੀ ਕੋਈ ਨਾ ਕੋਈ ਕਾਰਾ ਕਰ ਹੀ ਜਾਂਦੇ। ਸੁਰਜਨ ਕਿਸੇ ਜਥੇਬੰਦੀ ਦਾ ਮੈਂਬਰ ਨਹੀਂ ਸੀ ਪਰ ਜਿਥੇ ਕਿਤੇ ਵੀ ਘਟਨਾ ਵਾਪਰਦੀ ਤੇ ਉਸ ਕੋਲ ਵਕਤ ਹੁੰਦਾ ਤਾਂ ਜ਼ਰੂਰ ਪਹੁੰਚਦਾ। ਉਸ ਦਿਨ ਉਹ ਮੁਸ਼ਤਾਕ ਦੀ ਦੁਕਾਨ ‘ਤੇ ਪੁੱਜ ਕੇ ਉਸ ਨੂੰ ਬੋਲਿਆ,

“ਭਾਈ ਜਾਨ, ਘਬਰਾਉਣ ਦੀ ਕੋਈ ਲੋੜ ਨਹੀਂ ਤੇ ਨਾ ਹੀ ਡਰਨ ਦੀ। ਆਪਾਂ ਕੋਈ ਕਮਜ਼ੋਰ ਲੋਕ ਨਹੀਂ ਹਾਂ ਬਲਕਿ ਕਮਜ਼ੋਰ ਲੋਕ ਤਾਂ ਮਾਈਗਰੇਟ ਕਰ ਹੀ ਨਹੀਂ ਸਕਦੇ, ਇਵੇਂ ਕਾਰੋਬਾਰ ਖੋਹਲ ਕੇ ਨਹੀਂ ਬੈਠ ਸਕਦੇ। ਆਪਾਂ ਨੂੰ ਸਟਰੌਂਗ ਬਣ ਕੇ ਇਹਨਾਂ ਨਸਲਵਾਦੀਆਂ ਨੂੰ ਹਰਾਉਣ ਦੀ ਲੋੜ ਐ।”

ਇਕ ਦੁਪਿਹਰ ਅਵਤਾਰ ਆ ਗਿਆ। ਗਲ਼ ਵਿਚ ਬੈਗ ਤੇ ਹੱਥ ਵਿਚ ਅਟੈਚੀ। ਮਈ ਦਾ ਮਹੀਨਾ ਸੀ। ਠੰਡ ਹੌਲੀ ਹੌਲੀ ਜਾ ਰਹੀ ਸੀ। ਸਭ ਤੋਂ ਪਹਿਲਾਂ ਤਾਂ ਉਸ ਨੇ ਆਪਣੀ ਕਾਰ ਨੂੰ ਨਿਹਾਰਿਆ। ਕਾਰ ਉਵੇਂ ਦੀ ਓਵੇਂ ਖੜੀ ਸੀ, ਧੂੜ ਨਾਲ ਬੇਸ਼ੱਕ ਭਰੀ ਹੋਈ ਸੀ। ਉਸ ਨੇ ਘੰਟੀ ਕੀਤੀ ਤਾਂ ਲਾਜਵੰਤੀ ਨੇ ਹੀ ਦਰਵਾਜ਼ਾ ਖੋਹਲਿਆ। ਉਹ ਗਰਭਵਤੀ ਸੀ, ਦਿਨ ਪੁੱਗਣ ਵਾਲੇ ਸਨ। ਉਸ ਨੇ ਅਵਤਾਰ ਨੂੰ ਬੜੇ ਪਿਆਰ ਨਾਲ ਅੰਦਰ ਬੈਠਾਇਆ ਤੇ ਹੌਲੀ ਹੌਲੀ ਰਸੋਈ ਵਿਚ ਜਾ ਚਾਹ ਬਣਾ ਲਿਆਈ। ਅਵਤਾਰ ਦੇ ਕੋਲ ਬਹਿੰਦੀ ਪੁੱਛਣ ਲਗੀ,

“ਭਾਜੀ, ਏਨੇ ਦਿਨ ਕਿਥੇ ਰਹੇ? ...ਇਹ ਤੁਹਾਡਾ ਫਿਕਰ ਕਰਦੇ ਸੀ।”

“ਅੰਕਲ ਨੂੰ ਰੂਮ ਦੀ ਵੱਰੀ ਹੋਣੀ ਆਂ। ਕਿਰਾਇਆ ਜਿਉਂ ਨਹੀਂ ਸੀ ਮਿਲ ਰਿਹਾ।”

ਚਾਹ ਦਾ ਘੁੱਟ ਭਰਦਾ ਅਵਤਾਰ ਹੱਸਿਆ। ਲਾਜਵੰਤੀ ਜ਼ਰਾ ਕੁ ਸ਼ਰਮਿੰਦੀ ਹੁੰਦੀ ਬੋਲੀ,

"ਰੂਮ ਨਾਲੋਂ ਤੁਹਾਡੀ ਜ਼ਿਆਦਾ ਵੱਰੀ ਸੀ, ਮਹੀਨੇ ਲਈ ਗਏ ਚਾਰ ਲਾ ਕੇ ਮੁੜੇ ਓ, ...ਹਾਲੇ ਰਾਤੀਂ ਈ ਤੁਹਾਡੀਆਂ ਗੱਲਾਂ ਹੁੰਦੀਆਂ ਸੀ। ...ਸਭ ਠੀਕ ਰਿਹਾ ਨਾ? ਕਿਥੇ ਰਹੇ ਏਨੇ ਦਿਨ?"

"ਤਿੰਨੇ ਮਹੀਨੇ ਬੰਬੇ ਰਿਹਾਂ ਐਕਟਰ ਬਣਨ ਲਈ, ਰੱਜ ਕੇ ਧੱਕੇ ਖਾਧੇ। ਜਦ ਪੈਸੇ ਮੁੱਕ ਗਏ ਤਾਂ ਪਿੰਡ ਚਲੇ ਗਿਆ। ਪਿਡੋਂ ਘਰ ਦੇ ਵਾਪਸ ਨਾ ਆਉਣ ਦੇਣ, ਅਖੇ ਜੇ ਪੈਸੇ ਨਹੀਂ ਬਚਾਉਣੇ ਤਾਂ ਇੰਗਲੈਂਡ ਕੀ ਕਰਨ ਜਾਣਾਂ, ...ਬੜੀ ਮੁਸ਼ਕਲ ਨਾਲ ਆਇਆਂ।"

"ਬੰਬੇ ਫਿਲਮਾਂ 'ਚ ਗਏ ਸੀ?"

"ਉਥੇ ਈ ਹੀਰੋ ਬਣਨ ਦੇ ਚੱਕਰ ਵਿਚ।"

"ਮੀਨਾ ਕੁਮਾਰੀ ਦੇਖੀ ਸੀ? ਧਰਮਿੰਦਰ ਕਿੱਦਾਂ ਦਾ ਲਗਦੈ? ਹੋਰ ਕਿਹਨੂੰ ਦੇਖਿਆ?"

"ਮੈਂ ਸਭ ਨੂੰ ਈ ਦੇਖਿਆ, ਸਾਧਾਰਨ ਜਿਹੇ ਪੀਪਲ ਆ, ਸਾਡੇ ਵਰਗੇ ਈ, ਕਈ ਤਾਂ ਸਾਡੇ ਤੋਂ ਵੀ ਗਏ ਗੁਜ਼ਰੇ। ਉਥੇ ਤਾਂ ਸੜਕਾਂ 'ਤੇ ਧੱਕੇ ਖਾਂਦੇ ਫਿਰਦੇ ਆ।"

"ਸਾਡੇ ਪਿੰਡ ਦਾ ਵੀ ਇਕ ਮੁੰਡਾ ਐਕਟਰ ਬਣਨ ਗਿਆ ਸੀ, ਵਿਚਾਰਾ ਬੜੇ ਮਾੜੇ ਹਾਲੀਂ ਮੁੜਿਆ, ਸਾਰਾ ਪਿੰਡ ਛੇੜਨੋਂ ਨਾ ਹਟੇ।"

"ਮੁੜਿਆ ਤਾਂ ਮੈਂ ਵੀ ਚੰਗੇ ਹਾਲੀਂ ਨਹੀਂ ਪਰ ਇਥੋਂ ਪੈਸੇ ਲੇ ਗਿਆ ਸੀ ਤੇ ਚੀਪ ਜਿਹੇ ਹੋਟਲ 'ਚ ਰਹਿ ਕੇ ਗੁਜ਼ਾਰਾ ਕਰ ਲਿਆ ਪਰ ਫੇਰ ਵੀ ਬਹੁਤ ਬੁਰੇ ਦਿਨ ਦੇਖੇ ਮੈਂ। ਇਕ ਸਟੂਡਿਓ ਤੋਂ ਦੂਜੇ ਸਟੂਡਿਓ ਪਰ ਗੱਲ ਨਹੀਂ ਬਣੀ। ਹੀਰੋ ਤਾਂ ਕੀ ਐਕਸਟਰਾ ਦਾ ਵੀ ਚਾਂਸ ਨਹੀਂ ਲਗਿਆ।"

"ਏਹਦਾ ਮਤਲਬ ਐਕਟਰ ਬਣਨਾ ਬਹੁਤ ਔਖਾ।"

"ਹਾਂ, ਕੀਲਾ ਤਕੜਾ ਚਾਹੀਦੈ ਜਾਂ ਕੋਈ ਠੋਸ ਵਾਕਫੀ। ...ਇਥੇ ਰਾਜਕਪੂਰ ਆਇਆ ਤਾਂ ਕਹਿੰਦਾ ਸੀ ਕਿ ਬੰਬੇ ਆਈਏ, ਉਥੇ ਸਾਲੇ ਨੇ ਮਿਲਣੋਂ ਵੀ ਨਾਂਹ ਕਰ 'ਤੀ।"

ਅਵਤਾਰ ਹਾਰੀ ਹੋਈ ਅਵਾਜ਼ ਵਿਚ ਆਪਣੀ ਵਿਥਿਆ ਦਸ ਰਿਹਾ ਸੀ। ਚਾਹ ਪੀ ਕੇ ਉਹ ਆਪਣੇ ਕਮਰੇ ਵਿਚ ਚਲੇ ਗਿਆ। ਉਸ ਦਾ ਕਮਰਾ ਉਵੇਂ ਹੀ ਸੀ ਜਿਸ ਤਰ੍ਹਾਂ ਉਹ ਛੱਡ ਕੇ ਗਿਆ ਸੀ। ਸਫਾਈ ਕੀਤੀ ਹੋਈ ਸੀ। ਉਸ ਦੀ ਟੇਪ, ਕਲੌਕ ਤੇ ਹੋਰ ਨਿੱਕ-ਸੁੱਕ ਆਪੋ ਆਪਣੀ ਥਾਵੇਂ ਪਏ ਸਨ। ਉਸ ਨੂੰ ਯਕੀਨ ਸੀ ਕਿ ਬਨਾਰਸੀ ਦਾਸ ਥੋੜੇ ਕੀਤੇ ਉਸ ਦਾ ਕਮਰਾ ਕਿਸੇ ਹੋਰ ਨੂੰ ਕਿਰਾਏ 'ਤੇ ਨਹੀਂ ਦੇਵੇਗਾ। ਵੈਸੇ ਤਾਂ ਅਵਤਾਰ ਨੂੰ ਕਮਰਿਆਂ ਦਾ ਘਾਟਾ ਨਹੀਂ ਸੀ। ਘੁੰਮਣ ਫਿਰਨ ਦਾ ਸੁਭਾਅ ਹੋਣ ਕਰਕੇ ਲੰਡਨ ਦੇ ਹਰ ਹਿੱਸੇ ਵਿਚ ਉਸ ਦੇ ਦੋਸਤ ਸਨ ਪਰ ਜੋ ਸੁੱਖ ਉਸ ਨੂੰ ਇਸ ਘਰ ਵਿਚ ਸੀ ਕਿਤੇ ਹੋਰ ਨਹੀਂ ਸੀ ਮਿਲ ਸਕਣਾ।

ਫੁਰਤੀਲੇ ਜਿਹੇ ਸਰੀਰ ਤੇ ਲੰਮੇ ਕੱਦ ਵਾਲਾ ਸੀ ਅਵਤਾਰ। ਉਸ ਦੀ ਦਿੱਖ ਵੀ ਐਕਟਰਾਂ ਵਾਲੀ ਸੀ। ਉਹ ਹਰ ਵੇਲੇ ਤਿਆਰ ਬਰ ਤਿਆਰ ਹੋ ਕੇ ਰਹਿੰਦਾ। ਟਾਈ-ਸੂਟ, ਪਾਲਸ਼ ਕੀਤੇ ਬੂਟ, ਜੇਬ੍ਹ ਵਿਚ ਕੰਘੀ। ਉਸ ਦਾ ਰੰਗ ਪੱਕਾ ਸੀ ਤੇ ਨੱਕ ਦੀ ਕਰੂੰਬਲ ਵੀ ਕੁਝ ਮੋਟੀ ਸੀ ਪਰ ਫਿਰ ਵੀ ਸਜਦਾ ਸੀ। ਉਹ ਕਿਸੇ ਵੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਸੀ ਲੈਂਦਾ। ਜਦੋਂ ਬੰਬਈ ਤੋਂ ਐਕਟਰਾਂ ਨੇ ਇੰਗਲੈਂਡ ਆਉਣਾ ਸ਼ੁਰੂ ਕੀਤਾ ਤੇ ਉਸ ਦਾ ਉਹਨਾਂ ਨਾਲ ਵਾਹ ਪੈਣ ਲਗਿਆ ਤਾਂ ਉਸ ਨੇ ਐਕਟਰ ਬਣਨ ਦੇ ਸੁਫਨੇ ਪੈਣੇ ਸ਼ੁਰੂ ਕਰ ਦਿਤੇ ਸਨ। ਉਸ ਦਾ ਇਕ ਦੋਸਤ ਸੀ ਉਂਕਾਰ। ਉਂਕਾਰ ਹੰਸਲੋ ਰਹਿੰਦਾ ਸੀ, ਉਹ ਇਧਰ ਆਏ ਐਕਟਰਾਂ ਨੂੰ ਸੰਭਾਲਣ ਵਾਲੀ ਕਮੇਟੀ ਦਾ ਮੈਂਬਰ ਸੀ। ਉਂਕਾਰ ਨਾਲ ਹੀ ਅਵਤਾਰ ਨੂੰ ਐਕਟਰਾਂ ਨੂੰ ਨੇੜਿਓਂ ਦੇਖਣ ਦਾ ਤੇ ਮਿਲਣ ਦਾ ਮੌਕਾ ਮਿਲਿਆ ਸੀ ਤੇ ਉਹਨਾਂ ਦਾ ਗਲੈਮਰ ਦੇਖਦਾ ਬੰਬਈ ਭੱਜ ਤੁਰਿਆ ਸੀ।

ਬਨਾਰਸੀ ਦਾਸ ਕੰਮ ਤੋਂ ਮੁੜਿਆ ਤਾਂ ਅਵਤਾਰ ਦੀ ਕਾਰ ਗਾਇਬ ਦੇਖ ਕੇ ਉਸ ਦੇ ਖਾਨਿਓਂ ਗਈ। ਉਹ ਕਾਹਲੀ ਨਾਲ ਅੰਦਰ ਗਿਆ ਤੇ ਪਤਨੀ ਨੂੰ ਅਵਾਜ਼ ਦੇ ਕੇ ਬੋਲਿਆ,

"ਲਾਜੋ, ਕਾਰ ਕੋਈ ਲੈ ਗਿਆ।"

"ਜੀ, ਅਵਤਾਰ ਭਾਜੀ ਆ ਗਿਆ, ਦੋ ਘੰਟੇ ਲਾ ਕੇ ਉਹਨੇ ਈ ਕਾਰ ਸਟਾਰਟ ਕੀਤੀ ਤੇ ਹੁਣ ਕਿਤੇ ਗਿਆ।"

ਲਾਜਵੰਤੀ ਦੀ ਗੱਲ ਸੁਣ ਕੇ ਬਨਾਰਸੀ ਦਾਸ ਦੇ ਸਾਹ ਵਿਚ ਸਾਹ ਆਇਆ। ਇਕ ਅਜੀਬ ਜਿਹੀ ਖੁਸ਼ੀ ਵੀ ਚਮਕੀ। ਜਿਥੇ ਉਸ ਅਵਤਾਰ ਦੇ ਨਾ-ਮੁੜਨ ਕਾਰਨ ਕਮਰੇ ਖਾਲੀ ਪਏ ਹੋਣ ਕਰਕੇ ਔਖਾ ਸੀ ਉਥੇ ਉਸ ਦੇ ਹੋਰ ਵੀ ਕਈ ਕੰਮ ਮੁਸ਼ਕਲ ਹੋਏ ਪਏ ਸਨ। ਅਵਤਾਰ ਆਪਣੀ ਕਾਰ ਵਿਚ ਘਰ ਦੇ ਕਈ ਕੰਮ ਕਰ ਦਿੰਦਾ ਸੀ। ਹੁਣ ਲਾਜਵੰਤੀ ਦੀ ਸਿਹਤ ਕਾਰਨ ਤਾਂ ਉਸ ਦੀ ਬਹੁਤ ਲੋੜ ਸੀ। ਅਵਤਾਰ ਵੀ ਉਸ ਨੂੰ ਅੰਕਲ ਜੀ, ਅੰਕਲ ਜੀ ਬੋਲ ਕੇ ਖੁਸ਼ ਰੱਖਦਾ ਸੀ। ਜਾਂਦਾ ਹੋਇਆ ਉਹ ਕਾਰ ਦੀਆਂ ਚਾਬੀਆਂ ਉਸ ਨੂੰ ਦੇ ਗਿਆ ਸੀ ਤੇ ਨਾਲ ਇਹ ਵੀ ਕਹਿ ਗਿਆ ਸੀ,

"ਲਓ ਅੰਕਲ ਜੀ, ਹੁਣ ਕਾਰ ਨੂੰ ਜਿੱਦਾਂ ਮਰਜ਼ੀ ਵਰਤੋ, ਕਿਤੇ ਜਾਣਾ ਹੋਵੇ ਤਾਂ ਜਾਓ, ...ਸੁਰਜਨ ਭਾਜੀ ਨੂੰ ਵੀ ਚਾਹੀਦੀ ਹੋਵੇ ਤਾਂ ਲੈ ਜਾਇਆ ਕਰਨ।"

ਬਨਾਰਸੀ ਦਾਸ ਨੂੰ ਕਾਰ ਆਉਂਦੀ ਨਹੀਂ ਸੀ। ਸੁਰਜਨ ਤੇ ਸ਼ਿਵਰਾਜ ਨੇ ਵੀ ਕਦੇ ਨਾ ਚਲਾਈ। ਫਿਰ ਇੰਸ਼ੋਅਰੈਂਸ ਤੇ ਰੋਡ ਟੈਕਸ ਖਤਮ ਹੋ ਜਾਣ ਕਾਰਨ ਕਿਸੇ ਨੇ ਲੋੜ ਵੀ ਨਾ ਸਮਝੀ।

ਅਵਤਾਰ ਨਹਾ ਕੇ ਤਿਆਰ ਹੋ ਗਿਆ। ਇੰਨੇ ਚਿਰ ਵਿਚ ਲਾਜਵੰਤੀ ਨੇ ਖਾਣਾ ਤਿਆਰ ਕਰ ਦਿਤਾ। ਅਵਤਾਰ ਨੇ ਕਿਹਾ,
''ਅੰਟੀ ਜੀ, ਤੁਸੀਂ ਇਹ ਕੀ ਕੀਤਾ, ਤੁਹਾਡੇ ਅਰਾਮ ਕਰਨ ਦੇ ਦਿਨ ਐਂ, ਏਨੀ ਤਕਲੀਫ ਕਿਉਂ!''

ਲਾਜਵੰਤੀ ਨੇ ਕੁਝ ਕਹੇ ਬਿਨਾਂ ਖਾਣਾ ਮੇਜ਼ 'ਤੇ ਰੱਖ ਦਿਤਾ। ਆਪਣੀ ਉਮਰ ਦੀ ਔਰਤ ਨੂੰ ਅੰਟੀ ਕਹਿਣਾ ਉਸ ਨੂੰ ਬਹੁਤ ਬੁਰਾ ਲਗਦਾ ਸੀ ਪਰ ਰਿਸ਼ਤਾ ਹੀ ਅਜਿਹਾ ਬਣ ਗਿਆ ਸੀ। ਅੱਜ ਉਸ ਨੂੰ ਲਾਜਵੰਤੀ ਬਹੁਤ ਸੁਹਣੀ ਲਗ ਰਹੀ ਸੀ, ਭਰੀ ਭਰੀ। ਗਰਭਵਤੀ ਹੋਣ ਕਰਕੇ ਉਸ ਦੇ ਚਿਹਰੇ ਦੀਆਂ ਖਾਲੀ ਜਗਾਵਾਂ ਉਪਰ ਵੀ ਮਾਸ ਆ ਗਿਆ ਸੀ। ਰੰਗ ਵੀ ਕੁਝ ਨਿੱਖਰਿਆ ਹੋਇਆ ਸੀ। ਰੋਟੀ ਖਾ ਕੇ ਉਹ ਕਾਰ ਦੁਆਲੇ ਹੋ ਗਿਆ। ਤੇਲ-ਪਾਣੀ ਚੈੱਕ ਕੀਤਾ। ਖੜੀ ਰਹਿਣ ਕਰਕੇ ਬੈਟਰੀ ਫਲੈਟ ਹੋ ਗਈ ਸੀ। ਉਸ ਨੇ ਬੂਟ ਵਿਚੋਂ ਜੰਪ-ਲੀਡਾਂ ਕੱਢੀਆਂ ਤਾਂ ਜੋ ਜੰਪ-ਸਟ੍ਰਾਟ ਮਿਲ ਸਕੇ। ਆਉਂਦੀ ਜਾਂਦੀ ਕਾਰ ਨੂੰ ਹੱਥ ਦੇਣ ਲਗਿਆ। ਕੁਝ ਕਾਰਾਂ ਲੰਘ ਜਾਣ ਤੋਂ ਬਾਅਦ ਇਕ ਗੋਰੇ ਨੇ ਕਾਰ ਰੋਕੀ ਤੇ ਉਸ ਦੀ ਕਾਰ ਚਾਲੂ ਕਰਾ ਦਿਤੀ। ਅਵਤਾਰ ਨੇ ਦੇਖਿਆ ਕਿ ਆਲਡਗੇਟ ਜਾਣ ਜੋਗਾ ਪੈਟਰੋਲ ਕਾਰ ਵਿਚ ਹੈਗਾ ਸੀ।

ਆਲਡਗੇਟ ਵਿਚ ਕਪੜੇ ਦੀਆਂ ਕਿੰਨੀਆਂ ਹੀ ਫੈਕਟਰੀਆਂ ਸਨ। ਉਹ ਸਿੱਧਾ 'ਵੈਲਨਟਾਈਨ' ਦੇ ਦਫਤਰ ਗਿਆ। ਇਥੇ ਦਾ ਫੋਰਮੈਨ ਕਰਿਸ ਉਸ ਦਾ ਵਾਹਵਾ ਵਾਕਫ ਸੀ। ਉਹ ਉਸ ਨਾਲ ਖੁਲ੍ਹ ਕੇ ਗੱਲ ਕਰ ਸਕਦਾ ਸੀ। ਦਫਤਰ ਵਿਚ ਜਾ ਕੇ ਪਤਾ ਚਲਿਆ ਕਿ ਕਰਿਸ ਤਾਂ ਅੱਜ ਛੁੱਟੀ ਉਪਰ ਸੀ। ਉਸ ਨੇ ਸੋਚਿਆ ਕਿ ਕਿਉਂ ਨਾ 'ਵਿਰਕ ਐਂਡ ਕੋ' ਵਾਲਿਆਂ ਨੂੰ ਜਾ ਪੁੱਛੇ ਜਾਂ ਫਿਰ ਚੱਢੇ ਨੂੰ। ਸਾਰੇ ਹੀ ਉਸ ਨੂੰ ਹਾਕਾਂ ਮਾਰਿਆ ਕਰਦੇ ਸਨ। ਉਸ ਨੂੰ ਇਹ ਤਾਂ ਪਤਾ ਸੀ ਕਿ ਕੰਮ ਉਸ ਨੂੰ ਮਿਲ ਹੀ ਜਾਣਾ ਹੈ ਪਰ ਉਸ ਨੂੰ ਤਾਂ ਐਡਵਾਂਸ ਚਾਹੀਦਾ ਸੀ। ਉਹ ਇੰਡੀਆ ਤੋਂ ਬਿਲਕੁਲ ਖਾਲੀ ਮੁੜਿਆ ਸੀ। ਆਪਣੇ ਬੰਦਿਆਂ ਤੋਂ ਉਧਾਰ ਮੰਗਣ ਦੀ ਉਸ ਦੀ ਹਿੰਮਤ ਨਹੀਂ ਸੀ ਪੈ ਰਹੀ, ਭਾਵੇਂ ਇਹ ਉਸ ਦੀ ਤਨਖਾਹ ਦਾ ਐਡਵਾਂਸ ਹੀ ਹੋਣਾ ਸੀ। ਇਸ ਤਰ੍ਹਾਂ ਪੈਸੇ ਮੰਗ ਸਕਣ ਦੀ ਹਿੰਮਤ ਹੁੰਦੀ ਤਾਂ ਉਹ ਲਾਜਵੰਤੀ ਤੋਂ ਹੀ ਮੰਗ ਲੈਂਦਾ। 'ਵੈਲਨਟਾਈਨ' ਗਰੀਕ ਫਰਮ ਸੀ ਤੇ ਫੋਰਮੈਨ ਕਰਿਸ ਉਸ ਦੇ ਨੇੜੇ। ਉਸ ਦੁਚਿੱਤੀ ਵਿਚ ਬਾਹਰ ਨਿਕਲ ਆਇਆ। ਬਾਹਰ ਸਾਹਮਣੇ ਐਨਟੋਨੀਓ ਤੁਰਿਆ ਆ ਰਿਹਾ ਸੀ। ਐਨਟੋਨਿਓ ਇਸ ਫਰਮ ਵਿਚ ਹਿੱਸੇਦਾਰ ਸੀ। ਅਵਤਾਰ ਨੂੰ ਦੇਖ ਉਹ ਖੁਸ਼ ਹੁੰਦਾ ਬੋਲਿਆ,
''ਟੈਰੀ, ਲੌਂਗ ਟਾਈਮ ਨੋ ਸੀ!''
''ਹਾਂ ਐਨਟੋਨੀਓ, ਇੰਡੀਆ ਗਿਆ ਸੀ, ਅੱਜ ਈ ਅਇਆ, ...ਕਰਿਸ ਨੂੰ ਮਿਲਣਾ ਸੀ।''
''ਕੰਮ 'ਤੇ ਆਉਣਾ ਚਾਹੁੰਨੈਂ ਤਾਂ ਆ ਜਾ ਪਰ ਜੇ ਟਿਕ ਕੇ ਕੰਮ ਕਰਨਾ ਤਾਂ, ਪਿਛਲੀ ਵਾਰ ਵਾਂਗ ਨਹੀਂ।''
''ਐਨਟੋਨੀਓ, ਜਿੰਨੀ ਦੇਰ ਗਰਲ ਫਰੈਂਡ ਨਹੀਂ ਮਿਲਦੀ ਓਨੀ ਦੇਰ ਤਕ ਤੇ ਟਿਕਾਂਗਾ ਹੀ ਪਰ ਫਿਰ ਵੀ ਨੋਟਿਸ ਦੇ ਕੇ ਜਾਵਾਂਗਾ।''

ਕਹਿ ਕੇ ਅਵਤਾਰ ਹੱਸਿਆ ਤੇ ਨਾਲ ਹੀ ਐਨਟੋਨਿਓ ਵੀ। ਪਿਛਲੀ ਵਾਰ ਉਹ ਇਥੇ ਹੀ ਕੰਮ ਕਰਦਾ ਸੀ ਤਾਂ ਇਕ ਨਵੀਂ ਸਹੇਲੀ ਮਿਲ ਗਈ ਤੇ ਉਹ ਬਿਨਾਂ ਕਿਸੇ ਨੂੰ ਦੱਸੇ ਉਹਨੂੰ ਲੈ ਕੇ ਯੌਰਪ ਦੀ ਸੈਰ 'ਤੇ ਚਲੇ ਗਿਆ ਸੀ। ਐਨਟੋਨੀਓ ਨੇ ਉਸ ਨੂੰ ਸੋਮਵਾਰ ਤੋਂ ਕੰਮ 'ਤੇ ਆ ਜਾਣ ਲਈ ਕਹਿ ਦਿਤਾ। ਜਦ ਉਹ ਜਾਣ ਲਗਿਆ ਤਾਂ ਅਵਤਾਰ ਬੋਲਿਆ,
''ਗਵਨਾ, ਅੱਜ ਈ ਛੁੱਟੀਆਂ ਤੋਂ ਆਇਆਂ, ਜੇਬ੍ਹ ਖਾਲੀ ਐ, ਕੁਝ ਐਡਵਾਂਸ ਚਾਹੀਦੈ।''

ਉਸ ਨੇ ਉਸ ਨੂੰ ਕੈਸ਼ੀਅਰ ਪਾਸੋਂ ਪੰਦਰਾਂ ਪੌਂਡ ਦਵਾ ਦਿਤੇ। ਪੈਸੇ ਲੇ ਕੇ ਅਵਤਾਰ ਨੇ ਆਪਣੀ ਕਾਰ ਦਾ ਰੁੱਖ ਹੰਸਲੋ ਲਵ ਦਾ ਕਰ ਲਿਆ। ਉਹ ਉਂਕਾਰ ਨੂੰ ਮਿਲਣ ਲਈ ਉਤਾਵਲਾ ਸੀ। ਬੰਬਈ ਵਿਚ ਆਪਣੇ ਨਾਲ ਹੋਈ-ਬੀਤੀ ਉਸ ਨਾਲ ਸਾਂਝੀ ਕਰਨੀ ਚਾਹੁੰਦਾ ਸੀ।

ਸ਼ਿਵਰਾਜ ਤੇ ਸੁਰਜਨ ਕੋਲ ਹੁਣ ਆਪੋ ਆਪਣੇ ਕਮਰੇ ਸਨ। ਉਹ ਇਕ ਦੂਜੇ ਨੂੰ ਬਹੁਤ ਘੱਟ ਮਿਲਦੇ। ਸ਼ਿਫਟਾਂ ਹੀ ਅਜਿਹੀਆਂ ਸਨ। ਸ਼ਿਵਰਾਜ ਦੀ ਤਾਂ ਛੁੱਟੀ ਵੀ ਚਲਦੇ ਹਫਤੇ ਵਿਚ ਹੁੰਦੀ। ਸੁਰਜਨ ਦੀ ਸ਼ਿਫਟ ਇਕ ਸਾਰ ਚਲਦੀ। ਲੇਟ ਸ਼ਿਫਟ ਵਿਚ ਮੁਹਰ ਓਵਰਟਾਈਮ ਲਗ ਜਾਂਦਾ ਤੇ ਅਰਲੀ ਸ਼ਿਫਟ ਵਿਚ ਅਖੀਰ ਤੇ ਚਾਰ ਘੰਟੇ ਓਵਰ ਟਾਈਮ ਹੁੰਦਾ। ਜੇ ਕੋਈ ਛੋਟੀ ਸ਼ਿਫਟ ਹੁੰਦੀ ਤਾਂ ਉਹ ਅਮਾਂਡਾ ਵਲ ਚਲੇ ਜਾਂਦਾ। ਸੋ ਉਹ ਕਦੇ ਕਦਾਈਂ ਹੀ ਮਿਲਦੇ। ਇਕ ਦਿਨ ਲਾਜਵੰਤੀ ਸੁਰਜਨ ਨੂੰ ਬੋਲੀ,
''ਸ਼ਿਵਰਾਜ ਭਾਜੀ ਦੀ ਅੱਜ ਛੁੱਟੀ ਐ ਪਰ ਬਹੁਤ ਉਦਾਸ ਦਿਸ ਰਹੇ ਸੀ।''
''ਕੀ ਗੱਲ ਹੋ ਗਈ?''

"ਲਗਦਾ ਕਿ ਇੰਡੀਆ ਤੋਂ ਚਿੱਠੀ ਆਈ ਐ।"

ਸੁਰਜਨ ਨੇ ਸ਼ਿਵਰਾਜ ਦੇ ਕਮਰੇ ਦਾ ਦਰਵਾਜ਼ਾ ਜਾ ਖੜਕਾਇਆ। ਉਹ ਜਾਗਦਾ ਹੀ ਪਿਆ ਸੀ। ਸੁਰਜਨ ਨੇ ਪੁੱਛਿਆ,

"ਖੱਟੀ ਡੁਪੱਟੀ ਲੈ ਕੇ ਪਿਐਂ, ਸੁੱਖ ਤਾਂ ਹੈ?"

"ਕਾਹਨੂੰ ਯਾਰ, ਵਾਈਫ ਦੀ ਚਿੱਠੀ ਆਈ ਐ, ਬੜਾ ਮੁੰਡਾ ਤੰਗ ਕਰਦਾ।"

"ਕੀ ਕਹਿੰਦਾ?"

"ਪੜ੍ਹਨੋਂ ਹਟ ਗਿਆ, ਕਹਿੰਦਾ ਖੇਤੀ ਕਰਨੀ ਆਂ।"

"ਤੇਰੇ ਤੋਂ ਮੁੰਡਾ ਉਲਟ ਨਿਕਲਿਆ, ਤੂੰ ਖੇਤੀ ਤੋਂ ਡਰਦਾ ਮਾਸਟਰ ਬਣਿਆਂ ਸੀ ਤੇ ਉਹ ਪੜ੍ਹਾਈ ਤੋਂ ਡਰਦਾ ਖੇਤੀ ਕਰਨੀ ਚਾਹੁੰਦਾ।"

"ਕਹਿੰਦਾ ਟਰੈਕਟਰ ਲੈ ਕੇ ਦਿਓ, ਰੁੱਸ ਕੇ ਨਾਨਕੀਂ ਬੈਠਾ।"

"ਅੱਛਾ! ਕਿੰਨੇ ਸਾਲਾਂ ਦਾ ਹੋ ਗਿਆ?"

"ਹੈਗਾ ਤਾਂ ਹਾਲੇ ਪੰਦਰਾਂ ਦਾ ਈ ਐ ਪਰ ਹੁੰਦੜ-ਹੇਲ ਐ, ਮਾਮਿਆਂ 'ਤੇ ਗਿਆ। ...ਵਾਈਫ ਨੇ ਲਿਖਿਐ ਬਈ ਕਹਿਣੇ 'ਚ ਬਿਲਕੁਲ ਨਈਂ, ਜਲਦੀ ਆਓ, ਕਿਤੇ ਹੱਥੋਂ ਈ ਨਾ ਨਿਕਲ ਜਾਏ।"

ਸ਼ਿਵਰਾਜ ਬਹੁਤ ਫਿਕਰਵੰਦ ਸੀ। ਸੁਰਜਨ ਨੂੰ ਵੀ ਇਸ ਗੱਲ ਦੀ ਚਿੰਤਾ ਹੋਣ ਲਗੀ। ਸ਼ਿਵਰਾਜ ਫਿਰ ਬੋਲਿਆ,

"ਮੈਂ ਤਾਂ ਸੋਚਦਾ ਸੀ ਬਈ ਪੰਜ ਨਾ ਲਗੇ ਤਾਂ ਛੇ ਲਾ ਲਵਾਂਗੇ ਤੇ ਲੱਖ ਹੋ ਜਾਊ ਪਰ ਹੁਣ ਮਨ ਕਾਹਲ਼ਾ ਪੈ ਰਿਹੈ।"

ਸ਼ਿਵਰਾਜ ਨੇ ਬਾਕੀਆਂ ਤੋਂ ਉਲਟ ਘਰ ਨੂੰ ਪੈਸੇ ਘੱਟ ਭੇਜੇ ਸਨ, ਇਥੇ ਹੀ ਜੋੜਦਾ ਰਿਹਾ ਸੀ ਪਰ ਇਕ ਲੱਖ ਫਿਰ ਵੀ ਨਹੀਂ ਸੀ ਹੋਇਆ। ਸ਼ਿਵਰਾਜ ਦਾ ਮਨ ਕਾਹਲਾ ਦੇਖ ਕੇ ਸੁਰਜਨ ਨੂੰ ਵੀ ਲਗਿਆ ਕਿ ਇੰਡੀਆ ਜਾ ਆਉਣਾ ਚਾਹੀਦਾ ਹੈ ਤੇ ਮੁੜ ਕੇ ਆ ਕੇ ਹੋਰ ਸਾਲ ਨਹੀਂ ਤਾਂ ਦੋ ਸਾਲ ਲਾ ਲਵੇ। ਜਿਸ ਦਿਨ ਦਾ ਅਰਜਨ ਸਿੰਘ ਦਾ ਟੱਬਰ ਇਥੇ ਪਹੁੰਚਿਆ ਹੋਇਆ ਸੀ ਹਰ ਇਕ ਦੀ ਸੋਚ ਬਣਲਣ ਲਗ ਪਈ ਸੀ। ਜਦ ਅਰਜਨ ਸਿੰਘ ਆਪਣੇ ਟੱਬਰ ਨੂੰ ਸੱਦਣ ਲਈ ਪੇਪਰ ਤਿਆਰ ਕਰ ਰਿਹਾ ਸੀ ਤਾਂ ਸ਼ਿਵਰਾਜ ਨੇ ਕਿਹਾ ਸੀ,

"ਆਪਾਂ ਤਾਂ ਗੋਰਿਆਂ ਦੀਆਂ ਗਾਲ੍ਹਾਂ ਖਾਣੀਆਂ ਈ ਸੀ, ਤੂੰ ਗਾਲ੍ਹਾਂ ਲਈ ਨਿਆਣੇ ਵੀ ਸੱਦ ਰਿਹੈਂ।"

"ਮੇਰੀ ਪਰੌਬਲਮ ਇਹ ਆ ਬਈ ਜੇ ਮੈਂ ਜੱਕੋ-ਤੱਕੀ ਵਿਚ ਰਿਹਾ ਤਾਂ ਮੇਰੇ ਬੜੇ ਮੁੰਡੇ ਦੀ ਉਮਰ ਟੱਪ ਜਾਣੀ ਆਂ, ਉਹਨੇ ਨਾ ਇਧਰ ਜੋਗਾ ਰਹਿਣਾ ਤੇ ਨਾ ਓਧਰ ਜੋਗਾ।"

ਉਸ ਦੀ ਗੱਲ ਸ਼ਿਵਰਾਜ ਨੂੰ ਵਜ਼ਨਦਾਰ ਲੱਗੀ ਸੀ ਤੇ ਸੁਰਜਨ ਨੂੰ ਵੀ। ਉਸ ਦੋਵੇਂ ਵੀ ਇਵੇਂ ਹੀ ਸੋਚਣ ਲਗੇ ਸਨ ਕਿ ਜੇ ਬੱਚੇ ਸੱਦਣੇ ਹੀ ਹਨ ਤਾਂ ਉਹਨਾਂ ਨੂੰ ਬਾਲਗ ਹੋਣ ਤੋਂ ਪਹਿਲਾਂ ਪਹਿਲਾਂ ਬੁਲਾ ਲਵੋ ਤਾਂ ਜੋ ਕਾਨੂੰਨੀ ਤੌਰ ਤੇ ਆ ਸਕਣ। ਸੁਰਜਨ ਸੋਚਣ ਲਗਦਾ ਕਿ ਉਸ ਦੇ ਤਾਂ ਹੈਨ ਵੀ ਕੁੜੀਆਂ ਹੀ, ਉਸ ਨੂੰ ਸਾਰੀ ਗੱਲ ਨੂੰ ਧਿਆਨ ਨਾਲ ਸੋਚ ਲੈਣਾ ਚਾਹੀਦਾ ਹੈ ਤਾਂ ਜੋ ਬਾਅਦ ਵਿਚ ਕੋਈ ਮੁਸ਼ਕਲ ਨਾ ਖੜੀ ਹੋਵੇ।

## ਅੱਠ

ਅਮਾਂਡਾ ਨੂੰ ਪੈਦਲ ਤੁਰਨ ਦਾ ਬਹੁਤ ਸ਼ੌਕ ਸੀ। ਲੰਡਨ ਦੇ ਤੁਰਨ ਰਸਤਿਆਂ ਦਾ ਉਸ ਨੇ ਨਕਸ਼ਾ ਖਰੀਦਿਆ ਹੋਇਆ ਸੀ। ਸੁਰਜਨ ਨੂੰ ਮਿਲਣ ਤੋਂ ਪਹਿਲਾਂ ਉਹ ਇਕੱਲੀ ਹੀ ਤੁਰਨ ਨਿਕਲ ਜਾਇਆ ਕਰਦੀ ਸੀ। ਇਕ ਵਾਰ ਕਿਸੇ ਬਦਮਾਸ਼ ਨੇ ਉਸ ਦਾ ਪਿੱਛਾ ਕਰਨਾ ਸ਼ੁਰੂ ਕਰ ਦਿਤਾ ਤਾਂ ਉਸ ਨੇ ਤੁਰਨਾ ਛੱਡ ਦਿਤਾ ਸੀ। ਫਿਰ ਉਸ ਨੇ ਸੋਚਿਆ ਕਿ ਅਲਸ਼ੇਸ਼ਨ ਕੁੱਤਾ ਰੱਖ ਲਵੇ ਤੇ ਤੁਰਨ ਜਾਇਆ ਕਰੇ ਪਰ ਉਸ ਦਾ ਫਲੈਟ ਛੋਟਾ ਹੀ ਸੀ ਤੇ ਉਥੇ ਕੁੱਤਾ ਰੱਖਣ ਦੀ ਇਜਾਜ਼ਤ ਵੀ ਨਹੀਂ ਸੀ। ਸੁਰਜਨ ਨਾਲ ਮਿਲਣ ਤੇ ਉਸ ਨੂੰ ਤੁਰਨ ਦਾ ਸ਼ੌਂਕ ਮੁੜ ਤੰਗ ਕਰਨ ਲਗਿਆ। ਪੈਦਲ ਤੁਰਨਾ ਤਾਂ ਸੁਰਜਨ ਨੂੰ ਵੀ ਚੰਗਾ ਲਗਦਾ ਬਸ਼ਰਤੇ ਕਿ ਮੌਸਮ ਚੰਗਾ ਹੋਵੇ। ਅਮਾਂਡਾ ਨੂੰ ਸੁਰਜਨ ਦਾ ਹਰ ਵੇਲੇ ਕੰਮ ਵਿਚ ਫਸੇ ਰਹਿਣਾ ਚੰਗਾ ਨਹੀਂ ਸੀ ਲਗਦਾ। ਜਿਸ ਦਿਨ ਉਹਨਾਂ ਤੁਰਨ ਜਾਣਾ ਹੁੰਦਾ ਤਾਂ ਅਮਾਂਡਾ ਸੁਰਜਨ ਦੀ ਮਿੱਥੀ ਜਗਾਹ ਤੇ ਪੁੱਜ ਜਾਂਦੀ। ਲੇਟ ਵੀ ਨਿਕਲਦੇ ਤਾਂ ਸਹਿਜੇ ਹੀ ਸੱਤ ਅੱਠ ਮੀਲ ਤੁਰ ਲੈਂਦੇ। ਸੁਰਜਨ ਤੁਰਨ ਲਈ ਖਾਸ ਕਪੜੇ ਜਾਂ ਜੁੱਤੀ ਨਾ ਪਹਿਨਦਾ ਪਰ ਅਮਾਂਡਾ ਨੇ ਤੁਰਨ ਵਾਲੀ ਪੂਰੀ ਕਿੱਟ ਰੱਖੀ ਹੋਈ ਸੀ; ਖਾਸ ਬੂਟ-

ਟਰੇਨਰਜ਼, ਜੌਗਿੰਗ ਸੂਟ ਤੇ ਪਿੱਠ ਪਿੱਛੇ ਰੈਕ-ਸੈਕ। ਸੁਰਜਨ ਨੂੰ ਅਮਾਂਡਾ ਦੀ ਪਿੱਠ ਉਪਰ ਟੰਗੀ ਜਿਹੀ ਡੱਗੀ ਜਿਹੀ ਚੰਗੀ ਨਾ ਲਗਦੀ ਤੇ ਇਸ ਨੂੰ ਲੈ ਕੇ ਮਜ਼ਾਕ ਵੀ ਕਰਨ ਲਗਦਾ। ਇਸ ਵਿਚ ਐਮਰਜੈਂਸੀ ਵੇਲੇ ਵਰਤਿਆ ਜਾਣ ਵਾਲਾ ਸਮਾਨ ਹੁੰਦਾ ਸੀ ਜਿਸ ਤੋਂ ਬਿਨਾਂ ਸਰ ਸਕਦਾ ਹੁੰਦਾ ਪਰ ਅਮਾਂਡਾ ਨਾਲ ਲੈ ਕੇ ਚਲਦੀ। ਸੁਰਜਨ ਇਸ ਨੂੰ ਨਾ-ਪਸੰਦ ਕਰਦਾ ਤਾਂ ਉਹ ਆਖਦੀ,

''ਹਰ ਕੰਮ ਦੇ ਕੁਝ ਅਸੂਲ ਹੁੰਦੇ ਆ, ਤੁਰਨ ਦੇ, ਦੌੜਨ ਦੇ, ਪਹਾੜਾਂ 'ਤੇ ਚੜ੍ਹਨ ਦੇ, ਮੇਰੇ ਦੇਸ਼ ਦਾ ਇਹੋ ਰਿਵਾਜ਼ ਐ, ਤੇਰੇ ਦੇਸ਼ ਵਿਚ ਕੀ ਅਜਿਹਾ ਨਹੀਂ?''

''ਨਹੀਂ, ਅਸੀਂ ਤਾਂ ਹਲ੍ਹ ਦੇ ਮਗਰ ਕਈ ਕਈ ਮੀਲ ਨੰਗੇ ਪੈਰੀਂ ਚਲਣ ਦੇ ਆਦੀ ਹੁੰਦੇ ਆਂ।''

''ਫਿਰ ਏਦਾਂ ਕਰਦੇ ਆਂ ਕਿ ਤੂੰ ਆਪਣੇ ਮੁਲਕ ਦਾ ਰਿਵਾਜ ਮੰਨੀ ਜਾ ਤੇ ਮੈਨੂੰ ਆਪਣੇ ਦਾ ਮੰਨੀ ਜਾਣ ਦੇ।''

ਇਸ ਗੱਲ 'ਤੇ ਉਹ ਦੋਵੇਂ ਹੱਸ ਪੈਂਦੇ। ਸੁਰਜਨ ਨੂੰ ਅਮਾਂਡਾ ਦੀ ਇਕ ਗੱਲ ਹੋਰ ਚੰਗੀ ਨਹੀਂ ਸੀ ਲਗਦੀ ਕਿ ਜੇਕਰ ਉਸ ਕੋਲ ਵਕਤ ਹੁੰਦਾ ਤਾਂ ਉਹ ਤੁਰਦੀ ਹੋਈ ਰੁਆਇਲ ਡੀਨ ਹੀ ਪੁੱਜ ਜਾਂਦੀ। ਭਾਵੇਂ ਉਹ ਓਹਲੇ ਜਿਹੇ ਵਿਚ ਖੜ੍ਹ ਕੇ ਸੁਰਜਨ ਦੀ ਉਡੀਕ ਕਰਦੀ ਪਰ ਸੁਰਜਨ ਖਿਝਣ ਲਗਦਾ। ਅਮਾਂਡਾ ਕਹਿੰਦੀ,

''ਸਰਜ, ਜਦੋਂ ਮੈਂ ਤੈਨੂੰ ਆਪਣੇ ਦੋਸਤਾਂ ਨਾਲ ਮਿਲਾ ਸਕਦੀ ਆਂ, ਮੇਰੇ ਕੰਮ 'ਤੇ ਆ ਸਕਦਾ ਏਂ, ਤੂੰ ਕਿਉਂ ਨਹੀਂ ਇਵੇਂ ਕਰ ਸਕਦਾ!''

''ਮੈਂਡੀ, ਤੂੰ ਨਹੀਂ ਜਾਣਦੀ, ਮੇਰੇ ਲੋਕ ਹਾਲੇ ਵੀ ਇੰਡੀਆ ਵਿਚ ਹੀ ਜਿਉਂਦੇ ਆ, ਉਹਨਾਂ ਦੇ ਜਿਸਮ ਈ ਲੰਡਨ ਵਿਚ ਐ, ਰੂਹ ਉਹਨਾਂ ਦੀ ਉਸੇ ਪਿਛੜੇ ਹੋਏ ਪਿੰਡ ਵਿਚ ਬੈਠੀ ਐ।''

''ਹੋਣ ਪਏ, ਕੀ ਕਰ ਲੈਣਗੇ ਇਹ?''

''ਇਹ ਸਾਰੀ ਖਬਰ ਮੇਰੇ ਪਿੰਡ ਤਕ ਪਹੁੰਚਦੀ ਕਰ ਦੇਣਗੇ।''

''ਡਰਪੋਕ ਕਿਤੋਂ ਦਾ!''

''ਏਸ ਮਾਮਲੇ ਵਿਚ ਮੈਂ ਡਰਪੋਕ ਈ ਠੀਕ ਆਂ।''

ਸੁਰਜਨ ਗੁੱਸੇ ਵਿਚ ਆਉਂਦਾ ਚੁੱਪ ਕਰ ਜਾਂਦਾ। ਅਮਾਂਡਾ ਉਸ ਨੂੰ ਮਨਾਉਂਦੀ ਹੋਈ 'ਸੌਰੀ' ਮੰਗਦੀ ਪਰ ਅਗਲੀ ਵਾਰ ਫਿਰ ਆ ਜਾਂਦੀ

ਉਹਨਾਂ ਦਿਨਾਂ ਵਿਚ ਸਿਤਾਰ ਵਾਦਕ ਰਵੀ ਸ਼ੰਕਰ ਦਾ ਰੁਆਇਲ ਅਲਬਰਟ ਹਾਲ ਵਿਚ ਪਰੋਗਰਾਮ ਸੀ। ਅਮਾਂਡਾ ਨੂੰ ਪਤਾ ਲਗਿਆ ਤਾਂ ਉਸ ਨੇ ਇਕ ਦਮ ਟਿਕਟਾਂ ਬੁੱਕ ਕਰਾ ਲਈਆਂ। ਸੁਰਜਨ ਵੀ ਅਜਿਹਾ ਮੌਕਾ ਉਡੀਕ ਰਿਹਾ ਸੀ। ਉਸ ਨੇ ਵੀ ਰਵੀ ਸ਼ੰਕਰ ਬਾਰੇ ਬਹੁਤ ਕੁਝ ਸੁਣ ਰੱਖਿਆ ਸੀ। ਉਹਨਾਂ ਪਰੋਗਰਾਮ ਦੇਖਿਆ। ਵਾਪਸ ਆਉਣ ਲਈ ਜਦ ਟਿਊਬ ਵਿਚ ਚੜ੍ਹੇ ਤਾਂ ਸਾਹਮਣੇ ਚਮਨ ਲਾਲ ਗੱਡੀ ਦੀ ਉਡੀਕ ਕਰਦਾ ਮਿਲ ਪਿਆ। ਹੁਣ ਨਾ ਸੁਰਜਨ ਪਾਸਾ ਵੱਟਣ ਜੋਗਾ ਸੀ ਤੇ ਨਾ ਹੀ ਅਗਾਂਹ ਜਾਣ ਜੋਗਾ। ਚਮਨ ਲਾਲ ਵੀ ਸੁਰਜਨ ਨਾਲ ਔਰਤ ਦੇਖ ਕੇ ਭੋਚੱਕਾ ਰਹਿ ਗਿਆ। ਸੁਰਜਨ ਉਸ ਵਲ ਵਧਿਆ ਤੇ ਅਮਾਂਡਾ ਦਾ ਉਸ ਨਾਲ ਤੁਆਰਫ ਕਰਾਉਣ ਲਗਿਆ। ਅਮਾਂਡਾ ਨੇ ਉਸ ਨਾਲ ਹੱਥ ਮਿਲਾਇਆ। ਚਮਨ ਲਾਲ ਵੂਲਿਚ ਤੋਂ ਕਿਸੇ ਨੂੰ ਮਿਲ ਕੇ ਆ ਰਿਹਾ ਸੀ। ਉਸ ਨੂੰ ਪਹਿਲਾਂ ਹੀ ਸ਼ੱਕ ਸੀ ਕਿ ਕਿਧਰੇ ਕੁਝ ਹੈ ਜ਼ਰੂਰ। ਉਹਨਾਂ ਇਕੱਠਿਆਂ ਗੱਡੀ ਫੜੀ। ਚਮਨ ਲਾਲ ਨੇ ਈਲਿੰਗ ਜਾਣਾ ਸੀ ਜਿਥੋਂ ਅਗੇ ਸਾਊਥਾਲ ਲਈ ਬੱਸ ਲੈਣੀ ਸੀ। ਉਹਨਾਂ ਵਿਚਕਾਰ ਕੁਝ ਸਰਸਰੀ ਜਿਹੀਆਂ ਗੱਲਾਂ ਹੋਈਆਂ। ਸੁਰਜਨ ਤੇ ਅਮਾਂਡਾ ਸ਼ੈਫ਼ਡ ਬੁੱਸ਼ ਚਮਨ ਲਾਲ ਨੂੰ ਅਲਵਿਦਾ ਕਹਿੰਦੇ ਉਤਰ ਗਏ।

ਅਗਲੇ ਦਿਨ ਚਮਨ ਲਾਲ ਉਸ ਨੂੰ ਕੰਮ 'ਤੇ ਮਿਲਿਆ ਪਰ ਉਸ ਨੇ ਇਵੇਂ ਵਰਤਾਵ ਕੀਤਾ ਜਿਵੇਂ ਕੱਲ੍ਹ ਮਿਲਿਆ ਹੀ ਨਾ ਹੋਵੇ। ਸੁਰਜਨ ਵੀ ਚੁੱਪ ਰਿਹਾ, ਨਹੀਂ ਤਾਂ ਉਹ ਆਪਣੀ ਸਫਾਈ ਵਿਚ ਕੁਝ ਕਹਿਣਾ ਚਾਹੁੰਦਾ ਸੀ ਤੇ ਉਸ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਵੀ ਕਹਿਣ ਚਾਹੁੰਦਾ ਸੀ।

ਅਗਸਤ ਦਾ ਮਹੀਨਾ। ਇਸ ਵਾਰ ਗਰਮੀ ਦੀ ਰੁੱਤ ਇੰਨੀ ਵਧੀਆ ਲਗੀ ਕਿ ਗੋਰੇ ਖੁਸ਼ ਹੋਵੇ ਫਿਰਦੇ ਸਨ। ਸਭ ਦੀਆਂ ਤਸੱਲੀਆਂ ਹੋ ਗਈਆਂ ਸਨ। ਧੁੱਪ ਲਈ ਤਰਸਦੇ ਗੋਰੇ ਕਾਵਾਂ ਵਾਂਗ ਸਾਹ ਲੈਣ ਲਗੇ। ਚਿੜੀਆਂ ਦੇ ਖੰਭ ਖੋਹਲਣ ਵਾਂਗ ਬਾਹਾਂ ਖੋਹਲ-ਖੋਹਲ ਤੁਰਦੇ। ਅਗਸਤ ਦੇ ਅਖੀਰ ਵਿਚ ਵੀ ਰੁੱਤ ਪੂਰੇ ਜੋਬਨ 'ਤੇ ਸੀ। ਅਮਾਂਡਾ ਤੇ ਸੁਰਜਨ ਰੀਜੈਂਟ ਪਾਰਕ ਵਿਚ ਫੁੱਲਾਂ ਵਿਚਕਾਰ ਬੈਠੇ ਸਨ। ਮੌਸਮ ਨਾਲ ਫੁੱਲਾਂ ਦੀ ਟਹਿਕ ਮੱਧਮ ਪੈਣੀ ਸ਼ੁਰੂ ਹੋ ਚੁੱਕੀ ਸੀ। ਇਹ ਪਹਿਲਾਂ ਜਿਹੀਆਂ ਆਵਾਜ਼ਾਂ ਨਹੀਂ ਸਨ ਮਾਰਦੇ ਨਹੀਂ ਤਾਂ ਇਹਨਾਂ ਫੁੱਲਾਂ ਨੇ ਸਾਰੀਆਂ ਗਰਮੀਆਂ ਹੀ ਅਮਾਂਡਾ ਤੇ ਸੁਰਜਨ ਦਾ ਬਹੁਤ ਸਾਥ ਦਿਤਾ ਸੀ। ਜਿਵੇਂ ਜਿਵੇਂ ਉਹ ਇਕ ਦੂਜੇ ਦਾ ਹੱਥ ਛੱਡਣ ਦੇ ਸਮੇਂ ਵਲ ਤੁਰ ਰਹੇ ਸਨ, ਫੁੱਲਾਂ ਦੀ ਰੁੱਤ ਵੀ ਇਵੇਂ ਹੀ ਉਹਨਾਂ ਤੋਂ ਦੂਰ ਜਾ ਰਹੀ ਸੀ। ਅਮਾਂਡਾ ਕਈ ਵਾਰ ਉਦਾਸ ਹੋ ਜਾਂਦੀ ਤੇ ਕਹਿਣ ਲਗਦੀ,

www.PunjabiLibrary.com

"ਸਰਜ, ਕੀ ਇਹ ਫੁੱਲ ਸਾਨੂੰ ਚੇਤੇ ਰੱਖਣਗੇ? ...ਕਦੇ ਮੁੜ ਅਸੀਂ ਮਿਲ ਸਕਾਂਗੇ?"

ਸੁਰਜਨ ਚੁੱਟਕੀ ਵਜਾ ਕੇ ਨੱਕ ਦੀ ਸੇਧੇ ਉਂਗਲ ਦਾ ਤੀਰ ਮਾਰਦਾ ਕਹਿੰਦਾ,

"ਨੋ ਯੂ ਟਰਨ, ਅਮਾਂਡਾ!"

ਸੁਰਜਨ ਦਾ ਇਹ ਜਿਵੇਂ ਖਾਸ ਸ਼ਬਦ ਸੀ। ਜਦ ਵੀ ਅਮਾਂਡਾ ਉਦਾਸ ਹੁੰਦੀ ਜਾਂ ਪਿੱਛੇ ਨੂੰ ਝਾਕਦੀ ਤਾਂ ਸੁਰਜਨ ਇਵੇਂ ਹੀ ਕਰਦਾ, ਉਸ ਨੂੰ ਕਹਿੰਦਾ ਕਿ ਜ਼ਿੰਦਗੀ ਸਿਰਫ ਸਿਧੀ ਚਲਦੀ ਹੈ ਕਦੇ ਪਿੱਛੇ ਨੂੰ ਨਹੀਂ ਮੁੜਦੀ। ਚੁੱਟਕੀ ਵਜਾ ਕੇ ਇਵੇਂ ਉਂਗਲ ਮਾਰਨ ਦੀ ਉਸ ਦੀ ਪੁਰਾਣੀ ਆਦਤ ਸੀ ਜਿਹੜੀ ਇੰਗਲੈਂਡ ਆ ਕੇ ਭੁੱਲ ਗਈ ਸੀ। ਅਮਾਂਡਾ ਦੇ ਸਾਥ ਵਿਚ ਇਹ ਆਦਤ ਹਰੀ ਹੋਈ ਸੀ, ਸੁੱਕੀ ਵੇਲ ਹਰੀ ਹੋਣ ਵਾਂਗ। ਉਹ ਅਕਸਰ ਕਹਿੰਦਾ,

"ਮੈਂਡੀ, ਉਦਾਸ ਹੋਣ ਦੀ ਲੋੜ ਨਹੀਂ, ਤੂੰ ਆਪ ਹੀ ਤਾਂ ਕਹਿੰਦੀ ਹੁੰਨੀ ਐਂ ਕਿ ਆਪਾਂ ਇਕੋ ਦਿਸ਼ਾ ਵਲ ਜਾ ਰਹੇ ਮੁਸਾਫਿਰ ਆਂ, ਹੁਣ ਦਿਸ਼ਾ ਬਦਲ ਰਹੀ ਐ ਕਿਉਂਕਿ ਸਾਡੀ ਮੰਜ਼ਲ ਅਲੱਗ ਐ।"

"ਠੀਕ ਐ ਸਰਜ ਪਰ ਇਹ ਇਕੋ ਦਿਸ਼ਾ ਵਾਲਾ ਸਫਰ ਜ਼ਰਾ ਲੰਮਾ ਹੋ ਗਿਐ ਤੇ ਸਾਨੂੰ ਜੋੜ ਗਿਐ, ਟੁੱਟਣਾ ਮੁਸ਼ਕਲ ਹੋ ਰਿਹੈ।"

"ਇਹ ਸਭ ਵੀ ਠੀਕ ਐ ਪਰ ਦੇਖ ਸਾਨੂੰ ਕੋਈ ਹੋਰ ਵੀ ਹਾਕਾਂ ਮਾਰ ਰਿਹੈ, ਤੈਨੂੰ ਤੇਰਾ ਜੌਰਜ, ਤੇਰਾ ਜੂਨੀਅਰ ਜੌਰਜ, ਤੇਰਾ ਫਾਰਮ, ਤੇਰਾ ਮੁਲਕ, ...ਮੈਨੂੰ ਵੀ ਪਾਸ਼ੀ, ਮੇਰੀਆਂ ਧੀਆਂ।"

"ਉਹ ਵੀ ਸੱਚ ਐ ਸਰਜ ਤੇ ਝੂਠ ਇਹ ਵੀ ਨਹੀਂ।"

"ਦੋਵੇਂ ਸੱਚ ਨਾਲ ਨਾਲ ਤੁਰਨਗੇ, ਤੁਰੀ ਜਾਣ ਦਿਓ।"

"ਅਸਟਰੇਲੀਆ ਆਵੇਂਗਾ ਨਾ?"

"ਨਹੀਂ, ਮੈਂ ਨਹੀਂ ਆ ਸਕਣਾ, ...ਪਤਾ ਨਹੀਂ ਹੁਣ ਕੀ ਹੋਏਗਾ, ਸ਼ਾਇਦ ਲੰਡਨ ਹੀ ਮੇਰੀ ਹੋਣੀ ਐਂ ਪਰ ਤੂੰ ਲੰਡਨ ਜ਼ਰੂਰ ਆਈਂ, ਆਪਣੇ ਪੁਰਖਿਆਂ ਦੀਆਂ ਕਬਰਾਂ 'ਤੇ ਫੁੱਲ ਵੀ ਤਾਂ ਚੜ੍ਹਾਉਣੇ ਹੋਣਗੇ।"

"ਪੂਰੀ ਕੋਸ਼ਿਸ਼ ਕਰਾਂਗੀ।"

ਕਹਿੰਦੀ ਅਮਾਂਡਾ ਨੇ ਅੱਖਾਂ ਭਰ ਲਈਆਂ। ਹਰੇ ਰੰਗ ਦੀਆਂ ਅੱਖਾਂ ਵਿਚ ਹੰਝੂ ਹੋਰ ਵੀ ਰੰਗਦਾਰ ਲਗ ਰਹੇ ਸਨ। ਸੁਰਜਨ ਨੇ ਫਿਰ ਚੁੱਟਕੀ ਵਜਾ ਕੇ ਉਂਗਲ ਦਾ ਤੀਰ ਮਾਰਿਆ ਤੇ ਉਸ ਨੂੰ ਬਾਹਾਂ ਵਿਚ ਲੈ ਲਿਆ।...

ਅਕਤੂਬਰ ਦੇ ਮਹੀਨੇ ਦੀਆਂ ਟਿਕਟਾਂ ਉਹਨਾਂ ਬੁੱਕ ਕਰਾ ਲਈਆਂ। ਅਮਾਂਡਾ ਚਾਹੁੰਦੀ ਸੀ ਕਿ ਉਹ ਦਿੱਲੀ ਤਕ ਇਕੱਠੇ ਜਾਣ ਪਰ ਉਸ ਨੂੰ ਬੰਬਈ ਰੁਕਣ ਵਾਲੇ ਜਹਾਜ਼ ਦੀ ਟਿਕਟ ਮਿਲ ਰਹੀ ਸੀ। ਦਿੱਲੀ ਵਾਲਾ ਜਹਾਜ਼ ਲੈਣਾ ਸੀ ਤਾਂ ਨਵੰਬਰ ਤਕ ਉਡੀਕਣਾ ਪੈਣਾ ਸੀ ਪਰ ਸੁਰਜਨ ਦੀਆਂ ਛੁੱਟੀਆਂ ਅਕਤੂਬਰ ਵਿਚ ਹੀ ਨਿਰਧਾਰਤ ਸਨ ਫਿਰ ਇਸੇ ਮਹੀਨੇ ਦਿਵਾਲੀ ਵੀ ਸੀ ਤੇ ਇਹ ਦਿਨ ਉਹ ਆਪਣੇ ਪਰਿਵਾਰ ਨਾਲ ਗੁਜ਼ਾਰਨਾ ਚਾਹੁੰਦਾ ਸੀ। ਸੋਚਦਿਆਂ ਕਰਦਿਆਂ ਅਮਾਂਡਾ ਨੇ ਸੁਰਜਨ ਤੋਂ ਦੋ ਦਿਨ ਪਹਿਲਾਂ ਦੀ ਸੀਟ ਬੁੱਕ ਕਰਾ ਲਈ। ਉਹ ਡਰਦੀ ਸੀ ਕਿ ਸੁਰਜਨ ਤੋਂ ਬਿਨਾਂ ਉਹ ਲੰਡਨ ਦੀ ਇਕੱਲ ਵਿਚ ਘਿਰ ਜਾਵੇਗੀ। ਸੁਰਜਨ ਬਿਨਾਂ ਹੁਣ ਉਹ ਲੰਡਨ ਰਹਿਣਾ ਕਿਆਸ ਵੀ ਨਹੀਂ ਸੀ ਕਰ ਸਕਦੀ। ਉਸ ਦੇ ਮਨ ਵਿਚ ਅਜੀਬ ਜਿਹੇ ਵਿਚਾਰ ਆਏ ਕਿ ਉਸ ਨੇ ਆਪਣੀ ਸੀਟ ਬਰਾਸਤਾ ਅਮਰੀਕਾ ਬੁੱਕ ਕਰਾ ਲਈ ਜੋ ਕਿ ਲੰਮੇਰੀ ਵੀ ਸੀ ਤੇ ਮਹਿੰਗੀ ਵੀ ਪਰ ਅਮਾਂਡਾ ਨੂੰ ਇਹੋ ਪਸੰਦ ਸੀ।

ਅਮਾਂਡਾ ਨੇ ਚਾਈਂ ਚਾਈਂ ਸੁਰਜਨ ਨਾਲ ਸਾਰੀ ਸ਼ੌਪਿੰਗ ਕਰਾਈ। ਉਸ ਦੀ ਧੀ ਦੀ ਉਮਰ ਪੁੱਛਦੀ ਤੇ ਉਸ ਲਈ ਕੋਟੀ ਜਾਂ ਬਲੇਜ਼ਰ ਚੁੱਣਦੀ। ਬਹੁਤ ਸਾਰੇ ਤੋਹਫੇ ਉਸ ਨੇ ਆਪਣੀ ਜੇਬ੍ਹ ਵਿਚੋਂ ਲੈ ਕੇ ਦਿਤੇ। ਸੁਰਜਨ ਨੇ ਵੀ ਅਮਾਂਡਾ ਲਈ ਆਪਣੀ ਪਸੰਦ ਦਾ ਇਕ ਲੰਮਾ ਡਰੈੱਸ ਤੇ ਉਸ ਦੇ ਪੁੱਤ ਲਈ ਇਕ ਸੂਟ ਖਰੀਦ ਕੇ ਦਿਤਾ। ਜਿਵੇਂ ਜਿਵੇਂ ਦਿਨ ਨੇੜੇ ਆ ਰਹੇ ਸਨ ਉਹ ਦੋਵੇਂ ਭਾਵੁਕ ਹੋ ਰਹੇ ਸਨ, ਖਾਸ ਤੌਰ ਤੇ ਅਮਾਂਡਾ। ਸੁਰਜਨ ਬਾਹਰੋਂ ਮਜ਼ਬੂਤ ਦਿਸਦਾ ਰਹਿੰਦਾ ਪਰ ਅੰਦਰੋਂ ਕਈ ਵਾਰ ਛਲ੍ਹਕ ਪੈਂਦਾ। ਉਸ ਨੂੰ ਇਹ ਗੱਲ ਵੀ ਜ਼ਰਾ ਕੁ ਤੰਗ ਕਰਦੀ ਸੀ ਕਿ ਅਮਾਂਡਾ ਦਾ ਪਤੀ ਤਾਂ ਸ਼ਾਇਦ ਉਸ ਦੀ ਉਡੀਕ ਵੀ ਨਾ ਕਰਦਾ ਹੋਵੇ ਕਿਉਂਕਿ ਹੁਣ ਉਹ ਇਕੱਲਾ ਫਾਰਮ ਸਾਂਭ ਕੇ ਬੈਠਾ ਹੋਇਆ ਸੀ, ਅਮਾਂਡਾ ਦੇ ਜਾਣ 'ਤੇ ਉਸ ਦੀ ਖੁਲ੍ਹ ਖੇਡ ਖਤਮ ਹੋ ਜਾਣੀ ਸੀ। ਪਿਛਲੇ ਕੁਝ ਅਰਸੇ ਵਿਚ ਉਸ ਨੇ ਇਹੀ ਅੰਦਾਜ਼ਾ ਲਗਾਇਆ ਸੀ।

ਏਅਰ ਪੋਰਟ 'ਤੇ ਵਿਦਾਇਗੀ ਦੀਆਂ ਘੜੀਆਂ ਸਮੇਂ ਅਮਾਂਡਾ ਉਚੜ ਤੁਰੀ। ਸੁਰਜਨ ਦੇ ਗਲ਼ ਲਗ ਕੇ ਕਿੰਨੀ ਦੇਰ ਤਕ ਰੋਂਦੀ ਰਹੀ। ਜਦ ਸੰਭਲੀ ਤਾਂ ਸੁਰਜਨ ਨੇ ਰੁਮਾਲ ਨਾਲ ਉਸ ਦੇ ਅਥਰੂ ਖੁਸ਼ਕ ਕੀਤੇ, ਨੱਕ ਦੀ ਸੇਧੇ ਸਿੱਧੀ ਉਂਗਲ ਮਾਰੀ, ਚੁੱਟਕੀ ਵਜਾ ਕੇ। ਅਮਾਂਡਾ ਮੁਸਕ੍ਰਾਉਣ ਲਗੀ। ਅਖੋਂ ਓਹਲੇ ਹੋਣ ਤਕ ਸੁਰਜਨ ਅਲਵਿਦਾਇਗੀ ਹੱਥ ਹਿਲਾਉਂਦਾ ਰਿਹਾ, ਆਲੇ ਦੁਆਲੇ ਤੋਂ ਬੇਖਬਰ ਖੜਾ। ਫਿਰ ਉਹ ਆਪਣੇ ਜਜ਼ਬਾਤਾਂ ਨੂੰ ਸਮੇਟਦਾ ਤੁਰ ਪਿਆ। ਕਾਹਲੀ ਕਾਹਲੀ, ਜਿਵੇਂ ਗੱਡੀ ਦੇ ਤੁਰ ਜਾਣ ਤੋਂ ਬਾਅਦ ਮੁਸਾਫਰਾਂ ਨੂੰ ਛੱਡਣ ਆਏ ਲੋਕ ਤੁਰ ਹੀ ਪਿਆ ਕਰਦੇ ਹਨ।

www.PunjabiLibrary.com

ਦਿੱਲੀ ਦੇ ਏਅਰ ਪੋਰਟ 'ਤੇ ਉਤਰਦਿਆਂ ਸੁਰਜਨ ਨੂੰ ਆਪਣੀ ਧਰਤੀ ਨਾਲ ਅਜੀਬ ਜਿਹਾ ਮੋਹ ਜਾਗ ਉਠਿਆ। ਜਦ ਜਹਾਜ਼ ਦਾ ਅਮਲਾ ਫੈਲਾ ਜਹਾਜ਼ ਦੇ ਆਲੇ ਦੁਆਲੇ ਫਿਰਨ ਲਗਿਆ ਤਾਂ ਉਸ ਨੂੰ ਬੰਦੇ ਬਹੁਤ ਛੋਟੇ ਛੋਟੇ ਜਾਪੇ। ਉਹਨਾਂ ਦੇ ਕਪੜੇ ਵੀ ਐਵੇਂ ਜਿਹੇ ਹੀ। ਉਸ ਨੇ ਸੋਚਿਆ ਕਿ ਸ਼ਾਇਦ ਉਹ ਉੱਚੀ ਥਾਵੇਂ ਬੈਠਾ ਹੈ ਇਸ ਲਈ ਹੈ। ਏਅਰ ਪੋਰਟ ਵੀ ਅੰਦਰੋਂ ਘਸਮੈਲਾ ਜਿਹਾ ਲਗ ਰਿਹਾ ਸੀ। ਲੋਕਾਂ ਦੇ ਚਿਹਰੇ ਵੀ ਜਿਵੇਂ ਦੁੱਖ ਨਾਲ ਭੰਨੇ ਹੋਏ ਹੋਣ। ਕਸਟਮ ਅਧਿਕਾਰੀਆਂ ਦੀ ਤੱਕਣੀ ਕਿਸੇ ਨਸਲਵਾਦੀ ਗੋਰੇ ਤੋਂ ਘੱਟ ਘਿਨਾਉਣੀ ਨਹੀਂ ਸੀ। ਸਵਾਰੀਆਂ ਨੂੰ ਡਰਾ ਕੇ ਲੁੱਟਿਆ ਜਾ ਰਿਹਾ ਸੀ। ਉਹ ਕਿਸੇ ਤਰ੍ਹਾਂ ਕਸਟਮ ਵਾਲਿਆਂ ਤੋਂ ਬਚਦਾ ਬਚਾਉਂਦਾ ਬਾਹਰ ਨਿਕਲ ਆਇਆ। ਬਾਹਰ ਸਰਦੂਲ ਖੜਾ ਉਸ ਦੀ ਉਡੀਕ ਕਰ ਰਿਹਾ ਸੀ। ਉਹ ਉਸ ਨੂੰ ਜੱਫੀ ਪਾ ਕੇ ਮਿਲਿਆ। ਸੁਰਜਨ ਦੀਆਂ ਅੱਖਾਂ ਤਰ ਹੋ ਗਈਆਂ।

ਏਅਰ ਪੋਰਟ ਤੋਂ ਬਾਹਰਲਾ ਨਜ਼ਾਰਾ ਵੀ ਉਦਾਸ ਕਰਨ ਵਾਲਾ ਸੀ। ਕੁਲੀ ਪੌਂਡਾਂ ਦੀ ਖਾਤਰ ਮੰਗਤਿਆਂ ਵਾਂਗ ਪਿੱਛੇ ਪਏ ਹੋਏ ਸਨ। ਅਵਾਰਾ ਜਿਹੇ ਕੁੱਤੇ ਲੱਤਾਂ ਵਿਚ ਵੱਜਦੇ ਫਿਰ ਰਹੇ ਸਨ। ਬਹੁਤ ਸਾਰੇ ਲੋਕ ਪੈਰਾਂ ਭਾਰ ਬੈਠੇ ਬੀੜੀਆਂ ਪੀ ਰਹੇ ਸਨ। ਵੱਡਾ ਤੜਕਾ ਹੋਣ ਕਰਕੇ ਹਾਲੇ ਹਨੇਰਾ ਸੀ। ਕੁਝ ਕੁ ਛਿਣਾਂ ਲਈ ਉਸ ਨੂੰ ਸਭ ਕੁਝ ਓਪਰਾ ਓਪਰਾ ਲਗਿਆ ਪਰ ਫਿਰ ਜਲਦੀ ਹੀ ਜਾਣਿਆਂ ਪੱਛਾਣਿਆਂ ਤੇ ਆਪਣਾ-ਆਪਣਾ ਲਗਣ ਲਗਿਆ। ਇਸ ਗੱਲ 'ਤੇ ਸੁਰਜਨ ਮਨ ਹੀ ਮਨ ਹਸਿਆ ਵੀ।

ਸਰਦੂਲ ਪਿੰਡੋਂ ਹੀ ਕਾਰ ਲਿਆਇਆ ਹੋਇਆ ਸੀ। ਉਸ ਨੂੰ ਕਾਰ ਵੀ ਬਹੁਤ ਛੋਟੀ ਤੇ ਪੁਰਾਣੀ ਜਿਹੀ ਜਾਪੀ। ਸੜਕਾਂ ਤੇ ਜਾ ਰਹੀਆਂ ਕਾਰਾਂ ਜਿਵੇਂ ਬਹੁਤ ਹੌਲੀ ਜਾ ਰਹੀਆਂ ਹੋਣ। ਕਾਰਾਂ ਦੀਆਂ ਕਿਸਮਾਂ ਵੀ ਦੋ ਕੁ ਹੀ ਸਨ; ਫੀਏਟ ਤੇ ਅੰਬੈਸਡਰ। ਸੜਕਾਂ ਦੀ ਹਾਲਤ ਵੀ ਬਹੁਤ ਬੁਰੀ ਸੀ। ਕਾਰ ਠੱਕ-ਠੱਕ ਕਰਦੀ ਜਾ ਰਹੀ ਸੀ। ਉਸ ਨੂੰ ਹੋਰ ਤਰ੍ਹਾਂ ਤੱਕਦਿਆਂ ਦੇਖ ਸਰਦੂਲ ਨੇ ਪੁੱਛਿਆ,

"ਡੈਂਬਰਿਆਂ ਵਾਂਗੂੰ ਕੀ ਦੇਖੀ ਜਾਨਾ।"

"ਲੰਡਨ ਦੇਖਣ ਗਿੱਝੀਆਂ ਅੱਖਾਂ ਨੂੰ ਨਾਰਮਲ ਹੋਣ ਲਈ ਜ਼ਰਾ ਵਕਤ ਲਗ ਰਿਹੈ।"

ਗੱਲ ਕਹਿ ਕੇ ਉਹ ਹੱਸਿਆ। ਸਰਦੂਲ ਉਸ ਨੂੰ ਇੰਗਲੈਂਡ ਦੀਆਂ ਗੱਲਾਂ ਪੁੱਛਦਾ ਜਾ ਰਿਹਾ ਸੀ ਤੇ ਪਿੰਡ ਤੇ ਬੱਚਿਆਂ ਦੀਆਂ ਦਸਦਾ ਵੀ। ਜਿਵੇਂ ਜਿਵੇਂ ਦਿਨ ਚੜ੍ਹਦਾ ਗਿਆ, ਸੁਰਜਨ ਦੀ ਅਪਣੱਤ ਵਧਦੀ ਗਈ। ਦੂਰ ਦੂਰ ਤਕ ਖਿਲਰੇ ਖੇਤ, ਪੱਧਰੀ ਧਰਤੀ, ਛੱਲੀਆਂ-ਕਮਾਦੀ, ਕਿੱਕਰਾਂ-ਟਾਹਲੀਆਂ ਇਹ ਸਭ ਇੰਗਲੈਂਡ ਵਿਚ ਕਿਥੇ ਸਨ। ਗੱਡੇ, ਟਾਂਗੇ, ਸਾਈਕਲ, ਰਿਕਸ਼ੇ ਸਭ ਕੁਝ ਉਸ ਦਾ ਆਪਣੇ ਸਨ। ਜੰਗਲ ਤੁਰੇ ਜਾਂਦੇ ਲੋਕਾਂ ਨਾਲ ਤਾਂ ਉਸ ਨੂੰ ਬਹੁਤੀ ਹੀ ਮੇਰ ਆ ਰਹੀ ਸੀ। ਪੰਜ ਸਾਲ ਤਕ ਬੇਗਾਨੀਆਂ ਚੀਜ਼ਾਂ ਨੂੰ ਉਹ ਆਪਣੀਆਂ ਸਮਝਦਾ ਰਹਿਣ ਦੀ ਗਲਤੀ ਕਰਦਾ ਆਇਆ ਸੀ। ਜਦ ਉਸ ਦੀ ਕਾਰ ਸਤਲੁਜ ਉਪਰ ਦੀ ਲੰਘੀ ਤਾਂ ਥੇਮਜ਼ ਨਾਲੋਂ ਕਿਤੇ ਵੱਧ ਖੂਬਸੂਰਤ ਜਾਪਿਆ।

ਪੰਜੇ ਧੀਆਂ ਉਸ ਨੂੰ ਧਾਅ ਕੇ ਮਿਲੀਆਂ, ਬਾਕੀ ਦਾ ਪਰਿਵਾਰ ਤੇ ਰਿਸ਼ਤੇਦਾਰ ਵੀ। ਪਾਸ਼ੀ ਤਾਂ ਹਵਾ ਵਿਚ ਉਡੀ ਫਿਰਦੀ ਸੀ। ਗੁਰਿੰਦਰ ਪਾਸ਼ੀ ਵਾਂਗ ਹੀ ਜਾਪ ਰਹੀ ਸੀ। ਬਲਜਿੰਦਰ ਵੀ ਉਹਨਾਂ ਦੇ ਬਰਾਬਰ ਹੋਈ ਖੜੀ ਸੀ। ਰਣਜੀਤ ਜੋ ਉਸ ਦੇ ਜਾਣ ਤੋਂ ਬਾਅਦ ਜੰਮੀ ਸੀ ਵੀ ਕਾਫੀ ਵੱਡੀ ਹੋ ਗਈ ਸੀ। ਪੰਜ ਸਾਲ ਬਾਅਦ ਸਾਰੇ ਟੱਬਰ ਨੇ ਰਲ਼ ਕੇ ਦਿਵਾਲੀ ਮਨਾਈ। ਸਾਰੇ ਪਾਸੇ ਚਾਅ ਹੀ ਚਾਅ ਸਨ। ਦਿਨ ਵਿਆਹ ਵਾਂਗ ਨਿਕਲ ਰਹੇ ਸਨ।

ਸੁਰਜਨ ਦੋਸਤਾਂ ਤੇ ਬਾਕੀ ਦੇ ਸਾਰੇ ਰਿਸ਼ਤੇਦਾਰਾਂ ਨੂੰ ਵੀ ਮਿਲਿਆ। ਆਪਣੇ ਪਿੰਡ ਚੱਕ ਵੀ ਗਿਆ। ਉਸ ਦਾ ਭਰਾ ਨਿਰਮਲ ਇਕ ਵਾਰ ਤਾਂ ਡਰ ਗਿਆ ਕਿ ਜ਼ਮੀਨ ਵਿਚੋਂ ਹਿੱਸਾ ਹੀ ਨਾ ਮੰਗ ਲਵੇ ਜਾਂ ਫਿਰ ਘਰ ਛੱਤਣ ਲਈ ਛੱਡੇ ਥਾਂ ਉਪਰ ਕੀਤੇ ਕਬਜ਼ੇ ਦੀ ਗੱਲ ਹੀ ਨਾ ਤੋਰ ਲਵੇ ਪਰ ਸੁਰਜਨ ਨੇ ਅਜਿਹੀ ਕੋਈ ਵੀ ਗੱਲ ਨਾ ਕੀਤੀ। ਉਹ ਸਭ ਨੂੰ ਮਿਲ ਕੇ ਖੁਸ਼ੀ ਖੁਸ਼ੀ ਮੁੜ ਆਇਆ। ਚਮਨ ਲਾਲ ਦੇ ਘਰਦਿਆਂ ਨੂੰ ਉਹ ਖਾਸ ਤੌਰ ਤੇ ਮਿਲਿਆ ਸੀ। ਘੁੰਮਦਿਆਂ-ਫਿਰਦਿਆ ਉਸ ਨੂੰ ਪੰਜਾਬ ਬਹੁਤ ਬਦਲਿਆ ਹੋਇਆ ਜਾਪਿਆ। ਬੱਸਾਂ ਦੇ ਕੰਡੱਕਟਰ ਪਹਿਲਾਂ ਨਾਲੋਂ ਵੀ ਕੱਬਾ ਬੋਲਣ ਲਗੇ ਸਨ। ਦਰਫਤਾਂ ਵਿਚ ਕਲਰਕ ਰਿਸ਼ਵਤ ਲੈਣ ਲਈ ਜ਼ਿਆਦਾ ਵਾਰੀ ਡਰਾਅ ਖੋਹਲਣ ਲਗ ਪਏ ਸਨ। ਪੁਲੀਸ ਵੀ ਪਹਿਲਾਂ ਨਾਲੋਂ ਵਧੇਰੇ ਗਾਲ੍ਹਾਂ ਕੱਢਦੀ ਸੁਣਾਈ ਦਿੰਦੀ। ਬੇਰੁਗਜ਼ਾਰੀ ਬਹੁਤ ਵਧ ਗਈ ਸੀ।

ਇਕ ਦਿਨ ਸਰਦੂਲ ਉਸ ਨੂੰ ਕਹਿਣ ਲਗਿਆ,

"ਸੁਰਜਣਾ, ਕੁੜੀਆਂ ਨੂੰ ਇੰਗਲੈਂਡ ਈ ਲੈ ਜਾ। ਇੰਗਲੈਂਡ ਦੇ ਨਾਂ 'ਤੇ ਮੁੰਡੇ ਵੀ ਚੰਗੇ ਮਿਲ਼ ਜਾਣਗੇ, ਨਹੀਂ ਤਾਂ ਅੱਜਕੱਲ੍ਹ ਮੁੰਡਿਆਂ ਦਾ ਕਾਲ੍ਹ ਈ ਸਮਝ।"

"ਸਰਦੂਲ, ਮੈਂ ਇਸੇ ਬਾਰੇ ਸੋਚ ਰਿਹਾਂ, ਬਸ ਇਕ ਦੋ ਦਿਨ ਵਿਚ ਈ ਮਨ ਬਣਾ ਲੈਣਾਂ, ਤੂੰ ਬਸ ਇਹਨਾਂ ਦੇ ਪਾਸਪੋਰਟ ਬਣਾ ਕੇ ਤਿਆਰੀ ਕਰ ਦੇਵੀਂ।"

"ਇਹਦਾ ਕੋਈ ਫਿਕਰ ਨਾ ਕਰ, ਫਗਵਾੜੀਆ ਭਜਨ ਆਪਣਾ ਦੋਸਤ ਹੁੰਦਾ ਸੀ ਜਿਹੜਾ, ਉਹ ਹੁਣ ਇਹੀ ਕੰਮ ਕਰਦਾ।"

ਪਾਸ਼ੀ ਤਾਂ ਉਸ ਨੂੰ ਰੋਜ਼ ਹੀ ਕਹਿਣ ਲਗਦੀ,

"ਜੀ, ਜਾਂ ਤਾਂ ਸਾਨੂੰ ਵੀ ਉਥੇ ਈ ਲੈ ਚੱਲੋ ਜਾਂ ਫਿਰ ਹੁਣ ਤੁਸੀਂ ਨਾ ਜਾਇਓ, ਸਾਥੋਂ ਨਹੀਂ 'ਕੱਲਿਆਂ ਤੋਂ ਹੁਣ ਰਿਹਾ ਜਾਂਦਾ।"
"ਸੋਚਦੇ ਆਂ।"
"ਸੋਚਦੇ ਕੀ ਆਂ, ਅਸੀਂ ਤਾਂ ਹੁਣ ਤੁਹਾਡੇ ਨਾਲ ਈ ਜਾਣਾਂ, ...ਮੈਂ ਤਾਂ ਜਵਾਲਾ ਸ਼ਾਹ ਦੇ ਰੋਟ ਵੀ ਸੁੱਖਿਆ ਹੋਇਆ।"

ਸੁਰਜਨ ਉਸ ਦੇ ਭੋਲੇਪਨ 'ਤੇ ਹੱਸਣ ਲਗਦਾ। ਇਕ ਦਿਨ ਪਾਸ਼ੀ ਆਲਾ ਦੁਆਲ ਦੇਖਦੀ ਬੋਲੀ,
"ਜੀ, ਜੇ ਗੁੱਸਾ ਨਾ ਕਰੋਂ ਤਾਂ ਇਕ ਗੱਲ ਪੁੱਛਾਂ।"
"ਪੁੱਛ।"

ਸੁਰਜਨ ਨੇ ਕਿਹਾ ਪਰ ਉਸ ਨੂੰ ਹੁੜਕ ਜਿਹੀ ਵੀ ਹੋ ਗਈ ਕਿ ਪਾਸ਼ੀ ਕੀ ਪੁੱਛੇਗੀ। ਉਸ ਨੂੰ ਡਰ ਸੀ ਕਿ ਚਮਨ ਲਾਲ ਨੇ ਅਮਾਂਡਾ ਵਾਲੀ ਗੱਲ ਪਿੰਡ ਪਹੁੰਚਦੀ ਕਰ ਦਿਤੀ ਹੋਵੇਗੀ। ਪਾਸ਼ੀ ਡਰਦੀ ਡਰਦੀ ਕਹਿਣ ਲਗੀ,
"ਜੀ, ਤੁਸੀਂ ਸੱਚੀਂ ਗੋਰੀ ਨਾਲ ਵਿਆਹ ਕਰਾ ਲਿਆ?"

ਸੁਰਜਨ ਨੇ ਮਨ ਹੀ ਮਨ ਵੱਡੀ ਸਾਰੀ ਇਕ ਗਾਲ਼ ਚਮਨ ਲਾਲ ਨੂੰ ਕੱਢੀ ਤੇ ਬੋਲਿਆ,
"ਤੇਰਾ ਦਿਮਾਗ ਸਹੀ ਐ, ਇਹ ਭਲਾ ਕਿੱਦਾਂ ਹੋ ਸਕਦਾ, ...ਆਹ ਜਿਹੜੀ ਏਨੀ ਜੰਤਾ ਜਮਾਈ ਆ, ਏਹਦਾ ਕੀ ਬਣੂੰ!"
"ਹੇ ਸੱਚੇ ਪਾਤਸ਼ਾਹ! ...ਮੈਂ ਤਾਂ ਬਹੁਤ ਡਰ ਗਈ ਸੀ, ਭਾਜੀ ਵੀ ਬਹੁਤ ਫਿਕਰ ਕਰਦੇ ਸੀ, ਸਾਰੇ ਚੱਕ ਵਿਚ ਇਹ ਅਫਵਾਹ ਫੈਲੀ ਹੋਈ ਆ, ...ਪਰ ਮੈਨੂੰ ਜਵਾਲਾ ਸ਼ਾਹ ਉਤੇ ਯਕੀਨ ਸੀ!"

ਸੁਰਜਨ ਨੇ ਇਕ ਦਿਨ ਸਰਦੂਲ ਨਾਲ ਸਲਾਹ ਕਰਦਿਆਂ ਪੁੱਛਿਆ,
"ਜੇ ਇਥੇ ਕੋਈ ਕੰਮ ਸ਼ੁਰੂ ਕਰਨਾ ਹੋਵੇ ਤਾਂ ਕਿਹੜਾ ਕੀਤਾ ਜਾ ਸਕਦੈ?"
"ਸੁਰਜਣਾ, ਕੰਮ ਤਾਂ ਹੁਣ ਜੱਟ ਦੇ ਕਰਨ ਦਾ ਖੇਤੀ ਈ ਐ, ਇਹ ਵੀ ਜ਼ਮੀਨ ਹੋਵੇ ਤਾਂ ਈ ਐ। ਛੋਟੇ ਮੋਟੇ ਕੰਮ ਦਾ ਕੋਈ ਫਾਇਦਾ ਨਹੀਂ, ਕੰਮ ਸ਼ੁਰੂ ਕਰਨਾ ਹੋਵੇ ਤਾਂ ਵੱਡੇ ਸਕੇਲ ਦਾ ਹੋਵੇ।"

ਸਰਦੂਲ ਦੀ ਗੱਲ ਸੁਰਜਨ ਨੂੰ ਬਿਲਕੁਲ ਸਹੀ ਜਾਪ ਰਹੀ ਸੀ। ਛੋਟੇ ਮੋਟੇ ਕੰਮ ਸ਼ੁਰੂ ਕਰਨ ਨਾਲ ਗੱਲ ਨਹੀਂ ਸੀ ਬਣਨੀ ਤੇ ਵੱਡਾ ਕੰਮ ਸ਼ੁਰੂ ਕਰਨ ਜੋਗੇ ਉਸ ਕੋਲ ਪੈਸੇ ਨਹੀਂ ਸਨ। ਉਸ ਨੇ ਹੋਰ ਦੋਸਤਾਂ ਨਾਲ ਵੀ ਗੱਲਾਂ ਕੀਤੀਆਂ ਕਿਸੇ ਨੇ ਵੀ ਪੰਜਾਬ ਵਸਣ ਲਈ ਉਤਸ਼ਾਹਿਤ ਨਾ ਕੀਤਾ।

ਛੇ ਹਫਤਿਆਂ ਦੀ ਛੁੱਟੀ ਸੀ। ਇਹ ਛੁੱਟੀ ਤਾਂ ਜਿਵੇਂ ਅੱਖ ਦੇ ਫੋਰ ਵਿਚ ਲੰਘ ਗਈ ਹੋਵੇ। ਉਸ ਨੇ ਸਰਦੂਲ ਦੀ ਜ਼ਿੰਮੇਵਾਰੀ ਲਗਾ ਦਿਤੀ ਕਿ ਸਾਰੇ ਟੱਬਰ ਦੇ ਪਾਸਪੋਰਟ ਬਣਾ ਦੇਵੇ। ਪਾਸ਼ੀ ਆਏ ਦਿਨ ਜਵਾਲਾ ਸ਼ਾਹ ਦੇ ਰੋਟ ਚੜ੍ਹਾਉਣ ਹੀ ਤੁਰੀ ਰਹਿੰਦੀ ਸੀ। ਇਕ ਦਿਨ ਸੁਰਜਨ ਕਹਿਣ ਲਗਿਆ,
"ਬੁੜੀਏ, ਲੈ ਬਈ ਤੇਰਾ ਰੋਟ ਕੰਮ ਕਰ ਗਿਆ।"
"ਜੀ, ਉਹ ਕਿੱਦਾਂ?"
"ਤੂੰ ਇੰਗਲੈਂਡ ਜਾਣ ਲਈ ਤਿਆਰ ਹੋ ਜਾਹ, ...ਮੈਂ ਜਾਂਦੇ ਨੇ ਈ ਸੱਦ ਲੈਣਾਂ ਤੈਨੂੰ।"

ਲੰਚ ਬ੍ਰੇਕ ਵੇਲੇ ਐਕਸਾਲੇਟਰ ਰਾਹੀਂ ਚੜ੍ਹ ਰਹੇ ਸੁਰਜਨ ਨੂੰ ਦੇਖ ਕੇ ਚਮਨ ਲਾਲ ਛੜੱਪੇ ਮਾਰਦਾ ਉਸ ਦੇ ਬਰਾਬਰ ਆ ਖੜ੍ਹਿਆ। ਉਹ ਇੰਡੀਆ ਜਾਣ ਦਾ ਸਾਰਾ ਪਰੋਗਰਾਮ ਬਣਾ ਕੇ ਵੀ ਨਹੀਂ ਸੀ ਜਾ ਸਕਿਆ ਪਰ ਉਸ ਦਾ ਪਰਿਵਾਰ ਅਗਲੇ ਮਹੀਨੇ ਆ ਰਿਹਾ ਸੀ। ਉਹ ਸਭ ਦੀ ਰਾਜ਼ੀ-ਖੁਸ਼ੀ ਪੁੱਛਣ ਲਗਿਆ। ਚਮਨ ਲਾਲ ਵਲ ਦੇਖ ਕੇ ਇਕ ਵਾਰ ਤਾਂ ਉਸ ਨੂੰ ਗੁੱਸਾ ਵੀ ਆਇਆ ਤੇ ਦਿਲ ਕੀਤਾ ਕਿ ਗਿਲਾ ਕਰੇ ਕਿ ਪਿੰਡ ਵਿਚ ਅਮਾਂਡਾ ਬਾਰੇ ਖਬਰ ਕਿਉਂ ਫੈਲਾਈ ਪਰ ਫਿਰ ਉਹ ਸੋਚਣ ਲਗਿਆ ਕਿ ਇਹਦਾ ਵੀ ਕੀ ਕਸੂਰ, ਜਦ ਹੈ ਹੀ ਸਭ ਸੱਚ। ਸੁਰਜਨ ਨੇ ਕਿਹਾ,
"ਨਿਆਣੇ ਤੇਰੇ ਸਮਾਨ ਬੰਨੀ ਬੈਠੇ ਆ। ਬਗਲ਼ੂ ਕਰਕੇ ਉਹਨਾਂ ਦੋ ਕਮਰੇ ਛੱਤ ਲਏ ਆ। ਤੇਰੇ ਭਾਈਏ ਦੇ ਗੋਡਿਆਂ ਵਿਚ ਹੁਣ ਦਰਦ ਰਹਿੰਦਾ, ਬਹੁਤਾ ਤੁਰ ਨਹੀਂ ਹੁੰਦਾ, ਛੋਟਾ ਸ਼ਿੰਦੂ ਇਧਰ ਆਉਣ ਲਈ ਏਜੰਟ ਕੋਲ ਪੈਸੇ ਫਸਾਈ ਬੈਠਾ। ...ਤੇਰੀ ਬੜੀ ਕੁੜੀ ਦਾ ਕੰਨ ਡੁਲ੍ਹਦਾ, ਸਾਰੇ ਫਿਕਰ ਕਰਦੇ ਸੀ, ਮੈਂ ਕਿਹਾ ਫਿਕਰ ਨਾ ਕਰੋ ਉਥੇ ਜਾ ਕੇ ਠੀਕ ਹੋ ਜਾਊ।"

ਸੁਰਜਨ ਨੇ ਕਾਹਲੀ ਵਿਚ ਸਾਰੀ ਖਬਰ-ਸਾਰ ਸੁਣਾ ਦਿਤੀ। ਚਮਨ ਲਾਲ ਉਸ ਦੇ ਭਰਾ ਨਿਰਮਲ ਬਾਰੇ ਪੁੱਛਣ ਲਗਿਆ। ਉਸ ਤੋਂ ਕੋਈ ਗੱਲ ਛੁਪੀ ਨਹੀਂ ਸੀ ਸੋ ਸੁਰਜਨ ਬੋਲਿਆ,
"ਪਹਿਲਾਂ ਤਾਂ ਉਹ ਸਿੱਧੇ ਮੂੰਹ ਬੋਲਿਆ ਨਹੀਂ। ਜਦ ਪਤਾ ਲਗਿਆ ਕਿ ਮੈਂ ਕੋਈ ਹਿੱਸਾ ਨਹੀਂ ਲੈਣਾ ਤਾਂ ਖੁਸ਼ ਹੋ ਗਿਆ, ਖੁਲ੍ਹ ਕੇ ਗੱਲਾਂ ਵੀ ਕਰਨ ਲਗਿਆ ਤੇ ਬੋਤਲ ਵੀ ਖੋਹਲ ਲਈ ਪਰ ਔਂਦੇ ਹੋਏ ਫੇਰ ਵਿਗੜ ਗਈ।"
"ਅੱਛ! ਉਹ ਕਿੱਦਾਂ?"

"ਮਿਲਣ ਆਏ ਸੀ ਕਲੇਰੀਂ, ਦੋਨੋਂ ਤੀਵੀਂ ਆਦਮੀ, ...ਕਹਿਣ ਲਗੇ ਕਿ ਤੁਹਾਡੇ ਤਾਂ ਕੁੜੀਆਂ ਈ ਕੁੜੀਆਂ, ਸਾਡੇ ਮੁੰਡੇ ਨੂੰ ਮਤਬੰਨਾ ਬਣਾ ਕੇ ਇੰਗਲੈਂਡ ਲੈ ਜਾਓ। ਅਸੀਂ ਜਵਾਬ ਦੇ ਦਿਤਾ ਤਾਂ ਉਹਨਾਂ ਨੇ ਮੂੰਹ ਸੁਜਾ ਲਿਆ। ਚਾਹ ਪਾਣੀ ਵੀ ਨਹੀਂ ਪੀਤਾ ਤੇ ਉਠ ਕੇ ਚਲੇ ਗਏ।"

"ਸੁਰਜਣਾ, ਹੁਣ ਰਿਸ਼ਤੇ ਮਕੈਨੀਕਲ ਹੋ ਗਏ, ਸਾਡੀ ਭੈਣ ਵੀ ਇਸੇ ਗੱਲੋਂ ਰੁੱਸੀ ਬੈਠੀ ਆ, ...ਤੂੰ ਫੈਮਲੀ ਸੱਦਣ ਬਾਰੇ ਕੀ ਸੋਚਿਆ?"

"ਚਮਨ ਲਾਲ, ਮੈਂ ਵੀ ਸੋਚ ਲਿਆ ਕਿ ਸੱਦ ਲੈਣਾਂ ਉਹਨਾਂ ਨੂੰ, ਪਾਸਪੋਰਟ ਬਣਨੇ ਦੇ ਆਇਆਂ, ਤਿਆਰ ਹੋ ਗਏ ਤਾਂ ਪੇਪਰ ਭੇਜ ਦੇਣੇ ਆਂ।"

ਗੱਲ ਕਰਦਾ ਸੁਰਜਨ ਚਾਅ ਜਿਹੇ ਵਿਚ ਵੀ ਸੀ। ਜਿਸ ਦਿਨ ਦਾ ਉਹ ਵਾਪਸ ਆਇਆ ਸੀ ਉਸ ਦਿਨ ਦਾ ਹੀ ਉਹ ਬਹੁਤ ਖੁਸ਼ ਸੀ। ਹੁਣ ਉਹ ਆਪਣੇ ਪਰਿਵਾਰ ਨੂੰ ਜਲਦੀ ਤੋਂ ਜਲਦੀ ਇੰਗਲੈਂਡ ਵਿਚ ਦੇਖਣਾ ਚਾਹੁੰਦਾ ਸੀ। ਜਦ ਲਾਜਵੰਤੀ ਨੂੰ ਪਤਾ ਚਲਿਆ ਕਿ ਸੁਰਜਨ ਦਾ ਪਰਿਵਾਰ ਆ ਰਿਹਾ ਹੈ ਤਾਂ ਉਸ ਨੂੰ ਬਹੁਤ ਖੁਸ਼ੀ ਹੋਈ, ਬੋਲੀ,

"ਭਾਜੀ, ਇਹ ਤਾਂ ਤੁਸੀਂ ਬਹੁਤ ਹੀ ਚੰਗਾ ਕੀਤੈ, ...ਮੈਂ ਕੱਲੀ ਤੀਮੀ-ਮਾਨੀ ਏਨੇ ਮਰਦਾਂ 'ਚ ਰਹੀ, ...ਚਲੋ ਤਾਂ ਦੀਦੀ ਆ ਜਾਊ, ਕੋਈ ਤਾਂ ਮੇਰੀ ਧਿਰ ਬਣੂੰ, ਮੇਰੇ ਨਾਲ ਗੱਲ ਕਰਨ ਵਾਲਾ ਵੀ ਕੋਈ ਹੋਊ।"

ਹੁਣ ਸੁਰਜਨ ਨੇ ਅਗਲੀ ਤਿਆਰੀ ਸ਼ੁਰੂ ਕਰ ਦਿਤੀ ਸੀ। ਉਸ ਨੂੰ ਪਤਾ ਸੀ ਕਿ ਘਰ ਇਕ ਦਮ ਲਿਆ ਨਹੀਂ ਜਾਣਾ। ਇਕ ਦਿਨ ਉਸ ਨੇ ਬਨਾਰਸੀ ਦਾਸ ਨੂੰ ਪੁੱਛਿਆ,

"ਪੰਡਤ ਜੀ, ਸ਼ਿਵਰਾਜ ਤਾਂ ਹੁਣ ਇੰਡੀਆ ਚਲੇ ਜਾਣੈ, ਅਵਤਾਰ ਕਿਤੇ ਆਉਂਦਾ ਕਦੇ ਨਹੀਂ, ...ਹੁਣ ਮੇਰੀ ਫੈਮਲੀ ਆਉਣ ਵਾਲੀ ਐ, ਜੇ ਕਹੋਂ ਤਾਂ ਅਸੀਂ ਉਪਰਲੇ ਕਮਰਿਆਂ ਵਿਚ ਰਹਿ ਲੈਂਦੇ ਆਂ।"

"ਲੈ ਸੁਰਜਣਾਂ, ਤੂੰ ਕਿਹੜੀ ਗੱਲ ਕਰਦਾਂ ਯਾਰ! ਇਹ ਭਲਾ ਪੁੱਛਣ ਵਾਲੀ ਗੱਲ ਐ, ਇਹ ਘਰ ਈ ਤੇਰਾ, ਤੇਰੇ ਬੱਚੇ, ਬੱਚੇ ਮੇਰੇ ਬੱਚੇ!"

ਬਨਾਰਸੀ ਦਾਸ ਤੋਂ ਬਾਅਦ ਲਾਜਵੰਤੀ ਹਿਰਖੀ ਹੋਈ ਕਹਿਣ ਲਗੀ,

"ਲਓ ਭਾਜੀ, ਤੁਸੀਂ ਸਾਨੂੰ ਬੇਗਾਨੇ ਸਮਝਦੇ ਓ, ...ਤੁਸੀਂ ਦੀਦੀ ਨੂੰ ਆਉਣ ਤਾਂ ਦਿਓ, ਮੈਂ ਓਹਨਾਂ ਨੂੰ ਓਨਾ ਚਿਰ ਇਸ ਘਰੋਂ ਨਹੀਂ ਜਾਣ ਦੇਣਾਂ ਜਦ ਤਕ ਤੁਸੀਂ ਆਪਣਾ ਘਰ ਨਹੀਂ ਲੈ ਲੈਂਦੇ।"

ਆਪਣੀ ਗੱਲ ਮੁਕਾ ਕੇ ਲਾਜਵੰਤੀ ਆਪਣੇ ਮੁੰਡੇ ਨੂੰ ਲੋਰੀਆਂ ਦੇਣ ਲਗੀ,

"ਹਂਜੀ, ਹੁਣ ਸਾਡੀ ਮਾਸੀ ਨੇ ਔਣਾਂ, ...ਸਾਡੀਆਂ ਦੀਦੀਆਂ ਨੇ ਵੀ ਔਣਾਂ, ਫੇਰ ਅਸੀਂ ਬਹੁਤ ਖੇਲ੍ਹਿਆ ਕਰਨਾਂ, ...ਹਂਜੀ, ਬਹੁਤ ਖੇਲ੍ਹਿਆ ਕਰਨਾਂ।"

ਸੁਰਜਨ ਦੇ ਇੰਡੀਆ ਜਾਣ ਬਾਰੇ ਉਸ ਦੇ ਵਾਕਫਕਾਰਾਂ ਵਿਚ ਕਾਫੀ ਚਰਚਾ ਸੀ। ਪੰਜ ਸਾਲਾਂ ਵਿਚ ਵਿਚ ਬਹੁਤ ਘੱਟ ਲੋਕ ਇੰਡੀਆ ਦਾ ਚੱਕਰ ਲਾਇਆ ਕਰਦੇ ਸਨ। ਖਾਸ ਚਰਚਾ ਸੀ ਉਸ ਦਾ ਟੱਬਰ ਸੱਦ ਲੈਣ ਦਾ ਫੈਸਲਾ। ਇਸ ਨਾਲ ਦੁਚਿੱਤੀ ਵਿਚ ਫਸੇ ਲੋਕ ਬਾਹਰ ਨਿਕਲ ਆਏ ਤੇ ਘਰ ਲੈਣ ਬਾਰੇ ਸੋਚਣ ਲਗੇ। ਟੱਬਰਾਂ ਨੂੰ ਸੱਦਣ ਦੇ ਫੈਸਲੇ ਸਭ ਨੇ ਹੀ ਕਰ ਲਏ। ਰੁਆਇਲ ਡੀਨ ਦੇ ਪੰਜਾਬੀ ਲੋਕਾਂ ਵਿਚ ਬਹਿਸਾਂ ਹੁੰਦੀਆਂ ਰਹਿੰਦੀਆਂ। ਸੁਰਜਨ ਵਰਗਾ ਕੋਈ ਇੰਡੀਆ ਜਾਂਦਾ ਤਾਂ ਆ ਕੇ ਆਪਣਾ ਤਜਰਬਾ ਸਾਂਝਾ ਕਰਦਾ ਦੱਸਣ ਲਗਦਾ,

"ਓਥੇ ਤਾਂ ਯਾਰ ਲੁੱਟ ਪਈ ਹੋਈ ਆ, ਅੰਨੀ ਨੂੰ ਬੋਲ੍ਹਾ ਘੜੀਸੀ ਫਿਰਦੈ, ਸਾਲ੍ਹੇ ਰਿਸ਼ਤੇਦਾਰ ਕਪੜੇ ਲਾਹੁਣ ਤਕ ਜਾਂਦੇ ਆ, ...ਬਾਹਰੋਂ ਗਏ ਬੰਦੇ ਨੂੰ ਤਾਂ ਮੰਗਤੇ ਵੀ ਬੇਹੇ ਕੜਾਹ ਵਾਂਗੂੰ ਪੈਂਦੇ ਆ, ...ਸਾਲ੍ਹੀਆਂ ਮੱਖੀਆਂ ਈ ਸਾਹ ਨਹੀਂ ਲੈਣ ਦਿੰਦੀਆਂ।"

ਕੋਈ ਹੋਰ ਕੋਲ ਬੈਠਾ ਆਖਦਾ,

"ਦੇਖੋ ਬਈ, ਮੁਲਕ ਵੀ ਆਪਣਾ ਤੇ ਰਿਸ਼ਤੇਦਾਰ ਵੀ, ...ਸੁਰਜਨ ਆਇਆ ਹੁਣੇ ਜਿਹੇ ਏਹਨੂੰ ਪੁੱਛ ਲਓ, ਇਹ ਕੀ ਐਕਪੀਰੀਐਂਸ ਲਿਆਇਆ।"

"ਇਥੇ ਏਨੇ ਕੁ ਸਾਲ ਰਹਿਣ ਕਰਕੇ ਉਥੇ ਦਾ ਸਭ ਕੁਝ ਥੋੜੀ ਦੇਰ ਲਈ ਓਪਰਾ ਲਗਦਾ ਪਰ ਅਸੀਂ ਹੈਗੇ ਤਾਂ ਉਸੇ ਮਸ਼ੀਨ ਦੇ ਪੁਰਜ਼ੇ, ਜਲਦੀ ਹੀ ਫਿੱਟ ਹੋ ਜਾਨੇ ਆਂ। ...ਏਸ ਸਮਾਜ ਵਿਚ ਫਿੱਟ ਹੋਣਾ ਜ਼ਰਾ ਮੁਸ਼ਕਲ ਐ, ਟਾਈਮ ਲਗਣੈ, ਲਗਦੈ ਬਈ ਹੌਲੀ ਹੌਲੀ ਅਸੀਂ ਏਸ ਸਮਾਜ ਵਿਚ ਆਪਣਾ ਈ ਸਮਾਜ ਉਸਾਰ ਲੈਣਾਂ।"

"ਇਹ ਤਾਂ ਬਈ ਤੂੰ, ਸਮਾਜ ਵਿਚ ਸਮਾਜ ਉਸਾਰਨ ਦੀ ਗੱਲ ਕਰਦੈਂ, ਇਹ ਕਿੱਦਾਂ ਹੋ ਸਕਦਾ?"

"ਉਹ ਏਦਾਂ ਕਿ ਹਰ ਬੰਦੇ ਨੂੰ ਜੀਣ ਲਈ ਇਕ ਸਮਾਜ ਦੀ ਲੋੜ ਹੁੰਦੀ ਐ, ਏਸ ਵੈਸਟਰਨ ਕਲਚਰ ਨੇ ਸਾਡੀ ਲੋੜ ਪੂਰੀ ਨਹੀਂ ਕਰ ਸਕਣੀ ਕਿਉਂਕਿ ਸਾਡਾ ਕਲਚਰ ਏਹਨਾਂ ਤੋਂ ਬਹੁਤ ਅਲੱਗ ਐ। ਜੇ ਸਮਾਜ ਬਣਾਉਣ ਜੋਗੀ ਸਾਡੀ ਗਿਣਤੀ ਏਥੇ ਹੋ ਗਈ ਤਾਂ ਸਮਝੋ ਬਣ ਗਿਆ ਸਮਾਜ ਵਿਚ ਸਮਾਜ।"

"ਗੱਲ ਤਾਂ ਬਈ ਸੁਰਜਣ ਦੀ ਠੀਕ ਲਗਦੀ ਆ, ਆਹ ਦੇਖੋ ਨਾ ਹੁਣ ਅਸੀਂ ਰੁਆਇਲ ਡੀਨ ਵਿਚ ਏਨੇ ਕੁ ਬੰਦੇ ਕੰਮ ਕਰਦੇ ਆਂ ਕਿ ਸਾਰਾ ਦਿਨ ਕਿਸੇ ਗੋਰੇ ਨਾਲ ਗੱਲ ਕਰਨ ਦੀ ਲੋੜ ਵੀ ਨਹੀਂ ਪੈਂਦੀ।"

ਕੋਈ ਹੋਰ ਸੁਰਜਨ ਦੀ ਕਹੀ ਗੱਲ ਤੇ ਸਹੀ ਪਾਉਂਦਾ ਆਖਦਾ। ਨਾਲ ਹੀ ਕੋਈ ਅਸਹਿਮਤ ਹੁੰਦਾ ਬੋਲਦਾ,

"ਤੁਸੀਂ ਵੀ ਕਮਾਲ ਕਰੀ ਜਾਂਦੇ ਓ, ਆਪਣਾ ਸਮਾਜ ਕਿਥੇ ਕਿਥੇ ਚੁੱਕੀ ਫਿਰੋਗੇ, ਸੜਕਾਂ, ਸਕੂਲਾਂ, ਨੌਕਰੀਆਂ ਤੇ ਵੀ। ਸਾਨੂੰ ਏਸ ਸਮਾਜ ਦਾ, ਗੋਰਿਆਂ ਦਾ, ਨਸਲਵਾਦ ਦਾ ਪੈਰ ਪੈਰ ਤੇ ਸਾਹਮਣਾ ਕਰਨਾ ਪੈਣਾਂ।"

"ਇਹ ਤਾਂ ਕਰਨਾ ਈ ਪੈਣਾਂ, ਮੈਂ ਤਾਂ ਏਸ ਮੁਲਕ ਵਿਚ ਰਹਿ ਸਕਣ ਦੀ ਸੌਖ ਬਾਰੇ ਗੱਲ ਕਰਦਾ ਸੀ, ਜਦ ਮੈਂ ਸਮਾਜ ਵਿਚ ਸਮਾਜ ਦੀ ਗੱਲ ਕਰਦਾਂ ਤਾਂ ਬੇਸਿਕ ਲੋੜਾਂ ਦੀ ਗੱਲ ਈ ਕਰਦਾਂ।"

"ਸੁਰਜਣ ਸਿੰਘ, ਦੇਖ ਹੁਣ ਇਹ ਗੋਰੇ ਸਾਡੇ ਨਾਲ ਕਿਹੋ ਜਿਹਾ ਵਿਵਹਾਰ ਕਰਦੇ ਆ, ਜ਼ਰਾ ਸੋਚੋ, ਜਦ ਸਾਡੇ ਬੱਚੇ ਇਥੇ ਹੋਏ ਤਾਂ ਇਹਨਾਂ ਦੇ ਬੱਚੇ ਉਹਨਾਂ ਨਾਲ ਕਿੱਦਾਂ ਵਰਤਣਗੇ, ਸਾਡੇ ਬੱਚਿਆਂ ਵਿਚ ਘਟੀਆਪਨ ਦਾ ਅਹਿਸਾਸ ਨਹੀਂ ਪੈਦਾ ਹੋਏਗਾ!"

"ਹੋਏਗਾ, ਬਿਲਕੁਲ ਹੋਏਗਾ ਪਰ ਅਸੀਂ ਉਹਨਾਂ ਦੇ ਨਾਲ ਖੜਾਂਗੇ, ਇਸ ਗੱਲ ਦਾ ਕਾਨੂੰਨੀ ਹੱਲ ਲੱਭਾਂਗੇ, ਫਿਰ ਸਾਰੇ ਗੋਰੇ ਨਸਲਵਾਦੀ ਵੀ ਨਹੀਂ ਹੁੰਦੇ।"

"ਸੁਰਜਣ ਸਿਆਂ ਤੂੰ ਕੁਝ ਜ਼ਿਆਦਾ ਹੀ ਆਸ਼ਾਵਾਦੀ ਐਂ, ਨਸਲਵਾਦ ਦਾ ਸਾਹਮਣਾ ਤਾਂ ਸਾਡੇ ਤੋਂ ਹੁਣ ਨਹੀਂ ਕਰ ਹੋ ਰਿਹਾ, ਸਾਲ਼ੇ ਛਲਾਰੂ ਜਿਹੇ ਪਾਕੀ ਕਹਿ ਕੇ ਦੌੜ ਜਾਂਦੇ ਆ। ਨਸਲਵਾਦ ਦਾ ਸਾਹਮਣਾ ਕਿੱਦਾਂ ਤਲਵਾਰਾਂ ਕੱਢ ਕੇ ਕਰਾਂਗੇ?"

ਕਈ ਵਾਰ ਅਜਿਹੀ ਬਹਿਸ ਵਿਚ ਸੁਰਜਨ ਕੇਂਦਰ ਬਿੰਦੂ ਬਣ ਜਾਂਦਾ। ਹਰ ਕੋਈ ਉਸ ਨੂੰ ਹੀ ਸਵਾਲ ਕਰ ਰਿਹਾ ਹੁੰਦਾ। ਨਸਲਵਾਦ ਦਾ ਸਾਹਮਣਾ ਕਰਨ ਬਾਰੇ ਉਹ ਦਸਦਾ,

"ਨਸਲਵਾਦ ਦਾ ਸਾਹਮਣਾ ਸਾਨੂੰ ਜਥੇਬੰਦ ਹੋ ਕੇ, ਕਾਨੂੰਨ ਦਾ ਸਹਾਰਾ ਲੈ ਕੇ ਕਰਨਾ ਪਵੇਗਾ। ਇਹ ਠੀਕ ਐ ਕਿ ਪੁਲੀਸ ਵਿਚ ਵੀ ਨਸਲਵਾਦੀ ਹੈਗੇ ਆ ਪਰ ਕਾਨੂੰਨ ਵੀ ਤਾਂ ਕੋਈ ਚੀਜ਼ ਐ। ਜਥੇਬੰਦ ਹੋ ਕੇ ਪੁਲੀਸ ਉਪਰ ਵੀ ਪਰੈਸ਼ਰ ਪਾਉਣ ਦੀ ਲੋੜ ਪਵੇਗੀ, ਜੇ ਫਿਰ ਵੀ ਗੱਲ ਨਾ ਬਣੀਂ ਤਾਂ ਮੀਡੀਏ ਤਕ ਅਪਰੋਚ ਕੀਤੀ ਜਾਵੇ।"

"ਸੁਰਜਣਾ, ਇਹ ਤਾਂ ਲੀਡਰਾਂ ਵਾਲਾ ਭਾਸ਼ਣ ਐਂ।"

"ਓ ਭਾਈ, ਮੈਂ ਕੋਈ ਲੀਡਰ ਨਹੀਂ, ਮੈਂ ਤਾਂ ਜੋ ਮਹਿਸੂਸ ਕਰਦਾਂ ਕਹਿ ਰਿਹਾਂ। ਹਾਲੇ ਤਾਂ ਸਾਡੇ ਟੱਬਰ ਆਉਣੇ ਸ਼ੁਰੂ ਹੋਣੇ ਆਂ, ਸਾਡੀਆਂ ਮੁਸ਼ਕਲਾਂ ਹਾਲੇ ਵਧਣੀਆਂ। ਜਦੋਂ ਸਾਡੇ ਆਹ ਗੁਰਦਵਾਰੇ, ਮੰਦਰ, ਮਸਜਿਦਾਂ ਹੋਰ ਬਣੀਆਂ ਤਾਂ ਨਸਲਵਾਦੀਆਂ ਨੇ ਹੋਰ ਤੰਗ ਹੋਣਾਂ।"

"ਇਕ ਗੱਲ ਨਹੀਂ ਮੈਨੂੰ ਸਮਝ ਲਗਦੀ ਕਿ ਲੋਕ ਸਾਨੂੰ ਪਾਕੀ ਕਿਉਂ ਕਹਿੰਦੇ ਆ, ਇਹਨਾਂ ਸਾਲ਼ਿਆਂ ਨੂੰ ਪਤਾ ਈ ਨਹੀਂ ਕਿ ਅਸੀਂ ਇੰਡੀਅਨ ਆਂ।"

"ਕਿਸੇ ਦੇ ਮੱਥੇ 'ਤੇ ਲਿਖਿਆ ਹੋਇਆ ਕਿ ਉਹ ਪਾਕਿਸਤਾਨੀ ਆਂ ਜਾਂ ਇੰਡੀਅਨ। ਪਾਕੀ ਤਾਂ ਉਹ ਸਾਡੇ ਰੰਗ ਨੂੰ ਕਹਿੰਦੇ ਆ। ਇਕ ਹੋਰ ਗੱਲ ਮੈਂ ਦੇਖੀ ਕਿ ਕਈ ਇੰਡੀਅਨ ਆਪਣੇ ਆਪ ਨੂੰ ਕਾਲ਼ਿਆ ਨਾਲੋਂ ਅਲੱਗ ਕਰਕੇ ਦੇਖਦੇ ਆ ਪਰ ਸੱਚ ਇਹ ਐ ਕਿ ਅਸੀਂ ਵੀ ਕਾਲ਼ੇ ਹੀ ਆਂ, ਨਸਲਵਾਦੀ ਸਾਨੂੰ ਸਭ ਨੂੰ ਇਕੋ ਜਿਹੀ ਨਫਰਤ ਕਰਦੈ।"

ਸੁਰਜਨ ਦੀਆਂ ਗੱਲਾਂ ਉਪਰ ਯੂਨੀਅਨ ਦਾ ਰੈਪ ਦਲੀਪ ਸੱਗੂ ਸਿਰ ਮਾਰਦਾ ਬੋਲਦਾ,

"ਬਈ ਗੱਲਾਂ ਤਾਂ ਸੁਰਜਣ ਦੀਆਂ ਠੀਕ ਆ, ਜੇ ਇਕ ਨਸਲਵਾਦੀ ਸਾਡੇ ਖਿਲਾਫ ਜਾਂਦਾ ਤਾਂ ਚਾਰ ਗੋਰੇ ਸਾਡੇ ਹੱਕ ਵਿਚ ਵੀ ਖੜਦੇ ਆ, ਸਾਨੂੰ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਆ।"

"ਜਦ ਸਾਨੂੰ ਕੱਢਣ ਲਗੇ ਤਾ ਸਾਰੇ ਗੋਰਿਆਂ ਨੇ ਇਕ ਹੋ ਜਾਣਾਂ।"

"ਓ, ਏਨੀ ਛੇਤੀ ਨਹੀਂ ਕੱਢਦੇ, ਜੇ ਕੱਢਣਗੇ ਤਾਂ ਇਹਨਾਂ ਦੀ ਲੰਬੜਦਾਰੀ ਖਤਰੇ ਵਿਚ ਨਾ ਪਊ!"

"ਕੁਝ ਵੀ ਕਹੋ, ਇਥੇ ਵਰਗੀ ਲਾਈਫ ਕਿਸੇ ਹੋਰ ਮੁਲਕ ਵਿਚ ਹੈ ਨਹੀਂ।"

"ਨਹੀਂ ਬਈ, ਏਦਾਂ ਨਹੀਂ, ਲਾਈਫ ਇੰਡੀਆ ਦੀ ਵੀ ਮਾੜੀ ਨਹੀਂ, ਫੇਰ ਵੀ ਆਪਣਾ ਮੁਲਕ ਐ।"

ਲੰਮੀ ਬ੍ਰੇਕ ਵਿਚ ਅਜਿਹੀਆਂ ਗੱਲਾਂ ਸ਼ੁਰੂ ਹੁੰਦੀਆਂ ਤਾਂ ਚਲਦੀਆਂ ਹੀ ਰਹਿੰਦੀਆਂ। ਕਈ ਵਾਰੀ ਤਾਂ ਲੋਕ ਇਵੇਂ ਇਕੱਠੇ ਹੋ ਜਾਂਦੇ ਜਿਵੇਂ ਕੋਈ ਮਜਮਾ ਲਗਾ ਹੋਵੇ। ਇਕ ਦਿਨ ਵੇਦ ਪ੍ਰਕਾਸ਼ ਸੁਰਜਨ ਨੂੰ ਪੁੱਛਣ ਲਗਿਆ,

"ਚਾਹਲ ਸਾਹਬ, ਉਸ ਦਿਨ ਤੁਸੀਂ ਜਿਹੜੀ ਮੀਡਿਆ ਤਕ ਪਹੁੰਚ ਕਰਨ ਦੀ ਗੱਲ ਕਰਦੇ ਸੀ, ਇਹ ਕਿੱਦਾਂ ਸੰਭਵ ਹੋ ਸਕੂ, ਸਾਡੀ ਗੱਲ ਗੋਰਾ ਮੀਡੀਆ ਕਦੋਂ ਸੁਣਨ ਲਗਿਆ।"

www.PunjabiLibrary.com

"ਸ਼ਰਮਾ ਜੀ, ਤੁਸੀਂ ਇਥੇ ਦੇ ਮੀਡੀਏ ਬਾਰੇ ਦੇਖਿਆ ਹੀ ਹੋਣਾਂ ਕਿ ਇਹਨਾਂ ਨੂੰ ਅਖਬਾਰ ਵੇਚਣ ਲਈ ਕੋਈ ਸਟੂਜ ਚਾਹੀਦਾ ਹੁੰਦਾ, ਬਸ ਅਜਿਹਾ ਕੁਝ ਕੀਤਾ ਜਾਣਾ ਚਾਹੀਦਾ। ਇਕ ਮਿਸਾਲ ਦਿੰਨਾ ਬਈ ਅਸੀਂ ਆਪਣੇ ਲੋਕਾਂ ਨੂੰ ਸਮਝਾਈਏ ਕਿ ਉਹ ਹਰ ਨਸਲੀ ਹਮਲੇ ਦੀ ਪੁਲੀਸ ਕੋਲ ਰਿਪ੍ਰੋਟ ਕਰਨ, ਪੁਲੀਸ ਕੋਈ ਐਕਸ਼ਨ ਲਵੇ ਜਾਂ ਨਾ ਪਰ ਸਾਡੇ ਕੋਲ ਰਿਕ੍ਰਾਡ ਹੋਵੇ ਕਿ ਅਸੀਂ ਰਿਪ੍ਰੋਟ ਦਰਜ ਕਰਾਈ ਐ। ਅਸੀਂ ਦਸ ਰਿਪ੍ਰੋਟਾਂ ਦਰਜ ਕਰਾਈਆਂ ਹੋਣ ਤੇ ਅੱਧੀਆਂ ਤੇ ਐਕਸ਼ਨ ਨਾ ਹੋਏ ਹੋਣ ਤਾਂ ਇਹ ਮੀਡੀਏ ਲਈ ਸਟੂਜ ਬਣ ਜਾਏਗਾ।"

"ਪਰੈੱਸ ਸਾਰੀ ਇਹਨਾਂ ਦੀ ਹੀ ਐ।"

"ਠੀਕ ਐ ਪਰ ਪਰੈੱਸ ਵਿਚ ਵੀ ਗੁਰੱਪ ਹੈਗੇ, ਅਜਿਹੀਆਂ ਅਖਬਾਰਾਂ ਵੀ ਤਾਂ ਹੈਗੀਆਂ ਜੋ ਨਸਲਵਾਦ ਨੂੰ ਬੁਰੀ ਤਰ੍ਹਾਂ ਭੰਡ ਰਹੀਆਂ, ਨਾਲੇ ਸ਼ਰਮਾ ਜੀ, ਹਾਲੇ ਤਾਂ ਅਸੀਂ ਕਿਆਫੇ ਹੀ ਲਾ ਸਕਦੇ ਆਂ, ਵਕਤ ਦੱਸੇਗਾ ਕਿ ਧਾਰਾ ਕਿਧਰ ਨੂੰ ਵੇਂਹਦੀ ਐ।"

"ਸੁਰਜਣਾਂ, ਆਹ ਜਿਹੜੀਆਂ ਤੂੰ ਜਥੇਬੰਦੀਆਂ ਦੀਆਂ ਦੀ ਗੱਲ ਕਰਦਾਂ ਇਹ ਕਿਥੋਂ ਆਊਗੀ?"

"ਇਹ ਹੁਣ ਨੇਤਾ ਜੀ ਨੂੰ ਪੁੱਛੋ।"

ਸੁਰਜਨ ਨੇ ਦਲੀਪ ਸੱਗੂ ਵਲ ਹੱਥ ਕਰਦਿਆਂ ਕਿਹਾ। ਸੱਗੂ ਬੋਲਿਆ,

"ਪੰਜਾਬੀ ਵਿਚ ਕਹਿੰਦੇ ਆ ਕਿ ਲੋੜ ਕਾਢ ਦੀ ਮਾਂ ਐ, ਆਹ ਦੇਖੋ ਆਈ. ਡਬਲਯੂ. ਏ. ਬਣੀ ਐ, ਏਦਾਂ ਈ ਹੋਊ ਸਭ। ਨਾਲੇ ਇਕ ਹੋਰ ਗੱਲ ਦੱਸ ਦੇਵਾਂ, ਮੈਂ ਤਾਂ ਹੁਣ ਯੂਨੀਅਨ ਵਿਚ ਕੰਮ ਕਰਦਾਂ, ਬਹੁਤ ਕੁਝ ਦੇਖਦਾਂ, ਆਹ ਬਾਹਰੀ ਨਸਲਵਾਦ ਏਨਾ ਖਤਰਨਾਕ ਨਹੀਂ ਜਿੰਨਾ ਕਿ ਇੰਨਸਟੀਚੂਸ਼ਨਲ ਰੇਸ਼ੀਅਲਿਜ਼ਮ।"

ਦਲੀਪ ਸੱਗੂ ਦੀ ਗੱਲ ਸੁਣ ਕੇ ਉਸ ਦੇ ਕੋਲ ਬੈਠੇ ਭਾਊ ਪਰਗਟ ਸਿੰਘ ਨੇ ਆਪਣਾ ਸਿਰ ਘੁੰਮਾਇਆ ਤੇ ਬੋਲਿਆ,

"ਗੱਲ ਸੁਣ ਓ ਨੇਤਾ, ਤੂੰ ਆਹ ਨਵਾਂ ਈ ਸੱਪ ਕੱਢ ਮਾਰਿਆ, ਸਾਨੂੰ ਤਾਂ ਸਾਲ਼ਾ ਆਹ 'ਕੱਲਾ ਰੇਸ਼ੀਅਲਿਜ਼ਮ ਈ ਨਹੀਂ ਟਿਕਣ ਦਿੰਦਾ।"

"ਭਊ, ਇਹ ਸੰਸਥਾਗਤ ਨਸਲਵਾਦ ਐ ਜੋ ਅੰਦਰਖਾਤੇ ਛੁਰੀ ਵਾਂਗੂੰ ਚਲਦਾ, ਉਪਰੋਂ ਗੋਰੇ ਸਮਾਈਲ ਦੇਈ ਜਾਂਦੇ ਆ ਤੇ ਅੰਦਰ ਛੁਰੀ ਚਲਾਈ ਫੇਰਦੇ ਆ। ਇਸੇ ਨਸਲਵਾਦ ਨੇ ਕਦੇ ਕਿਸੇ ਕਾਲ਼ੇ ਨੂੰ ਰੁਆਇਲ ਡੀਨ ਦਾ ਕੰਟਰੋਲਰ ਨਹੀਂ ਬਣਨ ਦੇਣਾ। ਗੋਰਿਆਂ ਨਾਲੋਂ ਸਾਡੀਆਂ ਤਰੱਕੀਆਂ ਹੁਣੇ ਈ ਘੱਟ ਹੁੰਦੀਆਂ, ਆਹ ਯੂਨੀਅਨ ਵਿਚ ਮੇਰੇ ਤੋਂ ਯੂਨੀਅਰ ਗੋਰੇ ਨੂੰ ਵਧੀਆ ਵਿਭਾਗ ਦੇ ਦਿਤਾ। ਆਹ ਜਿਹੜਾ ਬਾਹਰੀ ਨਸਲਵਾਦ ਐ ਇਹ ਤਾਂ ਦੋ ਮਿੰਟ ਦੀ ਲੜਾਈ ਐ।"

"ਨੇਤਾ, ਮੈਨੂੰ ਤੇਰੀਆਂ ਗੱਲਾਂ ਸੁਣ ਕੇ ਨੀਂਦ ਆਉਣ ਲਗ ਪਈ ਉ, ਕੋਈ ਹੋਰ ਗੱਲ ਕਰ।"

ਭਊ ਦੀ ਗੱਲ 'ਤੇ ਕਈ ਹੱਸਦੇ ਪਰ ਸਾਰੇ ਹੀ ਗੰਭੀਰ ਹੋ ਕੇ ਇਸ ਬਾਰੇ ਸੋਚ ਰਹੇ ਹੁੰਦੇ। ਕਈ ਵਾਰ ਡਾਕ ਛਾਂਟਦਿਆਂ ਵੀ ਅਜਿਹੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ। ਜਦ ਕਦੇ ਗੋਲਧਾਰੇ ਵਿਚ ਖੜ ਕੇ ਪੈਕਟ ਛਾਂਟੇ ਜਾ ਰਹੇ ਹੁੰਦੇ ਤਾਂ ਗੱਲਾਂ ਕਰਨੀਆਂ ਸੌਖੀਆਂ ਹੋ ਜਾਂਦੀਆਂ। ਗੱਲਾਂ ਗੱਲਾਂ ਵਿਚ ਵਕਤ ਵੀ ਜਲਦੀ ਨਿਕਲ ਜਾਂਦਾ। ਕਈ ਵਾਰ ਅਜਿਹੀ ਢਾਣੀ ਵਿਚ ਗੋਰੇ ਜਾਂ ਕਾਲੇ ਵੀ ਹੁੰਦੇ ਜਿਹੜੇ ਕਿ ਦੇਸੀ ਲੋਕਾਂ ਦੀ ਬੋਲੀ ਤੋਂ ਬਹੁਤ ਖਿਝਦੇ। ਕਈ ਵਾਰ ਉਹ ਆਪਣੇ ਫਰੇਮ ਬਦਲ ਕੇ ਹੋਰ ਪਾਸੇ ਜਾ ਖੜਦੇ ਤੇ ਕਈ ਵਾਰ ਨੌਬਤ ਝਗੜੇ ਤਕ ਜਾ ਪੁੱਜਦੀ ਪਰ ਬਹੁਤ ਘੱਟ।

ਇਹ ਠੀਕ ਸੀ ਕਿ ਪੰਜਾਬੀ ਜਾਂ ਹੋਰ ਹਿੰਦੁਸਤਾਨੀ ਜ਼ੁਬਾਨਾਂ ਬੋਲਣ ਵਾਲੇ ਲੋਕ ਆਪਸ ਵਿਚ ਆਪਣੀ ਬੋਲੀ ਵਿਚ ਹੀ ਗੱਲ ਕਰਦੇ ਸਨ ਜੋ ਕਿ ਦੂਜਿਆਂ ਨੂੰ ਬੁਰੀ ਲਗਦੀ ਪਰ ਫਿਰ ਵੀ ਗੋਰੇ-ਕਾਲੇ ਦੇ ਸਬੰਧ ਬੁਰੇ ਨਹੀਂ ਸਨ। ਰੁਆਇਲ ਡੀਨ ਵਿਚ ਦੋ ਯੂਨੀਅਨਾਂ ਸਨ; ਇਕ ਪੋਸਟਮੈਨ ਯੂਨੀਅਨ ਤੇ ਦੂਜੀ ਪੋਸਟਮੈਨ ਹਾਇਰ ਗਰੇਡ ਦੀ ਯੂਨੀਅਨ। ਦੋਨਾਂ ਵਿਚ ਹੀ ਕਾਲੇ ਤੇ ਏਸ਼ੀਅਨ ਪ੍ਰਤੀਨਿਧ ਸਨ।

ਸ਼ਿਵਰਾਜ ਨੇ ਕ੍ਰਿਸਮਸ ਤੋਂ ਬਾਅਦ ਮੁੜ ਜਾਣ ਦਾ ਫੈਸਲਾ ਕਰ ਲਿਆ ਸੀ। ਜਦੋਂ ਦਾ ਉਹ ਲੰਡਨ ਟਰਾਂਸਪੋਰਟ ਵਿਚ ਡਰਾਈਵਰ ਲਗਿਆ ਸੀ, ਉਸ ਉਪਰ ਕਈ ਨਸਲੀ ਹਮਲੇ ਹੋ ਚੁੱਕੇ ਸਨ, ਇਸ ਕਰਕੇ ਉਹ ਹੋਰ ਵੀ ਕਾਹਲਾ ਸੀ। ਉਸ ਨੇ ਬ੍ਰਿਟਿਸ਼ ਪਾਸਪੋਰਟ ਲਈ ਅਰਜ਼ੀ ਦਿਤੀ ਹੋਈ ਸੀ ਜਿਸ ਕਰਕੇ ਉਹ ਲੇਟ ਹੋ ਰਿਹਾ ਸੀ। ਸਾਰੇ ਦੋਸਤਾਂ ਨੇ ਸਲਾਹ ਦਿਤੀ ਸੀ ਕਿ ਵਾਪਸ ਆਉਣਾ ਜਾਂ ਨਾ ਆਉਣਾ ਉਸ ਦੀ ਮਰਜ਼ੀ ਹੈ ਪਰ ਬ੍ਰਿਟਿਸ਼ ਨੈਸ਼ਨੈਲਟੀ ਲੈ ਲੈਣੀ ਚਾਹੀਦੀ ਹੈ ਤਾਂ ਜੋ ਜਦ ਚਾਹੇ ਵਾਪਸ ਆ ਸਕੇ। ਇੰਡੀਅਨ ਪਾਸਪੋਰਟ ਵਾਲੇ ਨੂੰ ਇੰਗਲੈਂਡ ਦੀ ਸਟੇਅ ਰੱਖਣ ਲਈ ਦੋ ਸਾਲ ਦੇ ਵਿਚ ਵਿਚ ਮੁੜਨਾ ਪੈਂਦਾ ਸੀ ਨਹੀਂ ਤਾਂ ਉਸ ਦਾ ਬਰਤਾਨੀਆਂ ਵਿਚ ਰਹਿਣ ਦਾ ਹੱਕ ਖੁੱਸ ਜਾਂਦਾ।

ਕਰਦਿਆਂ ਕਰਾਉਂਦਿਆਂ ਮਾਰਚ ਆ ਗਿਆ ਜਦ ਸ਼ਿਵਰਾਜ ਦੀ ਵਾਪਸੀ ਦੀ ਤਿਆਰੀ ਹੋਈ। ਉਸ ਨੂੰ ਵੱਡੀ ਵਿਦਾਇਗੀ ਪਾਰਟੀ ਦਿਤੀ ਗਈ। ਕਿੰਨੇ ਹੀ ਲੋਕ ਉਸ ਨੂੰ ਅਲਵਿਦਾ ਕਹਿਣ ਲਈ ਏਅਰ ਪੋਰਟ ਗਏ। ਸੁਰਜਨ, ਬਨਾਰਸੀ ਦਾਸ, ਅਵਤਾਰ

www.PunjabiLibrary.com

ਤੇ ਅਰਜਨ ਸਿੰਘ ਈਸਟ ਲੰਡਨ ਤੋਂ ਸ਼ਿਵਰਾਜ ਦੇ ਨਾਲ ਹੀ ਗਏ। ਚਮਨ ਲਾਲ, ਬਲਦੇਵ ਤੇ ਗੁਰਨਾਮ ਸਿੱਧੇ ਏਅਰ ਪੋਰਟ ਪੁੱਜ ਗਏ। ਸਾਊਥਾਲ ਵਾਲੇ ਦੋਸਤ ਈਸਟ ਲੰਡਨ ਵਾਲਿਆਂ ਨੂੰ ਦੇਰ ਬਾਅਦ ਮਿਲੇ ਸਨ ਇਸ ਲਈ ਮੱਛਰੇ ਜਿਹੇ ਪਏ ਸਨ। ਗੁਰਨਾਮ ਨੇ ਆਪਣੀ ਆਦਤ ਮੁਤਾਬਕ ਕਿਹਾ,

"ਲਿਆ ਓਏ ਬਾਹਮਣਾ, ਕੋਈ ਬੋਤਲ ਸ਼ੋਤਲ, ਸਾਡਾ ਭਰਾ ਛੱਡ ਕੇ ਚੱਲਿਆ, ਜ਼ਰਾ ਦਿਲ ਖੜਾ ਕਰੀਏ।"

"ਕਿਉਂ ਸਿੰਘਾ, ਮੈਂ ਕਿਉਂ ਲਿਆਵਾਂ, ਤੂੰ ਲਿਆ ਬੋਤਲ, ਇਕ ਤਾਂ ਤੇਰੇ ਇਲਾਕੇ 'ਚ ਆਏ ਆਂ ਤੇ ਦੂਜਾ ਮੇਰੇ ਦਿਲ ਨੂੰ ਡੋਬਾ ਪਈ ਜਾਂਦੈ, ਮੇਰਾ ਕਿਰਾਏਦਾਰ ਚੱਲਿਆ, ਮੇਰਾ ਹੁਣ ਕਿਰਾਇਆ ਮਾਰਿਆ ਜਾਣੈ।"

"ਕਿਰਾਏਦਾਰ ਤਾਂ ਹੋਰ ਮਿਲ ਜਾਊ।"

"ਪਰ ਰੈਗੂਲਰ ਕਿਰਾਇਆ ਦੇਣ ਵਾਲਾ ਨਹੀਂ ਮਿਲਣਾ ਨਾ।"

"ਸਿੱਧਾ ਕਹਿ ਬਈ ਸ਼ਿਵਰਾਜ ਭਲਾਮਾਣਸ ਬੰਦਾ ਸੀ ਤੇ ਤੇਰੀ ਬਾਹਮਣੀ ਸੇਫ ਸੀ।"

"ਸਿੰਘਾ, ਬਾਹਮਣੀ ਦਾ ਤੂੰ ਫਿਕਰ ਨਾ ਕਰ, ਓਹਦੇ ਜੋਗਾ ਮੈਂ ਹੈਗਾਂ ਹਾਲੇ, ਤੂੰ ਬੋਤਲ ਦਾ ਪ੍ਰਬੰਧ ਕਰ।"

ਬੋਤਲ ਦਾ ਪ੍ਰਬੰਧ ਬਲਦੇਵ ਨੇ ਕੀਤਾ ਹੋਇਆ ਸੀ। ਕੋਕ ਦੀਆਂ ਵੱਡੀਆਂ ਬੋਤਲਾਂ ਵਿਚ ਵਿਸਕੀ ਪਾਈ ਹੋਈ ਸੀ। ਪਰਦੇ ਜਿਹੇ ਨਾਲ ਏਅਰ ਪੋਰਟ ਦੀ ਭੀੜ ਤੋਂ ਬਚਦਾ ਬਲਦੇਵ ਸਭ ਲਈ ਪੈੱਗ ਭਰਨ ਲਗਿਆ।

## ਨੌਂ

ਅਕਤੂਬਰ ਦੇ ਮਹੀਨੇ ਵਿਚ ਆ ਕੇ ਤਾਪਮਾਨ ਘਟਣ ਲਗਿਆ ਖਾਸ ਤੌਰ ਤੇ ਰਾਤ ਨੂੰ ਤਾਂ ਬਹੁਤ ਠੰਡ ਹੋ ਜਾਂਦੀ। ਲੰਡਨ ਦੀਆਂ ਕੰਧਾਂ ਉਪਰ ਜੋ ਪੁਰਾਣਾਪਨ ਛਾਇਆ ਰਹਿੰਦਾ ਸੀ ਅਜਿਹੇ ਮੌਸਮ ਵਿਚ ਹੋਰ ਗੂੜ੍ਹਾ ਦਿਸਦਾ। ਬਹੁਤਾ ਸਮਾਂ ਭਾਰੇ ਬਦਲ ਛਾਏ ਰਹਿੰਦੇ, ਲਗਦਾ ਕਿ ਹੁਣੇ ਹੀ ਮੀਂਹ ਪੈਣ ਲਗ ਪਵੇਗਾ। ਅਜਿਹੇ ਮੌਸਮ ਵਿਚ ਵੀ ਸੁਰਜਨ ਪੂਰੇ ਜੋਸ਼ ਵਿਚ ਸੀ। ਉਹ ਬੱਚੀਆਂ ਨੂੰ ਸਕੂਲ ਛੱਡ ਕੇ ਆ ਰਿਹਾ ਸੀ। ਵੱਡੀ ਗੁਰਿੰਦਰ ਤੋਂ ਬਿਨਾਂ ਬਾਕੀ ਚਾਰਾਂ ਲਈ ਨਵੀਂ ਜ਼ਿੰਦਗੀ ਸ਼ੁਰੂ ਹੋ ਰਹੀ ਸੀ। ਗੁਰਿੰਦਰ ਸੋਲਾਂ ਸਾਲ ਦੀ ਹੋ ਚੁੱਕੀ ਹੋਣ ਕਾਰਨ ਉਸ ਲਈ ਸਕੂਲ ਜਾਣਾ ਜ਼ਰੂਰੀ ਨਹੀਂ ਸੀ। ਸੁਰਜਨ ਸਿੰਘ ਨੇ ਕੁੜੀਆਂ ਨੂੰ ਸਕੂਲ ਭੇਜਣ ਤੋਂ ਪਹਿਲਾਂ ਸਕੂਲ ਦੇ ਹੈਡਮਾਸਟਰ ਨਾਲ ਲੰਮੀ ਮੁਲਾਕਾਤ ਕੀਤੀ। ਦੱਸਿਆ ਕਿ ਬੱਚੀਆਂ ਕਿਹੜੇ ਹਾਲਾਤ ਵਿਚ ਪਲ਼ੀਆਂ, ਵੱਡੀਆਂ ਹੋਈਆਂ ਤੇ ਕਿਹੋ ਜਿਹੇ ਸਕੂਲ ਵਿਚ ਗਈਆਂ। ਹੈਡਮਾਸਟਰ ਨੂੰ ਵੀ ਕੁੜੀਆਂ ਸਾਹਮਣੇ ਤੇ ਸਟਾਫ ਸਾਹਮਣੇ ਆਉਣ ਵਾਲੀਆਂ ਮੁਸ਼ਕਲਾਂ ਦਾ ਪਤਾ ਸੀ। ਸਕੂਲ ਵਿਚ ਕੁਝ ਪਰਵਾਸੀ ਬੱਚੇ ਆ ਗਏ ਸਨ ਜਿਹੜੇ ਕਿ ਅੰਗਰੇਜ਼ੀ ਤੋਂ ਬਿਲਕੁਲ ਕੋਰੇ ਸਨ। ਉਹਨਾਂ ਲਈ ਮਹਿਕਮੇ ਨੂੰ ਕਹਿ ਕੇ ਵਿਸ਼ੇਸ਼ ਅਧਿਆਪਕ ਦਾ ਇੰਤਜ਼ਾਮ ਕਰਨਾ ਪਿਆ ਸੀ।...

ਟੱਬਰ ਦੇ ਪੁੱਜਣ ਤੇ ਸੁਰਜਨ ਸਿੰਘ ਨੇ ਹਫਤੇ ਦੀਆਂ ਛੁੱਟੀਆਂ ਕਰ ਲਈਆਂ ਸਨ। ਦੋ ਕੁ ਦਿਨ ਅਰਾਮ ਕਰਕੇ ਉਸ ਨੇ ਸਭ ਨੂੰ ਟਿਊਬ ਰਾਹੀਂ ਤੇ ਬੱਸ ਰਾਹੀਂ ਲੰਡਨ ਦੀ ਮੋਟੀ ਮੋਟੀ ਸੈਰ ਕਰਾ ਦਿਤੀ ਜਿਸ ਨਾਲ ਉਹਨਾਂ ਨੂੰ ਇਸ ਮੁਲਕ ਦਾ ਹਲਕਾ ਜਿਹਾ ਅੰਦਾਜ਼ਾ ਲਗ ਗਿਆ ਸੀ। ਉਸ ਨੂੰ ਆਪ ਲੰਡਨ ਘੁੰਮਣ ਦਾ ਸ਼ੌਂਕ ਸੀ। ਉਹ ਬੱਚਿਆਂ ਨੂੰ ਕਿਸੇ ਜਗਾਹ ਲੈ ਜਾ ਕੇ ਵਿਸਥਾਰ ਵਿਚ ਦੱਸਣ ਲਗਦਾ। ਕਿਸੇ ਦੇ ਬਹੁਤਾ ਕੁਝ ਪੱਲੇ ਨਹੀਂ ਸੀ ਪੈਂਦਾ। ਉਹ ਐਵੇਂ ਹੀ ਸਿਰ ਹਿਲਾਈ ਜਾਂਦੇ। ਕੁੜੀਆਂ ਕਈ ਵਾਰ ਤਾਂ ਡੌਰ-ਭੌਰ ਹੋਈਆਂ ਆਲੇ-ਦੁਆਲੇ ਦੇਖਦੀਆਂ ਰਹਿੰਦੀਆਂ। ਵੱਡੀ ਗੁਰਿੰਦਰ ਤਾਂ ਸੁਰਜਨ ਤੋਂ ਸੰਗੀ ਹੀ ਜਾਂਦੀ ਸੀ। ਜਿਵੇਂ ਉਹ ਚਿੱਠੀਆਂ ਵਿਚ ਖੁਲ੍ਹ ਕੇ ਗੱਲਾਂ ਲਿਖਦੀ ਸੀ, ਆ ਕੇ ਉਸ ਨੇ ਇਕ ਗੱਲ ਵੀ ਉਵੇਂ ਨਹੀਂ ਸੀ ਕੀਤੀ। ਛੋਟੀ ਬਲਜਿੰਦਰ ਦਾ ਵੀ ਇਹੋ ਹਾਲ ਸੀ ਪਰ ਉਸ ਤੋਂ ਦੋ ਸਾਲ ਛੋਟੀ ਸੁਰਿੰਦਰ, ਫਿਰ ਸੁਖਵੀਰ ਤੇ ਰਣਜੀਤ ਹਰ ਵੇਲੇ ਉਸ ਨੂੰ ਚੁੰਬੜੀਆਂ ਰਹਿੰਦੀਆਂ। ਕੰਮ ਤੋਂ ਮੁੜਦੇ ਨੂੰ ਹੀ ਘੇਰ ਲੈਂਦੀਆਂ। ਉਸ ਦੇ ਮੋਢਿਆਂ ਤੇ ਚੜ੍ਹ ਜਾਂਦੀਆਂ। ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਣ ਲਗਦੀਆਂ। ਉਹਨਾਂ ਦੇ ਆਉਣ ਨਾਲ ਬਨਾਰਸੀ ਦਾਸ ਦੇ ਮੁੰਡੇ ਵੀ ਤੇਜ਼ ਹੋ ਗਏ ਸਨ। ਲਾਜਵੰਤੀ ਵੀ ਕੁੜੀਆਂ ਨੂੰ ਬਹੁਤ ਪਿਆਰ ਕਰਦੀ।

ਸੁਰਜਨ ਦੇ ਟੱਬਰ ਆਏ ਤੇ ਅਵਤਾਰ ਇਕ ਵਾਰ ਘਰ ਆਇਆ ਸੀ ਪਰ ਮੁੜ ਗਿਆ ਸੀ ਤੇ ਜਾਂਦਾ ਹੋਇਆ ਬੋਲਿਆ,

"ਅੰਕਲ ਜੀ, ਭਾਜੀ ਜਦ ਤਕ ਰਹਿਣ ਠੀਕ ਐ, ਬਾਅਦ ਵਿਚ ਇਹ ਮੇਰਾ ਕਮਰਾ ਪਹਿਲਾਂ ਵਾਗ ਹੀ ਰੱਖ ਲੈਣਾ, ਕਿਸੇ ਹੋਰ ਨੂੰ ਰੈਂਟ ਨਾ ਕਰਨਾ।"

"ਤੂੰ ਫਿਕਰ ਨਾ ਕਰ ਯੰਗ ਮੈਨ, ਤੇਰਾ ਪੱਕਾ ਟਿਕਾਣਾ ਇਹੋ ਐ।"

ਬਨਾਰਸੀ ਦਾਸ ਨੇ ਕਿਹਾ। ਅਵਤਾਰ ਜਿਵੇਂ ਹੁਣ ਉਹਨਾਂ ਦੇ ਘਰ ਦਾ ਜੀਅ ਹੀ ਬਣ ਚੁੱਕਿਆ ਹੋਵੇ। ਅਵਤਾਰ ਦੀ ਕਾਰ ਨੂੰ ਉਹ ਆਪਣੀ ਕਾਰ ਸਮਝ ਵਰਤਦੇ ਸਨ ਤੇ ਅਵਤਾਰ ਜਿਵੇਂ ਡਰਾਈਵਰ ਹੋਵੇ ਪਰ ਬਦਲੇ ਵਿਚ ਅਵਤਾਰ ਨੂੰ ਵੀ ਬਹੁਤ

ਸਾਰੀਆਂ ਸਹੂਲਤਾਂ ਸਨ। ਜਿੰਨਾ ਚਿਰ ਉਸ ਨੇ ਇੰਡੀਆ ਰਹਿਣਾ ਹੁੰਦਾ ਕੋਈ ਕਿਰਾਇਆ ਨਹੀਂ ਸੀ ਲਿਆ ਜਾਂਦਾ, ਜੇ ਕਦੇ ਉਸ ਦਾ ਕੰਮ ਛੁੱਟ ਜਾਂਦਾ ਤਾਂ ਵੀ ਬਨਾਰਸੀ ਦਾਸ ਕਿਰਾਇਆ ਨਾ ਲੈਂਦਾ।

ਉਪਰਲੇ ਤਿੰਨੇ ਕਮਰੇ ਉਹਨਾਂ ਕੋਲ ਸਨ। ਇਕ ਕਮਰਾ ਸੁਰਜਨ ਸਿੰਘ ਤੇ ਪਰਕਾਸ਼ ਕੋਰ ਕੋਲ, ਇਕ ਕਮਰੇ ਵਿਚ ਤਿੰਨ ਕੁੜੀਆਂ ਤੇ ਛੋਟੇ ਬੌਕਸ ਰੂਮ ਵਿਚ ਛੋਟੀਆਂ ਦੋਵੇਂ। ਉਹਨਾਂ ਨੂੰ ਇਕ ਕਿਸਮ ਨਾਲ ਪੂਰਾ ਘਰ ਬੰਨਣਾਂ ਪਿਆ ਸੀ। ਭਾਵੇਂ ਬਹੁਤਾ ਸਮਾਨ ਨਹੀਂ ਸੀ ਖਰੀਦਿਆ ਪਰ ਬਹੁਤ ਖਰਚ ਹੋ ਰਿਹਾ ਸੀ। ਪਹਿਲਾਂ ਪਰਿਵਾਰ ਨੂੰ ਇੰਗਲੈਂਡ ਪੁਜਦਾ ਕਰਨ ਵਿਚ ਹੀ ਬਹੁਤ ਪੈਸੇ ਲਗੇ ਸਨ। ਇੰਨੇ ਜੀਆਂ ਦਾ ਕਿਰਾਇਆ ਹੀ ਨਹੀਂ ਮਾਣ। ਇਥੇ ਆ ਕੇ ਸਭ ਲਈ ਗਰਮ ਕਪੜੇ, ਬਿਸਤਰਿਆਂ ਲਈ ਵਿਛਾਉਣੇ ਆਦਿ ਲੈਣੇ ਪਏ ਸਨ। ਜਮ੍ਹਾਂ ਪੂੰਜੀ ਖਤਮ ਹੋਣ ਨੂੰ ਸੀ। ਇਕ ਦਿਨ ਗੁਰਨਾਮ ਨੇ ਉਸ ਨੂੰ ਕਿਹਾ,

“ਯਾਰ ਚਾਹਲ, ਮੈਨੂੰ ਪਤਾ ਟੱਬਰ ਆਏ ‘ਤੇ ਹੱਥ ਤੰਗ ਹੋ ਜਾਂਦਾ, ਮੇਰੇ ਕੋਲ ਕੁਝ ਪੈਸੇ ਹੈਗੇ ਆ, ਕੁਝ ਦੋਸਤਾਂ ਤੋਂ ਇਕੱਠੇ ਕਰ ਲੈਨੇ ਆਂ, ਮੈਂ ਕਹਿੰਨਾ ਕਿਰਾਏ ਤੇ ਰਹਿਣ ਨਾਲੋਂ ਆਪਣਾ ਘਰ ਈ ਲੈ ਲਾ।”

“ਥੈਂਕਿਊ ਗੁਰਨਾਮ, ਮੈਂ ਸੋਚੂੰਗਾ, ਜੇ ਲੋੜ ਹੋਈ ਤਾਂ ਦਸੂੰ।”

ਉਸ ਨੇ ਗੱਲ ਟਰਕਾ ਦਿਤੀ ਪਰ ਨਾਲ ਹੀ ਗੁਰਨਾਮ ਦਾ ਇਵੇਂ ਸੋਚਣਾ ਚੰਗਾ ਵੀ ਲਗਿਆ ਕਿ ਦੋਸਤ ਨੇ ਫਿਕਰ ਕੀਤਾ। ਉਹ ਉਧਾਰ ਫੜਨ ਦੇ ਬਹੁਤ ਖਿਲਾਫ ਸੀ। ਉਸ ਨੂੰ ਚਾਦਰ ਦੇਖ ਕੇ ਪੈਰ ਪਸਾਰਨੇ ਆਉਂਦੇ ਸਨ। ਉਹ ਪਤਨੀ ਲਈ ਕੰਮ ਲੱਭਣ ਲਈ ਹੱਥ ਪੈਰ ਮਾਰਨ ਲਗਿਆ। ਅਰਜਨ ਸਿੰਘ ਦੀ ਪਤਨੀ ਗੁਰਬੰਸ ਕੋਰ ਮੈਨਰ ਪਾਰਕ ਵਿਚ ਇਕ ਫੈਕਟਰੀ ਵਿਚ ਕੰਮ ਕਰਦੀ ਸੀ, ਪਰਕਾਸ਼ ਕੋਰ ਨੂੰ ਵੀ ਉਥੇ ਹੀ ਕੰਮ ਮਿਲ ਗਿਆ। ਉਸ ਦੇ ਮਗਰ ਅਗਲੇ ਹਫਤੇ ਗੁਰਿੰਦਰ ਨੂੰ ਵੀ ਮਾਂ ਦੇ ਨਾਲ ਹੀ ਕੰਮ ਦੀ ਪੇਸ਼ਕਸ਼ ਹੋ ਗਈ। ਪਰਕਾਸ਼ ਕੋਰ ਨੂੰ ਪਹਿਲਾਂ ਕੰਮ ‘ਤੇ ਜਾਣ ਲਈ ਬੱਸਾਂ ਨੂੰ ਸਮਝਣ ਵਿਚ ਤਕਲੀਫ ਆਈ ਪਰ ਜਦ ਗੁਰਿੰਦਰ ਵੀ ਉਹਦੇ ਨਾਲ ਜਾਣ ਲਗੀ ਤਾਂ ਮਸਲਾ ਹੱਲ ਹੋ ਗਿਆ। ਸੁਰਜਨ ਨੇ ਪਰਕਾਸ਼ ਕੋਰ ਨੂੰ ਹੈਲੋ, ਥੈਕਿਊ, ਪਲੀਜ਼ ਵਰਗੇ ਲਫਜ਼ਾਂ ਦਾ ਰੱਟਾ ਲਵਾ ਦਿਤਾ ਸੀ।

ਫੈਕਟਰੀ ਵਿਚ ਪੈਕਿੰਗ ਦਾ ਕੰਮ ਹੁੰਦਾ ਸੀ। ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਡੱਬਿਆਂ ਵਿਚ ਬੰਦ ਕੀਤੀਆਂ ਜਾਂਦੀਆਂ। ਚਾਲੀ ਕੁ ਔਰਤਾਂ ਕੰਮ ਕਰਦੀਆ ਸਨ। ਜ਼ਿਆਦਾਤਰ ਗੋਰੀਆਂ ਹੀ ਸਨ। ਜਿਹੜੀਆਂ ਏਸ਼ੀਅਨ ਔਰਤਾਂ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਉਹਨਾਂ ਲਈ ਚੰਦਾ ਨਾਂ ਦੀ ਗੁਜਰਾਤਣ ਦੁਭਾਸ਼ਣ ਦਾ ਕੰਮ ਕਰ ਦਿੰਦੀ। ਕੰਮ ਭਾਰਾ ਨਹੀਂ ਸੀ। ਹੋਰਨਾਂ ਫੈਕਟਰੀਆਂ ਤੋਂ ਤਨਖਾਹ ਕੁਝ ਘੱਟ ਸੀ ਪਰ ਬੱਝਵੀਂ ਜਿਹੀ ਮਿਲਦੀ ਰਹਿੰਦੀ ਸੀ। ਸੁਰਜਨ ਸੋਚਦਾ ਕਿ ਪਰਕਾਸ਼ ਕੋਰ ਲਈ ਇਹੋ ਠੀਕ ਸੀ, ਸਮਾਂ ਪਾ ਕੇ ਗੁਰਿੰਦਰ ਲਈ ਕਿਧਰੇ ਹੋਰ ਜ਼ਿਆਦਾ ਤਨਖਾਹ ਵਾਲਾ ਕੰਮ ਮਿਲ ਜਾਵੇਗਾ ਤਾਂ ਦੇਖੀ ਜਾਵੇਗੀ।

ਉਹਨਾਂ ਦਾ ਨਵਾਂ ਵਧੀਆ ਰੁਟੀਨ ਬਣ ਗਿਆ। ਸਰੁਜਨ ਸਿੰਘ ਤਾਂ ਸਾਝਰੇ ਹੀ ਕੰਮ ਲਈ ਨਿਕਲ ਜਾਂਦਾ। ਗੁਰਿੰਦਰ ਤੇ ਪਰਕਾਸ਼ ਕੋਰ ਅੱਠ, ਸਵਾ ਅੱਠ ਘਰੋਂ ਨਿਕਲਦੀਆਂ। ਦੂਜੀਆਂ ਕੁੜੀਆ ਲਈ ਸਕੂਲ ਘਰ ਦੇ ਨਜ਼ਦੀਕ ਹੀ ਸੀ। ਘਰ ਦੇ ਨਾਲ ਹੀ ਇਕ ਐਲੀਵੇਅ ਪੈਂਦੀ ਸੀ, ਇਸ ਐਲੀਵੇਅ ਰਾਹੀਂ ਸਕੂਲ ਜਾਣ ਨੂੰ ਸਿਰਫ ਤਿੰਨ ਮਿੰਟ ਲਗਦੇ। ਟਰੈਫਿਕ ਦਾ ਡਰ ਵੀ ਨਹੀਂ ਸੀ। ਲਾਜਵੰਤੀ ਛੱਡ ਆਉਂਦੀ। ਬਲਜਿੰਦਰ ਤਿਆਰ ਹੋ ਕੇ ਛੋਟੀਆਂ ਨੂੰ ਤਿਆਰ ਕਰ ਦਿੰਦੀ। ਵੱਡੀ ਸਮੱਸਿਆ ਵਾਲ ਵਾਹੁਣ ਦੀ ਹੋਣੀ ਸੀ, ਸੁਰਜਨ ਸਿੰਘ ਨੇ ਛੋਟੀਆਂ ਤਿੰਨਾਂ ਦੇ ਵਾਲ ਹੀ ਕਟਾ ਦਿਤੇ। ਲਾਜਵੰਤੀ ਉਹਨਾਂ ਨੂੰ ਸਵੇਰੇ ਕੁਝ ਖਾਣ ਲਈ ਬਣਾ ਦਿੰਦੀ ਅਤੇ ਸ਼ਾਮ ਨੂੰ ਸਾਢੇ ਤਿੰਨ ਵਜੇ ਸਕੂਲੋਂ ਮੁੜਦੀਆਂ ਨੂੰ ਵੀ ਸਾਂਭ ਲੈਂਦੀ। ਗੁਰਿੰਦਰ ਤੇ ਪਰਕਾਸ਼ ਕੋਰ ਪੰਜ ਕੁ ਵਜੇ ਆਉਂਦੀਆਂ।

ਸੁਰਜਨ ਸਿੰਘ ਘਰ ਮੁੜਦਾ ਤਾਂ ਉਸ ਨੂੰ ਇਕ ਅਜੀਬ ਜਿਹਾ ਚਾਅ ਚੜ੍ਹ ਜਾਂਦਾ। ਇਹਨਾਂ ਦਿਨਾਂ ਵਿਚ ਹੀ ਉਸ ਨੇ ਅਮਾਂਡਾ ਨੂੰ ਚਿਠੀ ਲਿਖੀ ਕਿ ਬੱਚੀਆਂ ਕਾਰਨ ਜ਼ਿੰਦਗੀ ਕਿੰਨੀ ਪਿਆਰੀ ਲਗ ਰਹੀ ਸੀ।

ਸਕੂਲ ਵਿਚ ਪਹਿਲੇ ਕੁਝ ਦਿਨ ਕੁੜੀਆਂ ਲਈ ਬਹੁਤ ਮੁਸ਼ਕਲ ਨਿਕਲੇ। ਓਪਰੀ ਧਰਤੀ, ਓਪਰੇ ਲੋਕ, ਓਪਰੀ ਬੋਲੀ। ਜਦ ਤਕ ਉਹਨਾਂ ਨੇ ਸਕੂਲ ਦੀ ਵਰਦੀ ਨਹੀਂ ਸੀ ਲਈ, ਉਹਨਾਂ ਦਾ ਪਹਿਰਾਵਾ ਵੀ ਦੂਜੇ ਬੱਚਿਆਂ ਲਈ ਹਾਸੇ ਦਾ ਕਾਰਨ ਬਣਦਾ ਰਿਹਾ। ਸਲਵਾਰ-ਸੂਟ ਸਕੂਲ ਦੇ ਬੱਚਿਆਂ ਲਈ ਬਹੁਤ ਓਪਰੀ ਚੀਜ਼ ਸੀ। ਸੁਰਜਨ ਸਿੰਘ ਨੂੰ ਬੱਚੀਆਂ ਨੂੰ ਸਕੂਲ ਭੇਜਣ ਦੀ ਕਾਹਲੀ ਹੋਣ ਕਰਕੇ ਸਕੂਲ ਦੀ ਯੂਨੀਫਾਰਮ ਖਰੀਦਣ ਨੂੰ ਕੁਝ ਦਿਨ ਲਗ ਗਏ ਸਨ। ਸਲੇਟੀ ਰੰਗ ਦੀ ਵਰਦੀ ਪਾ ਕੇ ਬੱਚੀਆਂ ਬਾਕੀ ਬੱਚਿਆਂ ਵਿਚ ਰਲ਼ਣ ਲਗੀਆਂ ਸਨ। ਵੱਡੀਆਂ ਦੋਨਾਂ ਨੂੰ ਖਾਸ ਤੌਰ ਤੇ ਬਲਜਿੰਦਰ ਨੂੰ ਸਕੱਰਟ ਪਾਉਣੀ ਬਹੁਤ ਔਖੀ ਲਗਦੀ ਸੀ। ਉਹਨਾਂ ਨੂੰ ਉਮਰ ਦੇ ਹਿਸਾਬ ਨਾਲ ਕਲਾਸਾਂ ਵਿਚ ਦਾਖਲਾ ਮਿਲਿਆ ਸੀ। ਬਲਜਿੰਦਰ ਅੱਠਵੀ ਵਿਚੋਂ ਹਟ ਕੇ ਆਈ ਹੋਣ ਕਰਕੇ ਉਹ ਅੰਗਰੇਜ਼ੀ ਉਠਾਲ ਲੈਂਦੀ ਸੀ। ਲਿਖੇ ਨੂੰ ਦੇਖ ਕੇ ਪੜ੍ਹ ਵੀ ਲੈਂਦੀ ਪਰ ਕਿਸੇ ਦਾ ਬੋਲਿਆ ਉਸ ਦੇ ਕੁਝ ਪੱਲੇ ਨਹੀਂ ਸੀ ਪੈਂਦਾ। ਸੁਰਿੰਦਰ ਛੇਵੀਂ ਵਿਚੋਂ ਹਟ ਕੇ ਆਈ ਹੋਣ ਕਰਕੇ ਉਸ ਨੇ ਹਾਲੇ ਏ ਬੀ ਸੀ ਸਿੱਖੀ ਹੀ ਸੀ, ਕੁਝ ਕੁ ਅੱਖਰ ਜੋੜ ਵੀ ਲੈਂਦੀ। ਛੋਟੀਆਂ ਦੋਵੇਂ ਪਿੱਛੇ ਸਨ। ਸਕੂਲ ਵਿਚ ਉਹਨਾਂ ਦੀਆਂ ਮੁਸ਼ਕਲਾਂ ਵਾਲੇ ਹੋਰ ਏਸ਼ੀਅਨ ਬੱਚੇ ਵੀ ਸਨ। ਕੁਝ ਚੀਨੀ ਨਸਲ ਦੇ ਤੇ

www.PunjabiLibrary.com

ਕੁਝ ਅਫਰੀਕਨ ਨਸਲ ਦੇ ਬੱਚੇ ਵੀ ਇਸੇ ਸਥਿਤੀ ਵਿਚ ਦੀ ਲੰਘ ਰਹੇ ਸਨ। ਸਾਰਾ ਦਿਨ ਜਮਾਤ ਵਿਚ ਬੈਠੇ ਰਹਿਣ ਕਾਰਨ ਵੀ ਕੁਝ ਪੱਲੇ ਨਾ ਪੈਂਦਾ। ਇਸੇ ਕਾਰਨ ਪਰਵਾਸੀ ਬੱਚਿਆਂ ਲਈ ਪਰਵਾਸੀ ਅਧਿਆਪਕਾਂ ਦੀ ਮੰਗ ਵਧਣ ਲਗੀ।

ਓਪਰੀ ਬੋਲੀ ਦੇ ਨਾਲ ਨਾਲ ਉਹਨਾਂ ਨੂੰ ਕਈ ਵਾਰ ਭੱਦੇ ਮਜ਼ਾਕ ਵੀ ਸਹਿਣੇ ਪੈਂਦੇ। ਗੋਰੇ ਬੱਚੇ ਉਹਨਾਂ ਉਪਰ ਹੱਸਦੇ, ਛੇੜਦੇ ਤੇ ਨਸਲਵਾਦੀ ਗਾਲ੍ਹਾਂ ਵੀ ਕੱਢਦੇ ਜਿਹੜੀਆਂ ਉਹਨਾਂ ਨੇ ਆਪਣੇ ਵੱਡਿਆਂ ਤੋਂ ਸਿਖੀਆਂ ਹੁੰਦੀਆਂ। ਇਹਨਾਂ ਕੁੜੀਆਂ ਨੂੰ ਬਹੁਤ ਦੇਰ ਤਕ ਤਾਂ ਦੂਜੇ ਬੱਚਿਆਂ ਦੀਆਂ ਚੰਗੀਆਂ-ਮਾੜੀਆਂ ਹਰਕਤਾਂ ਦੀ ਸਮਝ ਹੀ ਨਾ ਆਈ। ਉਂਗਲਾਂ ਦਿਖਾ ਕੇ ਕੀਤੇ ਇਸ਼ਾਰੇ ਉਹਨਾਂ ਦੇ ਪੱਲੇ ਨਾ ਪੈਂਦੇ। ਉਹ ਵੀ ਹੱਸ ਛੱਡਦੀਆਂ ਪਰ ਜਦ ਪੱਲੇ ਪੈਣ ਲਗੇ ਤਾਂ ਉਹਨਾਂ ਦੀਆਂ ਨਸਾਂ ਕੱਸ ਹੋਣ ਲਗਦੀਆਂ। ਵੈਸੇ ਤਾਂ ਸੁਰਜਨ ਸਿੰਘ ਉਹਨਾਂ ਨੂੰ ਸੰਭਾਵਿਤ ਦੁਰ-ਵਿਵਹਾਰ ਬਾਰੇ ਦਸਦਾ ਰਹਿੰਦਾ ਸੀ ਪਰ ਗੰਦੀਆਂ ਗਾਲ੍ਹਾਂ ਤੇ ਭੈੜੇ ਇਸ਼ਾਰਿਆਂ ਬਾਰੇ ਕੁਝ ਨਹੀਂ ਸੀ ਸਮਝਾ ਸਕਿਆ। ਗਭਲੀ ਉਂਗਲ ਜਾਂ ਦੋ ਉਂਗਲਾਂ ਦਿਖਾਉਣ ਦਾ ਕੀ ਮਤਲਬ ਹੁੰਦਾ ਹੈ ਉਹ ਦੱਸ ਨਹੀਂ ਸੀ ਸਕਿਆ। ਉਹ ਕੰਮ ਤੋਂ ਮੁੜਦਾ ਤਾਂ ਸਭ ਨੂੰ ਬਹਾਲ ਕੇ ਸਕੂਲ ਦੀ ਕਾਰਗੁਜ਼ਾਰੀ ਬਾਰੇ ਪੁੱਛਦਾ। ਬਲਜਿੰਦਰ ਚੁੱਪ ਰਹਿੰਦੀ ਪਰ ਛੋਟੀਆਂ ਦੱਸਣ ਲਗਦੀਆਂ। ਸਭ ਤੋਂ ਛੋਟੀ ਰਣਜੀਤ ਚਾਮਲ੍ਹ ਕੇ ਦਸਦੀ,

"ਡੈਡੀ, ਅੱਜ ਮੈਨੂੰ ਇਕ ਕੁੜੀ ਨੇ ਫੱਕ ਔਫ ਕਿਹਾ, ਮੈਂ ਵੀ ਕਹਿ ਦਿਤਾ।"

ਸੁਰਿੰਦਰ ਝਿੜਕ ਮਾਰ ਕੇ ਉਸ ਨੂੰ ਚੁੱਪ ਕਰਾਉਂਦੀ। ਉਹ ਹੁਣ ਸਮਝਣ ਲਗੀ ਸੀ ਕਿ ਕਿਹੜੀ ਗੱਲ ਘਰ ਆ ਕੇ ਕਰਨੀ ਹੈ ਤੇ ਕਿਹੜੀ ਨਹੀਂ ਕਰਨੀ। ਸੁਰਜਨ ਸਿੰਘ ਸੌਖੀਆਂ ਜਿਹੀਆਂ ਗੱਲਾਂ ਉਹਨਾਂ ਵਿਚ ਆਤਮ-ਵਿਸ਼ਵਾਸ ਭਰਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਇਹ ਵੀ ਦੱਸਣ ਦੀ ਕੋਸ਼ਿਸ਼ ਕਰਦਾ ਕਿ ਸਾਡੇ ਵਿਚ ਤੇ ਗੋਰਿਆਂ ਵਿਚ ਕੋਈ ਫਰਕ ਨਹੀਂ। ਇਹ ਸਾਡੇ ਨਾਲੋਂ ਕਿਸੇ ਵੀ ਗੱਲੋਂ ਵਧੀਆ ਨਹੀਂ ਤੇ ਅਸੀਂ ਕਿਸੇ ਗੱਲੋਂ ਵੀ ਘਟੀਆ ਨਹੀਂ। ਸਾਨੂੰ ਇਹ ਇਸ ਕਰਕੇ ਮਾੜੇ ਕਹਿੰਦੇ ਹਨ ਕਿਉਂਕਿ ਸਾਡਾ ਮੁਲਕ ਗਰੀਬ ਹੈ ਪਰ ਸਾਡੇ ਮੁਲਕ ਨੂੰ ਗਰੀਬ ਬਣਾਉਣ ਵਾਲੇ ਇਹੋ ਲੋਕ ਹਨ। ਕਈ ਸੌ ਸਾਲ ਤਕ ਇਹ ਸਾਡੇ ਮੁਲਕ ਨੂੰ ਲੁਟਦੇ ਰਹੇ ਹਨ, ਸਾਨੂੰ ਗਰੀਬ ਕਰਦੇ ਰਹੇ ਤੇ ਆਪ ਅਮੀਰ ਹੁੰਦੇ ਰਹੇ। ਸਾਰੇ ਗੋਰੇ ਬੁਰੇ ਨਹੀਂ ਹਨ। ਜੇ ਤੁਹਾਡੇ ਨਾਲ ਕੋਈ ਵਧੀਕੀ ਕਰਦਾ ਹੈ ਤਾਂ ਇਕ ਦਮ ਆਪਣੇ ਅਧਿਆਪਕ ਨੂੰ ਦੱਸੋ। ਬੱਚਿਆਂ ਨੂੰ ਭਾਵੇਂ ਪੂਰੀ ਗੱਲ ਸਮਝ ਨਾ ਪੈਂਦੀ ਪਰ ਕੁਝ ਕੁਝ ਸਮਝ ਵੀ ਜਾਂਦੇ।

ਸਕੂਲ ਵਿਚ ਕੋਈ ਕੋਈ ਅਧਿਆਪਕ ਵੀ ਨਸਲਵਾਦੀ ਸੀ ਪਰ ਬਹੁਤੇ ਚੰਗੇ ਤੇ ਸਹਾਈ ਸਨ। ਖਾਸ ਤੌਰ ਤੇ ਅਧਿਆਪਕਾਵਾਂ ਬਹੁਤ ਮਦਦਦਗਾਰ ਹੁੰਦੀਆਂ। ਨੌਨ-ਇੰਗਲਿਸ਼ ਅਧਿਆਪਕ ਵੀ ਉਹਨਾਂ ਦੀਆਂ ਮੁਸ਼ਕਲਾਂ ਸਮਝਦੇ ਸਨ। ਹੌਲੀ ਹੌਲੀ ਸੁਰਜਨ ਸਿੰਘ ਦੀਆਂ ਕੁੜੀਆਂ ਸਕੂਲ ਦਾ ਹਿੱਸਾ ਬਣ ਗਈਆਂ। ਸਕੂਲ ਜਾਣਾ ਉਹਨਾਂ ਨੂੰ ਚੰਗਾ ਲਗਣ ਲਗ ਪਿਆ।

ਬਲਜਿੰਦਰ ਬਹੁਤਾ ਕੁਝ ਨਾ ਸਿਖ ਸਕੀ। ਦੋ ਸਾਲ ਘੁੰਮ ਕੇ ਉਸ ਨੇ ਬੋਲਣ ਜੋਗੀ ਅੰਗਰੇਜ਼ੀ ਸਿਖ ਲਈ ਸੀ। ਸੁਰਿੰਦਰ ਅੰਗਰੇਜ਼ੀ ਪੜ੍ਹਨ-ਲਿਖਣ ਜੋਗੀ ਹੋ ਗਈ ਪਰ ਓ ਲੈਵਲ ਦੇ ਇਮਤਿਆਨਾਂ ਵਿਚ ਕੁਝ ਨਾ ਕਰ ਸਕੀ। ਬਾਰਾਂ ਸਾਲ ਦੀ ਉਮਰ ਵਿਚ ਆਈ ਹੋਣ ਕਰਕੇ ਨਾ ਉਹ ਇਧਰ ਦੀ ਸੀ ਤੇ ਨਾ ਹੀ ਓਧਰ ਦੀ। ਸੁਰਜਨ ਨੂੰ ਪਤਾ ਸੀ ਕਿ ਇਵੇਂ ਹੀ ਹੋਣਾ ਹੈ। ਉਸ ਨੂੰ ਸੁਖਵੀਰ ਤੇ ਰਣਜੀਤ ਉਪਰ ਆਸਾਂ ਸਨ। ਸੁਖਵੀਰ ਦੀ ਅੰਰਗੇਜ਼ੀ ਉਪਰ ਪੂਰੀ ਕਮਾਂਡ ਹੋ ਗਈ। ਉਹ ਤਾਂ ਹੁਣ ਸੋਚਣ ਵੀ ਅੰਗਰੇਜ਼ੀ ਵਿਚ ਹੀ ਲਗ ਪਈ ਸੀ। ਰਣਜੀਤ ਤਾਂ ਕੁਝ ਮਹੀਨਿਆਂ ਵਿਚ ਹੀ ਇਵੇਂ ਹੋ ਗਈ ਜਿਵੇਂ ਜੰਮੀ ਹੀ ਇਧਰ ਹੋਵੇ। ਹੁਣ ਉਹ ਆਪਸ ਵਿਚ ਗੱਲਾਂ ਵੀ ਅੰਗਰੇਜ਼ੀ ਵਿਚ ਹੀ ਕਰਦੀਆਂ। ਪਰਕਾਸ਼ ਕੌਰ ਨੂੰ ਉਹਨਾਂ ਦੀ ਗਿਟ-ਮਿਟ ਸਮਝ ਨਾ ਪੈਂਦੀ ਉਹ ਉਹਨਾਂ ਨੂੰ ਵਾਰ ਵਾਰ ਟੋਕ ਕੇ ਆਖਦੀ ਕਿ ਉਹ ਪੰਜਾਬੀ ਬੋਲਣ।

ਵੈਸੇ ਤਾਂ ਸੁਰਜਨ ਸਿੰਘ ਕੁੜੀਆਂ ਖਾਤਰ ਸਕੂਲ ਜਾਂਦਾ ਹੀ ਰਹਿੰਦਾ ਸੀ। ਇਕ ਤਾਂ ਕੁੜੀਆਂ ਦੀਆਂ ਗਤੀਵਿਧੀਆਂ ਦਾ ਪਤਾ ਚਲਦਾ ਰਹਿੰਦਾ ਸੀ ਤੇ ਕੁੜੀਆਂ ਨੂੰ ਹੌਸਲਾ ਵੀ ਮਿਲਦਾ ਸੀ ਪਰ ਜਦ ਤੋਂ ਇਹ ਨਵਾਂ ਹੈਡਮਾਸਟਰ ਪੀਟਰ ਜੋਨਜ਼ ਆਇਆ ਸੀ, ਉਸ ਦੇ ਗੇੜੇ ਵਧ ਗਏ ਸਨ। ਪੀਟਰ ਜੋਨਜ਼ ਭਰਵੇਂ ਸਰੀਰ ਅਤੇ ਲੰਮੇ ਕੱਦ ਵਾਲਾ ਵਾਸਕਟਬਾਲ ਦੇ ਖਿਡਾਰੀ ਜਿਹਾ ਸੀ। ਉਹ ਹਰ ਵੇਲੇ ਹੰਸੂ ਹੰਸੂ ਕਰਦਾ ਰਹਿੰਦਾ। ਖੇਡਾਂ ਵਿਚ ਉਸ ਨੂੰ ਏਨੀ ਦਿਲਚਸਪੀ ਸੀ ਕਿ ਵਿਦਿਆਰਥੀਆਂ ਨਾਲ ਆਪ ਖੇਡਣ ਜਾ ਲਗਦਾ। ਸੁਰਜਨ ਸਿੰਘ ਨੂੰ ਉਹ ਪਹਿਲੇ ਦਿਨ ਮਿਲਿਆ ਤਾਂ ਭਰਵਾਂ ਹੱਥ ਮਿਲਾਉਂਦਾ ਕਹਿਣ ਲਗਾ,

"ਸੋ ਤੁਸੀਂ ਧਾਰਮਿਕ ਵਿਅਕਤੀ ਹੋ!"

"ਨਹੀਂ, ਮੈਂ ਧਾਰਮਿਕ ਬਿਲਕੁਲ ਨਹੀਂ ਹਾਂ।"

"ਫਿਰ ਇਹ ਦਾਹੜੀ-ਪੱਗ ਕਿਉਂ?"

"ਇਹ ਤਾਂ ਮੇਰਾ ਪਹਿਰਾਵਾ ਐ, ਮੇਰੇ ਕਲਚਰ ਦੀ ਨਿਸ਼ਾਨੀ। ਮੇਰਾ ਬਾਪ ਵੀ ਪਹਿਨਦਾ ਸੀ ਤੇ ਮੇਰਾ ਬਾਬਾ ਵੀ ਤੇ ਪੜਦਾਦਾ ਵੀ। ਮੇਰੇ ਸਮਾਜ ਦੇ ਹੋਰ ਲੋਕ ਵੀ ਪੱਗ ਪਹਿਨਦੇ ਆ।"

ਸੁਰਜਨ ਸਿੰਘ ਨੂੰ ਪਹਿਲਾਂ ਵੀ ਅਜਿਹੇ ਸਵਾਲ ਪੁੱਛੇ ਜਾਂਦੇ ਸਨ। ਪੱਗ ਕਾਰਨ ਉਸ ਨੂੰ ਹੁਣ ਇਸ ਸਵਾਲ ਦੀ ਆਸ ਰਹਿਣ ਵੀ ਲਗਦੀ ਸੀ। ਪੀਟਰ ਜੋਨਜ਼ ਅਗੇ ਬੋਲਿਆ,

"ਮਿਸਟਰ ਚੈਹਲ, ਮੈਂ ਸਿਖ ਧਰਮ ਬਾਰੇ ਪੜ੍ਹਿਆ ਐ, ਮੈਨੂੰ ਇਹ ਵੀ ਪਤਾ ਕਿ ਜਿਹੜੇ ਧਾਰਮਿਕ ਨਹੀਂ ਉਹਨਾਂ ਨੇ ਵਾਲ਼ ਕਟਾ ਦਿਤੇ ਹੋਏ ਆ, ਪਗੜੀਆਂ ਉਤਾਰ ਦਿਤੀਆਂ, ਇਸੇ ਲਈ ਮੈਂ ਇਹ ਸਵਾਲ ਕੀਤਾ ਸੀ।"

"ਹਾਂ ਮਿਸਟਰ ਜੋਨਜ਼, ਤੁਸੀਂ ਠੀਕ ਵੀ ਓ ਪਰ ਮੈਨੂੰ ਭੇਸ ਬਦਲਣਾ ਚੰਗਾ ਨਹੀਂ ਲਗਦਾ, ਮੈਨੂੰ ਆਪਣੀ ਇਸ ਦਿੱਖ ਨਾਲ ਪਿਆਰ ਐ ਪਰ ਇਸ ਦਿੱਖ ਦਾ ਕਾਰਨ ਇਹ ਨਹੀਂ ਕਿ ਮੈਂ ਧਾਰਮਿਕ ਆਂ।"

"ਤੂੰ ਧਾਰਮਿਕ ਕਿਉਂ ਨਹੀਂ?"

"ਜੇ ਤੁਸੀਂ ਧਰਮ ਨੂੰ ਵੇਅ ਔਫ ਲਾਈਫ ਕਹਿੰਦੇ ਹੋ ਤਾਂ ਮੇਰੇ ਜੀਣ ਦਾ ਤਰੀਕਾ ਇਨਸਾਨੀਅਤ ਤੇ ਇਸ ਦੀ ਭਲਾਈ ਐ ਪਰ ਜੇ ਤੁਸੀਂ ਧਰਮ ਨੂੰ ਕਿਸੇ ਰੱਬ ਜਾਂ ਅਦਿੱਖ ਵਿਸਵਾਸ਼ ਨਾਲ ਜੋੜ ਕੇ ਦੇਖਦੇ ਹੋ ਤਾਂ ਮੈਨੂੰ ਅਜਿਹੀ ਕਿਸੇ ਤਾਕਤ ਵਿਚ ਯਕੀਨ ਨਹੀਂ।"

"ਸੋ ਤੂੰ ਨਾਸਤਕ ਐਂ।"

ਹੈਡਮਾਸਟਰ ਨੇ ਸਵਾਲ ਜਿਹਾ ਕੀਤਾ। ਸੁਰਜਨ ਸਿੰਘ ਕੁਝ ਦੇਰ ਸੋਚ ਕੇ ਬੋਲਿਆ,

"ਹਾਂ, ਮੈਂ ਨਾਸਤਕ ਆਂ ਪਰ ਮੈਂ ਇਹਦੇ ਬਾਰੇ ਕਦੇ ਬਹਿਸ ਵਿਚ ਨਹੀਂ ਪੈਂਦਾ ਕਿਉਂਕਿ ਇਹ ਮੇਰਾ ਨਿੱਜੀ ਅਨੁਭਵ ਤੇ ਵਿਸਵਾਸ਼ ਐ, ਮੈਂ ਆਪਣਾ ਵਿਸਵਾਸ਼ ਕਦੇ ਕਿਸੇ ਤੇ ਥੋਪਦਾ ਨਹੀਂ।"

"ਬਹੁਤ ਦਿਲਚਸਪ! ਮਿਸਟਰ ਚੈਹਲ, ਤੂੰ ਰੱਬ ਦੀ ਹੋਂਦ ਨੂੰ ਕਿਵੇਂ ਲੈਂਨਾਂ?"

ਸੁਰਜਨ ਸਿੰਘ ਸੋਚਣ ਲਗ ਪਿਆ ਕਿ ਹੈਡਮਾਸਟਰ ਨਾਲ ਕਿਵੇਂ ਗੱਲ ਕਰੇ। ਉਹ ਆਪਣੇ ਵਿਚਾਰਾਂ ਬਾਰੇ ਸਪੱਸ਼ਟ ਸੀ ਪਰ ਸੁਣਨ ਵਾਲਾ ਉਲਝ ਜਾਂਦਾ ਸੀ ਇਸ ਲਈ ਅਜਿਹੀ ਬਹਿਸ ਤੋਂ ਬਚਦਾ ਰਹਿੰਦਾ ਪਰ ਉਸ ਨੂੰ ਲਗਿਆ ਕਿ ਹੈਡਮਾਸਟਰ ਨਾਲ ਗੱਲ ਕੀਤੀ ਜਾ ਸਕਦੀ ਹੈ, ਉਹ ਕਹਿਣ ਲਗਿਆ,

"ਮਿਸਟਰ ਜੋਨਜ਼, ਇਹ ਧਰਤੀ, ਚੰਦ, ਤਾਰੇ ਜਾਂ ਇਹ ਬ੍ਰਹਮੈਂਡ ਦੀ ਉਤਪਤੀ ਉਵੇਂ ਹੀ ਐ ਜਿਵੇਂ ਸਾਇੰਸਦਾਨ ਕਹਿੰਦੇ ਆ। ਧਰਤੀ ਦੀ ਉਤਪਤੀ ਫਿਰ ਬਨਸਪਤੀ ਤੇ ਜੀਵ, ਜੰਤੂ ਤੇ ਮਨੁੱਖ ਬਾਰੇ ਜੋ ਡਾਰਵਨ ਕਹਿੰਦਾ ਐ ਮੈਂ ਸੱਚ ਮੰਨਦਾਂ। ਮਨੁੱਖ ਅਜਿਹਾ ਜੀਵ ਸੀ ਜੋ ਸੋਚ ਸਕਦਾ ਸੀ, ਇਸੇ ਸੋਚ ਦੇ ਸਹਾਰੇ ਉਸ ਨੇ ਆਪਣੇ ਜੀਵਨ ਨੂੰ ਸੌਖਾ ਬਣਾਇਆ ਪਰ ਇਸੇ ਸੋਚਣ ਕਰਕੇ ਉਸ ਦਾ ਜੀਵਨ ਜਟਿਲ ਵੀ ਹੁੰਦਾ ਗਿਆ। ਅਕਲ ਦੇ ਵਧਣ ਨਾਲ ਮੁਸ਼ਕਲਾਂ ਵੀ ਵਧਦੀਆਂ ਗਈਆਂ। ਕਈ ਵਾਰ ਉਹ ਮੁਸ਼ਕਲਾਂ ਸਾਹਮਣੇ ਉਹ ਕਮਜ਼ੋਰ ਵੀ ਪੈਣ ਲਗਦਾ। ਜਿਹੜੀਆਂ ਮੁਸ਼ਕਲਾਂ ਉਸ ਨੇ ਆਪ ਖੜੀਆਂ ਕੀਤੀਆਂ ਸਨ ਉਹਨਾਂ ਨੂੰ ਤਾਂ ਸਮਝਦਾ ਹੋਵੇਗਾ ਪਰ ਮੀਂਹ, ਹਨੇਰੀ, ਭੁਚਾਲ, ਖਤਰਨਾਕ ਜਾਨਵਰਾਂ, ਬਿਮਾਰੀਆਂ ਵਰਗੀਆਂ ਕਰੋਪੀਆਂ ਨੂੰ ਉਹ ਸਮਝ ਨਹੀਂ ਸੀ ਸਕਦਾ। ਇਹਨਾਂ ਕਰੋਪੀਆਂ ਦਾ ਕਾਰਨ ਲਭਦੇ ਲਭਦੇ ਮਨੁੱਖ ਨੇ ਰੱਬ ਘੜ ਲਿਆ। ਰੱਬ ਘੜਨ ਨਾਲ ਮਨੁੱਖ ਨੂੰ ਸੌਖ ਹੋ ਗਈ ਕਿ ਕਰੋਪੀਆਂ ਦਾ ਸਾਰਾ ਦੋਸ਼ ਰੱਬ ਸਿਰ ਮੜ੍ਹ ਦਿਤਾ। ਪਹਿਲਾਂ ਤਾਂ ਸ਼ਾਇਦ ਮਨੁੱਖ ਕੁਦਰਤ ਨੂੰ ਈ ਰੱਬ ਸਮਝਦਾ ਹੋਵੇ ਪਰ ਮੁਸ਼ਕਲਾਂ ਦੇ ਵਾਧੇ ਨਾਲ ਰੱਬ ਕੁਦਰਤ ਤੋਂ ਵੱਖ ਤੇ ਵੱਡਾ ਹੋ ਗਿਆ। ਰੱਬ ਮਨੁੱਖ ਦੀਆਂ ਸਾਰੀਆਂ ਲੱਭਤਾਂ ਤੋਂ ਸੌਖੀ ਵੀ ਸੀ ਤੇ ਫਾਇਦੇਵੰਦ ਵੀ ਪਰ ਸਚਾਈ ਤੋਂ ਬਹੁਤ ਦੂਰ।"

"ਮਿਸਟਰ ਚੈਹਲ, ਫਿਰ ਕੁਦਰਤ ਨੂੰ ਕੀ ਸਮਝਦੇ ਹੋ?"

"ਮਿਸਟਰ ਜੋਨਜ਼, ਕੁਦਰਤ ਅਲੱਗ ਚੀਜ਼ ਹੈ, ਜੋ ਵੀ ਸਾਡੇ ਆਲੇ ਦੁਆਲੇ ਐ, ਅਸੀਂ ਵੀ ਇਸ ਦਾ ਹੀ ਇਕ ਹਿੱਸਾ ਹਾਂ, ਇਹ ਆਪਣੇ ਆਪ ਵਿਚ ਸੰਪੂਰਨ ਐ, ਇਹਨੂੰ ਕੋਈ ਅਦਿੱਖ ਤਾਕਤ ਨਹੀਂ ਚਲਾ ਰਹੀ, ਨਾ ਹੀ ਪੂਜਾ ਪਾਠ ਨਾਲ ਕੁਦਰਤ ਨੇ ਰਾਹ ਬਦਲ ਲੈਣੇ ਆਂ।"

"ਬਹੁਤ ਦਿਲਚਸਪ ਮਿਸਟਰ ਚੈਹਲ, ...ਪਰ ਮੈਂ ਤੇਰੇ ਨਾਲ ਸਹਿਮਤ ਨਹੀਂ ਪਰ ਤੇਰੇ ਵਿਚਾਰਾਂ ਦੀ ਕਦਰ ਕਰਦਾਂ। ਮੇਰੇ ਹੋਰ ਵੀ ਬਹੁਤ ਸਾਰੇ ਨਾਸਤਕ ਦੋਸਤ ਹੈਗੇ ਆ, ...ਤੂੰ ਕਦੇ ਇਸ ਮਾਮਲੇ ਵਿਚ ਕਮਜ਼ੋਰ ਨਹੀਂ ਪਿਆ?"

"ਮਿਸਟਰ ਜੋਨਜ਼, ਮੈਂ ਇਕ ਸਾਧਾਰਨ ਮਨੁੱਖ ਆਂ, ਹੋ ਸਕਦਾ ਕਦੇ ਕਮਜ਼ੋਰ ਪੈ ਵੀ ਜਾਵਾਂ ਪਰ ਮੈਂ ਆਪਣੀ ਇਹ ਸਮਝ ਬਹੁਤ ਸੋਚ ਸਮਝ ਕੇ ਤੇ ਅਧਿਅਨ ਕਰਕੇ ਬਣਾਈ ਐ।"

"ਚਲੋ ਜੇ ਮੰਨ ਲਈਏ ਕਿ ਤੂੰ ਕਮਜ਼ੋਰ ਪੈ ਗਿਐਂ, ਉਸ ਵਕਤ ਕਿਹੜੇ ਧਰਮ ਵਲ ਝੁਕੇਂਗਾ?"

"ਇਸ ਬਾਰੇ ਕਦੇ ਮੈਂ ਸੋਚਿਆ ਹੀ ਨਹੀਂ, ਸ਼ਾਇਦ ਸਿਖ ਧਰਮ ਵਲ ਉਲਾਰ ਹੋਵਾਂ, ਇਸ ਧਰਮ ਵਿਚ ਈ ਮੈਂ ਜੰਮਿਆਂ।"

ਇਹਨਾਂ ਗੱਲਾਂ ਨੇ ਉਹਨਾਂ ਦੀ ਦੋਸਤੀ ਬਹੁਤ ਪੀਡੀ ਕਰ ਦਿਤੀ। ਪੀਟਰ ਜੋਨਜ਼ ਖੁਦ ਕੱਟੜ ਕੈਥੋਲਿਕ ਇਸਾਈ ਸੀ ਪਰ ਸੁਰਜਨ ਸਿੰਘ ਦੀਆਂ ਗੱਲਾਂ ਉਸ ਨੂੰ ਚੰਗੀਆਂ ਲਗੀਆਂ। ਨੇੜਤਾ ਇਵੇਂ ਵਧਣ ਲਗੀ ਕਿ ਮਹੀਨੇ ਵਿਚ ਇਕ ਅੱਧੀ ਸ਼ਾਮ ਉਹ ਇਕੱਠੇ ਜ਼ਰੂਰ ਬਿਤਾਉਂਦੇ। ਹੈਡਮਾਸਟਰ ਨੂੰ ਹਿੰਦੁਸਤਾਨੀ ਸਭਿਆਚਾਰ ਵਿਚ ਬਹੁਤ ਦਿਲਚਸਪੀ ਸੀ। ਉਸ ਦਾ ਬਾਬਾ ਹਿੰਦੁਸਤਾਨ ਰਹਿ ਚੁੱਕਿਆ ਸੀ ਇਸ ਲਈ ਉਥੋਂ ਬਾਰੇ ਕਾਫੀ ਕੁਝ ਸੁਣ ਵੀ ਰੱਖਿਆ ਸੀ। ਉਸ ਨੇ ਕਾਫੀ ਕੁਝ ਪੜ੍ਹਿਆ ਵੀ ਹੋਇਆ ਸੀ।

ਸੁਰਜਨ ਸਿੰਘ ਨਾਲ ਗੱਲਾਂ ਕਰਦੇ ਵੀ ਉਸ ਨੂੰ ਇਵੇਂ ਲਗਦਾ ਜਿਵੇਂ ਕੋਈ ਕਿਤਾਬ ਹੀ ਪੜ੍ਹ ਰਿਹਾ ਹੋਵੇ। ਪੀਟਰ ਜੋਨਜ਼ ਇਕੱਲਾ ਰਹਿੰਦਾ ਸੀ। ਪਹਿਲਾਂ ਉਸ ਨੇ ਆਪਣੀ ਅਪਾਹਜ ਮਾਂ ਨੂੰ ਸੰਭਾਲਣ ਖਾਤਰ ਵਿਆਹ ਨਹੀਂ ਸੀ ਕਰਾਇਆ ਕਿ ਉਸ ਦਾ ਵਿਆਹ ਮਾਂ ਦੀ ਸੰਭਾਲ ਵਿਚ ਰੁਕਾਵਟ ਬਣੇਗਾ। ਮਾਂ ਦੀ ਮੌਤ ਤੋਂ ਬਾਅਦ ਕੁਝ ਦੇਰ ਇਕੱਲਤਾ ਭੋਗੀ ਤੇ ਹੁਣ ਉਸ ਨੂੰ ਇਕੱਲੇ ਰਹਿਣ ਦੀ ਆਦਤ ਪੈ ਚੁੱਕੀ ਸੀ। ਆਪਣਾ ਵਿਹਲਾ ਵਕਤ ਉਹ ਚਰਚ ਦੇ ਕੰਮਾਂ ਲਈ ਵਰਤਿਆ ਕਰਦਾ। ਰੱਬ-ਪ੍ਰਸਤ ਪੀਟਰ ਜੋਨਜ਼ ਨੂੰ ਸੁਰਜਨ ਸਿੰਘ ਦੀ ਨਾਸਤਿਕਤਾ ਕਦੇ ਨਹੀਂ ਸੀ ਚੁਭੀ। ਇਸ ਸਭ ਨਾਲ ਇਹ ਹੋਇਆ ਕਿ ਸੁਰਜਨ ਸਿੰਘ ਦੀਆਂ ਕੁੜੀਆਂ ਨੂੰ ਸਕੂਲ ਵਿਚ ਬਹੁਤੀ ਤਕਲੀਫ ਨਾ ਹੋਈ।

ਉਹਨਾਂ ਦੀ ਪਰਿਵਾਰਕ ਜ਼ਿੰਦਗੀ ਹੁਣ ਸਿੱਧੀ ਹੋ ਤੁਰੀ ਸੀ। ਪਰਕਾਸ਼ ਕੌਰ ਬਹੁਤ ਖੁਸ਼ ਸੀ। ਕਈ ਵਾਰ ਉਹ ਕਹਿਣ ਲਗਦੀ,

“ਜੀ ਦੇਖੋ, ਕਿੰਨਾ ਵਧੀਆ ਮੁਲਕ ਐ, ਦੁੱਧ-ਬ੍ਰੈੱਡ ਦਰਾਂ ਮੂਹਰੇ ਪਿਆ ਰਹਿੰਦਾ, ਕੋਈ ਨਹੀਂ ਚੁੱਕਦਾ ਭਾਵੇਂ ਸਾਰਾ ਦਿਨ ਪਿਆ ਰਹੇ!”

“ਇਥੇ ਹਾਲੇ ਤੇਰੇ ਬਾਬਾ ਜੁਆਲਾ ਸ਼ਾਹ ਦੀ ਮੇਹਰ ਐ।”

“ਆਪ ਤੁਸੀਂ ਮੌਜ ‘ਚ ਰਹਿੰਦੇ ਸੀ ਤੇ ਸਾਨੂੰ ਓਥੇ ਫਾਹੇ ਦਿਤਾ ਹੋਇਆ ਸੀ, ਪਹਿਲਾਂ ਕਿਉਂ ਨਹੀਂ ਸੱਦਿਆ?”

“ਚੱਲ ਬੁੜ੍ਹੀਏ, ਹੁਣ ਆ ਗਈ ਐਂ, ਕਰ ਲੈ ਚਾਅ ਪੂਰੇ। ਓਥੇ ਮੌਜਾਂ ਵਿਚ ਸੀ, ਸਾਰਾ ਦਿਨ ਵਿਹਲੀ ਸੈਂ, ਹੁਣ ਸਵੇਰੇ ਈ ਝੋਲਾ ਫੜ ਕੇ ਤੁਰ ਪੈਨੀ ਐਂ, ਸ਼ਾਮ ਨੂੰ ਫੇਰ ਉਠ ਨਹੀਂ ਹੁੰਦਾ, ਕਦੇ ਕਹਿੰਨੀ ਐਂ ਆਹ ਦੁਖਦਾ ਤੇ ਕਦੇ ਔਹ ਦੁਖਦਾ।”

“ਕੁਸ਼ ਨਹੀਂ ਵਿਗੜਿਆ ਮੇਰਾ, ਕੰਮ ਕਰਕੇ ਸਗਾਂ ਸਿਹਤ ਠੀਕ ਰਹਿੰਦੀ ਐ, ਓਸ ਵਿਹਲ ਨੂੰ ਅਸੀਂ ਕੀ ਕਰਨਾ ਸੀ ਜਿਥੇ ਤੁਸੀਂ ਹੈ ਨਾ ਸੀ।”

ਪਰਕਾਸ਼ ਕੌਰ ਤੇ ਗੁਰਿੰਦਰ ਦੇ ਕੰਮ ‘ਤੇ ਲਗ ਜਾਣ ਨਾਲ ਸੁਰਜਨ ਸਿੰਘ ਦੀ ਸਾਰੀ ਤਨਖਾਨ ਬਚਣ ਲਗ ਪਈ ਸੀ। ਉਹ ਗੁਰਿੰਦਰ ਦੀ ਤਨਖਾਹ ਨਹੀਂ ਸੀ ਵਰਤਣੀ ਚਾਹੁੰਦਾ ਤਾਂ ਜੋ ਉਸ ਦੇ ਵਿਆਹ ਲਈ ਕੁਝ ਜੋੜਿਆ ਜਾ ਸਕੇ ਪਰ ਫਿਰ ਵੀ ਕਦੇ ਕਦੇ ਵਿਚੋਂ ਖਰਚ ਕਰ ਹੀ ਹੋ ਜਾਂਦਾ। ਚਾਰ ਕੁ ਮਹੀਨੇ ਬਾਅਦ ਹੀ ਉਸ ਨੇ ਘਰ ਦੇਖਣਾ ਸ਼ੁਰੂ ਕਰ ਦਿਤਾ। ਉਸ ਨੂੰ ਯਕੀਨ ਸੀ ਕਿ ਹੁਣ ਘਰ ਦਾ ਖਰਚਾ ਉਹ ਉਠਾ ਸਕਦੇ ਹਨ। ਉਹ ਹਾਰਵੇ ਰੋਡ ਦੇ ਨੇੜੇ ਤੇੜੇ ਹੀ ਕੋਈ ਘਰ ਦੇਖਣਾ ਚਾਹੁੰਦਾ ਸੀ ਤਾਂ ਜੋ ਸਕੂਲ ਵੀ ਨਾ ਬਦਲਣਾ ਪਵੇ ਤੇ ਪਰਕਾਸ਼ ਕੌਰ ਤੇ ਕੁੜੀ ਨੂੰ ਕੰਮ ‘ਤੇ ਜਾਣ ਵਾਲੀ ਬੱਸ ਵੀ ਸਿੱਧੀ ਮਿਲਦੀ ਰਹੇ। ਇਥੇ ਸਾਰੀਆਂ ਸਹੂਲਤਾਂ ਹੀ ਸਨ; ਬਸ ਸਟੌਪ, ਅੰਡਰਗਰਾਊਂਡ ਸਟੇਸ਼ਨ, ਦੁਕਾਨਾਂ, ਸਕੂਲ। ਫਿਰ ਲਾਜਵੰਤੀ ਨਾਲ ਪਰਕਾਸ਼ ਕੌਰ ਦੀ ਬਹੁਤ ਬਣਦੀ ਸੀ, ਭਵਿੱਖ ਵਿਚ ਦੋਵੇਂ ਇਕ ਦੂਜੇ ਦਾ ਸਹਾਰਾ ਬਣੀਆਂ ਰਹਿ ਸਕਦੀਆਂ ਸਨ। ਉਹ ਨਿੱਤ ਇਸਟੇਟ ਏਜੰਟਾਂ ਨੂੰ ਫੋਨ ਕਰਦਾ, ਆਲੇ ਦੁਆਲੇ ਦੀਆਂ ਸੜਕਾਂ ਦੇ ਗੇੜੇ ਵੀ ਕੱਢਦਾ ਕਿ ‘ਫਾਰ ਸੇਲ’ ਦਾ ਕੋਈ ਫੱਟਾ ਲਗਿਆ ਮਿਲ ਜਾਵੇ। ਉਸ ਨੇ ਕਈ ਘਰ ਦੇਖੇ ਪਰ ਕੋਈ ਮਨ ਨੂੰ ਨਾ ਲਗਿਆ। ਇਕ ਦਿਨ ਅਚਾਨਕ ਉਸ ਨੂੰ ਬਾਰਕਲੇ ਰੋਡ ਉਪਰ ਇਕ ਘਰ ਸੇਲ ‘ਤੇ ਲਗਿਆ ਦਿਸਿਆ। ਘਰ ਬਾਹਰੋਂ ਚੰਗਾ ਲਗਦਾ ਸੀ। ਉਸ ਨੇ ਏਜੰਟ ਨੂੰ ਫੋਨ ਕੀਤਾ। ਜਾ ਕੇ ਘਰ ਅੰਦਰੋਂ ਦੇਖਿਆ। ਪੇਪਰ-ਪੇਂਟ ਤੇ ਕਾਰਪਟ ਠੀਕ ਸਨ। ਤਿੰਨ ਸੌਣ ਕਮਰੇ ਤੇ ਦੋ ਬੈਠਕਾਂ ਜਿਵੇਂ ਆਮ ਹੁੰਦਾ ਹੀ ਹੈ। ਕਮਰੇ ਵੱਡੇ ਸਨ ਪਰ ਰਸੋਈ ਛੋਟੀ ਸੀ। ਰਸੋਈ ਨੂੰ ਕੱਟ ਕੇ ਵਿਚੋਂ ਬਾਥਰੂਮ ਬਣਾ ਲਿਆ ਗਿਆ ਹੋਇਆ ਸੀ। ਰਿਟਾਇਰ ਹੋ ਚੁੱਕੀ ਜੋੜੀ ਦਾ ਘਰ ਸੀ ਇਹ। ਵਾਰ ਵਾਰ ਪੌੜੀਆਂ ਚੜ੍ਹਨ ਦੇ ਡਰੋਂ ਟੁਆਇਲਟ ਹੇਠਾਂ ਹੀ ਬਣਾ ਲਈ ਗਈ ਸੀ। ਘਰ ਦਾ ਗਾਰਡਨ ਵੀ ਕਾਫੀ ਖੁਲ੍ਹਾ ਸੀ। ਮਾਲਕ ਪੰਜ ਹਜ਼ਾਰ ਪੌਂਡ ਮੰਗ ਰਿਹਾ ਸੀ। ਕੀਮਤ ਜ਼ਰਾ ਕੱਸਵੀਂ ਸੀ। ਰਸੋਈ ਨੂੰ ਮੁੜ ਥਾਂ ਸਿਰ ਲਿਆਉਣ ਲਈ ਖਰਚ ਹੋ ਜਾਣਾ ਸੀ। ਸੋਚਦਿਆਂ ਕਰਦਿਆਂ ਸੁਰਜਨ ਸਿੰਘ ਨੇ ਕਈ ਦਿਨ ਲਾ ਦਿਤੇ। ਇਸੇ ਦੁਰਮਿਆਨ ਏਜੰਟ ਸਮਝ ਗਿਆ ਸੀ ਕਿ ਸੁਰਜਨ ਸਿੰਘ ਢੁਕਵਾਂ ਖਰੀਦਦਾਰ ਹੈ। ਉਸ ਨੇ ਵਿਚ ਪੈ ਕੇ ਸੌਦਾ ਕਰਵਾ ਦਿਤਾ ਪੰਜ ਹਜ਼ਾਰ ਦੀ ਥਾਂ ਸਾਢੇ-ਚਾਰ ਵਿਚ ਸੌਦਾ ਹੋ ਗਿਆ। ਸੁਰਜਨ ਸਿੰਘ ਨੇ ਪੰਜ ਸੌ ਡਿਪੌਜ਼ਟ ਰੱਖ ਕੇ ਬਾਕੀ ਦੀ ਹੈਲੀਫੈਕਸ ਬਿਲਡਿੰਗ ਸੁਸਾਇਟੀ ਤੋਂ ਮੌਟਰਗੇਜ ਲੈ ਲਈ। ਮਹੀਨੇ ਦੇ ਚਾਲੀ ਪੌਂਡ ਕਿਸ਼ਤ ਦੇ ਬਣੇ। ਇੰਨਾ ਕੁ ਹੀ ਉਹ ਕਿਰਾਇਆ ਦਿੰਦੇ ਸਨ। ਕਾਗਜ਼ੀ ਕਾਰਵਾਈ ਕਰਨ ਨੂੰ ਤਿੰਨ ਮਹੀਨੇ ਲਗ ਗਏ। ਪੂਰੇ ਤਿੰਨ ਮਹੀਨੇ ਬਾਅਦ ਉਹਨਾਂ ਨੂੰ ਆਪਣੇ ਨਵੇਂ ਘਰ ਦੀ ਚਾਬੀ ਮਿਲ ਗਈ।

ਜਿੰਨਾ ਕੁ ਬਨਾਰਸੀ ਦਾਸ ਦੇ ਘਰ ਉਹਨਾਂ ਦਾ ਸਮਾਨ ਪਿਆ ਸੀ, ਅਵਤਾਰ ਨੇ ਉਹ ਆਪਣੀ ਕਾਰ ਵਿਚ ਰੱਖ ਕੇ ਪੁੱਜਦਾ ਕਰ ਦਿਤਾ। ਪਰਕਾਸ਼ ਕੌਰ ਚਾਹੁੰਦੀ ਸੀ ਕਿ ਨਵੇਂ ਘਰ ਵਿਚ ਪਾਠ ਪੂਜਾ ਕਰਾਈ ਜਾਵੇ ਪਰ ਸੁਰਜਨ ਦੇ ਸੁਭਾਅ ਤੋਂ ਡਰਦੀ ਚੁੱਪ ਰਹੀ। ਨਵੇਂ ਘਰ ਦਾ ਚਾਅ ਸਭ ਨੂੰ ਹੀ ਸੀ। ਥੋੜੀ ਜਿਹੀ ਜਗਾਹ ਤੋਂ ਬੱਚੇ ਵੀ ਅੱਕੇ ਪਏ ਸਨ। ਉਹ ਨਵੇਂ ਘਰ ਵਿਚ ਆ ਗਏ। ਸਾਰਾ ਸਮਾਨ ਲੋੜੀਂਦਾ ਸੀ; ਬੈੱਡ, ਸੋਫਾ, ਮੇਜ-ਕੁਰਸੀਆਂ, ਫਰਿੱਜ, ਟੀਵੀ ਆਦਿ। ਸਾਰਾ ਸਮਾਨ ਇਕੋ ਵਾਰੀ ਖਰੀਦਣ

ਦੀ ਕਾਹਲੀ ਨਹੀਂ ਸੀ। ਇਕ ਇਕ ਕਰਕੇ ਉਹਨਾਂ ਨੇ ਲੈਂਦੇ ਰਹਿਣਾ ਸੀ। ਤਨਖਾਹਾਂ ਆਉਂਦੀਆਂ ਗਈਆਂ ਤੇ ਉਹ ਸਮਾਨ ਖਰੀਦਦੇ ਗਏ। ਸੁਰਜਨ ਸਿੰਘ ਗਾਰਡਨ ਲਈ ਵਿਸ਼ੇਸ਼ ਕਲਮਾਂ ਵੀ ਖਰੀਦੀਆਂ। ਫੁੱਲਾਂ ਨਾਲ ਉਸ ਨੂੰ ਪਿਆਰ ਸੀ। ਇੰਡੀਆ ਵਿਚ ਵੀ ਗਮਲਿਆਂ ਵਿਚ ਫੁੱਲ ਲਾ ਰੱਖਣ ਦਾ ਉਸ ਦਾ ਸੁਭਾਅ ਸੀ, ਇਥੇ ਆ ਕੇ ਕਦੇ ਕਦੇ ਉਹ ਬਨਾਰਸੀ ਦਾਸ ਦੇ ਬਗੀਚੇ ਵਿਚ ਜਾ ਵੜਦਾ ਸੀ ਪਰ ਉਸ ਦਾ ਬਗੀਚਾ ਬਹੁਤ ਛੋਟਾ ਸੀ। ਉਸ ਨੇ ਘਰ ਲੈਂਦੇ ਸਮੇਂ ਉਸ ਦੇ ਮਨ ਵਿਚ ਇਹ ਗੱਲ ਵੀ ਸੀ ਕਿ ਗਾਰਡਨ ਵਧੀਆ ਹੋਵੇ ਜਿਸ ਵਿਚ ਉਹ ਢੇਰ ਸਾਰੇ ਫੁੱਲ ਲਗਾ ਸਕੇ। ਜਿੰਨਾ ਵੀ ਮੌਕਾ ਮਿਲਦਾ ਉਹ ਗਾਰਡਨ ਵਿਚ ਹੀ ਬਤੀਤ ਕਰਦਾ ਤੇ ਸਭ ਨੂੰ ਅਗਾਹ ਕਰਦਾ ਰਹਿੰਦਾ ਕਿ ਉਸ ਦੇ ਫੁੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਨਵੇਂ ਘਰ ਵਿਚ ਹੌਲੀ ਹੌਲੀ ਉਹ ਸਥਾਪਤ ਹੋਣ ਲਗੇ ਤੇ ਘਰ ਉਹਨਾਂ ਦੇ ਅਨੁਕੂਲ ਹੋ ਗਿਆ। ਗਵਾਂਢੀਆਂ ਨਾਲ ਉਹਨਾਂ ਦੀ ਵਾਕਫੀ ਪੈਣ ਲਗੀ। ਇਕ ਦਿਨ ਪਰਕਾਸ਼ ਕੌਰ ਬੋਲੀ,

“ਆਹ ਦੇਖੋ, ਨਾਲ ਦੇ ਘਰ ਵਿਚ ਰਹਿੰਦੀ ਗੋਰੀ ਕਿੰਨੀ ਸੋਹਣੀ ਐਂ।”

“ਅੱਛਾ! ਮੈਂ ਨਹੀਂ ਦੇਖੀ ਕਦੇ। ਕੋਈ ਗੱਲ ਹੋਈ ਸੀ?”

“ਬਸ ਹੈਲੋ ਹੋਈ ਸੀ, ਮੈਨੂੰ ਕਿਹੜੀ ਅੰਗਰੇਜ਼ੀ ਔਂਦੀ ਆ ਜਿਹੜੀਆਂ ਗੱਲਾਂ ਕਰਾਂ।”

ਗੱਲ ਕਹਿ ਕੇ ਪਰਕਾਸ਼ ਕੌਰ ਚੁੱਪ ਕਰ ਗਈ ਤੇ ਇਕ ਪਾਸੇ ਦੇਖਣ ਲਗੀ। ਸੁਰਜਨ ਸਿੰਘ ਆਪਣੇ ਧਿਆਨ ਅਖਬਾਰ ਪੜ੍ਹਦਾ ਰਿਹਾ। ਕੁਝ ਦੇਰ ਬਾਅਦ ਪਰਕਾਸ਼ ਕੌਰ ਨੇ ਪੁੱਛਿਆ,

“ਜੀ, ਉਹ ਗੋਰੀ ਕਿਥੇ ਕੁ ਰਹਿੰਦੀ ਐ?”

## ਦਸ

ਪਤਝੜ ਆ ਗਈ। ਲੰਡਨ ਦੇ ਰੁੱਖ ਨੰਗੇ ਹੋ ਗਏ। ਖੰਭ ਲੱਥੇ ਪੰਛੀ ਵਾਂਗ ਬੁਰੇ ਲਗਣ ਲਗ ਪਏ। ਸੜਕ ਤੇ ਤੁਰੋਂ ਤਾਂ ਸੁੱਕੇ ਪੱਤੇ ਤੁਹਾਡੇ ਪੈਰਾਂ ਹੇਠ ‘ਚੁਰ ਚੁਰ’ ਕਰਨ ਲਗਦੇ। ਕੋਈ ਵਾਂਵਰੋਲਾ ਉਠਦਾ ਤਾਂ ਪੱਤਿਆਂ ਨੂੰ ਘੁਮਾਉਣ ਲਗ ਪੈਂਦਾ ਤੇ ਪੱਤੇ ਘਰਾਂ ਦੀਆਂ ਛੱਤਾਂ, ਕਾਰਾਂ ਦੀਆਂ ਵਿੰਡ ਸਕਰੀਨਾਂ ਉਪਰ ਡਿਗਣ ਲਗਦੇ। ਅਗਲੇ ਪਲ ਹਵਾ ਆਉਂਦੀ ਉਹਨਾਂ ਨਾਲ ਖੇਲਦੀ ਹੋਈ ਖੂੰਜਿਆਂ ਵਿਚ ਇਕੱਠੇ ਕਰਨ ਲਗਦੀ। ਸੂਰਜ ਦੀ ਮੱਧਮ ਜਿਹੀ ਧੁੱਪ ਮਹੌਲ ਨੂੰ ਚਮਕਾ ਰਹੀ ਸੀ ਪਰ ਕੋਈ ਗਰਮੀ ਨਹੀਂ ਸੀ ਪੈਦਾ ਕਰ ਰਹੀ। ਦਿਲਬਾਗ ਨੇ ਹਿਲਸਾਈਡ ਐਵੇਨਿਊ ਵਿਚ ਨੂੰ ਕਾਰ ਮੋੜੀ ਤਾਂ ਅਚਾਨਕ ਕੋਈ ਬਹੁਤ ਹੀ ਤੇਜ਼ੀ ਨਾਲ ਸਾਹਮਣਿਓਂ ਆਉਂਦੀ ਕਾਰ ਟੱਕਰ ਗਈ। ਦਿਲਬਾਗ ਨੇ ਐਮਰਜੈਂਸੀ ਬ੍ਰੇਕਾਂ ਲਾ ਲਈਆਂ। ਐਕਸੀਡੈਂਟ ਕੁਝ ਇੰਚਾਂ ਦੀ ਵਿੱਥ ਤੋਂ ਮੁੜ ਗਿਆ। ਉਸ ਨੇ ਹਾਰਨ ਵਜਾ ਕੇ ਸਾਹਮਣਲੇ ਡਰਾਈਵਰ ਨੂੰ ਝਿੜਕ ਮਾਰੀ ਤੇ ਗਾਲ੍ਹਾਂ ਕਢਦੇ ਨੇ ਮੁੜ ਕਾਰ ਤੋਰ ਲਈ। ਸਰੂਪ ਦੇ ਘਰ ਮੂਹਰੇ ਆ ਕੇ ਉਸ ਨੇ ਕਾਰ ਹੌਲੀ ਕੀਤੀ। ਸਰੂਪ ਦੀ ਕਾਰ ਉਥੇ ਨਹੀਂ ਸੀ, ਮਤਲਬ ਕਿ ਸਰੂਪ ਘਰ ਨਹੀਂ ਸੀ। ਦਿਲਬਾਗ ਨੂੰ ਜ਼ਰਾ ਹੈਰਾਨੀ ਹੋਈ ਕਿ ਇਸ ਵਕਤ ਤਾਂ ਸਰੂਪ ਨੂੰ ਸੁੱਤੇ ਪਏ ਹੋਣਾ ਚਾਹੀਦਾ ਸੀ। ਸ਼ਨਿਚਰਵਾਰ ਦੀ ਸਾਰੀ ਰਾਤ ਟੈਕਸੀ ਕਰਕੇ ਉਹ ਐਤਵਾਰ ਵਿਹਲਾ ਕਰ ਲਿਆ ਕਰਦਾ ਤਾਂ ਜੋ ਕੁਝ ਤਫਰੀਹ ਵੀ ਕੀਤੀ ਜਾ ਸਕੇ। ਉਸ ਦੀ ਰੀਸੇ ਦਿਲਬਾਗ ਵੀ ਇਵੇਂ ਹੀ ਕਰਨ ਲਗਿਆ ਸੀ। ਉਹ ਵੀ ਐਤਵਾਰ ਤੜਕੇ ਚਾਰ ਵਜੇ ਤਕ ਕੰਮ ਕਰਦਾ ਤੇ ਕੁਝ ਘੰਟੇ ਸੌਂ ਕੇ ਐਤਵਾਰ ਦੀ ਛੁੱਟੀ ਕਰ ਲੈਂਦਾ। ਕਿਸੇ ਦੋਸਤ ਵਲ ਮਸਤੀ ਮਾਰਨ ਨਿਕਲ ਜਾਂਦਾ। ਉਸ ਦਿਨ ਵੀ ਉਹ ਕੁਝ ਘੰਟੇ ਸੁੱਤਾ ਤੇ ਮੁੜ ਦਫਤਰ ਪੁੱਜ ਗਿਆ। ਅਗੋਂ ਜੈਕ ਕੰਟਰੋਲ ‘ਤੇ ਬੈਠਾ ਸੀ। ਉਹੀ ਡਰਾਈਵਰਾਂ ਨੂੰ ਜੌਬ ਦਿਆ ਕਰਦਾ ਸੀ। ਦਿਲਬਾਗ ਦਾ ਉਹ ਖਾਸ ਬੰਦਾ ਸੀ। ਦਿਲਬਾਗ ਉਸ ਨੂੰ ਗਾਹੇ-ਵਗਾਹੇ ਬੋਤਲ ਵਿਸਕੀ ਦੀ ਤੋਹਫੇ ਵਜੋਂ ਦੇ ਦਿੰਦਾ, ਬਦਲੇ ਵਿਚ ਜੈਕ ਉਸ ਨੂੰ ਕੋਈ ਵੱਡੀ ਜੌਬ ਦੇ ਕੇ ਉਸ ਦਾ ਹੱਕ ਮੋੜ ਦਿੰਦਾ। ਦਫਤਰ ਵਿਚ ਜਾ ਕੇ ਉਸ ਨੇ ਜੈਕ ਨੂੰ ਕਿਹਾ,

“ਗਵਨਾ, ਮੈਂ ਵੈਂਬਲੇ ਜਾਣਾ ਚਾਹੁੰਨਾ, ਕਿਸੇ ਦੋਸਤ ਨੂੰ ਮਿਲਣ, ਜੇ ਓਧਰਲੀ ਕੋਈ ਜੌਬ ਹੈ ਤਾਂ, ...ਤੇਰੀ ਮਿਹਰਬਾਨੀ ਹੋਵੇਗੀ।”

ਜੈਕ ਨੇ ਆਲਾ-ਦੁਆਲਾ ਦੇਖਿਆ ਤੇ ਉਸ ਨੂੰ ਇਕ ਚਿੱਟ ਜਿਹੀ ਦਿੰਦਾ ਬੋਲਿਆ,

“ਆਹ ਲੈ, ਰੰਫੋਰਡ ਤੋਂ ਹੀਥਰੋ ਦੀ ਦਸ ਵਜੇ ਦੀ ਬੁੱਕ ਐ, ਹੋਰ ਦੱਸ ਕੀ ਸੇਵਾ ਕਰਾਂ!”

ਦਿਲਬਾਗ ਨੇ ਉਸ ਦਾ ਧੰਨਵਾਦ ਕਰਦਿਆਂ ਚਿੱਟ ਫੜੀ ਤੇ ਫੁਰਤੀ ਨਾਲ ਕਾਰ ਵਿਚ ਆ ਬੈਠਾ। ਸਰੂਪ ਨੂੰ ਮਿਲਿਆਂ ਕਈ ਹਫਤੇ ਹੋ ਗਏ ਸਨ। ਪਿਛਲੇ ਹਫਤੇ ਉਹ ਗਰੇਵਜ਼ੈਂਡ ਚਲੇ ਗਿਆ ਸੀ। ਉਸ ਤੋਂ ਪਹਿਲੇ ਹਫਤੇ ਉਸ ਤੋਂ ਉਠ ਹੀ ਨਹੀਂ ਸੀ ਹੋਇਆ। ਉਸ ਨੂੰ ਇਹ ਵੀ ਉਡੀਕ ਸੀ ਕਿ ਸ਼ਾਇਦ ਸਰੂਪ ਖੁਦ ਹੀ ਆ ਜਾਵੇ ਕਿਉਂਕਿ ਇੰਨੇ ਕੁ ਦਿਨਾਂ ਬਾਅਦ ਉਹ ਵੀ ਚਕਰ ਮਾਰ ਲਿਆ ਕਰਦਾ ਸੀ। ਉਹ ਫੋਨ ਕਰਕੇ ਜਾਂ ਸਮਾਂ ਮਿੱਥ ਕੇ ਘੱਟ ਹੀ ਮਿਲਿਆ ਕਰਦੇ ਸਨ। ਸਰੂਪ ਨੂੰ ਵੀ ਗੱਪਾਂ ਮਾਰਨ ਲਈ

ਦਿਲਬਾਗ ਹੀ ਲੱਭਦਾ ਸੀ। ਉਸ ਨੂੰ ਆਪਣੇ ਪੈਸਿਆਂ ਬਾਰੇ ਪਾਡੀਆਂ ਮਾਰਨ ਦੀ ਬਹੁਤ ਆਦਤ ਸੀ ਕਿ ਇੰਨੇ ਜੋੜ ਲਏ, ਓਨੇ ਇੰਡੀਆ ਭੇਜ ਦਿਤੇ। ਇਸ ਵਾਰ ਸਰੂਪ ਨਾਲ ਗੱਪਾਂ ਮਾਰਨ ਦੇ ਨਾਲ ਨਾਲ ਉਸ ਤਕ ਇਕ ਕੰਮ ਵੀ ਸੀ। ਉਸ ਨੇ ਸਰੂਪ ਤੋਂ ਕੁਝ ਪੈਸੇ ਉਧਾਰ ਮੰਗਣੇਂ ਸਨ। ਤਾਇਆ ਫੁੰਮਣ ਸਿੰਘ ਉਸ ਨੂੰ ਇੰਡੀਆ ਜਾਣ ਲਈ ਤੇ ਵਿਆਹ ਕਰਾਉਣ ਲਈ ਜ਼ੋਰ ਪਾ ਰਿਹਾ ਸੀ। ਇੰਡੀਆ ਦਾ ਸਾਰਾ ਖਰਚਾ ਤਾਏ ਨੇ ਹੀ ਕਰਨਾ ਸੀ, ਉਸ ਨੂੰ ਸਿਰਫ ਆਪਣਾ ਟਿਕਟ ਹੀ ਲੈਣਾ ਪੈਣਾ ਸੀ ਪਰ ਉਸ ਕੋਲ ਤਾਂ ਟਿਕਟ ਜੋਗੇ ਵੀ ਪੈਸੇ ਨਹੀਂ ਸਨ। ਇਸੇ ਲਈ ਸਰੂਪ ਨੂੰ ਮਿਲਣਾ ਚਾਹੁੰਦਾ ਸੀ। ਉਸ ਨੇ ਸੋਚਿਆ ਹੋਇਆ ਸੀ ਸਰੂਪ ਤੋਂ ਫੜ ਲਵੇਗਾ ਤੇ ਥੋੜੇ ਥੋੜੇ ਕਰਕੇ ਮੋੜਦਾ ਜਾਵੇਗਾ। ਜਦੋਂ ਦਾ ਸਰੂਪ ਨੇ ਵਿਆਹ ਕਰਾ ਲਿਆ ਸੀ ਉਦੋਂ ਦੇ ਹੀ ਦਿਲਬਾਗ ਦੇ ਮਨ ਵਿਚ ਵਿਆਹ ਦੇ ਲੱਡੂ ਭੁਰਨ ਲਗੇ ਸਨ।

ਸਰੂਪ ਨੂੰ ਘਰ ਨਾ ਪਾ ਕੇ ਉਸ ਨੇ ਸੋਚਿਆ ਕਿ ਕੰਮ 'ਤੇ ਚਲੇ ਗਿਆ ਹੋਵੇਗਾ। ਉਹ ਸਡਬਰੀ ਟਾਊਨ ਸਟੇਸ਼ਨ ਚਲੇ ਗਿਆ ਜਿਥੇ ਸਰੂਪ ਦਾ 'ਫਾਸਟਵੇਅ ਮਿੰਨੀ ਕੈਬ' ਦਫਤਰ ਸੀ। ਦਫਤਰ ਵਿਚੋਂ ਪਤਾ ਚਲਿਆ ਕਿ ਉਹ ਤਾਂ ਰਾਤ ਦਾ ਹੀ ਕੰਮ 'ਤੇ ਨਹੀਂ ਆਇਆ। ਸਰੂਪ ਦੇ ਪਾਕਿਸਤਾਨੀ ਦੋਸਤ ਨੇ ਦਸਿਆ ਕਿ ਉਸ ਨੇ ਏਅਰ ਪੋਰਟ ਜਾਣਾ ਸੀ, ਉਸ ਦਾ ਕੋਈ ਮਹਿਮਾਨ ਇੰਡੀਆ ਤੋਂ ਆ ਰਿਹਾ ਹੈ। ਦਿਲਬਾਗ ਖੜ ਕੇ ਸੋਚਣ ਲਗਿਆ ਕਿ ਹੁਣ ਕੀ ਕੀਤਾ ਜਾਵੇ। ਉਸ ਨੇ ਫੈਸਲਾ ਕਰ ਲਿਆ ਕਿ ਵਾਪਸ ਈਸਟ ਹੈਮ ਚਲੇ ਜਾਵੇਗਾ ਤੇ ਬਾਕੀ ਦਾ ਦਿਨ ਕੰਮ ਕਰ ਲਵੇਗਾ। ਉਸ ਨੇ ਉਸੇ ਵੇਲੇ ਹੀ ਆਪਣੇ ਕੰਟਰੋਲਰ ਨੂੰ ਰੇਡੀਓ ਕਰ ਦਿਤਾ ਕਿ ਉਹ ਖਾਲੀ ਹੈ ਤੇ ਜੇ ਵਾਪਸ ਆਉਣ ਲਈ ਕੋਈ ਜੌਬ ਹੈ ਤਾਂ ਉਹ ਕਰ ਸਕਦਾ ਹੈ। ਜੈਕ ਨੇ ਅਗਿਓਂ ਜਵਾਬ ਦਿਤਾ ਕਿ ਬਿਹਤਰ ਇਹੀ ਹੈ ਕਿ ਉਹ ਵਾਪਸ ਬੇਸ ਨੂੰ ਆ ਜਾਵੇ, ਕੋਈ ਨਾ ਕੋਈ ਜੌਬ ਉਸ ਲਈ ਤਿਆਰ ਹੋਵੇਗੀ। ਉਹ ਵੈਸਟਰਨ ਐਵੇਨਿਊ ਲਈ ਚਲ ਪਿਆ ਜਿਹੜੀ ਅਗੇ ਕੇਂਦਰੀ ਲੰਡਨ ਰਾਹੀਂ ਹੁੰਦੀ ਪੂਰਬੀ ਲੰਡਨ ਵਿਚ ਜਾ ਵੜਦੀ ਸੀ। ਲਾਈਟਾਂ 'ਤੇ ਰੁਕਿਆ ਤਾਂ ਦੂਜੇ ਪਾਸੇ ਉਸ ਨੇ ਸਰੂਪ ਦੀ ਹਿੱਲਮੈਨ ਹੰਟਰ ਜਾਂਦੀ ਦੇਖ ਲਈ। ਉਸ ਨੇ ਕਾਰ ਮਗਰੇ ਹੀ ਲਾ ਦਿਤੀ। ਸਰੂਪ ਦੇ ਬਰਾਬਰ ਇਕ ਪਤਲੀ ਜਿਹੀ ਔਰਤ ਬੈਠੀ ਸੀ। ਦਿਲਬਾਗ ਮਨ ਹੀ ਮਨ ਮੁਸਕ੍ਰਾਇਆ ਕਿ ਜ਼ਰੂਰ ਕੋਈ ਮਾਲ ਹੋਵੇਗਾ। ਸਰੂਪ ਨੇ ਆਪਣੇ ਘਰ ਮੁਹਰੇ ਜਾ ਕੇ ਕਾਰ ਰੋਕ ਲਈ ਤੇ ਉਤਰ ਕੇ ਡਿੱਗੀ ਵਿਚੋਂ ਸਮਾਨ ਕੱਢਣ ਲਗਿਆ। ਕਾਰ ਵਿਚੋਂ ਖੱਬੀ ਬੁਕਲ ਮਾਰੀ, ਚੋਪੜੇ ਜਿਹੇ ਵਾਲ਼ਾਂ ਦੀ ਪਤਲੀ ਜਿਹੀ ਗੁਤਨੀ ਕਰੀ ਪਤਲੀ ਜਿਹੀ ਕੁੜੀ ਉਤਰੀ। ਪੇਂਡੂ ਕੁੜੀ ਤੇ ਇੰਡੀਅਨ ਅਟੈਚੀ ਤੇ ਰਜਾਈ ਦੇਖ ਕੇ ਦਿਲਬਾਗ ਸਾਰੀ ਕਹਾਣੀ ਸਮਝ ਗਿਆ। ਸਰੂਪ ਨੇ ਉਸ ਨੂੰ ਦੇਖ ਲਿਆ ਤੇ ਬੋਲਿਆ,

"ਨਗਮਿਆਂ, ਤੂੰ ਮੇਰਾ ਪਿੱਛਾ ਨਾ ਛੱਡੀਂ!"

"ਭਰਜਾਈ ਲੈ ਆਇਐਂ, ਦੱਸਿਆ ਈ ਨਹੀਂ!"

"ਜੇ ਭੈਣ ਕਹਿ ਲਵੇਂ ਤਾਂ ਤੇਰਾ ਕੀ ਘਸਦੈ! ...ਮੈਨੂੰ ਜ਼ਰਾ ਤਸੱਲੀ ਰਹੂ।"

ਉਹਨਾਂ ਦੀ ਗੱਲਬਾਤ ਨਾਲ ਸਤਨਾਮੀ ਸ਼ਰਮਾਈ ਤੇ ਉਸ ਦੇ ਉੱਚੇ ਦੰਦ ਬਰੀਕ ਜਿਹੇ ਬੁਲ੍ਹਾਂ ਵਿਚੋਂ ਬਾਹਰ ਆ ਗਏ। ਦਿਲਬਾਗ ਆਖਣ ਲਗਿਆ,

"ਤੂੰ ਰਿਹਾ ਨਗਮੇ ਦਾ ਨਗਮਾ, ਸਾਨੂੰ ਦਸਿਆ ਹੁੰਦਾ ਤਾਂ ਅਸੀਂ ਵੀ ਏਅਰ ਪੋਰਟ ਚਲਦੇ, ਭਰਜਾਈ ਦਾ ਵੈਲਕਮ ਕਰਦੇ, ...ਅੰਟੀ ਨੂੰ ਵੀ ਚਾਅ ਚੜ੍ਹ ਜਾਣਾ ਸੀ, ਹੁਣ ਦੇਖੀਂ ਤੈਨੂੰ ਛਾਂਦਾ ਦਿੰਦੀ!"

"ਓ ਬਈ ਨਗਮਿਆਂ, ਇਕ ਤਾਂ ਮੈਂ ਸੋਚਦਾ ਸੀ ਬਈ ਤੁਹਾਨੂੰ ਤਕਲੀਫ ਹੋਊ ਤੇ ਦੂਜਾ ਮੈਂ ਸਰਪਰਾਈਜ਼ ਦੇਣਾ ਚਾਹੁੰਦਾ ਸੀ।"

ਅਸਲ ਗੱਲ ਛੁਪਾ ਗਿਆ ਕਿ ਉਸ ਸਤਨਾਮੀ ਨੂੰ ਇਥੋਂ ਦੇ ਹਿਸਾਬ ਨਾਲ ਤਿਆਰ ਕਰਕੇ ਸਭ ਦੇ ਸਾਹਮਣੇ ਲਿਆਉਣਾ ਚਾਹੁੰਦਾ ਸੀ। ਇੰਡੀਆ ਤੋਂ ਆਈ ਕੁੜੀ ਨੂੰ ਮੇਕਅੱਪ ਦਾ ਕੁਝ ਪਤਾ ਵੀ ਨਹੀਂ ਹੁੰਦਾ, ਘੱਟੋ ਘੱਟ ਸਤਨਾਮੀ ਬਾਰੇ ਉਸ ਨੂੰ ਪਤਾ ਸੀ ਕਿ ਬਹੁਤ ਸਾਧਰਾਨ ਕੁੜੀ ਹੈ। ਦਿਲਬਾਗ ਨੇ ਸੋਚਿਆ ਕਿ ਸਰੂਪ ਕੋਲ ਜਾਣ ਦਾ ਇਹ ਗਲਤ ਮੌਕਾ ਹੈ। ਉਹ ਅਲਵਿਦਾ ਕਹਿ ਕੇ ਤੁਰਨ ਲਗਿਆ ਤਾਂ ਸਰੂਪ ਨੇ ਕਿਹਾ,

"ਹੁਣ ਵਧਾਈਆਂ ਤਾਂ ਦੇ ਦੇ ਮੈਨੂੰ, ਮੇਰਾ ਘਰ ਵਸਦਾ ਹੋ ਗਿਆ।"

"ਵਧਾਈਆਂ ਬਈ ਵਧਾਈਆਂ!"

"ਹੁਣ ਅੰਦਰ ਆ ਜਾ, ਵਧਾਈਆਂ ਲੈਂਦਾ ਵੀ ਜਾ।"

ਉਹ ਸਰੂਪ ਨਾਲ ਘਰ ਦੇ ਅੰਦਰ ਚਲੇ ਗਿਆ। ਸਰੂਪ ਨੇ ਬੋਤਲ ਖੋਹਲੀ। ਦਿਲਬਾਗ ਦੋ ਕੁ ਘੰਟੇ ਉਥੇ ਬੈਠਾ ਪਰ ਸਰੂਪ ਨੇ ਇੰਨੇ ਚਿਰ ਵਿਚ ਹੀ ਉਸ ਨੂੰ ਸ਼ਰਾਬੀ ਕਰ ਦਿਤਾ। ਦਿਲਬਾਗ ਨੇ ਉਧਾਰ ਮੰਗਣ ਦਾ ਇਰਾਦਾ ਛੱਡ ਦਿਤਾ। ਵਾਪਸ ਜਾਂਦਾ ਉਹ ਸੋਚ ਰਿਹਾ ਸੀ ਕਿ ਸਤਨਾਮੀ ਵਰਗੀ ਕੁੜੀ ਨਾਲੋਂ ਵਿਆਹ ਕਰਾਉਣ ਨਾਲੋਂ ਤਾਂ ਉਹ ਇਕੱਲਾ ਹੀ ਰਹਿ ਲਵੇਗਾ। ਉਹ ਮਨ ਹੀ ਮਨ ਇੰਡੀਆ ਜਾਣ ਦਾ ਪਰੋਗਰਾਮ ਬਦਲਣ ਲਗਿਆ ਕਿ ਜੇਕਰ ਤਾਏ ਨੇ ਜਬਰਦਸਤੀ ਇਹੋ ਜਿਹੀ ਕੁੜੀ ਨਾਲ ਵਿਆਹ ਕਰ ਦਿਤਾ ਤਾਂ ਉਸ ਦਾ ਕੀ ਬਣੇਗਾ।

www.PunjabiLibrary.com

ਦਿਲਬਾਗ ਨੇ ਬੇਸ ਤੋਂ ਸਵਾਰੀ ਚੁੱਕੀ ਤੇ ਇਲਫੋਰਡ ਛੱਡ ਆਇਆ। ਵਾਪਸ ਮੁੜਦਿਆਂ ਉਸ ਨੂੰ ਲਗਿਆ ਕਿ ਉਸ ਦੀ ਕਾਰ ਦੀ ਸਪੀਡ ਹੌਲੀ ਹੋ ਗਈ ਹੈ। ਉਸ ਨੇ ਹੋਰ ਗੈਸ ਦਿਤੀ ਪਰ ਸਪੀਡ ਨਾ ਵਧੀ। ਗੇਅਰ ਵੀ ਬਦਲੇ ਪਰ ਕੋਈ ਫਰਕ ਨਾ ਪਿਆ। ਉਹ ਸਮਝ ਗਿਆ ਕਿ ਕਾਰ ਦਾ ਕਲੱਚ ਚਲੇ ਗਿਆ ਹੈ। ਕਲੱਚ ਜਾਣ ਦਾ ਮਤਲਬ ਕਿ ਕੰਮ ਦਾ ਰੁਕ ਜਾਣਾ। ਹਾਲੇ ਪਿਛਲੇ ਹਫਤੇ ਹੀ ਐਮ. ਓ. ਟੀ. ਕਰਾਈ ਸੀ। ਕਈ ਨੁਕਸ ਨਿਕਲ ਆਏ ਸਨ, ਕੋਲ ਪਏ ਸਾਰੇ ਪੈਸੇ ਖਰਚ ਹੋ ਗਏ ਸਨ। ਹੁਣ ਕਲੱਚ ਨੇ ਨਵੀਂ ਮੁਸੀਬਤ ਖੜੀ ਕਰ ਦਿਤੀ। ਉਹ ਸੋਚਣ ਲਗਿਆ ਕਿ ਜੇਕਰ ਕਿਸੇ ਦੀ ਕਾਰ ਉਧਾਰੀ ਮਿਲ ਜਾਵੇ ਤਾਂ ਇਹ ਕਾਰ ਮਕੈਨਿਕ ਕੋਲ ਛੱਡ ਕੇ ਆਪਣਾ ਕੰਮ ਕਰਦਾ ਰਹੇ। ਇਸ ਤਰ੍ਹਾਂ ਉਸ ਦੀਆਂ ਦਿਹਾੜੀਆਂ ਖਰਾਬ ਨਹੀਂ ਹੋਣਗੀਆਂ। ਪਰਮੀਤ ਕੋਲ ਕਾਰ ਹੈ ਸੀ ਪਰ ਉਹ ਦੋ ਦਰਵਾਜ਼ਿਆਂ ਵਾਲੀ ਸੀ। ਸੋਚਦਿਆਂ ਸੋਚਦਿਆਂ ਉਸ ਨੂੰ ਅਵਤਾਰ ਦਾ ਖਿਆਲ ਆਇਆ। ਉਸ ਕੋਲ ਕਾਰ ਸੀ ਤੇ ਉਹ ਬਹੁਤੀ ਵਰਤਦਾ ਵੀ ਨਹੀਂ ਸੀ ਪਰ ਅਵਤਾਰ ਨਾਲ ਉਸ ਦੀ ਬਹੁਤੀ ਵਾਕਫੀ ਨਹੀਂ ਸੀ। ਉਹ ਪੱਬ ਵਿਚ ਹੀ ਮਿਲਿਆ ਕਰਦੇ ਸਨ। ਗੱਪਾਂ ਦਾ ਅਵਤਾਰ ਵੀ ਸ਼ੌਕੀਨ ਸੀ। ਦੋ ਕੁ ਵਾਰ ਉਸ ਨੂੰ ਘਰ ਵੀ ਛੱਡਣ ਗਿਆ ਸੀ ਪਰ ਉਸ ਦਾ ਫੋਨ ਨੰਬਰ ਨਹੀਂ ਸੀ। ਉਸ ਨੂੰ ਅਵਤਾਰ ਦੇ ਘਰ ਦੇ ਨੰਬਰ ਦਾ ਵੀ ਨਹੀਂ ਸੀ ਪਤਾ ਬਸ ਦਰਵਾਜ਼ੇ ਦੇ ਰੰਗ ਦਾ ਪਤਾ ਸੀ ਕਿ ਨੀਲੇ ਰੰਗ ਦਾ ਹੈ। ਉਹ ਹਾਰਵੇ ਰੋਡ ‘ਤੇ ਆ ਗਿਆ। ਅਵਤਾਰ ਦੀ ਕਾਰ ਖੜੀ ਉਸ ਨੂੰ ਦਿਸ ਗਈ। ਸਾਹਮਣੇ ਹੀ ਨੀਲੇ ਰੰਗ ਦਾ ਦਰਵਾਜ਼ਾ ਸੀ। ਉਸ ਨੇ ਘੰਟੀ ਦੱਬ ਦਿਤੀ। ਲਾਜਵੰਤੀ ਨੇ ਡੋਰ ਖੋਹਲਿਆ। ਉਸ ਦੇ ਬੱਚੇ ਵੀ ਰੌਲ਼ਾ ਪਾਉਂਦੇ ਮਗਰੇ ਹੀ ਆ ਗਏ। ਪਰਦੇ ਰਾਹੀਂ ਓਪਰਾ ਜਿਹਾ ਬੰਦਾ ਦੇਖ ਕੇ ਬਨਾਰਸੀ ਦਾਸ ਵੀ ਉਠ ਆਇਆ। ਲਾਜਵੰਤੀ ਪਿੱਛੇ ਹੋ ਗਈ। ਦਿਲਬਾਗ ਨੇ ਕਿਹਾ,
“ਮੈਂ ਅਵਤਾਰ ਨੂੰ ਮਿਲਣੈ, ਇਥੇ ਈ ਰਹਿੰਦੈ?”

ਬਨਾਰਸੀ ਦਾਸ ਨੇ ਕੋਈ ਜਵਾਬ ਦਿਤੇ ਬਿਨਾਂ ਉਪਰ ਨੂੰ ਮੂੰਹ ਚੁੱਕ ਕੇ ਆਵਾਜ਼ ਮਾਰਦਿਆਂ ਆਖਿਆ,
“ਓ ਯੰਗ ਮੈਨ, ਆ ਬਈ ਉਠ ਕੇ, ਥੱਲੇ ਆ ਜ਼ਰਾ।”

ਕਹਿੰਦਾ ਹੋਇਆ ਉਹ ਵਿੰਗੇ ਵਿੰਗੇ ਕਦਮਾਂ ਨਾਲ ਬੈਠਕ ਵਲ ਤੁਰ ਪਿਆ, ਨਾਲ ਹੀ ਲਾਜਵੰਤੀ ਵੀ। ਦੋਨੋਂ ਮੁੰਡੇ ਉਥੇ ਖੜੇ ਰਹੇ। ਉਹ ਦਿਲਬਾਗ ਦਾ ਨਾਂ ਪੁੱਛਦੇ ਨਿਕੇ ਨਿਕੇ ਜਿਹੇ ਸਵਾਲ ਕਰਨ ਲਗੇ। ਅਵਤਾਰ ਦਗੜ ਦਗੜ ਕਰਦਾ ਪੌੜੀਆਂ ਉਤਰ ਆਇਆ। ਉਹ ਦਿਲਬਾਗ ਨੂੰ ਦੇਖ ਕੇ ਖੁਸ਼ ਹੋ ਗਿਆ ਤੇ ਹੱਥ ਮਿਲਾ ਕੇ ਉਪਰ ਆਪਣੇ ਕਮਰੇ ਵਿਚ ਲੈ ਗਿਆ।...

ਉਹਨਾਂ ਦੀ ਪਹਿਲੀ ਮੁਲਾਕਾਤ ਆਲਡਗੇਟ ਦੇ ਨਹਿਰ ਵਾਲੇ ਪੱਬ ਵਿਚ ਹੋਈ ਸੀ। ਇਸ ਪੱਬ ਵਿਚ ਗਾਹਕਾਂ ਦੀ ਦਿਲਚਸਪੀ ਲਈ ਕੁਰਸੀਆਂ ਦੇ ਹੇਠ ਦੀ ਇਕ ਬਰੀਕ ਜਿਹੀ ਨਹਿਰ ਕੱਢੀ ਹੋਈ ਸੀ ਜਿਸ ਵਿਚ ਬਜਲਈ ਸ਼ਕਤੀ ਨਾਲ ਪਾਣੀ ਦੌੜਦਾ ਸੀ। ਅਵਤਾਰ ਤਾਂ ਦੁਪਿਹਰ ਵੇਲੇ ਇਸ ਪੱਬ ਵਿਚ ਹੀ ਗਲਾਸ ਪੀਣ ਆਇਆ ਕਰਦਾ। ਕਦੇ ਕਦਾਈਂ ਦਿਲਬਾਗ ਵੀ ਆ ਜਾਂਦਾ। ਦਿਲਬਾਗ ਆਲਡਗੇਟ ਦੇ ਇਕ ਬੰਗਾਲੀ ਰੈਸਟੋਰੈਂਟ ਵਿਚ ਖਾਣਾ ਖਾਣ ਆਇਆ ਕਰਦਾ ਸੀ ਤੇ ਪੱਬ ਵਿਚ ਵੀ ਗਲਾਸ ਪੀਣ ਆ ਬੈਠਦਾ। ਦੋਵਾਂ ਨੂੰ ਹੀ ਸਨੂਕਰ ਖੇਡਣ ਦਾ ਸ਼ੌਂਕ ਸੀ। ਸਨੂਕਰ ਹੀ ਅਧਾਰ ਸੀ ਦੋਸਤੀ ਦਾ। ਦਿਲਬਾਗ ਦਾ ਸਨੂਕਰ ਵਿਚ ਹੱਥ ਬਹੁਤ ਸਾਫ ਸੀ। ਉਹ ਪਾਡੀ ਮਾਰਦਾ ਦਸਣ ਲਗਿਆ,
“ਕਦੇ ਗਰੇਵਜ਼ੈਂਡ ਆਓ, ਸ਼ਹਿਰੋਂ ਬਾਹਰ ਹੀ ਪੱਬਾਂ ਵਿਚੋਂ ਮੇਰਾ ਨਾਂ ਪੁੱਛਣਾ ਸ਼ੁਰੂ ਕਰ ਦਿਓ, ਆਪਣੇ ਬੰਦੇ ਮੈਨੂੰ ਬਾਗਾ ਕਹਿੰਦੇ ਆ ਤੇ ਗੋਰੇ ਬੈਗ ਦ ਸਨੂਕਰ ਮੈਨ। ਬਸ ਆਪਣੀ ਧੰਨ ਧੰਨ ਐਂ ਸਨੂਕਰ ਵਿਚ।”
“ਇਹਦਾ ਮਤਲਬ ਤੂੰ ਗਰੇਵਜ਼ੈਂਡ ਰਹਿੰਨੈ?”
“ਉਹੀ ਮੇਰਾ ਸ਼ਹਿਰ ਐ।”
“ਫੇਰ ਇਥੇ ਕੀ ਕਰਦਾਂ?”
“ਇਥੇ ਕਪੜੇ ਦੀ ਫੈਕਟਰੀ ਵਿਕਾਊ ਸੀ, ਮੈਂ ਕਿਹਾ ਦੇਖ ਆਵਾਂ।”

ਉਹ ਗੱਪ ਮਾਰ ਕੇ ਵੱਡਾ ਸਾਰਾ ਘੁੱਟ ਬੀਅਰ ਦਾ ਭਰਿਆ। ਅਵਤਾਰ ਹੈਰਾਨ ਹੁੰਦਾ ਅਗੇ ਪੁੱਛਿਆ,
“ਬਣਿਆਂ ਸੌਦਾ?”
“ਬਸ, ਮਾੜੀ ਜਿਹੀ ਕਸਰ ਐ।”
“ਕਿਹੜੀ ਫੈਕਰਟੀ ਦਾ ਸੌਦਾ ਮਾਰ ਰਹੇ ਓ?”
“ਓਹ ਜਿਹੜੀ ਪਰਲੀ ਰੋਡ ‘ਤੇ ਆ।”

ਦਿਲਬਾਗ ਹਵਾ ਵਿਚ ਹੱਥ ਮਾਰਦਾ ਬੋਲਿਆ। ਅਵਤਾਰ ਨੇ ਜੇਬ੍ਹ ਵਿਚੋਂ ਕੰਘੀ ਕੱਢ ਕੇ ਵਾਲ ਵਾਹੇ। ਦਿਲਬਾਗ ਸੋਚ ਰਿਹਾ ਸੀ ਕਿ ਇਹ ਜ਼ਰੂਰ ਕਿਸੇ ਦਫਤਰ ਦਾ ਬਾਬੂ ਹੋਵੇਗਾ। ਅਵਤਾਰ ਤਹਿਕੀਕਾਤ ਕਰਨ ਵਾਂਗ ਪੁੱਛਣ ਲਗਿਆ,
“ਕਿਹੜੀ? ਵਿਰਕ ਵਾਲੀ ਜਾਂ ਚੱਢੇ ਵਾਲੀ?”
“ਨਾਂ ਤਾਂ ਮੈਂ ਨਹੀਂ ਜਾਣਦਾ ਪਰ ਆਪਣੇ ਬੰਦੇ ਈ ਆ।”

"ਅੱਛਾ, ਮੈਨੂੰ ਨਹੀਂ ਪਤਾ ਕਿ ਉਹਨਾਂ ਵਿਚੋਂ ਕੋਈ ਫੈਕਟਰੀ ਵੇਚ ਰਿਹੈ ਪਰ ਜੇ ਕੋਈ ਪਰਾਈਸ ਦੀ ਪਰੋਬਲਮ ਹੋਈ ਤਾਂ ਮੈਨੂੰ ਦਸਣਾ, ਮੈਂ ਆਲਡਗੇਟ ਦੇ ਹਰ ਵਪਾਰੀ ਨੂੰ ਜਾਣਦਾਂ।"

ਉਸ ਦੀ ਗੱਲ ਸੁਣ ਕੇ ਦਿਲਬਾਗ ਛਿੱਥਾ ਜਿਹਾ ਪੈ ਗਿਆ। ਉਸ ਦੀ ਪਾਡੀ ਉਲਟੀ ਪੈ ਗਈ ਸੀ। ਉਸ ਨੇ ਗੱਲ ਬਦਲਣ ਲਈ ਕਿਹਾ,

"ਥੈਂਕਿਊ, ਮੈਂ ਆਪਣੇ ਪਾਰਟਨਰ ਨਾਲ ਗੱਲ ਕਰੂੰ, ...ਜੇ ਫੈਕਟਰੀ ਦੀ ਗੱਲ ਨਾ ਬਣੀ ਤਾਂ ਕੁਝ ਪਰੌਪਰਟੀਆਂ ਖਰੀਦ ਲਵਾਂਗੇ।"

ਦਿਲਬਾਗ ਨੇ ਗੱਲ ਗੋਲ ਕਰਦਿਆਂ ਆਖਿਆ। ਫਿਰ ਅਵਤਾਰ ਦੱਸਣ ਲਗਿਆ ਕਿ ਉਹ ਇਹਨਾਂ ਫੈਕਟਰੀਆਂ ਵਿਚ ਕਈ ਸਾਲਾਂ ਤੋਂ ਕੰਮ ਕਰ ਰਿਹਾ ਹੈ ਤਾਂ ਦਿਲਬਾਗ ਨੇ ਫੈਕਟਰੀ ਖਰੀਦਣ ਬਾਰੇ ਗੱਲ ਹੀ ਨਾ ਕੀਤੀ। ਜਦ ਉਸ ਨੂੰ ਪਤਾ ਲਗਿਆ ਕਿ ਅਵਤਾਰ ਤਾਂ ਬੰਬਈ ਤਕ ਦੇ ਚਕਰ ਮਾਰ ਆਇਆ ਹੈ ਤੇ ਬਹੁਤ ਸਾਰੇ ਐਕਟਰਾਂ ਨੂੰ ਮਿਲ ਚੁੱਕਿਆ ਹੈ ਤਾਂ ਉਸ ਦੀ ਬਿਲਕੁਲ ਹੀ ਹਵਾ ਨਿਕਲ ਗਈ। ਉਸ ਦਿਨ ਪੱਬ ਵਿਚੋਂ ਜਾਂਦਾ ਹੋਇਆ ਕਹਿਣ ਲਗਿਆ,

"ਜਦ ਤਕ ਕਿਸੇ ਵੱਡੇ ਬਿਜ਼ਨਸ ਦਾ ਸੌਦਾ ਨਹੀਂ ਹੁੰਦਾ ਤਦ ਤਕ ਮੈਂ ਸੋਚਿਆ ਬਈ ਵਿਹਲੇ ਰਹਿਣ ਨਾਲੋਂ ਕੈਬਿੰਗ ਹੀ ਕਰ ਲਈਏ।"

ਇਵੇਂ ਹੀ ਕੁਝ ਇਕ ਵਾਰ ਉਹ ਹੋਰ ਮਿਲੇ। ਅਵਤਾਰ ਸਮਝ ਗਿਆ ਸੀ ਕਿ ਦਿਲਬਾਗ ਦੇ ਸਾਰੇ ਲਿਫਾਫੇ ਹੀ ਹਨ। ਫਿਰ ਤਾਂ ਇਹ ਸਾਫ ਹੋ ਹੀ ਗਿਆ ਸੀ ਕਿ ਦਿਲਬਾਗ ਟੈਕਸੀ ਕਰਦਾ ਹੈ ਤੇ ਕਿਰਾਏ 'ਤੇ ਕਮਰਾ ਲੈ ਕੇ ਰਹਿੰਦਾ ਹੈ। ਇੰਨੀ ਕੁ ਮਿਤਰਤਾ ਤੋਂ ਬਾਅਦ ਦਿਲਬਾਗ ਸਮਝਦਾ ਸੀ ਕਿ ਅਵਤਾਰ ਕਾਰ ਨੂੰ ਨਾਂਹ ਨਹੀਂ ਕਰਨ ਲਗਿਆ। ਜੇ ਨਾਂਹ ਕਰ ਵੀ ਦਿੰਦਾ ਤਾਂ ਉਸ ਨੂੰ ਬਹੁਤਾ ਫਰਕ ਨਹੀਂ ਸੀ ਪੈਣਾ ਇਸ ਲਈ ਹੀ ਉਸ ਨੇ ਅਵਤਾਰ ਦਾ ਦਰਵਾਜ਼ਾ ਜਾ ਖੜਕਇਆ ਸੀ। ਅਵਤਾਰ ਉਸ ਨੂੰ ਆਪਣੇ ਕਮਰੇ ਵਿਚ ਲੈ ਗਿਆ ਤੇ ਇਵੇਂ ਅਚਾਨਕ ਆਉਣ ਦਾ ਕਾਰਨ ਪੁੱਛਦਿਆਂ ਕਿਹਾ,

"ਸੁੱਖ ਤਾਂ ਹੈ, ਅਜ ਅਚਾਨਕ ਹੀ...।"

"ਮੈਂ ਤਾਂ ਨੰਘਿਆ ਜਾਂਦਾ ਸੀ, ਤੇਰੀ ਕਾਰ ਬਾਹਰ ਖੜੀ ਦੇਖੀ ਤਾਂ ਸੋਚਿਆ ਕਿ ਹੈਲੋ ਕਰ ਜਾਵਾਂ, ਸੈਚਰਡੇ ਦੀ ਛੁੱਟੀ ਸੀ ਅੱਜ।"

"ਨਹੀਂ, ਮੇਰਾ ਤਾ ਸੈਚਰਡੇ ਲਗਦਾ ਈ ਲਗਦਾ, ਮੈਂ ਤਾਂ ਅੱਜ ਹੰਸਲੋ ਜਾਣਾ ਏਸ ਕਰਕੇ ਘਰ ਆਂ, ਬਸ ਤਿਆਰੀ ਕਰ ਰਿਹਾਂ।"

"ਹੰਸਲੋ?"

"ਉਥੇ ਮੇਰਾ ਖਾਸ ਦੋਸਤ ਰਹਿੰਦੈ; ਉਂਕਾਰ। ਬੜਾ ਮੌਜੀ ਬੰਦਾ, ਬੜੀ ਵਾਕਫੀ ਐ ਉਹਦੀ, ਫਿਲਮ ਇੰਡਟਰੀ ਤੋਂ ਕੋਈ ਨਾ ਕੋਈ ਆਇਆ ਈ ਰਹਿੰਦੈ। ਮੈਂ ਸੋਚਦਾ ਸੀ ਕਿ ਨਾਲੇ ਵੀਕ ਐਂਡ ਮੰਨ ਜਾਊ, ਨਾਲੇ ਕੋਈ ਆਇਆ ਹੋਊ ਤਾਂ ਮਿਲ ਜਾਊ। ਕਈ ਸੈਚਰਡੇ ਲਗਾਤਾਰ ਲਾਏ ਐ, ਏਸ ਕਰਕੇ ਐਤਕੀਂ ਫਰਲੋ ਮਾਰਨ ਦਾ ਮਨ ਹੋ ਗਿਆ।"

"ਇਹ ਤਾਂ ਹੈ, ਇੰਨਜੁਆਏਮੈਂਟ ਵੀ ਜ਼ਰੂਰੀ ਐ।"

"ਜੇ ਵਿਹਲਾ ਹੈਗਾ ਤਾਂ ਚੱਲ।"

ਅਵਤਾਰ ਨੇ ਪੁੱਛਿਆ। ਦਿਲਬਾਗ ਤਾਂ ਵਿਹਲਾ ਹੀ ਸੀ। ਕਾਰ ਉਸ ਦੀ ਮਕੈਨਿਕ ਦੇ ਖੜੀ ਸੀ। ਅਵਤਾਰ ਵਾਲੀ ਕਾਰ ਹੁਣ ਮਿਲਣੀ ਨਹੀਂ ਸੀ। ਉਹ ਅਵਤਾਰ ਨਾਲ ਹੰਸਲੋ ਲਈ ਤੁਰ ਪਿਆ।

ਹੰਸਲੋ ਕਿੰਗਜ਼ਲੇ ਐਵੀਨਿਊ ਉਪਰ ਉਕਾਂਰ ਦਾ ਰੈਸਟੋਰੈਂਟ ਸੀ। ਰੈਸਟੋਰੈਂਟ ਉਪਰਲਾ ਫਲੈਟ ਦੋਸਤਾਂ ਨਾਲ ਜਸ਼ਨ ਮਨਾਉਣ ਲਈ ਵਿਹਲਾ ਰੱਖਿਆ ਹੋਇਆ ਸੀ। ਕੋਈ ਨਾ ਕੋਈ ਦੋਸਤ ਆਇਆ ਹੀ ਰਹਿੰਦਾ। ਉਂਕਾਰ ਨੂੰ ਐਕਟਰ ਬਣਨ ਦੀ ਕੋਈ ਖੱਬਤ ਨਹੀਂ ਸੀ ਪਰ ਉਸ ਨੂੰ ਐਕਟਰਾਂ ਤੇ ਹੋਰ ਵੱਡੇ ਬੰਦਿਆਂ ਨਾਲ ਤਸਵੀਰਾਂ ਖਿਚਾਉਣ ਦਾ ਬਹੁਤ ਸ਼ੌਂਕ ਸੀ। ਦੂਜਾ ਵੱਡਾ ਸ਼ੌਂਕ ਸੀ ਉਸ ਦਾ; ਗਾਉਣ ਦਾ। ਇੰਡੀਆ ਤੋਂ ਢੋਲਕੀ ਮੰਗਵਾ ਰੱਖੀ ਸੀ। ਹਰਮੋਨੀਅਮ ਦਾ ਇੰਤਜ਼ਾਮ ਵੀ ਕੀਤਾ ਹੋਇਆ ਸੀ। ਵੇਲੇ ਕੁ ਵੇਲੇ ਉਹ ਦੋਸਤਾਂ ਦੀ ਮਹਿਫਲ ਲਾ ਲਿਆ ਕਰਦਾ। ਉਂਕਾਰ ਉਹਨਾਂ ਨੂੰ ਧਾ ਕੇ ਮਿਲਿਆ। ਕੁਝ ਦੇਰ ਉਹਨਾਂ ਰੈਸਟੋਰੈਂਟ ਵਿਚ ਬੈਠ ਕੇ ਬੀਅਰ ਪੀਤੀ ਤੇ ਫਿਰ ਉਪਰ ਫਲੈਟ ਵਿਚ ਚਲੇ ਗਏ। ਹੋਰ ਦੋਸਤ ਵੀ ਆਉਣੇ ਸ਼ੁਰੂ ਹੋ ਗਏ। ਰਾਤ ਨੂੰ ਉਂਕਾਰ ਰੈਸਟੋਰੈਂਟ ਬੰਦ ਕਰਕੇ ਉਪਰ ਆ ਗਿਆ। ਉਹਦੇ ਆਉਣ 'ਤੇ ਮਹਿਫਲ ਭਖ ਤੁਰੀ। ਸੰਤੋਖ ਨਾਮੀ ਦੋਸਤ ਜੋ ਸ਼ਰਾਬ ਨਹੀਂ ਸੀ ਪੀਂਦਾ, ਹਰਮੋਨੀਅਮ ਦਾ ਮਾਹਰ ਸੀ। ਕੋਈ ਕਿਸੇ ਗੀਤ ਦੇ ਬੋਲ ਚੁੱਕਦਾ ਤਾਂ ਸੰਤੋਖ ਇਕ ਦਮ ਉਹਦੇ ਬੋਲਾਂ ਮਗਰ ਹਰਮੋਨੀਅਮ ਲਾ ਲੈਂਦਾ। ਸਭ ਨੇ ਰਲ਼ ਕੇ ਫਿਲਮੀ ਗੀਤਾਂ ਦੀ ਝੜੀ ਲਾ ਦਿਤੀ। ਦਿਲਬਾਗ ਲਈ ਇਹ ਨਵਾਂ ਤਜਰੁਬਾ ਸੀ। ਇੰਨੇ ਦੋਸਤਾਂ ਵਿਚ ਪਹਿਲਾਂ ਉਹ ਕਦੇ ਨਹੀਂ ਸੀ ਬੈਠਿਆ। ਸਰੂਪ ਤੋਂ ਬਿਨਾਂ ਉਸ ਦਾ ਕੋਈ ਹੋਰ ਦੋਸਤ ਹੀ ਨਹੀਂ ਸੀ। ਹਰਿੰਦਰ ਕਦੋਂ ਦਾ ਵਿਆਹ ਕਰਾ ਕੇ ਬਰਮੀਘੰਮ ਜਾ ਵਸਿਆ ਸੀ। ਸਰੂਪ ਵੀ ਹੁਣ ਪਤਨੀ ਆ ਜਾਣ ਤੋਂ ਬਾਅਦ ਘੱਟ ਹੀ ਆਉਂਦਾ। ਇਸ ਮਹਿਫਲ ਵਿਚ ਆਉਣਾ ਉਸ ਨੂੰ ਬਹੁਤ ਚੰਗਾ ਲਗਿਆ। ਤੜਕਸਾਰ ਤਕ ਸ਼ਰਾਬ ਚਲਦੀ ਰਹੀ ਤੇ ਗੀਤ ਗਾ ਹੁੰਦੇ ਰਹੇ।

ਸਵੇਰੇ ਜਦ ਦਿਲਬਾਗ ਉਠਿਆ ਤਾਂ ਦਰਦ ਨਾਲ ਉਸ ਦਾ ਸਿਰ ਫਟ ਰਿਹਾ ਸੀ। ਕਈ ਕਿਸਮ ਦੀ ਸ਼ਰਾਬ ਪੀਤੀ ਗਈ ਸੀ। ਵਿਸਕੀ, ਰਮ, ਵੋਦਕਾ, ਬੀਅਰ; ਸਭ ਰਲਵੇਂ ਚਲਦੇ ਰਹੇ ਸਨ। ਉਹ ਉਠਿਆ ਤਾਂ ਨਾਲ ਦੇ ਕਮਰੇ ਵਿਚ ਅਵਤਾਰ ਤੇ

www.PunjabiLibrary.com

ਉਂਕਾਰ ਗਾਉਣ ਦਾ ਰਿਆਜ਼ ਕਰ ਰਹੇ ਸਨ। ਦਿਲਬਾਗ ਨੂੰ ਜਾਪਿਆ ਕਿ ਉਹ ਗਾ ਨਹੀਂ ਰਹੇ ਬਲਕਿ ਉਸ ਦੇ ਸਿਰ ਵਿਚ ਹਥੌੜੇ ਮਾਰ ਰਹੇ ਹੋਣ। ਉਹ ਕਹਿਣ ਲਗਿਆ,

"ਯਾਰ, ਕਿਉਂ ਕੱਟੇ ਵਾਂਗੂੰ ਅੜਿੰਗੀ ਜਾਨੇ ਓਂ! ਕਿਸੇ ਨੂੰ ਰੈੱਸਟ ਵੀ ਕਰ ਲੈਣ ਦਿਓ।"

ਉਸ ਦੀ ਕਿਸੇ ਨੇ ਨਾ ਸੁਣੀ। ਉਹ ਬਾਥਰੂਮ ਗਿਆ ਤੇ ਫਿਰ ਇਕ ਵੱਡਾ ਸਾਰਾ ਪੈੱਗ ਵਿਸਕੀ ਦਾ ਬਣਾ ਕੇ ਪੀ ਲਿਆ। ਉਸ ਨੂੰ ਪਤਾ ਸੀ ਕਿ ਭਾਨ ਦਾ ਇਲਾਜ ਇਹੋ ਹੈ। ਥੋੜਾ ਜਿਹਾ ਨਾਸ਼ਤਾ ਕਰਕੇ ਪੀਣ ਦਾ ਦੌਰ ਫਿਰ ਸ਼ੁਰੂ ਹੋ ਗਿਆ।

ਅਵਤਾਰ ਨਾਲ ਦਿਲਬਾਗ ਦੀ ਦੋਸਤੀ ਹੁਣ ਡੂੰਘੀ ਹੋ ਰਹੀ ਸੀ। ਉਹ ਇਕੱਠੇ ਪੱਬ ਨੂੰ ਜਾਂਦੇ। ਦਿਲਬਾਗ ਕਈ ਵਾਰ ਉਸ ਦੇ ਕੰਮ ਵਲ ਵੀ ਜਾ ਨਿਕਲਦਾ। ਅਵਤਾਰ ਹਮੇਸ਼ਾ ਹੀ ਕੋਈ ਨਾ ਕੋਈ ਗਰਲ ਫਰੈਂਡ ਬਣ ਰੱਖਦਾ ਤੇ ਉਸ ਨੂੰ ਸ਼ਰੇਆਮ ਨਾਲ ਹੀ ਲਈ ਫਿਰਦਾ। ਉਸ ਨੂੰ ਨਾ ਕਿਸੇ ਦਾ ਡਰ-ਡੁਕਰ ਸੀ ਨਾ ਚਿੰਤਾ-ਸ਼ਰਮ। ਦਿਲਬਾਗ ਨੂੰ ਇਹ ਗੱਲ ਬਹੁਤ ਚੰਗੀ ਲਗਦੀ। ਉਸ ਦਾ ਵੀ ਦਿਲ ਕਰਦਾ ਕਿ ਕੋਈ ਸਹੇਲੀ ਰੱਖੇ। ਵੈਸੇ ਤਾਂ ਉਸ ਨੇ ਇਕ ਗੋਰੀ ਨਾਲ ਦੋਸਤੀ ਜਿਹੀ ਪਾਈ ਹੋਈ ਸੀ, ਜਦ ਕਦੇ ਦਿਲ ਕਰਦਾ ਪੈਸੇ ਦੇ ਕੇ ਉਸ ਵਲ ਗੇੜਾ ਮਾਰ ਆਉਂਦਾ ਪਰ ਅਵਤਾਰ ਵਾਂਗ ਸਹੇਲੀ ਰੱਖਣੋਂ ਉਹ ਡਰਦਾ ਸੀ। ਆਪਣੇ ਤਾਏ ਤੋਂ ਭਾਵੇਂ ਉਹ ਦੂਰ ਰਹਿੰਦਾ ਸੀ ਪਰ ਉਸ ਦੇ ਮਨ ਵਿਚ ਇਕ ਡਰ ਤੇ ਇੱਜ਼ਤ ਸੀ। ਜਦ ਉਸ ਅਵਤਾਰ ਬਾਰੇ ਸੋਚਦਾ ਤਾਂ ਉਸ ਦੀ ਤਰਜ਼ੇ-ਜ਼ਿੰਦਗੀ ਪਹਿਲੀ ਨਜ਼ਰ ਤਾਂ ਚੰਗੀ ਲਗਦੀ ਪਰ ਜ਼ਰਾ ਦੂਰ ਤਕ ਸੋਚਣ ਨਾਲ ਫਿਕੀ ਫਿਕੀ ਜਿਹੀ ਜਾਪਣ ਡਹਿ ਪੈਂਦੀ। ਦਿਲਬਾਗ ਨੂੰ ਦੇਸੀ ਢੰਗ ਨਾਲ ਵਿਆਹ ਕਰਾ ਕੇ ਗ੍ਰਿਹਿਸਥੀ ਜੀਵਨ ਵਧੇਰੇ ਪਸੰਦ ਆਉਂਦਾ। ਹੁਣ ਜਦੋਂ ਤੋਂ ਉਸ ਨੇ ਸਰੂਪ ਦੀ ਪਤਨੀ ਸਤਨਾਮੀ ਨੂੰ ਦੇਖਿਆ ਸੀ ਤਾਂ ਡਰਨ ਲਗਿਆ ਸੀ ਕਿ ਜੇ ਉਸ ਦੇ ਪਿਓ ਦੇ ਦੋਸਤ ਦੀ ਕੁੜੀ ਸਤਨਾਮੀ ਜਿਹੀ ਹੋਈ ਤਾਂ ਉਹ ਕੀ ਕਰੇਗਾ। ਤਾਏ ਨਾਲ ਇੰਡੀਆ ਜਾਣ ਨੂੰ ਤਾਂ ਉਸ ਨੇ ਟਾਲ੍ਹ ਦਿਤਾ ਸੀ ਪਰ ਆਪਣੇ ਵਿਆਹ ਨੂੰ ਲੈ ਕੇ ਉਹ ਫਿਕਰਮੰਦ ਹੋਣ ਲਗਿਆ।

ਇਕ ਦਿਨ ਅਵਤਾਰ ਦੇ ਜੀਣ ਦੇ ਤਰੀਕੇ ਬਾਰੇ ਸੋਚਦਿਆਂ ਉਸ ਨੇ ਸਵਾਲ ਕੀਤਾ,

"ਅਵਤਾਰ ਸਿਆਂ, ਤੂੰ ਆਹ ਜਿਹੜੀ ਲੋਈ ਲਾਹੀ ਫਿਰਦੈਂ, ਤੈਨੂੰ ਲਗਦਾ ਨਹੀਂ ਬਈ ਤੂੰ ਇਹ ਗਲਤ ਕਰ ਰਿਹੈਂ।"

"ਕੀ ਮਤਲਬ?"

"ਵਿਆਹ ਵਿਊਹ ਕਰਾ ਕੇ ਸੈੱਟਲ ਨਹੀਂ ਹੋਣਾਂ?"

"ਤੂੰ ਕਹਾਵਤ ਨਹੀਂ ਸੁਣੀ ਹੋਈ ਕਿ ਜੇ ਬਾਹਰੋਂ ਦੁੱਧ ਸਸਤਾ ਪੈਂਦਾ ਹੋਵੇ ਤਾਂ ਘਰ ਗਾਂ ਰੱਖ ਕੇ ਗੋਹਾ ਚੁੱਕਣ ਦਾ ਕੀ ਫਾਇਦੈ!"

ਕਹਿੰਦਾ ਅਵਤਾਰ ਹੱਸਣ ਲਗਿਆ ਤੇ ਨਾਲ ਹੀ ਦਿਲਬਾਗ ਵੀ। ਫਿਰ ਅਵਤਾਰ ਗੰਭੀਰ ਹੁੰਦਾ ਬੋਲਿਆ,

"ਮੈਨੂੰ ਕੁੜੀ ਚਾਹੀਦੀ ਐ ਜਿਹੜੀ ਮੇਰੇ ਮਨ ਨੂੰ ਕਲਿੱਕ ਕਰਦੀ ਹੋਵੇ। ਜਿੰਨਾ ਚਿਰ ਕੋਈ ਔਰਤ ਮੈਨੂੰ ਧੁਰ ਅੰਦਰੋਂ ਕਲਿੱਕ ਨਹੀਂ ਕਰਦੀ ਤਾਂ ਮੈਂ ਗਰਲ ਫਰੈਂਡ ਵੀ ਨਹੀਂ ਬਣਾਉਂਦਾ, ਵਿਆਹ ਤਾਂ ਦੂਰ ਦੀ ਗੱਲ ਐ। ਮੈਂ ਏਨੀਆਂ ਕੁੜੀਆਂ ਨਾਲ ਰਿਹਾਂ, ਇਹਨਾਂ ਵਿਚ ਇਕ ਵੀ ਨਹੀਂ ਮਿਲੀ ਜਿਹੜੀ ਵਿਆਹ ਕਰਾਉਣ ਦੇ ਯੋਗ ਹੋਵੇ।"

"ਗੱਲ ਤਾਂ ਅਵਤਾਰ ਸਿਆਂ ਤੇਰੀ ਸੋਲਾਂ ਆਨੇ ਠੀਕ ਐ, ਵਾਈਫ ਹੋਵੇ ਜਿਹੜੀ ਤੁਹਾਡੇ ਸਾਹਮਣੇ ਘੁੰਮਦੀ-ਫਿਰਦੀ, ਬੈਠਦੀ-ਉਠਦੀ ਤੁਹਾਨੂੰ ਨਸ਼ਿਆਈ ਰੱਖੇ।"

ਦਿਲਬਾਗ ਨੇ ਕਿਧਰੇ ਦੂਰ ਗਵਾਚਦਿਆਂ ਕਿਹਾ। ਅਵਤਾਰ ਇਕ ਦਮ ਬੋਲਿਆ,

"ਲਗਦੈ ਤੇਰੇ ਰਿਸ਼ਤੇ ਦੀ ਕਿਤੇ ਗੱਲ ਚੱਲ ਰਹੀ ਆ।"

"ਰਿਸ਼ਤੇ ਦੀ ਤਾਂ ਪਰੌਬਲਮ ਈ ਨਹੀਂ, ਡੈਡੀ ਦੀ ਚਿੱਠੀ ਆਈ ਆ ਬਈ ਸੌ ਕੁੜੀ ਤੇਰੇ ਮੂਹਰੇ ਲਿਆ ਖੜੀ ਕਰਨੀ ਆਂ, ਜਿਹਦੇ 'ਤੇ ਮਰਜ਼ੀ ਉਂਗਲ ਰੱਖ ਦੇਵੀਂ, ਬਸ ਮੈਂ ਈ ਨਹੀਂ ਜਾਂਦਾ।"

ਇਹ ਗੱਲ ਦਿਲਬਾਗ ਦੇ ਅੰਦਰੋਂ ਉਸ ਡਰ ਵਿਚੋਂ ਨਿਕਲੀ ਸੀ ਜਿਸ ਮੁਤਾਬਕ ਉਸ ਦਾ ਪਿਓ ਆਪਣੇ ਦੋਸਤ ਦੀ ਕੁੜੀ ਉਪਰ ਉਂਗਲ ਤਾਂ ਰੱਖ ਚੁਕਿਆ ਸੀ।

ਕਈ ਵਾਰ ਦਿਲਬਾਗ ਦੇਖਦਾ ਕਿ ਅਵਤਾਰ ਕਈ ਕਈ ਮਹੀਨੇ ਕਿਸੇ ਸਹੇਲੀ ਤੋਂ ਬਿਨਾਂ ਵੀ ਕੱਢ ਦਿੰਦਾ। ਉਹ ਸੋਚਦਾ ਕਿ ਇਕ ਵਾਰ ਬੰਦੇ ਨੂੰ ਔਰਤ ਦੇ ਨੇੜ ਦੀ ਆਦਤ ਪੈ ਜਾਵੇ ਤਾਂ ਇਹ ਹਟਦੀ ਨਹੀਂ। ਉਹ ਮਜ਼ਾਕ ਕਰਦਾ ਪੁੱਛਦਾ,

"ਗੱਲ ਸੁਣ ਓਏ ਲੰਮਿਆ, ਕਿਤੇ ਤੇਰੀ ਆਪਣੀ ਲੈਂਡ ਲੇਡੀ ਨਾਲ ਕਹਾਣੀ ਤਾਂ ਨਹੀਂ ਫਿੱਟ?"

"ਕਿਉਂ? ...ਤੈਨੂੰ ਇਹ ਖਿਆਲ ਕਿਥੋਂ ਆ ਗਿਆ?"

"ਤੇਰੀ ਲੂਸੀ ਗਈ ਨੂੰ ਏਨੇ ਮਹੀਨੇ ਹੋ ਗਏ, ਜਦੋਂ ਦਾ ਤੈਨੂੰ ਕਿਤੇ ਹੋਰ ਮੂੰਹ ਮਾਰਦੇ ਨੂੰ ਨਹੀਂ ਦੇਖਿਆ, ਮੈਂ ਕਿਹਾ ਇਹਦੀ ਅੱਗ ਬੁੜ੍ਹੇ ਤੋਂ ਤਾਂ ਠੰਡੀ ਹੋਣੋਂ ਰਹੀ, ਤੂੰ ਈ ਮੂੰਹ ਮਾਰਦਾ ਹੋਵੇਂਗਾ।"

www.PunjabiLibrary.com

ਅਵਤਾਰ ਨੂੰ ਉਸ ਦੀ ਇਹ ਗੱਲ ਚੰਗੀ ਨਾ ਲਗੀ। ਉਸ ਦੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲਗਿਆ,
"ਮੈਂ ਏਨਾ ਭੁੱਖਾ ਨਹੀਂ ਕਿ ਆਪਣੀ ਈ ਬਾਂਹ 'ਤੇ ਦੰਦੀ ਵੱਢ ਲਵਾਂ। ...ਜਦੋਂ ਦੀ ਮੈਂ ਹੋਸ਼ ਸੰਭਾਲ਼ੀ ਆ ਇਸ ਚੀਜ਼ ਦੀ ਮੈਨੂੰ ਕਦੇ ਭੁੱਖ ਨਹੀਂ ਰਹੀ, ਐਡਾ ਵੱਡਾ ਫਾਰਮ ਸੀ ਸਾਡਾ...।"

ਉਸ ਗੱਲ ਤੋਂ ਦਿਲਬਾਗ ਕੁਝ ਝਿਪ ਗਿਆ ਪਰ ਰੋਅਬ ਪਾਉਂਦਾ ਬੋਲਿਆ,
"ਓਏ ਲੰਮਿਆਂ, ਤੂੰ ਮੈਨੂੰ ਜੱਟ ਨਹੀਂ ਸਮਝਦਾ! ਸਾਡੇ ਖੇਤਾਂ 'ਚ ਵੀ ਘਾਹ ਖੋਤਣ ਆਇਆ ਕਰਦੀਆਂ ਸੀ ਬਥੇਰੀਆਂ, ...ਮੈਂ ਤਾਂ ਕੈਬਿੰਗ ਦੇ ਐਸੇ ਕੰਮ 'ਚ ਫਸਿਆਂ ਕਿ ਟਾਇਮ ਨਹੀਂ ਮਿਲਦਾ, ਨਹੀਂ ਤਾਂ ਭੁੱਖ ਤਾਂ ਮੈਨੂੰ ਵੀ ਬਥੇਰੀ ਲਗਦੀ ਐ। ਤੇਰੇ ਨਾਲੋਂ ਯੰਗ ਵੀ ਆਂ।"

"ਸਾਲ਼ਿਆ, ਕਿਉਂ ਗੱਪ ਮਾਰਦੈਂ! ...ਨਾਲ਼ਾ ਬੰਨਣਾ ਸਿਖਣ ਦੀ ਉਮਰ 'ਚ ਤਾਂ ਤੂੰ ਇੰਗਲੈਂਡ ਆ ਗਿਐਂ!"

ਸਤਨਾਮੀ ਦੇ ਆਉਣ ਨਾਲ ਸਰੂਪ ਦਾ ਘੁੰਮਣਾ-ਫਿਰਨਾ ਬਹੁਤ ਘੱਟ ਗਿਆ ਸੀ। ਦਿਲਬਾਗ ਤਾਂ ਹੁਣ ਕਦੇ ਕਦਾਈਂ ਹੀ ਮਿਲਦਾ ਜਦ ਕਦੇ ਉਹ ਆਪਣੀ ਮਾਸੀ ਨੂੰ ਮਿਲਣ ਆਇਆ ਹੁੰਦਾ। ਜਦ ਕਦੇ ਮਿਲਦਾ ਵੀ ਤਾਂ ਦਿਲਬਾਗ ਨੂੰ ਉਹ ਬਹੁਤ ਹੀ ਬਦਲਿਆ ਬਦਲਿਆ ਜਾਪਦਾ। ਹੁਣ ਉਹ ਜ਼ਿੰਮੇਵਾਰੀ ਦੀਆਂ ਗੱਲਾਂ ਕਰਨ ਲਗਿਆ ਸੀ। ਪਹਿਲਾਂ ਵਾਂਗ ਕੁੜੀਆਂ ਨੂੰ ਸੀਟੀਆਂ ਨਹੀਂ ਸੀ ਮਾਰਦਾ। ਨਾ ਹੀ ਪਹਿਲਾਂ ਵਾਂਗ ਕਿਸੇ ਵਿਹਲੀ ਔਰਤ ਨੂੰ ਬੈਠੀ-ਖੜੀ ਦੇਖ ਗੱਲੀਂ ਜਾ ਲਗਦਾ ਸੀ। ਔਰਤਾਂ ਬਾਰੇ ਹੁਣ ਉਹ ਗੱਲਾਂ ਹੀ ਨਹੀਂ ਸੀ ਕਰਦਾ। ਦਿਲਬਾਗ ਸੋਚਦਾ ਕਿ ਇਸ ਹਾਰੀ ਜਿਹੀ ਔਰਤ ਨੇ ਉਸ ਨੂੰ ਕਿੰਨਾ ਬਦਲ ਦਿਤਾ ਸੀ। ਉਸ ਦਾ ਦਿਲ ਕਰਦਾ ਕਿ ਕਦੇ ਉਹ ਇਕੱਠੇ ਬੈਠਣਗੇ ਤਾਂ ਸਰੂਪ ਨਾਲ ਮਜ਼ਾਕ ਕਰੇਗਾ ਕਿ ਇੰਨੀ ਵੀ ਕਿਹੜੀ ਗੱਲ ਹੋ ਗਈ ਕਿ ਉਹ ਬਿਲਕੁਲ ਹੀ ਬਰਫ ਵਿਚ ਲਗ ਗਿਆ ਹੈ।

ਇਕ ਦਿਨ ਜਦ ਸਰੂਪ ਤੇ ਸਤਨਾਮੀ ਆਪਣੀ ਮਾਸੀ ਨੂੰ ਮਿਲਣ ਆਏ ਹੋਏ ਸਨ ਤਾਂ ਗੱਲਾਂ ਗੱਲਾਂ ਵਿਚ ਪਤਾ ਚਲਿਆ ਕਿ ਸਤਨਾਮੀ ਦਾ ਪਿੰਡ ਦਿਲਬਾਗ ਦੇ ਪਿੰਡ ਦੇ ਬਿਲਕੁਲ ਨਾਲ ਹੀ ਸੀ। ਸਤਨਾਮੀ ਦਾ ਘਰਾਂ ਵਿਚੋਂ ਲਗਦਾ ਭਰਾ ਦਿਲਬਾਗ ਨਾਲ ਪੜ੍ਹਦਾ ਰਿਹਾ ਸੀ। ਉਸੇ ਦਿਨ ਹੀ ਦਿਲਬਾਗ ਨੇ ਸਤਨਾਮੀ ਨੂੰ ਭਾਬੀ ਦੀ ਥਾਵੇਂ ਭੈਣ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿਤਾ। ਸਰੂਪ ਨੇ ਉਸ ਨੂੰ ਕਿਹਾ,
"ਹੱਥ ਮਿਲ਼ਾ ਸਾਲਿਆ!"
"ਅਕਲ ਕਰ ਨਗਮਿਆਂ, ਅਸੀਂ ਐਸੇ ਸਾਲ਼ੇ ਆਂ ਜਿਹੜੇ ਭਣੋਈਏ ਦੇ ਗੋਡਾ ਵੀ ਫੇਰ ਦਿੰਨੇ ਹੁੰਨੇ ਆਂ।"
"ਤੂੰ ਆਪਣਾ ਭਣੋਈਆ ਸਮਝੀ ਚੱਲ, ਗੋਡੇ ਦਾ ਮੈਨੂੰ ਫਿਕਰ ਨਹੀਂ, ਮੇਰੇ ਤਾਂ ਸਾਰੇ ਫਿਕਰ ਈ ਚੁੱਕੇ ਗਏ, ਤੇਰੇ ਤੋਂ ਈ ਡਰ ਲਗਦਾ ਸੀ ਪਰ ਹੁਣ ਜਦ ਭੈਣ ਈ ਨਿਕਲ ਆਈ ਤਾਂ ਗੱਲ ਈ ਨਹੀਂ ਕੋਈ।"
"ਨਗਮਿਆਂ, ਤੂੰ ਮੈਨੂੰ ਕੀ ਸਮਝਦਾ ਓਏ!"
"ਰੈਂਡੀ ਐਂਡੀ, ਹਰ ਤੀਵੀਂ ਮਗਰ ਦੌੜਨ ਵਾਲਾ।"

ਸਰੂਪ ਵਲੋਂ ਆਪਣੇ ਆਪ ਨੂੰ 'ਰੈਂਡੀ ਐਂਡੀ' ਕਹਿਣ 'ਤੇ ਉਹ ਖੁਸ਼ ਹੋ ਗਿਆ। ਉਸ ਦਾ ਦਿਲ ਕੀਤਾ ਕਿ ਕਾਸ਼ ਅਵਤਾਰ ਇਥੇ ਹੁੰਦਾ ਤੇ ਦੇਖਦਾ ਕਿ ਉਹ ਆਮ ਨਹੀਂ ਸਗੋਂ ਮਜ਼ਬੂਤ ਮਰਦ ਹੈ।...

ਸਰੂਪ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਸਤਨਾਮੀ ਮਹਿਫਲ ਦਾ ਸ਼ਿੰਗਾਰ ਬਣਨ ਵਾਲੀ ਔਰਤ ਨਹੀਂ ਹੈ। ਉਹ ਕਿਸੇ ਦੇ ਘਰ ਜਾਂਦਾ ਤਾਂ ਅਗਲੇ ਦੀ ਚੁਲਬੁਲੀ ਜਿਹੀ ਔਰਤ ਦੇਖ ਕੇ ਉਸ ਦਾ ਦਿਲ ਕਰਦਾ ਕਿ ਕਾਸ਼, ਸਤਨਾਮੀ ਵੀ ਅਜਿਹੀ ਹੁੰਦੀ। ਉਸ ਨੇ ਸਤਨਾਮੀ ਨੂੰ ਮਾਡਰਨ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਸਭ ਤੋਂ ਪਹਿਲਾਂ ਤਾਂ ਉਸ ਨੂੰ ਵਾਲ਼ਾਂ ਨੂੰ ਸਰੋਂ ਦਾ ਤੇਲ ਲਾਉਣ ਤੋਂ ਰੋਕਿਆ। ਉਸ ਦੇ ਵਿੰਗੀ ਜਿਹੀ ਸਲਵਾਰ ਦੀ ਥਾਂ ਟਰਾਊਜ਼ਰ ਪਵਾਈ, ਮੇਕ-ਅੱਪ ਵੀ ਆਪ ਖਰੀਦ ਕੇ ਦਿਤਾ, ਵਾਲ਼ ਫੁਲਵੇਂ ਜਿਹੇ ਰੱਖਣ ਲਈ ਆਖਦਾ, ਬਦਲਵੇਂ ਗਹਿਣੇ ਪਵਾ ਕੇ ਰੱਖਦਾ ਪਰ ਸਤਨਾਮੀ ਸੀ ਕਿ ਉਸ ਨੂੰ ਸਾਧਾਰਨ ਰਹਿਣਾ ਹੀ ਚੰਗਾ ਲਗਦਾ ਸੀ। ਉਹ ਆਪਣੀ ਸਾਦਗੀ ਉਪਰ ਹੀ ਅੜੀ ਰਹੀ। ਸਰੂਪ ਨੂੰ ਬਹੁਤ ਗੁੱਸਾ ਆਉਂਦਾ ਪਰ ਜਦ ਦੇਖਦਾ ਕਿ ਸਤਨਾਮੀ ਘਰ ਨੂੰ ਕਿੰਨੀ ਚੰਗੀ ਤਰ੍ਹਾਂ ਸੰਭਾਲ ਰਹੀ ਹੈ ਤਾਂ ਉਸ ਦਾ ਸਾਰਾ ਗੁੱਸਾ ਖੁਰ ਜਾਂਦਾ। ਕਿੰਨੇ ਵੀ ਮਹਿਮਾਨ ਆਏ ਹੋਣ ਉਹ ਝੱਟ ਹੀ ਖਾਣਾ ਤਿਆਰ ਕਰ ਦਿੰਦੀ ਤੇ ਖਾਣਾ ਵੀ ਵਧੀਆ ਹੁੰਦਾ। ਸਰੂਪ ਦੀ ਨਿਕੀ ਨਿਕੀ ਖਾਹਸ਼ ਦਾ ਧਿਆਨ ਰੱਖਦੀ। ਰੋਜ਼ ਬਦਲਵੇਂ ਤੇ ਇਸਤਰੀ ਕੀਤੇ ਕਪੜੇ ਦਿੰਦੀ। ਉਸ ਵਿਚ ਕਸਰ ਸੀ ਤਾਂ ਉਸ ਨੂੰ ਮੀਟ ਨਹੀਂ ਸੀ ਬਣਾਉਣਾ ਆਉਂਦਾ। ਉਸ ਨੇ 'ਨਾਮ' ਲਿਆ ਹੋਣ ਕਰਕੇ ਖਾਂਦੀ ਵੀ ਨਹੀਂ ਸੀ। ਪਹਿਲੀਆਂ ਵਿਚ ਆਪਣਾ 'ਨਾਮ' ਉਸ ਨੇ ਸਰੂਪ ਤੇ ਵੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸਰੂਪ ਅੜ ਗਿਆ ਸੀ, ਬੋਲਿਆ ਸੀ,

"ਸਤਨਾਮ ਕੁਰੇ, ਮੈਂ ਵਿਆਹ ਲਾਈਫ ਨੂੰ ਬੈਟਰ ਬਣਾਉਣ ਲਈ ਕਰਾਇਐ, ਵਰਸਟ ਬਣਾਉਣ ਲਈ ਨਹੀਂ, ਅਜ ਸੋਚ ਲੈ ਤੇ ਪੱਲੇ ਬੰਨ ਲੈ, ਤੂੰ ਮੀਟ ਬਣਾਉਣਾ ਵੀ ਐ ਤੇ ਮੇਰੇ ਲਈ ਵਿਸਕੀ ਦਾ ਪੈੱਗ ਵੀ। ਮੁੜ ਕੇ ਟੀਂ ਪੈਂ ਕੀਤੀ ਤਾਂ ਆਪਣਾ ਪੜ੍ਹਿਆ ਵਿਚਾਰੀਂ।"

ਸਤਨਾਮੀ ਨੂੰ ਸਮਝਦਿਆਂ ਦੇਰ ਨਹੀਂ ਸੀ ਲਗੀ। ਉਹ ਵਿਚਾਰੀ ਜਿਹੀ ਬਣਦੀ ਬੋਲੀ,

"ਜੀ, ਮੈਨੂੰ ਇਹ ਕੁਸ਼ ਬਣਾਉਣਾ ਨਹੀਂ ਆਉਂਦਾ।"

ਸਰੂਪ ਨੇ ਉਸ ਨੂੰ ਮੀਟ ਵੀ ਤੇ ਮੱਛੀ ਵੀ ਬਣਾਉਣ ਸਿਖਾਲ ਲਏ। ਪੈੱਗ ਤਾਂ ਉਹ ਆਪਣੇ ਲਈ ਸਦਾ ਆਪ ਹੀ ਬਣਾਉਨਦਾ। ਹੌਲੀ ਹੌਲੀ ਸਤਨਾਮੀ ਮੀਟ ਨੂੰ ਧੋਣ-ਸੰਵਾਰਨ ਵੀ ਲਗ ਪਈ। ਫਿਰ ਤਰੀ ਵਿਚੋਂ ਬੁਰਕੀ ਭਿਉਂ ਕੇ ਵੀ ਖਾਣ ਲਗ ਪਈ ਸੀ ਪਰ ਸਾਦਗੀ ਦਾ ਖੋਲ ਉਸ ਉਪਰ ਉਵੇਂ ਹੀ ਚੜਿਆ ਰਿਹਾ। ਵੈਸੇ ਉਹ ਬਹੁਤ ਤੇਜ਼ ਤਰਾਰ ਔਰਤ ਸੀ। ਫੈਕਟਰੀ ਵਿਚ ਕੰਮ 'ਤੇ ਲਗੀ ਤਾ ਅੰਗਰੇਜ਼ੀ ਬੋਲਣੀ ਉਸ ਨੇ ਦਿਨਾਂ ਵਿਚ ਹੀ ਸਿਖ ਲਈ।

ਸਤਨਾਮੀ ਨੂੰ ਮਿਲਣ ਵਾਲੀਆਂ ਔਰਤਾਂ ਕੁਝ ਦੇਰ ਲਈ ਉਸ ਵਲ ਦੇਖ ਕੇ ਨੱਕ-ਬੁਲ੍ਹ ਕੱਢਦੀਆਂ ਪਰ ਜਦ ਵਾਹ ਪੈਂਦਾ ਤਾ ਉਸ ਨੂੰ ਪਸੰਦ ਕਰਨ ਲਗਦੀਆਂ। ਗੁਰਬੰਸ ਕੋਰ ਜਿਹੜੀ ਪਹਿਲਾਂ ਸਰੂਪ ਨੂੰ ਕਹਿੰਦੀ ਸੀ ਕਿ ਸਾਰੇ ਪੰਜਾਬ ਵਿਚੋਂ ਇਹੋ ਕੁੜੀ ਲੱਭਣੀ ਸੀ ਉਹੋ ਹੁਣ ਕਹਿਣ ਲਗਦੀ,

"ਮੈਨੂੰ ਤਾਂ ਅਜ ਕਲ ਦੀਆਂ ਕੁੜੀਆਂ ਦੀ ਛੂਛਾ-ਬੂਛੀ ਓਦਾਂ ਈ ਚੰਗੀ ਨਹੀਂ ਲਗਦੀ, ਕੁੜੀ ਹੋਵੇ ਤਾਂ ਸਤਨਾਮੀ ਵਰਗੀ।"

## ਗਿਆਰਾਂ

ਕ੍ਰਿਸਮਸ ਦੇ ਦਿਨ ਸਨ। ਚਾਰੇ ਪਾਸੇ ਰੌਣਕਾਂ ਹੀ ਰੌਣਕਾਂ ਸਨ। ਥਾਂ ਥਾਂ ਸਜਾਵਟਾਂ ਹੋ ਰਹੀਆਂ ਸਨ। ਜਿਧਰ ਦੇਖੋ ਕ੍ਰਿਸਮਸ ਦੀ ਡੈਕੋਰੇਸ਼ਨ ਦਿਸਦੀ। ਇਥੋਂ ਤਕ ਕਿ ਲੋਕ ਕਾਰਾਂ ਦੇ ਏਰੀਅਲਾਂ 'ਤੇ ਵੀ ਡੈਕੋਰੇਸ਼ਨ ਦੀਆਂ ਝੰਡੀਆਂ ਜਿਹੀਆਂ ਬੰਨੀ ਫਿਰਦੇ ਸਨ। ਹਰ ਸਾਲ ਵਾਂਗ ਰੁਆਇਲ ਡੀਨ ਵੀ ਸਜਿਆ ਪਿਆ ਸੀ। ਵੱਖ ਵੱਖ ਢਾਣੀਆਂ ਵਿਚ ਪਾਰਟੀਆਂ ਵੀ ਚੱਲ ਰਹੀਆ ਸਨ। ਓਵਰ ਟਾਈਮ ਦੀਆਂ ਲਹਿਰਾਂ ਬਹਿਰਾਂ ਸਨ। ਜਿੰਨਾ ਲਾ ਸਕੋਂ, ਲਾ ਲਓ। ਉਚੇਚੇ ਡੌਕਟ ਭਰੇ ਜਾਂਦੇ। ਕ੍ਰਿਸਮਸ ਵਾਲੇ ਦਿਨ ਅਤੇ ਬੌਕਸਿੰਗ ਡੇ ਉਪਰ ਕਿਸ ਕਿਸ ਨੇ ਕੰਮ ਕਰਨਾ ਸੀ; ਇਸ ਬਾਰੇ ਵਾਹਵਾ ਚਰਚਾ ਹੁੰਦੀ। ਏਸ਼ੀਅਨ ਲੋਕ ਇੰਨਾ ਓਵਰ ਟਾਈਮ ਲਾਉਂਦੇ ਕਿ ਗੋਰਿਆਂ ਨੇ ਕਈ ਕਿਸਮ ਦੇ ਚੁਟਕਲੇ ਖੜੇ ਹੋਏ ਸਨ। ਕੋਈ ਗੋਰਾ ਆਪਣੇ ਸਾਥੀਆਂ ਨੂੰ ਐਕਟਿੰਗ ਜਿਹੀ ਕਰਦਾ ਦੱਸਣ ਲਗਦਾ,

"ਮਿਸਟਰ ਪਟੇਲ ਨੂੰ ਸੜਕ ਉਪਰ ਇਕ ਦੋਸਤ ਮਿਲਿਆ। ਦੋਸਤ ਨੇ ਪੁੱਛਿਆ ਕਿ ਤੇਰੇ ਬੱਚੇ ਕਿੱਡੇ ਕਿੱਡੇ ਕੁ ਹੋ ਗਏ। ਮਿਸਟਰ ਪਟੇਲ ਧਰਤੀ ਤੋਂ ਉਚਾਈ ਮਿਣਨ ਦੀ ਥਾਵੇਂ ਆਲੇ ਦੁਆਲੇ ਨੂੰ ਹੱਥ ਖੋਹਲਦਾ ਬੋਲਿਆ ਕਿ ਇਕ ਐਡਾ ਕੁ, ਇਕ ਐਡਾ ਕੁ ਤੇ ਇਕ ਐਡਾ ਕੁ। ਦੋਸਤ ਨੂੰ ਹੈਰਾਨ ਹੁੰਦੇ ਦੇਖ ਕੇ ਮਿਸਟਰ ਪਟੇਲ ਨੇ ਕਿਹਾ ਕਿ ਉਸ ਨੇ ਆਪਣੇ ਬੱਚੇ ਹਮੇਸ਼ਾ ਸੁੱਤੇ ਪਏ ਹੀ ਦੇਖੇ ਆ, ਕਦੇ ਖੜਿਆਂ ਜਾਂ ਖੇਲਦਿਆਂ ਨੂੰ ਦੇਖਿਆ ਹੀ ਨਹੀਂ।"

ਨਾਲ ਦੇ ਗੋਰੇ ਲੋਟ ਪੋਟ ਹੋ ਹੋ ਜਾਂਦੇ। ਕੋਈ ਹੋਰ ਆਪਣਾ ਘੜਿਆ ਲਤੀਫਾ ਸੁਣਾਉਣ ਲਗਦਾ,

"ਮਿਸਟਰ ਖਾਨ ਸਦਾ ਈ ਓਵਰ ਟਾਈਮ 'ਤੇ ਰਹਿੰਦਾ ਸੀ। ਉਹਦੀ ਪਤਨੀ ਇਕ ਦਿਨ ਆਪਣੇ ਬੱਚਿਆਂ ਨੂੰ ਪੁਰਾਣੀ ਜਿਹੀ ਐਲਬੰਬ ਦਿਖਾਉਂਦੀ ਦੱਸਣ ਲਗੀ ਕਿ ਇਹ ਤੁਹਾਡੇ ਡੈਡੀ ਦੀ ਫੋਟੋ ਹੈ। ਬੱਚੇ ਹੈਰਾਨ ਹੁੰਦੇ ਪੁੱਛਣ ਲਗੇ ਕਿ ਉਹ ਗੰਜਾ ਜਿਹਾ ਬੰਦਾ ਫਿਰ ਕੌਣ ਹੋਇਆ ਜਿਹੜਾ ਕਦੇ ਕਦੇ ਆਪਣੇ ਘਰ ਆਉਂਦਾ ਹੈ।"

ਕਦੇ ਕਦੇ ਰੁਆਇਲ ਡੀਨ ਵਿਚ ਓਵਰ ਟਾਈਮ ਦੀ ਕਿੱਲਤ ਆ ਜਾਂਦੀ ਸੀ। ਅਜਿਹੇ ਮੌਕੇ 'ਤੇ ਏਸ਼ੀਅਨ ਲੋਕਾਂ ਦੇ ਚਿਹਰੇ ਉਤਰ ਜਾਂਦੇ। ਉਤਰੇ ਹੋਏ ਚਿਹਰੇ ਦੇਖ ਕੇ ਗੋਰੇ ਬਹੁਤ ਖੁਸ਼ ਹੁੰਦੇ। ਕੋਈ ਗੋਰਾ ਦੇਸੀ ਬੰਦੇ ਨੂੰ ਅਵਾਜ਼ ਦੇ ਕੇ ਕਹਿੰਦਾ,

"ਮਿਸਟਰ ਸਿੰਘ, ਇਸ ਐਤਵਾਰ ਮੈਂ ਪਿਕਨਿਕ 'ਤੇ ਜਾਣਾਂ, ਜੇ ਤੂੰ ਚਾਹੇਂ ਤਾਂ ਮੇਰੇ ਵਾਲਾ ਐਤਵਾਰ ਕਰ ਸਕਦਾਂ।"

ਮਿਸਟਰ ਸਿੰਘ ਖੁਸ਼ ਹੋ ਜਾਂਦਾ ਜਿਵੇਂ ਕੋਈ ਖਜ਼ਾਨਾ ਮਿਲ ਗਿਆ ਹੋਵੇ। ਉਹ ਭਾਵੁਕ ਹੁੰਦਾ ਗੋਰੇ ਨਾਲ ਹੱਥ ਮਿਲਾਉਂਦਾ ਤੇ ਬੋਲਦਾ,

"ਥੈਂਕਿਉ, ਥੈਂਕਿਉ ਮਿਸਟਰ ਸਮਿੱਥ, ਥੈਂਕਿਉ ਵੈਰੀ ਵੈਰੀ ਮੱਚ!"

ਮਿਸਟਰ ਸਮਿੱਥ ਦੇ ਪਿੱਛੇ ਖੜੀ ਢਾਣੀ ਵਿਚ ਖਿੱਲੀ ਉਡ ਜਾਂਦੀ ਤੇ ਮਿਸਟਰ ਸਿੰਘ ਕੰਨ ਲਪੇਟਦਾ ਤੁਰ ਜਾਂਦਾ।

www.PunjabiLibrary.com

ਪਰ ਅਜਿਹੀਆ ਗੱਲਾਂ ਮਜ਼ਾਕ ਤਕ ਹੀ ਸੀਮਤ ਰਹਿੰਦੀਆਂ, ਕਿਸੇ ਕਿਸਮ ਦੀ ਤਲਖੀ ਪੈਦਾ ਨਾ ਕਰਦੀਆਂ। ਗੋਰਿਆਂ, ਕਾਲਿਆ ਨੂੰ ਏਸ਼ੀਅਨ ਲੋਕਾਂ ਦਾ ਜੇ ਕੁਝ ਬੁਰਾ ਲਗਦਾ ਸੀ ਤਾਂ ਉਹ ਸੀ ਆਪਣੀ ਬੋਲੀ ਵਿਚ ਗੱਲਾਂ ਕਰਨੀਆਂ। ਜੇ ਏਸ਼ੀਅਨ ਲੋਕ ਗੱਲ ਕਰਕੇ ਕਦੇ ਹੱਸਦੇ ਤਾਂ ਦੂਜਿਆਂ ਨੂੰ ਲਗਦਾ ਕਿ ਸ਼ਾਇਦ ਉਹਨਾਂ ਦੀਆਂ ਗੱਲਾਂ ਹੀ ਕਰ ਰਹੇ ਹਨ।

ਪੰਜਾਬੀ ਲੋਕਾਂ ਦੇ ਹੁਣ ਕਾਫੀ ਸਾਰੇ ਪਰਿਵਾਰ ਆ ਚੁੱਕੇ ਸਨ। ਉਹ ਆਪਸ ਵਿਚ ਰਿਸ਼ਤੇਦਾਰਾਂ ਵਾਂਗ ਮਿਲਣ ਵੀ ਲਗੇ ਸਨ। ਇਕ ਦਿਨ ਅਰਜਨ ਸਿੰਘ ਨੇ ਸੁਰਜਨ ਸਿੰਘ ਨੂੰ ਪੁੱਛਿਆ,

"ਕ੍ਰਿਸਮਸ 'ਤੇ ਘਰ ਈ ਰਹਿਣੈਂ? ...ਮੇਰਾ ਮਤਲਬ ਕਿਤੇ ਬਾਹਰ ਜਾਣ ਦਾ ਪਰੋਗਰਾਮ ਤਾਂ ਨਹੀਂ?"

"ਜਾਣਾਂ ਕਿਥੇ ਆ! ਫੈਮਲੀ 'ਚ ਈ ਬੈਠਣਾਂ, ਕਿਉਂ?"

"ਮੇਰੀ ਵਾਈਫ ਕਹਿੰਦੀ ਸੀ ਕਿ ਕਿਸੇ ਦਿਨ ਤੁਹਾਡੇ ਵਲ ਆਉਣਾਂ।"

"ਇਕੱਠੀਆਂ ਈ ਕੰਮ ਕਰਦੀਆਂ, ਰੋਜ਼ ਮਿਲ਼ਦੀਆਂ, ਹੌਲੀਡੇਜ਼ ਵਿਚ ਇਹ ਕੈਸਾ ਹੇਜ ਜਾਗ ਪਿਆ!"

ਸੁਰਜਨ ਸਿੰਘ ਨੇ ਆਪਣੇ ਸੁਭਾਅ ਵਾਂਗ ਸਿੱਧੀ ਗੱਲ ਕਰ ਮਾਰੀ। ਗੁਰਬੰਸ ਕੋਰ ਤੇ ਪਰਕਾਸ਼ ਕੋਰ ਕਦੇ ਕਦੇ ਇਕ ਦੂਜੇ ਦੇ ਘਰ ਆ ਜਾਇਆ ਕਰਦੀਆਂ ਸਨ। ਉਹਨਾਂ ਦਾ ਵਾਹ ਸਹਿਕਾਮੀਆਂ ਨਾਲੋਂ ਜ਼ਰਾ ਜ਼ਿਆਦਾ ਸੀ। ਸੁਰਜਨ ਸਿੰਘ ਨੂੰ ਅਰਜਨ ਸਿੰਘ ਦਾ ਇਵੇਂ ਵਿਸ਼ੇਸ਼ ਆਉਣ ਬਾਰੇ ਕਹਿਣਾ ਜ਼ਰਾ ਓਪਰਾ ਲਗਿਆ। ਇਕ ਦਿਨ ਸ਼ਾਮ ਨੂੰ ਅਰਜਨ ਸਿੰਘ ਤੇ ਗੁਰਬੰਸ ਕੋਰ ਉਹਨਾਂ ਦੇ ਘਰ ਆ ਗਏ। ਸੁਰਜਨ ਸਿੰਘ ਸਮਝ ਰਿਹਾ ਸੀ ਕਿ ਜ਼ਰੂਰ ਕੋਈ ਖਾਸ ਗੱਲ ਹੋਵੇਗੀ। ਚਾਹ ਪੀਂਦਿਆਂ ਸਰ-ਸਰੀ ਜਿਹੀਆਂ ਗੱਲਾਂ ਤੁਰ ਪਈਆਂ। ਗੁਰਬੰਸ ਕੋਰ ਕਹਿਣ ਲਗੀ,

"ਗਿੰਦੀ ਦਾ ਵਿਆਹ ਕਦੋਂ ਕੁ ਕਰਨ ਦਾ ਇਰਾਦੈ? ...ਸੁਖ ਨਾਲ ਉਨੀਵੇਂ 'ਚ ਐ।"

ਸੁਰਜਨ ਸਿੰਘ ਨੂੰ ਇਹ ਗੱਲ ਬਹੁਤ ਓਪਰੀ ਲਗੀ। ਉਸ ਨੇ ਕਦੇ ਸੋਚਿਆ ਹੀ ਨਹੀਂ ਕਿ ਵੱਡੀ ਕੁੜੀ ਹੁਣ ਵਿਆਹੁਣ ਵਾਲੀ ਹੋ ਗਈ ਹੈ। ਉਸ ਤੋਂ ਪਹਿਲਾਂ ਹੀ ਪਰਕਾਸ਼ ਕੋਰ ਕਹਿ ਉਠੀ,

"ਭੈਣ ਜੀ, ਅਸੀਂ ਕਦੇ ਸੋਚਿਆ ਈ ਨਹੀਂ ਹਾਲੇ, ਹੋਰ ਸਾਲ ਖੰਡ ਤਕ ਏਹਦੇ ਮਾਮੇ ਨੂੰ ਕਹਾਂਗੇ ਕਿ ਕੋਈ ਮੁੰਡਾ ਦੇਖੇ।"

"ਕਾਹਲੀ ਵੀ ਕਾਹਦੀ ਐ!"

ਪਰਕਾਸ਼ ਕੋਰ ਤੋਂ ਬਾਅਦ ਸੁਰਜਨ ਸਿੰਘ ਨੇ ਕਿਹਾ। ਇਕ ਦੋ ਵਾਰ ਘਰ ਵਿਚ ਹੋਈ ਗੱਲਬਾਤ ਵਿਚ ਇਹੋ ਤੈਅ ਸੀ ਕਿ ਗੁਰਿੰਦਰ ਕੁਝ ਦੇਰ ਹੋ ਕੰਮ ਕਰਕੇ ਆਪਣੇ ਵਿਆਹ ਜੋਗੇ ਪੈਸੇ ਜੋੜ ਲਵੇ। ਉਹ ਕਿਸੇ ਕਿਸਮ ਦੀ ਕਾਹਲੀ ਨਹੀਂ ਸੀ ਕਰਨਾ ਚਾਹੁੰਦੇ। ਗੁਰਬੰਸ ਕੋਰ ਨੇ ਆਖਿਆ,

"ਕਾਹਲੀ ਕਿਉਂ ਨਹੀਂ, ਤੁਹਾਨੂੰ ਕਾਹਲ਼ੀ ਤਾਂ ਕਰਨੀ ਈ ਪੈਣੀਂ ਐਂ, ਤੁਹਾਡਾ ਸਫਰ ਵੀ ਲੰਮਾ ਐ, ਪੰਜ ਧੀਆਂ...!"

ਸੁਰਜਨ ਸਿੰਘ ਤੇ ਪਰਕਾਸ਼ ਕੋਰ ਨੂੰ ਇਹ ਗੱਲ ਬਹੁਤ ਚੁਭੀ। ਜੇ ਗੁਰਬੰਸ ਕੋਰ ਦੀ ਥਾਂ ਕੋਈ ਹੋਰ ਔਰਤ ਇਹ ਗੱਲ ਕਹਿੰਦੀ ਤਾਂ ਪਰਕਾਸ਼ ਕੋਰ ਨੇ ਝਾੜ ਕੇ ਰੱਖ ਦੇਣੀ ਸੀ। ਸੁਰਜਨ ਸਿੰਘ ਨੇ ਕਿਹਾ,

"ਭੈਣ ਜੀ, ਅਸੀਂ ਇਹਦੇ ਬਾਰੇ ਹਾਲੇ ਕੁਝ ਨਹੀਂ ਸੋਚਿਆ।"

"ਜੇ ਕੋਈ ਚੰਗਾ ਜਿਹਾ ਮੁੰਡਾ ਮਿਲ ਜਾਏ ਤਾਂ...?"

"ਦੇਖ ਲਵਾਂਗੇ ਪਰ ਹਾਲੇ ਅਸੀਂ ਇਸ ਲਈ ਤਿਆਰ ਨਹੀਂ।"

"ਭਰਾ ਜੀ, ਕੁੜੀ ਤਾਂ ਵਿਆਹੁਣੀ ਈ ਐਂ, ਸਾਲ ਇਧਰ ਹਇਆ ਜਾਂ ਓਧਰ, ...ਸਾਡੀ ਨਜ਼ਰ ਵਿਚ ਇਕ ਬਹੁਤ ਹੀ ਚੰਗਾ ਰਿਸ਼ਤਾ ਐ, ਬਾਸੀ ਗੋਤ, ਨਵੇਂਸ਼ਹਿਰ ਵਲੋਂ, ...ਮੁੰਡੇ ਦਾ ਪਿਓ 'ਲਾਕੇ ਦਾ ਮੰਨਿਆਂ ਹੋਇਆ ਬੰਦੈ, ਤਾਏ ਨੇ ਆਪਣਾ ਪੁੱਤ ਬਣਾ ਕੇ ਨੰਘਾਇਆ ਹੋਇਐ। ...ਕੱਲਾ ਕੱਲਾ ਮੁੰਡਾ, ਦੋ ਭੈਣਾਂ ਹੈਗੀਆਂ ਪਰ ਵਿਆਹੀਆਂ ਹੋਈਆਂ।"

ਗੁਰਬੰਸ ਕੋਰ ਤੋਂ ਬਾਅਦ ਅਰਜਨ ਸਿੰਘ ਕਹਿਣ ਲਗਿਆ,

"ਮੁੰਡਾ ਸਾਡੇ ਘਰ ਕਿਰਾਏ 'ਤੇ ਰਹਿੰਦਾ, ਕੈਬਿੰਗ ਕਰਦਾ, ਇਹਦਾ ਤਾਇਆ ਗਰੇਵਜ਼ੈਂਡ ਰਹਿਦੈ, ਚੰਗਾ ਬੰਦਾ ਉਹ ਵੀ, ਕਈ ਵਾਰੀ ਗੱਲ ਹੋਈ ਐ। ਇਹਨੂੰ ਇੰਡੀਆ ਜਾਣ ਲਈ ਕਹਿੰਦੇ ਆ ਕਿ ਵਿਆਹ ਕਰਾ ਕੇ ਆਵੇ, ਅਸੀਂ ਸੋਚਿਆ ਕਿ ਇਕ ਵਾਰੀ ਤੁਹਾਡੇ ਨਾਲ ਗੱਲ ਕਰਕੇ ਦੇਖਦੇ ਆਂ, ਜੇ ਤੁਹਾਨੂੰ ਮੁੰਡਾ ਚੰਗਾ ਲਗੇ ਤਾਂ ਬਹੁਤ ਠੀਕ ਰਹੂ, ਪਿਛਲ-ਝਾਕ ਕੋਈ ਨਹੀਂ।"

"ਤੁਹਾਡਾ ਸਹਾਰਾ ਵੀ ਬਣੂੰ।"

ਪਤੀ ਤੋਂ ਬਾਅਦ ਗੁਰਬੰਸ ਕੋਰ ਨੇ ਆਪਣੀ ਗੱਲ ਕਹੀ। ਸੁਰਜਨ ਸਿੰਘ ਤੇ ਪਰਕਾਸ਼ ਕੋਰ ਹਾਲੇ ਵੀ ਚੁੱਪ ਜਿਹੇ ਬੈਠੇ ਸਨ। ਪਲ ਕੁ ਰੁਕ ਕੇ ਗੁਰਬੰਸ ਕੋਰ ਫਿਰ ਆਖਣ ਲਗੀ,

"ਭੈਣ ਜੀ, ਰਹਿੰਦਾ ਤਾਂ ਸਾਡੇ ਕਿਰਾਏ 'ਤੇ ਈ ਐ ਪਰ ਏਦਾਂ ਜਿੰਦਾਂ ਘਰ ਦਾ ਈ ਜੀਅ ਹੋਵੇ, ...ਸੌਂਹ ਗੁਰੂ ਦੀ, ਦਿਲਬਾਗ ਮੈਨੂੰ ਆਪਣੇ ਪਰਮੀਤ ਵਾਂਗੂੰ ਈ ਐ।"

ਸੁਰਜਨ ਸਿੰਘ ਨੇ ਲੰਮਾ ਸਾਹ ਲਿਆ ਤੇ ਫਿਰ ਠਰੰਮੇ ਜਿਹੇ ਨਾਲ ਬੋਲਣ ਲਗਿਆ,

"ਸਾਡੇ ਪੰਜ ਕੁੜੀਆਂ, ਦਾਜ ਦੇਣ ਜੋਗੇ ਅਸੀਂ ਹੈ ਨਹੀਂ। ਅਸੀਂ ਤਾਂ ਸੋਚਿਆ ਹੋਇਆ ਕਿ ਜਿਹੜੀ ਸਕੂਲੋਂ ਹਟੀ, ਕੰਮ 'ਤੇ ਲਾ ਦੇਣੀ ਆਂ, ਘਰ ਦੇ ਡਿਪੌਜ਼ਟ ਜੋਗੇ ਪੈਸੇ ਜੋੜੇ ਤੇ ਘਰ ਲੈ ਲਵੇ ਜਾਂ ਵਿਆਹ 'ਤੇ ਖਰਚ ਕਰਾ ਲਵੇ, ਇਹ ਮੁੰਡੇ ਵਾਲਿਆਂ ਦੀ ਮਰਜ਼ੀ! ...ਸੋ ਸਾਨੂੰ ਇੰਡੀਆ ਤੋਂ ਮੁੰਡੇ ਈ ਸੂਟ ਕਰਨੇ ਆਂ। ਇਥੋਂ ਦੇ ਮੁੰਡੇ ਮੂੰਹ ਬਹੁਤ ਖੋਹਲਣਗੇ।"

"ਇਹ ਗੱਲ ਤੁਸੀਂ ਸਾਡੇ 'ਤੇ ਛੱਡ ਦੇਵੋ, ਦਾਜ ਦੀ ਤਾਂ ਕੋਈ ਪਰੌਬਲਮ ਈ ਨਹੀਂ, ਕਾਮਰੇਡ ਫੈਮਲੀ ਐ, ਆਪਾਂ ਪਹਿਲਾਂ ਈ ਸਾਰੀ ਗੱਲ ਕਲੀਅਰ ਕਰ ਲਵਾਂਗੇ।"

ਦੋ ਘੰਟੇ ਬੈਠੇ ਉਹ ਇਸ ਰਿਸ਼ਤੇ ਬਾਰੇ ਵਿਚਾਰਾਂ ਕਰਦੇ ਰਹੇ। ਜਾਂਦੇ ਹੋਏ ਗੁਰਬੰਸ ਕੋਰ ਨੇ ਕਿਹਾ,

"ਤੁਸੀਂ ਇਕ ਵਾਰੀ ਮੁੰਡਾ ਦੇਖ ਲਵੋ, ਦੇਖਣ 'ਚ ਤਾਂ ਕੋਈ ਹਰਜ਼ ਨਹੀਂ, ਨਹੀਂ ਕਰਨਾ ਹੋਇਆ ਨਾ ਸਹੀ।"

ਉਹਨਾਂ ਦੇ ਜਾਣ ਤੋਂ ਬਾਅਦ ਸੁਰਜਨ ਸਿੰਘ ਤੇ ਪਰਕਾਸ਼ ਕੋਰ ਸੋਚਾਂ ਵਿਚ ਪੈ ਗਏ। ਇਸ ਮਸਲੇ ਦੇ ਸਾਹਮਣੇ ਹਾਲੇ ਉਹ ਖੜਨਾ ਨਹੀਂ ਸੀ ਚਾਹੁੰਦੇ। ਗੁਰਬੰਸ ਕੋਰ ਦੀ ਕਹੀ ਇਕ ਗੱਲ ਕਿ ਮੁੰਡਾ ਤੁਹਾਡਾ ਆਸਰਾ ਬਣੇਗਾ ਪਰਕਾਸ਼ ਕੋਰ ਨੂੰ ਬਹੁਤ ਚੰਗੀ ਲਗ ਰਹੀ ਸੀ। ਇਕ ਪੁੱਤਰ ਲਈ ਝੂਰਦੀ ਉਹ ਕਿਹਾ ਕਰਦੀ ਸੀ ਕਿ ਕੁੜੀਆ ਵਿਆਹਾਂਗੇ, ਜੁਆਈ ਘਰ ਆਉਣਗੇ ਤੇ ਪੁੱਤਾਂ ਦੀ ਭੁੱਖ ਪੂਰੀ ਹੋ ਜਾਊ। ਸੁਰਜਨ ਸਿੰਘ ਸਦਾ ਕਹਿੰਦਾ ਕਿ ਬੇਗਾਨੇ ਪੁੱਤ ਵੀ ਕਦੇ ਆਪਣੇ ਬਣਿਆਂ ਕਰਦੇ ਹਨ। ਪਰਕਾਸ਼ ਕੋਰ ਨੇ ਪਤੀ ਨੂੰ ਪੁੱਛਿਆ,

"ਜੀ, ਕੀ ਸੋਚਦੇਂ ਆਂ?"

"ਪਹਿਲੀ ਵਾਰ ਮਹਿਸੂਸ ਹੋ ਰਿਹੈ ਕਿ ਗੁਰਿੰਦਰ ਵੱਡੀ, ਵਿਆਹੁਣ ਯੋਗ ਹੋ ਗਈ ਐ, ਕਦੇ ਸੋਚਿਆ ਹੀ ਨਹੀਂ।"

"ਜੀ, ਸਾਨੂੰ ਤਾਂ ਨਹੀਂ ਪਰ ਲੋਕਾ ਨੂੰ ਤਾਂ ਵੱਡੀ ਹੋਈ ਕੁੜੀ ਦਿਸਦੀ ਹੀ ਐ। ...ਮੈਨੂੰ ਲਗਦਾ ਇਕ ਮੁੰਡਾ ਕਦੇ ਕਦੇ ਏਹਨੂੰ ਕੰਮ 'ਤੇ ਛੱਡਣ ਆਉਂਦਾ ਹੁੰਦਾ, ਕਿਤੇ ਉਹੀ ਨਾ ਹੋਵੇ।"

"ਬੁੜ੍ਹੀਏ, ਤੈਨੂੰ ਕੀ ਲਗਦਾ ਕਿ ਹਾਲੇ ਅਟਕ ਲਈਏ ਜਾਂ ਮੁੰਡਾ ਦੇਖ ਲਈਏ?"

"ਮੈਂ ਤਾਂ ਕਹਿੰਨੀ ਆਂ ਦੇਖ ਲਈਏ, ਗੁਰਬੰਸ ਭੈਣ ਜੀ ਸਾਡਾ ਚੰਗਾ ਹੀ ਸੋਚੂ।"

ਅਗਲੇ ਦਿਨ ਅਰਜਨ ਸਿੰਘ ਨੇ ਕੰਮ ਉਪਰ ਦਿਲਬਾਗ ਦੇ ਪਿਓ ਕਾਮਰੇਡ ਬਿਸ਼ੰਭਰ ਸਿੰਘ ਦੀਆਂ ਵਡਿਆਈਆਂ ਦੇ ਪੁੱਲ ਬੰਨਣੇ ਸ਼ੁਰੂ ਕਰ ਦਿਤੇ। ਇਹ ਨਾਂ ਤਾ ਸੁਰਜਨ ਸਿੰਘ ਨੇ ਉਹਨਾਂ ਦਿਨਾਂ ਤੋਂ ਹੀ ਸੁਣਿਆਂ ਹੋਇਆ ਸੀ ਜਦ ਉਹ ਕਮਿਊਨਟਾਂ ਦਾ ਹਮਦਰਦ ਹੋਇਆ ਕਰਦਾ ਸੀ। ਸੁਰਜਨ ਸਿੰਘ ਦਾ ਵੀ ਮਨ ਬਣਨ ਲਗਿਆ ਕਿ ਜੇ ਮੁੰਡਾ ਠੀਕ ਹੋਵੇ ਤਾਂ ਗੁਰਿੰਦਰ ਵਿਆਹ ਹੀ ਦਿਤੀ ਜਾਵੇ।...

ਇਸ ਰਿਸ਼ਤੇ ਬਾਰੇ ਗੁਰਬੰਸ ਕੋਰ ਜਾਂ ਅਰਜਨ ਸਿੰਘ ਨੇ ਪਹਿਲਾਂ ਕਦੇ ਨਹੀਂ ਸੀ ਸੋਚਿਆ, ਇਹ ਤਾਂ ਇਕ ਦਿਨ ਦਿਲਬਾਗ ਦੀ ਤਾਈ ਦਾ ਫੋਨ ਆਇਆ ਤਾਂ ਉਸ ਨਾਲ ਚੱਲੀ ਗੱਲਬਾਤ ਵਿਚੋਂ ਇਹ ਵਿਚਾਰ ਇਕ ਦਮ ਉਭਰਿਆ ਸੀ। ਤਾਈ ਨੇ ਕਿਹਾ ਸੀ,

"ਭੈਣ ਜੀ, ਦਿਲਬਾਗ ਨੂੰ ਸਮਝਾਓ ਕਿ ਵਿਆਹ ਕਰਾਉਣ ਇੰਡੀਆ ਜਾਵੇ, ਸਾਡੀ ਤਾਂ ਇਹ ਮੰਨਦਾ ਨਹੀਂ।"

"ਭੈਣ ਜੀ, ਜੇ ਤੁਹਾਨੂੰ ਕੋਈ ਚੰਗੀ ਕੁੜੀ ਇਥੋਂ ਮਿਲ ਜਾਵੇ?"

"ਕੋਈ ਹਰਜ਼ ਨਹੀਂ ਪਰ ਏਹਦੇ ਪਿਓ ਨੇ ਕੋਈ ਕੁੜੀ ਦੇਖੀ ਹੋਈ ਐ।"

"ਇਹ ਗੱਲ ਤਾਂ ਤੁਹਾਡੀ ਠੀਕ ਐ ਪਰ ਅੱਜ ਕੱਲ ਦੇ ਮੁੰਡੇ ਕਿਸੇ ਦੀ ਪਸੰਦ ਨੂੰ ਕਦੋਂ ਮੰਨਦੇ ਆ। ਤੁਸੀਂ ਆਪ ਕੁੜੀ ਇਕ ਵਾਰ ਦੇਖ ਲਓ, ਬਹੁਤ ਚੰਗੇ ਬੰਦੇ ਆ।"

"ਭੈਣ ਜੀ, ਗੱਲ ਤਾਂ ਤੁਹਾਡੀ ਠੀਕ ਐ, ਸਾਡੀ ਚਿੰਤਾ ਤਾਂ ਇਹ ਐ ਕਿ ਜਲਦੀ ਵਿਆਹ ਕਰਾਵੇ, ਹੁਣ ਉਮਰ ਹੋਈ ਪਈ ਐ।"

ਗੁਰਬੰਸ ਕੋਰ ਦਾ ਦਿਲ ਵਿਚੋਲਣ ਬਣਨ ਨੂੰ ਮਚਲਣ ਲਗਿਆ। ਉਸ ਨੇ ਦਿਲਬਾਗ ਨਾਲ ਗੱਲ ਕੀਤੀ। ਉਹਨੂੰ ਕੰਮ 'ਤੇ ਛੱਡਣ ਜਾਣ ਦੇ ਬਹਾਨੇ ਕੁੜੀ ਵੀ ਦਿਖਾ ਦਿਤੀ। ਦਿਲਬਾਗ ਤਾਂ ਗੁਰਿੰਦਰ ਵਲ ਦੇਖ ਕੇ ਪਾਗਲ ਹੋ ਉਠਿਆ; ਗੋਰਾ ਰੰਗ, ਲੰਮਾ ਕਦ, ਸ਼ਰਮ ਨਾਲ ਭਰੀਆਂ ਸ਼ਰਬਤੀ ਅੱਖਾਂ, ਨਿੱਕੀ ਜਿਹੜੀ ਮੁਸਕ੍ਰਾਹਟ! ਪਹਿਲੀ ਹੀ ਤੱਕਣੀ ਵਿਚ ਉਸ ਨੇ ਕਹਿ ਦਿਤਾ,

"ਅੰਟੀ ਜੀ, ਜੇ ਵਿਆਹ ਕਰਾਉਣਾ ਤਾਂ ਏਸੇ ਕੁੜੀ ਨਾਲ ਕਰਾਉਣਾ ਨਹੀਂ ਤਾਂ ਸਾਰੀ ਉਮਰ ਕੰਵਾਰਾ ਰਹਿ ਲਊਂ।"

ਉਸ ਤੋਂ ਬਾਅਦ ਦਿਲਬਾਗ ਦੇ ਤੌਰ-ਤਰੀਕੇ ਹੀ ਬਦਲ ਗਏ। ਉਹ ਬਣ-ਠਣ ਕੇ ਰਹਿਣ ਲਗਿਆ। ਵੰਨ-ਸੁਵੰਨੇ ਢੰਗ ਨਾਲ ਵਾਲ਼ ਬਣਾਉਂਦਾ। ਕਾਰ ਨੂੰ ਵੀ ਹਰ ਵੇਲੇ ਸ਼ਿਗਾਰ ਕੇ ਰੱਖਦਾ। ਹਰ ਰੋਜ਼ ਹੀ ਗੁਰਬੰਸ ਕੋਰ ਨੂੰ ਕੰਮ 'ਤੇ ਛੱਡਣ ਤੇ ਲੈਣ ਜਾਣ ਲਗ ਪਿਆ। ਤਰੀਕੇ ਨਾਲ ਉਸ ਨੇ ਪਰਕਾਸ਼ ਕੋਰ ਤੇ ਗੁਰਿੰਦਰ ਨੂੰ ਵੀ ਮੁੰਡਾ ਦਿਖਾ ਦਿਤਾ ਤੇ ਸੁਰਜਨ ਸਿੰਘ ਨੂੰ ਵੀ। ਸੁਰਜਨ ਸਿੰਘ ਨੂੰ ਮੁੰਡਾ ਬਹੁਤਾ ਪਸੰਦ ਨਹੀਂ ਸੀ ਪਰ ਮਾੜਾ ਵੀ ਨਹੀਂ ਸੀ। ਆਮ ਮੁੰਡਿਆਂ ਵਰਗਾ ਹੀ ਸੀ ਪਰ ਗੁਰਿੰਦਰ ਨਾਲ ਸਜਦਾ ਸੀ।

ਸੁਰਜਨ ਤੇ ਅਰਜਨ ਸਿੰਘ ਗਰੇਵਜ਼ੈਂਡ ਉਸ ਦੇ ਤਾਏ ਨੂੰ ਮਿਲਣ ਗਏ। ਖੁਲ੍ਹ ਕੇ ਗੱਲਾਂ ਹੋਈਆਂ। ਸ਼ੁਰੂਆਤ ਸੁਹਣੀ ਹੋਈ। ਸਾਰੇ ਇਸ ਰਿਸ਼ਤੇ ਤੋਂ ਖੁਸ਼ ਸਨ। ਸਰਦੂਲ ਨੂੰ ਚਿੱਠੀ ਲਿਖ ਕੇ ਉਸ ਦੀ ਰਾਏ ਵੀ ਪੁੱਛ ਲਈ। ਕਾਮਰੇਡ ਬਿਸ਼ੰਭਰ ਸਿੰਘ ਨੂੰ ਸਾਰੇ ਹੀ ਜਾਣਦੇ ਸਨ। ਬਲਦੇਵ ਨਵੇਂ ਸ਼ਹਿਰ ਦੀਆਂ ਕਚਿਹਰੀਆਂ ਵਿਚ ਕਲਰਕ ਰਿਹਾ ਹੋਣ ਕਰਕੇ ਬਿਸ਼ੰਭਰ ਸਿੰਘ ਦਾ ਜ਼ਾਤੀ ਵਾਕਫ ਵੀ ਸੀ। ਮਹੀਨੇ ਕੁ ਦੀ ਨਿਰਖ ਪਰਖ ਤੋਂ ਬਾਅਦ ਗੱਲ ਲੀਹੇ ਪੈ ਤੁਰੀ। ਬਿਸ਼ੰਭਰ ਸਿੰਘ ਵੀ ਦਿਲਬਾਗ ਨੂੰ ਉਡੀਕ ਉਡੀਕ ਕੇ ਥੱਕ ਗਿਆ ਸੀ। ਉਹ ਵੀ ਹੁਣ ਇਹੋ ਚਾਹੁੰਦਾ ਸੀ ਕਿ ਮੁੰਡਾ ਵਿਆਹ ਕਰਾ ਲਵੇ, ਚਾਹੇ ਇੰਗਲੈਂਡ ਵਿਚ ਹੀ ਕਰਾਵੇ।

ਮਈ ਵਿਚ ਦਿਲਬਾਗ ਅਤੇ ਗੁਰਿੰਦਰ ਦਾ ਵਿਆਹ ਹੋ ਗਿਆ। ਸਾਦਾ ਜਿਹਾ ਵਿਆਹ ਸੀ। ਦਿਲਬਾਗ ਵਲੋਂ ਤਾਏ ਦਾ ਟੱਬਰ, ਸਰੂਪ ਤੇ ਸਤਨਾਮੀ ਤੇ ਪੂਰਬੀ ਲੰਡਨ ਦਾ ਇਕ ਹੋਰ ਪਰਿਵਾਰ ਸੀ। ਹਰਿੰਦਰ ਦਾ ਉਸ ਕੋਲ ਸਿਰਨਾਵਾਂ ਜਾਂ ਫੋਨ ਨੰਬਰ ਨਹੀਂ ਸੀ ਨਹੀਂ ਤਾਂ ਉਸ ਨੂੰ ਵੀ ਜ਼ਰੂਰ ਸੱਦਦਾ। ਅਵਤਾਰ ਨੂੰ ਉਸ ਨੇ ਸੱਦਾ ਦਿਤਾ ਪਰ ਅਵਤਾਰ ਕੁੜੀ ਵਾਲਿਆਂ ਵਲੋਂ ਸ਼ਾਮਲ ਹੋ ਰਿਹਾ ਸੀ। ਸੁਰਜਨ ਸਿੰਘ ਵਲੋਂ ਅਵਤਾਰ, ਟੱਬਰ ਸਮੇਤ ਬਨਾਰਸੀ ਦਾਸ ਤੇ ਅਰਜਨ ਸਿੰਘ। ਅਰਜਨ ਸਿੰਘ ਦਾ ਮੁੰਡਾ ਪਰਮੀਤ ਬਾਰਕਿੰਗ ਤੋਂ ਜਾ ਕੇ ਗਰੰਥੀ ਸਾਹਿਬ ਨੂੰ ਲੈ ਆਇਆ। ਘਰ ਵਿਚ ਹੀ ਲਾਵਾਂ ਦਾ ਇੰਤਜ਼ਾਮ ਕਰ ਲਿਆ। ਘਰ ਦੇ ਬਾਹਰ ਹੀ ਸੁਰਜਨ ਸਿੰਘ ਤੇ ਫੁੰਮਣ ਸਿੰਘ ਨੇ ਮਿਲਣੀ ਦੀ ਰਸਮ ਕਰ ਲਈ। ਪਿਛਲੇ ਕਮਰੇ ਵਿਚ ਚਾਹ-ਪਾਣੀ ਤੇ ਮੁਹਰਲੀ ਬੈਠਕ ਵਿਚ ਫੇਰੇ। ਫੇਰਿਆਂ ਤੋਂ ਬਾਅਦ ਮਹਾਂਰਾਜ ਦੀ ਸਵਾਰੀ ਚਲੇ ਗਈ ਤੇ ਉਥੇ ਹੀ ਖਾਣ-ਪੀਣ ਦਾ ਕੰਮ ਸ਼ੁਰੂ ਕਰ ਦਿਤਾ। ਸਭ ਕੁਝ ਘਰ ਵਿਚ ਹੀ ਬਣਾਇਆ ਗਿਆ ਸੀ। ਭਾਰਤੀ ਰੈਸਟੋਰੈਂਟ ਟਾਵੇਂ-ਟਾਵੇਂ ਹੀ ਸਨ। ਮਠਿਆਈ ਦੀ ਇਕੋ ਵੱਡੀ ਦੁਕਾਨ ਸੀ; ਪਟਿਆਲਾ ਸਵੀਟ ਸ਼ੌਪ। ਇਹ ਕੇਂਦਰੀ ਲੰਡਨ ਵਿਚ ਸੀ।

ਸ਼ਾਮ ਨੂੰ ਗੁਰਿੰਦਰ ਦੀ ਡੋਲ਼ੀ ਤੁਰ ਗਈ। ਸੰਖੇਪ ਜਿਹੀ ਬਰਾਤ ਗਰੇਵਜ਼ੈਂਡ ਤੋਂ ਆਈ ਸੀ ਤੇ ਡੋਲ਼ੀ ਵੀ ਉਥੇ ਹੀ ਗਈ। ਗੁਰਬੰਸ ਕੌਰ ਵਿਚੋਲਣ ਦੇ ਤੌਰ 'ਤੇ ਨਾਲ ਗਈ ਤੇ ਗਭਲੀ ਸੁਰਿੰਦਰ ਵੀ। ਰਸਮੀ ਤੌਰ ਤੇ ਕੁਝ ਦਿਨ ਦਿਲਬਾਗ ਤੇ ਗੁਰਿੰਦਰ ਗਰੇਵਜ਼ੈਂਡ ਰਹੇ ਤੇ ਫਿਰ ਮੁੜ ਅਰਜਨ ਸਿੰਘ ਦੇ ਘਰ ਆ ਗਏ। ਕਿਰਾਏ ਉਪਰ ਰਹਿਣਾ ਗੁਰਿੰਦਰ ਨੂੰ ਔਖਾ ਲਗ ਰਿਹਾ ਸੀ। ਕਿਰਾਏਦਾਰਾਂ ਵਾਲੀਆਂ ਕਈ ਬੰਦਸ਼ਾਂ ਸਨ ਪਰ ਉਹ ਕੋਈ ਸ਼ਿਕਾਇਤ ਨਹੀਂ ਸੀ ਕਰਿਆ ਕਰਦੀ। ਦਿਲਬਾਗ ਉਸ ਨੂੰ ਬਹੁਤ ਪਿਆਰ ਕਰਦਾ ਸੀ। ਉਸ 'ਤੇ ਜਾਨ ਨਿਸ਼ਾਵਰ ਕਰਨ ਤਕ ਜਾਂਦਾ। ਸੁਰਜਨ ਸਿੰਘ ਤੇ ਪਰਕਾਸ਼ ਕੌਰ ਇਸ ਗੱਲ 'ਤੇ ਬਹੁਤ ਖੁਸ਼ ਸਨ।

ਜ਼ਿੰਦਗੀ ਮੁੜ ਪਹਿਲਾਂ ਵਾਂਗ ਤੁਰ ਪਈ। ਗੁਰਿੰਦਰ ਕੰਮ 'ਤੇ ਜਾਂਦੀ। ਦਿਲਬਾਗ ਵੀ ਮੁੜ ਨਿਰੰਤਰ ਟੈਕਸੀ ਕਰਨ ਲਗਿਆ ਪਰ ਹੁਣ ਉਹ ਛੁੱਟੀ ਕਰਨ ਦਾ ਕੋਈ ਨਾ ਕੋਈ ਬਹਾਨਾ ਘੜ ਲੈਂਦਾ। ਗੁਰਿੰਦਰ ਨੂੰ ਲੈ ਕੇ ਗਰੇਵਜ਼ੈਂਡ ਚਲੇ ਜਾਂਦਾ। ਆਪਣੇ ਤਾਏ ਦੇ ਮੁੰਡਿਆਂ ਕੋਲ ਗੁਰਿੰਦਰ ਦੇ ਸੁਹੱਪਣ ਬਾਰੇ ਗੱਪਾਂ ਮਾਰਦਾ। ਉਸ ਬਾਰੇ ਕਈ ਗੱਲਾਂ ਘੜ ਕੇ ਵੀ ਸੁਣਾਉਂਦਾ। ਦਿਲਬਾਗ ਸੁਰਜਨ ਸਿੰਘ ਦੇ ਘਰ ਵੀ ਆਉਂਦਾ ਤਾਂ ਘਰ ਦੇ ਜੀਆਂ ਵਾਂਗ ਹੀ ਵਰਤਾਓ ਕਰਦਾ ਜੋ ਸਭ ਨੂੰ ਚੰਗਾ ਵੀ ਲਗਦਾ। ਸੁਰਜਨ ਸਿੰਘ ਨੂੰ ਇਕ ਤਾਂ ਦਿਲਬਾਗ ਦੀਆਂ ਗੱਪਾਂ ਚੰਗੀਆਂ ਨਹੀਂ ਸਨ ਲਗਦੀਆਂ ਤੇ ਇਕ ਇਹ ਗੱਲ ਨਹੀਂ ਸੀ ਸਮਝ ਰਹੀ ਕਿ ਮੁੰਡੇ ਨੇ ਹਾਲੇ ਤਕ ਕੋਈ ਪੈਸਾ ਕਿਉਂ ਨਹੀਂ ਜੋੜਿਆ ਪਰ ਫਿਰ ਵੀ ਦਿਲਬਾਗ ਜੀ ਜੀ ਕਰਦਾ ਸਭ ਨੂੰ ਮੋਹੀ ਰਖਦਾ ਸੀ। ਇਕ ਦਿਨ ਪਰਕਾਸ਼ ਕੌਰ ਕਹਿਣ ਲਗੀ,

"ਜੀ, ਮੇਰਾ ਮਨ ਬਹੁਤ ਖਰਾਬ ਹੁੰਦੈ; ਸਾਡੀ ਕੁੜੀ ਬੇਗਾਨੇ ਘਰ ਦੀ ਕਿਰਾਏਦਾਰਨੀ ਬਣੇ, ਮੇਰਾ ਤਾਂ ਕਈ ਵਾਰੀ ਕੰਮ 'ਤੇ ਦਿਲ ਵੀ ਨਹੀਂ ਲਗਦਾ।"

"ਹੁਣ ਕੀ ਕਰੀਏ, ਮੈਂ ਤਾਂ ਕਿਹਾ ਕਿ ਮੁੰਡੇ ਕੋਲ ਚਾਰ ਪੈਸੇ ਹੋਣਗੇ ਤੇ ਥੋੜੇ ਅਸੀਂ ਪਾ ਦੇਵਾਂਗੇ ਤੇ ਘਰ ਲੈ ਦੇਵਾਂਗੇ ਪਰ ਮੁੰਡਾ ਠਣ-ਠਣ ਗੁਪਾਲ ਨਿਕਲਿਆ। ਉਹਨਾਂ ਨੂੰ ਕਹੋ ਪੈਸੇ ਜੋੜਨ ਤੇ ਘਰ ਲੈ ਲੈਣ।"

"ਪੈਸੇ ਜੋੜਨ ਨੂੰ ਪਤਾ ਨਹੀਂ ਕਿੰਨੀ ਦੇਰ ਲਗੇ, ਦਿਲਬਾਗ ਦਾ ਹੱਥ ਵੀ ਜ਼ਰਾ ਖੁਲ੍ਹਾ, ਕੱਲ ਗੁਰਿੰਦਰ ਲਈ ਕਾਂਟੇ ਲੈ ਆਇਆ।"

"ਤੂੰ ਗੁਰਿੰਦਰ ਰਾਹੀਂ ਉਹਨੂੰ ਸਮਝਾ ਬਈ ਡਿਪੌਜ਼ਟ ਜੋਗੇ ਪੈਸੇ ਜੋੜਨ।"

"ਪੈਸੇ ਜੋੜਨ ਨੂੰ ਪਤਾ ਨਹੀਂ ਕਿੰਨਾ ਚਿਰ ਲਗੇ, ...ਕਿਉਂ ਨਾ ਜਦ ਤਕ ਉਹਨਾਂ ਨੂੰ ਘਰ ਲੈ ਆਈਏ, ਉਹਨਾਂ ਦਾ ਕਿਰਾਇਆ ਵੀ ਬਚ ਜਾਊ।"

"ਬੁੜ੍ਹੀਏ, ਉਹ ਓਪਰਾ ਬੰਦਾ ਐ ਤੇ ਆਪਣਾ ਘਰ ਕੁੜੀਆਂ ਵਾਲਾ, ...ਆਪਾਂ ਹਾਲੇ ਉਹਨੂੰ ਜਾਣਦੇ ਈ ਕਿੰਨਾਂ!"

"ਜਾਨਣ ਨੂੰ ਕੀ ਐ, ਗੁਰਬੰਸ ਭੈਣ ਜੀ ਕੋਲ ਏਨੇ ਚਿਰ ਦਾ ਰਹਿੰਦੈ, ਜੇ ਏਥੇ ਰਹਿਣਗੇ ਤਾਂ ਰੋਟੀ ਸਾਡੇ ਨਾਲ ਖਾਈ ਜਾਣਗੇ ਤੇ ਘਰ ਲਈ ਪੈਸੇ ਜਲਦੀ ਜੁੜ ਜਾਣਗੇ।"

www.PunjabiLibrary.com

ਸੋਚਦਾ ਤਾਂ ਸੁਰਜਨ ਸਿੰਘ ਵੀ ਇਵੇਂ ਹੀ ਸੀ। ਗੁਰਿੰਦਰ ਕੋਲ ਕੁਝ ਪੈਸੇ ਜੋੜੇ ਹੋਏ ਸਨ, ਕੁਝ ਹੋਰ ਪਾ ਕੇ ਘਰ ਲਿਆ ਜਾ ਸਕਦਾ ਸੀ। ਉਵੇਂ ਸ਼ਾਇਦ ਦਿਲਬਾਗ ਕੁਝ ਨਾ ਜੋੜ ਸਕੇ, ਉਹਨਾਂ ਵਿਚ ਰਹਿ ਕੇ ਸੌਖਿਆਂ ਜੁੜ ਸਕਦੇ ਸਨ ਬਸ ਇਹੋ ਸੀ ਕਿ ਪਤਾ ਨਹੀਂ ਦਿਲਬਾਗ ਕਿਹੋ ਜਿਹਾ ਬੰਦਾ ਹੋਵੇ। ਪਤਨੀ ਦੇ ਜ਼ਿਆਦਾ ਕਹਿਣ 'ਤੇ ਸੁਰਜਨ ਸਿੰਘ ਵੀ ਮੰਨ ਗਿਆ। ਅਗਲੇ ਹਫਤੇ ਹੀ ਦਿਲਬਾਗ ਤੇ ਗੁਰਿੰਦਰ ਇਕ ਕਮਰੇ ਵਿਚ ਆ ਕੇ ਰਹਿਣ ਲਗ ਪਏ। ਗੁਰਿੰਦਰ ਤਾਂ ਮਾਂ ਦੇ ਘਰ ਆ ਕੇ ਖੁਸ਼ ਹੈ ਹੀ ਸੀ, ਦਿਲਬਾਗ ਨੂੰ ਵੀ ਉਥੋਂ ਨਾਲੋਂ ਇਹ ਜਗਾਹ ਰਹਿਣਾ ਚੰਗਾ ਲਗ ਰਿਹਾ ਸੀ।

ਦਿਲਬਾਗ ਘਰ ਲੈਣ ਬਾਰੇ ਬਹੁਤਾ ਨਹੀਂ ਸੀ ਸੋਚ ਰਿਹਾ। ਉਹ ਤਾਂ ਜਿਵੇਂ ਹਾਲੇ ਵੀ ਕੋਈ ਸੁਫਨਾ ਹੀ ਦੇਖ ਰਿਹਾ ਹੋਵੇ। ਉਸ ਨੂੰ ਗੁਰਿੰਦਰ ਦੇ ਸਾਥ ਨਾਲ ਹਾਲੇ ਤਕ ਮਨ ਨਹੀਂ ਸੀ ਭਰਿਆ। ਉਸ ਨੇ ਟੈਕਸੀ ਚਲਾਉਣੀ ਛੱਡ ਕੇ ਅਵਤਾਰ ਨਾਲ ਆਲਡਗੇਟ ਕਪੜੇ ਦੀ ਫੈਕਟਰੀ ਵਿਚ ਕੰਮ 'ਤੇ ਜਾ ਲਗਿਆ ਕਿਉਂਕਿ ਟੈਕਸੀ ਚਲਾਉਣ ਵਿਚ ਘੰਟੇ ਜ਼ਿਆਦਾ ਲਗਾਉਣੇ ਪੈਂਦੇ ਸਨ। ਕਦੇ ਇਹ ਵੀ ਸੋਚਣ ਲਗਦਾ ਕਿ ਸਰੂਪ ਵਾਂਗ ਕੰਮ ਕਰੇਗਾ ਤੇ ਵਿਹਲੇ ਸਮੇਂ ਵਿਚ ਟੈਕਸੀ ਵੀ ਚਲਾਏਗਾ। ਇਕ ਦਿਨ ਸੁਰਜਨ ਨੇ ਉਸ ਨੂੰ ਆਪਣਾ ਘਰ ਲੈਣ ਦੇ ਫਾਇਦੇ ਸਮਝਾਏ ਤਾਂ ਉਹ ਇਸ ਬਾਰੇ ਗੰਭੀਰ ਹੋ ਗਿਆ। ਆਪਣੀ ਸਾਰੀ ਤਨਖਾਹ ਲਿਆ ਕੇ ਗੁਰਿੰਦਰ ਨੂੰ ਫੜਾਉਣ ਲਗਿਆ। ਗੁਰਿੰਦਰ ਅਗੇ ਮੰਮੀ ਕੋਲ ਜਮ੍ਹਾਂ ਕਰਾ ਦਿੰਦੀ। ਦਿਲਬਾਗ ਵੀ ਜਮ੍ਹਾਂ ਹੁੰਦੇ ਪੈਸਿਆਂ ਬਾਰੇ ਸੋਚ ਕੇ ਖੁਸ਼ ਹੋਣ ਲਗਦਾ। ਇਹਨਾਂ ਦਿਨਾਂ ਵਿਚ ਹੀ ਅਵਤਾਰ ਨੇ ਕਾਰ ਬਦਲ ਲਈ ਤੇ ਨਾਲ ਹੀ ਕਾਰ ਬਦਲਣ ਦਾ ਭੂਤ ਦਿਲਬਾਗ ਸਿਰ 'ਤੇ ਵੀ ਸਵਾਰ ਹੋ ਗਿਆ। ਉਸ ਦੀ ਕਾਰ ਵੀ ਕੁਝ ਪੁਰਾਣੀ ਸੀ। ਉਹ ਇਹ ਕਾਰ ਵੇਚ ਕੇ ਹੋਰ ਲੈਣ ਦੀ ਤਿਆਰੀ ਕਰਨ ਲਗਿਆ। ਦੂਜੇ ਪਾਸੇ ਸੁਰਜਨ ਨੇ ਸੇਲ 'ਤੇ ਲਗੇ ਘਰਾਂ ਦੀਆਂ ਲਿਸਟਾਂ ਮੰਗਵਾਉਣੀਆਂ ਸ਼ੁਰੂ ਕਰ ਦਿਤੀਆਂ। ਦਿਲਬਾਗ ਨੇ ਘਰ ਆ ਕੇ ਕਾਰ ਲੈਣ ਦੀ ਤਮੰਨਾ ਦਾ ਇਜ਼ਹਾਰ ਕੀਤਾ ਤਾਂ ਪਰਕਾਸ਼ ਕੋਰ ਬੋਲੀ,

"ਪੁੱਤ, ਪਹਿਲਾਂ ਘਰ ਲੈ ਲਓ, ਘਰ ਨਾਲ ਬੰਦੇ ਦੀ ਇਜ਼ਤ ਐ।"

ਇਹ ਸੁਣ ਕੇ ਦਿਲਬਾਗ ਖਾਮੋਸ਼ ਜਿਹਾ ਹੋ ਗਿਆ। ਇਕ ਪਾਸੇ ਸੱਸ ਦੀ ਗੱਲ ਠੀਕ ਵੀ ਜਾਪਦੀ ਸੀ ਪਰ ਦੂਜੇ ਪਾਸੇ ਸੱਸ ਵਲੋਂ ਉਸ ਦੀ ਖਾਹਸ਼ ਨੂੰ ਰੌਂਦ ਦੇਣਾ ਬੁਰਾ ਵੀ ਲਗਿਆ ਪਰ ਉਹ ਚੁੱਪ ਰਿਹਾ।

ਦਿਲਬਾਗ ਦੇ ਘਰ ਵਿਚ ਆ ਕੇ ਰਹਿਣ ਨਾਲ ਉਹਨਾਂ ਦੇ ਘਰ ਦਾ ਮਹੌਲ ਇਕ ਦਮ ਬਦਲ ਗਿਆ। ਓਪਰੇ ਬੰਦੇ ਦੀ ਘਰ ਵਿਚ ਹਾਜ਼ਰੀ ਨੇ ਕੁੜੀਆਂ ਦੀਆਂ ਕਈ ਖੁਲ੍ਹਾਂ ਉਪਰ ਰੋਕਾਂ ਲਾ ਦਿਤੀਆਂ। ਦਿਲਬਾਗ ਦੀ ਹੋਂਦ ਉਹਨਾਂ ਦੇ ਮਨ ਉਪਰ ਹਰ ਵੇਲੇ ਛਾਈ ਰਹਿੰਦੀ। ਬੈਠਣ ਉਠਣ ਵੇਲੇ ਕੁੜੀਆਂ ਨੂੰ ਸਾਵਧਾਨ ਰਹਿਣਾ ਪੈਂਦਾ। ਦਿਲਬਾਗ ਵੀ ਉਹਨਾਂ ਉਪਰ ਵੱਡੇ ਭਰਾਵਾਂ ਵਾਲੇ ਹੱਕ ਜਤਾਉਣ ਲਗਿਆ। ਉਹ ਉਹਨਾਂ ਨੂੰ ਸਿਰ ਉਪਰ ਚੁੰਨੀ ਲੈਣ ਲਈ ਕਹਿੰਦਾ ਰਹਿੰਦਾ। ਬਹੁਤਾ ਹਸਦੀਆਂ ਤਾਂ ਟੋਕ ਦਿੰਦਾ। ਪਰਕਾਸ਼ ਕੋਰ ਵੀ ਬਾਹਰ ਜਾਂਦੀ ਤਾਂ ਸਿਰ ਢਕ ਕੇ ਰੱਖਣ ਲਈ ਆਖਣ ਲਗਦਾ। ਪਰਕਾਸ਼ ਕੋਰ ਨੂੰ ਇਵੇਂ ਪੁੱਤਾਂ ਵਾਂਗ ਉਸ ਦਾ ਰੋਅਬ ਝੱਲਣਾ ਚੰਗਾ ਲਗਦਾ। ਸੁਰਜਨ ਸਿੰਘ ਨੂੰ ਵੀ ਉਹ ਬਹੁਤ ਆਦਰ ਨਾਲ ਬੁਲਾਉਂਦਾ। ਬਾਕੀ ਸਭ ਠੀਕ ਸੀ ਪਰ ਉਸ ਦੀਆਂ ਗੱਪਾਂ ਸੁਰਜਨ ਸਿੰਘ ਨੂੰ ਚੰਗੀਆਂ ਨਾ ਲਗਦੀਆਂ। ਕੁਲ ਮਿਲਾ ਕੇ ਉਹ ਘਰ ਦਾ ਬੰਦਾ ਬਣ ਗਿਆ ਸੀ।

ਦਿਲਬਾਗ ਦੇ ਵਿਆਹ ਤੋਂ ਬਾਅਦ ਅਵਤਾਰ ਦਾ ਉਸ ਪ੍ਰਤੀ ਰਵੱਈਆ ਬਦਲ ਗਿਆ। ਪਹਿਲਾਂ ਉਹ ਦੋਸਤ ਸੀ ਤੇ ਹੁਣ ਦੋਸਤ ਦਾ ਜਵਾਈ। ਪਹਿਲਾਂ ਦਿਲਬਾਗ ਕੋਈ ਗੱਪ ਮਾਰ ਰਿਹਾ ਹੁੰਦਾ ਤਾਂ ਅਵਤਾਰ ਆਖਣ ਲਗਦਾ,

"ਰੁਕੀਂ ਰੁਕੀਂ ਜ਼ਰਾ, ਕਾਪੀ ਪੈੱਨ ਲੈ ਆਵਾਂ।"

"ਕਿਉਂ?"

"ਜਿੱਦਾਂ ਹਰ ਚੀਜ਼ ਵਿਚ ਤਿੰਨ ਹਿੱਸੇ ਪਾਣੀ ਹੁੰਦੈ ਏਦਾਂ ਈ ਤੇਰੀ ਗੱਲ ਵਿਚ ਤਿੰਨ ਹਿੱਸੇ ਝੂਠ ਐ, ਮੈਨੂੰ ਲਿਖ ਕੇ ਹਿਸਾਬ ਕਰਨਾ ਪੈਂਦੈ।"

ਦਿਲਬਾਗ ਛਿੱਥਾ ਜਿਹਾ ਹਾਸਾ ਹੱਸਦਾ। ਕਦੇ ਉਹ ਕਹਿ ਬੈਠਦਾ,

"ਇਕ ਵਾਰ ਅਸੀਂ ਅੱਸੀ ਖੇਤ ਝੋਨਾ ਲਾਇਆ।"

"ਯਾਰ ਦਿਲਬਾਗ, ਚਾਲੀਆਂ ਕੁ ਖੇਤਾਂ ਨਾਲ ਕੰਮ ਚਲਾ ਲੈ, ਅੱਸੀ ਤਾਂ ਪੂਰੇ ਦੁਆਬੇ 'ਚ ਨਹੀਂ ਹੋਣੇ ਕਿਸੇ ਦੇ।"

ਅਵਤਾਰ ਮਜ਼ਾਕ ਵਿਚ ਆਖਦਾ। ਕੁਝ ਦੇਰ ਬਾਅਦ ਉਹ ਆਪ ਹੀ ਕਹਿਣ ਲਗਦਾ,

"ਮਾਰ ਲੈ ਯਾਰ ਜਿੰਨੀ ਵੀ ਗੱਪ ਮਾਰਨੀ ਆਂ, ਗੱਪ ਮਾਰਨ ਦਾ ਕਿਹੜਾ ਕੋਈ ਬਿੱਲ ਆਉਂਦਾ, ਹਾ, ਰੋਟੀ ਜ਼ਰੂਰ ਹਜ਼ਮ ਹੋ ਜਾਂਦੀ ਐ।"

ਹੁਣ ਅਵਤਾਰ ਉਸ ਉਪਰ ਤਿੱਖੀ ਚੋਟ ਨਹੀਂ ਸੀ ਕਰਦਾ ਪਰ ਦਿਲਬਾਗ ਹਾਲੇ ਵੀ ਉਸ ਨੂੰ ਛੇੜਦਾ ਹੋਇਆ ਕਹਿੰਦਾ,

"ਲੰਮਿਆਂ, ਤੇਰੀ ਪੰਡਤਾਣੀ ਹੈ ਤਾਂ ਛੇ-ਚਾਰ ਈ, ਓਦਾਂ ਬੈੱਡ 'ਚ ਕਿੱਦਾਂ, ਗਰਮ ਐਂ?"

ਅਵਤਾਰ ਨੇ ਉਸ ਨੂੰ ਵਿਆਹੁਤਾ ਜ਼ਿੰਦਗੀ ਬਾਰੇ ਕੋਈ ਗੱਲ ਨਾ ਪੁੱਛੀ ਜਿਵੇਂ ਦੋਸਤ ਇਕ ਦੂਜੇ ਨੂੰ ਪੁੱਛਿਆ ਹੀ ਕਰਦੇ ਹਨ। ਦਿਲਬਾਗ ਹੈਰਾਨ ਹੁੰਦਾ ਕਿ ਅਵਤਾਰ ਤੇ ਸੁਰਜਨ ਸਿੰਘ ਦਾ ਆਪਸ ਵਿਚ ਉਮਰ ਦਾ ਫਰਕ ਹੁੰਦੇ ਵੀ ਦੋਸਤੀ ਕਾਫੀ ਗੂੜ੍ਹੀ ਸੀ। ਇਕ ਗੱਲ ਦੀ ਹੋਰ ਹੈਰਾਨੀ ਵੀ ਦਿਲਬਾਗ ਨੂੰ ਹੁੰਦੀ ਕਿ ਇਹ ਸਾਰੇ ਹੀ ਨੇੜੇ ਦੇ ਦੋਸਤ ਰਹੇ ਹਨ ਪਰ ਪਹਿਲਾਂ ਕਿਸੇ ਨੇ ਇਕ ਦੂਜੇ ਦਾ ਕਦੇ ਕੋਈ ਜ਼ਿਕਰ ਕਿਉਂ ਨਹੀਂ ਕੀਤਾ।

ਅਵਤਾਰ ਨੂੰ ਇਕ ਵਾਰ ਫਿਰ ਝੱਲ ਉਠਿਆ ਤੇ ਸਭ ਕੁਝ ਛੱਡ ਛਡਾ ਕੇ ਉਹ ਬੰਬਈ ਚਲੇ ਗਿਆ। ਅਵਤਾਰ ਦੇ ਜਾਣ ਤੋਂ ਬਾਅਦ ਦਿਲਬਾਗ ਦਾ ਕੰਮ ਉਪਰ ਦਿਲ ਲਗਣੋਂ ਹਟ ਗਿਆ। ਉਸ ਨੇ ਕੰਮ ਹੀ ਛੱਡ ਦਿਤਾ। ਉਹ ਮੁੜ ਕੈਬਿੰਗ ਕਰਨ ਲਗਿਆ। ਟੈਕਸੀ ਲਈ ਉਸ ਦੀ ਕਾਰ ਢੁਕਵੀਂ ਨਹੀਂ ਸੀ। ਮਾੜੀ ਕਾਰ ਵਿਚ ਗਾਹਕ ਬੈਠਣੋਂ ਹੀ ਡਰਨ ਲਗਦਾ ਕਿ ਰਾਹ ਵਿਚ ਹੀ ਨਾ ਖਰਾਬ ਹੋ ਜਾਵੇ। ਉਹ ਕਾਰ ਲੈਣ ਬਾਰੇ ਸੋਚਣ ਲਗਿਆ। ਉਸ ਨੇ ਹਿਸਾਬ ਲਾਇਆ ਕਿ ਉਹਨਾਂ ਕੋਲ ਇਕ ਹਜ਼ਾਰ ਪੌਂਡ ਜਮ੍ਹਾਂ ਹੋ ਚੁੱਕਿਆ ਸੀ। ਪੰਜ ਸੌ ਪੌਂਡ ਗੁਰਿੰਦਰ ਕੋਲ ਵਿਆਹ ਤੋਂ ਪਹਿਲੇ ਵੀ ਪਏ ਸਨ। ਘਰ ਲੈਣ ਦਾ ਚਾਅ ਦੂਜੈਲੀ ਜਗ੍ਹਾ ਆ ਡਿਗਿਆ ਤੇ ਉਹ ਦੇ ਦਿਮਾਗ ਵਿਚ ਕਾਰਾਂ ਘੁੰਮਣ ਲਗੀਆਂ; ਫੋਰਡ ਦੀਆਂ, ਜਰਮਨ ਤੇ ਜਪਾਨੀ ਕਾਰਾਂ। ਕਦੇ ਉਹ ਕੋਈ ਲੇਅਲੈਂਡ ਦੀ ਸਸਤੀ ਜਿਹੀ ਕਾਰ ਬਾਰੇ ਵਿਚਾਰਾਂ ਕਰਨ ਲਗਦਾ। ਉਸ ਨੇ ਗੁਰਿੰਦਰ ਰਾਹੀਂ ਪਰਕਾਸ਼ ਕੋਰ ਤੋਂ ਪੈਸੇ ਮੰਗੇ ਤਾਂ ਉਹ ਸਿੱਧੀ ਉਸ ਨੂੰ ਬੋਲੀ,

"ਦਿਲਬਾਗ ਪੁੱਤ, ਏਸ ਕਾਰ ਨਾਲ ਤੇਰਾ ਕੰਮ ਚਲੀ ਈ ਜਾਂਦਾ, ਅਸੀਂ ਚਾਹੁੰਨੇ ਆਂ ਕਿ ਇਹਨਾਂ ਪੈਸਿਆਂ ਦਾ ਤੂੰ ਘਰ ਲਵੇਂ। ਦੇਖ, ਤੇਰੇ ਡੈਡੀ ਘਰਾਂ ਦੀਆਂ ਕਿੰਨੀਆਂ ਲਿਸਟਾਂ ਮੰਗੌਂਦੇ ਆ, ਜਿੱਦਣ ਕੋਈ ਸਹੀ ਜਿਹਾ ਦਿਸਿਆ, ਕਹਿੰਦੇ ਲੈ ਲੈਣਾ।"

"ਮੰਮੀ, ਘਰ ਦੀ ਕਿਸ਼ਤ ਵੀ ਤਾਂ ਹੀ ਦੇ ਹੋਊ ਜੇ ਕੋਈ ਆਮਦਨ ਹੋਈ, ਇਹ ਕਾਰ ਮਿਨੀ ਕੈਬ ਵਾਲੀ ਨਹੀਂ।"

"ਤੂੰ ਫੈਕਟਰੀ 'ਚੋਂ ਈ ਕਿਉਂ ਕੰਮ ਛੱਡਿਆ! ...ਤੇਰੇ ਡੈਡੀ ਕਹਿੰਦੇ ਕਿ ਪੱਕੀ ਜੌਬ ਨਾਲ ਮੌਟਰਗੇਜ ਸੌਖੀ ਮਿਲ ਜਾਣੀ ਸੀ।"

ਪਰਕਾਸ਼ ਕੋਰ ਦੇ ਇੰਨਾ ਕਹਿਣ 'ਤੇ ਦਿਲਬਾਗ ਰੁੱਸ ਗਿਆ। ਉਸ ਨੇ ਰੋਟੀ ਖਾਣੀ ਛੱਡ ਦਿਤੀ। ਸਾਰਾ ਦਿਨ ਆਪਣੇ ਕਮਰੇ ਵਿਚ ਪਿਆ ਰਹਿੰਦਾ। ਉਹ ਗੁਰਿੰਦਰ ਨੂੰ ਵੀ ਖਿਝਣ ਲਗਦਾ ਕਿ ਪੈਸੇ ਉਸ ਦੀ ਮਾਂ ਦੇ ਨਾਂ 'ਤੇ ਰੱਖੇ ਹੀ ਕਿਉਂ ਸਨ। ਉਸ ਦਾ ਆਪਣਾ ਵੀ ਚੰਗਾ ਭਲਾ ਅਕਾਊਂਟ ਬੈਂਕ ਵਿਚ ਸੀ ਪਰ ਉਸ ਵੇਲੇ ਫੂਕ ਵਿਚ ਆਇਆ ਪੈਸੇ ਪਰਕਾਸ਼ ਕੋਰ ਨੂੰ ਫੜਾਉਂਦਾ ਰਿਹਾ ਸੀ। ਸੁਰਜਨ ਸਿੰਘ ਨੂੰ ਪਤਾ ਚਲਿਆ ਤਾਂ ਬੋਲਿਆ,

"ਬੁੜ੍ਹੀਏ, ਮਾਰ ਉਹਦੇ ਪੈਸੇ ਉਹਦੇ ਸਿਰ ਵਿਚ।"

ਅਗਲੇ ਦਿਨ ਹੀ ਪਰਕਾਸ਼ ਕੋਰ ਨੇ ਉਸ ਦੇ ਪੈਸੇ ਕਢਾ ਕੇ ਉਸ ਨੂੰ ਦੇ ਦਿਤੇ। ਬਿਲਡਿੰਗ ਸੁਸਾਇਟੀ ਵਾਲੇ ਇਕ ਹਜ਼ਾਰ ਪੌਂਡ ਇਕੋ ਵੇਲੇ ਦਿੰਦੇ ਨਹੀਂ ਸਨ ਇਸ ਲਈ ਲਗਾਤਾਰ ਦੋ ਦਿਨ ਜਾਣਾ ਪਿਆ। ਪੈਸੇ ਦਿੰਦੀ ਪਰਕਾਸ਼ ਕੋਰ ਸੋਚ ਰਹੀ ਸੀ ਕਿ ਬੇਗਾਨਾ ਪੁੱਤ ਫਿਰ ਵੀ ਬੇਗਾਨਾ ਹੀ ਹੁੰਦਾ ਹੈ। ਸੁਰਜਨ ਸਿੰਘ ਦੀ ਕਹੀ ਗੱਲ ਉਸ ਨੂੰ ਸੱਚ ਜਾਪ ਰਹੀ ਸੀ, ਜੇ ਆਪਣਾ ਪੁੱਤ ਹੁੰਦਾ ਤਾਂ ਆਪਣੇ ਮਾਂ-ਪਿਓ ਦਾ ਕਿਹਾ ਜ਼ਰੂਰ ਸੁਣਦਾ ਤੇ ਮੰਨਦਾ ਵੀ। ਦਿਲਬਾਗ ਨੇ ਪੁਰਾਣੀ ਕਾਰ ਵਿਚ ਦੇ ਕੇ ਨਾਲ ਅੱਠ ਸੌ ਪੌਂਡ ਹੋਰ ਦੇ ਕੇ ਜ਼ਰਾ ਕੁ ਨਵੇਂ ਮੌਡਲ ਦੀ ਕਾਰ ਲੈ ਲਈ। ਬਾਕੀ ਬਚਦੇ ਦੋ ਸੌ ਪੌਂਡ ਉਸ ਨੇ ਮੁੜ ਪਰਕਾਸ਼ ਕੋਰ ਨੂੰ ਦੇ ਦਿਤੇ। ਇਸ ਨਾਲ ਪਰਕਾਸ਼ ਕੋਰ ਦਾ ਹਿਰਖ ਵੀ ਜ਼ਰਾ ਮੱਠਾ ਪੈ ਗਿਆ।

ਦਿਲਬਾਗ ਮੁੜ ਟੈਕਸੀ ਕਰਨ ਲਗਿਆ। ਕਈ ਵਾਰ ਤਾਂ ਉਹ ਸਾਰਾ ਸਾਰਾ ਦਿਨ ਕੰਮ ਉਪਰ ਰਹਿੰਦਾ ਤੇ ਕੋਈ ਛੁੱਟੀ ਵੀ ਨਾ ਕਰਦਾ ਪਰ ਕਈ ਕਈ ਦਿਨ ਘਰ ਵੀ ਬੈਠਾ ਰਹਿੰਦਾ। ਵਿਚਕਾਰ ਜਿਹੇ ਇਕ ਵਾਰ ਫਿਰ ਟੈਕਸੀ ਛੱਡ ਕੇ ਆਲਡਗੇਟ ਕੰਮ 'ਤੇ ਜਾ ਲਗਿਆ ਪਰ ਡੇਢ ਕੁ ਮਹੀਨੇ ਬਾਅਦ ਮੁੜ ਕੈਬਿੰਗ 'ਤੇ ਆ ਗਿਆ। ਉਹ ਪੈਸੇ ਹੁਣ ਵੀ ਪਰਕਾਸ਼ ਕੋਰ ਨੂੰ ਲਿਆ ਕੇ ਫੜਾਉਂਦਾ ਪਰ ਫਿਰ ਕਾਰ ਮੁਰੰਮਤ ਕਰਾਉਣ ਦੇ ਬਹਾਨੇ ਲੈ ਜਾਂਦਾ। ਸੁਰਜਨ ਸਿੰਘ ਦਾ ਦਿਲਬਾਗ ਤੋਂ ਵਿਸ਼ਵਾਸ ਉੱਠ ਗਿਆ। ਉਹ ਸਮਝਣ ਲਗਿਆ ਸੀ ਕਿ ਬੰਦਾ ਜ਼ਿੰਮੇਵਾਰੀ ਨਿਭਾਉਣ ਵਾਲਾ ਨਹੀਂ ਹੈ ਪਰ ਹੁਣ ਕੀ ਹੋ ਸਕਦਾ ਸੀ। ਕੁੜੀ ਤਾਂ ਵਿਆਹੀ ਗਈ ਸੀ। ਉਸ ਦੇ ਘਰ ਲਈ ਕੋਈ ਪੈਸਾ ਨਹੀਂ ਸੀ ਜੁੜ ਰਿਹਾ। ਰਹਿਣ-ਖਾਣ ਲਈ ਦਿਲਬਾਗ ਨੂੰ ਸਭ ਮੁਫਤ ਸੀ ਪਰ ਫਿਰ ਵੀ ਉਹ ਕੋਈ ਬੱਚਤ ਨਾ ਕਰਦਾ। ਸੁਰਜਨ ਸਿੰਘ ਨੂੰ ਪਤਾ ਸੀ ਕਿ ਥੋੜਾ ਡਿਪੌਜ਼ਟ ਦੇ ਕੇ ਵੀ ਮੌਟਰਗੇਜ ਮਿਲ ਜਾਵੇਗੀ ਪਰ ਉਹ ਚਾਹੁੰਦਾ ਸੀ ਕਿ ਦਿਲਬਾਗ ਦੀ ਕਿਸ਼ਤ ਛੋਟੀ ਤੋਂ ਛੋਟੀ ਰਹੇ। ਦੂਜੇ ਪਾਸੇ ਘਰਾਂ ਦੀਆਂ ਕੀਮਤਾਂ ਵਧਣ ਲਗੀਆਂ ਸਨ। ਸੁਰਜਨ ਦਾ ਗੋਰਾ ਦੋਸਤ ਡੈਰਕ, ਜਿਹੜਾ ਹਰ ਵੇਲੇ ਫਿਨਾਸ਼ੀਅਲ ਟਾਈਮਜ਼ ਅਖਬਾਰ ਪੜ੍ਹਦਾ ਰਹਿੰਦਾ ਸੀ, ਕਹਿ ਰਿਹਾ ਸੀ ਕਿ ਸ਼ਾਇਦ ਇਹ ਇਕ ਸਾਲ ਦੇ ਵਿਚ ਵਿਚ ਦੁਗਣੀਆਂ ਹੋ ਜਾਣ। ਸੁਰਜਨ ਸਿੰਘ ਫਿਕਰ ਕਰਨ ਲਗਿਆ।

ਇਕ ਦਿਨ ਅਚਾਨਕ ਹੀ ਉਹਨਾਂ ਦੀ ਆਪਣੀ ਰੋਡ; ਬਾਕਰਲੇ ਰੋਡ ਉਪਰ 'ਫਾਰ ਸੇਲ' ਦਾ ਫੱਟਾ ਲਗਿਆ ਦਿਸਿਆ। ਸੁਰਜਨ ਸਿੰਘ ਨੂੰ ਜਿਵੇਂ ਚਾਅ ਚੜ੍ਹ ਗਿਆ। ਦਿਲਬਾਗ ਦਾ ਗੈਰਜ਼ਿੰਮੇਦਾਰਾਨਾ ਸੁਭਾਅ ਦੇਖਦਾ ਉਸ ਸੋਚ ਰਿਹਾ ਸੀ ਕਿ ਉਹ ਉਹਨਾਂ ਦੇ ਨਜ਼ਦੀਕ ਹੀ ਘਰ ਲੈਣ ਤਾਂ ਜੋ ਲੋੜ ਵੇਲੇ ਗੁਰਿੰਦਰ ਦੀ ਮੱਦਦ ਕੀਤੀ ਜਾ ਸਕੇ। ਘਰ ਦਾ ਮਾਲਕ ਅੱਠ ਹਜ਼ਾਰ ਮੰਗ ਰਿਹਾ ਸੀ। ਆਮ ਵਾਂਗ ਕੁਝ ਇਧਰ ਓਧਰ ਕਰਕੇ ਸਾਢੇ ਸੱਤ ਹਜ਼ਾਰ ਪੌਂਡ ਵਿਚ ਸੌਦਾ ਹੋ ਗਿਆ। ਪੰਜ ਕੁ ਸੌ ਗੁਰਿੰਦਰ ਦੇ ਨਾਂ ਤੇ

www.PunjabiLibrary.com

ਪਿਆ ਸੀ, ਕੁਝ ਹੋਰ ਵੀ ਦਿਲਬਾਗ ਨੇ ਫੜਾਏ ਹੋਏ ਸਨ ਤੇ ਕੁਝ ਸੁਰਜਨ ਨੇ ਕੋਲੋਂ ਪਾ ਦਿਤੇ ਤੇ ਦਿਲਬਾਗ ਤੇ ਗੁਰਿੰਦਰ ਨੂੰ ਉਹ ਘਰ ਲੈ ਦਿਤਾ। ਮੌਰਟਗੇਜ ਦਾ ਇੰਤਜ਼ਾਮ ਏਜੰਟ ਨੇ ਆਪ ਹੀ ਕਰ ਦਿਤਾ ਸੀ। ਤੀਹ ਸਾਲ ਦੀ ਮੌਟਰਗੇਜ ਤੇ ਸੱਠ ਪੌਂਡ ਮਹੀਨੇ ਦੀ ਕਿਸ਼ਤ।

ਘਰ ਲੈ ਕੇ ਦਿਲਬਾਗ ਨੂੰ ਬਹੁਤ ਖੁਸ਼ੀ ਹੋਈ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਘਰ ਦਾ ਮਾਲਕ ਬਣ ਜਾਵੇਗਾ, ਉਹ ਵੀ ਲੰਡਨ ਵਿਚ। ਉਹ ਹਰ ਮਿਲਣ ਵਾਲੇ ਨੂੰ ਦਸਦਾ ਫਿਰਦਾ ਕਿ ਉਸ ਨੇ ਆਪਣਾ ਘਰ ਖਰੀਦ ਲਿਆ ਹੈ। ਗਰੇਵਜ਼ੈਂਡ ਉਹ ਆਏ ਦਿਨ ਫੋਨ ਕਰਕੇ ਚਿਤਾਰਦਾ ਕਿ ਉਹ ਵੀ ਹੁਣ ਘਰ ਦਾ ਮਾਲਕ ਬਣ ਗਿਆ ਹੈ। ਉਸ ਦਾ ਤਾਇਆ ਆਪਣੇ ਥਾਂ ਬਹੁਤ ਖੁਸ਼ ਸੀ ਕਿ ਉਹ ਸੈੱਟਲ ਹੋ ਗਿਆ ਹੈ ਪਰ ਨਾਲ ਦੀ ਨਾਲ ਤਾਏ ਨੂੰ ਸੁਰਜਨ ਸਿੰਘ ਨਾਲ ਹਮਦਰਦੀ ਵੀ ਹੋਣ ਲਗਦੀ ਜਿਸ ਨੂੰ ਦਿਲਬਾਗ ਦੇ ਸੁਭਾਅ ਨੇ ਹੁਣ ਸਾਰੀ ਉਮਰ ਹੀ ਤੰਗ ਕਰਨਾ ਸੀ। ਸੁਹਰੇ ਘਰ ਰਹਿੰਦਿਆਂ ਹੁਣ ਸੁਰਜਨ ਤੇ ਦਿਲਬਾਗ ਵਿਚਕਾਰ ਇਕ ਅਜੀਬ ਜਿਹਾ ਤਣਾਵ ਰਹਿਣ ਲਗਿਆ ਸੀ। ਦਿਲਬਾਗ ਵੀ ਇਹ ਗੱਲ ਮਹਿਸੂਸ ਕਰਦਾ ਪਰ ਹੁਣ ਉਹ ਆਪਣੇ ਘਰ ਆ ਕੇ ਪੂਰੀ ਤਰ੍ਹਾਂ ਅਜ਼ਾਦ ਸੀ। ਵੈਸੇ ਦਿਲਬਾਗ ਹੈਂਡੀ-ਮੈਨ ਸੀ; ਉਸ ਨੂੰ ਪੂਰਾ ਕੰਮ ਕੋਈ ਵੀ ਨਹੀਂ ਸੀ ਆਉਂਦਾ ਪਰ ਥੋੜੇ ਬਹੁਤ ਸਾਰੇ ਹੀ ਕਰ ਲੈਂਦਾ। ਉਸ ਨੇ ਆਪਣੇ ਸਾਰੇ ਘਰ ਵਿਚ ਨਵਾਂ ਪੇਪਰ ਲਾ ਲਿਆ। ਗਾਰਡਨ ਦੀ ਵਾੜ ਡਿਗੀ ਪਈ ਸੀ, ਠੀਕ ਕਰ ਲਈ। ਬਿਜਲੀ ਦੀ ਸਟੋਰਜ ਸੈਂਟਰਲ ਹੀਟਿੰਗ ਖਰਾਬ ਪਈ ਸੀ, ਬਣਾ ਲਈ। ਕਾਰਪੈੱਟ ਵੀ ਖੁਦ ਹੀ ਪਾ ਲਈ ਤੇ ਖਿੜਕੀਆਂ ਦਰਵਾਜ਼ਿਆਂ ਨੂੰ ਨਵਾਂ ਰੋਗਨ ਕਰ ਲਿਆ। ਉਸ ਨੂੰ ਘਰ ਦੇ ਸਾਰੇ ਕੰਮ ਇੰਨੀ ਰੀਝ ਨਾਲ ਕਰਦਿਆਂ ਦੇਖ ਕੇ ਸੁਰਜਨ ਸਿੰਘ ਖੁਸ਼ ਵੀ ਹੁੰਦਾ। ਘਰ ਦਾ ਸਮਾਨ ਖਰੀਦਣ ਵਿਚ ਉਸ ਨੇ ਕੁਝ ਹੋਰ ਸਹਾਇਤਾ ਵੀ ਕਰ ਦਿਤੀ। ਇਹਨਾਂ ਦਿਨਾਂ ਵਿਚ ਗੁਰਿੰਦਰ ਬੱਚੇ ਵਲੋਂ ਵੀ ਆਸਵੰਦ ਸੀ। ਸੱਤਵਾਂ ਮਹੀਨਾ ਚੱਲ ਰਿਹਾ ਸੀ। ਭਾਵੇਂ ਉਸ ਨੂੰ ਮੈਟਰਨਟੀ ਲੀਵ ਵੀ ਮਿਲ ਸਕਦੀ ਸੀ ਪਰ ਉਸ ਨੂੰ ਕੰਮ ਛੱਡਣਾ ਪਿਆ। ਬੱਚੇ ਨੂੰ ਸੰਭਾਲਣ ਦੀ ਮੁਸ਼ਕਲ ਵੀ ਹੋਣੀ ਸੀ ਤੇ ਨਾਲੇ ਕੰਮ ਛੱਡਣ ਨਾਲ ਕੁਝ ਪੈਸੇ ਇਕੱਠੇ ਮਿਲ ਜਾਣੇ ਸਨ ਜਿਹਨਾਂ ਨਾਲ ਘਰ ਦਾ ਸਮਾਨ; ਬੈੱਡ, ਸੈਟੀ, ਫਰਿੱਜ ਆਦਿ ਪਾਇਆ ਜਾ ਸਕਦਾ ਸੀ।

ਮਹੀਨੇ ਬਾਅਦ ਘਰ ਦੀ ਕਿਸ਼ਤ ਆ ਗਈ। ਪਹਿਲੀ ਕਿਸ਼ਤ ਤਾਂ ਦਿਤੀ ਗਈ ਪਰ ਦੂਜੀ ਅੜ੍ਹ ਗਈ। ਇਹ ਕਿਸ਼ਤ ਦਸ ਦਿਨ ਲੇਟ ਹੋ ਗਈ ਤੇ ਤੀਜੀ ਕਿਸ਼ਤ ਪੰਦਰਾਂ ਦਿਨ। ਫੋਨ, ਗੈਸ, ਬਿਜਲੀ, ਪਾਣੀ; ਸਾਰੇ ਹੀ ਬਿੱਲ ਵੀ ਆ ਗਏ। ਦਿਲਬਾਗ ਕਦੇ ਕੰਮ 'ਤੇ ਜਾਂਦਾ ਤੇ ਕਦੇ ਨਾ। ਉਹ ਗੁਰਿੰਦਰ ਨੂੰ ਸੰਭਾਲਣ ਦੇ ਬਹਾਨੇ ਘਰ ਹੀ ਬੈਠਾ ਰਹਿੰਦਾ। ਸੁਰਜਨ ਸਿੰਘ ਤੇ ਪਰਕਾਸ਼ ਕੋਰ ਨੂੰ ਫਿਕਰ ਪੈਣ ਲਗਿਆ ਕਿ ਇਹਨਾਂ ਦਾ ਕੀ ਬਣੇਗਾ। ਕਿਤੇ ਇਵੇਂ ਨਾ ਹੋਵੇ ਕਿ ਘਰ ਦੀ ਕਿਸ਼ਤ-ਬਿੱਲ ਦਿਤੇ ਨਾ ਜਾਣ ਤੇ ਘਰ ਨੂੰ ਬੈਂਕ ਵਾਲੇ ਸਾਂਭ ਲੈਣ। ਇਹ ਸੋਚ ਸੋਚ ਸੁਰਜਨ ਸਿੰਘ ਦੀਆਂ ਨੀਂਦਾਂ ਵਿਚ ਖਲਲ ਪੈਣ ਲਗਿਆ। ਉਹ ਵੀ ਆਪਣੀ ਜੇਬ੍ਹ ਵਿਚੋਂ ਉਹਨਾਂ ਦੇ ਕਿੰਨੇ ਕੁ ਬਿੱਲ ਦੇ ਸਕਦਾ ਸੀ। ਦੋਵੇਂ ਪਤੀ-ਪਤਨੀ ਬਹੁਤ ਉਦਾਸ ਸਨ ਕਿ ਉਦਾਸੀ ਨੂੰ ਛੰਡ ਦੇਣ ਵਾਲੀ ਖੁਸ਼ੀ ਉਹਨਾਂ ਘਰ ਆ ਢੁੱਕੀ। ਗੁਰਿੰਦਰ ਨੇ ਲੜਕੇ ਨੂੰ ਜਨਮ ਦਿਤਾ। ਪਰਕਾਸ਼ ਕੋਰ ਹੈਰਾਨ ਹੋਈ ਪਈ ਸੀ। ਉਹ ਤਾਂ ਸਮਝਦੀ ਸੀ ਕਿ ਉਸ ਦੀ ਕਿਸਮਤ ਵਿਚ ਸਿਰਫ ਕੁੜੀਆਂ ਦਾ ਜੰਮਣਾਂ ਹੀ ਲਿਖਿਆ ਹੈ ਤੇ ਇਹੋ ਕੁਝ ਉਹਦੀਆਂ ਧੀਆਂ ਦੀ ਕਿਸਮਤ ਵਿਚ। ਉਹ ਬੱਚੇ ਨੂੰ ਗੋਦੀ ਵਿਚ ਚੁੱਕੀ ਰੋਈ ਜਾ ਰਹੀ ਸੀ। ਸੁਰਜਨ ਸਿੰਘ ਵੀ ਆਮ ਨਾਲੋਂ ਜ਼ਿਆਦਾ ਖੁਸ਼ ਸੀ। ਉਸ ਨੇ ਆਪਣੇ ਘਰ ਕਦੇ ਵੀ ਕੁੜੀ ਹੋਣ ਸਮੇਂ ਉਦਾਸੀ ਨਹੀਂ ਸੀ ਦਿਖਾਈ ਪਰ ਹੁਣ ਉਸ ਤੋਂ ਵੀ ਖੁਸ਼ੀ ਛੁਪਾਈ ਨਹੀਂ ਸੀ ਜਾ ਰਹੀ। ਹਸਪਤਾਲ ਤੋਂ ਗੁਰਿੰਦਰ ਬੱਚੇ ਨੂੰ ਲੈ ਕੇ ਆਈ ਤਾਂ ਉਹ ਉਸ ਨੂੰ ਸਿੱਧੇ ਸ਼ੈਫ੍ਰਡਬੁੱਸ਼ ਗੁਰਦਵਾਰੇ ਲੈ ਕੇ ਗਏ, ਬੱਚੇ ਦਾ ਨਾਂ ਕਢਾਉਣ। ਭਾਵੇਂ ਸੁਰਜਨ ਸਿੰਘ ਇਸ ਗੱਲ ਦੇ ਹੱਕ ਵਿਚ ਨਹੀਂ ਸੀ ਪਰ ਉਸ ਨੇ ਕਿਸੇ ਨੂੰ ਰੋਕਿਆ ਵੀ ਨਾ। ਅੱਖਰ 'ਰ' ਨਿਕਲਿਆ। ਮੁੰਡੇ ਦੀਆਂ ਮਾਸੀਆਂ ਨੇ ਉਸ ਦਾ ਨਾਂ ਰੁਪਿੰਦਰ ਰੱਖ ਲਿਆ। ਸਾਰਾ ਟੱਬਰ ਹੀ ਚਾਮਲ੍ਹ ਚਾਮਲ੍ਹ ਉਸ ਨੂੰ ਅਵਾਜ਼ਾਂ ਮਾਰਨ ਲਗਦਾ; ਰੂਪੀ, ਰੂਪੀ!

ਸੁਹਰੇ ਪਰਿਵਾਰ ਦੀ ਇਸ ਅਜੀਬ ਜਿਹੀ ਖੁਸ਼ੀ ਦੀ ਕੁਝ ਕੁਝ ਸਮਝ ਦਿਲਬਾਗ ਨੂੰ ਵੀ ਪੈਣ ਲਗ ਪਈ ਸੀ। ਉਸ ਨੇ ਕੰਮ ਛੱਡ ਦਿਤਾ ਤੇ ਬੇਕਾਰੀ ਭੱਤਾ ਲੈਣ ਲਗਿਆ। ਹਫਤੇ ਬਾਅਦ ਸੋਸ਼ਲ ਸਕਿਊਰਟੀ ਦੇ ਦਫਤਰ ਜਾ ਕੇ ਦਸਤਖਤ ਕਰ ਆਉਂਦਾ ਤੇ ਚੈੱਕ ਉਸ ਦੇ ਘਰ ਪੁੱਜਦਾ ਹੋ ਜਾਂਦਾ। ਉਸ ਦੀ ਘਰ ਦੀ ਕਿਸ਼ਤ ਵਿਚ ਵੀ ਸਰਕਾਰ ਵਲੋਂ ਕੁਝ ਮੱਦਦ ਹੋਣ ਲਗੀ। ਉਹ ਸਾਰਾ ਦਿਨ ਘਰ ਬੈਠਾ ਟੈਲੀ ਦੇਖਦਾ ਰਹਿੰਦਾ ਤੇ ਮੁੰਡੇ ਨੂੰ ਲੋਰੀਆਂ ਦੇ ਛੱਡਦਾ। ਦਿਲਬਾਗ ਦੇ ਮੋਟੇ ਮੋਟੇ ਖਰਚ ਚਲ ਰਹੇ ਸਨ, ਜੇ ਕਦੇ ਜ਼ਿਆਦਾ ਹੀ ਕੰਮ ਰੁਕਦਾ ਦਿਸਦਾ ਤਾਂ ਟੈਕਸੀ ਕਰ ਲੈਂਦਾ। ਸੁਰਜਨ ਸਿੰਘ ਇਹ ਸਭ ਦੇਖ ਕੇ ਮਨ ਹੀ ਮਨ ਬਹੁਤ ਕੁੜ੍ਹਦਾ। ਕਈ ਵਾਰ ਉਸ ਦਾ ਦਿਲ ਕਰਦਾ ਕਿ ਉਸ ਨਾਲ ਜਾ ਕੇ ਗੱਲ ਕਰੇ ਪਰ ਜੁਆਈ ਹੋਣ ਕਰਕੇ ਚੁੱਪ ਰਹਿੰਦਾ। ਪਰਕਾਸ਼ ਕੋਰ ਵੀ ਉਸ ਨੂੰ ਰੋਕਦੀ ਹੋਈ ਕਹਿੰਦੀ,

''ਜੀ, ਦੇਖੋ, ਗੁਰਿੰਦਰ ਨੂੰ ਕਿੰਨਾ ਪਿਆਰ ਕਰਦੈ, ਫੁੱਲਾਂ ਵਾਂਗੂੰ ਰੱਖਦਾ ਕੁੜੀ ਨੂੰ।''

ਇਕ ਦਿਨ ਕੰਮ ਉਪਰ ਬਲਦੇਵ ਸੁਰਜਨ ਸਿੰਘ ਨੂੰ ਪੁੱਛਣ ਲਗਿਆ,

www.PunjabiLibrary.com

"ਕਿਉਂ ਬਈ, ਮੈਂ ਦੇਖ ਰਿਹਾਂ ਕੁਸ਼ ਉਖੜਿਆ ਉਖੜਿਆ ਰਹਿੰਨੈਂ?"
"ਕੀ ਦੱਸਾਂ ਯਾਰ, ਮੇਰਾ ਜੁਆਈ ਕੋਈ ਰਿਸਪੌਂਸੀਬੈਲਟੀ ਨਹੀਂ ਸਮਝਦਾ। ਕਿਤੇ ਟਿਕ ਕੇ ਕੰਮ ਨਹੀਂ ਕਰਦਾ। ਹੁਣ ਘਰ ਲੈ ਕੇ ਦਿਤਾ ਤਾਂ ਕੰਮ ਛੱਡ ਕੇ ਬੈਠ ਗਿਆ।"
"ਇੰਡੀਆ ਤਾਂ ਨਹੀਂ ਪੈਸੇ ਭੇਜੀ ਜਾਂਦਾ?"
"ਇਥੇ ਈ ਨਹੀਂ ਸਰਦਾ, ਪਿੱਛੇ ਕੀ ਭੇਜਣੇ ਆਂ।"
"ਇਧਰ ਸਾਡੇ ਜੁਆਈ ਦੀ ਸੁਣ ਲਓ, ਪੈਨੀ ਪੈਨੀ ਘਰ ਨੂੰ ਭੇਜੀ ਜਾਂਦਾ। ਜਿੰਨੇ ਪੈਸੇ ਸਾਡੀ ਕੁੜੀ ਨੇ ਜੋੜੇ ਸੀ ਸਾਰੇ ਚੁੱਕ ਕੇ ਇੰਡੀਆ ਭੇਜ ਦਿਤੇ। ਅਸੀਂ ਰੋਕਿਆ ਤਾਂ ਔਖਾ ਹੋ ਗਿਆ ਕਿ ਤੁਸੀਂ ਆਪਣਾ ਘਰ ਚਲਾਓ ਤੇ ਮੈਨੂੰ ਮੇਰਾ ਚਲਾਉਣ ਦਿਓ। ...ਸਾਡੇ ਵਿਚ ਈ ਰਹਿੰਦਾ, ਨਾ ਕਿਸੇ ਕੰਮ ਨੂੰ ਹੱਥ ਲਾਉਂਦਾ ਤੇ ਨਾ ਈ ਕਿਸੇ ਨਾਲ ਸਿੱਧੇ ਮੂੰਹ ਬੋਲਦਾ।"

ਸੁਰਜਨ ਸਿੰਘ ਸੋਚਣ ਲਗਿਆ ਕਿ ਇਸ ਦੇ ਮੁਕਾਬਲੇ ਤਾਂ ਦਿਲਬਾਗ ਬਹੁਤ ਚੰਗਾ ਹੈ, ਸਭ ਦੀ ਇੱਜ਼ਤ ਕਰਦਾ ਹੈ, ਕੁੜੀਆਂ ਨਾਲ ਵੀ ਸਕੇ ਭਰਾਵਾਂ ਵਾਂਗ ਵਰਤਦਾ। ਘਰ ਦੀ ਸਾਰੀ ਸ਼ੌਪਿੰਗ ਦੀ ਜ਼ਿੰਮੇਵਾਰੀ ਉਸੇ ਦੀ ਹੈ। ਬਲਦੇਵ ਅਗੇ ਦਸ ਰਿਹਾ ਸੀ,
"ਅਸੀਂ ਕਿਹਾ ਬਈ ਘਰ ਲੈ ਲਾ, ਮਹਿੰਗੇ ਹੋ ਰਹੇ ਆ ਤਾਂ ਟੁੱਟ ਕੇ ਪਿਆ, ਕਹੇ; ਜੇ ਭਾਰ ਲਗਦਾਂ ਤਾਂ ਬਾਹਰ ਰਹਿ ਲੈਨਾਂ।"

ਇਕ ਦਿਨ ਭਾਊ ਪਰਗਟ ਸਿੰਘ ਦੱਸਣ ਲਗਿਆ,
"ਯਾਰੋ, ਹਾਡੇ ਜੁਆਈ ਨੇ ਹਾਨੂੰ ਟੰਗਿਆ ਪਿਐ, ਕਹਿੰਦਾ ਬਈ ਜੇਹ ਦਿਨ ਤੋਂ ਕੁੜੀ ਏਥੇ ਆਈ ਊ, ਕੰਮ ਤੇ ਲਗੀ ਊ, ਉਹੇ ਦਿਨ ਤੋਂ ਬਣਦੇ ਪੈਹੇ ਮੈਨੂੰ ਦਿਓ, ਘਰ ਲੈਣੈਂ ਨਹੀਂ ਤਾਂ ਸਾਰੇ ਗਹਿਣੇ ਵੇਚ ਛੱਡਣੇ ਊਂ।"

ਹਰ ਇਕ ਕੋਲ ਨਵੀਂ ਕਹਾਣੀ ਹੁੰਦੀ। ਉਸ ਨੇ ਇਕ ਵਾਰ ਅਰਜਨ ਸਿੰਘ ਨਾਲ ਵੀ ਇਹ ਗੱਲ ਸਾਂਝੀ ਕੀਤੀ ਪਰ ਉਹ ਵੀ ਕੀ ਕਰ ਸਕਦਾ ਸੀ। ਸੁਰਜਨ ਸਿੰਘ ਸੋਚਣ ਲਗਦਾ ਕਿ ਸ਼ਾਇਦ ਇਸ ਮੁਲਕ ਵਿਚ ਅਸੀਂ ਆਪਣੇ ਜੁਆਈਆਂ ਦੇ ਜ਼ਿਆਦਾ ਨੇੜੇ ਰਹਿੰਦੇ ਹਾਂ ਇਸੇ ਲਈ ਮੁਸ਼ਕਲਾਂ ਖੜੀਆਂ ਹੋ ਰਹੀਆਂ।

ਇਹਨਾਂ ਦਿਨਾਂ ਵਿਚ ਘਰਾਂ ਦੀਆਂ ਕੀਮਤਾਂ ਦੀ ਵੱਡੀ ਛਾਲ਼ ਵੱਜ ਗਈ। ਦੁਗਣੀਆਂ ਹੋ ਗਈਆਂ। ਦਿਲਬਾਗ ਦਾ ਘਰ ਵੀ ਤੇਰਾਂ-ਚੌਦਾਂ ਹਜ਼ਾਰ ਦਾ ਹੋ ਗਿਆ। ਉਸੇ ਹਿਸਾਬ ਨਾਲ ਤਨਖਾਹਾਂ ਵਿਚ ਵੀ ਕੁਝ ਵਾਧਾ ਹੋ ਗਿਆ ਤੇ ਬੇਕਾਰੀ ਭੱਤੇ ਵਿਚ ਵੀ। ਹੁਣ ਨਵੀਂ ਕੀਮਤ ਦੇ ਹਿਸਾਬ ਨਾਲ ਕਿਸ਼ਤ ਬਹੁਤ ਥੋੜੀ ਜਾਪਦੀ ਸੀ। ਕਦੇ ਕੋਈ ਬਿੱਲ ਰੁਕਣ ਲਗਦਾ ਤਾਂ ਦਿਲਬਾਗ ਜਾ ਕੇ ਦੋ ਕੁ ਵਾਰ ਸੁਰਜਨ ਸਿੰਘ ਨੂੰ ਡੈਡੀ ਜੀ, ਡੈਡੀ ਜੀ, ਕਹਿੰਦਾ ਜਾਂ ਪਰਕਾਸ਼ ਕੋਰ ਦੀ ਚਾਪਲੂਸੀ ਕਰ ਦਿੰਦਾ, ਕੁੜੀਆਂ ਨਾਲ ਹਾਸੇ ਮਜ਼ਾਕ ਕਰਦਾ ਤਾਂ ਉਸ ਦਾ ਬਿੱਲ ਅਦਾ ਕਰ ਦਿਤਾ ਜਾਂਦਾ। ਜੇ ਨਹੀਂ ਤਾਂ ਰੁੱਸ ਜਾਂਦਾ ਤੇ ਗੁਰਿੰਦਰ ਬਿੱਲ ਡੈਡੀ ਨੂੰ ਦੇ ਆਉਂਦੀ। ਸੁਰਜਨ ਸਿੰਘ ਅੰਦਰੋ ਅੰਦਰ ਬਹੁਤ ਖਿਝਦਾ ਪਰ ਕੁਝ ਕਰਨੋ ਅਸਮਰਥ ਹੁੰਦਾ। ਪਰਕਾਸ਼ ਕੋਰ ਦਾ ਇਹੋ ਜਵਾਬ ਹੁੰਦਾ,
"ਜੀ, ਹੋਰਨਾਂ ਨਾਲੋਂ ਲੱਖ ਦਰਜੇ ਚੰਗੈ।"

ਗੁਰਿੰਦਰ ਦਿਲਬਾਗ ਲਈ ਗਰੂਰ ਸੀ। ਜੋ ਉਸ ਨੂੰ ਚਾਹੀਦਾ ਸੀ ਮਿਲ ਗਿਆ ਸੀ। ਜਿਸ ਰਿਸ਼ਤੇਦਾਰ ਕੋਲ ਜਾਂਦਾ, ਜਿਸ ਮਿੱਤਰ ਨਾਲ ਗੱਲ ਕਰਦਾ ਬਸ ਗੁਰਿੰਦਰ ਦੀਆਂ ਤਾਰੀਫਾਂ ਹੀ ਕਰਦਾ ਜਾਂਦਾ। ਤਾਏ ਦੇ ਘਰ ਜਾਂਦਾ ਤਾਂ ਆਪਣੇ ਸੁਹਰਿਆਂ ਦੀਆਂ ਵੱਡਿਆਈਆਂ ਦੇ ਪੁੱਲ ਬੰਨਣ ਲਗਦਾ। ਉਹ ਤਾਏ ਨੂੰ ਜਾਣ ਬੁੱਝ ਕੇ ਵੀ ਚਿਤਾਰਦਾ ਕਿ ਉਸ ਦੇ ਸੁਹਰੇ ਤਾਏ ਤੋਂ ਚੰਗੇ ਹਨ ਜਿਹਨਾਂ ਨੇ ਘਰ ਲੈ ਕੇ ਦਿਤਾ ਹੈ। ਤਾਏ ਦਾ ਛੋਟਾ ਮੁੰਡਾ ਨਛੱਤਰ ਹਾਲੇ ਕੁਆਰਾ ਸੀ। ਉਹ ਇੰਡੀਆ ਗਿਆ ਸੀ ਪਰ ਦੋ ਹਫਤੇ ਲਈ ਗਿਆ ਹੋਣ ਕਰਕੇ ਕੋਈ ਕੁੜੀ ਪਸੰਦ ਨਹੀਂ ਸੀ ਆਈ। ਹੁਣ ਉਹ ਦੁਬਾਰਾ ਜਾਣ ਦੀ ਤਿਆਰੀ ਕਰ ਰਿਹਾ ਸੀ। ਦਿਲਬਾਗ ਉਸ ਨੂੰ ਦੱਸਣ ਲਗਦਾ,
"ਲੈ ਬਈ, ਤੂੰ ਯਕੀਨ ਨਹੀਂ ਕਰਨਾ, ਕਈ ਤਾਂ ਮੇਰੀ ਵਾਈਫ ਵਲ ਦੇਖ ਕੇ ਹੈਰਾਨ ਹੋ ਜਾਂਦੇ ਆ ਬਈ ਇਹ ਗੋਰੀ ਏਨੀ ਸੁਹਣੀ ਪੰਜਾਬੀ ਕਿੱਦਾਂ ਬੋਲਦੀ ਐ! ...ਪਿਆਰ ਵੀ ਏਨਾ ਕਰਦੀ ਐ ਕਿ ਮੇਰੇ ਬਿਨਾਂ ਰੋਟੀ ਨਹੀਂ ਖਾਂਦੀ, ਜਿਥੇ ਕਹਾਂ ਬੈਠ ਜਾਊ, ਖੜਨ ਨੂੰ ਕਹਾਂ ਤਾਂ ਖੜੀ ਹੋ ਜਾਊ, ਦਿਨ ਕਹਾਂ ਦਿਨ ਤੇ ਰਾਤ ਕਹਾਂ ਤਾਂ ਕਹੂ ਰਾਤ।"

ਗੱਲਾਂ ਸੁਣ ਕੇ ਨਛੱਤਰ ਦੇ ਮੂੰਹ ਵਿਚ ਪਾਣੀ ਆਉਣ ਲਗਦਾ। ਇਕ ਦਿਨ ਉਹ ਕਹਿਣ ਲਗਿਆ,
"ਯਾਰ ਬਾਗਿਆ, ਮੈਨੂੰ ਆਪਣਾ ਸਾਂਢੂ ਬਣਾ ਲੈ, ਏਦਾਂ ਦੀਆਂ ਕੁੜੀਆਂ ਇੰਡੀਆ ਕਿੱਥੇ ਮਿਲਦੀਆਂ।"
"ਮੈਂ ਕਿਹਾ, ਏਦਾਂ ਦੀਆਂ ਕੁੜੀਆਂ ਇੰਡੀਆ ਤਾਂ ਕੀ ਧਰਤੀ 'ਤੇ ਨਹੀਂ ਹੋਣੀਆਂ, ਏਹਦੀ ਭੈਣ ਤਾਂ ਨਿਰੀ ਮੂਰਤ ਐ ਪਰ ਤੂੰ ਮਾਸੀ ਨੂੰ ਪੁੱਛ ਲੈ।"

www.PunjabiLibrary.com

ਦਿਲਬਾਗ ਨੂੰ ਪਤਾ ਸੀ ਕਿ ਮਾਸੀ ਨੇ ਨਾਂਹ ਹੀ ਕਰਨੀ ਹੈ। ਜਦ ਦਿਲਬਾਗ ਦਾ ਰਿਸ਼ਤਾ ਹੋ ਰਿਹਾ ਸੀ ਤਾਂ ਉਸ ਨੇ ਹਲਕਾ ਜਿਹਾ ਅੜਿੱਕਾ ਡਾਹਿਆ ਸੀ ਕਿ ਇਸ ਜੱਟ ਦੇ ਸਿਰਫ ਕੁੜੀਆਂ ਹੀ ਹਨ ਤੇ ਇਹਦੀ ਜੱਦੀ ਜ਼ਮੀਨ ਨਹੀਂ ਹੈ ਤੇ ਘਰ ਵੀ ਸੁਹਰੀਂ ਬਣਾਇਆ ਹੋਇਆ ਹੈ। ਹੁਣ ਦਿਲਬਾਗ ਵੀ ਨਛੱਤਰ ਨੂੰ ਰਿਸ਼ਤਾ ਨਹੀਂ ਸੀ ਕਰਾਉਣਾ ਚਾਹੁੰਦਾ ਬਸ ਐਵੇਂ ਝੜਕਾਈ ਹੀ ਮਾਰ ਰਿਹਾ ਸੀ।

ਫੁੰਮਣ ਸਿੰਘ ਭਾਵੇਂ ਦਿਲਬਾਗ ਵਲ ਦੇਖ ਕੇ ਖੁਸ਼ ਹੁੰਦਾ ਪਰ ਉਸ ਨੂੰ ਗੁੱਸਾ ਸੀ ਕਿ ਉਹ ਪਿੱਛੇ ਆਪਣੇ ਪਿਓ ਨੂੰ ਕੁਝ ਨਹੀਂ ਸੀ ਭੇਜ ਰਿਹਾ। ਆਪਣੀਆਂ ਭੈਣਾਂ ਨੂੰ ਵੀ ਭੁਲਾਈ ਬੈਠਾ ਸੀ। ਉਸ ਨੇ ਤਾਂ ਉਹਨਾਂ ਦੀਆਂ ਚਿੱਠੀਆਂ ਦਾ ਜਵਾਬ ਦੇਣਾ ਵੀ ਬੰਦ ਕਰ ਦਿਤਾ ਹੋਇਆ ਸੀ। ਉਸ ਨੂੰ ਲਗਦਾ ਸੀ ਕਿ ਉਸ ਦੇ ਸੁਹਰੇ ਉਸ ਨੂੰ ਰੋਕਦੇ ਸਨ। ਇੰਡੀਆ ਵਿਚ ਬਿਸ਼ੰਭਰ ਸਿੰਘ ਅਲੱਗ ਗੁੱਸੇ ਵਿਚ ਫਿਰਦਾ ਸੀ। ਉਸ ਦੇ ਕਹਿਣ ‘ਤੇ ਇਕ ਦਿਨ ਫੁੰਮਣ ਸਿੰਘ ਤੇ ਉਸ ਦੀ ਪਤਨੀ ਲੇਅਟਨ ਸਟੋਨ ਆ ਗਏ। ਚਾਹ ਪੀਂਦਿਆਂ ਫੁੰਮਣ ਸਿੰਘ ਸੁਰਜਨ ਸਿੰਘ ਨੂੰ ਬੋਲਿਆ,

“ਸਰਦਾਰ ਜੀ, ਤੁਸੀਂ ਆਪ ਸਿਅਣੇ ਹੋ, ਬਾਗੇ ਦਾ ਡੈਡੀ-ਮੰਮੀ ਤਾਂ ਉਥੇ ਬੈਠੇ ਇਹਨੂੰ ਮਿਲਣੇ ਨੂੰ ਵੀ ਝੂਰਦੇ ਆ, …ਪੈਸੇ ਵਲੋਂ ਵੀ ਉਹ ਤੰਗ ਐ, ਇਹਨੂੰ ਕਹੋ ਅਵੱਲ ਤਾਂ ਜਾ ਕੇ ਉਹਨਾਂ ਨੂੰ ਮਿਲ ਕੇ ਆਵੇ ਨਹੀਂ ਤਾਂ ਘੱਟੋ ਘੱਟ ਪੈਸੇ ਈ ਭੇਜੇ।”

ਸੁਰਜਨ ਸਿੰਘ ਨੇ ਕਿਸੇ ਵਲ਼-ਵਲ਼ਾਵੇਂ ਤੋਂ ਬਿਨਾਂ ਕਿਹਾ,

“ਸਰਦਾਰ ਜੀ, ਇਹ ਗੱਲ ਤੁਸੀਂ ਕਹੋ ਕਿਉਂਕਿ ਤੁਹਾਡਾ ਮੁੰਡਾ ਐ, ਤੁਸੀਂ ਏਹਨੂੰ ਜ਼ਿਆਦਾ ਜਾਣਦੇ ਐਂ, ਅਸੀਂ ਤਾਂ ਏਹਦੇ ਥਾਂ ਇੰਡੀਆ ਨੂੰ ਪੈਸੇ ਭੇਜਣੋਂ ਰਹੇ। ਅਸੀਂ ਤਾਂ ਆਪ ਔਖੇ ਆਂ, ਇਹਦੇ ਬਿੱਲ-ਕਿਸ਼ਤਾਂ ਅਸੀਂ ਭਰਦੇ ਆਂ, ਏਨਾ ਕੁ ਤਾਂ ਸਾਨੂੰ ਆਪਣੀ ਧੀ ਦੀ ਖਾਤਰ ਕਰਨਾ ਈ ਪੈਂਦੈ।”

ਸੁਰਜਨ ਸਿੰਘ ਦੀ ਗੱਲ ਸੁਣਦਿਆਂ ਹੀ ਫੁੰਮਣ ਸਿੰਘ ਨੇ ਕੰਨ ਲਪੇਟ ਲਏ। ਉਹ ਕਿਹੜਾ ਦਿਲਬਾਗ ਨੂੰ ਜਾਣਦਾ ਨਹੀਂ ਸੀ। ਵੈਸੇ ਜੋ ਕੁਝ ਵੀ ਸੀ, ਦਿਲਬਾਗ ਸੁਰਜਨ ਸਿੰਘ ਦੇ ਪਰਿਵਾਰ ਵਿਚ ਪੁਰਜੇ ਵਾਂਗ ਫਿੱਟ ਹੋ ਗਿਆ ਸੀ। ਉਹ ਆਪਣੇ ਘਰ ਘੱਟ ਤੇ ਸੁਹਰੇ ਘਰ ਵੱਧ ਰਹਿੰਦਾ। ਨਿੱਤ ਰੁਸਦਾ-ਮੰਨਦਾ। ਘਰ ਉਪਰ ਪੂਰਾ ਮਾਣ ਸਮਝਦਾ। ਸਭ ਨੂੰ ਕਹਾਣੀਆਂ ਬਣਾ ਬਣਾ ਕੇ ਸੁਣਾਉਂਦਾ ਪਰ ਉਹ ਸੁਰਜਨ ਸਿੰਘ ਕੋਲ ਨਹੀਂ ਸੀ ਬੈਠਦਾ ਕਿਉਂਕਿ ਉਹ ਉਸ ਨੂੰ ਟੋਕ ਦਿੰਦਾ ਸੀ।

ਮੁੰਡੇ ਤੋਂ ਬਾਅਦ ਗੁਰਿੰਦਰ ਨੇ ਕੁੜੀ ਨੂੰ ਜਨਮ ਦਿਤਾ। ਇਸ ਵਾਰ ਕੁੜੀ ਜੰਮਣ ਤੇ ਵੀ ਖੁਸ਼ੀ ਮਨਾਈ ਗਈ।

ਸੁਰਜਨ ਸਿੰਘ ਦੇ ਘਰ ਵਿਚ ਬਾਕੀ ਸਭ ਠੀਕ ਸੀ ਪਰ ਪਰਕਾਸ਼ ਕੌਰ ਦੇ ਮਨ ਵਿਚ ਸੁਰਜਨ ਸਿੰਘ ਦੀ ਗੋਰੀ ਔਰਤ ਵਾਲਾ ਕੋਕੜੂ ਹਾਲੇ ਵੀ ਰੜਕ ਰਿਹਾ ਸੀ। ਉਹ ਇਸ ਕਹਾਣੀ ਨੂੰ ਮੁੜ ਕੇ ਕਿਸੇ ਤੋਂ ਵੀ ਨਹੀਂ ਸੀ ਸੁਣ ਸਕੀ ਪਰ ਉਸ ਨੂੰ ਕਹਾਣੀ ਦੇ ਝੂਠ ਹੋਣ ਦਾ ਯਕੀਨ ਵੀ ਨਹੀਂ ਸੀ ਆ ਰਿਹਾ। ਉਹ ਜਦ ਵੀ ਕਿਸੇ ਸੁਹਣੀ ਜਿਹੀ ਗੋਰੀ ਨੂੰ ਦੇਖਦੀ ਤਾਂ ਉਸ ਦਾ ਮੂੰਹ ਕਸੈਲਾ ਹੋ ਜਾਂਦਾ। ਪਹਿਲਾਂ-ਪਹਿਲ ਉਸ ਨੂੰ ਇਹ ਗੱਲ ਬਹੁਤੀ ਤੰਗ ਨਹੀਂ ਸੀ ਕਰਦੀ ਪਰ ਜਦ ਉਹ ਦੇਖਦੀ ਕਿ ਗੋਰੀਆਂ ਤਾਂ ਆਦਮੀਆਂ ਨੂੰ ਸੜਕ ‘ਤੇ ਖੜ ਕੇ ਹੀ ਚੁੰਮਣ ਲਗਦੀਆਂ ਹਨ ਤਾਂ ਉਸ ਦੇ ਮਨ ਵਿਚ ਆਉਂਦਾ ਕਿ ਸ਼ਾਇਦ ਸੁਰਜਨ ਸਿੰਘ ਵੀ ਇਵੇਂ ਕਰਦਾ ਰਿਹਾ ਹੋਵੇਗਾ। ਟੈਲੀ ‘ਤੇ ਗੰਦੇ ਗੰਦੇ ਪਰੋਗਰਾਮ ਦੇਖਦੀ ਸੋਚਦੀ ਕਿ ਇਸ ਸਭ ਨਾਲ ਤਾਂ ਬੜੇ ਬੜੇ ਮਹਾਂਰਿਸ਼ੀ ਡੋਲ ਜਾਣ ਸੁਰਜਨ ਸਿੰਘ ਤਾਂ ਸਾਧਾਰਣ ਬੰਦਾ ਸੀ। ਉਹ ਅੰਦਰੋ ਅੰਦਰ ਰਿੱਝਣ ਲਗਦੀ ਤੇ ਸੱਚ ਜਾਨਣਾ ਚਾਹੁੰਦੀ। ਅਜਿਹਾ ਸੋਚਦਿਆਂ ਕਈ ਵਾਰ ਉਸ ਦਾ ਸਿਰ ਵੀ ਦੁਖਣ ਲਗਦਾ। ਸਿਰ ਨੂੰ ਚੁੰਨੀ ਨਾਲ ਘੁੱਟ ਕੇ ਬੰਨ ਲੈਂਦੀ ਤੇ ਬੁੱਕ ਭਰ ਕੇ ਗੋਲੀਆਂ ਖਾ ਜਾਂਦੀ। ਸਵੇਰੇ ਵੇਲੇ ਸਿਰ ਦਾ ਗਿਆ ਸੁਰਜਨ ਸਿੰਘ ਰਾਤ ਨੂੰ ਮੁੜਦਾ, ਉਹ ਸੋਚਦੀ ਕਿ ਪਤਾ ਨਹੀਂ ਉਹ ਕਿਥੇ ਕਿਥੇ ਜਾਂਦਾ ਹੋਵੇਗਾ। ਕੰਮ ਉਪਰ ਔਰਤਾਂ ਅਜੀਬ ਅਜੀਬ ਗੱਲਾਂ ਕਰਦੀਆਂ। ਗੋਰੀਆਂ ਨਿੱਤ ਮਰਦ ਬਦਲਦੀਆਂ। ਕਿਸੇ ਦਾ ਚੰਗਾ ਮਰਦ ਹੋਵੇ ਤਾਂ ਔਰਤਾਂ ਉਸ ਨੂੰ ਖੋਹਣ ਤਕ ਜਾਂਦੀਆਂ। ਪਰਕਾਸ਼ ਕੌਰ ਡਰਨ ਲਗਦੀ; ਜੇ ਕਿਸੇ ਨੇ ਉਸ ਦਾ ਮਰਦ ਖੋਹ ਲਿਆ ਤਾਂ…!

ਇਕ ਦਿਨ ਉਸ ਦਾ ਅਜੀਬ ਜਿਹਾ ਰੌਂਅ ਦੇਖ ਕੇ ਸੁਰਜਨ ਸਿੰਘ ਬੋਲਿਆ,

“ਬੁੜ੍ਹੀਏ, ਇੰਗਲੈਂਡ ਆ ਗਈ ਐਂ, ਘਰ ਲੈ ਲਿਆ, ਇਕ ਕੁੜੀ ਵੀ ਵਿਆਹ ਲਈ, ਨਾਨੀ ਬਣ ਗਈ, ਹੁਣ ਤਾਂ ਖੁਸ਼ ਹੋ ਜਾ।”

“ਤੁਹਾਨੂੰ ਮੇਰੀ ਖੁਸ਼ੀ ਨਾਲ ਕੀ, ਤੁਸੀਂ ਆਪਣੀ ਖੁਸ਼ੀ ਦਾ ਖਿਆਲ ਰੱਖੋ।”

“ਬੁੜ੍ਹੀਏ, ਮੈਂ ਦੇਖ ਰਿਹਾਂ ਕਦੇ ਕਦੇ ਤੂੰ ਬਰੂ ਖਾਧੀ ਮੈਂਹ ਵਾਂਗੂ ਤੁਰੀ ਫਿਰਦੀ ਹੁੰਨੀ ਆਂ, ਸੱਚ ਦੱਸ ਕੀ ਗੱਲ ਐ।”

“ਤੁਹਾਨੂੰ ਕਿਸੇ ਨਾਲ ਕੀ, ਤੁਹਾਡੇ ਕੋਲ ਤਾਂ ਗੋਰੀ ਹੈਗੀ।”

ਸੁਰਜਨ ਸਿੰਘ ਨੂੰ ਇਹ ਸੁਣ ਕੇ ਹੈਰਾਨੀ ਹੋਈ। ਪਹਿਲੀਆਂ ਵਿਚ ਉਹ ਇਹ ਗੱਲ ਕਰਦੀ ਤਾਂ ਉਸ ਨੂੰ ਇੰਨਾ ਅਜੀਬ ਨਹੀਂ ਸੀ ਲਗਣਾ। ਇੰਨੇ ਸਾਲਾਂ ਬਾਅਦ ਪਤਨੀ ਦੀ ਗੱਲ ਹੋਰਵੇਂ ਲਗੀ। ਸੁਰਜਨ ਸਿੰਘ ਉਸ ਨਾਲ ਲਗ ਕੇ ਬੈਠਦਾ ਬੋਲਿਆ,

“ਬੁੜ੍ਹੀਏ, ਜਦ ਤੂੰ ਜੁਆਲਾ ਸ਼ਾਹ ਦਾ ਰੋਟ ਈ ਸੁੱਖ ਲਿਆ ਸੀ ਤਾਂ ਤੈਨੂੰ ਕਾਹਦਾ ਡਰ!”

www.PunjabiLibrary.com

ਪਰਕਾਸ਼ ਕੋਰ ਕੁਝ ਨਾ ਬੋਲੀ। ਸੁਰਜਨ ਸਿੰਘ ਨੇ ਫਿਰ ਕਿਹਾ,
"ਜਿਹੜੀ ਉਹ ਗੋਰੀ ਸੀ, ਮੇਰੀ ਵਾਕਫ ਸੀ, ਉਹ ਅਸਟਰੇਲੀਆ ਤੋਂ ਆਈ ਸੀ, ...ਤੇਲੀਏ ਤੋਂ, ਹਜ਼ਾਰਾਂ ਮੀਲ ਦੂਰੋਂ, ਬਹੁਤ ਦੇਰ ਪਹਿਲਾਂ ਵਾਪਸ ਮੁੜ ਗਈ ਸੀ, ਵਿਆਹੀ ਹੋਈ ਸੀ, ਉਹਦੇ ਇਕ ਮੁੰਡਾ ਵੀ ਸੀ। ...ਕਮਲ਼ੀਏ, ਮੈਂ ਭਲਾ ਕਿਸੇ ਗੋਰੀ ਤੋਂ ਕੀ ਲੈਣਾਂ, ਆਹ ਦੇਖ ਮੇਰੀਆਂ ਧੀਆਂ ਮੇਰੇ ਕੋਲ਼ ਤੇ ਆਹ ਪਾਗਲ ਜਿਹੀ ਬੁੜ੍ਹੀ ਵੀ।"

ਪਰਕਾਸ਼ ਕੋਰ ਨੂੰ ਸੁਰਜਨ ਸਿੰਘ ਦਾ ਇਵੇਂ ਗੱਲ ਕਰਨਾ ਚੰਗਾ ਲਗਿਆ। ਉਸ ਨੇ ਪਤੀ ਵਲ ਦੇਖਦਿਆਂ ਪੁੱਛਿਆ,
"ਸੱਚ!"
"ਸੱਚ, ਤੇਰੀ ਸੌਂਹ, ...ਤੂੰ ਐਵੇਂ ਨਾ ਤੜਫ, ਜੇ ਤੈਨੂੰ ਕੁਝ ਹੋ ਗਿਆ ਤਾਂ ਆਹ ਜੰਤਾ ਨੂੰ ਮੈਂ ਕਿੱਦਾਂ ਸਾਂਭੂੰ!"

## ਬਾਰਾਂ

ਇਕ ਸਵੇਰ ਡਾਕ ਵਿਚ ਇਕ ਚਿੱਠੀ ਆਈ। ਇੰਡੀਆ ਦੀਆਂ ਮੋਹਰਾਂ ਸਨ। ਓਪਰੀ ਜਿਹੀ ਲਿਖਾਈ ਤੇ ਓਪਰਾ ਜਿਹਾ ਨਾਂ। ਸੁਰਜਨ ਦੇ ਘਰ ਇੰਡੀਆ ਤੋਂ ਚਿੱਠੀਆਂ ਬਹੁਤੀਆਂ ਨਹੀਂ ਸੀ ਆਉਂਦੀਆਂ। ਨਿਰੰਤਰ ਲਿਖਣ ਵਾਲਾ ਸਰਦੂਲ ਹੀ ਸੀ। ਸੁਰਜਨ ਦੀ ਭੈਣ ਵੀ ਜੋ ਵੇਲੇ-ਕੁਵੇਲੇ ਲਿਖਦੀ। ਉਸ ਨੇ ਆਪਣੇ ਮੁੰਡੇ-ਕੁੜੀਆਂ ਦੇ ਵਿਆਹ 'ਤੇ ਸੁਰਜਨ ਤੋਂ ਨਾਨਕੀ ਸ਼ੱਕ ਲੈਣਾ ਹੁੰਦਾ ਸੀ। ਭੈਣ ਹਰ ਵੇਲੇ ਨਿਰਮਲ ਦੀਆਂ ਸ਼ਿਕਾਇਤਾਂ ਕਰਨ ਲਗਦੀ ਕਿ ਦੁਖ-ਸੁੱਖ ਵੇਲੇ ਉਸ ਦੇ ਨਾਲ ਨਹੀਂ ਸੀ ਖੜਦਾ। ਕੁਝ ਕੁ ਚਿੱਠੀਆਂ ਸ਼ਿਵਰਾਜ ਨੇ ਵੀ ਇੰਡੀਆ ਜਾ ਕੇ ਲਿਖੀਆਂ ਸਨ। ਹੁਣ ਉਹ ਵਾਪਸ ਇੰਗਲੈਂਡ ਆਉਣ ਦੀ ਤਿਆਰੀ ਵਿਚ ਸੀ। ਉਸ ਦੇ ਦੋਵੇਂ ਮੁੰਡੇ ਅੱਥਰੇ ਨਿਕਲੇ ਸਨ, ਇਸ ਤੋਂ ਪਹਿਲਾਂ ਮੁੰਡੇ ਕਿਸੇ ਇਲਤ ਵਿਚ ਫਸਣ ਉਹ ਉਹਨਾਂ ਨੂੰ ਇੰਗਲੈਂਡ ਕੱਢ ਲੈਣਾ ਚਾਹੁੰਦਾ ਸੀ। ਕਦੇ ਕਦੇ ਬਿਸ਼ੰਭਰ ਸਿੰਘ ਵੀ ਦਿਲਬਾਗ ਨੂੰ ਸਮਝਾਉਣ ਲਈ ਚਿੱਠੀ ਲਿਖਦਾ। ਹੁਣ ਇਕ ਹਰੇ ਜਿਹੇ ਰੰਗ ਦੀ ਚਿੱਠੀ ਵੀ ਆਉਣ ਲਗੀ ਸੀ ਜਿਸ ਨੂੰ ਦੇਖਦਿਆਂ ਹੀ ਪਰਕਾਸ਼ ਕੋਰ ਦੇ ਅੰਦਰ ਤਾਰ ਜਿਹੀ ਫਿਰਨ ਲਗਦੀ ਸੀ। ਅਜ ਦੀ ਆਈ ਇਹ ਚਿੱਠੀ ਸਭ ਤੋਂ ਵੱਖਰੀ ਸੀ। ਸੁਰਜਨ ਸਿੰਘ ਨੇ ਚਿੱਠੀ ਖੋਹਲੀ। ਲਿਖਿਆ ਸੀ; 'ਲਿਖਤੁਮ ਹਿੰਮਤ ਸਿੰਘ ਸੰਧੂ ਅਗੇ ਸਰਦਾਰ ਸੁਰਜਨ ਸਿੰਘ ਚਾਹਲ ਜੀਓ।' ਚਿੱਠੀ ਲਿਖਣ ਦਾ ਲਹਿਜ਼ਾ ਉੜਦੂ ਵਿਚ ਸੀ ਪਰ ਲਿੱਪੀ ਗੁਰਮੁੱਖੀ। ਉਹ ਸੋਚਣ ਲਗਿਆ ਕਿ ਹਿੰਮਤ ਸਿੰਘ ਸੰਧੂ ਕੌਣ ਹੋਇਆ।

ਚਿੱਠੀ ਪੜ੍ਹਦੇ ਪਰਕਾਸ਼ ਕੋਰ ਕੋਲ ਆ ਖੜੀ। ਚਿੱਠੀ ਖਤਮ ਕਰਕੇ ਉਹ ਖਿਆਲਾਂ ਵਿਚ ਗੁਆਚ ਗਿਆ। ਉਸ ਨੂੰ ਅਜੀਬ-ਅਜੀਬ ਲਗ ਰਿਹਾ ਸੀ। ਪਰਕਾਸ਼ ਕੋਰ ਉਸ ਨੂੰ ਮੋਢੇ ਤੋਂ ਹਿਲਾਉਂਦੀ ਪੁੱਛਣ ਲਗੀ,
"ਕੇਹਦੀ ਐ?"
"ਯਾਦ ਐ ਜੜ੍ਹਾਂ ਵਾਲੀ ਸਕੂਲ ਵਿਚ ਇਕ ਮੱਧਰਾ ਜਿਹਾ ਮਾਸਟਰ ਹੁੰਦਾ ਸੀ; ਹਿੰਮਤ ਸਿੰਘ ਸੰਧੂ।"

ਪਰਕਾਸ਼ ਕੋਰ ਆਪਣੇ ਚੇਤੇ 'ਤੇ ਜ਼ੋਰ ਪਾਉਂਦੀ ਬੋਲੀ,
"ਨਹੀਂ, ਮੈਨੂੰ ਨਹੀਂ ਯਾਦ, ...ਪਰ ਉਹਨੇ ਚਿੱਠੀ ਕਿਉਂ ਲਿਖੀ? ...ਕਮੀਜ਼ਾਂ ਮੰਗੀਆਂ ਹੋਣੀਆਂ!"
"ਨਹੀਂ, ਕਮੀਜ਼ਾਂ ਤੋ ਬਹੁਤ ਕੁਝ ਜ਼ਿਆਦਾ।"
"ਕੀ?"
"ਇਕ ਕੁੜੀ ਦਾ ਰਿਸ਼ਤਾ ਮੰਗਦਾ!"
"ਹੈ ਫੋਟ! ਜਾਣ ਨਾ ਪੱਛਾਣ, ਮੈਂ ਤੇਰਾ ਮਹਿਮਾਨ!"

ਸੁਰਜਨ ਸਿੰਘ ਸੋਚਣ ਲਗਿਆ ਕਿ ਇਹ ਤਾਂ ਬਹੁਤ ਤੇਜ਼ ਬੰਦਾ ਜਾਪਦਾ ਹੈ। ਉਹ ਸ਼ਿਵਰਾਜ ਨੂੰ ਐਗਰੀਕਲਚਰ ਯੂਨੀਵਰਸਟੀ ਵਿਚ ਕਿਸਾਨ ਮੇਲੇ 'ਤੇ ਮਿਲਿਆ ਸੀ। ਉਥੋਂ ਹੀ ਉਸ ਦਾ ਸਿਰਨਾਵਾਂ ਲੈ ਲਿਆ। ਸ਼ਿਵਰਾਜ ਤੋਂ ਹੀ ਪੰਜ ਕੁੜੀਆਂ ਦਾ ਪਤਾ ਚਲ ਗਿਆ ਹੋਵੇਗਾ। ਆਪਣੇ ਮੁੰਡੇ ਨੂੰ ਇੰਗਲੈਂਡ ਭੇਜਣ ਦਾ ਇਸ ਤੋਂ ਵਧੀਆ ਤਰੀਕਾ ਕਿਹੜਾ ਹੋ ਸਕਦਾ ਸੀ। ਉਸ ਨੇ ਇਹ ਵੀ ਪਤਾ ਕਰ ਲਿਆ ਸੀ ਕਿ ਇੰਡੀਆ ਵਿਚ ਸੁਰਜਨ ਸਿੰਘ ਦਾ ਕਰਤਾ-ਧਰਤਾ ਸਰਦੂਲ ਹੈ, ਉਹ ਸਰਦੂਲ ਨੂੰ ਵੀ ਮਿਲ ਆਇਆ ਸੀ। ਚਿੱਠੀ ਵਿਚ ਹਿੰਮਤ ਸਿੰਘ ਨੇ ਆਪਣੇ ਮੁੰਡੇ ਦੀਆਂ ਤਰੀਫਾਂ ਕਰਦੇ ਲਿਖਿਆ ਸੀ ਕਿ ਉਹ ਉਸ ਵਾਂਗ ਮਧਰਾ ਬਿਲਕੁਲ ਨਹੀਂ ਸੀ। ਆਪਣੇ ਮਾਮੇ ਵਰਗਾ ਲੰਮਾ ਸੀ ਤੇ ਵਾਸਕਟਬਾਲ ਦਾ ਖਿਡਾਰੀ ਵੀ ਸੀ।

ਦੋਵੇਂ ਪਤੀ-ਪਤਨੀ ਕਿੰਨੀ ਦੇਰ ਤਕ ਚੁੱਪ-ਚਾਪ ਬੈਠੇ ਰਹੇ। ਆਪੋ ਆਪਣੀਆਂ ਸੋਚਾਂ ਵਿਚ ਗੁਆਚੇ ਰਹੇ। ਚੁੱਪ ਤੋੜਦੀ ਪਰਕਾਸ਼ ਕੋਰ ਬੋਲੀ,

"ਜੀ, ਕੀ ਸੋਚਦੇ ਓ?"

"ਇਹੋ ਕਿ ਇਸ ਲੈਟਰ ਦਾ ਕੀ ਜਵਾਬ ਦੇਵਾਂ।"

"ਜਵਾਬ ਦੇਣਾ ਕੋਈ ਜ਼ਰੂਰੀ ਐ, ...ਜੇ ਬਹੁਤਾ ਈ ਕਰਨਾ ਤਾਂ ਭਾਜੀ ਦੀ ਚਿੱਠੀ ਆ ਲੈਣ ਦਿਓ, ਉਹ ਵੀ ਤਾਂ ਕੁਸ਼ ਨਾ ਕੁਸ਼ ਲਿਖੂਗਾ ਈ।"

ਸੁਰਜਨ ਸਿੰਘ ਵੀ ਸੋਚ ਰਿਹਾ ਸੀ ਕਿ ਜਦ ਹਿੰਮਤ ਸਿੰਘ ਸਰਦੂਲ ਨੂੰ ਮਿਲ ਕੇ ਆਇਆ ਹੋਵੇਗਾ ਤਾਂ ਇਸ ਬਾਰੇ ਸਰਦੂਲ ਵੀ ਆਪਣੀ ਰਾਏ ਦਸੱਗਾ ਹੀ। ਗੁਰਿੰਦਰ ਦੇ ਵਿਆਹ ਤੋਂ ਬਾਅਦ ਹੁਣ ਉਹ ਬਲਜਿੰਦਰ ਵਿਆਹੁਣ ਬਾਰੇ ਸੋਚਣ ਲਗੇ ਸਨ। ਚਾਹੁੰਦੇ ਤਾਂ ਇਹ ਸਨ ਕਿ ਗੁਰਿੰਦਰ ਵਾਂਗ ਹੀ ਇਥੋਂ ਹੀ ਕੋਈ ਮੁੰਡਾ ਮਿਲ ਜਾਵੇ ਪਰ ਹੋਵੇ ਦਿਲਬਾਗ ਤੋਂ ਬਿਹਤਰ। ਕੁਝ ਦੇਰ ਬਾਅਦ ਪਰਕਾਸ਼ ਕੋਰ ਨੇ ਫਿਰ ਕਿਹਾ,

"ਕੁੜੀਆਂ ਤਾਂ ਵਿਆਹੁਣੀਆਂ ਈ ਆ, ਮੁੰਡੇ ਵੀ ਲੱਭਣੇ ਈ ਪੈਣੇਂ ਆਂ, ਕੀ ਪਤਾ ਸਾਡੀਆਂ ਕੁੜੀਆਂ ਦੀ ਕਿਸਮਤ ਏਦਾਂ ਦੀ ਈ ਹੋਵੇ ਕਿ ਬੈਠੇ ਬਠਾਏ ਮੁੰਡੇ ਮਿਲਣੇ ਹੋਣ।"

ਸੁਰਜਨ ਸਿੰਘ ਕੁਝ ਨਾ ਬੋਲਿਆ। ਉਸ ਨੂੰ ਹਿੰਮਤ ਸਿੰਘ ਬਹੁਤ ਹੀ ਸ਼ੋਹਦਾ ਜਿਹਾ ਬੰਦਾ ਲਗ ਰਿਹਾ ਸੀ। ਤੀਜੇ ਕੁ ਦਿਨ ਸਰਦੂਲ ਦੀ ਚਿੱਠੀ ਵੀ ਆ ਗਈ। ਲਿਖਿਆ ਸੀ ਕਿ ਕਿਵੇਂ ਟੌਹਰ ਕੱਢ ਕੇ ਕਾਰ ਵਿਚ ਹਿੰਮਤ ਸਿੰਘ ਉਸ ਨੂੰ ਮਿਲਣ ਆਇਆ ਸੀ। ਸੁਰਜਨ ਸਿੰਘ ਨੇ ਕਹਿ ਦਿਤਾ ਕਿ ਉਹ ਜਾ ਕੇ ਮੁੰਡਾ ਦੇਖ ਆਵੇ ਤੇ ਹਿੰਮਤ ਸਿੰਘ ਬਾਰੇ ਵੀ ਹੋਰ ਨਿਰਖ-ਪਰਖ ਲਵੇ ਪਰ ਮੁੰਡੇ ਬਾਰੇ ਕੋਈ ਆਖਰੀ ਫੈਸਲਾ ਨਾ ਕਰੇ। ਮਹੀਨੇ ਕੁ ਬਾਅਦ ਸਰਦੂਲ ਵਲੋਂ ਇਕ ਵੱਡਾ ਸਾਰਾ ਲਿਫਾਫਾ ਆ ਗਿਆ। ਵੱਡਾ ਲਿਫਾਫਾ ਤਾਂ ਸਰਦੂਲ ਵਲੋਂ ਪਹਿਲਾਂ ਵੀ ਆਉਂਦਾ ਹੀ ਰਹਿੰਦਾ ਸੀ ਕਿਉਂਕਿ ਸੁਰਜਨ ਸਿੰਘ ਆਪਣੇ ਲਈ ਪੱਗਾਂ ਇੰਡੀਆ ਤੋਂ ਹੀ ਮੰਗਾਇਆ ਕਰਦਾ ਸੀ। ਇੰਗਲੈਂਡ ਵਿਚ ਪੱਗਾਂ ਬਹੁਤ ਘੱਟ ਮਿਲਦੀਆਂ ਸਨ। ਐਤਕੀਂ ਇਸ ਲਿਫਾਫੇ ਵਿਚ ਤਸਵੀਰਾਂ ਵੀ ਸਨ। ਹਰ ਤਸਵੀਰ ਪਿੱਛੇ ਵੇਰਵਾ। ਗੁਰਜੰਟ ਆਪਣੀ ਮੰਮੀ ਡੈਡੀ ਨਾਲ। ਗੁਰਜੰਟ ਆਪਣੇ ਭਰਾ ਤੇ ਦੋਸਤਾਂ ਨਾਲ। ਗੁਰਜੰਟ ਕੋਈ ਇਨਾਮ ਲੈਂਦੇ ਹੋਏ, ਜਾਂ ਫਿਰ ਖੇਤਾਂ ਵਿਚ ਟਰੈਕਟਰ ਚਲਾਉਂਦੇ ਹੋਏ। ਨਾਲ ਹੀ ਚਿੱਠੀ ਸੀ ਜਿਸ ਵਿਚ ਹਿੰਮਤ ਸਿੰਘ ਦੀਆਂ ਢੇਰ ਸਾਰੀਆਂ ਤਰੀਫਾਂ ਸਨ। ਉਹ ਪਿੰਡ ਦਾ ਸਰਪੰਚ ਸੀ। ਵੱਡੀ ਢੇਰੀ ਦਾ ਮਾਲਕ। ਦੋ ਮੁੰਡੇ ਸਨ। ਵੱਡਾ ਗੁਰਜੰਟ ਤੇ ਛੋਟਾ ਪਰਤਾਪ। ਚਾਰ ਕੁੜੀਆਂ ਸਨ, ਚਾਰੇ ਵਿਆਹੀਆਂ ਬਰੀਆਂ, ਆਪੋ ਆਪਣੇ ਘਰ। ਸਰਦੂਲ ਨੂੰ ਮੁੰਡਾ ਵੀ ਬਹੁਤ ਪਸੰਦ ਸੀ ਤੇ ਘਰ ਬਾਰ ਵੀ। ਉਸ ਨੇ ਲਿਖਿਆ ਸੀ ਕਿ ਆਪ ਆ ਕੇ ਤਸੱਲੀ ਕਰ ਲਵੋ।

ਪਰਕਾਸ਼ ਕੋਰ ਤਾਂ ਇਸ ਰਿਸ਼ਤੇ ਲਈ ਇਕ ਦਮ ਤਿਆਰ ਹੋ ਗਈ ਤੇ ਇੰਡੀਆ ਜਾਣ ਦੀਆਂ ਸਕੀਮਾਂ ਬਣਾਉਣ ਲਗੀ। ਰਿਸ਼ਤਾ ਤਾਂ ਸੁਰਜਨ ਸਿੰਘ ਨੂੰ ਵੀ ਚੰਗਾ ਲਗ ਰਿਹਾ ਸੀ ਪਰ ਹਿੰਮਤ ਸਿੰਘ ਦਾ ਪਹੁੰਚ ਕਰਨ ਦਾ ਤਰੀਕਾ ਪਸੰਦ ਨਹੀਂ ਸੀ ਆਇਆ। ਜੋ ਵੀ ਸੀ, ਕੁੜੀ ਦੀ ਵਿਆਹੁਣ ਦੀ ਉਮਰ ਵੀ ਹੋ ਰਹੀ ਸੀ। ਉਹ ਤਿਆਰ ਵੀ ਸਨ। ਇਹ ਮੁੰਡਾ ਵਿਚਾਰਨ ਵਿਚ ਕੋਈ ਨੁਕਸਾਨ ਵੀ ਨਹੀਂ ਸੀ ਦਿਸਦਾ। ਪਰਕਾਸ਼ ਕੋਰ ਨੂੰ ਕੰਮ ਤੋਂ ਚਾਰ ਹਫਤੇ ਦੀਆਂ ਛੁੱਟੀਆਂ ਮਿਲ ਗਈਆਂ। ਉਸ ਦੀ ਅੱਡੀ ਭੁੰਜੇ ਨਹੀਂ ਸੀ ਲਗ ਰਹੀ। ਇਕ ਤਾਂ ਪਹਿਲੀ ਵਾਰ ਇੰਡੀਆ ਜਾਣ ਦਾ ਚਾਅ ਸੀ ਤੇ ਦੂਜੇ ਬਲਜਿੰਦਰ ਦੇ ਰਿਸ਼ਤੇ ਦਾ ਵੀ। ਉਹ ਸ਼ੌਪਿੰਗ ਕਰਨ ਲਗੀ। ਉਹ ਵੱਧ ਤੋਂ ਵੱਧ ਤੋਹਫੇ ਲੈ ਜਾਣਾ ਚਾਹੁੰਦੀ ਸੀ। ਉਸ ਦੇ ਆਪਣੇ ਭਰਾ ਸਨ ਤੇ ਸੁਰਜਨ ਸਿੰਘ ਦਾ ਵੀ, ਅਗੇ ਉਹਨਾਂ ਦੇ ਬੱਚੇ ਵੀ। ਹਰ ਇਕ ਨੇ ਝਾਕ ਰੱਖਣੀ ਸੀ। ਸਭ ਤੋਂ ਉਪਰ ਕਿ ਜੇ ਮੁੰਡਾ ਪਸੰਦ ਆ ਜਾਂਦਾ ਤਾਂ ਸ਼ਗਨ ਵੀ ਦੇਣਾ ਪੈਣਾ ਸੀ। ਦਿਲਬਾਗ ਦੇ ਮਾਂਪਿਓ ਨੂੰ ਵੀ ਪਹਿਲੀ ਵਾਰ ਮਿਲਣਾ ਸੀ, ਉਹਨਾਂ ਨਾਲ ਵੀ ਮਿਲਣੀਆਂ ਕਰਨੀਆਂ ਬਾਕੀ ਸਨ। ਹੁਣ ਉਹਨਾਂ ਦਾ ਹੱਥ ਪਹਿਲਾਂ ਨਾਲੋਂ ਸੌਖਾ ਸੀ ਇਸ ਲਈ ਸਾਰੀ ਤਿਆਰੀ ਸਹਿਜੇ ਹੀ ਕਰ ਲਈ। ਸਾਰਾ ਟੱਬਰ ਹੀ ਪਰਕਾਸ਼ ਕੋਰ ਨੂੰ ਏਅਰਪੋਰਟ ਤੋਂ ਇੰਡੀਆ ਲਈ ਚਾੜ੍ਹਨ ਗਿਆ। ਮੁਸ਼ਕਲ ਪੈ ਰਹੀ ਸੀ ਤਾਂ ਉਸ ਦੇ ਭਾਰ ਦੀ ਜੋ ਲੋੜ ਤੋਂ ਬਹੁਤ ਜ਼ਿਆਦਾ ਸੀ ਪਰ ਏਅਰ ਇੰਡੀਆ ਵਾਲਿਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਲੈ ਜਾਣ ਦਿਤਾ।

ਸ਼ਿਵਰਾਜ ਵਾਪਸ ਇੰਗਲੈਂਡ ਆ ਗਿਆ। ਕੁਝ ਦਿਨ ਉਹ ਸੁਰਜਨ ਸਿੰਘ ਕੋਲ ਰਿਹਾ। ਕੰਮ ਦੀ ਤਲਾਸ਼ ਕਰਨ ਲਗਿਆ। ਹੀਥਰੋ ਏਅਰ ਪੋਰਟ 'ਤੇ ਸਕਿਉਰਟੀ ਵਿਚ ਨੌਕਰੀ ਮਿਲ ਗਈ। ਉਸ ਨੇ ਆਪਣੀ ਰਿਹਾਇਸ਼ ਵੀ ਪੱਛਮੀ ਲੰਡਨ ਵਿਚ ਹੀ ਲੈ ਆਂਦੀ। ਜਲਦੀ ਹੀ ਸਾਊਥਾਲ ਘਰ ਲੈ ਲਿਆ ਤੇ ਬੱਚੇ ਵੀ ਜਲਦੀ ਹੀ ਸੱਦ ਲਏ। ਸ਼ਿਵਰਾਜ ਜਦ ਵੀ ਸੁਰਜਨ ਸਿੰਘ ਨੂੰ ਮਿਲਦਾ ਤਾਂ ਹਿੰਮਤ ਸਿੰਘ ਦੀਆਂ ਵਡਿਆਈਆਂ ਮਾਰਦਾ ਨਾ ਥੱਕਦਾ। ਆਖਦਾ,

"ਬਹਤ ਖਰਾਂਟ ਜੱਟ ਐ, ਪਿੰਡ ਵਿਚ ਪੂਰਾ ਰੋਅਬ ਐ। ਡਾਂਗ ਦੇ ਜ਼ੋਰ ਨਾਲ ਈ ਸਰਪੰਚ ਬਣੀਂ ਬੈਠਾ। ਖੇਤੀ ਵੀ ਪੂਰੀ ਨਿੱਠ ਕੇ ਕਰਦਾ, ਇਕ ਦਮ ਮੌਡਰਨ ਖੇਤੀ। ਐਗਰੀਕਲਚਰ ਯੂਨੀਵਰਸਟੀ ਵਿਚ ਉਹਦੀ ਬਹੁਤ ਚਲਦੀ ਐ। ਕੋਈ ਵੀ ਨਵਾਂ ਬੀਅ ਆਵੇ,

ਨਵੀਂ ਖਾਦ ਆਵੇ, ਨਵੀਂ ਨਸਲ ਦੀ ਗਾਂ ਆਵੇ; ਉਹ ਪੂਰੀ ਨੌਲਜ ਰੱਖਦਾ ਤੇ ਸਭ ਤੋਂ ਪਹਿਲਾਂ ਚੀਜ਼ ਪੁੱਜਦੀ ਵੀ ਉਹਦੇ ਕੋਲ਼ ਹੀ ਐ। ...ਮੈਂ ਕਈ ਵਾਰੀ ਗਿਆਂ, ਬਹੁਤ ਹੈਲਪ ਕੀਤੀ ਮੇਰੀ ਓਹਨੇ।"

ਖੇਤੀ ਦੀ ਗੱਲ ਤੋਂ ਸੁਰਜਨ ਨੂੰ ਚੇਤੇ ਆਉਂਦਾ ਕਿ ਸ਼ਿਵਰਾਜ ਨੂੰ ਤਾਂ ਕਦੇ ਵੀ ਖੇਤੀ ਪਸੰਦ ਹੀ ਨਹੀਂ ਸੀ। ਉਹ ਪੁੱਛਦਾ, "ਤੇਰੇ ਮੁੰਡਿਆਂ ਨੇ ਤਾਂ ਖੇਤੀ ਦਾ ਕੰਮ ਚੁੱਕ ਲਿਆ ਹੋਣਾਂ।"

"ਕਿਥੇ! ਮੁੰਡੇ ਸਾਲੇ ਨਿਕੰਮੇ, ਮੇਰੇ ਤੋਂ ਵੀ ਕਿਤੇ ਵੱਧ। ਇਕ ਗੱਲ ਦੱਸਾਂ; ਹੁਣ ਖੇਤੀ ਪਹਿਲਾਂ ਵਾਲੀ ਨਹੀਂ ਰਹੀ, ਟਰੈਕਟਰਾਂ ਟਿਊਵਲਾਂ ਨੇ ਜੱਟ ਵਿਹਲੇ ਕਰ ਦਿਤੇ ਆ। ਬਲਦਾਂ ਦੀ ਤਾਂ ਹੁਣ ਲੋੜ ਹੀ ਨਹੀਂ ਰਹੀ। ਸਾਡੇ ਵੀ ਵੱਡੇ ਕੁਲਬੀਰ ਨੇ ਬੌਲਦ ਸਿਰਫ ਦੌੜਾਂ ਲਈ ਰੱਖੇ ਸੀ। ਇਕ ਉਪਰੋਂ ਦੀ ਯੂ. ਪੀ. ਤੋਂ ਭਈਏ ਆਉਣੇ ਸ਼ੁਰੂ ਹੋ ਗਏ; ਚੀਪ ਲੇਬਰ। ਮੈਨੂੰ ਤਾਂ ਹੁਣ ਖੇਤੀ ਦਾ ਸ਼ੌਂਕ ਉਠਿਆ ਸੀ ਪਰ ਮੁੰਡੇ ਤੰਗ ਕਰਨ ਲਗੇ ਸੀ।"

ਗੱਲ ਕਰਦਾ ਸ਼ਿਵਰਾਜ ਮੁੜ ਹਿੰਮਤ ਸਿੰਘ 'ਤੇ ਆ ਜਾਂਦਾ, ਕਹਿੰਦਾ,

"ਕਦੇ ਲੁਧਿਆਣੇ ਮਿਲ ਜਾਣਾ ਤਾਂ ਹਟਣਾ ਈ ਨਾ, ਪਿੰਡ ਲੈ ਜਾਣਾ ਮੱਲੋਮੱਲੀ, ...ਲੈਚੀਆਂ ਪਾ ਕੇ ਘਰ ਦੀ ਸ਼ਰਾਬ ਅਜਿਹੀ ਹੁੰਦੀ ਕਿ ਮੂੰਹੋਂ ਨਾ ਲਹਿੰਦੀ, ਘਰ ਦੇ ਦੇਸੀ ਮੁਰਗੇ ਸਿਰਫ ਗੈੱਸਟਾਂ ਲਈ ਰੱਖੇ ਆ।"

ਸ਼ਿਵਰਾਜ, ਸੁਰਜਨ ਸਿੰਘ ਤੇ ਹਿੰਮਤ ਸਿੰਘ ਕਿਸੇ ਵੇਲੇ ਇਕੱਠੇ ਇਕ ਸਕੂਲ ਵਿਚ ਪੜ੍ਹਾਂਉਂਦੇ ਰਹੇ ਸਨ ਪਰ ਇਵੇਂ ਰਿਸ਼ਤਾ ਅਗੇ ਵਧੇਗਾ ਇਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਹਿੰਮਤ ਸਿੰਘ ਨਾਲ ਉਸ ਦੇ ਦੋਸਤੀ ਵਰਗੇ ਸਬੰਧ ਵੀ ਨਹੀਂ ਸਨ। ਇਸ ਸਭ ਮੌਕਾ ਮੇਲ ਤੋਂ ਸੁਰਜਨ ਸਿੰਘ ਹੈਰਾਨ ਵੀ ਹੋਣ ਲਗਦਾ। ਹੁਣ ਸ਼ਿਵਰਾਜ ਤੇ ਸੁਰਜਨ ਸਿੰਘ ਦਾ ਮੇਲਜੋਲ ਵੀ ਘਟਣ ਲਗਿਆ ਸੀ। ਦੋਨੋਂ ਆਪੋ-ਆਪਣੇ ਕੰਮਾਂ ਵਿਚ ਰੁਝ ਗਏ ਸਨ। ਸ਼ਿਵਰਾਜ ਰਹਿੰਦਾ ਵੀ ਦੂਰ ਸੀ ਪਰ ਜਦ ਕਦੇ ਮਿਲਦੇ ਤਾਂ ਸਾਰੀਆਂ ਪੁਰਾਣੀਆਂ ਗੱਲਾਂ ਨਵੀਂਆਂ ਕਰ ਲੈਂਦੇ। ਉਸ ਦਾ ਵੱਡਾ ਮੁੰਡਾ ਕੁਲਬੀਰ ਆਉਂਦਾ ਹੀ ਫੈਕਟਰੀ ਵਿਚ ਕੰਮ ਕਰਨ ਜਾ ਲਗਿਆ ਸੀ। ਛੋਟਾ ਬਲਬੀਰ ਵੀ ਨਾਂ ਦਾ ਹੀ ਸਕੂਲ ਗਿਆ ਤੇ ਉਸ ਨੂੰ ਵੀ ਕਿਸੇ ਬਿਲਡਿੰਗ ਸਾਈਟ 'ਤੇ ਕੰਮ ਮਿਲ ਗਿਆ। ਕੋਈ ਰਿਸ਼ਤੇਦਾਰ ਠੇਕੇ ਲੈਂਦਾ ਸੀ, ਉਸ ਨੇ ਬਲਬੀਰ ਨੂੰ ਆਪਣੇ ਨਾਲ ਹੀ ਕੰਮ 'ਤੇ ਲਗਾ ਲਿਆ। ਸ਼ਿਵਰਾਜ ਦੀਆਂ ਦੋਵੇਂ ਕੁੜੀਆਂ ਛੋਟੀਆਂ ਸਨ, ਉਹ ਸਕੂਲ ਪੜ੍ਹਨੇ ਪੈ ਗਈਆਂ।

ਸ਼ਿਵਰਾਜ ਦੀ ਪਤਨੀ ਹਰਨਾਮ ਕੋਰ ਦਾ ਚਚੇਰਾ ਭਰਾ ਸਰਦਾਰ ਸਾਧੂ ਸਿੰਘ ਰੈੱਡ ਬ੍ਰਿਜ ਰਹਿੰਦਾ ਸੀ, ਪੂਰਬੀ ਲੰਡਨ ਵਿਚ ਹੀ। ਸ਼ਿਵਰਾਜ ਕਈ ਸਾਲ ਇਸ ਇਲਾਕੇ ਵਿਚ ਰਿਹਾ ਸੀ ਪਰ ਉਸ ਨੂੰ ਇਸ ਬਾਰੇ ਕੁਝ ਨਹੀਂ ਸੀ ਪਤਾ ਚਲਿਆ। ਜਦ ਉਹ ਇੰਡੀਆ ਗਿਆ ਤਾਂ ਸਾਧੂ ਸਿੰਘ ਵੀ ਗਿਆ ਹੋਇਆ ਸੀ, ਉਥੇ ਹੀ ਦੋਵੇਂ ਮਿਲੇ ਸਨ। ਸ਼ਿਵਰਾਜ ਨੇ ਵਾਪਸ ਇੰਗਲੈਂਡ ਆ ਕੇ ਸਾਧੂ ਸਿੰਘ ਨਾਲ ਤਾਲ-ਮੇਲ ਰੱਖਿਆ ਹੋਇਆ ਸੀ। ਜਦ ਸ਼ਿਵਰਾਜ ਦਾ ਟੱਬਰ ਇੰਡੀਆ ਤੋਂ ਆ ਗਿਆ ਤਾਂ ਸਾਧੂ ਸਿੰਘ ਵਿਸ਼ੇਸ਼ ਤੌਰ ਤੇ ਸਾਊਥਾਲ ਸਭ ਨੂੰ ਮਿਲਣ ਆਇਆ। ਇਕ ਵਾਰ ਆਪਣਾ ਸਾਰਾ ਪਰਿਵਾਰ ਲੈ ਕੇ ਵੀ ਮਿਲਿਆ। ਹੁਣ ਉਸ ਨੂੰ ਮਿਲਣ ਜਾਣ ਦੀ ਸ਼ਿਵਰਾਜ ਦੀ ਵਾਰੀ ਸੀ। ਉਹ ਸਭ ਨੂੰ ਆਪਣੇ ਨਾਲ ਤਾਂ ਨਹੀਂ ਸੀ ਲਿਜਾ ਸਕਦਾ ਕਿਉਂਕਿ ਹਾਲੇ ਕਾਰ ਆਦਿ ਨਹੀਂ ਸੀ ਲੈ ਸਕਿਆ। ਮੁੰਡੇ ਭਾਵੇਂ ਕੰਮ ਕਰਦੇ ਸਨ ਪਰ ਹਾਲੇ ਤਕ ਪੂਰੀ ਤਰ੍ਹਾਂ ਪੈਰ ਨਹੀਂ ਸਨ ਬੱਝੇ। ਸ਼ਿਵਰਾਜ ਨੇ ਸੁਰਜਨ ਨਾਲ ਫੋਨ ਉਪਰ ਤੈਅ ਕਰ ਲਿਆ ਕਿ ਪਹਿਲਾਂ ਉਹ ਟਿਊਬ ਫੜ ਕੇ ਉਸ ਕੋਲ ਪੁੱਜ ਜਾਵੇਗਾ ਤੇ ਫਿਰ ਉਹ ਦੋਵੇਂ ਰੈੱਡ ਬ੍ਰਿੱਜ ਜਾ ਆਉਣਗੇ। ਸ਼ਿਵਰਾਜ ਤੇ ਸੁਰਜਨ ਸਿੰਘ ਨੂੰ ਵੀ ਮਿਲਿਆਂ ਵੀ ਕਾਫੀ ਸਮਾਂ ਹੋ ਗਿਆ ਸੀ। ਸ਼ਿਵਰਾਜ ਨੇ ਸਾਊਥਾਲ ਤੋਂ ਪੈਡਿੰਗਟਨ ਤਕ ਬ੍ਰਿਟਿਸ਼ ਰੇਲ ਫੜੀ, ਅਗਿਓਂ ਟਿਊਬ ਲੈ ਕੇ ਲੇਅਟਨ ਸਟੋਨ ਪੁੱਜ ਗਿਆ। ਉਥੋਂ ਦਿਲਬਾਗ ਉਹਨਾਂ ਨੂੰ ਆਪਣੀ ਕਾਰ ਵਿਚ ਸਾਧੂ ਸਿੰਘ ਦੇ ਘਰ ਲੈ ਗਿਆ।

ਸਾਧੂ ਸਿੰਘ ਗੁਰਸਿਖ ਬੰਦਾ ਸੀ। ਪਹਿਲੀਆਂ ਵਿਚ ਉਸ ਨੇ ਵੀ ਦੇਖਾ-ਦੇਖੀ ਵਾਲ਼ ਕਟਵਾ ਲਏ ਸਨ ਪਰ ਫਿਰ ਉਸ ਨੇ ਭੁੱਲ ਸੁਧਾਰ ਲਈ ਸੀ। ਅੰਮ੍ਰਿਤ ਛੱਕ ਦੁਬਾਰਾ ਸਿੰਘ ਸਜ ਗਿਆ ਸੀ। ਹੁਣ ਵੀਕ ਐਂਡ 'ਤੇ ਚਿੱਟਾ ਬਾਣਾ ਪਾ ਕੇ ਰੱਖਦਾ ਤੇ ਬਹੁਤਾ ਵਕਤ ਗੁਰਦਵਾਰੇ ਹੀ ਬਤੀਤ ਕਰਦਾ। ਈਸਟ ਲੰਡਨ ਵਿਚ ਇਕੋ ਗੁਰਦਵਾਰਾ ਸੀ। ਇਸ ਇਲਾਕੇ ਵਿਚ ਬਹੁਤੇ ਸਿਖ ਨਾ ਰਹਿੰਦੇ ਹੋਣ ਕਰਕੇ ਸੰਗਤ ਥੋੜੀ ਹੀ ਸੀ। ਸੰਗਰਾਂਦ, ਗੁਰਬਪੁਰਬ ਜਾਂ ਕੋਈ ਹੋਰ ਧਾਰਮਿਕ ਦਿਹਾੜਾ ਕਿਸੇ ਦਿਨ ਵੀ ਪਵੇ ਪਰ ਮਨਾਇਆ ਐਤਵਾਰ ਨੂੰ ਹੀ ਜਾਂਦਾ। ਸਾਧੂ ਸਿੰਘ ਲੋਕਾਂ ਨੂੰ ਗੁਰਦਵਾਰੇ ਜਾਣ ਲਈ ਪ੍ਰੇਰਦਾ ਫਿਰਦਾ। ਗੁਰਦਵਾਰੇ ਉਹ ਲੈਕਚਰ ਵੀ ਕਰਦਾ ਤੇ ਸਿਖੀ ਦੀ ਮਹੱਤਤਾ ਬਾਰੇ ਘੰਟਾ ਘੰਟਾ ਬੋਲਦਾ ਰਹਿੰਦਾ। ਗੁਰਬਾਣੀ ਵਿਚੋਂ ਨਵੀਆਂ ਨਵੀਆਂ ਟੂਕਾਂ ਲੱਭ ਕੇ ਲਿਆਉਂਦਾ। ਉਹ ਗੁਰਦਵਾਰੇ ਦੀ ਇਮਾਰਤ ਲਈ ਫੰਡ ਵੀ ਇਕੱਠਾ ਕਰਦਾ ਫਿਰਦਾ। ਇਸ ਲਈ ਲੋਕਾਂ ਦੇ ਘਰੀਂ ਵੀ ਜਾਂਦਾ। ਉਹ ਹੈਰਾਨ ਹੁੰਦਾ ਕਿ ਲੋਕਾਂ ਨੂੰ ਰੱਬ ਨਾਲੋਂ ਆਪਣੇ ਕੰਮ ਜ਼ਿਆਦਾ ਪਿਆਰੇ ਹਨ। ਬੱਚੇ ਪੰਜਾਬੀ ਭੁੱਲ ਰਹੇ ਹਨ, ਧਰਮ ਤੋਂ ਬੇਮੁੱਖ ਹੋ ਰਹੇ ਹਨ। ਸਾਧੂ ਸਿੰਘ ਦੁਖੀ ਹੋ ਜਾਂਦਾ। ਸਭ ਤੋਂ ਜ਼ਿਆਦਾ ਉਹ ਆਪਣੇ ਮੁੰਡੇ ਵਲੋਂ ਸੀ।

ਸਾਧੂ ਸਿੰਘ ਉਹਨਾਂ ਨੂੰ ਬਹੁਤ ਪਿਆਰ ਨਾਲ ਮਿਲਿਆ। ਗੁਰੂਆਂ ਦੀਆਂ ਤਸਵੀਰਾਂ ਨਾਲ ਸਜਾਈ ਬੈਠਕ ਵਿਚ ਉਹਨਾਂ ਨੂੰ ਲੈ ਗਿਆ। ਉਹਨਾਂ ਸਾਹਮਣੇ ਜੂਸ ਰੱਖਦਾ ਉਹ ਕਹਿਣ ਲਗਿਆ,

www.PunjabiLibrary.com

"ਸਰਦਾਰ ਸਾਹਿਬ ਜੀਓ, ਮੈਂ ਵੈਸ਼ਨੂੰ ਪ੍ਰਾਣੀ ਹਾਂ, ਸ਼ਾਮ ਦਾ ਵਕਤ ਐ ਪਰ ਮੁਆਫ ਕਰਨਾ, ਮੈਂ ਤੁਹਾਡੀ ਉਹੋ ਜਿਹੀ ਸੇਵਾ ਨਹੀਂ ਕਰ ਸਕਦਾ ਜਿਹੋ ਜਿਹੀ ਦੀ ਤੁਸੀਂ ਆਸ ਰੱਖਦੇ ਹੋਵੋਂਗੇ। ...ਹਾਂ, ਜੇ ਤੁਸੀਂ ਚਾਹੁੰਦੇ ਹੋ ਤਾਂ ਮੇਰਾ ਬੇਟਾ ਬਲਜੀਤ ਤੁਹਾਨੂੰ ਪੱਬ ਲੈ ਜਾ ਸਕਦਾ ਐ।"

ਗੱਲ ਮੁਕਾ ਕੇ ਉਸ ਨੇ ਕੋਲ ਬੈਠੇ ਨੌਜਵਾਨ ਵਲ ਇਸ਼ਾਰਾ ਕੀਤਾ ਜਿਸ ਦੇ ਵਾਲ ਕੱਟੇ ਹੋਏ ਸਨ। ਸੁਰਜਨ ਸਿੰਘ ਬੋਲਿਆ,

"ਸਰਦਾਰ ਜੀ, ਅਸੀਂ ਤਾਂ ਤੁਹਾਡੇ ਦਰਸ਼ਨ ਕਰਨ ਆਏ ਆਂ, ...ਮਹਾਂਪੁਰਖੋ, ਅਜਿਹੇ ਬੋਲ ਬੋਲ ਕੇ ਸਾਡੇ 'ਤੇ ਕਿਉਂ ਭਾਰ ਚੜ੍ਹਾਉਂਦੇ ਹੋ।"

ਫਿਰ ਸ਼ਿਵਰਾਜ ਨੇ ਸੁਰਜਨ ਤੇ ਦਿਲਬਾਗ ਦਾ ਸਾਧੂ ਸਿੰਘ ਨਾਲ ਤੁਆਰਫ ਕਰਾਇਆ। ਇੰਨੇ ਵਿਚ ਦਿਲਬਾਗ ਦੀ ਅੱਖ ਬਲਜੀਤ ਨਾਲ ਮਿਲੀ ਤੇ ਉਹ ਮਲਕੜੇ ਜਿਹੇ ਬਾਹਰ ਨਿਕਲ ਗਏ। ਸਾਧੂ ਸਿੰਘ ਨੇ ਫਿਰ ਆਖਿਆ,

"ਮੈਂ ਤਾਂ ਜੀ ਸਿਖ ਧਰਮ ਦਾ ਪ੍ਰਚਾਰਕ ਹਾਂ। ਇਹੋ ਮੇਰੇ ਜੀਵਨ ਦਾ ਉਦੇਸ਼ ਐ, ਦੁਨੀਆਂਦਾਰੀ ਵਿਚੋਂ ਜਿੰਨਾ ਵੀ ਵਕਤ ਮਿਲਦਾ ਐ ਮੈਂ ਇਸੇ ਪਾਸੇ ਲਾਉਂਦਾ ਹਾਂ ਪਰ ਸਰਦਾਰ ਜੀ, ਕਈ ਵਾਰ ਇਨਸਾਨ ਅਸਰਮਥ ਹੋ ਜਾਂਦਾ, ਮੇਰਾ ਆਪਣਾ ਬੇਟਾ ਵਾਲ ਕਟਾਈ ਫਿਰਦੈ ਤੇ ਪੰਜਾਬੀ ਬੋਲ ਕੇ ਬਿਲਕੁਲ ਨਹੀਂ ਖੁਸ਼!"

"ਸਰਦਾਰ ਜੀ, ਇਹ ਇਸ ਮੁਲਕ ਵਿਚ ਰਹਿਣ ਦੀ ਸਜ਼ਾ ਐ ਪਰ ਫਿਕਰ ਨਾ ਕਰੋ, ਆਪੇ ਇਕ ਦਿਨ ਠੀਕ ਹੋ ਜਾਏਗਾ ਜਦ ਇਹਨੂੰ ਪਤਾ ਚਲੇਗਾ ਕਿ ਆਪਣਾ ਧਰਮ, ਆਪਣਾ ਸਭਿਆਚਾਰ, ਆਪਣੇ ਲੋਕ ਦੂਜਿਆਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ। ...ਤੁਸੀਂ ਇਸ ਗੱਲ ਨੂੰ ਬਹਤੀ ਦਿਲ ਤੇ ਲਾਓ।"

ਸੁਰਜਨ ਸਿੰਘ ਨੇ ਸਾਧੂ ਸਿੰਘ ਦੇ ਉਚਾਟ ਮਨ ਨੂੰ ਠੀਕ ਕਰਨ ਲਈ ਆਖਿਆ। ਉਸ ਦੇ ਜਵਾਬ ਵਿਚ ਸਾਧੂ ਸਿੰਘ ਨੇ ਕਿਹਾ,

"ਗੱਲ ਤਾਂ ਤੁਹਾਡੀ ਠੀਕ ਐ, ਜੇ ਮੈਂ ਪ੍ਰਚਾਰਕ ਨਾ ਹੁੰਦਾ ਤਾਂ ਸ਼ਾਇਦ ਏਦਾਂ ਨਾ ਸੋਚਦਾ, ਹੁਣ ਤਾਂ ਇਹ ਵੀ ਡਰ ਬਣਿਆਂ ਰਹਿੰਦਾ ਕਿ ਕੋਈ ਉਠ ਕੇ ਇਹ ਹੀ ਨਾ ਕਹਿ ਦੇਵੇ ਕਿ ਪਹਿਲਾਂ ਘਰ ਵਿਚੋਂ ਸਿਖੀ ਸ਼ੁਰੂ ਕਰੋ"

"ਇਹਦੇ ਵਿਚ ਨਿਰਾਸ਼ ਹੋਣੀ ਵਾਲੀ ਕਿਹੜੀ ਗੱਲ ਐ, ਬਾਬੇ ਨਾਨਕ ਦੇ ਬੱਚੇ ਉਹਦੇ ਮਗਰ ਨਹੀਂ ਸਨ ਲਗੇ ਫਿਰ ਆਪਾਂ ਤਾਂ ਕਿਹੜੇ ਪਾਣੀ-ਹਾਰ ਆਂ।"

ਸੁਰਜਨ ਸਿੰਘ ਦੇ ਮਗਰੇ ਹੀ ਸ਼ਿਵਰਾਜ ਬੋਲਿਆ,

"ਭਾਜੀ, ਤੁਸੀਂ ਢੇਰੀ ਢਾਹ ਕੇ ਕਿਉਂ ਬੈਠੇ ਓ, ਤੁਹਾਡੇ ਵਰਗੇ ਸੱਜਣ ਨੂੰ ਤਾਂ ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦੈ।"

"ਸ਼ਿਵਰਾਜ ਸਿੰਘ, ਮੈਂ ਢੇਰੀ ਨਹੀਂ ਢਾਹੀ ਤੇ ਨਾ ਹੀ ਨਿਰਾਸ਼ ਆਂ, ਬਸ ਇਕ ਸੋਚ ਐ ਜੋ ਮਨ ਵਿਚ ਆ ਜਾਂਦੀ ਐ ਹੋਰ ਕੁਝ ਨਹੀਂ। ਹੁਣ ਕਦੇ ਕਦੇ ਮੈਂ ਸੋਚਣ ਲਗਦਾਂ ਕਿ ਜੇਕਰ ਬਲਜੀਤ ਨੂੰ ਕਿਸੇ ਗੁਰਸਿਖ ਘਰ ਦੀ ਕੁੜੀ ਜੁੜ ਜਾਵੇ ਤਾਂ ਸ਼ਾਇਦ ਇਹ ਸਿੱਧੇ ਰਾਹ ਆ ਜਾਵੇ। ...ਜਿਹੜੀ ਗੱਲ ਏਹਨੇ ਮੇਰੀ ਨਹੀਂ ਮੰਨੀ, ਆਪਣੀ ਮੰਮੀ ਦੀ ਨਹੀਂ ਮੰਨੀ ਸ਼ਾਇਦ...।"

ਸਾਧੂ ਸਿੰਘ ਵਰਗੇ ਹੋਰ ਵੀ ਕਈ ਲੋਕ ਸਨ ਜਿਹੜੇ ਅਜਿਹੀਆਂ ਗੱਲਾਂ ਕਾਰਨ ਆਪਣੀ ਔਲਾਦ ਵਲੋਂ ਦੁਖੀ ਸਨ। ਨਵੀਂ ਜਗਾਹ, ਨਵਾਂ ਸਮਾਜ ਨਵੀਂ ਪੀੜ੍ਹੀ ਨੂੰ ਆਪਣੇ ਵਲ ਖਿਚ ਰਹੇ ਸਨ। ਉਹ ਦੋ ਕੁ ਘੰਟੇ ਉਥੇ ਬੈਠੇ। ਬਲਜੀਤ ਤੇ ਦਿਲਬਾਗ ਵੀ ਪੱਬ ਦਾ ਚੱਕਰ ਲਾ ਕੇ ਆ ਗਏ। ਸੁਰਜਨ ਸਿੰਘ ਨੇ ਦੇਖਿਆ ਕਿ ਇਕ ਵਾਲ਼ ਰੱਖਣ ਤੋਂ ਬਿਨਾਂ ਬਲਜੀਤ ਹਰ ਤਰ੍ਹਾਂ ਆਗਿਆਕਾਰ ਸੀ। ਉਸ ਦੀ ਬੋਲਬਾਣੀ ਵੀ ਬਹੁਤ ਵਧੀਆ ਸੀ। ਉਸ ਨੂੰ ਸਾਧੂ ਸਿੰਘ ਦੀ ਸੌੜੀ ਸੋਚ ਉਪਰ ਖਿੱਝ ਆਉਣ ਲਗੀ। ਸਾਧੂ ਸਿੰਘ ਉਹਨਾਂ ਨੂੰ ਹੋਰ ਰੁਕਣ ਤੇ ਰੋਟੀ ਖਾ ਕੇ ਜਾਣ ਵਾਸਤੇ ਜ਼ੋਰ ਪਾ ਰਿਹਾ ਸੀ ਪਰ ਰੋਟੀ ਦਾ ਇੰਤਜ਼ਾਮ ਸੁਰਜਨ ਸਿੰਘ ਨੇ ਆਪਣੇ ਘਰ ਕੀਤਾ ਹੋਇਆ ਸੀ। ਫਿਰ ਅਗੇ ਸ਼ਿਵਰਾਜ ਨੂੰ ਸਾਊਥਾਲ ਛੱਡਣ ਵੀ ਜਾਣਾ ਸੀ। ਅਗਲੀ ਵਾਰ ਪਰਿਵਾਰ ਸਾਹਿਤ ਆਉਣ ਦਾ ਵਾਅਦਾ ਕਰਕੇ ਸ਼ਿਵਰਾਜ ਉਠ ਖੜਿਆ ਤੇ ਨਾਲ ਹੀ ਸੁਰਜਨ ਸਿੰਘ ਵੀ। ਕਾਰ ਵਿਚ ਬੈਠਦਾ ਹੀ ਸ਼ਿਵਰਾਜ ਬੋਲਿਆ,

"ਇੰਡੀਆ ਮਿਲਿਆ ਤਾਂ ਚੰਗਾ ਭਲਾ ਸੀ, ...ਆਹ ਅੱਜ ਚੰਗੇ ਭਲੇ ਮੁੰਡੇ ਮਗਰ ਢਾਂਗੂ ਕੱਢ ਲਿਆ, ਕਿਤੇ ਕੁਲਬੀਰ ਵਰਗੇ ਤੱਤੇ ਮੁੰਡੇ ਨਾਲ ਵਾਹ ਪੈਂਦਾ ਤਾਂ ਦੇਖਦਾ!"

"ਮੁੰਡਾ ਤਾਂ ਚੰਗਾ ਲਗਦੈ।"

"ਡੈਡੀ, ਮੁੰਡਾ ਬਹੁਤ ਗੁੱਡ ਬੋਈ ਐ, ਡਰਿੰਕ ਵੀ ਬਹੁਤੀ ਨਹੀਂ ਪੀਂਦਾ।"

ਦਿਲਬਾਗ ਨੇ ਸੁਰਜਨ ਦੀ ਸੋਚ ਨੂੰ ਵਿਸਥਾਰ ਦਿੰਦਿਆਂ ਕਿਹਾ। ਸੁਰਜਨ ਸਿੰਘ ਨੇ ਕੁਝ ਸੋਚਦਿਆਂ ਆਖਿਆ,

"ਯਾਰ ਸ਼ਿਵਰਾਜ, ਕੁੜੀ ਤਾਂ ਆਪਣੇ ਹੈਗੀ ਐ, ਪੂਰੇ ਟੱਬਰ ਨੇ ਤਾਂ ਨਹੀਂ ਪਰ ਕੁੜੀ ਨੇ ਤੇ ਉਹਦੀ ਮਾਂ ਨੇ ਜ਼ਰੂਰ ਅੰਮ੍ਰਿਤ ਛਕਿਆ ਹੋਇਐ।"

"ਕਿਹੜੀ ਕੁੜੀ ਐ?"

"ਆਪਣੇ ਸਰਦੂਲ ਦੀ। ਸਰਦੂਲ ਦੇ ਸੁਹਰੇ ਵੀ ਸਾਧੂ ਸਿੰਘ ਵਾਲ਼ੀ ਪੌੜੀ ਚੜੇ ਹੋਏ ਆ ਤੇ ਮਗਰੇ ਹੀ ਕੁੜੀ ਦੀ ਮਾਂ ਤੇ ਹੁਣ ਕੁੜੀ ਵੀ, ...ਮੀਟ ਖਾਣਾ ਤਾਂ ਇਕ ਪਾਸੇ ਹੱਥ ਵੀ ਨਹੀਂ ਲਾਉਂਦੀ। ਸਵੇਰੇ ਸ਼ਾਮ ਪਾਠ ਕਰਦੀ ਐ। ...ਸਰਦੂਲ ਲੜ ਲੜ ਕੇ ਹਟ ਗਿਆ। ਕੁੜੀ ਹੈ ਵੀ ਬਹੁਤ ਸ਼ਰੀਫ, ਇਹਨਾਂ ਨੂੰ ਸੂਟ ਕਰ ਜਾਣੀ ਐਂ। ਤੂੰ ਗੱਲ ਕਰਕੇ ਦੇਖੀਂ। ਸਰਦੂਲ ਮਾਲਦਾਰ ਸਾਮੀ ਐਂ, ਵਿਆਹ 'ਤੇ ਖਰਚ ਵੀ ਕਰ ਦੇਣਾਂ ਉਹਨੇ।"

ਪਰਕਾਸ਼ ਕੌਰ ਚਾਰ ਹਫਤੇ ਇੰਡੀਆ ਲਾ ਕੇ ਮੁੜ ਆਈ। ਉਹ ਬਹੁਤ ਹੀ ਉਤਸ਼ਾਹ ਵਿਚ ਮੁੜੀ। ਦਿਲਬਾਗ, ਸੁਰਜਨ ਸਿੰਘ ਤੇ ਸੁਰਿੰਦਰ ਉਸ ਨੂੰ ਲੈਣ ਏਅਰਪੋਰਟ ਗਏ। ਕਸਟਮ ਤੋਂ ਬਾਹਰ ਨਿਕਲਦੀ ਹੀ ਉਹ ਇੰਡੀਆ ਦੀਆਂ ਗੱਲਾਂ ਦੱਸਣ ਲਗੀ। ਉਹ ਰਿਕਾਰਡ ਵਾਂਗ ਸਾਹ ਲਏ ਬਿਨਾਂ ਬੋਲੀ ਜਾ ਰਹੀ ਸੀ। ਸੁਰਜਨ ਸਿੰਘ ਨੇ ਟਿੱਚਰ ਨਾਲ ਕਿਹਾ,

"ਜ਼ਰਾ ਆਪਣੀ ਟੇਪ ਬੰਦ ਕਰ ਲੈ, ਕਿਤੇ ਸਾਹ ਨਾ ਖਿਚਿਆ ਜਾਵੇ!"

ਪਰ ਉਹ ਪਤੀ ਦੀ ਗੱਲ ਨੂੰ ਅਣਗੌਲਦੀ ਬੋਲਦੀ ਗਈ। ਉਹ ਗੁਰਜੰਟ ਦੀਆਂ, ਉਸ ਦੇ ਪਿਓ ਦੀ ਸ਼ਾਨੋ ਸ਼ੌਕਤ ਦੀਆਂ ਵਡਿਆਈਆਂ ਕਰਦੀ ਜਾ ਰਹੀ ਸੀ। ਉਹ ਭੁੱਲ ਹੀ ਗਈ ਕਿ ਦਿਲਬਾਗ ਕੋਲ ਬੈਠਾ ਹੈ, ਦੂਜੇ ਜੁਆਈ ਦੀ ਬਹੁਤੀ ਵਡਿਆਈ ਦਿਲਬਾਗ ਦੀ ਹੇਠੀ ਹੋ ਸਕਦੀ ਹੈ। ਦਿਲਬਾਗ ਅਜਿਹਾ ਹੀ ਸੀ, ਕਿਸੇ ਦੀ ਤਰੀਫ ਸੁਣਨੀ ਉਸ ਲਈ ਮੁਸ਼ਕਲ ਹੋ ਜਾਂਦੀ ਸੀ। ਉਹ ਚੁੱਪ ਕਰਕੇ ਗੱਲਾਂ ਸੁਣਦਾ ਜਾ ਰਿਹਾ ਸੀ। ਜਦ ਉਹ ਸਮਾਨ ਕਾਰ ਵਿਚ ਰੱਖਣ ਲਗਿਆ ਤਾਂ ਅਟੈਚੀ ਦਾ ਭਾਰ ਦੇਖ ਕੇ ਬੋਲਿਆ,

"ਪਤਾ ਨਹੀਂ ਮੰਮੀ ਇੰਡੀਆ ਤੋਂ ਇੱਟਾਂ ਲਿਆਈ ਐ!"

ਸਾਰੇ ਰਾਹ ਪਰਕਾਸ਼ ਕੌਰ ਬਲਜਿੰਦਰ ਦੀ ਚੰਗੀ ਕਿਸਮਤ ਬਾਰੇ ਗੱਲਾਂ ਕਰਦੀ ਆਈ। ਸੁਰਜਨ ਤੇ ਸੁਰਿੰਦਰ ਵੀ ਸੁਣਨ ਵਿਚ ਇੰਨੇ ਮਘਨ ਸਨ ਕਿ ਉਹਨਾਂ ਨੇ ਵੀ ਨਹੀਂ ਸੋਚਿਆ ਕਿ ਦਿਲਬਾਗ ਕੋਲ ਬੈਠਾ ਹੈ। ਦਿਲਬਾਗ ਨੇ ਮੂੰਹ ਜਿਹਾ ਸੁਜਾ ਲਿਆ ਤੇ ਉਹਨਾਂ ਨੂੰ ਘਰ ਉਤਾਰ ਕੇ ਸਿੱਧਾ ਆਪਣੇ ਘਰ ਚਲੇ ਗਿਆ।

ਘਰ ਵਿਚ ਸਾਰੀਆਂ ਕੁੜੀਆਂ ਵਿੰਡੋ ਵਿਚ ਖੜੀਆਂ ਮਾਂ ਨੂੰ ਉਡੀਕ ਰਹੀਆਂ ਸਨ। ਦਰਵਾਜ਼ੇ ਵਿਚ ਹੀ ਪਰਕਾਸ਼ ਕੌਰ ਨੇ ਬਲਜਿੰਦਰ ਨੂੰ ਜੱਫੀ ਵਿਚ ਲਿਆ ਤੇ ਬੋਲੀ,

"ਬੱਲੀਏ, ਤੇਰਾ ਗੁਣਾ ਜਿੰਦੀ ਨਾਲੋਂ ਚੰਗਾ ਪਿਐ।"

ਬਲਜਿੰਦਰ ਸ਼ਰਮਾ ਕੇ ਮਾਂ ਦੇ ਗਲ਼ ਨਾਲ ਚੁੰਬੜ ਗਈ। ਚਾਹ-ਪਾਣੀ ਪੀ ਕੇ ਪਰਕਾਸ਼ ਕੌਰ ਨੇ ਅਟੈਚੀ ਖੋਹਲ ਲਿਆ। ਸਾਰਾ ਟੱਬਰ ਅਟੈਚੀ ਦੁਆਲੇ ਇਕੱਠਾ ਹੋ ਗਿਆ। ਸਭ ਲਈ ਕੁਝ ਨਾ ਕੁਝ ਸੀ। ਸੁਰਜਨ ਸਿੰਘ ਲਈ ਕਿਤਾਬਾਂ ਤੇ ਪੱਗਾਂ ਸਨ। ਖੋਏ ਦੀਆਂ ਪਿੰਨੀਆਂ ਮਹਿਕ ਰਹੀਆਂ ਸਨ। ਬੈਗ ਵਿਚ ਰੱਖੇ ਅਚਾਰ ਦਾ ਤੇਲ ਨਿਕਲ ਕੇ ਕਈ ਕਪੜੇ ਖਰਾਬ ਕਰ ਗਿਆ ਸੀ। ਗੁਰਜੰਟ ਦੇ ਠਾਕੇ ਦੀਆਂ ਢੇਰ ਸਾਰੀਆਂ ਤਸਵੀਰਾਂ ਸਨ। ਇਕ ਇਕ ਤਸਵੀਰ ਸਭ ਦੇ ਹੱਥ ਵਿਚ ਸੀ। ਪਰਕਾਸ਼ ਕੌਰ ਇਹਨਾਂ ਬਾਰੇ ਜਾਣਕਾਰੀ ਦਿੰਦੀ ਜਾ ਰਹੀ ਸੀ। ਇਧਰੋਂ ਵਿਹਲੀ ਹੋ ਕੇ ਉਹ ਰਿਸ਼ਤੇਦਾਰਾਂ ਦੀਆਂ ਗੱਲਾਂ ਸੁਣਾਉਣ ਲਗੀ। ਬੇਸ਼ਰਮ ਜਿਹੀਆਂ ਮੱਖੀਆਂ, ਰੋਟੀ ਨੂੰ ਝਪਟਦੇ ਕਾਵਾਂ, ਗਲ਼ੀ ਵਿਚ ਫਿਰਦੇ ਅਵਾਰਾ ਕੁੱਤਿਆਂ ਦੀਆਂ ਕਿੰਨੀਆਂ ਹੀ ਕਹਾਣੀਆਂ ਸਨ ਉਸ ਕੋਲ। ਇਕ ਗੱਲ ਨੂੰ ਉਹ ਕਈ ਕਈ ਵਾਰ ਦੁਹਰਾਉਂਦੀ।

ਗੁਰਿੰਦਰ ਦਿਲਬਾਗ ਨੂੰ ਘਰ ਗਿਆਂ ਦੇਖ ਸਮਝ ਗਈ ਸੀ ਕਿ ਉਹ ਰੁੱਸ ਗਿਆ ਹੋਵੇਗਾ। ਉਹ ਉਠ ਕੇ ਘਰ ਨੂੰ ਚਲੇ ਗਈ। ਦਿਲਬਾਗ ਸੱਚ ਹੀ ਰੁੱਸਿਆ ਹੋਇਆ ਸੀ ਪਰ ਦੋ ਕੁ ਦਿਨ ਔਖਾ ਰਹਿ ਕੇ ਠੀਕ ਹੋ ਗਿਆ। ਪਰਕਾਸ਼ ਕੌਰ ਨੇ ਉਸ ਦੇ ਪਿਓ ਦੀਆਂ ਝੂਠੀਆਂ ਸੱਚੀਆਂ ਵਡਿਆਈਆਂ ਮਾਰ ਦਿਤੀਆਂ ਜਿਸ ਨਾਲ ਦਿਲਬਾਗ ਦਾ ਗੁੱਸਾ ਘੱਟ ਗਿਆ ਸੀ।

ਗੁਰਿੰਦਰ ਦੇ ਦਿਲਬਾਗ ਨਾਲ ਰਿਸ਼ਤੇ ਵੇਲੇ ਸੁਰਜਨ ਸਿੰਘ ਨੇ ਆਪਣੀ ਧੀ ਤੋਂ 'ਹਾਂ' ਲੈ ਕੇ ਹੀ ਅਗੇ ਗੱਲ ਤੋਰੀ ਸੀ। ਇਸ ਵੇਲੇ ਵੀ ਉਸ ਨੇ ਇਵੇਂ ਹੀ ਕੀਤੀ। ਪਰਕਾਸ਼ ਕੌਰ ਨੂੰ ਇੰਡੀਆ ਭੇਜਣ ਤੋਂ ਪਹਿਲਾਂ ਬਲਜਿੰਦਰ ਨੂੰ ਕੋਲ ਬੈਠਾ ਕੇ ਉਸ ਦੀ ਮਰਜ਼ੀ ਨਾਲ ਹੀ ਪਤਨੀ ਨੂੰ ਇੰਡੀਆ ਭੇਜਿਆ ਸੀ ਤੇ ਹੁਣ ਵੀ ਤਰੀਕੇ ਨਾਲ ਪਤਾ ਕਰਦਾ ਰਹਿੰਦਾ ਕਿ ਕੀ ਉਹ ਖੁਸ਼ ਹੈ। ਬਲਜਿੰਦਰ ਨੇ ਸਕੂਲ ਛੱਡ ਕੇ ਕੁਝ ਦੇਰ ਪਰਕਾਸ਼ ਕੌਰ ਵਾਲੀ ਫੈਕਟਰੀ ਵਿਚ ਹੀ ਕੰਮ ਕੀਤਾ ਤੇ ਫਿਰ ਸਟਰੈਟਫੋਰਡ ਵਿਚ ਨਵੀਂ ਖੁਲ੍ਹੀ ਛੋਟੇ ਖਿਡਾਉਣਿਆਂ ਦੀ ਫੈਕਟਰੀ ਵਿਚ ਜਾ ਲਗੀ। ਇਸ ਸਮੇਂ ਵਿਚ ਉਸ ਨੇ ਆਪਣੇ ਵਿਆਹ ਜੋਗੇ ਪੈਸੇ ਜੋੜੇ ਹੋਏ ਸਨ। ਹੁਣ ਸਾਰਾ ਪਰਿਵਾਰ ਬਲਜਿੰਦਰ ਦੇ ਵਿਆਹ ਲਈ ਤਿਆਰ ਸੀ। ਸਾਰੇ ਹੀ ਖੁਸ਼ੀ ਦੇ ਰੌਂਅ ਵਿਚ ਆਉਣ ਲਗੇ।

ਇਕ ਦਿਨ ਗਭਲੀ ਧੀ ਸੁਰਿੰਦਰ ਪੁੱਛਣ ਲਗੀ,

"ਡੈਡ, ਆਪਾਂ ਕਾਰ ਕਦੋਂ ਲੈਣੀ ਆਂ?"

"ਇਹ ਤਾਂ ਤੇਰੇ 'ਤੇ ਡਿਪੈਂਡ ਕਰਦੈ।"

"ਵੱਡ ਡੂ ਯੂ ਮੀਨ?"

www.PunjabiLibrary.com

"ਤੂੰ ਪੜ੍ਹਨ ਨੂੰ ਠੀਕ ਨਿਕਲੇਂ, ਕੁਝ ਕਰ ਲਵੇਂ ਤਾਂ ਤੇਰਾ ਵਿਆਹ ਹਾਲੇ ਠਹਿਰ ਕੇ ਕਰਾਂਗੇ ਤੇ ਕਾਰ ਲੈ ਲਵਾਂਗੇ, ...ਅਦਰਵਾਈਜ਼ ਯੂ ਆਰ ਨੈਕਸਟ ਆਫਟਰ ਬੱਲੀ।"

ਸੁਰਿੰਦਰ ਸ਼ਰਮਾਉਂਦੀ ਹੋਈ ਬੋਲੀ,

"ਯੂ ਨੋ ਮਾਈ ਇੰਗਲਿਸ਼, ਡੈਡ!"

ਉਹ ਸੱਚ ਕਹਿ ਰਹੀ ਸੀ। ਉਹ ਅਜਿਹੀ ਉਮਰ ਵਿਚ ਇੰਗਲੈਂਡ ਆਈ ਸੀ ਕਿ ਨਾ ਉਹ ਪੂਰੀ ਪੰਜਾਬੀ ਸਿਖ ਸਕੀ ਤੇ ਨਾ ਹੀ ਪੂਰੀ ਇੰਗਲਿਸ਼। ਅੰਗਰੇਜ਼ੀ ਸਿਖਦੀ ਸਿਖਦੀ ਉਹ ਪੰਜਾਬੀ ਵੀ ਭੁੱਲ ਬੈਠੀ ਸੀ। ਸੁਰਜਨ ਸਿੰਘ ਨੇ ਵੀ ਉਸ ਦੀ ਪੰਜਾਬੀ ਵਲ ਧਿਆਨ ਨਹੀਂ ਸੀ ਦਿਤਾ। ਉਹ ਚਾਹੁੰਦਾ ਸੀ ਕਿ ਜਲਦੀ ਤੋਂ ਜਲਦੀ ਕੁੜੀਆਂ ਬੋਲਣ ਜੋਗੀ ਅੰਗਰੇਜ਼ੀ ਸਿਖ ਜਾਣ ਤਾਂ ਜੋ ਉਹਨਾਂ ਨੂੰ ਹੋਰਨਾਂ ਸਾਹਮਣੇ ਹੀਣੇ ਨਾ ਹੋਣਾ ਪਵੇ। ਸੁਰਿੰਦਰ ਤਾਂ ਪੰਜਾਬੀ ਬੋਲਣ ਵਿਚ ਠੀਕ ਸੀ। ਥੋੜੀ ਬਹੁਤ ਪੜ੍ਹ ਵੀ ਲੈਂਦੀ ਸੀ। ਸੁਰਜਨ ਸਿੰਘ ਨੇ ਚੌਥੇ ਨੰਬਰ ਵਾਲੀ ਸੁਖਵੀਰ ਨੂੰ ਵੀ ਥੋੜੀ ਬਹੁਤ ਪੰਜਾਬੀ ਪੜ੍ਹਾ ਦਿਤੀ ਸੀ ਪਰ ਸਭ ਤੋਂ ਛੋਟੀ ਰਣਜੀਤ ਤਾਂ ਇਕ ਦਮ ਅੰਗਰੇਜ਼ੀ ਵਿਚ ਗੜੁੱਚ ਸੀ। ਸਾਰੇ ਘਰ ਦੇ ਉਹਨੂੰ ਟੋਕ ਟੋਕ ਕੇ ਪੰਜਾਬੀ ਬੋਲਣ ਲਈ ਮਜਬੂਰ ਕਰਦੇ। ਸੁਰਜਨ ਸਿੰਘ ਚਾਹੁੰਦਾ ਸੀ ਕਿ ਸੁਖਵੀਰ ਤੇ ਰਣਜੀਤ ਇੰਨੀਆਂ ਕੁ ਪੜ੍ਹ ਜਾਣ ਕਿ ਉਹਨਾਂ ਨੂੰ ਫੈਕਟਰੀਆਂ ਦੇ ਧੱਕੇ ਨਾ ਖਾਣੇ ਪੈਣ, ਕੋਈ ਦਫਤਰ ਜਾਂ ਬੈਂਕ ਆਦਿ ਦੀ ਨੌਕਰੀ ਕਰ ਸਕਣ। ਰਣਜੀਤ ਤੋਂ ਆਸ ਬੱਝਦੀ ਸੀ ਕਿ ਉਹ ਯੂਨੀਵਰਸਟੀ ਤਕ ਜ਼ਰੂਰ ਪੁੱਜ ਜਾਵੇਗੀ। ਸੁਰਜਨ ਸਿੰਘ ਦੇ ਅੰਦਰਲਾ ਅਧਿਆਪਕ ਕਈ ਵਾਰ ਚਾਹੁੰਦਾ ਕਿ ਕੁੜੀਆਂ ਨੂੰ ਆਪ ਬੈਠ ਕੇ ਪੜ੍ਹਾਵੇ ਪਰ ਉਸ ਕੋਲ ਵਕਤ ਹੀ ਕਿਥੇ ਸੀ। ਫਿਰ ਇਹਨਾਂ ਸਕੂਲਾਂ ਦੀ ਪੜ੍ਹਾਈ ਵੀ ਕੁਝ ਅਲੱਗ ਸੀ।

ਵੱਡੀਆਂ ਦੋਵੇਂ ਸੰਗਾਊ ਸਨ ਪਰ ਸੁਰਿੰਦਰ ਉਹਨਾਂ ਤੋਂ ਅਲੱਗ, ਸੁਰਜਨ ਸਿੰਘ ਨਾਲ ਬੈਠ ਕੇ ਕਿੰਨਾ ਕਿੰਨਾ ਚਿਰ ਗੱਲਾਂ ਕਰਦੀ ਰਹਿੰਦੀ। ਕੱਦ ਵਿਚ ਉਹ ਸਾਰੀਆਂ ਭੈਣਾ ਨਾਲੋਂ ਲੰਮੀ ਸੀ। ਘਰ ਦਾ ਸਾਰਾ ਹਿਸਾਬ ਕਿਤਾਬ ਉਸ ਕੋਲ ਹੀ ਹੁੰਦਾ। ਦੂਰ ਦੀ ਸ਼ੌਪਿੰਗ ਦਿਲਬਾਗ ਕਾਰ ਵਿਚ ਕਰਾ ਦਿੰਦਾ ਪਰ ਬਹੁਤੀ ਸ਼ੌਪਿੰਗ ਲੇਅਟਨ ਸਟੋਨ ਹਾਈ ਰੋਡ ਤੋਂ ਹੀ ਕੀਤੀ ਜਾਂਦੀ। ਮੀਟ, ਸਬਜ਼ੀਆਂ ਤੇ ਹੋਰ ਗਰੌਸਰੀ ਪੂਰੇ ਹਫਤੇ ਲਈ ਖਰੀਦ ਲਏ ਜਾਂਦੇ। ਸੁਰਿੰਦਰ ਸ਼ੁਕਰਵਾਰ ਰਾਤ ਨੂੰ ਲੋੜੀਂਦੇ ਸਮਾਨ ਦੀ ਸੂਚੀ ਤਿਆਰ ਕਰਦੀ। ਪਹੀਆਂ ਵਾਲਾ ਵੱਡਾ ਬੈਗ ਖਾਲੀ ਕਰ ਰੱਖਦੀ ਤੇ ਸਵੇਰੇ ਉਹ ਆਪਣੇ ਨਾਲ ਜਾਣ ਲਈ ਕਿਸੇ ਨਾ ਕਿਸੇ ਨੂੰ ਜਗਾਉਂਦੀ, ਜੇ ਕੋਈ ਨਾ ਉਠਦਾ ਤਾਂ ਇਕੱਲੀ ਹੀ ਸ਼ੌਪਿੰਗ ਲਈ ਨਿਕਲ ਜਾਂਦੀ। ਘੰਟੇ-ਡੇੜ ਘੰਟੇ ਦੇ ਅੰਦਰ ਅੰਦਰ ਸ਼ੌਪਿੰਗ ਦੀ ਭਰੀ ਟਰਾਲੀ ਖਿਚਦੀ ਘਰ ਆ ਪੁੱਜਦੀ। ਦੁਪਿਹਰ ਨੂੰ ਉਸ ਦਾ ਡਰਾਈਵਿੰਗ ਲੈੱਸਨ ਹੁੰਦਾ ਸੀ। ਉਸ ਨੂੰ ਕਾਰ ਚਲਾਉਣ ਦਾ ਬਹੁਤ ਸ਼ੌਂਕ ਸੀ।

ਇਕ ਦਿਨ ਅਚਾਨਕ ਸਾਰੇ ਪਰਿਵਾਰ ਵਿਚ ਇਕ ਵਾਰ ਫਿਰ ਖੁਸ਼ੀ ਦੀ ਲਹਿਰ ਦੌੜ ਤੁਰੀ। ਸੁਰਿੰਦਰ ਨੇ ਪਹਿਲੀ ਵਾਰ ਹੀ ਡਰਾਈਵਿੰਗ ਟੈੱਸਟ ਪਾਸ ਕਰ ਲਿਆ ਸੀ। ਉਸੇ ਦਿਨ ਹੀ ਸਾਰੀਆਂ ਕੁੜੀਆਂ ਪਰਕਾਸ਼ ਕੌਰ ਨੂੰ ਕਹਿਣ ਲਗੀਆਂ,

"ਮੰਮੀ, ਘਰ ਵਿਚ ਦੋ ਡਰਾਈਵਰ ਤੇ ਕਾਰ ਇਕ ਵੀ ਨਹੀਂ, ਡੈਡੀ ਨੂੰ ਕਹਿ ਪਲੀਜ਼।"

"ਤੁਸੀਂ ਆਪ ਕਹੋ, ਤੁਹਾਡਾ ਡੈਡੀ ਮੇਰੀ ਸੁਣਦਾ ਕਿਤੇ।"

ਉਸੇ ਸ਼ਾਮ ਸੁਖਵੀਰ ਤੇ ਰਣਜੀਤ ਨੇ ਇਹੋ ਗੱਲ ਪਿਓ ਮੂਹਰੇ ਰੱਖ ਦਿਤੀ। ਸੁਰਿੰਦਰ ਵੀ ਉਹਨਾਂ ਵਿਚ ਆ ਰਲੀ। ਸੁਰਜਨ ਕਹਿਣ ਲਗਿਆ,

"ਤੁਹਾਨੂੰ ਪਤੈ ਕਿ ਖੜੀ ਕਾਰ ਦਾ ਵੀ ਖਰਚਾ ਪੈਂਦੈ। ਆਪਾਂ ਨੂੰ ਕਾਰ ਦੀ ਲੋੜ ਈ ਕੀ ਐ, ਨਾਲ਼ ਈ ਸਟੇਸ਼ਨ, ਨਾਲ ਈ ਦੁਕਾਨਾਂ। ...ਜੇ ਕਿਤੇ ਲੋੜ ਪੈ ਵੀ ਜਾਵੇ ਤਾ ਦਿਲਬਾਗ ਦੀ ਕਾਰ ਹੈਗੀ ਈ ਐ।"

"ਪਰ ਡੈਡ, ਭਾਜੀ ਦੀ ਕਾਰ ਅਸੀਂ ਕਿਉਂ ਯੂਜ਼ ਕਰੀਏ?"

"ਕਿਉਂਕਿ ਅਸੀਂ ਉਹਦੀਆਂ ਐਨੀਆਂ ਗੱਪਾਂ ਸੁਣਦੇ ਆਂ!"

ਕਹਿ ਕੇ ਉਹ ਹੱਸਿਆ। ਕੁੜੀਆਂ ਵੀ ਹੱਸਣ ਲਗੀਆਂ। ਉਹ ਵੀ ਦਿਲਬਾਗ ਦੀਆਂ ਗੱਪਾਂ ਦੀਆਂ ਵਾਕਫ ਸਨ। ਕਹਿਣ ਨੂੰ ਤਾਂ ਭਾਵੇਂ ਸੁਰਜਨ ਸਿੰਘ ਇਹ ਗੱਲ ਕਹਿ ਗਿਆ ਸੀ ਪਰ ਦਿਲੋਂ ਸਮਝਦਾ ਸੀ ਕਿ ਘਰ ਵਿਚ ਕਾਰ ਹੋਣੀ ਜ਼ਰੂਰੀ ਹੈ। ਕਿਤੇ ਵੀ ਆਉਣ ਜਾਣ ਲਈ ਦਿਲਬਾਗ ਵਲ ਝਾਕਣਾਂ ਪੈਂਦਾ ਸੀ। ਫਿਰ ਉਸ ਨੂੰ ਗੁਰਬੰਸ ਕੌਰ ਦੀ ਕਹੀ ਗੱਲ ਵੀ ਯਾਦ ਆਉਂਦੀ ਕਿ ਉਹਨਾਂ ਦਾ ਸਫਰ ਲੰਮੇਰਾ ਹੈ, ਜਲਦੀ ਤੁਰੋਂਗੇ ਤਾਂ ਹੀ ਵਾਟ ਨਿਬੜੇਗੀ। ਉਹ ਸੋਚਦਾ ਸੀ ਕਿ ਸੁਰਿੰਦਰ ਦੇ ਵਿਆਹ ਤੋਂ ਬਾਅਦ ਹੀ ਕਾਰ ਖਰੀਦੇਗਾ। ਛੋਟੀਆਂ ਦੋਂਹ ਦਾ ਵਿਆਹ ਉਹ ਕੁਝ ਲੇਟ ਹੀ ਕਰਨਗੇ।

ਚਾਹਲ ਪਰਿਵਾਰ ਵਿਚ ਦੋਹਰੀਆਂ ਖੁਸ਼ੀਆਂ ਤੈਰ ਰਹੀਆਂ ਸਨ। ਬਲਜਿੰਦਰ ਦੇ ਰਿਸ਼ਤੇ ਦੀ ਹੈ ਹੀ ਸੀ, ਦੂਜੇ ਸਰਦੂਲ ਦੀ ਕੁੜੀ ਮਨਿੰਦਰਾਂ ਦਾ ਰਿਸ਼ਤਾ ਬਲਜੀਤ ਨਾਲ ਤੈਅ ਹੋ ਗਿਆ ਸੀ। ਸੁਰਜਨ ਦੇ ਘਰੋਂ ਆ ਕੇ ਸ਼ਿਵਰਾਜ ਨੇ ਆਪਣੀ ਪਤਨੀ ਨਾਲ

ਗੱਲ ਕੀਤੀ ਤੇ ਅਗਲੇ ਦਿਨ ਹੀ ਸਾਧੂ ਸਿੰਘ ਨੂੰ ਫੋਨ ਕਰ ਲਿਆ ਸੀ। ਕੁੜੀ ਦੀਆਂ ਸਿਫਤਾਂ ਸੁਣ ਕੇ ਸਾਧੂ ਸਿੰਘ ਦੇ ਘਰੋਂ ਸਵਰਨ ਕੋਰ ਇੰਡੀਆ ਲਈ ਚੜ੍ਹ ਗਈ। ਉਹਨਾਂ ਨੂੰ ਕੁੜੀ ਪਸੰਦ ਆ ਗਈ ਤੇ ਉਥੇ ਹੀ ਪਿਆਰ ਦੇ ਦਿਤਾ ਸੀ। ਮਹੀਨੇ ਦੇ ਅੰਦਰ ਅੰਦਰ ਹੀ ਸਾਧੂ ਸਿੰਘ ਤੇ ਬਲਜੀਤ ਇੰਡੀਆ ਚਲੇ ਗਏ। ਸਰਦੂਲ ਨੇ ਪੂਰੀਆਂ ਰਸਮਾਂ ਨਾਲ ਮੰਗਣੀ ਹੀ ਨਹੀਂ ਕੀਤੀ ਸਗੋਂ ਵਿਆਹ ਵਾਲੀਆਂ ਰਸਮਾਂ ਵੀ ਕਰ ਦਿਤੀਆਂ। ਬਸ ਲਾਵਾਂ ਹੀ ਰਹਿ ਗਈਆਂ ਸਨ। ਇਹ ਰਸਮਾਂ ਸਾਧੂ ਸਿੰਘ ਇੰਗਲੈਂਡ ਆਪਣੇ ਜਾਣਕਾਰ ਭਾਈਚਾਰੇ ਵਿਚ ਕਰਨਾ ਚਾਹੁੰਦਾ ਸੀ। ਉਸ ਨੇ ਗੁਰਦਵਾਰੇ ਵਿਚ ਆਪਣੀ ਭੱਲ ਬਣਾਉਣੀ ਸੀ ਕਿ ਉਸ ਦੇ ਘਰ ਅੰਮ੍ਰਿਤਧਾਰੀ ਨੂੰਹ ਆਈ ਹੈ।

ਮਨਿੰਦਰਾਂ ਨੂੰ ਇੰਗਲੈਂਡ ਆਉਣ ਲਈ ਕਿਸੇ ਕਿਸਮ ਦੇ ਵੀਜ਼ੇ ਦੀ ਲੋੜ ਨਹੀਂ ਸੀ ਕਿਉਂਕਿ ਵਿਆਹ ਕਰਾਉਣ ਆਈਆਂ ਕੁੜੀਆਂ ਨੂੰ ਏਅਰ ਪੋਰਟ 'ਤੇ ਹੀ ਇੰਟਰੀ ਮਿਲ ਜਾਂਦੀ ਸੀ ਪਰ ਵਿਆਹ ਲਈ ਆਉਣ ਵਾਲੇ ਮੁੰਡਿਆਂ ਨੂੰ ਬ੍ਰਿਟਿਸ਼ ਹਾਈ ਕਮਿਸ਼ਨ, ਦਿੱਲੀ ਤੋਂ ਵੀਜ਼ਾ ਲੈਣਾ ਪੈਂਦਾ ਜਿਸ ਨੂੰ ਸਹਿਜੇ ਹੀ ਸਾਲ ਲਗ ਜਾਂਦਾ। ਮਨਿੰਦਰਾਂ ਨੇ ਪਾਸ ਪੋਰਟ ਬਣਾਇਆ ਤੇ ਆ ਗਈ। ਸੁਰਜਨ ਸਿੰਘ ਨੇ ਸੋਚ ਰੱਖਿਆ ਸੀ ਕਿ ਮਨਿੰਦਰ ਦਾ ਇਕ ਦਮ ਵਿਆਹ ਨਹੀਂ ਕੀਤਾ ਜਾਵੇਗਾ। ਉਸ ਨੂੰ ਇਥੋਂ ਦੀ ਜ਼ਿੰਦਗੀ ਦੀ ਵਾਕਫੀ ਹੋਣੀ ਜ਼ਰੂਰੀ ਹੈ। ਸਾਧੂ ਸਿੰਘ ਜਲਦੀ ਦਾ ਵਿਆਹ ਚਾਹੁੰਦਾ ਸੀ ਪਰ ਸੁਰਜਨ ਸਿੰਘ ਨੇ ਜ਼ੋਰ ਪਾ ਕੇ ਉਸ ਨੂੰ ਕੁਝ ਮਹੀਨੇ ਰੁਕਣ ਲਈ ਮਨਾ ਲਿਆ। ਮਨਿੰਦਰ ਤੇਜ਼ ਸੀ। ਉਹ ਬਾਕੀ ਕੁੜੀਆਂ ਵਿਚ ਸਹਿਜੇ ਹੀ ਰਲ਼ ਗਈ ਜਿਵੇਂ ਇਸੇ ਡਾਰ ਦੀ ਕੂੰਜ ਹੋਵੇ। ਉਹ ਸੁਰਜਨ ਸਿੰਘ ਦੀਆਂ ਧੀਆਂ ਜਿਹੀ ਹੀ ਪਤਲੀ, ਲੰਮੀ ਤੇ ਸ਼ਰਬਤੀ ਅੱਖਾਂ ਵਾਲੀ ਸੀ। ਫਰਕ ਸੀ ਤਾਂ ਇਹ ਕਿ ਉਹ ਸਵੇਰੇ ਸ਼ਾਮ ਪਾਠ ਕਰਦੀ ਸੀ ਤੇ ਖਾਣਾ ਸਭ ਤੋਂ ਅਲਗੱ ਖਾਂਦੀ। ਉਸ ਉਪਰ ਬਾਕੀ ਦੀਆਂ ਕੁੜੀਆਂ ਹੱਸਦੀਆਂ ਵੀ। ਸਿਰ ਉਪਰ ਅਜੀਬ ਕਿਸਮ ਨਾਲ ਘੁੱਟ ਕੇ ਚੁੰਨੀ ਲੈਣ ਤੋਂ ਵੀ ਰੋਕਦੀਆਂ ਪਰ ਫਿਰ ਵੀ ਉਹ ਸਭ ਵਿਚ ਰਚ ਮਿਚ ਗਈ।

ਬਲਜਿੰਦਰ ਨੇ ਵੀ ਗੁਰਜੰਟ ਨੂੰ ਰਾਹਦਾਰੀ ਭੇਜੀ ਹੋਈ ਸੀ। ਹੁਣ ਉਸ ਦੀ ਬ੍ਰਿਟਿਸ਼ ਹਾਈਕਮਿਸ਼ਨ ਵਿਚ ਇੰਟਰਵਿਊ ਹੋਣੀ ਸੀ ਜਿਸ ਦਾ ਦਸ ਮਹੀਨੇ ਦੀ ਤਰੀਕ ਮਿਲੀ ਸੀ। ਸੁਰਜਨ ਸਿੰਘ ਇਹਨਾਂ ਦਸਾਂ ਮਹੀਨਿਆਂ ਦੇ ਵਕਫੇ ਤੋਂ ਖ਼ੁਸ਼ ਸੀ। ਹੁਣ ਉਸ ਨੂੰ ਦੋ ਵਿਆਹ ਕਰਨ ਵਿਚ ਕੁਝ ਸਮਾਂ ਮਿਲ ਸਕਣਾ ਸੀ। ਇਹਨਾਂ ਦਿਨਾਂ ਵਿਚ ਹੀ ਸੁਰਜਨ ਸਿੰਘ ਨੂੰ ਉਸ ਦੇ ਭਰਾ ਨਿਰਮਲ ਦੀ ਚਿੱਠੀ ਮਿਲੀ। ਭਰਾਵਾਂ ਵਾਲਾ ਹੇਜ ਦਿਖਾਇਆ ਸੀ। ਲਿਖਿਆ ਸੀ ਕਿ ਉਸ ਦੀ ਕਾਲਜ ਪੜ੍ਹਦੀ ਕੁੜੀ ਪਲਵਿੰਦਰ ਲਈ ਕੋਈ ਮੁੰਡਾ ਦੇਖੇ। ਕੁੜੀ ਦੀ ਸੁੰਦਰਤਾ ਤੇ ਸੁਘੜਤਾ ਬਾਰੇ ਵੀ ਕਾਫੀ ਕੁਝ ਲਿਖਿਆ ਸੀ। ਉਸ ਨੇ ਚਿੱਠੀ ਬਾਰੇ ਪਰਕਾਸ਼ ਕੋਰ ਨੂੰ ਦੱਸਿਆ ਤਾਂ ਉਹ ਬੋਲੀ,

"ਲਾਟ ਸਾਬ੍ਹਣੀ ਆਈ ਸੀ ਓਥੇ ਵੀ, ...ਚੱਕ ਗਈ ਨਾਲ ਸਿੱਧੇ ਮੂੰਹ ਬੋਲੀ ਨਹੀਂ, ...ਫੇਰ ਕਹੇ ਕੁੜੀ ਵਲੈਤ 'ਚ ਮੰਗੋ।"

"ਕੋਈ ਗੱਲ ਨਹੀਂ, ਕੋਈ ਮੁੰਡਾ ਮਿਲ ਗਿਆ ਤਾਂ ਦੇਖ ਲਵਾਂਗੇ ਪਰ ਮੁੰਡੇ ਲੱਭਣੇ ਕਿਹੜੇ ਸੌਖੇ ਆ!"

"ਮੈਂ ਤਾਂ ਕਹਿ ਆਈ ਸੀ ਬਈ ਆਪਣੇ ਵਲੋਂ ਵਿਹਲੇ ਹੋ ਕੇ ਸੋਚਾਂਗੇ।"

"ਏਦਾਂ ਕਾਹਨੂੰ ਕਿਹਣਾ ਸੀ!"

"ਜੀ, ਚੁੱਪ ਰਹੋ ਤੁਸੀਂ, ਤੁਹਾਡੀ ਭਲਮਾਣਸੀ ਕਾਰਨ ਈ ਸਾਨੂੰ ਓਹਨਾਂ ਘਰੋਂ ਬੇਘਰੇ ਕਰ ਦਿਤਾ, ਦੋ ਕਮਰੇ ਬਣਾਉਣ ਜੋਗੀ ਜਗਾਹ ਨਹੀਂ ਦਿਤੀ, ...ਇਹ ਤਾਂ ਭਾਜੀ ਨੇ ਸਾਡਾ ਸਿਰ ਢਕਣ ਕਰ ਦਿਤਾ ਨਹੀਂ ਤਾਂ ਕੋਈ ਟਿਕਾਣਾ ਸੀ ਕਿਤੇ!"

"ਬੁੜ੍ਹੀਏ, ਐਵੇਂ ਨਾ ਕਲਪ, ਥਾਂ ਸਿਗੀ ਈ ਕਿਥੇ ਜਿਹੜੀ ਦੇ ਦਿੰਦੇ।"

"ਸਗੀ ਕਿਉਂ ਨਹੀਂ, ਤੁਸੀਂ ਆਪ ਬਗਲ਼ ਕੀਤਾ ਸੀ, ਸਭ ਦੱਬ ਗਏ, ਤੁਹਾਡੀ ਈ ਭਲਮਾਣਸੀ ਦਾ ਸਾਰੇ ਫੈਦਾ ਲੈਂਦੇ ਆ, ...ਭਾਜੀ ਨੇ ਤਾਂ ਕਿਹਾ ਸੀ ਕਿ ਇਕ ਵਾਰੀ ਕਹੋ, ਅਸੀਂ ਕਬਜ਼ਾ ਵਾਪਸ ਲੈ ਲੈਨੇਂ ਆਂ।"

ਪਰਕਾਸ਼ ਕੋਰ ਗੁੱਸੇ ਵਿਚ ਆਈ ਉੱਚੀ ਆਵਾਜ਼ ਵਿਚ ਬੋਲ ਰਹੀ ਸੀ। ਸੁਰਜਨ ਸਿੰਘ ਨੇ ਹੱਥ ਨਾਲ ਉਸ ਨੂੰ ਠੰਡੀ ਹੋਣ ਦਾ ਇਸ਼ਾਰਾ ਕੀਤਾ। ਕੁਝ ਦੇਰ ਬਾਅਦ ਉਹ ਫਿਰ ਬੋਲੀ,

"ਅਸਲੀ ਸੂਲ ਤਾਂ ਹੁਣ ਵੱਜਿਆ ਹੋਣੈ ਜਦ ਮਨਿੰਦਰ ਦੇ ਰਿਸ਼ਤੇ ਬਾਰੇ ਪਤਾ ਚਲਿਆ ਹੋਣੈ। ...ਚਲੋ, ਉਹ ਜਾਣੇਂ, ਦੇਖੀ ਜਾਵੇਗੀ, ਜੇ ਕੋਈ ਮੁੰਡਾ ਮਿਲਿਆ ਤਾਂ ਕਰ ਵੀ ਦੇਵਾਂਗੇ।"

ਉਹ ਸਹਿਜ ਹੁੰਦੀ ਬੋਲੀ। ਸੁਰਜਨ ਸਿੰਘ ਖ਼ੁਸ਼ ਸੀ ਕਿ ਪਤਨੀ ਨੇ ਰੁਖ਼ ਬਦਲ ਲਿਆ ਹੈ। ਉਹ ਕਹਿਣ ਲਗਿਆ,

"ਸ਼ਿਵਰਾਜ ਆਪਣਾ ਮੁੰਡਾ ਕੁਲਵੀਰ ਇੰਡੀਆ ਮੰਗ ਆਇਆ ਨਹੀਂ ਤਾਂ ਪੁੱਛ ਲੈਂਦੇ।"

ਪਰਕਾਸ਼ ਕੋਰ ਇਸ ਗੱਲ 'ਤੇ ਚੁੱਪ ਰਹੀ।। ਸੁਰਜਨ ਸਿੰਘ ਨੇ ਫਿਰ ਕਿਹਾ,

"ਮੁੰਡਾ ਤਾਂ ਓਦਾਂ ਅਰਜਨ ਦਾ ਪਰਮੀਤ ਵੀ ਹੈਗਾ।"

"ਜੀ, ਤੁਸੀਂ 'ਰਾਮ ਨਾਲ ਬੈਠੋ, ਪਹਿਲਾਂ ਆਹ ਦੋ ਕੁੜੀਆ ਨਾਲ ਤਾਂ ਨਿਬੜ ਲਓ।"

ਪਰਕਾਸ਼ ਕੋਰ ਨੇ ਫੈਸਲਾ ਸੁਣਾਉਣ ਵਾਂਗ ਗੱਲ ਕੀਤੀ। ਸੁਰਜਨ ਸਿੰਘ ਵੀ ਜਾਣ ਕੇ ਹੀ ਗੱਲ ਕਰ ਰਿਹਾ ਸੀ। ਤੀਜਾ ਵਿਆਹ ਕਰਨ ਜੋਗੀ ਹਿੰਮਤ ਤਾਂ ਉਸ ਵਿਚ ਹੁਣ ਦੋ ਸਾਲ ਬਾਅਦ ਹੀ ਆਉਣੀ ਸੀ।

ਗਰਮੀਆਂ ਦੀਆਂ ਛੁੱਟੀਆਂ ਵਿਚ ਮਨਿੰਦਰਾਂ ਤੇ ਬਲਜੀਤ ਦਾ ਵਿਆਹ ਰੱਖ ਦਿਤਾ ਗਿਆ। ਸਾਦੀ ਜਿਹੀ ਰਸਮ ਹੋਈ। ਸਾਦੀ ਰਸਮ ਕਰ ਕੇ ਸਾਧੂ ਸਿੰਘ ਹੋਰਨਾਂ ਲਈ ਉਦਾਹਰਣ ਬਣਨਾ ਚਾਹੁੰਦਾ ਸੀ ਭਾਵੇਂ ਲੈਣ ਦੇਣ ਭਾਰਤ ਵਿਚ ਕਰ ਆਇਆ ਸੀ। ਸਾਰੀ ਕਾਰਵਾਈ ਗੁਰਦਵਾਰੇ ਵਿਚ ਹੀ ਹੋਈ; ਮਿਲਣੀ, ਨਾਸ਼ਤਾ, ਲਾਵਾਂ ਤੇ ਦੁਪਿਹਰ ਦਾ ਖਾਣਾ ਵੀ। ਸ਼ਰਾਬ ਦੀ ਮਨਾਹੀ ਸੀ ਫਿਰ ਵੀ ਦਿਲਬਾਗ ਬਲਜੀਤ ਤੇ ਕੁਝ ਹੋਰ ਦੋਸਤਾਂ ਨੂੰ ਪੱਬ ਦਾ ਗੇੜਾ ਲੁਆ ਲਿਆਇਆ ਸੀ। ਉਸ ਦੀ ਕਾਰ ਦੀ ਡਿੱਗੀ ਵਿਚ ਵੀ ਵਿਸਕੀ ਤੇ ਹੋਰ ਸਮਾਨ ਵੀ ਰੱਖਿਆ ਹੋਇਆ ਸੀ। ਸੁਰਜਨ ਸਿੰਘ ਵਲ ਆਏ ਮਹਿਮਾਨ ਘਰੋਂ ਮੂੰਹ ਕੌੜਾ ਕਰ ਗਏ ਸਨ।

## ਤੇਰਾਂ

ਜੂਨ ਦਾ ਮਹੀਨਾ ਸੀ ਪਰ ਸਿਆਲ ਹਾਲੇ ਜਿਵੇਂ ਗਿਆ ਨਾ ਹੋਵੇ। ਕਦੇ ਇਕ ਦਮ ਗਰਮੀ ਹੋ ਜਾਂਦੀ ਕਿ ਤੁਸੀਂ ਕਮੀਜ਼ਾਂ ਪਾ ਕੇ ਘੁੰਮ ਸਕਦੇ ਹੋ, ਫਿਰ ਅਚਾਨਕ ਬਦਲਵਾਈ ਹੋ ਕੇ ਠੰਡ ਉਤਰ ਆਉਂਦੀ ਤੇ ਤੁਹਾਨੂੰ ਚੇਤੇ ਕਰਾ ਜਾਂਦੀ ਕਿ ਲੰਡਨ ਦੇ ਮੌਸਮ ਦਾ ਯਕੀਨ ਨਹੀਂ ਕਰਨਾ ਚਾਹੀਦਾ। ਅਜਿਹੇ ਮੌਸਮ ਵਿਚ ਹੀ ਗੁਰਜੰਟ ਲੰਡਨ ਪੁੱਜਿਆ; ਜੇਠ-ਹਾੜ੍ਹ ਦੀ ਧੁੱਪ ਨਾਲ ਪੱਕਿਆ ਰੰਗ, ਕਈ ਦਿਨਾਂ ਦੀ ਅਣਕਟੀ ਦਾਹੜੀ, ਅਣਕਰੀਜ਼ੀ ਚਾਰਖਾਨੇ ਦੀ ਕਮੀਜ਼, ਉੱਚੀ-ਨੀਵੀਂ ਜਿਹੀ ਟਰਾਊਜ਼ਰ। ਪਰਕਾਸ਼ ਕੌਰ ਤੋਂ ਬਿਨਾਂ ਸਭ ਨੇ ਉਸ ਨੂੰ ਫੋਟੋ 'ਤੇ ਹੀ ਦੇਖਿਆ ਸੀ। ਇਕ ਮਿੰਟ ਲਈ ਤਾਂ ਪਰਕਾਸ਼ ਕੌਰ ਵੀ ਨਾ ਗੁਰਜੰਟ ਨੂੰ ਪੱਛਾਣ ਸਕੀ। ਬਲਜਿੰਦਰ ਦੀਆਂ ਅੱਖਾਂ ਘੁੰਮਣ ਲਗੀਆਂ। ਸੁਰਜਨ ਸਿੰਘ ਉਸੇ ਵਲ ਦੇਖ ਰਿਹਾ ਸੀ। ਉਹ ਉਸ ਦੇ ਨੇੜੇ ਹੋ ਕੇ ਬੋਲਿਆ,

"ਬੱਲੀ ਬੇਟੇ, ਇੰਡੀਆ ਦੇ ਮੁੰਡਿਆਂ ਨੂੰ ਕਪੜੇ ਪਹਿਨਣ ਦਾ ਓਨਾ ਨਹੀਂ ਪਤਾ ਹੁੰਦਾ, ...ਨਾਲ਼ੇ ਉਥੇ ਫੈਸ਼ਨ ਵੀ ਹੋਰ ਐ, ਦੇਖੀਂ ਹਫਤੇ 'ਚ ਮੁੰਡੇ ਦਾ ਰੰਗ ਨਿਕਲ ਆਊਣੈ।"

ਬਲਜਿੰਦਰ ਕੁਝ ਨਾ ਬੋਲੀ ਪਰ ਉਸ ਨੂੰ ਨਾ-ਪਸੰਦ ਸੀ। ਪਰਕਾਸ਼ ਕੌਰ ਨੇ ਵੀ ਉਸ ਨੂੰ ਇਹੋ ਕਿਹਾ ਕਿ ਜ਼ਰਾ ਕੁ ਰੱਦੋ-ਬਦਲ ਨਾਲ ਮੁੰਡੇ ਨੇ ਪੱਛਾਣਿਆਂ ਨਹੀਂ ਜਾਣਾ। ਗੁਰਜੰਟ ਬਹੁਤ ਹੀ ਓਪਰੀਆਂ ਨਜ਼ਰਾਂ ਨਾਲ ਸਭ ਵਲ ਦੇਖਦਾ ਜਾ ਰਿਹਾ ਸੀ। ਜਿਥੇ ਗੁਰਜੰਟ ਨੂੰ ਦੇਖ ਕੇ ਸਾਰੇ ਕੁਝ ਕੁ ਉਦਾਸ ਸਨ ਉਥੇ ਦਿਲਬਾਗ ਖੁਸ਼ ਸੀ। ਉਹ ਮਨ ਹੀ ਮਨ ਕਹਿ ਰਿਹਾ ਸੀ ਕਿ ਸਾਲ਼ੇ ਇਸ ਜਮੂਰੇ ਦਾ ਮੇਰੇ ਨਾਲ ਮੁਕਾਬਲਾ ਕਰਦੇ ਸੀ।

ਜਿਵੇਂ ਪਹਿਲਾਂ ਤੈਅ ਹੋਇਆ ਸੀ ਕਿ ਵਿਆਹ ਹੋਣ ਤਕ ਗੁਰਜੰਟ ਦਿਲਬਾਗ ਵਲ ਰਹੇਗਾ ਤੇ ਵਿਆਹ ਤੋਂ ਬਾਅਦ ਸੁਹਰੇ ਘਰ ਉਸ ਨੂੰ ਉਹੋ ਕਮਰਾ ਦੇ ਦਿਤਾ ਜਾਵੇਗਾ ਜਿਹੜਾ ਕਿਸੇ ਵੇਲੇ ਦਿਲਬਾਗ ਤੇ ਗੁਰਿੰਦਰ ਕੋਲ ਹੁੰਦਾ ਸੀ। ਵਿਆਹ ਜਲਦੀ ਹੀ ਕਰ ਦਿਤਾ ਜਾਣਾ ਸੀ। ਵਿਆਹ ਤੋਂ ਬਾਅਦ ਉਹਨਾਂ ਨੇ ਛੇਤੀ ਹੀ ਆਪਣਾ ਘਰ ਲੈ ਲੈਣਾ ਸੀ ਕਿਉਂਕਿ ਬਲਜਿੰਦਰ ਨੇ ਘਰ ਦੇ ਡਿਪੌਜ਼ਟ ਜੋਗੇ ਪੈਸੇ ਜਮ੍ਹਾਂ ਕਰ ਲਏ ਹੋਏ ਸਨ। ਗੁਰਜੰਟ ਦਾ ਇਸ ਮੁਲਕ ਵਿਚ ਹੋਰ ਕੋਈ ਰਿਸ਼ਤੇਦਾਰ ਵੀ ਨਹੀਂ ਸੀ। ਉਸ ਨੂੰ ਦਿਲਬਾਗ ਦੇ ਘਰ ਦੇ ਇਕ ਕਮਰੇ ਵਿਚ ਠਹਿਰਾ ਦਿਤਾ ਗਿਆ।

ਨਵੇਂ ਬੰਦੇ, ਨਵੀਂ ਜਗਾਹ। ਗੁਰਜੰਟ ਲਈ ਸਭ ਕੁਝ ਨਵਾਂ ਸੀ, ਇਕ ਦਮ ਓਪਰਾ। ਉਹ ਚੁੱਪ ਚੁੱਪ ਤੇ ਘੁਟਿਆ ਘੁਟਿਆ ਫਿਰਦਾ। ਦਿਲਬਾਗ ਦਾ ਜ਼ਿਆਦਾ ਬੋਲਣਾ ਉਸ ਨੂੰ ਹੋਰ ਚੁੱਪ ਕਰਾ ਜਾਂਦਾ। ਦਿਲਬਾਗ ਉਸ ਦੀ ਪੂਰੀ ਟਹਿਲ ਸੇਵਾ ਕਰ ਰਿਹਾ ਸੀ। ਨਾਲ ਦੀ ਨਾਲ ਕਈ ਥਾਵਾਂ 'ਤੇ ਘੁਮਾਉਂਦਾ ਵੀ ਫਿਰਦਾ। ਇਕ ਗੱਲ ਉਸ ਨੇ ਵਧੀਆ ਕੀਤੀ ਕਿ ਗੁਰਜੰਟ ਦੀ ਸ਼ੇਵ ਕਰਾ ਦਿਤੀ ਤੇ ਕਪੜੇ ਵੀ ਢੰਗ ਦੇ ਪੁਆ ਦਿਤੇ ਜਿਹਦੇ ਨਾਲ ਉਹ ਸਜਣ ਲਗਿਆ ਸੀ। ਹੁਣ ਉਹ ਬਲਜਿੰਦਰ ਨੂੰ ਵੀ ਕੁਝ ਕੁ ਪਸੰਦ ਆਉਣ ਲਗਿਆ।

ਦਿਲਬਾਗ ਚ੍ਹਾਮਲ ਚ੍ਹਾਮਲ ਕੇ ਉਸ ਨਾਲ ਗੱਲਾਂ ਕਰਦਾ। ਕਦੇ ਉਸ ਨੂੰ ਗਰੇਵਜ਼ੈਂਡ ਲੈ ਜਾਂਦਾ ਤੇ ਕਦੇ ਅਰਜਨ ਸਿੰਘ ਦੇ ਘਰ। ਪੱਬਾਂ-ਕਲੱਬਾਂ ਵਿਚ ਵੀ ਲਈ ਫਿਰਦਾ। ਸ਼ਾਮ ਨੂੰ ਉਹ ਵਿਸਕੀ ਸ਼ੁਰੂ ਕਰ ਲੈਂਦਾ। ਭਾਵੇਂ ਆਪ ਉਹ ਰੋਜ਼ਾਨਾ ਪੀਣ ਦਾ ਸ਼ੌਕੀਨ ਨਹੀਂ ਸੀ ਪਰ ਗੁਰਜੰਟ ਕਰ ਕੇ ਬੋਤਲ ਖੋਹਲ ਲੈਂਦਾ, ਕਹਿੰਦਾ,

"ਆ ਬਈ ਸਾਢੂਆ, ਚੀਅਰਜ਼ ਕਰੀਏ।"

"ਨਾ ਬਾਈ ਜੀ, ਮੈਂ ਨਹੀਂ ਪੀਂਦਾ।"

"ਤੂੰ ਭਲਾ ਜੱਟ ਨਹੀਂ!"

"ਜੱਟ ਤਾਂ ਮੈਂ ਸੰਧੂ ਜੱਟ ਆਂ।"

www.PunjabiLibrary.com

"ਫੇਰ ਸੰਧੂਆਂ ਨੂੰ ਕਿਉਂ ਲਾਜ ਲੌਨੈਂ!"

ਗੁਰਜੰਟ ਆਪਣਾ ਹਾੜਾ ਚੁੱਕ ਲੈਂਦਾ ਪਰ ਦੋ ਕੁ ਹਾੜੇ ਪੀ ਕੇ ਬੰਦ ਕਰ ਦਿੰਦਾ। ਉਹ ਬਹੁਤੀ ਪੀਣ ਦਾ ਆਦੀ ਨਹੀਂ ਸੀ।

ਦਿਲਬਾਗ ਦੀ ਬਲਜੀਤ ਨਾਲ ਬਹੁਤ ਬਣਦੀ ਸੀ। ਉਹ ਅਕਸਰ ਇਕੱਠੇ ਪੱਬ ਜਾਇਆ ਕਰਦੇ ਸਨ। ਹੁਣ ਗੁਰਜੰਟ ਵੀ ਉਹਨਾਂ ਦੇ ਨਾਲ ਹੁੰਦਾ। ਉਹ ਸਨੂਕਰ ਖੇਡਦੇ, ਕਦੇ ਪੂਲ ਤੇ ਕਦੇ ਡ੍ਰਾਟਸ। ਕੱਸ-ਕੱਸ ਕੇ ਅੰਗਰੇਜ਼ੀ ਬੋਲਦੇ। ਗੁਰਜੰਟ ਉਹਨਾਂ ਦੇ ਮੂੰਹਾਂ ਵਲ ਦੇਖਦਾ ਰਹਿੰਦਾ। ਉਸ ਦੇ ਕੁਝ ਪੱਲੇ ਨਹੀਂ ਸੀ ਪੈਂਦਾ। ਦਿਲਬਾਗ ਨੂੰ ਪਤਾ ਸੀ ਕਿ ਗੁਰਜੰਟ ਦੇ ਪਿਓ ਦੀ ਵਾਹਵਾ ਜ਼ਮੀਨ ਹੈ। ਉਹ ਆਪਣੇ ਮਿਜਾਜ਼ ਵਿਚ ਆਉਂਦਾ ਤਾਂ ਪੁੱਛਦਾ,

"ਸਾਢੂਆ, ਕਾਰ ਕਿਹੜੀ ਰੱਖੀ ਸੀ ਤੂੰ?"

"ਬਾਈ ਜੀ, ਕਾਰ ਨਹੀਂ, ਜਾਵਾ ਸੀ ਮੇਰੇ ਕੋਲ਼, ਪਹਿਲਾਂ ਬੁੱਲਟ ਹੁੰਦਾ ਸੀ।"

"ਅੱਛਾ, ਮੇਰਾ ਡੈਡੀ ਤਾਂ ਸਦਾ ਈ ਕਾਰ ਰੱਖਦਾ। ਹਰੇਕ ਸਾਲ ਬਦਲ ਲੈਂਦੈ। ਪਹਿਲਾਂ ਅੰਬੈਸਡਰ ਹੁੰਦੀ ਸੀ, ਹੁਣ ਆਹ ਮਾਰੂਤੀ ਜਿਹੜੀ ਨਵੀਂ ਨਿਕਲੀ ਐ।"

ਇਕ ਦਿਨ ਉਹ ਗੁਰਜੰਟ ਨੂੰ ਸਟਰਿਪਟੀਜ਼ ਦਿਖਾਉਣ ਲੈ ਗਿਆ। ਗੁਰਜੰਟ ਸੰਗਦਾ ਹੋਇਆ ਮੂੰਹ ਦੂਜੇ ਪਾਸੀ ਕਰੀ ਜਾ ਰਿਹਾ ਸੀ। ਇਹ ਉਸ ਲਈ ਅਜੀਬ ਤਜਰੁਬਾ ਸੀ। ਦਿਲਬਾਗ ਕਹਿਣ ਲਗਿਆ,

"ਸਾਢੂਆਂ, ਗੂੰਗੀ ਆਂਗੂੰ ਸੰਗਦਾ ਕਿਉਂ ਐਂ, ...ਕਹੇਂ ਤਾਂ ਸਾਰੀ ਸੰਗ ਲਹਾ ਦਿੰਨੇ ਆਂ, ਰਮਾ ਹੋ ਜਾਏਂਗਾ, ਵਿਆਹ ਲਈ ਤਿਆਰ ਹੋ ਜਾਏਂਗਾ।"

"ਬਾਈ ਜੀ, ਮੈਨੂੰ ਇਹ ਗੱਲਾਂ ਚੰਗੀਆਂ ਨਹੀਂ ਲਗਦੀਆਂ।"

ਪਰ ਦਿਲਬਾਗ 'ਤੇ ਕੋਈ ਅਸਰ ਨਾ ਹੁੰਦਾ। ਉਹ ਅਜਿਹੀਆਂ ਪੁੱਠੀਆਂ ਸਿੱਧੀਆਂ ਮਾਰਦਾ ਰਹਿੰਦਾ। ਇਕ ਦਿਨ ਉਸ ਉਸ ਨੂੰ ਸਰੂਪ ਦੇ ਘਰ ਲੈ ਗਿਆ। ਸੁਭਾਅ ਮੁਤਾਬਕ ਸਰੂਪ ਨੂੰ ਕਹਿਣ ਲਗਿਆ,

"ਦੇਖ ਓਏ ਨਗਮਿਆਂ, ਜੇ ਸਾਡੀ ਭੈਣ ਨੂੰ ਤੰਗ ਕੀਤਾ ਤਾਂ ਧੌਲ਼ਾਂ ਮਾਰੂੰ ਤੇਰੇ ਮੈਂ!"

ਸਰੂਪ ਮੁਹਰਿਓਂ ਹੱਸਣ ਲਗਿਆ। ਜਦ ਨਸ਼ੇ ਵਿਚ ਆਇਆ ਤਾਂ ਸਰੂਪ ਵੀ ਦਿਲਬਾਗ ਦੇ ਮੁਕਾਬਲੇ ਵਿਚ ਗੱਪ ਛੱਡਣ ਲਗਿਆ। ਸਰੂਪ ਦਾ ਬਾਬਾ ਮਾਲਵੇ ਵਿਚ ਵਿਆਹਿਆ ਹੋਇਆ ਸੀ। ਉਹ ਗੁਰਜੰਟ ਨੂੰ ਬੋਲਿਆ,

"ਆਪਣੀ ਤਾਂ ਰਿਸ਼ਤੇਦਾਰੀ ਐ ਬਈ, ਮੇਰੇ ਫਾਦਰ ਦੇ ਨਾਨਕੇ ਤੁਹਾਡੇ ਪਿੰਡੀਂ ਐਂ। ਬਾਬਾ ਸਾਡਾ ਉਮਰੋਂ ਚੜ੍ਹ ਗਿਆ ਸੀ, ਫੇਰ ਮੁੱਲ ਵਿਆਹਿਆ ਸੀ, ...ਓਹਨੀਂ ਦਿਨੀਂ ਮਾਲਵੇ ਵਾਲ਼ੇ ਮੁੱਲ ਨੂੰ ਰਿਸ਼ਤਾ ਕਰ ਦਿੰਦੇ ਸੀ।"

ਗੁਰਜੰਟ ਗੁੱਸੇ ਤੇ ਸ਼ਰਮ ਵਿਚ ਲਾਲ ਹੋਣ ਲਗਿਆ ਪਰ ਉਹ ਚੁੱਪ ਰਿਹਾ। ਮਨ ਹੀ ਮਨ ਸੋਚ ਰਿਹਾ ਸੀ ਕਿ ਇਕ ਦਿਨ ਇਸ ਸਭ ਦਾ ਉਹ ਜ਼ਰੂਰ ਜਵਾਬ ਦੇਵੇਗਾ।

ਸੁਰਜਨ ਸਿੰਘ ਵਲ ਆ ਕੇ ਗੁਰਜੰਟ ਖੁਸ਼ ਹੁੰਦਾ। ਇਥੇ ਉਸ ਨੂੰ ਕੋਈ ਚੁਭਵੀਂ ਗੱਲ ਨਹੀਂ ਸੀ ਕਹਿੰਦਾ। ਸੁਰਜਨ ਸਿੰਘ ਨੂੰ ਸ਼ੌਂਕ ਸੀ ਕਿ ਉਹ ਗੁਰਜੰਟ ਨੂੰ ਲੰਡਨ ਦਿਖਾਵੇ ਕਿਉਂ ਗੁਰਜੰਟ ਕਾਲਜੋਂ ਪੜ੍ਹਦਾ ਆਇਆ ਸੀ ਤੇ ਉਸ ਨੂੰ ਜ਼ਰੂਰ ਲੰਡਨ ਵਿਚ ਦਿਲਚਸਪੀ ਹੋਵੇਗੀ। ਦਿਲਬਾਗ ਨਾਲ ਤਾਂ ਸੁਰਜਨ ਸਿੰਘ ਦਾ ਕਰੂਰਾ ਹੀ ਨਹੀਂ ਸੀ ਰਲ਼ਦਾ। ਜਦ ਉਸ ਨੇ ਗੁਰਜੰਟ ਨਾਲ ਇਤਹਾਸ ਬਾਰੇ ਜਾਂ ਲੰਡਨ ਬਾਰੇ ਗੱਲਾਂ ਕੀਤੀਆ ਤਾਂ ਉਹ ਤਾਂ ਜਿਵੇਂ ਬਿਲਕੁਲ ਖਾਲੀ ਹੋਵੇ। ਸੁਰਜਨ ਸਿੰਘ ਵਲ ਉਹ ਇਵੇਂ ਦੇਖ ਰਿਹਾ ਸੀ ਜਿਵੇਂ ਉਹ ਕਿਸੇ ਓਪਰੀ ਦੁਨੀਆਂ ਦੀ ਗੱਲ ਕਰ ਰਿਹਾ ਹੋਵੇ। ਸੁਰਜਨ ਸਿੰਘ ਦਾ ਮਨ ਬਹੁਤ ਖਰਾਬ ਹੋਇਆ। ਉਹ ਸੋਚ ਰਿਹਾ ਸੀ ਕਿ ਜਦ ਬੰਦੇ ਨੇ ਨਾਲ ਦੇ ਪਿੰਡ ਵੀ ਜਾਣਾ ਹੋਵੇ ਤਾਂ ਉਸ ਪਿੰਡ ਬਾਰੇ ਸੋਚਣ ਲਗਦਾ ਹੈ, ਉਸ ਪਿੰਡ ਬਾਰੇ ਜਾਣਕਾਰੀ ਹਾਸਲ ਕਰਨ ਲਗਦਾ ਹੈ, ਇਹ ਤਾਂ ਲੰਡਨ ਆਇਆ ਸੀ ਤੇ ਲੰਡਨ ਬਾਰੇ ਉਸ ਨੂੰ ਕੁਝ ਮਹਿਸੂਸ ਹੀ ਨਹੀਂ ਸੀ ਹੋ ਰਿਹਾ। ਲੰਡਨ ਬਾਰੇ ਉਹ ਕੁਝ ਜਾਨਣਾ ਹੀ ਨਹੀਂ ਸੀ ਚਾਹੁੰਦਾ। ਉਸ ਨੇ ਗੁਰਜੰਟ ਨੂੰ ਲੰਡਨ ਦਾ ਨਕਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਤੇ ਫਿਰ ਲੰਡਨ ਦੀ ਟਿਊਬ ਦਾ ਅੰਡਰ ਗਰਾਊਂਡ ਸਿਸਟਮ ਸਮਝਾਉਣ ਲਗਿਆ। ਗੁਰਜੰਟ ਨੇ ਉਸ ਨੂੰ ਇਕ ਦਮ ਅਣਗੌਲ਼ ਦਿਤਾ। ਆਪਣੇ ਪਿਓ ਦਾ ਅਜੀਬ ਜਿਹਾ ਮੂੰਹ ਦੇਖਕੇ ਸੁਰਿੰਦਰ ਸਭ ਸਮਝ ਗਈ ਤੇ ਕਹਿਣ ਲਗੀ,

"ਡੈਡ, ਭਲਾ ਤੁਹਾਨੂੰ ਕੀ ਪਰੌਬਲਮ ਐ ਕਿਸੇ ਨੂੰ ਲੰਡਨ ਬਾਰੇ ਦੱਸਣ ਦੀ!"

"ਓ ਸਾਰੀ ਦੁਨੀਆਂ ਲੰਡਨ ਦੀ ਦਿਵਾਨੀ ਐਂ ਪਰ ਏਸ ਜਾਹਲ ਨੂੰ ਇਹਦੀ ਕੋਈ ਇੰਪੌਰਟੈਂਸ ਈ ਨਹੀਂ!"

ਕੋਲ ਬੈਠੀ ਪਰਕਾਸ਼ ਕੋਰ ਸੁਰਿੰਦਰ ਨੂੰ ਬੋਲੀ,

"ਤੂੰ ਆਪਣੇ ਪੇ ਨੂੰ ਦਸ ਦੇ ਬਈ ਇਹ ਮੁੰਡਾ ਓਸ ਸਕੂਲੇ ਨਹੀਂ ਪੜ੍ਹਿਆ ਜਿਥੇ ਇਹ ਪੜ੍ਹਿਆ ਸੀ।"

www.PunjabiLibrary.com

ਗੁਰਜੰਟ ਤੇ ਬਲਜਿੰਦਰ ਦਾ ਕੋਰਟ ਮੈਰਿਜ ਤੇ ਧਾਰਮਿਕ ਵਿਆਹ ਇਕ ਦਿਨ ਦਾ ਹੀ ਰੱਖ ਲਿਆ ਗਿਆ; ਸ਼ਨਿਚਰਵਾਰ। ਪਹਿਲਾਂ ਰਜਿਸਟਰਾਰ ਦੇ ਦਫਤਰ ਗਏ, ਉਥੋਂ ਗੁਰਦਵਾਰੇ ਚਲੇ ਗਏ। ਗੁਰਦਵਾਰੇ ਦੀ ਸਾਰੀ ਕਾਰਵਾਈ ਸਾਧੂ ਸਿੰਘ ਦੀ ਦੇਖ ਰੇਖ ਹੇਠ ਹੋ ਰਹੀ ਸੀ। ਲਾਵਾਂ ਲਈਆਂ ਗਈਆਂ। ਸਾਦੀਆਂ ਜਿਹੀਆਂ ਰਸਮਾਂ ਸਨ। ਲਾਵਾਂ ਤੋਂ ਬਾਅਦ ਸਾਰੇ ਹਾਈ ਰੋਡ 'ਤੇ ਨਵੇਂ ਬਣੇ ਬੰਗਾਲੀ ਰੈਸਟੋਰੈਂਟ ਵਿਚ ਆ ਗਏ। ਥੋੜ੍ਹੇ ਜਿਹੇ ਲੋਕ ਸਨ। ਸੁਰਜਨ ਵਲੋਂ ਸੱਦੇ ਹੋਏ ਖਾਸ ਰਿਸ਼ਤੇਦਾਰ ਤੇ ਦੋਸਤ ਹੀ ਸਨ। ਕਈ ਦਿਨਾਂ ਤੋਂ ਲਗਾਤਾਰ ਧੁੱਪ ਪੈਂਦੀ ਰਹਿਣ ਕਰਕੇ ਹਰ ਕੋਈ ਮੌਸਮ ਦੀ ਤਰੀਫ ਕਰ ਰਿਹਾ ਸੀ। ਗੁਰਜੰਟ ਨੂੰ ਮੌਸਮ ਵਿਚ ਕੋਈ ਖਾਸੀਅਤ ਨਹੀਂ ਸੀ ਦਿਸਦੀ। ਉਸ ਨੂੰ ਹਾਲੇ ਨਹੀਂ ਸੀ ਪਤਾ ਕਿ ਜ਼ਿਆਦਾ ਧੁੱਪ ਪੈਣ ਕਾਰਨ ਇੰਨਾ ਖੁਸ਼ ਵੀ ਹੋਇਆ ਜਾ ਸਕਦਾ ਹੈ। ਉਸ ਤਾਂ ਇਥੇ ਬੈਠੇ ਨੂੰ ਹੀ ਇੰਡੀਆ ਦੀ ਧੁੱਪ ਚੁੱਭ ਰਹੀ ਸੀ। ਵਿਆਹ ਹੋ ਗਿਆ। ਉਹ ਓਪਰਿਆਂ ਵਾਂਗ ਸਭ ਵਲ ਦੇਖਦਾ ਜਾ ਰਿਹਾ ਸੀ।

ਵਿਆਹ ਤਕ ਗੁਰਜੰਟ ਦਾ ਉਹੋ ਜਿਹਾ ਰੂਪ ਨਿਖਰ ਆਇਆ ਸੀ ਜਿਸ ਦੀ ਸਭ ਨੂੰ ਆਸ ਸੀ। ਉਹ ਸ਼ੇਵ ਨਾਲ ਵੀ ਸੁਹਣਾ ਲਗਣ ਲਗਿਆ ਸੀ, ਹੁਣ ਉਸ ਨੇ ਦਾਹੜੀ ਰੱਖ ਕੇ ਪੱਗ ਬੰਨ ਲਈ ਸੀ। ਪੱਗ ਉਸ ਨੂੰ ਬਹੁਤ ਹੀ ਸਜ ਰਹੀ ਸੀ। ਪਰਕਾਸ਼ ਕੌਰ ਮੁੜ ਮੁੜ ਕੇ ਆਪਣੇ ਪਤੀ ਨੂੰ ਕਹਿ ਰਹੀ ਸੀ; 'ਦੇਖੀ ਮੇਰੀ ਚੋਣ!'

ਵਿਆਹ ਤੋਂ ਬਾਅਦ ਕੁਝ ਦਿਨ ਹੋਰ ਗੁਰਜੰਟ ਨੂੰ ਦਿਲਬਾਗ ਦੇ ਘਰ ਰਹਿਣਾ ਪਿਆ ਪਰ ਦਿਲਬਾਗ ਦੇ ਘਰ ਹੁਣ ਉਸ ਦਾ ਸਾਹ ਘੁੱਟ ਹੋਣ ਲਗਿਆ ਸੀ। ਉਸ ਨੂੰ ਜਾਪਦਾ ਕਿ ਦਿਲਬਾਗ ਪੈਰ ਪੈਰ 'ਤੇ ਉਸ ਨੂੰ ਜਾਣ ਬੁੱਝ ਕੇ ਜ਼ਲੀਲ ਕਰਨ ਦੀ ਕੋਸ਼ਿਸ਼ ਵਿਚ ਹੈ। ਉਸ ਨੇ ਵਿਚੋ ਵਿਚ ਕਿਰਾਏ 'ਤੇ ਕਮਰਾ ਲੱਭਣਾ ਸ਼ੁਰੂ ਕਰ ਦਿਤਾ। ਪਰਕਾਸ਼ ਕੌਰ ਨੂੰ ਪਤਾ ਚਲਿਆ ਤਾਂ ਉਹ ਬੋਲੀ,
"ਕਾਕਾ, ਤੁਸੀਂ ਸਾਡੇ ਵਲ ਰਹੋ, ਕੰਮ ਲੱਭੋ, ਕੁਝ ਪੈਸੇ ਹੋਰ ਜੋੜੋ ਤੇ ਆਪਣਾ ਘਰ ਲਵੋ।"
"ਇਹ ਤਾਂ ਠੀਕ ਏ ਮੰਮੀ ਪਰ ਸਾਡੇ ਵਲਾਂ ਸੁਹਰੇ ਘਰ ਰਹਿਣ ਦਾ ਰਿਵਾਜ ਨਹੀਂ।"
"ਪਰ ਕਾਕਾ, ਆਪਾਂ ਫਾਇਦੇ ਦੀ ਗੱਲ ਸੋਚਣੀ ਐਂ, ਏਸ ਮੁਲਕ ਵਿਚ ਆ ਕੇ ਬਹੁਤ ਸਾਰੇ ਰਿਵਾਜ ਬਦਲ ਜਾਂਦੇ ਆ। ...ਕਿਰਾਏ 'ਤੇ ਰਹੋਂਗੇ ਤਾਂ ਓਪਰੇ ਬੰਦੇ ਹੋਣਗੇ, ਆਹ ਆਪਣਾ ਘਰ ਐ, ਸੌਖ ਰਹੂ।"

ਗੁਰਜੰਟ ਨੂੰ ਜਲਦੀ ਹੀ ਬਾਰਕਿੰਗ ਵਾਲੀ ਰਬੜ ਫੈਕਟਰੀ ਵਿਚ ਕੰਮ ਮਿਲ ਗਿਆ। ਇਹ ਉਹੋ ਫੈਕਟਰੀ ਸੀ ਜਿਥੇ ਕਦੇ ਸੁਰਜਨ ਸਿੰਘ ਵੀ ਕੰਮ ਕਰਦਾ ਰਿਹਾ ਸੀ। ਗੁਰਜੰਟ ਸਵੇਰੇ ਨਿਕਲ ਜਾਂਦਾ ਅਤੇ ਦੇਰ ਨਾਲ ਵਾਪਸ ਮੁੜਦਾ। ਕੰਮ ਤੇ ਪੁੱਜਣ ਲਈ ਉਸ ਨੂੰ ਦੋ ਬੱਸਾਂ ਬਦਲਣੀਆਂ ਪੈਂਦੀਆਂ। ਕੰਮ ਉਪਰ ਉਹ ਖੁਸ਼ ਸੀ। ਉਸ ਨੇ ਸੁਣ ਰੱਖਿਆ ਸੀ ਇੰਗਲੈਂਡ ਵਿਚ ਭਾਰੀ ਕੰਮ ਕਰਨੇ ਪੈਂਦੇ ਹਨ ਪਰ ਇਹ ਕੰਮ ਤਾਂ ਠੀਕ ਹੀ ਸੀ। ਉਸ ਦਾ ਦਿਲ ਲਗ ਗਿਆ। ਹਾਂ, ਇਕ ਗੱਲ ਉਸ ਨੂੰ ਬਹੁਤ ਚੁੱਭਦੀ ਸੀ ਕਿ ਉਸ ਦੇ ਸਾਰੇ ਪਾਸੇ ਦੁਆਈਏ ਹੀ ਦੁਆਈਏ ਸਨ। ਦੁਆਬੀਆਂ ਬਾਰੇ ਉਸ ਨੇ ਪਹਿਲਾਂ ਹੀ ਕਾਫੀ ਕੁਝ ਸੁਣ ਰੱਖਿਆ ਸੀ ਪਰ ਦਿਲਬਾਗ ਤੇ ਸਰੂਪ ਨੂੰ ਮਿਲਣ ਤੋਂ ਬਾਅਦ ਤਾਂ ਉਸ ਨੂੰ ਦੁਆਬੇ ਦੇ ਲੋਕ ਬਿਲਕੁਲ ਚੰਗੇ ਲਗਣੋਂ ਹਟ ਗਏ ਸਨ। ਵੱਡੀ ਗੱਲ ਇਹ ਕਿ ਉਸ ਦੇ ਸੁਹਰੇ ਵੀ ਦੁਆਬੀਏ ਸਨ। ਜੋ ਵੀ ਸੀ ਉਹ ਸਮਝੌਤਾ ਕਰ ਰਿਹਾ ਸੀ ਭਾਵੇਂ ਸਮਝੌਤਾ ਕਰਨਾ ਉਸ ਦੇ ਸੁਭਾਅ ਮੁਤਾਬਕ ਨਹੀਂ ਸੀ।

ਸੁਹਰੇ ਘਰ ਰਹਿਣ ਨੂੰ ਵੀ ਉਹ ਇਕ ਸਮਝੌਤਾ ਹੀ ਸਮਝਦਾ ਸੀ ਪਰ ਉਸ ਨੂੰ ਇਸ ਘਰ ਦਾ ਮਹੌਲ ਬਹੁਤ ਪਸੰਦ ਆਇਆ। ਬਲਜਿੰਦਰ ਉਹ ਨੂੰ ਬਹੁਤ ਸੁਹਣੀ ਲਗਦੀ ਸੀ ਇਸ ਕਰਕੇ ਉਹ ਬਹੁਤ ਖੁਸ਼ ਸੀ। ਸਾਲੀਆਂ ਹਰ ਵੇਲੇ ਆਲੇ ਦੁਆਲੇ ਗੁਟਕਦੀਆਂ ਫਿਰਦੀਆਂ। ਸੱਸ ਵੀ ਪੁੱਤ ਪੁੱਤ ਕਰਦੀ ਰਹਿੰਦੀ। ਜੇ ਕੁਝ ਚੰਗਾ ਨਹੀਂ ਸੀ ਲਗਦਾ ਉਹ ਸੀ ਸੁਰਜਨ ਸਿੰਘ ਦੀਆਂ ਸਲਾਹਾਂ। ਛੁੱਟੀ ਵਾਲੇ ਦਿਨ ਉਹ ਕਹਿਣ ਲਗਦਾ,
"ਨਿਆਣਿਓਂ, ਦੇਖੋ, ਕਿੰਨਾ ਸੁਹਣਾ ਦਿਨ ਐਂ, ਜਾਓ, ਕਿਤੇ ਘੁੰਮ ਕੇ ਆਓ। ਲੰਡਨ ਦਾ ਗੇੜਾ ਮਾਰ ਆਓ, ...ਹੋਰ ਨਹੀਂ ਤਾਂ ਫਿਲਮ ਈ ਦੇਖ ਆਓ।"

ਗੁਰਜੰਟ ਛੁੱਟੀ ਵਾਲੇ ਦਿਨ ਬਿਸਤਰ ਵਿਚ ਹੀ ਰਹਿਣਾ ਚਾਹੁੰਦਾ। ਸੁਰਜਨ ਸਿੰਘ ਦੀ ਗੱਲ ਨੂੰ ਇਕ ਕੰਨ ਵਿਚ ਪਾ ਕੇ ਦੂਜੇ ਕੰਨ ਰਾਹੀਂ ਕੱਢ ਦਿੰਦਾ। ਇਸ ਘਰ ਆ ਕੇ ਉਹ ਮੁੜ ਕੇ ਦਿਲਬਾਗ ਵਲ ਨਾ ਗਿਆ। ਦਿਲਬਾਗ ਉਸ ਨੂੰ ਬਹੁਤ ਹਲਕਾ ਬੰਦਾ ਲਗਦਾ ਸੀ। ਦਿਲਬਾਗ ਉਸ ਨੂੰ ਲੈਣ ਆਉਂਦਾ ਪਰ ਉਹ ਕੋਈ ਬਹਾਨਾ ਬਣਾ ਦਿੰਦਾ। ਸੁਹਰੇ ਘਰ ਵਿਚ ਰਹਿ ਕੇ ਜਿਸ ਅੱਘ ਦਾ ਹੱਕਦਾਰ ਉਹ ਬਣਨਾ ਚਾਹੁੰਦਾ ਸੀ, ਉਸ ਨੂੰ ਮਿਲ ਰਿਹਾ ਸੀ ਪਰ ਇਕ ਗੱਲ ਉਸ ਨੂੰ ਜਲਦੀ ਹੀ ਰੜਕਣ ਲਗ ਪਈ। ਉਹ ਸੀ; ਘਰ ਦੇ ਸਾਰੇ ਹੀ ਜੀਆਂ ਦੇ ਜ਼ੁਬਾਨ ਉਪਰ ਦਿਲਬਾਗ ਦੇ ਨਾਂ ਦਾ ਛਾਇਆ ਰਹਿਣਾ। ਕੋਈ ਕਹਿੰਦਾ; ਦਿਲਬਾਗ ਨੂੰ ਆਹ ਕਹੋ, ਦਿਲਬਾਗ ਨੂੰ ਫਲਾਨੀ ਜਗਾਹ ਭੇਜੋ, ਦਿਲਬਾਗ ਨੂੰ ਕਹੋ ਕਿ ਕਾਰ ਤਿਆਰ ਕਰੇ ਕਿਤੇ ਜਾਣਾ ਹੈ। ਦਿਲਬਾਗ ਦੇ ਕੋਲ ਘਰ ਦੀ ਚਾਬੀ ਵੀ ਸੀ ਤੇ ਉਹ ਜਦ ਚਾਹੇ ਬਿਨਾਂ ਦੱਸੇ ਘਰ ਆ ਵੜਦਾ ਸੀ। ਘਰ ਵਿਚ ਜਿਵੇਂ ਉਸ ਦਾ ਹੀ ਰਾਜ ਹੋਵੇ। ਉਹ ਕੁੜੀਆਂ ਨੂੰ ਹੁਕਮ ਚਾੜ੍ਹਨ ਲਗਦਾ। ਕਈ ਵਾਰ ਗੁਰਜੰਟ ਕੰਮ ਤੋਂ ਮੁੜਦਾ ਤਾਂ ਦਿਲਬਾਗ ਮੁਹਰੇ ਆਇਆ ਬੈਠਾ ਹੁੰਦਾ। ਉਹ ਬਲਜਿੰਦਰ ਨੂੰ ਆਨੀਂ ਬਹਾਨੀਂ ਪੁੱਛਦਾ ਕਿ ਕੀ ਗੱਲਾਂ ਹੋ ਰਹੀਆਂ ਸਨ। ਜੇ ਦਿਲਬਾਗ ਦਾ ਮੂਡ ਨਾ ਹੁੰਦਾ ਤਾਂ ਉਹ ਕਿਸੇ ਨਾਲ ਬੋਲਦਾ ਤਕ ਨਾ ਤੇ

ਚੁੱਪ-ਚਾਪ ਹੀ ਤੁਰਿਆ ਫਿਰਦਾ। ਜੇ ਚਿੱਤ ਚੰਗਾ ਹੁੰਦਾ ਤਾਂ ਉੱਚੀ ਉੱਚੀ ਹੱਸਦਾ, ਬੇਮਤਲਬ ਜਿਹੀਆਂ ਗੱਲਾਂ ਕਰੀ ਜਾਂਦਾ। ਸੁਰਜਨ ਸਿੰਘ ਭਾਵੇਂ ਦਿਲਬਾਗ ਦੇ ਸੁਭਾਅ ਨੂੰ ਨਿੰਦਦਾ ਰਹਿੰਦਾ ਸੀ ਪਰ ਗੁਰਜੰਟ ਨੂੰ ਇਹ ਕਾਫੀ ਨਾ ਜਾਪਦਾ। ਪਰਕਾਸ਼ ਕੋਰ ਦਿਲਬਾਗ ਦੀ ਪਿੱਠ ਪਿੱਛੇ ਭਾਵੇਂ ਉਸ ਨੂੰ ਕੁਝ ਕਹੇ ਪਰ ਮੂੰਹ ਉਪਰ ਉਸ ਦੀਆਂ ਵਡਿਆਈਆਂ ਹੀ ਮਾਰਦੀ। ਗੁਰਜੰਟ ਮਨ ਹੀ ਮਨ ਦਿਲਬਾਗ ਨੂੰ ਗਾਲ੍ਹਾਂ ਕੱਢਦਾ; 'ਸਾਲ਼ਾ ਦੁਆਬੀਆ!'

ਇਕ ਦਿਨ ਇਵੇਂ ਹੀ ਗੁਰਜੰਟ ਦੇ ਅੰਗਰੇਜ਼ੀ ਬੋਲਣ ਦੇ ਲਹਿਜ਼ੇ ਨੂੰ ਲੈ ਕੇ ਦਿਲਬਾਗ ਮਸ਼ਕਰੀ ਕਰਨ ਲਗਿਆ,
"ਸਾਢੂਆ, ਇੰਗਲਿਸ਼ ਸਿੱਖਣ ਲਈ ਕਿਸੇ ਸਕੂਲ ਕਾਲਜ ਜਾਣ ਦੀ ਲੋੜ ਨਹੀਂ ਹੁੰਦੀ, ਇਹ ਬਾਹਰ ਗੋਰਿਆਂ ਨਾਲ ਬੈਠਣ ਉਠਣ ਨਾਲ ਆਉਂਦੀ ਐ। ਅੰਦਰ ਬੈਠਣ ਨਾਲ ਦੁਨੀਆਂ ਦਾ ਕੁਝ ਪਤਾ ਨਹੀਂ ਚਲਦਾ, ਯੂ ਹੈ ਟੂ ਬੀ ਏ ਸਟ੍ਰੀਟ ਬੁਆਏ!"

ਗੁਰਜੰਟ ਨੂੰ ਇਹ ਗੱਲ ਬਹੁਤ ਬੁਰੀ ਲਗੀ। ਉਹ ਉਠ ਕੇ ਆਪਣੇ ਕਮਰੇ ਵਿਚ ਚਲੇ ਗਿਆ। ਉਸ ਦੇ ਅੰਦਰ ਗੁੱਸਾ ਤਾਂ ਪਹਿਲਾਂ ਹੀ ਸੀ। ਉਸ ਨੇ ਦਿਲਬਾਗ ਨੂੰ ਬੁਲਾਉਣਾ ਹੀ ਬੰਦ ਕਰ ਦਿਤਾ। ਦਿਲਬਾਗ ਨੇ ਵੀ ਪ੍ਰਤੀਕਰਮ ਦਿਖਾਇਆ ਤੇ ਦੋਵਾਂ ਵਿਚ ਨਫਰਤ ਵਧਣ ਲਗੀ।

ਗੁਰਜੰਟ ਨੇ ਵਲਥਮਸਟੋਅ ਵਿਚ ਘਰ ਖਰੀਦ ਲਿਆ। ਸੁਹਰੇ ਘਰ ਤੋਂ ਜ਼ਰਾ ਦੂਰ ਸੀ। ਉਸ ਨੇ ਕਿਸੇ ਦੀ ਸਲਾਹ ਨਾ ਲਈ ਤੇ ਸਭ ਕੁਝ ਆਪਣੀ ਮਰਜ਼ੀ ਮੁਤਾਬਕ ਕੀਤਾ। ਐਲਨਡੇਲ ਰੋਡ ਨਾਂ ਦੀ ਇਹ ਛੋਟੀ ਜਿਹੀ ਸੜਕ ਸੀ, ਨੋ ਥਰੂ ਰੋਡ; ਅਗਿਓਂ ਬੰਦ। ਗੁਰਜੰਟ ਇਸ ਨੂੰ ਬੰਦ ਗਲੀ ਹੀ ਕਹਿੰਦਾ। ਇਸ ਗਲੀ ਦੇ ਅਖਰੀ ਵਿਚ ਖੱਬੇ ਹੱਥ ਸਥਿਤ ਸੀ ਇਹ। ਉਸ ਨੇ ਏਜੰਟ ਤੋਂ ਸੁਣ ਲਿਆ ਸੀ ਕਿ ਕੋਨੇ ਦਾ ਘਰ ਕੁਝ ਵੱਡਾ ਹੁੰਦਾ ਹੈ, ਇਸ ਨਾਲ ਜਗਾਹ ਵੀ ਵਾਧੂ ਹੁੰਦੀ ਹੈ, ਇਸ ਲਈ ਮਹਿੰਗਾ ਵੀ। ਇਸ ਤੋਂ ਬਿਨਾਂ ਉਸ ਦੇ ਮਨ ਵਿਚ ਸੀ ਕਿ ਦਿਲਬਾਗ ਦੇ ਘਰ ਤੋਂ ਵੱਡਾ ਹੋਣਾ ਚਾਹੀਦਾ ਹੈ। ਉਸ ਦਾ ਦਿਲਬਾਗ ਨਾਲ ਤਣਾਵ ਹੋਰ ਵੀ ਵਧ ਗਿਆ ਸੀ। ਉਸ ਨੇ ਬਲਜਿੰਦਰ ਨੂੰ ਦਿਲਬਾਗ ਨਾਲ ਗੱਲ ਕਰਨ ਤੋਂ ਵੀ ਮਨਾਹ ਕਰ ਦਿਤਾ। ਉਹਨਾਂ ਨੂੰ ਲੈ ਕੇ ਸੁਰਜਨ ਸਿੰਘ ਫਿਕਰ ਵਿਚ ਰਹਿਣ ਲਗਿਆ। ਉਹ ਵੀ ਚਾਹੁੰਦਾ ਸੀ ਕਿ ਗੁਰਜੰਟ ਜਲਦੀ ਤੋਂ ਜਲਦੀ ਆਪਣੇ ਘਰ ਚਲੇ ਜਾਵੇ। ਸੋ ਛੇਤੀ ਹੀ ਗੁਰਜੰਟ ਤੇ ਬਲਜਿੰਦਰ ਆਪਣੇ ਨਵੇਂ ਘਰ ਵਿਚ ਜਾ ਕੇ ਰਹਿਣ ਲਗ ਪਏ।

ਘਰ ਦਿਲਬਾਗ ਦੇ ਘਰ ਨਾਲੋਂ ਸੱਚ ਹੀ ਕਾਫੀ ਖੁਲ੍ਹਾ ਸੀ। ਘਰ ਦੇ ਨਾਲ ਇਕ ਬਹੁਤ ਵੱਡਾ ਪਾਰਕ ਸੀ। ਇਹ ਰੋਡ ਇਸੇ ਪਾਰਕ ਨੂੰ ਲਗੇ ਨਿਕੇ ਜਿਹੇ ਗੇਟ ਤੇ ਆ ਕੇ ਮੁਕਦੀ ਸੀ। ਪਾਰਕ ਦਾ ਮੁੱਖ ਗੇਟ ਕਿਸੇ ਹੋਰ ਰੋਡ 'ਤੇ ਸੀ। ਇਹ ਨਿਕਾ ਗੇਟ ਇਧਰਲੀਆਂ ਸੜਕਾਂ ਦੇ ਲੋਕਾਂ ਲਈ ਸੀ। ਪਾਰਕ ਦੇ ਉਪਰਲੇ ਪਾਸੇ ਰੇਲਵੇ ਲਾਈਨਾਂ ਸਨ। ਇਹ ਖਾਮੋਸ਼ ਜਿਹੀਆਂ ਲਾਈਨਾਂ। ਇੰਜਣ ਇਧਰ ਘੱਟ ਹੀ ਆਉਂਦਾ ਸੀ, ਵਾਧੂ ਜਿਹੇ ਡੱਬੇ ਖੜੇ ਰਹਿੰਦੇ ਸਨ, ਖਾਸ ਤੌਰ ਤੇ ਮਾਲ ਗੱਡੀ ਦੇ ਡੱਬੇ। ਲਾਈਨਾਂ ਤੋਂ ਪਾਰ ਇੰਡਸਟਰੀਅਲ ਇਸਟੇਟ ਸੀ ਜਿਥੇ ਫੈਕਟਰੀਆਂ ਸਨ, ਵੇਅਰ ਹਾਊਸ ਸਨ। ਇਹ ਵੱਡਾ ਸਾਰਾ ਪਾਰਕ, ਉਸ ਤੋਂ ਉਪਰ ਰੇਲਵੇ ਲਾਈਨਾਂ ਤੇ ਉਸ ਤੋਂ ਉਪਰ ਇੰਡਸਟਰੀਅਲ ਇਸਟੇਟ; ਦੂਰੋਂ ਦੇਖਣ ਤੇ ਇਕ ਖੂਬਸੂਰਤ ਨਜ਼ਾਰਾ ਬਣਾਉਂਦੇ ਸਨ ਤੇ ਨਜ਼ਾਰਾ ਗੁਰਜੰਟ ਦੇ ਸੌਣ ਕਮਰੇ ਦੀ ਖਿੜਕੀ ਵਿਚ ਦੀ ਦਿਸਦਾ ਸੀ। ਗਾਰਡਨ ਵਿਚ ਖੜ ਕੇ ਵੀ ਦਿਸ ਪੈਂਦਾ। ਗੁਰਜੰਟ ਦੇ ਘਰ ਦੇ ਇਕ ਪਾਸੇ ਇਹ ਪਾਰਕ ਸੀ ਤੇ ਦੂਜੇ ਪਾਸੇ ਇਕ ਗੋਰਾ ਰਹਿੰਦਾ ਸੀ ਜਿਹੜਾ ਕਦੇ ਕਦੇ ਹੀ ਦੇਖਣ ਨੂੰ ਮਿਲਦਾ। ਉਸ ਤੋਂ ਅਗਲੇ ਘਰ ਵਿਚ ਇਕ ਪਾਕਿਸਤਾਨੀ ਰਹਿੰਦਾ ਸੀ ਜੋ ਕਿ ਟੈਕਸੀ ਚਲਾਉਂਦਾ ਸੀ, ਬਹੁਤਾ ਸਮਾਂ ਕੰਮ 'ਤੇ ਹੀ ਰਹਿੰਦਾ। ਸੌਣ ਵੇਲੇ ਹੀ ਘਰ ਆਉਂਦਾ। ਸਾਹਮਣਲੇ ਘਰਾਂ ਦੇ ਵਸਨੀਕ ਵੀ ਕਦੇ ਕਦੇ ਹੀ ਦੇਖਣ ਨੂੰ ਮਿਲਦੇ। ਬਹੁਤ ਹੀ ਚੁੱਪ ਜਿਹੀ ਸੜਕ ਸੀ। ਕਾਰ ਤਾਂ ਬਹੁਤ ਘੱਟ ਆਉਂਦੀ, ਹਾਂ, ਪਾਰਕ ਨੂੰ ਜਾਣ ਵਾਲੇ ਲੋਕ ਜ਼ਰੂਰ ਲੰਘਦੇ ਪਰ ਬਹੁਤੇ ਨਹੀਂ। ਗੁਰਜੰਟ ਨੂੰ ਇਹ ਜਗਾਹ ਬਹੁਤ ਪਸੰਦ ਸੀ। ਘਰ ਵਿਚ ਸਾਰੇ ਕੰਮ ਕੀਤੇ ਹੋਏ ਸਨ। ਆਮ ਘਰ ਤੇਰਾਂ-ਚੌਦਾਂ ਹਜ਼ਾਰ ਨੂੰ ਮਿਲਦਾ ਪਰ ਇਹ ਸੌਦਾ ਗਿਆਰਾਂ ਹਜ਼ਾਰ ਵਿਚ ਤੈਅ ਹੋ ਗਿਆ ਸੀ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਕੀਮਤ ਵਿਚ ਕਮੀ ਜ਼ਰੂਰ ਪਾਰਕ ਕਰਕੇ ਹੀ ਹੋਵੇਗੀ। ਰੰਗ-ਬਰੰਗੇ ਲੋਕੀਂ ਤੰਗ ਕਰਦੇ ਹੋਣਗੇ। ਘਰ ਲੈਣ ਸਮੇਂ ਉਸ ਨੇ ਗੁਰਜੰਟ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਗੁਰਜੰਟ ਜਿਵੇਂ ਜ਼ਿਦ ਵਿਚ ਆ ਗਿਆ ਹੋਵੇ, ਉਸ ਨੇ ਇਹੋ ਘਰ ਲਿਆ। ਪਰਕਾਸ਼ ਕੋਰ ਪਤੀ ਨੂੰ ਆਖਦੀ,
"ਤੁਸੀਂ ਕਿਉਂ ਕਲ਼ਪੀ ਜਾਂਦੇ ਓ, ਤੁਸੀਂ ਕਿਹੜਾ ਜਾ ਕੇ ਓਥੇ ਰਹਿਣੈ?"
"ਮੈਂ ਤਾਂ ਨਹੀਂ ਪਰ ਬੱਲੀ ਨੇ ਤਾਂ ਰਹਿਣਾਂ! ...ਪਾਰਕ ਵਿਚ ਪਤਾ ਨਹੀਂ ਕਿੱਦਾਂ ਦੇ ਲੋਕ ਆਉਂਦੇ ਹੋਣਗੇ, ਦੇਖਿਆ ਨਹੀਂ ਲੇਅਟਨ ਵਾਲੇ ਪਾਰਕ ਵਿਚ ਕਿੰਨੇ ਵਾਇਨੋ ਬੈਠੇ ਹੁੰਦੇ ਆ, ਗੰਦ-ਮੰਦ ਬੋਲਦੇ ਹੁੰਦੇ ਆ, ...ਮੈਨੂੰ ਤਾਂ ਕੁੜੀ ਦਾ ਫਿਕਰ ਐ।"
"ਕੁੜੀ ਦਾ ਫਿਕਰ ਆਪੇ ਉਹ ਕਰੂਗਾ, ਘਰ ਨੂੰ ਬਹੁਤ ਸਿਆਣਾਂ ਉਹ।"

ਪਰਕਾਸ਼ ਕੋਰ ਦੀ ਗੱਲ ਨਾਲ ਉਸ ਦੀ ਤਸੱਲੀ ਨਾ ਹੁੰਦੀ ਪਰ ਸੋਚਦਾ ਕਿ ਉਹ ਕਰ ਵੀ ਕੀ ਸਕਦਾ ਹੈ। ਜੇ ਉਹ ਘਰ ਨੇੜੇ ਲੈ ਲੈਂਦੇ ਤਾ ਵੇਲੇ-ਕੁ-ਵੇਲੇ ਉਹਨਾਂ ਦੀ ਮੱਦਦ ਵੀ ਕੀਤੀ ਜਾ ਸਕਦੀ ਸੀ। ਗੁਰਜੰਟ ਦੇ ਜ਼ਰਾ ਦੂਰ ਚਲੇ ਜਾਣ ਕਾਰਨ ਉਸ ਨੂੰ

www.PunjabiLibrary.com

ਤਸੱਲੀ ਵੀ ਸੀ ਕਿ ਦੋਨਾਂ ਜੁਆਈਆਂ ਵਿਚ ਟਕਰਾਅ ਦੇ ਮੌਕੇ ਘਟ ਗਏ ਸਨ। ਹੁਣ ਦਿਲਬਾਗ ਉਸ ਨਾਲ ਜਾਣ ਬੁੱਝ ਕੇ ਪੰਗਾ ਲੈਣ ਲਗਿਆ ਸੀ। ਉਸ ਨੂੰ ਗੁਰਜੰਟ ਦਾ ਕੁੜੀਆਂ ਨਾਲ ਹਾਸਾ-ਮਜ਼ਾਕ ਚੰਗਾ ਨਹੀਂ ਸੀ ਲਗਦਾ। ਸੁਹਰੇ ਘਰ ਨੂੰ ਆਪਣੀ ਸਲਤਨਤ ਹੀ ਸਮਝਦਾ ਸੀ। ਗੁਰਜੰਟ ਦੇ ਚਲੇ ਜਾਣ 'ਤੇ ਉਸ ਨੂੰ ਵੀ ਕੁਝ ਰਾਹਤ ਸੀ।

ਦੋਨਾਂ ਕੁੜੀਆ ਨੂੰ ਵਿਆਹੁਣ ਤੋਂ ਬਾਅਦ ਸੁਰਜਨ ਸਿੰਘ ਬਹੁਤਾ ਖੁਸ਼ ਨਹੀਂ ਸੀ ਬਲਕਿ ਨਮੋਸ਼ੀ ਜਿਹੀ ਵਿਚ ਸੀ। ਉਹ ਸੋਚਣ ਲਗਦਾ ਕਿ ਕਿਹੋ ਜਿਹੇ ਬੇਵਕੂਫ ਲੋਕਾਂ ਨਾਲ ਵਾਹ ਪੈ ਗਿਆ ਹੈ। ਪਹਿਲਾਂ ਘਰ ਵਿਚ ਚਹਿਲ-ਪਹਿਲ ਰੱਖਣ ਲਈ ਉਸ ਨੇ ਕੁਝ ਦਿਨ ਮਨਾਉਣੇ ਸ਼ੁਰੂ ਕੀਤੇ ਹੋਏ ਸਨ ਜਿਹਨਾਂ ਉਪਰ ਖਾਣ-ਪੀਣ ਵਿਚ ਉਚੇਚ ਕੀਤੀ ਜਾਂਦੀ। ਕਿਧਰੇ ਬਾਹਰ ਜਾਣ ਦਾ ਪਰੋਗਰਾਮ ਬਣਾਇਆ ਜਾਂਦਾ। ਉਹਨਾਂ ਦੀ ਆਪਣੀ ਸਾਲ-ਗ੍ਰਹਿ ਹੁੰਦੀ ਜਾਂ ਕਿਸੇ ਬੱਚੇ ਦਾ ਜਨਮ ਦਿਨ। ਕੇਕ ਆਡਰ ਕੀਤਾ ਜਾਂਦਾ ਤੇ ਸਾਰੇ ਇਕੱਠੇ ਹੋ ਕੇ ਕੱਟਦੇ। ਸੁਰਿੰਦਰ ਤੇ ਰਣਜੀਤ ਦਾ ਜਨਮ ਇਕੋ ਮਹੀਨੇ ਸੀ, ਇਵੇਂ ਹੀ ਗੁਰਿੰਦਰ ਤੇ ਸੁਖਵੀਰ ਦੇ ਜਨਮ ਦਿਨ। ਸੁਰਜਨ ਤੇ ਬਲਜਿੰਦਰ ਦੇ ਜਨਮ ਦਿਨ ਨੇੜੇ ਨੇੜੇ ਸਨ, ਇਵੇਂ ਉਹ ਦੋ ਦੋ ਜਾਣਿਆਂ ਦੇ ਇਕੋ ਥਾਂ ਕੇਕ ਕੱਟ ਲੈਂਦੇ। ਸੁਰਜਨ ਸਿੰਘ ਨੂੰ ਇਹ ਸਭ ਚੰਗਾ ਲਗਦਾ ਸੀ ਪਰ ਗੁਰਜੰਟ ਆਉਣ ਕਰਕੇ ਇਹ ਸਭ ਰੁਕ ਗਿਆ ਸੀ। ਇਹ ਵੀ ਡਰ ਹੁੰਦਾ ਕਿ ਇਕੱਠੇ ਹੋ ਕੇ ਦਿਲਬਾਗ ਤੇ ਗੁਰਜੰਟ ਲੜ ਹੀ ਨਾ ਪੈਣ। ਦਿਲਬਾਗ ਹਰ ਵੇਲੇ ਗੁਰਜੰਟ ਦੇ ਖਿਲਾਫ ਬੁੜ-ਬੁੜ ਕਰਦਾ ਫਿਰਦਾ ਰਹਿੰਦਾ। ਉਹ ਗੁਰਜੰਟ ਨੂੰ ਭੰਡ ਜਾਂ ਮਰਾਸੀ ਹੀ ਸੱਦਦਾ। ਦੋ ਕੁ ਵਾਰ ਗੁਰਜੰਟ ਆਇਆ ਪਰ ਫਿਰ ਉਸ ਨੇ ਆਉਣਾ ਛੱਡ ਦਿਤਾ।

ਗੁਰਜੰਟ ਤੋਂ ਬਾਅਦ ਇਕ ਵਾਰ ਫਿਰ ਦਿਲਬਾਗ ਦਾ ਚਾਹਲ-ਹਾਊਸ ਵਿਚ ਬੋਲਬਾਲਾ ਹੋ ਗਿਆ। ਦੂਜੇ ਪਾਸੇ ਗੁਰਜੰਟ ਦਾ ਆਉਣਾ ਬਿਲਕੁਲ ਬੰਦ ਸੀ। ਉਸ ਨੇ ਆਪ ਆਉਣਾ ਹੀ ਨਹੀਂ ਬੰਦ ਕੀਤਾ ਬਲਕਿ ਬਲਜਿੰਦਰ ਨੂੰ ਵੀ ਆਉਣੋਂ ਰੋਕ ਦਿਤਾ। ਰਬੜ ਫੈਕਟਰੀ ਵਿਚੋਂ ਕੰਮ ਛੱਡ ਕੇ ਗੁਰਜੰਟ ਅੰਡਰ ਗਰਾਊਂਡ ਟਰੇਨ 'ਤੇ ਡਰਾਈਵਰ ਜਾ ਲਗਿਆ। ਉਸ ਦੀਆਂ ਉਲਟੀਆਂ-ਸਿੱਧੀਆਂ ਸ਼ਿਫਟਾਂ ਹੁੰਦੀਆਂ। ਕਦੇ ਦੋ ਸ਼ਿਫਟਾਂ ਇਕੱਠੀਆਂ ਵੀ ਲਗ ਜਾਂਦੀਆਂ। ਇਕ ਸ਼ਿਫਟ ਡਿਊਟੀ ਤੇ ਦੂਜੀ ਓਵਰ ਟਾਈਮ। ਬਲਜਿੰਦਰ ਘਰ ਬੈਠੀ ਉਸ ਨੂੰ ਉਡੀਕਦੀ ਰਹਿੰਦੀ। ਮੰਮੀ ਦੇ ਘਰ ਦੀ ਰੌਣਕ ਵਿਚ ਰਹਿਣ ਵਾਲੀ ਬਲਜਿੰਦਰ ਬਹੁਤ ਇਕੱਲੀ ਹੋਣ ਲਗਦੀ। ਕਦੇ ਉਹ ਮੰਮੀ ਨੂੰ ਫੋਨ ਕਰਦੀ ਤਾਂ ਰੋਣ ਲਗ ਪੈਂਦੀ। ਪਰਕਾਸ਼ ਕੋਰ ਦਾ ਮਨ ਵੀ ਬਹੁਤ ਉਦਾਸ ਹੋ ਜਾਂਦਾ।

ਦਿਲਬਾਗ ਨੇ ਗੁਰਜੰਟ ਦੀ ਇਕ ਗੱਲ ਵਿਚ ਰੀਸ ਕਰਨੀ ਸ਼ੁਰੂ ਕਰ ਦਿਤੀ। ਜਿਵੇਂ ਉਹ ਬਲਜਿੰਦਰ ਨੂੰ ਨਹੀਂ ਸੀ ਆਉਣ ਦਿੰਦਾ ਉਵੇਂ ਉਹ ਵੀ ਕਈ ਵਾਰ ਗੁਰਿੰਦਰ ਨੂੰ ਮੰਮੀ ਘਰ ਜਾਣੋਂ ਨਾਂਹ ਕਰ ਦਿੰਦਾ। ਸੁਰਜਨ ਸਿੰਘ ਮਨ ਹੀ ਮਨ ਉਹਨਾਂ ਨੂੰ 'ਫੂਲਿਸ਼' ਕਹਿਣ ਤੋਂ ਵੱਧ ਕੁਝ ਨਾ ਕਰ ਸਕਦਾ। ਹੁਣ ਉਹ ਸੋਚਣ ਲਗਿਆ ਸੀ ਕਿ ਭਾਵੇਂ ਕੁੜੀਆਂ ਨੂੰ ਨਾ ਆਉਣ ਦੇ ਪਰ ਉਹਨਾਂ ਨੂੰ ਖੁਸ਼ ਤਾਂ ਰੱਖਣ। ਉਹ ਇਹ ਵੀ ਸੋਚਦਾ ਕਿ ਵੱਡੀਆਂ ਦੋਵੇਂ ਕੁੜੀਆਂ ਮਾਨਸਿਕ ਤੌਰ 'ਤੇ ਕਮਜ਼ੋਰ ਰਹਿ ਗਈਆਂ ਹਨ ਇਸ ਲਈ ਇਹ ਜ਼ੁਲਮ ਝੱਲੀ ਜਾ ਰਹੀਆਂ ਹਨ। ਜੇ ਇੰਗਲੈਂਡ ਵਿਚ ਜੰਮੀਆਂ ਜਾਂ ਪਲੀਆਂ ਹੁੰਦੀਆਂ ਤਾਂ ਇੰਨਾ ਕੁਝ ਨਾ ਸਹਿੰਦੀਆਂ। ਉਸ ਦਾ ਦਿਲ ਕਰਦਾ ਕਿ ਕੁੜੀਆਂ ਨਾਲ ਖੜੇ ਤੇ ਉਹਨਾਂ ਦੇ ਇਰਾਦੇ ਨੂੰ ਮਜ਼ਬੂਤ ਬਣਾਵੇ ਪਰ ਫਿਰ ਉਸ ਨੂੰ ਇਸ ਦੇ ਖਤਰਨਾਕ ਨਤੀਜੇ ਦਿਸਣ ਲਗਦੇ। ਉਹ ਜਗੀਰੂ ਸਮਾਜ ਦੇ ਮਰਦ ਨੂੰ ਬਾਖੂਬੀ ਸਮਝਦਾ ਸੀ। ਉਸ ਨੇ ਆਪਣੇ ਮਨ ਦਾ ਗੁਭ-ਗੁਲ੍ਹਾਟ ਅਮਾਂਡਾ ਨੂੰ ਲੰਮੀ ਚਿੱਠੀ ਲਿਖ ਕੇ ਕੱਢਿਆ। ਅਮਾਂਡਾ ਨੂੰ ਚਿੱਠੀ ਲਿਖਦਿਆਂ ਉਹ ਆਪਣੇ ਦਿਲ ਦੀਆਂ ਗੱਲਾਂ ਇਵੇਂ ਕਰ ਲਿਆ ਕਰਦਾ ਜਿਵੇਂ ਕੋਈ ਸ਼ੀਸ਼ੇ ਸਾਹਮਣੇ ਖੜ ਕੇ ਆਪਣੇ ਆਪ ਨਾਲ ਕਰਦਾ ਹੈ। ਕਈ ਗੱਲਾਂ ਉਹ ਪਾਦਰੀ ਕੋਲ ਜਾ ਕੇ ਆਪਣਾ ਕਸੂਰ ਮੰਨਣ ਵਾਂਗ ਵੀ ਕਰਦਾ ਪਰ ਆਪਣੀ ਚਿੱਠੀ ਦੇ ਅਖੀਰ ਵਿਚ ਨੱਕ ਦੀ ਸੇਧੇ ਤੁਰਨ ਦੀ ਗੱਲ ਵੀ ਜ਼ਰੂਰ ਲਿਖਦਾ।

ਪਰਕਾਸ਼ ਕੋਰ ਨਾਲ ਉਹ ਕੁੜੀਆਂ ਦੇ ਦੁੱਖਾਂ ਬਾਰੇ ਬਹੁਤੀ ਗੱਲ ਨਾ ਕਰਦਾ। ਉਸ ਨੂੰ ਡਰ ਹੁੰਦਾ ਕਿ ਉਹ ਗੱਲ ਦਿਲ ਨੂੰ ਹੀ ਨਾ ਲਾ ਲਵੇ। ਜੇ ਉਹ ਸ਼ਿਕਾਇਤ ਕਰਦੀ ਤਾਂ ਕਹਿ ਦਿੰਦਾ,

"ਬੁੜ੍ਹੀਏ, ਹੁਣ ਕੁੜੀਆਂ ਵਿਆਹੀਆਂ ਗਈਆਂ, ਓਹਨਾਂ ਦੇ ਆਪਣੇ ਘਰ ਐ, ਕੁੜੀਆਂ ਦੇ ਘਰਾਂ ਵਿਚ ਬਹੁਤਾ ਨਹੀਂ ਝਾਕੀਦਾ।"

ਪਰਕਾਸ਼ ਕੋਰ ਵੀ ਧੀਆਂ ਦੀਆਂ ਬਹੁਤ ਸਾਰੀਆਂ ਗੱਲਾਂ ਉਸ ਤੋਂ ਛੁਪਾ ਜਾਂਦੀ। ਧੀਆਂ ਤਾਂ ਉਸ ਕੋਲ ਢਿੱਡ ਫਰੋਲ ਹੀ ਜਾਂਦੀਆਂ ਸਨ; ਖੁਦ ਆ ਕੇ ਜਾਂ ਫੋਨ ਉਪਰ। ਪਤੀ ਦੇ ਸੁਭਾਅ ਦਾ ਉਸ ਨੂੰ ਪਤਾ ਸੀ ਕਿ ਗੱਲ ਅਗਲੇ ਦੇ ਮੂੰਹ 'ਤੇ ਮਾਰ ਦਿੰਦਾ ਸੀ। ਗੁਰਜੰਟ ਦੀ ਕਹੀ ਗੱਲ ਨੇ ਤਾਂ ਉਸ ਨੂੰ ਹੋਰ ਵੀ ਡਰਾ ਦਿਤਾ ਸੀ। ਇਕ ਦਿਨ ਉਸ ਨੇ ਜ਼ਰਾ ਸਖਤ ਹੋ ਕੇ ਉਸ ਨੂੰ ਕਿਹਾ ਸੀ,

"ਕਾਕਾ, ਸਾਡੀ ਧੀ ਤੇਰੀ ਕੈਦਣ ਤਾਂ ਨਹੀਂ! ...ਅਸੀਂ ਤੈਨੂੰ ਵਿਆਹੀ ਐ, ਵੇਚੀ ਨਹੀਂ! ...ਤੂੰ ਏਹਨੂੰ ਆਉਣ ਕਿਉਂ ਨਹੀਂ ਦਿੰਦਾ?"

"ਮੰਮੀ, ਏਹ ਹੁਣ ਤੁਹਾਡੇ ਕੋਲ਼ ਨਹੀਂ ਮੇਰੇ ਕੋਲ਼ ਏ, ਸਾਰੀ ਉਮਰ ਤੁਹਾਡੇ ਕੋਲ਼ ਈ ਤਾ ਰਹੀ ਏ, ...ਅਸੀਂ ਤੁਹਾਡੇ ਕੰਨੀਂ ਕਿਉਂ ਨਹੀਂ ਆਉਂਦੇ ਤੁਸੀਂ ਵੀ ਜਾਣਦੇ ਓਂ।"

"ਕੁਝ ਵੀ ਹੋਵੇ ਪਰ ਸਾਡਾ ਦਿਲ ਕਰਦੈ ਕਿ ਸਾਡੀ ਧੀ ਸਾਡੇ ਘਰ ਆਵੇ।"

"ਫੇਰ ਪੱਕੀਓ ਲੈ ਜਾਓ, 'ਕੇਰਾਂ!"

ਪਰਕਾਸ਼ ਕੋਰ ਇਕ ਵਾਰ ਫਿਰ ਚਾਰ ਹਫਤੇ ਇੰਡੀਆ ਰਹਿ ਆਈ। ਉਹ ਛੋਟੀਆਂ ਦੋਨਾਂ ਨੂੰ ਨਾਲ ਲੈ ਜਾਣਾ ਚਾਹੁੰਦੀ ਸੀ ਪਰ ਸੁਰਜਨ ਨਾ ਮੰਨਿਆਂ। ਉਹ ਨਹੀਂ ਸੀ ਚਾਹੁੰਦਾ ਕਿ ਕੁੜੀਆਂ ਦੀ ਪੜ੍ਹਾਈ ਖਰਾਬ ਹੋਵੇ। ਸੁਖਵੀਰ ਪਹਿਲਾਂ ਹੀ ਤੈਰਾਕੀ ਵਿਚ ਪਿੱਛੇ ਰਹਿ ਗਈ ਸੀ, ਉਸ ਨੂੰ ਵਾਧੂ ਸਬਕ ਲੈਣੇ ਪੈ ਰਹੇ ਸਨ। ਪਰਕਾਸ਼ ਕੋਰ ਨੂੰ ਤਾਂ ਜਿਵੇਂ ਇੰਡੀਆ ਜਾਣ ਦਾ ਕੋਈ ਬਹਾਨਾ ਚਾਹੀਦਾ ਹੋਵੇ। ਨਿਰਮਲ ਦੀ ਕੁੜੀ ਦਾ ਵਿਆਹ ਸੀ, ਅਚਾਨਕ ਚਿੱਠੀ ਆਈ ਤੇ ਫਿਰ ਨਿਰਮਲ ਨੇ ਫੋਨ ਵੀ ਕੀਤਾ ਸੀ। ਕਾਹਲੀ ਵਿਚ ਰੱਖਿਆ ਵਿਆਹ ਸੀ ਪਰ ਪਰਕਾਸ਼ ਕੋਰ ਨੇ ਦਿਨਾਂ ਵਿਚ ਹੀ ਤਿਆਰੀ ਖਿੱਚ ਲਈ। ਕੁੜੀਆਂ ਮਜ਼ਾਕ ਕਰ ਰਹੀਆਂ ਸਨ ਕਿ ਮੰਮੀ ਤਾਂ ਸਦਾ ਹੀ ਆਪਣਾ ਅਟੈਚੀ ਤਿਆਰ ਰੱਖਦੀ ਹੈ ਕਿ ਪਤਾ ਨਹੀਂ ਕਿਹੜੇ ਵੇਲੇ ਇੰਡੀਆ ਜਾਣਾ ਪੈ ਜਾਵੇ। ਸਬੰਧ ਭਾਵੇਂ ਕਿਹੋ ਜਿਹੇ ਵੀ ਸਨ ਪਰ ਭਰਾ ਦੀ ਕੁੜੀ ਦੇ ਵਿਆਹ 'ਤੇ ਸੁਰਜਨ ਸਿੰਘ ਵੀ ਜਾਣਾ ਚਾਹੁੰਦਾ ਸੀ ਪਰੰਤੂ ਉਹ ਸਾਰੀਆਂ ਛੁੱਟੀਆਂ ਲੈ ਚੁੱਕਿਆ ਸੀ। ਉਸ ਦੀ ਲੰਡਨ ਘੁੰਮਣ ਦੀ ਖੱਬਤ ਹਾਲੇ ਵੀ ਕਾਇਮ ਸੀ। ਸਾਰੀਆਂ ਛੁੱਟੀਆਂ ਉਸ ਨੇ ਇਸੇ ਕੰਮ ਹੀ ਵਰਤ ਲਈਆਂ ਸਨ।

ਪਰਕਾਸ਼ ਕੋਰ ਵਾਪਸ ਆਈ ਤਾਂ ਪਹਿਲਾਂ ਵਾਂਗ ਹੀ ਉਸ ਕੋਲ ਸੁਣਾਉਣ ਵਾਲੀਆਂ ਕਹਾਣੀਆਂ ਦਾ ਪੂਰਾ ਖਜ਼ਾਨਾ ਸੀ। ਨਿਰਮਲ ਤੇ ਉਸ ਦੀ ਪਤਨੀ ਨਾਲ ਹਿਰਖ ਮੱਠਾ ਪੈ ਚੁੱਕਿਆ ਸੀ। ਐਤਕੀਂ ਤਾਂ ਉਹ ਚੱਕ ਜਾ ਕੇ ਕੁਝ ਦਿਨ ਰਹਿ ਕੇ ਵੀ ਆਈ ਸੀ। ਰਾਤ ਨੂੰ ਸੌਣ ਵੇਲੇ ਉਹ ਪਤੀ ਨੂੰ ਕਹਿਣ ਲਗੀ,

"ਜੀ, ਆਪਾਂ ਤਾਂ ਫਾਡੀ ਰਹਿ ਗਏ, ...ਨਿਰਮਲ ਮੋਰਚਾ ਮਾਰ ਗਿਆ।"

"ਕੀ ਹੋ ਗਿਆ ਬੁੜ੍ਹੀਏ?"

"ਪਲਵਿੰਦਰ ਨੂੰ ਪਰੋਫੈਸਰ ਮੁੰਡਾ ਮਿਲਿਐ!"

"ਅੱਛਾ! ਇਹ ਤਾਂ ਬਹੁਤ ਚੰਗਾ ਹੋਇਆ!"

"ਫਗਵਾੜੇ ਕਾਲਜ ਪੜ੍ਹਾਉਂਦੈ, ਬਹੁਤ ਚੰਗਾ ਮੁੰਡਾ, ਸੱਚ ਕਹਿੰਦੇ ਆ ਲੋਕ ਬਈ ਪੜ੍ਹਾਈ ਨਾਲ ਅਕਲ ਆ ਜਾਂਦੀ ਐ, ...ਸਾਡੀਆਂ ਕੁੜੀਆਂ ਦੀ ਕਿਸਮਤ ਮਾੜੀ ਸੀ ਜਿਹੜੇ ਆਹ ਮੂਰਖ ਮਿਲ ਗਏ!"

ਉਹ ਪਲ ਕੁ ਲਈ ਚੁੱਪ ਹੋ ਗਈ ਜਿਵੇਂ ਮੁੰਡੇ ਦੀ ਤਸਵੀਰ ਉਸ ਦੇ ਅੱਖਾਂ ਸਾਹਮਣੇ ਆ ਗਈ ਹੋਵੇ। ਫਿਰ ਬੋਲੀ,

"ਬਹੁਤ ਸੁਹਣਾ ਮੁੰਡਾ ਐ, ਗੱਲ ਕਰਨ ਦਾ ਵੀ ਬਹੁਤ ਸਲੀਕਾ, ਬਹੁਤ ਹੀ ਸਾਦਗੀ! ...ਤੁਹਾਡੀ ਭਰਜਾਈ ਕੋਲ ਚੁਲ੍ਹੇ ਮੂਹਰੇ ਬੈਠ ਕੇ ਈ ਰੋਟੀ ਖਾ ਲਿਆ ਕਰੇ। ਤੁਰੇ ਫਿਰਦੇ ਵਲ ਦਿਲ ਕਰੇ ਕਿ ਦੇਖੀ ਜਾਵਾਂ!"

"ਚਲੋ, ਕੋਈ ਤਾਂ ਸੁਖੀ ਹੋਇਆ।"

"ਮੈਂ ਤਾਂ ਆਪ ਐਤਕੀਂ ਬਾਬਾ ਜੁਆਲਾ ਸ਼ਾਹ ਦਾ ਰੋਟ ਸੁਖਿਆ।"

"ਅੱਛਾ! ਹੁਣ ਕੀ ਮੰਗਿਐ?"

"ਇਹੀ ਕਿ ਸੁਰਿੰਦਰ ਨੂੰ ਹੁਣ ਏਨਾ ਪੜ੍ਹਿਆ ਮੁੰਡਾ ਈ ਮਿਲੇ।"

ਸੁਰਜਨ ਸਿੰਘ ਨੂੰ ਉਸ ਦੀ ਗੱਲ ਤੇ ਹਾਸਾ ਵੀ ਆਇਆ ਤੇ ਕੁਝ ਕੁ ਗੁੱਸਾ ਵੀ। ਉਹ ਬੋਲਿਆ,

"ਹਾਲੇ ਤੇਰਾ ਵਹਿਮ ਗਿਆ ਨਈਂ!"

"ਇਹ ਵਹਿਮ ਕਾਹਦਾ ਜੀ, ਸਭ ਕੁਝ ਓਹਦੇ ਹੱਥ 'ਚ ਐ।"

"ਅਗੇ ਓਹਨੇ ਕੀ ਤੇਰਾ ਕੀ ਸੁਆਰ ਦਿਤਾ, ਏਨੇ ਰੋਟ ਖਰਾਬ ਕੀਤੇ!"

"ਏਦਾਂ ਨਾ ਕਹੋ, ਸਭ ਕੁਝ ਉਹਦੇ ਅਸ਼ੀਰਵਾਦ ਨਾਲ ਹੀ ਐ, ...ਹੁਣ ਦੇਖਿਓ ਉਹ ਜ਼ਰੂਰ ਬੌਹੜੂ!"

ਪਰਕਾਸ਼ ਕੋਰ ਨੇ ਬਾਬਾ ਜੁਆਲਾ ਸ਼ਾਹ ਉਪਰ ਆਪਣੇ ਭਰੋਸੇ ਸ਼ਾਅਦੀ ਭਰੀ। ਸੁਰਜਨ ਸਿੰਘ ਉਸ ਨੂੰ ਵਹਿਮਾਂ ਭਰਮਾਂ ਤੋਂ ਰੋਕਦਾ ਰਹਿੰਦਾ, ਸਮਝਾਉਣ ਦੀ ਕੋਸ਼ਿਸ਼ ਕਰਦਾ। ਕਈ ਗੱਲਾਂ ਨੂੰ ਉਹ ਸਮਝ ਵੀ ਲੈਂਦੀ ਪਰ ਜਦ ਉਹ ਰੱਬ ਦੀ ਹੋਂਦ ਨੂੰ ਨਕਾਰ ਦਿੰਦਾ ਤਾਂ ਪਰਕਾਸ਼ ਕੋਰ ਨੂੰ ਲਗਦਾ ਕਿ ਉਸ ਨੂੰ ਕੋਈ ਜਿੰਨ ਚੁੰਬੜ ਗਿਆ ਹੈ। ਕੋਈ ਵਕਤ ਸੀ ਕਿ ਸੁਰਿੰਦਰ ਤੋਂ ਬਾਅਦ ਹੋਏ ਮੁੰਡੇ ਦੀ ਮੌਤ ਦਾ ਕਾਰਨ ਉਹ ਪਤੀ ਦੀ ਨਾਸਤਿਕਤਾ ਨੂੰ ਹੀ ਸਮਝਦੀ ਸੀ। ਉਸ ਸਦਮੇ ਵਿਚੋਂ ਉਹ ਬਹੁਤ ਮੁਸ਼ਕਲ ਨਾਲ ਨਿਕਲੀ ਸੀ। ਸਭ ਕੁਝ ਠੀਕ ਚਲਦੇ ਚਲਦੇ ਉਹ ਬਲਜਿੰਦਰ ਦੇ ਵਿਆਹ ਤੋਂ ਬਾਅਦ ਮੁੜ ਵਹਿਮਣ ਜਿਹੀ ਹੋਣ ਲਗੀ ਸੀ। ਹੁਣ ਬਾਬਾ ਜੁਆਲਾ ਸ਼ਾਹ ਦੇ ਮਜ਼ਾਰ 'ਤੇ ਸੁੱਖਿਆ ਰੋਟ ਉਸ ਨੂੰ ਤਸੱਲੀ ਦੇ ਰਿਹਾ ਸੀ। ਪਹਿਲਾਂ ਸੁਰਜਨ ਸਿੰਘ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਜਿਹਾ ਕੁਝ ਨਹੀਂ ਹੁੰਦਾ, ਜਦ ਉਹ ਨਾ ਮੰਨੀ ਤਾਂ ਉਹ ਬੋਲਿਆ,

"ਤੂੰ ਬੁੜ੍ਹੀ ਹੋ ਗਈ ਪਰ ਕਮਲ਼ ਕੁੱਟਣੋਂ ਨਹੀਂ ਹਟੀ!"

"ਤੁਹਾਨੂੰ ਤਾਂ ਗੱਲ ਦੱਸਣ ਵਿਚ ਸੌ ਦਾ ਘਾਟੈ, ...ਬਥੇਰੀ ਵਾਰੀ ਬਾਬਾ ਜੁਆਲਾ ਸ਼ਾਹ ਨੇ ਮੇਰੀ ਮੰਨਤ ਪੂਰੀ ਕੀਤੀ ਐ।"

"ਅੱਛਾ! ਕਿਹੜੀ ਕਿਹੜੀ?"

"ਪਹਿਲਾਂ ਤਾਂ ਕਿ ਤੁਸੀਂ ਵਾਲ਼ ਨਾ ਕਟਾਵੋਂ, ਦੂਜੀ ਤੁਸੀਂ ਸਾਨੂੰ ਜਲਦੀ ਸੱਦ ਲਵੋਂ, ...ਤੀਜੀ...।"
"ਤੀਜੀ ਕਿਹੜੀ?"
"ਛੱਡੋ ਪਰ੍ਹਾਂ, ...ਗੋਰੀ ਬਾਰੇ ਜਾਣ ਕੇ ਅਣਜਾਣ ਨਾ ਬਣੋ!"

## ਚੌਦਾਂ

ਮਹੀਨਾ ਮਾਰਚ। ਸਲੀਟ ਪੈ ਜਾਣ ਕਾਰਨ ਮੌਸਮ ਮਨਫੀ ਦਰਜੇ 'ਤੇ ਜਾ ਪੁੱਜਿਆ। ਇਹ ਦਿਨ ਰਾਤ ਬਰਾਬਰ ਹੋਣ ਦੇ ਦਿਨ ਸਨ ਪਰ ਤਿੰਨ ਵਜੇ ਸਟ੍ਰੀਟ ਲਾਈਟਸ ਜਗ ਪਈਆਂ ਸਨ। ਐਤਵਾਰ ਦਾ ਦਿਨ ਸੀ। ਅਜਿਹੇ ਮੌਸਮ ਦੇ ਐਤਵਾਰ ਨੂੰ ਲੰਡਨ ਉਜਾੜ ਜਿਹਾ ਦਿਸਣ ਲਗਦਾ ਪਰ ਮੈਰਲੀਬੋਨ ਰੋਡ ਉਪਰ ਟਰੈਫਿਕ ਦੀ ਭਰਮਾਰ ਸੀ। ਕਾਰਾਂ ਹੌਲੀ ਹੌਲੀ ਤੁਰ ਰਹੀਆਂ ਸਨ। ਇਕ ਪਾਸੇ ਸੜਕ ਦੀ ਮੁਰੰਮਤ ਦੇ ਲਗੇ ਬੋਰਡ ਨੂੰ ਦੇਖ ਕੇ ਲੋਕ ਇਸ ਭੀੜ ਦਾ ਕਾਰਨ ਸਮਝ ਰਹੇ ਸਨ।

ਸਰੂਪ ਸੋਚ ਰਿਹਾ ਸੀ ਕਿ ਕਿਹੜੀ ਸਾਈਡ ਰੋਡ ਲੈ ਕੇ ਇਸ ਟਰੈਫਿਕ ਨੂੰ ਝਕਾਨੀ ਦਿਤੀ ਜਾ ਸਕਦੀ ਹੈ। ਕਾਰ 'ਮੈਡਮ ਟੁਸੈਡ' ਦੇ ਬਰਾਬਰ ਆਈ ਤਾਂ ਲੋਕਾਂ ਦੀ ਲੰਮੀ ਕਤਾਰ ਵਲ ਦੇਖਦਾ ਬਬਲੂ ਸ਼ੋਰ ਮਚਾਉਂਦਾ ਕਹਿਣ ਲਗਿਆ,
"ਡੈਡੀ ਓਥੇ ਜਾਣਾਂ।"
"ਚਲਾਂਗੇ ਕਿਸੇ ਦਿਨ।"
"ਨਹੀਂ, ਹੁਣੇ ਜਾਣਾਂ।"
"ਦੇਖ ਬਾਹਰ ਠੰਡ ਕਿੰਨੀ ਐਂ!"

ਸਰੂਪ ਨੇ ਕਿਹਾ ਤੇ ਸਤਨਾਮੀ ਚਾਰ ਸਾਲ ਦੇ ਬਬਲੂ ਨੂੰ ਟਾਲਣ ਲਈ ਉਸ ਨਾਲ ਗੱਲਾਂ ਕਰਨ ਲਗੀ। ਬਬਲੂ ਤੇ ਉਸ ਤੋਂ ਛੋਟੀ ਸੀਮਾ ਪਿਛਲੀ ਸੀਟ 'ਤੇ ਬੈਠੇ ਮੰਮੀ-ਡੈਡੀ ਦਾ ਧਿਆਨ ਖਿਚਣ ਲਈ ਕੁਝ ਨਾ ਕੁਝ ਕਰੀ ਜਾ ਰਹੇ ਸਨ। ਕਾਰ ਚਲਾਉਂਦਾ ਸਰੂਪ ਸਤਨਾਮੀ ਨੂੰ ਲੰਡਨ ਦੀਆਂ ਸੜਕਾ ਬਾਰੇ ਤੇ ਸਾਈਨਾਂ ਬਾਰੇ ਜਾਣਕਾਰੀ ਵੀ ਦੇਈ ਜਾ ਰਿਹਾ ਸੀ। ਅਜ ਕਲ ਸਤਨਾਮੀ ਕਾਰ ਚਲਾਉਣੀ ਸਿਖਣ ਦੇ ਸਬਕ ਲੈ ਰਹੀ ਸੀ। ਸਰੂਪ ਸਤਨਾਮੀ ਨੂੰ ਦੱਸਣ ਲਗਿਆ,
"ਲੰਡਨ ਵਿਚ ਬੰਦਾ ਸਹਿਜੇ ਈ ਭੁੱਲ ਜਾਂਦੈ, ਵਨ ਵੇਅ ਤੋਂ ਬਚਣ ਦੀ ਸਖਤ ਜ਼ਰੂਰਤ ਐ ਪਰ ਲੰਡਨ ਦੇ ਟਰੈਫਿਕ ਦੀ ਵਿਸ਼ੇਸ਼ਤਾ ਇਹ ਐ ਕਿ ਇਹ ਵਨ ਵੇਅ ਦੇ ਤਰੀਕੇ ਨਾਲ ਹੀ ਕਾਬੂ ਵਿਚ ਰਹਿੰਦੈ। ...ਜੇ ਤੁਸੀਂ ਅਵੇਸਲੇ ਹੋ ਕੇ ਗਲਤ ਦਿਸ਼ ਲੈ ਵਨ ਵੇਅ ਵਿਚ ਪੈ ਜਾਵੋਂ ਤਾਂ ਕਿਤੇ ਦੇ ਕਿਤੇ ਜਾ ਪਹੁੰਚੋਂਗੇ।"
"ਨਾ ਜੀ, ਜੇ ਇਹ ਰਾਹ ਜਾਂਦਾ ਈ ਵਨ ਵੇਅ ਵਿਚ ਦੀ ਹੋਵੇ ਤਾਂ...?"

ਸਰੂਪ ਨੇ ਪਤਨੀ ਵਲ ਦੇਖਿਆ ਤੇ ਹੱਸਣ ਲਗਿਆ ਜਿਵੇਂ ਉਸ ਨੇ ਇਹ ਗੱਲ ਪਹਿਲਾਂ ਸੋਚੀ ਹੀ ਨਾ ਹੋਵੇ, ਬੋਲਿਆ,
"ਲੰਡਨ ਵਿਚ ਚਲਣ ਦਾ ਅਸੂਲ ਈ ਵਨ ਵੇਅ ਐ ਬਸ ਇਸੇ ਗੱਲ ਦਾ ਧਿਆਨ ਰੱਖਣ ਦੀ ਲੋੜ ਐ।"

ਸਤਨਾਮੀ ਦੇ ਕੁਝ ਵੀ ਪੱਲੇ ਨਾ ਪਿਆ; ਨਾ ਸਰੂਪ ਦਾ ਹੱਸਣਾ ਤੇ ਨਾ ਹੀ ਵਨ ਵੇਅ ਦਾ ਅਸੂਲ। ਉਹ ਕਹਿਣ ਲਗੀ,
"ਛੱਡੋ ਏਸ ਗੱਲ ਨੂੰ, ਮੈਂ ਤਾਂ ਕਹਿੰਨੀ ਆਂ ਬਈ ਦਿਲਬਾਗ ਭਾਜੀ ਨਾਲ ਈ ਸਿੱਧੀ ਗੱਲ ਕਰੋ, ਸਾਡੇ ਨੇੜੇ ਤਾਂ ਉਹੀ ਐ। ਕਿਤੇ ਗੁੱਸਾ ਈ ਨਾ ਕਰ ਜਾਵੇ, ਤੁਹਾਨੂੰ ਪਤਾ ਈ ਐ ਉਹਦੇ ਸੁਭਾਅ ਦਾ।"
"ਉਹਨੂੰ ਸੀਰੀਅਸਲੀ ਈ ਕੌਣ ਲੈਂਦੈ, ਗੁੱਸਾ ਕਰੂ ਤਾਂ ਮੈਨੂੰ ਮਨਾਉਣਾ ਆਉਂਦੈ, ਦੋ ਗੱਪਾਂ ਮਾਰੋ ਤੇ ਚਾਰ ਓਹਦੀਆਂ ਸੁਣ ਲਵੋ, ਬਸ ਮੰਨ ਗਿਆ ਦਿਲਬਾਗ ਸੂੰਹ!"

ਗੱਲ ਕਰਦੇ ਸਰੂਪ ਨੇ ਕਾਰ ਰੀਜੈਂਟ ਪਾਰਕ ਦੇ ਨਾਲ ਵਾਲੀ ਰੋਡ ਤੇ ਮੋੜ ਲਈ ਜਿਹੜੀ ਕਿ ਸਿਧੀ ਕੈਮੇਡਨ ਟਾਊਨ ਜਾ ਨਿਕਲਦੀ ਸੀ ਤੇ ਉਸ ਨੇ ਉਤਰੀ ਲੰਡਨ ਵਿਚ ਦੀ ਹੁੰਦੇ ਹੋਏ ਪੂਰਬੀ ਲੰਡਨ ਜਾ ਪੁੱਜਣਾ ਸੀ। ਰਾਹ ਕੁਝ ਲੰਮੇਰਾ ਸੀ ਪਰ ਟਰੈਫਿਕ ਤੋਂ ਬਚਾਓ ਹੋ ਜਾਣਾ ਸੀ। ਉਹ ਅਰਜਨ ਸਿੰਘ ਨੂੰ ਮਿਲਣ ਜਾ ਰਹੇ ਸਨ। ਅਜ ਜਾਣ ਦਾ ਖਾਸ ਮਕਸਦ ਸੀ। ਸਰੂਪ ਆਪਣੇ ਚਾਚੇ ਦੇ ਮੁੰਡੇ ਗੁਲਵੰਤ ਲਈ ਸੁਰਜਨ ਦੀ ਕੁੜੀ ਸੁਰਿੰਦਰ ਦਾ ਰਿਸ਼ਤਾ ਮੰਗਣਾ ਚਾਹੁੰਦਾ ਸੀ। ਜਾਣਦਾ ਤਾਂ ਉਹ ਸੁਰਜਨ ਨੂੰ ਵੀ ਸੀ ਪਰ ਰਿਸ਼ਤਾ ਵਿਚੋਲੇ ਰਾਹੀਂ ਹੀ ਹੋ ਸਕਣਾ ਸੀ। ਸਰੂਪ ਆਪਣੇ ਟੱਬਰ ਨਾਲ ਇਸੇ ਹਫਤੇ ਇੰਡੀਆ ਤੋਂ ਆਇਆ ਸੀ। ਉਸ ਕੋਲ ਅਰਜਨ ਸਿੰਘ ਦੇ ਕਈ ਸੁਨੇਹੇ ਸਨ; ਕੁਝ ਸੂਟ, ਕੁਝ ਰੁੱਕੇ, ਦੋ ਕਿਲੋ ਗੁੜ ਆਦਿ। ਪਿਛਲੇ ਪੰਜਾਂ ਸਾਲਾਂ ਵਿਚ ਪਿੰਡ ਵਿਚ ਤੇ ਰਿਸ਼ਤੇਦਾਰੀ ਵਿਚ ਆਈ ਤਬਦੀਲੀ ਉਸ ਨੂੰ ਹੈਰਾਨ ਕਰ ਗਈ ਸੀ। ਸਭ ਤੋਂ ਵੱਧ ਹੈਰਾਨੀ ਉਸ ਨੂੰ ਗੁਲਵੰਤ ਵਲ ਦੇਖ ਕੇ ਹੋ ਰਹੀ ਸੀ। ਉਹ ਵਾਰ ਵਾਰ ਕਹਿ ਉਠਦਾ,

www.PunjabiLibrary.com

"ਮੈਨੂੰ ਤਾਂ ਯਕੀਨ ਈ ਨਹੀਂ ਆਉਂਦਾ ਕਿ ਸੁਕੜੂ ਜਿਹਾ, ਪਤਲੂ ਜਿਹਾ ਗੁੱਲੂ ਏਨਾ ਜਵਾਨ ਨਿਕਲ ਆਊ, ...ਤੇ ਲੋਕ ਉਹਨੂੰ ਚੱਠਾ ਸਾਬ, ਚੱਠਾ ਸਾਬ ਕਹਿੰਦੇ ਫਿਰਨਗੇ!"

ਗੱਲਾਂ ਕਰਦਿਆਂ ਉਸ ਨੂੰ ਆਪਣੇ ਚਚੇਰੇ ਭਰਾ 'ਤੇ ਲੋਹੜੇ ਦਾ ਮਾਣ ਹੋਣ ਲਗਦਾ। ਜਦ ਉਹ ਵਿਆਹ ਕਰਾਉਣ ਗਿਆ ਤਾਂ ਗੁੱਲੂ ਕਾਲਜ ਪੜ੍ਹਦਾ ਸੀ। ਸਾਂਝੇ ਟੱਬਰ ਵਿਚ ਰਹਿੰਦੇ ਹੋਣ ਕਰਕੇ ਗੁੱਲੂ ਦੇ ਭਵਿੱਖ ਬਾਰੇ ਫਿਕਰ ਕਰਦਾ ਰਿਹਾ ਸੀ। ਉਹ ਸੋਚਦਾ ਕਿ ਜ਼ਮੀਨ ਉਹਨਾਂ ਦੀ ਬਹੁਤ ਥੋੜੀ ਹੀ ਸੀ ਤੇ ਜੱਟਾਂ ਨੂੰ ਨੌਕਰੀ ਕੋਈ ਮਿਲਦੀ ਨਹੀਂ ਇਸ ਲਈ ਗੁੱਲੂ ਨੂੰ ਇੰਗਲੈਂਡ ਹੀ ਸੱਦਣਾ ਪੈਣਾ ਸੀ। ਇੰਗਲੈਂਡ ਨਹੀਂ ਤਾਂ ਕਿਸੇ ਹੋਰ ਮੁਲਕ ਪਰ ਇੰਡੀਆ ਵਿਚ ਉਸ ਦਾ ਭਵਿੱਖ ਐਸਾ ਵੈਸਾ ਹੀ ਹੋਵੇਗਾ। ਹੁਣ ਜਦ ਉਹ ਇੰਡੀਆ ਗਿਆ ਤਾਂ ਗੁੱਲੂ ਵਲ ਦੇਖ ਹੈਰਾਨ ਹੁੰਦੇ ਹੋਏ ਮਨ ਹੀ ਮਨ ਸੁਰਜਨ ਦੀ ਤੀਜੇ ਨੰਬਰ ਦੀ ਕੁੜੀ ਨਾਲ ਰਿਸ਼ਤੇ ਦੀ ਗੱਲ ਸੋਚ ਲਈ ਸੀ। ਉਹ ਮਨ ਹੀ ਮਨ ਉਸ ਕੁੜੀ ਦੀ ਗੁੱਲੂ ਨਾਲ ਜੋੜੀ ਬਣਾ ਕੇ ਦੇਖਣ ਵੀ ਲਗਿਆ ਸੀ।

ਰਮਫੋਰਡ ਰੋਡ ਤੋਂ ਉਹ ਈਸਟ ਹੈਮ ਗਰੀਨ ਸਟ੍ਰੀਟ ਤੇ ਮੁੜ ਗਏ। ਗਰੀਨ ਸਟ੍ਰੀਟ ਉਪਰ ਬਹੁਤ ਸਾਰੀਆਂ ਨਵੀਂਆਂ ਦੁਕਾਨਾਂ ਖੁਲ੍ਹ ਚੁੱਕੀਆਂ ਸਨ, ਸਾਰੀਆਂ ਦੀਆਂ ਸਾਰੀਆਂ ਹੀ ਦੇਸੀ। ਐਤਵਾਰ ਨੂੰ ਵੀ ਸਾਰਾ ਬਜ਼ਾਰ ਖੁਲ੍ਹਾ ਸੀ। ਰੇਲਵੇ ਪੁੱਲ ਪਾਰ ਕਰਕੇ ਉਹ ਖੱਬੇ ਹੱਥ ਡਰਬੀ ਰੋਡ 'ਤੇ ਮੁੜ ਗਏ। ਘਰ ਮੂਹਰੇ ਨਵੀਂ ਬਣੀ ਪੋਰਚ ਕਾਰਨ ਘਰ ਪੱਛਾਣਿਆਂ ਨਹੀਂ ਸੀ ਜਾ ਰਿਹਾ। ਘਰ ਮੂਹਰੇ ਖੜ੍ਹਦੀ ਕਾਰ ਨੂੰ ਅਮਰਜੀਤ ਨੇ ਪਰਦਿਆਂ ਰਾਹੀ ਦੇਖ ਲਿਆ। ਉਹ ਵੀ ਉਹਨਾਂ ਦੀ ਉਡੀਕ ਕਰ ਰਹੀ ਸੀ। ਉਸ ਦੇ ਮਾਂਪਿਓ ਦੇ ਸੁਨੇਹੇ ਵੀ ਉਹਨਾਂ ਹੱਥ ਆ ਰਹੇ ਸਨ। ਅਮਰਜੀਤ ਨੂੰ ਪਰਮੀਤ ਨਾਲ ਵਿਆਹਿਆਂ ਦੋ ਸਾਲ ਹੋ ਗਏ ਸਨ। ਇਹ ਦੋ ਸਾਲ ਅਮਰਜੀਤ ਨੂੰ ਬਹੁਤ ਲੰਮੇ ਲਗ ਰਹੇ ਸਨ; ਵੀਹ ਸਾਲਾਂ ਜਿੰਨੇ। ਉਸ ਨੇ ਕਾਹਲੀ ਨਾਲ ਬੂਹਾ ਖੋਹਲਿਆ ਤੇ ਸਤਨਾਮੀ ਦੇ ਗਲ਼ ਲਗ ਗਈ। ਫਿਰ ਸਰੂਪ ਨੂੰ ਫਤਿਹ ਬੁਲਾਉਂਦੀ ਬੱਚਿਆਂ ਨਾਲ ਤੋਤਲੀਆਂ ਜਿਹੀਆਂ ਗੱਲਾਂ ਮਾਰਨ ਲਗੀ। ਉਹ ਉਹਨਾਂ ਦੇ ਮੂਹਰੇ ਤੁਰਦੀ ਫਰੰਟ ਰੂਮ ਵਿਚ ਆ ਗਈ। ਸਾਰੇ ਘਰ ਹੀ ਸਨ। ਸਾਰੇ ਹੈਰਾਨ ਸਨ ਕਿ ਇੰਡੀਆ ਗਿਆਂ ਦੇ ਇੰਨੀ ਜਲਦੀ ਰੰਗ ਇੰਨੇ ਕਾਲ਼ੇ ਕਿਵੇਂ ਹੋ ਗਏ, ਖਾਸ ਤੌਰ 'ਤੇ ਬੱਚਿਆਂ ਦੇ। ਹਾਲਾਂ ਕਿ ਇਹ ਸਿਆਲੂ ਦਿਨ ਹੀ ਸਨ। ਗੁਰਬੰਸ ਕੋਰ ਨੇ ਸਰੂਪ ਤੋਂ ਘਰ ਦੇ ਇਕ ਇਕ ਜੀਅ ਦਾ ਹਾਲ-ਚਾਲ ਪੁੱਛਿਆ। ਪਰਮੀਤ ਤੋਂ ਛੋਟੇ ਹਰਮੀਤ ਦੇ ਰਿਸ਼ਤੇ ਦੀ ਗੱਲ ਜਲੰਧਰ ਦੇ ਇਕ ਵਿਓਪਾਰੀ ਦੀ ਕੁੜੀ ਨਾਲ ਚੱਲ ਰਹੀ ਸੀ। ਕੁੜੀ ਦੇਖਣ ਦੀ ਜ਼ਿੰਮੇਵਾਰੀ ਸਤਨਾਮੀ ਦੀ ਲਾਈ ਹੋਈ ਸੀ। ਗੁਰਬੰਸ ਕੌਰ ਦੇ ਪੁੱਛਣ ਤੇ ਸਤਨਾਮੀ ਬੋਲੀ,

"ਮਾਸੀ ਜੀ, ਸਾਫ ਗੱਲ ਤਾਂ ਇਹ ਐ ਕਿ ਕੁੜੀ ਮੁੰਡੇ ਦੇ ਬਰਾਬਰ ਦੀ ਨਹੀਂ, ਹਾਂ ਫੈਮਲੀ ਬਹੁਤ ਰਿੱਚ ਐ, ਸਾਡੇ ਕੋਲ ਤਾਂ ਉਹ ਚੀਜ਼ਾਂ ਹੈ ਹੀ ਨਹੀਂ ਜਿਹੜੀਆਂ ਉਹਨਾਂ ਕੋਲ ਐ।"

"ਸਤਨਾਮੀ, ਕੁੜੀ ਦੀ ਗੱਲ ਦੱਸ, ਆਪਾਂ ਉਹਨਾਂ ਦੇ ਰਿੱਚ ਹੋਣ ਤੋਂ ਕੀ ਲੈਣਾਂ।"

"ਮਾਸੀ ਜੀ, ਇਕ ਤਾਂ ਕੁੜੀ ਮਧਰੀ ਐ ਤੇ ਦੂਜੇ ਗੱਲਾਂ ਬਹੁਤ ਕਰਦੀ ਐ, ਆਪਣਾ ਹਰਮੀਤ ਤਾਂ ਚੁੱਪ ਰਹਿੰਦਾ ਐ ਪਰ ਉਹ ਤਾਂ ਕੁਚਰ ਕੁਚਰ ਬੋਲੀ ਈ ਜਾਂਦੀ ਐ, ਫਿਲਮਾਂ ਦੀਆਂ ਗੱਲਾਂ, ਫੈਸ਼ਨ ਦੀਆਂ ਗੱਲਾਂ...!"

"ਇਹਦਾ ਮਤਲਬ ਤੂੰ ਕੁੜੀ ਰਿਜੈਕਟ ਕਰ 'ਤੀ।"

ਗੁਰਬੰਸ ਕੋਰ ਨੇ ਕਿਹਾ। ਉਹ ਇਸ ਰਿਸ਼ਤੇ ਨੂੰ ਲੈ ਕੇ ਬਹੁਤ ਉਤਸ਼ਾਹ ਵਿਚ ਸੀ। ਅਰਜਨ ਸਿੰਘ ਦੀ ਭੈਣ ਨੇ ਇਸ ਰਿਸ਼ਤੇ ਦੀ ਦੱਸ ਪਾਈ ਸੀ ਪਰ ਸਤਨਾਮੀ ਨੇ ਆ ਕੇ ਬਾਜ਼ੀ ਪਲਟ ਦਿਤੀ। ਅਰਜਨ ਸਿੰਘ ਕਹਿਣ ਲਗਿਆ,

"ਮੈਨੂੰ ਤਾਂ ਪਹਿਲਾਂ ਈ ਇਹ ਗੱਲ ਸਹੀ ਨਹੀਂ ਸੀ ਜਾਪਦੀ, ਕਿਥੇ ਉਹ ਕਾਰਖਾਨੇਦਾਰ ਤੇ ਕਿੱਥੇ ਅਸੀਂ ਮਜ਼ਦੂਰ, ਓਵਰ ਟਾਈਮ ਲਾ ਕੇ ਗੁਜ਼ਾਰਾ ਕਰਨ ਵਾਲੇ!"

ਸਤਨਾਮੀ ਆਪਣੀ ਖੱਲ ਬਚਾਉਣ ਖਾਤਰ ਬੋਲੀ,

"ਵੈਸੇ ਕੁੜੀ ਐਡੀ ਮਾੜੀ ਵੀ ਨਹੀਂ, ਤੁਸੀਂ ਆਪ ਜਾ ਕੇ ਇਕ ਵਾਰੀ ਦੇਖ ਲਓ, ਫੇਰ ਫੈਸਲਾ ਕਰਨਾ।"

ਜਦ ਤਕ ਅਮਰਜੀਤ ਚਾਹ ਲੈ ਕੇ ਆ ਗਈ। ਗੁਰਬੰਸ ਕੋਰ ਸਤਨਾਮੀ ਨੂੰ ਪੁੱਛਣ ਲਗੀ,

"ਅਮਰਜੀਤ ਵਰਗੀ ਹੈ ਕਿ ਨਹੀਂ?"

"ਨਹੀਂ ਮਾਸੀ ਜੀ, ਅਮਰਜੀਤ ਨਾਲ ਓਹਦਾ ਕੋਈ ਮੁਕਾਬਲਾ ਨਹੀਂ।"

"ਇਹਨਾਂ ਨੇ ਐਵੇਂ ਹੀ ਕਾਹਲ਼ੀ ਪਾਈ ਹੋਈ ਸੀ, ਮੈਂ ਤਾਂ ਪਹਿਲਾਂ ਈ ਕਹਿੰਦਾ ਸੀ ਬਈ ਮੁੰਡਾ ਪੜ੍ਹਦਾ, ਇਹਨੂੰ ਪੜ੍ਹ ਲੈਣ ਦਿਓ, ਕਾਹਲ ਕਾਹਦੀ ਐ!"

ਅਰਜਨ ਸਿੰਘ ਨੇ ਆਖਿਆ। ਫਿਰ ਸਾਰੇ ਹੀ ਚੁੱਪ ਜਿਹੇ ਕਰ ਗਏ। ਸਰੂਪ ਨੇ ਇੰਦਰਜੀਤ ਨੂੰ ਖਿਝਾਉਂਦਾ ਬੋਲਿਆ,

"ਮੁੰਡਾ ਤਾਂ ਅਸੀਂ ਆਪਣੀ ਇੰਦਰੀ ਭੈਣ ਲਈ ਵੀ ਦੇਖ ਲਿਆ, ਮੁੰਡਾ ਬਹੁਤ ਚੰਗਾ ਐ ਬਸ ਇਕ ਲੱਤ ਜ਼ਰਾ ਛੋਟੀ ਐ ਤੇ ਇਕ ਬਜ਼ਾਰ ਬੰਦ ਐ!"

ਸਾਰੇ ਹੱਸਣ ਲਗੇ। ਇੰਦਰਜੀਤ ਮੁੱਕਾ ਬਣਾ ਕੇ ਸਰੂਪ ਪਿੱਛੇ ਭੱਜੀ। ਸਰੂਪ ਪਿੱਛੇ ਹਟਦਾ ਬੋਲਿਆ,

''ਸੌਰੀ ਸੌਰੀ! ਭਲਾ ਅਸੀਂ ਆਪਣੀ ਪਿਆਰੀ ਭੈਣ ਲਈ ਇਹੋ ਜਿਹਾ ਮੁੰਡਾ ਲੱਭਾਂਗੇ ਕੋਈ! ...ਅਸੀਂ ਤਾਂ ਕੋਈ ਪਰਿੰਸ ਲੱਭ ਕੇ ਲਿਆਵਾਂਗੇ, ਸਾਰੀ ਦੁਨੀਆਂ ਦੇਖੂ!''

ਕੁਝ ਦੇਰ ਹੋਰ ਗੱਲਾਂ ਤੋਂ ਬਾਅਦ ਸਰੂਪ ਅਸਲੀ ਮੁੱਦੇ ਵਲ ਵਧਣ ਲਈ ਰਾਹ ਮੋਕਲਾ ਕਰਨ ਲਗਿਆ। ਲਗਿਆ ਗੁਲਵੰਤ ਨੂੰ ਧੁਰਾ ਬਣਾ ਕੇ ਕੋਈ ਕਹਾਣੀ ਸੁਣਾਉਣ। ਗੁਲਵੰਤ ਦੀ ਪੜ੍ਹਾਈ, ਉਸ ਦੀ ਸਿਹਤ, ਜਵਾਨੀ ਤੇ ਉਸ ਦੀ ਨੌਕਰੀ ਦੀਆਂ ਤਰੀਫਾਂ ਕਰਨ ਲਗਿਆ। ਪੂਰੀ ਭਮਿਕਾ ਬੰਨ੍ਹ ਕੇ ਉਹਨੇ ਕਿਹਾ,

''ਮਾਸੜ ਜੀ, ਅਸੀਂ ਗੁਲਵੰਤ ਲਈ ਕੋਈ ਕੁੜੀ ਏਧਰ ਦੇਖਣੀ ਆਂ, ...ਇਹ ਮੇਰੀ ਡਿਊਟੀ ਐ, ਤੁਸੀਂ ਜਾਣਦੇ ਈ ਓ ਕਿ ਸਾਡੀ ਜੁਆਇੰਟ ਫੈਮਿਲੀ ਐ, ...ਅਸੀਂ ਸੋਚਦੇ ਆਂ ਕਿ ਅੰਕਲ ਸੁਰਜਨ ਸਿੰਘ ਦੀ ਤੀਜੇ ਨੰਬਰ ਦੀ ਕੁੜੀ ਵਿਆਹੁਣ ਵਾਲ਼ੀ ਐ।''

ਆਪਣੀ ਗੱਲ ਕਹਿ ਕੇ ਸਰੂਪ ਚੁੱਪ ਕਰ ਗਿਆ ਤਾਂ ਜੋ ਅਰਜਨ ਸਿੰਘ ਦੇ ਇਸ ਬਾਰੇ ਵਿਚਾਰ ਜਾਣ ਸਕੇ। ਅਰਜਨ ਸਿੰਘ ਨੇ ਪਤਨੀ ਵਲ ਦੇਖਿਆ ਜਿਵੇਂ ਉਸ ਨੂੰ ਕੁਝ ਕਹਿਣ ਲਈ ਕਹਿ ਰਿਹਾ ਹੋਵੇ। ਉਹ ਕਹਿਣ ਲਗੀ,

''ਸਰੂਪ, ਅਸੀਂ ਦਿਲਬਾਗ ਦਾ ਰਿਸ਼ਤਾ ਕਰਾਇਆ ਸੀ, ਉਹ ਬਹੁਤੇ ਖੁਸ਼ ਨਹੀਂ, ਤੂੰ ਵੀ ਜਾਣਦਾਂ ਉਹਨੂੰ ਪਰ ਹੁਣ ਦੂਜੇ ਜੁਆਈ ਨੇ ਤਾਂ ਉਹਨਾਂ ਨੂੰ ਬਿਲਕੁਲ ਈ ਟੰਗ ਰੱਖਿਐ, ...ਉਹਨਾਂ ਦਾ ਦਿਲ ਟੁੱਟਿਆ ਪਿਐ।''

''ਮਾਸੀ, ਇਹ ਵੀ ਠੀਕ ਐ ਪਰ ਜੇ ਇਕ ਜਾਂ ਦੋ ਜਵਾਈ ਮਾੜੇ ਨਿਕਲ ਜਾਣ ਤਾਂ ਬਾਕੀ ਦੀਆਂ ਕੁੜੀਆਂ ਕੁਆਰੀਆਂ ਥੋੜੋਂ ਰੱਖ ਲਈਦੀਆਂ!''

''ਉਹ ਤਾਂ ਗੱਲ ਠੀਕ ਐ ਪਰ ਉਹਨਾਂ ਨੂੰ ਕਹਿਣ ਦੀ ਹਿੰਮਤ ਨਹੀਂ ਰਹੀ ਹੁਣ।''

ਗੁਰਬੰਸ ਕੋਰ ਬੋਲੀ ਪਰ ਵਿਚੋਲਣ ਬਣਨਾ ਉਸ ਨੂੰ ਚੰਗਾ ਲਗਿਆ ਸੀ। ਸਰੂਪ ਨੇ ਕਿਹਾ,

''ਮਾਸੀ, ਇਹਦੇ ਵਿਚ ਹਿੰਮਤ ਦੀ ਕਿਹੜੀ ਗੱਲ ਐ, ਉਹ ਤਾਂ ਸਗੋਂ ਖੁਸ਼ ਹੋਣਗੇ ਕਿ ਤੁਸੀਂ ਉਹਨਾਂ ਦਾ ਫਿਕਰ ਕਰਦੇ ਓ, ਵਿਚੋਲੇ ਬਣਨਾ ਕੋਈ ਖਾਲਾ ਜੀ ਦਾ ਵਾੜ੍ਹਾ ਤਾਂ ਨਹੀਂ ਹੁੰਦਾ!''

ਪਰਕਾਸ਼ ਕੋਰ ਨੇ ਬੀਅਰ ਦੇ ਦੋ ਡੱਬੇ ਲਿਆ ਕੇ ਇਕ ਅਰਜਨ ਸਿੰਘ ਮੂਹਰੇ ਰੱਖ ਦਿਤਾ ਤੇ ਇਕ ਸੁਰਜਨ ਮੂਹਰੇ ਪਰ ਦੋਵਾਂ ਨੇ ਹੀ ਆਪਣੇ ਡੱਬੇ ਨਾ ਖੋਹਲੇ। ਉਹ ਗੱਲਾਂ ਕਰਦੇ ਰਹੇ। ਅਰਜਨ ਸਿੰਘ ਨੂੰ ਬੀਅਰ ਨਾ ਪੀਂਦੇ ਦੇਖ ਸੁਰਜਨ ਉਠਿਆ ਤੇ ਵਾਈਨ ਦੀ ਬੋਤਲ ਚੁੱਕ ਲਿਆਇਆ ਤੇ ਨਾਲ ਹੀ ਦੋ ਵਾਈਨ-ਗਲਾਸ। ਉਹ ਬੋਤਲ ਦੇ ਗਲ਼ੇ ਵਿਚ ਕੌਰਕ-ਸਕ੍ਰਿਊ ਫਸਾ ਰਿਹਾ ਸੀ ਕਿ ਅਰਜਨ ਸਿੰਘ ਨੇ ਪੁੱਛਿਆ,

''ਵਾਈਨ ਪੀਣ ਦੀ ਆਦਤ ਗਈ ਨਹੀਂ ਹਾਲੇ?''

''ਲੰਡਨ ਵਿਚ ਰਹਿ ਕੇ ਵਾਈਨ ਨਾ ਪੀਤੀ ਤਾਂ ਕੀ ਪੀਤਾ!''

ਉਸ ਦੇ ਵਿਅੰਗ ਵਿਚ ਕਹਿਣ 'ਤੇ ਅਰਜਨ ਸਿੰਘ ਮੁਸਕ੍ਰਾਇਆ। ਵਾਈਨ ਦਾ ਘੁੱਟ ਭਰਦਿਆਂ ਸੁਰਜਨ ਸਿੰਘ ਨੇ ਕਿਹਾ,

''ਅੱਜ ਤਾਂ ਬਈ ਅਚਾਨਕ ਈ ਛਾਪਾ ਮਾਰਿਆ! ...ਸੁੱਖ ਤਾਂ ਐ?''

ਜਦ ਤਕ ਗੁਰਬੰਸ ਕੋਰ ਤੇ ਪਰਕਾਸ਼ ਕੋਰ ਵੀ ਉਹਨਾਂ ਕੋਲ ਆ ਬੈਠੀਆਂ ਸਨ। ਪਤੀ ਦੀ ਥਾਂ ਗੁਰਬੰਸ ਕੋਰ ਬੋਲੀ,

''ਅਸੀਂ ਤਾਂ ਇਕ ਵਾਰੀ ਫਿਰ ਵਿਚੋਲੇ ਬਣਨਾ ਚਾਹੁੰਨੇ ਆਂ।''

''ਨਾ ਭੈਣ ਜੀ, ਅਸੀਂ ਹਾਲੇ ਰੈਡੀ ਨਹੀਂ, ਹਾਲੇ ਅਸੀਂ ਪਹਿਲਿਆਂ ਝਟਕਿਆਂ ਵਿਚੋਂ ਨਹੀਂ ਨਿਕਲੇ।''

''ਅਸੀਂ ਸਮਝਦੇ ਆਂ ਭਰਾ ਜੀ ਪਰ ਚੰਗੇ ਰਿਸ਼ਤੇ ਸਬੱਬੀਂ ਮਿਲ਼ਦੇ ਆ।''

ਸੁਰਜਨ ਸਿੰਘ ਨੇ ਆਪਣੀ ਵਾਈਨ ਮੁਕਾਈ। ਵਾਈਨ ਨੇ ਜ਼ਰਾ ਕੁ ਹੁੱਝ ਮਾਰੀ। ਉਹ ਆਖਣ ਲਗਿਆ,

''ਹੁਣ ਅਸੀਂ ਕੁੜੀ ਏਦਾਂ ਨਹੀਂ ਵਿਆਹੁਣੀ। ...ਹੁਣ ਅਸੀਂ ਫਿਊਡਰਲ ਕੀਮਤਾਂ ਦੇ ਖਿਲਾਫ ਖੜਨੈ, ਕੁੜੀਆਂ ਨੂੰ ਵੀ ਇਹਦੇ ਲਈ ਤਿਆਰ ਕਰਨੈ। ਅਸੀਂ ਹੁਣ ਉਹ ਮੁੰਡਾ ਲੱਭਣੈਂ ਜਿਹੜਾ ਕੁੜੀ ਦਾ ਮਾਲਕ ਨਾ ਬਣੇ ਸਗੋਂ ਉਹਦੀ ਜ਼ਿੰਦਗੀ ਦਾ ਹਿੱਸੇਦਾਰ ਬਣੇ। ਜ਼ਿੰਦਗੀ ਦੇ ਹਰ ਫੈਸਲੇ ਵਿਚ ਕੁੜੀ ਦੀ ਬਰਾਬਰ ਦੀ ਮਰਜ਼ੀ ਹੋਵੇ, ...ਸੁਰਿੰਦਰ ਪਹਿਲੀਆਂ ਵਰਗੀ ਕਮਜ਼ੋਰ ਕੁੜੀ ਨਹੀਂ, ...ਇਹ ਤਾਂ ਮਾੜੇ ਮੁੰਡੇ ਨੂੰ ਝੱਟਕ ਕੇ ਰੱਖ ਦੇਊ!''

ਉਸ ਦੀ ਗੱਲ ਸੁਣਦਾ ਅਰਜਨ ਸਿੰਘ ਕਹਿਣ ਲਗਿਆ,

''ਗੱਲ ਤੁਹਾਡੀ ਸੌ ਫੀ ਸਦੀ ਸਹੀ ਐ ਪਰ ਅਸੀਂ ਆਪਣੇ ਸੰਸਕਾਰਾਂ ਦੇ ਗੁਲਾਮ ਬਣੇ ਬੈਠੇ ਆਂ, ਸਦੀਆਂ ਤੋਂ ਸਾਡੇ ਅੰਦਰ ਵਸੇ ਇਸ ਗੰਦ ਤੋਂ ਇੰਨੀ ਜਲਦੀ ਪਿੱਛਾ ਕਿੱਦਾਂ ਛੁਡਾਓਗੇ!''

''ਇਹ ਪਿੱਛਾ ਜਲਦੀ ਹੀ ਛੁੱਟ ਜਾਣਾਂ, ਜਿਸ ਸਮਾਜ 'ਚ ਅਸੀਂ ਰਹਿੰਦੇ ਆਂ ਇਥੇ ਇਹ ਜਲਦੀ ਛੁੱਟ ਜਾਣਾਂ ਪਰ ਮੈਂ ਤਾਂ ਆਪਣੀਆਂ ਕੁੜੀਆਂ ਦੇ ਮਾਮਲੇ ਵਿਚ ਇਸ ਬਾਰੇ ਸ਼ੋਅਰ ਹੋਣਾ ਜ਼ਰੂਰੀ ਸਮਝਦਾਂ, ਹੋ ਸਕਦਾ ਮੇਰੀਆਂ ਕੁੜੀਆਂ ਦੁੱਖ ਵੀ ਉਠਾਉਣ ਪਰ ਜਿਹੜਾ ਨਰਕ ਪਹਿਲੀਆਂ ਦੋ ਭੋਗ ਰਹੀਆਂ ਉਹਦੇ ਨਾਲੋਂ ਤਾਂ ਜ਼ਿੰਦਗੀ ਚੰਗੀ ਹੀ ਹੋਊ, ਆਪਣੀ ਮਰਜ਼ੀ ਦੀ।''

ਪਰਕਾਸ਼ ਕੋਰ ਤੇ ਗੁਰਬੰਸ ਕੋਰ ਆਪਣੇ ਪਤੀਆਂ ਦੀਆਂ ਗੱਲਾਂ ਸੁਣ ਰਹੀਆਂ ਸਨ ਪਰ ਉਹਨਾਂ ਨੂੰ ਗੱਲਾਂ ਸਮਝ ਨਹੀਂ ਸੀ ਪੈ ਰਹੀਆਂ। ਪਰਕਾਸ਼ ਕੋਰ ਇੰਨਾ ਸਮਝ ਗਈ ਸੀ ਕਿ ਉਸ ਦੇ ਪਤੀ ਨੇ ਰਿਸ਼ਤੇ ਲਈ ਨਾਂਹ ਕਰ ਦਿਤੀ ਹੈ। ਉਹ ਬੋਲੀ,

''ਸੁਰਿੰਦਰ ਨੂੰ ਵਿਆਹੁਣ ਵਿਚ ਅਸੀਂ ਕੋਈ ਕਾਹਲੀ ਨਹੀਂ ਕਰਨੀ। ਅਸੀਂ ਕੋਈ ਪੜ੍ਹਿਆ ਲਿਖਿਆ, ਖਾਨਦਾਨੀ ਮੁੰਡਾ ਲੱਭਾਂਗੇ।''

''ਭੈਣ ਜੀ, ਤੁਹਾਡੀ ਗੱਲ ਬਿਲਕੁਲ ਠੀਕ ਐ, ਦੁੱਧ ਦਾ ਸੜ੍ਹਿਆ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਕੇ ਪੀਂਦਾ। ਬਿਲਕੁਲ ਤੁਹਾਨੂੰ ਠੋਕ ਵਜਾ ਕੇ ਰਿਸ਼ਤਾ ਕਰਨਾ ਚਾਹੀਦੈ, ...ਜਿਹੜਾ ਮੁੰਡਾ ਅਸੀਂ ਦੱਸਣਾ ਚਾਹੁੰਨੇ ਆਂ ਉਹ ਸੁਹਣਾ-ਸੁਨੱਖਾ ਤਾਂ ਹੈ ਹੀ ਨਾਲੇ ਕਪੂਰਥਲੇ ਕਾਲਜ ਵਿਚ ਪਰੋਫੈਸਰ ਵੀ ਐ।''

ਗੁਰਬੰਸ ਕੋਰ ਦੇ ਮੂੰਹ ਦੇ ਬੋਲ ਬੋਚਦੀ ਪਰਕਾਸ਼ ਕੋਰ ਚਹਿਕੀ,

''ਪਰੋਫੈਸਰ!''

ਦੋ ਮਹੀਨੇ ਦੇ ਅੰਦਰ ਅੰਦਰ ਪਰਕਾਸ਼ ਕੋਰ ਇਕ ਵਾਰ ਫਿਰ ਇੰਡੀਆ ਨੂੰ ਚੜ੍ਹ ਗਈ। ਉਸ ਦੇ ਇਵੇਂ ਜਾਣ ਕਾਰਨ ਘਰ ਵਿਚ ਹਾਸੜ ਪੈ ਗਈ ਪਰ ਉਸ ਨੂੰ ਕਿਸੇ ਦੀ ਪਰਵਾਹ ਨਹੀਂ ਸੀ। ਉਹ ਤਾਂ ਇਸ ਰਿਸ਼ਤੇ ਲਈ ਉਲਾਰ ਹੋਈ ਪਈ ਸੀ। ਉਲਾਰ ਵੀ ਲੋੜ ਤੋਂ ਵੱਧ। ਪਰੋਫੈਸਰ ਮੁੰਡਾ ਮਿਲਣਾ ਤਾਂ ਇਕ ਸੁਫਨੇ ਵਾਂਗ ਸੀ। ਸਰੂਪ ਤੇ ਸਤਨਾਮੀ ਵੀ ਉਹਨਾਂ ਨੂੰ ਮਿਲਣ ਆਏ ਸਨ। ਉਹਨਾਂ ਦੀਆਂ ਗੱਲਾਂ ਉਸ ਦੇ ਅੰਦਰ ਧੂ ਪਾ ਰਹੀਆਂ ਸਨ। ਸਤਨਾਮੀ ਦੱਸਣ ਲਗਦੀ,

''ਅਸੀਂ ਕਪੂਰਥਲ਼ੇ ਗਏ, ਸੋਚਿਆ ਗੁੱਲੂ ਨੂੰ ਮਿਲ਼ ਚਲਦੇ ਆਂ, ਇਹ ਓਹਦਾ ਕਰਦੇ ਵੀ ਤਾਂ ਬਹੁਤ ਐ। ...ਅਸੀਂ ਕਾਲਜ ਦੇ ਗੇਟ ਤੇ ਜਾ ਕੇ ਇਕ ਮੁੰਡੇ ਨੂੰ ਪੁੱਛਿਆ ਕਿ ਅਸੀਂ ਗੁੱਲੂ ਨੂੰ ਮਿਲਣਾ। ...ਗੁੱਲੂ ਦਾ ਕਿਸੇ ਨੂੰ ਪਤਾ ਹੀ ਨਾ ਚਲੇ, ਇਹਨਾਂ ਨੂੰ ਉਹਦਾ ਪੂਰਾ ਨਾਂ ਭੁੱਲ ਗਿਆ ਸੀ। ਫਿਰ ਅਸੀਂ ਪੂਰੀ ਡਿਟੇਲ ਦੱਸੀ ਤਾਂ ਇਕ ਮੁੰਡਾ ਗੁੱਸੇ ਵਿਚ ਆਉਂਦਾ ਬੋਲਿਆ; ਚੱਠਾ ਸਾਹਿਬ ਕਹੋ, ਸਾਡੇ ਹਿਸਟਰੀ ਦੇ ਪਰੋਫੈਸਰ ਸਾਹਿਬ ਐ ਉਹ। ...ਅਸੀਂ ਹੈਰਾਨ ਕਿ ਇਹਨਾਂ ਹੀ ਮੁੰਡਿਆਂ ਵਰਗਾ ਉਹ ਮੁੰਡਾ ਤੇ ਚੱਠਾ ਸਾਬ ਹੋ ਗਿਆ!''

ਆਪਣੀ ਗੱਲ ਕਰਦੀ ਸਤਨਾਮੀ ਰੁਕ ਕੇ ਪਰਕਾਸ਼ ਕੋਰ ਵਲ ਦੇਖਦੀ ਤੇ ਫਿਰ ਬੋਲਦੀ,

''ਮੈਂ ਹੱਸਦੀ ਨੇ ਕਿਹਾ ਕਿ ਤੇਰੇ ਭਾਪੇ ਨੂੰ ਕਿਸੇ ਨੇ ਚੱਠਾ ਸਾਬ ਨਾ ਕਿਹਾ, ਨਾ ਤੇਰੇ ਤਾਏ ਨੂੰ ਤੇ ਨਾ ਈ ਤੇਰੇ ਭਰਾ ਨੂੰ, ਤੂੰ ਕਿਧਰੋਂ ਦਾ ਚੱਠਾ ਸਾਬ ਹੋ ਗਿਆ! ...ਮੁੰਡੇ ਦੀ ਹਲੀਮੀ ਦੇਖੋ, ਕਹਿੰਦਾ; ਭਾਬੀ ਜੀ, ਵੱਡਿਆਂ ਦਾ ਬਣਾਇਆ ਹੀ ਬਣਿਆਂ।''

ਸਤਨਾਮੀ ਦੀਆਂ ਗੱਲਾਂ ਸੁਣਦਿਆਂ ਹੀ ਪਰਕਾਸ਼ ਕੋਰ ਨੂੰ ਲਗਿਆ ਕਿ ਜਵਾਲਾ ਸ਼ਾਹ ਦੇ ਸੁੱਖਿਆ ਰੋਟ ਕੰਮ ਕਰ ਗਿਆ ਹੈ। ਸੁਰਿੰਦਰ ਦੀ ਕਿਸਮਤ ਤਾਂ ਪਲਵਿੰਦਰ ਨਾਲੋਂ ਵੀ ਵਧੀਆ ਹੋਵੇਗੀ। ਪੜ੍ਹਾਈ ਵਿਚ ਇਹ ਮੁੰਡਾ ਤਾਂ ਉਸ ਦੇ ਪਤੀ ਤੋਂ ਦੋ ਰੱਤੀਆਂ ਉਪਰ ਹੀ ਜਾਪਦਾ ਸੀ। ਸੁਰਜਨ ਸਿੰਘ ਉਪਰਲੇ ਦਿਲੋਂ ਤਾਂ ਕਾਹਲੀ ਨਾ ਕਰਨ ਵਾਸਤੇ ਕਹਿੰਦਾ ਜਾ ਰਿਹਾ ਸੀ ਪਰ ਦਿਲੋਂ ਚਾਹੁੰਦਾ ਸੀ ਕਿ ਇਹ ਰਿਸ਼ਤਾ ਜਲਦੀ ਤੋਂ ਜਲਦੀ ਤਹਿ ਹੋ ਜਾਵੇ। ਉਹ ਸਰੂਪ ਨੂੰ ਜਾਣਦਾ ਸੀ ਕਿ ਉਹ ਬਹੁਤ ਮਿਹਨਤੀ ਬੰਦਾ ਸੀ। ਉਸ ਨੇ ਤਾਂ ਉਹਨਾਂ ਤੋਂ ਵੀ ਕਈ ਸਾਲ ਪਹਿਲਾਂ ਦਾ ਘਰ ਲਿਆ ਹੋਇਆ ਸੀ। ਕੁਦਰਤੀ ਸੀ ਕਿ ਸਰੂਪ ਆਪਣੇ ਚਚੇਰੇ ਭਰਾ ਦੀ ਸੈੱਟਲ ਹੋਣ ਵਿਚ ਵੀ ਮੱਦਦ ਕਰੇਗਾ। ਘੱਟੋ ਘੱਟ ਸਰੂਪ ਜ਼ਿੰਮੇਵਾਰ ਬੰਦਾ ਹੈ ਜਿਸ ਕੋਲ ਸ਼ਿਕਾਇਤ ਵੀ ਕੀਤੀ ਜਾ ਸਕਦੀ ਹੈ। ਇਕ ਹੋਰ ਗੱਲ ਸੁਰਜਨ ਦੀ ਇਸ ਮੁੰਡੇ ਵਿਚ ਦਿਲਚਸਪੀ ਵਧਾ ਰਹੀ ਸੀ ਕਿ ਉਹ ਇਤਹਾਸ ਦਾ ਪਰੋਫੈਸਰ ਸੀ।

ਸੁਰਜਨ ਨੇ ਸੁਰਿੰਦਰ ਨਾਲ ਸਾਰੀ ਗੱਲ ਖੋਹਲ ਕੇ ਕਰ ਲਈ। ਉਸ ਨੇ ਕਿਹਾ,

''ਤੂੰ ਆਪਣੀ ਮੰਮੀ ਨਾਲ ਆਪ ਇੰਡੀਆ ਚਲੇ ਜਾ ਤੇ ਆਪ ਜਾ ਕੇ ਮੁੰਡਾ ਪਸੰਦ ਕਰ, ਜੇ ਚੰਗਾ ਲਗਿਆ ਤਾਂ ਹੀ ਹਾਂ ਆਖੀਂ।''

''ਨਹੀਂ ਡੈਡ, ਮੈਂ ਨਹੀਂ ਜਾਣਾਂ, ਮੰਮੀ ਨੂੰ ਮੇਰੀ ਪਸੰਦ ਦਾ ਪਤੈ। ਕਿਸੇ ਨਾਲ ਦਸ ਮਿੰਟ ਗੱਲ ਕਰਕੇ ਨੇਚਰ ਤਾਂ ਤਾਂ ਪਤਾ ਨਹੀਂ ਚਲ ਜਾਂਦਾ। ਬਸ ਮੈਂ ਤਾਂ ਏਨਾ ਈ ਚਾਹੁੰਦੀ ਆਂ ਕਿ ਵੱਡੇ ਭਾਜੀਆਂ ਵਰਗਾ ਨਾ ਹੋਵੇ।''

''ਇਹਦੇ ਬਾਰੇ ਆਪਾਂ ਕੁਝ ਨਹੀਂ ਕਹਿ ਸਕਦੇ, ਫਿਰ ਵੀ ਆਪਣੀ ਸੁਸਾਇਟੀ ਵਿਚ ਔਰਤ ਨੂੰ ਬਹੁਤ ਕੁਝ ਟੌਲਰੇਟ ਕਰਨਾ ਪੈਂਦੈ।''

''ਆਏ ਡੌਂਟ ਮਾਈਂਡ ਡੈਡ ਪਰ ਬੱਲੀ ਵਾਂਗੂੰ ਮੈਂ ਨਹੀਂ ਰਹਿ ਸਕਦੀ, ਇਫ ਹੀ ਡੱਜ਼ ਲਾਈਕ ਭਾਜੀ, ਆਏ ਵਿੱਲ ਲੀਵ ਹਿਮ!''

ਸੁਰਜਨ ਸਿੰਘ ਨੂੰ ਧੀ ਦਾ ਆਤਮ ਵਿਸ਼ਵਾਸ ਚੰਗਾ ਲਗਿਆ ਪਰ ਉਹ ਕਹਿਣ ਲਗਿਆ,

''ਇਹ ਵੀ ਤਾਂ ਮਸਲੇ ਦਾ ਹੱਲ ਨਹੀਂ, ...ਪਹਿਲਾਂ ਐਡਜਸਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਐ।''

"ਬੱਟ ਆਏ ਵਿੱਲ ਲੀਵ ਹਿੱਮ, ਆਏ ਡੌਂਟ ਕੇਅਰ!"

ਧੀ ਦੀ ਗੱਲ 'ਤੇ ਹੱਸਦਾ ਹੋਇਆ ਉਹ ਬੋਲਿਆ,

"ਪਹਿਲਾਂ ਵਿਆਹ ਤਾਂ ਕਰਾ ਲੈ ਫਿਰ ਛੱਡ ਲਈਂ!"

ਸੁਰਿੰਦਰ ਨੇ ਗੁਲਵੰਤ ਦੀਆਂ ਤਸਵੀਰਾਂ ਦੇਖ ਲਈਆਂ ਸਨ। ਮੁੰਡਾ ਉਸ ਨੂੰ ਪਸੰਦ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਉਹਦੇ ਮਾਂਪਿਓ ਉਹਨੂੰ ਗਲਤ ਮੁੰਡਾ ਨਹੀਂ ਲੱਭ ਕੇ ਦੇਣ ਲਗੇ। ਪਰਕਾਸ਼ ਕੋਰ ਨੂੰ ਇੰਡੀਆ ਤੁਰਨ ਲਗੀ ਨੂੰ ਉਸ ਨੇ ਇਕੋ ਗੱਲ ਕਹੀ ਸੀ,

"ਮੰਮੀ, ਏਨਾ ਧਿਆਨ ਰੱਖੀਂ, ਮੁੰਡੇ ਦੇ ਚਿਤੜ ਬੜੇ ਨਾ ਹੋਣ। ਟਰਾਊਜ਼ਰ ਪਾਈ ਹੋਈ ਸਜੇ ਵੀ।"

ਘਰ ਵਿਚ ਕਾਰ ਖਰੀਦਣ ਦੀਆਂ ਰੋਜ਼ ਗੱਲਾਂ ਹੁੰਦੀਆਂ। ਸੁਰਜਨ ਵੀ ਕਾਰ ਲੈਣ ਲਈ ਹੁਣ ਤਿਆਰ ਸੀ। ਦੋ ਕੁ ਵਾਰ ਉਹ ਦਿਲਬਾਗ ਨਾਲ ਕਾਰ-ਔਕਸ਼ਨ 'ਤੇ ਵੀ ਗਿਆ ਪਰ ਕੋਈ ਪਸੰਦ ਨਹੀਂ ਸੀ ਆਈ। ਗੈਰਜਾਂ ਵਿਚ ਕਾਰਾਂ ਬਹੁਤ ਮਹਿੰਗੀਆਂ ਸਨ। ਰੁਆਇਲ ਡੀਨ ਵਿਚ ਕੰਮ ਕਰਦੇ ਪੀਟਰ ਨੇ ਆਪਣੀ ਕਾਰ ਉਪਰ ਇਕ ਦਿਨ 'ਫਾਰ ਸੇਲ' ਦੀ ਚਿਪਕੀ ਲਗਾ ਦਿਤੀ। ਸਾਰੇ ਜਾਣਦੇ ਸਨ ਕਿ ਪੀਟਰ ਨਵੀਂ ਕਾਰ ਕਢਾਇਆ ਕਰਦਾ ਤੇ ਦੋ ਕੁ ਸਾਲ ਵੇਚ ਦਿੰਦੇ ਤੇ ਕੁਝ ਹੋਰ ਪੈਸੇ ਪਾ ਕੇ ਫਿਰ ਨਵੀਂ ਖਰੀਦ ਲੈਂਦਾ। ਕਾਰ ਦੀ ਸੰਭਾਲ ਵੀ ਉਹ ਪੂਰੀ ਰੱਖਦਾ ਸੀ। ਫੋਰਡ ਦੀ ਇਸਕੌਰਟ ਕਾਰ ਹੀ ਜ਼ਿਆਦਾਤਰ ਉਹ ਖਰੀਦਿਆ ਕਰਦਾ। ਸੁਰਜਨ ਸਿੰਘ ਨੇ ਪੀਟਰ ਨਾਲ ਗੱਲ ਕੀਤਾਂ ਤਾਂ ਉਹ ਕੀਮਤ ਜ਼ਰਾ ਕਸਵੀਂ ਮੰਗ ਰਿਹਾ ਸੀ। ਸੁਰਜਨ ਸਿੰਘ ਦੇ ਦੋਸਤ ਡੈਰਕ ਨੇ ਵਿਚ ਪੈ ਕੇ ਦੋ ਸੌ ਪੌਂਡ ਘੱਟ ਕਰਵਾ ਦਿਤਾ ਤੇ ਪੰਦਰਾਂ ਸੌ ਪੌਂਡ ਵਿਚ ਸੌਦਾ ਕਰਵਾ ਦਿਤਾ। ਸੁਰਜਨ ਕਾਰ ਘਰ ਲੈ ਆਇਆ। ਸਾਰਾ ਟੱਬਰ ਹੀ ਖੁਸ਼ ਸੀ। ਹੁਣ ਉਹਨਾਂ ਨੂੰ ਦਿਲਬਾਗ ਦੇ ਮੁਥਾਜ ਨਹੀਂ ਸੀ ਹੋਣਾ ਪੈਣਾਂ। ਸਾਰਾ ਟੱਬਰ ਹੀ ਪਰਕਾਸ਼ ਕੋਰ ਨੂੰ ਕਾਰ ਦਾ ਸਰਪ੍ਰਾਈਜ਼ ਦੇਣਾ ਚਾਹੁੰਦਾ ਸੀ।

ਪਰਕਾਸ਼ ਕੋਰ ਦਾ ਇੰਡੀਆ ਤੋਂ ਵਾਪਸ ਮੁੜਨ ਦਾ ਦਿਨ ਆ ਗਿਆ। ਸਾਰਾ ਟੱਬਰ ਹੀ ਕਾਰ ਲੈ ਕੇ ਉਸ ਨੂੰ ਲੈਣ ਗਿਆ। ਪਰਕਾਸ਼ ਕੋਰ ਅੰਤਾਂ ਦੇ ਚਾਅ ਵਿਚ ਮੁੜੀ। ਉਹ ਪਤੀ ਨੂੰ ਕਹਿਣ ਲਗੀ,

"ਕਿਉਂ, ਮੰਨਦੇ ਓ ਬਾਬਾ ਜਵਾਲਾ ਸ਼ਾਹ ਨੂੰ!"

"ਅਕਲ ਨੂੰ ਵੀ ਹੱਥ ਮਾਰ ਜ਼ਰਾ!"

"ਅਕਲ ਨੂੰ ਹੱਥ ਤੁਸੀਂ ਮਾਰੋ, ਮੇਰੀਆਂ ਤਾਂ ਉਹਨੇ ਝੋਲੀਆਂ ਖੁਸ਼ੀਆਂ ਨਾਲ਼ ਭਰੀਆਂ!"

ਫਿਰ ਉਹ ਗੁਲਵੰਤ ਦੀਆਂ ਗੱਲਾਂ ਕਰਨ ਲਗੀ। ਸੁਖਵੀਰ ਤੇ ਰਣਜੀਤ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਨ ਲਗੀਆਂ। ਸੁਰਿੰਦਰ ਸ਼ਰਮਾਈ ਜਾ ਰਹੀ ਸੀ। ਸੁਖਵੀਰ ਨੇ ਪੁੱਛਿਆ,

"ਮੰਮੀ, ਤੂੰ ਦੱਸ, ਭਾਜੀ ਲਗਦਾ ਕਿੱਦਾਂ ਦਾ?"

"ਸੈਚਰਡਾ ਨੂੰ ਜਿਹੜਾ ਪਰੋਗਰਾਮ ਔਂਦਾ ਚੌੜੇ ਜਿਹੇ ਨੱਕ ਵਾਲੇ ਭਾਈ ਦਾ, ਉਹਦੇ ਨਾਲ ਜਿਹੜਾ ਸੁਹਣਾ ਜਿਹਾ ਮੁੰਡਾ ਹੁੰਦਾ ਬਿਲਕੁਲ ਓਹਦੇ ਵਰਗਾ।"

ਉਸ ਨੂੰ ਪਰੋਗਰਾਮ ਦੇ ਨਾਂ ਦਾ ਨਹੀਂ ਸੀ ਪਤਾ ਪਰ ਗੁਲਵੰਤ ਨੂੰ ਦੇਖਦੇ ਸਾਰ ਹੀ ਉਸ ਨੇ ਇਹ ਅੰਦਾਜ਼ਾ ਲਗਾ ਲਿਆ ਸੀ। ਉਹ ਸਾਰੇ ਹੀ ਗੁਲਵੰਤ ਦੀਆਂ ਗੱਲਾਂ ਵਿਚ ਅਜਿਹੇ ਗੁਆਚੇ ਕਿ ਉਹਨਾਂ ਨੂੰ ਕਾਰ ਦੇ ਸਰਪਰਾਈਜ਼ ਦਾ ਚੇਤਾ ਹੀ ਨਹੀਂ ਰਿਹਾ। ਕਾਰ ਵਿਚ ਬੈਠਦਿਆਂ ਪਰਕਾਸ਼ ਕੋਰ ਸਮਝ ਗਈ ਸੀ ਕਿ ਉਹਦੇ ਮਗਰੋਂ ਕਾਰ ਲੈ ਲਈ ਹੈ ਪਰ ਗੁਲਵੰਤ ਦੀਆਂ ਗੱਲਾਂ ਮੂਹਰੇ ਉਸ ਨੂੰ ਇਹ ਗੱਲ ਨਗੂਣੀ ਜਾਪ ਰਹੀ ਸੀ। ਕਾਰ ਚਲਾ ਰਹੀ ਸੁਰਿੰਦਰ ਟੈਲੀਵੀਯਨ ਦੇ ਉਸ ਹੀਰੋ ਵਿਚੋਂ ਆਪਣੇ ਸੁਫਨਿਆਂ ਦਾ ਰਾਜਕੁਮਾਰ ਲੱਭ ਰਹੀ ਸੀ। ਘਰ ਆ ਕੇ ਉਸ ਨੇ ਮਾਂ ਨੂੰ ਇਕ ਪਾਸੇ ਕਰ ਕੇ ਪੁੱਛਿਆ,

"ਮੰਮੀ, ਉਹਦੇ ਚਿਤੜ?"

"ਬਹੁਤ ਸੁਹਣੇ, ਜਿੱਦਾਂ ਸਾਡੇ ਪਿੰਡ ਵਾਲੇ ਸਾਧੂ ਤਖਾਣ ਦੇ ਤਰਾਸ਼ੇ ਹੋਏ ਹੋਣ।"

ਗੁਲਵੰਤ ਨੂੰ ਪਹਿਲੀ ਨਜ਼ਰੇ ਦੇਖਦਿਆਂ ਹੀ ਪਰਕਾਸ਼ ਕੋਰ ਨੇ ਧੀ ਦੀ ਫਰਮਾਇਸ਼ ਦਾ ਧਿਆਨ ਰੱਖਿਆ ਸੀ। ਇੰਡੀਆ ਪੁਜਦਿਆਂ ਹੀ ਉਹ ਸਰਦੂਲ ਨੂੰ ਲੈ ਕੇ ਉਹ ਕਪੂਰਥਲੇ ਜਾ ਪੁੱਜੀ ਸੀ। ਉਹ ਮੁੰਡੇ ਨੂੰ ਅਚਨਚੇਤ ਹੀ ਦੇਖਣਾ ਚਾਹੁੰਦੀ ਸੀ ਕਿ ਉਸ ਨੇ ਆਪਣੀ ਦਿੱਖ ਵਿਚ ਕੋਈ ਉਚੇਚ ਨਾ ਕੀਤੀ ਹੋਵੇ। ਫਿਰ ਉਸ ਨੂੰ ਕਾਹਲ ਵੀ ਇੰਨੀ ਸੀ ਕਿ ਮੁੰਡੇ ਦੇ ਘਰਦਿਆਂ ਨੂੰ ਮਿਲਣ ਵਿਚ ਵਕਤ ਖਰਾਬ ਨਹੀਂ ਸੀ ਕਰਨਾ ਚਾਹੁੰਦੀ। ਉਹ ਪੁੱਛਦੇ ਪਛਾਂਦੇ ਕਾਲਜ ਦੇ ਸਟਾਫ ਰੂਮ ਵਿਚ ਜਾ ਪੁੱਜੇ। ਸਰਦੂਲ ਨੂੰ ਕਾਲਜ ਆਉਣਾ ਵੈਸੇ ਹੀ ਚੰਗਾ ਲਗ ਰਿਹਾ ਸੀ। ਉਸ ਨੂੰ ਆਪਣੇ ਪੁਰਾਣੇ ਦਿਨਾਂ ਦੀ ਯਾਦ ਤਾਜ਼ਾ ਹੋ ਆਈ। ਪਰਕਾਸ਼ ਕੋਰ ਲਈ ਇਹ ਮਹੌਲ ਬਿਲਕੁਲ ਓਪਰਾ ਸੀ ਪਰ ਉਸ ਦਾ ਸਾਰਾ ਧਿਆਨ ਤਾਂ ਮੁੰਡੇ ਨੂੰ ਦੇਖਣ ਵਲ ਸੀ। ਉਸ ਵਕਤ ਗੁਲਵੰਤ ਨੇ ਕਲਾਸ ਲਈ

www.PunjabiLibrary.com

ਹੋਈ ਸੀ। ਗੁਲਵੰਤ ਦੇ ਸਾਥੀਆਂ ਨੇ ਰਿਸ਼ਤੇਦਾਰ ਸਮਝਦੇ ਹੋਏ ਉਹਨਾਂ ਨੂੰ ਬੈਠਾਇਆ ਤੇ ਚਾਹ-ਪਾਣੀ ਪਿਲਾਇਆ। ਜਦ ਤਕ ਗੁਲਵੰਤ ਵੀ ਆ ਗਿਆ। ਉਹ ਆਇਆ ਤਾਂ ਪਰਕਾਸ਼ ਕੋਰ ਉਹਦੇ ਵਲ ਦੇਖਣ ਲਗੀ, ਬਿਨਾਂ ਅੱਖਾਂ ਝਮੱਕੇ। ਨਿਰਮਲ ਦੇ ਜੁਆਈ ਤੋਂ ਕਿਤੇ ਵੱਧ ਸੁਹਣਾ। ਉਸ ਦਾ ਰੰਗ ਪੱਕਾ ਸੀ ਤੇ ਚਿਹਰਾ ਵਾਲ਼ਾਂ ਨਾਲ ਭਰਿਆ ਪਿਆ ਸੀ ਪਰ ਇਹ ਕਲੀਨ ਸ਼ੇਵਡ ਜਿਵੇਂ ਇੰਗਲੈਂਡ ਤੋਂ ਹੀ ਆਇਆ ਹੋਵੇ। ਤੇਜ਼ ਅੱਖਾਂ, ਤਿੱਖਾ ਨੱਕ, ਸੁਰਿੰਦਰ ਵਾਂਗ ਹੀ ਲੰਮਾ ਕੱਦ। ਗੁਲਵੰਤ ਨੂੰ ਸਰੂਪ ਦੀ ਚਿੱਠੀ ਆ ਗਈ ਹੋਈ ਸੀ ਪਰ ਉਹ ਇਹਨਾਂ ਨੂੰ ਇਥੇ ਇਵੇਂ ਕਾਲਜ ਵਿਚ ਨਹੀਂ ਸੀ ਉਡੀਕ ਰਿਹਾ। ਪਰਕਾਸ਼ ਕੋਰ ਨੇ ਸਰਦੂਲ ਦੇ ਕੰਨ ਵਿਚ ਕੁਝ ਕਿਹਾ ਤੇ ਸਰਦੂਲ ਗੁਲਵੰਤ ਨੂੰ ਬੋਲਿਆ,

"ਚੱਠਾ ਸਾਬ, ਅਸੀਂ ਕੁਝ ਗੱਲਾਂ ਕਰਨੀਆਂ, ਬਾਹਰ ਸਾਹਮਣੇ ਹੋਟਲ ਵਿਚ ਬੈਠੀਏ ਜ਼ਰਾ।"

ਗੁਲਵੰਤ ਉਹਨਾਂ ਨੂੰ ਲੈ ਕੇ ਕਾਲਜ ਤੋਂ ਬਾਹਰ ਆ ਗਿਆ। ਪਰਕਾਸ਼ ਕੋਰ ਸਰਦੂਲ ਨੂੰ ਇਕ ਪਾਸੇ ਕਰ ਕੇ ਕਹਿਣ ਲਗੀ,

"ਭਾਜੀ, ਸੌ ਦਾ ਨੋਟ ਦੇ ਕੇ ਮੁੰਡਾ ਹੁਣੇ ਰੋਕ ਲੈ।"

"ਕਮਲ਼ੀ ਹੋ ਗਈ ਐਂ! ਜਲੰਧਰ ਐਕਸਚੇਂਜ 'ਚ ਜਾ ਕੇ ਸੁਰਜਨ ਨੂੰ ਫੋਨ ਕਰਦੇ ਆਂ ਫੇਰ ਕਰਾਂਗੇ ਜੋ ਕਰਨਾ, ਨਾਲ਼ੇ ਮੁੰਡੇ ਦਾ ਘਰ-ਬਾਰ ਵੀ ਦੇਖ ਲਈਏ।"

"ਭਾਜੀ, ਇਹਨਾਂ ਨਾਲ ਵੀ ਸਾਰੀ ਗੱਲ ਹੋ ਚੁੱਕੀ ਐ, ਕੁੜੀ ਨੂੰ ਵੀ ਮੈਂ ਪੁੱਛਿਆ ਹੋਇਆ, ਨਾਲ਼ੇ ਆਪਾਂ ਕੁੜੀ ਮੁੰਡੇ ਨੂੰ ਵਿਆਹੁਣੀ ਆਂ ਨਾ ਕਿ ਘਰ ਨੂੰ।"

ਉਸ ਦੀ ਇਹ ਗੱਲ ਸੁਣ ਕੇ ਸਰਦੂਲ ਨੂੰ ਕੁਝ ਹੈਰਾਨੀ ਹੋਈ। ਇਹੋ ਗੱਲ ਅਜ ਤੋਂ ਸਤਾਈ ਸਾਲ ਪਹਿਲਾਂ ਸੁਰਜਨ ਬਾਰੇ ਉਸ ਨੇ ਆਪਣੀ ਮਾਂ ਨੂੰ ਕਹੀ ਸੀ ਜਦ ਪਰਕਾਸ਼ ਕੋਰ ਦਾ ਰਿਸ਼ਤਾ ਉਸ ਨਾਲ ਕਰਨ ਜਾ ਰਿਹਾ ਸੀ। ਸਰਦੂਲ ਨੇ ਗੁਲਵੰਤ ਦੇ ਸਿਰ ਉਪਰ ਹੱਥ ਫੇਰ ਕੇ ਸੌ ਰੁਪਏ ਪਿਆਰ ਦੇ ਦਿਤਾ। ਬਾਕੀ ਦੀਆਂ ਰਸਮਾਂ ਬਾਅਦ ਵਿਚ ਹੁੰਦੀਆਂ ਰਹੀਆਂ।

ਇਸ ਰਿਸ਼ਤੇ ਵਿਚ ਉਹਨਾਂ ਨੇ ਸਾਥੀ ਬਿਸ਼ੰਭਰ ਸਿੰਘ ਨੂੰ ਵਿਚੋਲੇ ਵਜੋਂ ਵਿਚਕਾਰ ਰੱਖਿਆ ਕਿਉਂਕਿ ਉਸ ਦੀ ਪਹਿਲਾ ਹੀ ਪਿੰਡ ਘੁਮਾਣਾਂ ਵਿਚ ਆਉਣੀ ਜਾਣੀ ਸੀ। ਸਰੂਪ ਦੇ ਸੁਹਰੇ ਜਾਂ ਗੁਲਵੰਤ ਦੇ ਨਾਨਕੇ ਬਿਸ਼ੰਭਰ ਸਿੰਘ ਦੇ ਗਵਾਂਢ ਪਿੰਡ ਵਿਚ ਸਨ। ਸਰੂਪ ਇੰਡੀਆ ਆਵੇ ਤਾਂ ਉਸ ਨੂੰ ਮਿਲ ਕੇ ਜਾਂਦਾ ਸੀ।...

ਗੁਲਵੰਤ ਦੇ ਠਾਕੇ ਦੀ ਚਿੱਠੀ ਸਰੂਪ ਨੂੰ ਮਿਲੀ ਤਾਂ ਉਸ ਨੇ ਦਿਲਬਾਗ ਨੂੰ ਵੀ ਵਿਚੋਲੇ ਦੇ ਤੌਰ 'ਤੇ ਨਾਲ਼ ਰਲ਼ਾ ਲਿਆ। ਉਸ ਨੂੰ ਫੋਨ ਕਰਕੇ ਕਹਿਣ ਲਗਿਆ,

"ਨਗਮਿਆਂ, ਵਿਹਲਾਂ ਤਾਂ ਆ ਜਾ, ਗਲਾਸ ਪਲ਼ਾਵਾਂ। ...ਬੱਚਿਆਂ ਨੂੰ ਨਾਲ਼ ਲੈ ਆਈਂ।"

ਉਸ ਨੂੰ ਪਤਾ ਸੀ ਕਿ ਇੰਨੇ ਨਾਲ ਹੀ ਦਿਲਬਾਗ ਨੇ ਫੁੱਲਿਆਂ ਨਹੀਂ ਸਮਾਉਣਾ। ਉਹਨੂੰ ਵੀ ਇਸ ਰਿਸ਼ਤੇ ਦੀ ਖਬਰ ਮਿਲ ਚੁੱਕੀ ਸੀ। ਉਹ ਆਇਆ ਤੇ ਆਉਂਦੇ ਹੀ ਬੋਤਲ ਖੁਲ੍ਹ ਗਈ। ਸਰੂਪ ਕਹਿਣ ਲਗਿਆ,

"ਮੈਂ ਘਰ ਨੂੰ ਚਿੱਠੀ ਲਿਖੀ ਸੀ ਬਈ ਕਾਮਰੇਡ ਹੋਰਾਂ ਨੂੰ ਮੁਹਰੇ ਰੱਖ ਕੇ ਰਿਸ਼ਤਾ ਕਰਿਓ, ਸਿਆਣੇ ਬੰਦੇ ਦਾ ਵਿਚ ਹੋਣਾ ਜ਼ਰੂਰੀ ਹੁੰਦੈ। ਮੈਂ ਦਸ ਦਿਤਾ ਸੀ ਬਈ ਇਥੇ ਦਿਲਬਾਗ ਤੇ ਮਾਸੜ ਅਰਜਨ ਸੂੰਹ ਵਿਚੋਲੇ ਆ।"

"ਨਾ ਬਈ ਨਗਮਿਆਂ, ਮੈਂ ਨਈਂ ਬਣਦਾ ਵਿਚੋਲਾ। ਇਹ ਕੁੜੀਆਂ ਤਾਂ ਮੇਰੀਆਂ ਭੈਣਾਂ, ਆਪਣੀਆਂ ਭੈਣਾਂ ਦਾ ਤਾਂ ਮੈਨੂੰ ਬਹੁਤਾ ਚੇਤਾ ਨਹੀਂ, ਛੋਟੀਆਂ ਨੂੰ ਛੱਡ ਆਇਆ ਸੀ।"

"ਲੈ ਫੇਰ ਤਾਂ ਨਗਮਿਆਂ, ਗੱਲ ਈ ਸਿੱਧੀ ਹੋ ਗਈ, ਪਹਿਲਾਂ ਤੇਰੀ ਆਹ ਭੈਣ ਮੇਰੇ ਘਰ ਤੇ ਹੁਣ ਤੇਰੀ ਦੂਜੀ ਭੈਣ ਵੀ ਸਾਡੇ ਘਰ।"

"ਜਾ ਓਏ ਨਗਮਿਆਂ, ਤੂੰ ਮੇਰੇ ਤੇ ਮੱਲੋ ਮੱਲੀ ਸਾਲ਼ਾ ਹੋਣ ਦਾ ਠੱਪਾ ਲਾਈ ਜਾਨਾਂ, ...ਇਹ ਠੀਕ ਐ ਇਹ ਮੇਰੀ ਭੈਣ ਆਂ ਪਰ ਤੈਨੂੰ ਮੈਂ ਭਣੋਈਆ ਨਹੀਂ ਸਮਝਦਾ।"

"ਇਹ ਕਿੱਦਾਂ ਦਾ ਰਿਸ਼ਤਾ ਹੋਇਆ ਬਈ!"

"ਇਹ ਏਦਾਂ ਈ ਹੁੰਦੀ ਐ, ...ਸਾਡੇ ਰਿਵਾਜ ਐ ਬਈ ਭਣੋਈਆ ਕੁੜੀ ਨੂੰ ਜ਼ਰਾ ਵੀ ਤੰਗ ਕਰੇ ਤਾਂ ਜਾ ਕੇ ਉਹਦੀ ਤੌਣੀ ਲਾ ਦਿਓ, ਦੇਖ ਲਾ ਮਨਜ਼ੂਰ ਐ ਤਾਂ!"

"ਨਗਮਿਆਂ, ਤੂੰ ਵੀ ਹੁਣ ਦੇਖ ਲੈ, ਅਸੀਂ ਦੋ ਹੋ ਗਏ ਆਂ।"

"ਨਗਮਿਆਂ, ਓਹਦਾ ਫਿਕਰ ਨਾ ਕਰ, ਓਹਨੂੰ ਮੈਂ ਭਰਾ ਬਣਾ ਲੈਣਾਂ, ਸਾਢੂ ਵਾਲ਼ਾ ਰਿਸ਼ਤਾ ਈ ਨਹੀਂ ਰੱਖਣਾਂ।"

ਸਤਨਾਮੀ ਤੇ ਗੁਰਿੰਦਰ ਉਹਨਾਂ ਕੋਲ ਬੈਠੀਆਂ ਗੱਲਾਂ ਸੁਣਦੀਆਂ ਰਹੀਆਂ ਤੇ ਮਿੰਨਾ ਮਿੰਨਾ ਮੁਸਕ੍ਰਾਉਂਦੀਆਂ ਰਹੀਆਂ। ਸਤਨਾਮੀ ਕਦੇ ਉਹਨਾਂ ਦੀ ਕਿਸੇ ਗੱਲ ਵਿਚ ਦਖਲ ਦੇ ਦਿੰਦੀ ਪਰ ਗੁਰਿੰਦਰ ਆਪਣੇ ਸੁਭਾਅ ਅਨੁਸਾਰ ਚੁੱਪ ਰਹੀ। ਬੱਚੇ ਖੇਡ ਖੇਡ ਕੇ ਸੌਂਣ ਲਗੇ। ਅੱਧੀ ਰਾਤ ਗੱਲਾਂ ਚਲਦੀਆਂ ਰਹੀਆਂ।

ਇਹ ਜਿਹੜਾ ਉਹ ਇਕ ਦੂਜੇ ਨੂੰ 'ਨਗਮਾ' ਕਹਿ ਕੇ ਬੁਲਾਉਂਦੇ ਇਹ ਸ਼ਬਦ ਦਿਲਬਾਗ ਨੇ ਅਵਤਾਰ ਤੋਂ ਲਿਆ ਸੀ। ਅਵਤਾਰ ਨੂੰ ਹਰ ਕੋਈ ਸਲਾਹ ਦੇਣ ਲਗਦਾ ਕਿ ਉਹ ਵਿਆਹ ਕਰਾ ਲਵੇ, ਸੈੱਟਲ ਹੋ ਜਾਵੇ, ਟਿਕ ਕੇ ਜ਼ਿੰਦਗੀ ਬਤੀਤ ਕਰੇ। ਅਵਤਾਰ ਉਹਨਾਂ ਦੀਆਂ ਗੱਲਾਂ ਸੁਣਦਾ ਤੇ ਮੁਸਕ੍ਰਾਉਂਦਾ ਹੋਇਆ ਸ਼ੇਅਰ ਪੜ੍ਹਨ ਲਗਦਾ,

"ਮੈਂ ਵੋ ਨਗਮਾ ਹੂੰ ਜੋ ਹਰ ਸਾਜ਼ ਪੇ ਗਾਇਆ ਨਹੀਂ ਜਾਤਾ।"

ਅਵਤਾਰ ਦੀ ਰੀਸੇ ਦਿਲਬਾਗ ਵੀ ਆਪਣੇ ਆਪ ਨੂੰ ਅਲੱਗ ਦੱਸਣ ਲਈ ਇਹੋ ਸ਼ੇਅਰ ਪੜ੍ਹਨ ਲਗਦਾ। ਹਾਸੇ ਹਾਸੇ ਵਿਚ ਉਹ ਤੇ ਸਰੂਪ ਇਕ ਦੂਜੇ ਨੂੰ ਨਗਮਾ ਕਹਿਣ ਲਗ ਪਏ ਸਨ।

ਸਰੂਪ ਦੇ ਘਰੋਂ ਆ ਕੇ ਦਿਲਬਾਗ ਬਹੁਤ ਖੁਸ਼ ਸੀ। ਆਪਣੇ ਵਿਚੋਲਾ ਬਣਨ ਦਾ ਚਾਅ ਉਸ ਤੋਂ ਸਾਂਭਿਆ ਨਹੀਂ ਸੀ ਜਾ ਰਿਹਾ। ਅਗਲੇ ਦਿਨ ਹੀ ਉਹ ਗਰੇਵਜ਼ੈਂਡ ਚਲੇ ਗਿਆ, ਨਹੀਂ ਤਾਂ ਹੁਣ ਕਾਫੀ ਦੇਰ ਤੋਂ ਉਸ ਨੇ ਤਾਏ ਨੂੰ ਫੋਨ ਵੀ ਨਹੀਂ ਸੀ ਕੀਤਾ। ਦੋ ਕੁ ਵਾਰ ਤਾਈ ਗੁੱਸੇ ਵਿਚ ਆਈ ਦਿਲਬਾਗ ਨੂੰ ਕਹਿ ਗਈ ਸੀ ਕਿ ਲੋਕ ਤਾਂ ਵਿਆਹ ਕੇ ਕੁੜੀਆਂ ਘਰੋਂ ਤੋਰਦੇ ਹਨ ਤੇ ਅਸੀਂ ਮੁੰਡਾ ਤੋਰਿਆ ਹੈ। ਕਈ ਵਾਰ ਤਾਏ ਦਾ ਗੁੱਸਾ ਸੁਰਜਨ ਸਿੰਘ ਤੇ ਵੀ ਡਿਗਣ ਲਗਦਾ ਇਸ ਲਈ ਦਿਲਬਾਗ ਨੇ ਗਰੇਵਜ਼ੈਂਡ ਜਾਣਾ ਬਹੁਤ ਘਟਾਇਆ ਹੋਇਆ ਸੀ। ਹੁਣ ਤਾਂ ਉਹ ਵਿਚੋਲਾ ਬਣ ਕੇ ਜਿਹੜਾ ਮਾਅਰਕਾ ਉਸ ਨੇ ਮਾਰਿਆ ਸੀ ਉਸ ਬਾਰੇ ਦੱਸਣ ਹੀ ਜਾ ਰਿਹਾ ਸੀ। ਗਰੇਵਜ਼ੈਂਡ ਜਾ ਕੇ ਉਸ ਨੇ ਖੂਬ ਪਾਡੀਆਂ ਮਾਰੀਆਂ। ਉਸ ਦੇ ਤਾਏ ਦਾ ਮੁੰਡਾ ਅਮਰੀਕ ਕਹਿਣ ਲਗਿਆ,

"ਬਾਗਿਆ, ਇਹ ਸਾਰੀਆਂ ਗੱਪਾਂ ਤੂੰ ਲਿਖ ਲੈਨਾਂ ਹੁੰਨਾਂ ਕਿ ਚੇਤੇ ਰਹਿ ਜਾਂਦੀਆਂ!"

"ਜਾ ਓਏ ਜਾਹ, ਤੈਨੂੰ ਤਾਂ ਅਕਲ ਦੀ ਗੱਲ ਦੱਸਣ ਦਾ ਉਹ ਹਿਸਾਬ ਬੋਇਆ ਬਈ ਗਧੇ ਨੂੰ ਲੂਣ ਦਿਓ ਤਾਂ ਕਹਿੰਦਾ; ਕੰਨ ਪਾਟਦੇ ਆ!"

ਰਿਸ਼ਤੇ ਬਾਰੇ ਸਾਰੀ ਗੱਲਬਾਤ ਸਰੂਪ ਨੇ ਸੁਰਜਨ ਨਾਲ ਸਿੱਧੀ ਹੀ ਕਰਨੀ ਸ਼ੁਰੂ ਕਰ ਦਿਤੀ ਸੀ। ਉਸ ਵਲ ਉਸ ਦਾ ਗੇੜਾ ਵੀ ਕੁਝ ਵਧ ਗਿਆ ਸੀ। ਉਸ ਨੇ ਸੁਰਜਨ ਨੂੰ ਕਿਹਾ,

"ਮਾਸੜ ਜੀ, ਪੇਪਰ ਵਰਕ ਤੁਸੀਂ ਆਪੇ ਈ ਕਰ ਲਿਓ ਸਾਰਾ।"

"ਕੋਈ ਗੱਲ ਨਹੀਂ ਪਰ ਸਖਤੀ ਬਹੁਤ ਹੋਈ ਜਾਂਦੀ ਐ, ...ਨਾਂਹ ਕਰਨ ਦਾ ਬਹਾਨਾ ਲੱਭਣੇ ਫਿਰਦੇ ਆ।"

"ਇਹ ਤਾਂ ਹੈ ਪਰ ਆਪਾਂ ਕਿਹੜੀ ਕੋਈ ਗਲਤ ਗੱਲ ਕਰਨੀ ਆਂ।"

ਪਿਛਲੇ ਕੁਝ ਸਾਲਾਂ ਤੋਂ ਵਿਆਹ ਲਈ ਆ ਰਹੇ ਮੁੰਡਿਆਂ ਉਪਰ ਕਾਫੀ ਸਾਰੀਆਂ ਪਾਬੰਦੀਆਂ ਆਇਤ ਹੋ ਰਹੀਆਂ ਸਨ। ਨਕਲੀ ਵਿਆਹ ਕਰਾ ਕੇ ਇੰਗਲੈਂਡ ਵਿਚ ਪੱਕੇ ਹੋਣ ਦੀ ਰੁਚੀ ਵਧ ਰਹੀ ਸੀ। ਨਕਲੀ ਵਿਆਹਾਂ ਦੀ ਬਹੁਤਾਤ ਕਾਰਨ ਇਕ ਸਮਾਂ ਤਾਂ ਅਜਿਹਾ ਵੀ ਆਇਆ ਸੀ ਕਿ ਇਹ ਕਾਨੂੰਨ ਹੀ ਬੰਦ ਹੋ ਗਿਆ ਸੀ ਕਿ ਭਾਰਤ ਜਾਂ ਹੋਰ ਤੀਜੀ ਦੁਨੀਆਂ ਦੇ ਮੁੰਡੇ ਵਿਆਹ ਕਰਾਉਣ ਲਈ ਇੰਗਲੈਂਡ ਨਹੀਂ ਆ ਸਕਣਗੇ। ਹਾਂ, ਕੁੜੀਆਂ 'ਤੇ ਕੋਈ ਪਾਬੰਦੀ ਨਹੀਂ ਸੀ ਲਗੀ। ਇਸ ਤਰ੍ਹਾਂ ਬਰਾਬਰਤਾ ਨੂੰ ਖਤਰਾ ਪੈਦਾ ਹੋਣ ਲਗਿਆ। ਮੁੰਡੇ ਸੌਖੇ ਵਿਆਹੇ ਜਾ ਹੋਣ ਲਗੇ ਕਿਉਂ ਕਿ ਉਹ ਕੁੜੀ ਇੰਡੀਆ ਤੋਂ ਲੈ ਆਉਂਦੇ ਤੇ ਕੁੜੀਆਂ ਲਈ ਮੁਸ਼ਕਲਾਂ ਖੜੀਆਂ ਹੋ ਗਈਆਂ। ਫਿਰ ਬਰਤਾਨੀਆਂ ਭਰ ਦੀਆਂ ਜਥੇਬੰਦੀਆਂ ਨੇ ਇਸ ਇਕ-ਤਰਫਾ ਕਾਨੂੰਨ ਦੇ ਖਿਲਾਫ ਮੁਜ਼ਾਹਰੇ ਕੀਤੇ, ਜਲੂਸ ਕੱਢੇ। ਦੁਬਾਰਾ ਵਿਆਹ ਲਈ ਮੁੰਡੇ ਆਉਣ ਦਾ ਕਾਨੂੰਨ ਤਾਂ ਬਣ ਗਿਆ ਪਰ ਪੱਕੇ ਹੋਣ ਦੀ ਸਹੂਲਤ ਵਾਲੇ ਵਿਆਹਾਂ ਨੂੰ ਖਤਮ ਕਰਨ ਲਈ ਸਰਕਾਰ ਨੇ ਨਵੀਂ ਸ਼ਰਤ ਲਾ ਦਿਤੀ ਕਿ ਜਿਹੜਾ ਵਿਆਹ ਇਕ ਸਾਲ ਚੱਲੇਗਾ ਉਹੀ ਸਹੀ ਸਮਝਿਆ ਜਾਵੇਗਾ ਤੇ ਵਿਆਹ ਨੂੰ ਆਇਆ ਮੁੰਡਾ ਪੱਕਾ ਹੋ ਸਕੇਗਾ। ਜੇ ਵਿਆਹ ਸਾਲ ਦੇ ਅੰਦਰ ਅੰਦਰ ਟੁੱਟ ਗਿਆ ਤਾਂ ਮੁੰਡੇ ਨੂੰ ਵਾਪਸ ਮੋੜ ਦਿਤਾ ਜਾਵੇਗਾ। ਇਸ ਨਾਲ ਵੀ ਕਈ ਕਿਸਮ ਦੇ ਅਪਵਾਦ ਪੈਦਾ ਹੋਣ ਦਾ ਡਰ ਸੀ ਪਰ ਹੋਰ ਕੋਈ ਚਾਰਾ ਵੀ ਨਹੀਂ ਸੀ। ਹੁਣ ਵੀ ਗੁਰਜੰਟ ਨੇ ਆਉਣਾ ਹੋਵੇ ਜਾਂ ਗੁਲਵੰਤ ਨੇ ਦਿੱਲੀ ਦਾ ਹਾਈ ਕਮਿਸ਼ਨਰ ਬਹੁਤ ਘੋਖ ਕਰਦਾ ਤੇ ਜ਼ਰਾ ਜਿੰਨੀ ਸ਼ੱਕ ਪੈਣ 'ਤੇ ਵੀ ਵੀਜ਼ੇ ਤੋਂ ਇਨਕਾਰੀ ਹੋ ਜਾਂਦਾ ਜਾਂ ਕੋਈ ਨੁਕਸ ਕੱਢ ਕੇ ਵੀਜ਼ਾ ਲਮਕਾ ਦਿਤਾ ਜਾਂਦਾ। ਇਹੋ ਡਰ ਸੁਰਜਨ ਨੂੰ ਖਾ ਰਿਹਾ ਸੀ। ਉਸ ਨੇ ਆਪਣੀ ਧੀ ਨੂੰ ਕਿਹਾ,

"ਸੁਰਿੰਦਰ, ਤੂੰ ਗੁਲਵੰਤ ਨੂੰ ਚਿੱਠੀ ਲਿਖਿਆ ਕਰ, ਇੰਟਰਵਿਊ ਵੇਲੇ ਉਹਦੇ ਕੰਮ ਆਊ, ...ਗੁਰਜੰਟ ਨੂੰ ਇਸੇ ਸਵਾਲ ਤੋਂ ਉਲਝਾ ਲਿਆ ਸੀ ਕਿ ਜਦ ਤੁਹਾਡੀ ਆਪਸ ਵਿਚ ਵਾਕਫੀ ਨਹੀਂ, ਕੋਈ ਖਤੋ-ਖਿਤਾਬਤ ਨਹੀਂ ਤਾਂ ਤੁਸੀਂ ਵਿਆਹ ਕਿਵੇਂ ਕਰਾਵੋਂਗੇ।"

"ਡੈਡ, ਲੈਟਰ ਮੈਨੂੰ ਲਿਖਣੀ ਨਹੀਂ ਆਉਂਦੀ, ਕੀ ਲਿਖੂੰਗੀ?"

ਸੁਰਿੰਦਰ ਨੇ ਸ਼ਰਮਾਉਂਦਿਆਂ ਕਿਹਾ। ਸੁਰਜਨ ਸਮਝਾਉਂਦਾ ਹੋਇਆ ਦੱਸਣ ਲਗਿਆ,

"ਆਪਣੇ ਬਾਰੇ, ਆਪਣੇ ਕੰਮ ਬਾਰੇ ਲਿਖ ਦੇ, ਜਾਂ ਇਹ ਲਿਖ ਦੇ ਕਿ ਅੱਜਕੱਲ ਇਥੇ ਮੌਸਮ ਕਿਹੋ ਜਿਹਾ ਹੈ, ਲਿਖ ਦੇਹ ਕਿ ਪੂਰਾ ਇੰਗਲੈਂਡ ਹੀ ਮੌਸਮ ਦੇ ਹਿਸਾਬ ਨਾਲ ਚਲਦੈ। ਜਾਂ ਫਿਰ ਪੁੱਛ ਲੈ ਅਜੱਕੱਲ ਇੰਡੀਆ ਦੇ ਮੌਸਮ ਬਾਰੇ ਪੁੱਛ ਲੈ, ਓਹਦੀਆਂ ਹੌਬੀਆਂ ਪੁੱਛ ਲੈ, ਉਹਦੇ ਕੰਮ ਬਾਰੇ ਜਾਂ ਪਰਿਵਾਰ ਬਾਰੇ, ...ਜੋ ਵੀ ਚੰਗਾ ਲਗੇ, ਯੂ ਸੁੱਡ ਨੋ ਬੈਟਰ!"

ਸੁਰਿੰਦਰ ਹੋਰ ਵੀ ਸ਼ਰਮਾ ਗਈ ਤੇ ਆਹਿਸਤਾ ਜਿਹੇ ਬੋਲੀ,
"ਨੋ ਡੈਡ, ਉਹ ਮੈਨੂੰ ਪਹਿਲਾਂ ਲਿਖੇ, ਮੈਂ ਅਨਸਰ ਦੇ ਦਊਂ।"

## ਪੰਦਰਾਂ

ਜੁਲਾਈ। ਹਰ ਵੇਲੇ ਬੱਦਲ ਅਸਮਾਨ ਵਿਚ ਤੈਰਦੇ ਫਿਰਦੇ ਸਨ। ਭਾਵੇਂ ਇਹ ਮੀਂਹ ਵਾਲੇ ਬੱਦਲ ਨਹੀਂ ਸਨ ਪਰ ਲੋਕ ਫਿਰ ਵੀ ਧੁੱਪ ਰਹਿਤ ਮੌਸਮ ਤੋਂ ਖਿਝੇ ਪਏ ਸਨ। ਵਿਓਪਾਰੀ ਤੰਗ ਸਨ ਕਿ ਟੂਰਿਸਟ ਨਹੀਂ ਸਨ ਆ ਰਹੇ। ਬਰਤਾਨਵੀ ਲੋਕ ਛੁੱਟੀਆਂ ਕੱਟਣ ਧੁੱਪ ਵਾਲੇ ਇਲਾਕਿਆਂ ਨੂੰ ਭੱਜ ਰਹੇ ਸਨ। ਪਿਛਲੇ ਸਾਲ ਧੁੱਪ ਇੰਨੀ ਪਈ ਸੀ ਕਿ ਪਾਰਕਾਂ ਦੇ ਘਾਹ ਤਕ ਸੜ ਗਏ ਸਨ ਪਰ ਐਤਕੀਂ ਅਜਿਹਾ ਕੁਝ ਨਹੀਂ ਸੀ। ਅਜਿਹੀ ਹੀ ਇਕ ਸਵੇਰ ਨੂੰ ਗੁਲਵੰਤ ਹੀਥਰੋ ਦੇ ਟਰਮੀਨਲ ਤਿੰਨ 'ਤੇ ਆ ਉਤਰਿਆ। ਆਪਣਾ ਸਮਾਨ ਚੁੱਕਿਆ ਤੇ ਇੰਮੀਗਰੇਸ਼ਨ ਕਰਾਉਣ ਵਾਲਿਆਂ ਦੀ ਕਤਾਰ ਵਿਚ ਖੜ੍ਹ ਆਪਣੀ ਵਾਰੀ ਦੀ ਉਡੀਕ ਕਰਨ ਲਗਿਆ। ਇਮੀਗਰੇਸ਼ਨ ਅਫਸਰ ਨੇ ਉਸ ਦਾ ਪਾਸਪੋਰਟ ਦੇਖਿਆ ਤੇ ਉਸ ਨੂੰ ਇਕ ਪਾਸੇ ਬੈਠਾ ਲਿਆ। ਜਿਥੇ ਉਹ ਬੈਠਾ ਸੀ ਉਸ ਵਰਗੇ ਹੋਰ ਵੀ ਕਈ ਮੁੰਡੇ ਬੈਠੇ ਸਨ। ਇਥੋਂ ਆ ਕੇ ਉਹਨਾਂ ਦੀਆਂ ਮੰਗੇਤਰ ਕੁੜੀਆਂ ਨੇ ਉਹਨਾਂ ਨੂੰ ਲੈ ਕੇ ਜਾਣਾ ਸੀ। ਕੁੜੀਆਂ ਵਾਰੀ ਵਾਰੀ ਆਉਣ ਲਗੀਆਂ। ਇੰਮੀਗਰੇਸ਼ਨ ਅਫਸਰ ਪੇਪਰ ਦੇਖ ਕੇ ਅਵਾਜ਼ ਦਿੰਦਾ, ਉਹਨਾਂ ਵਿਚੋਂ ਕੋਈ ਮੁੰਡਾ ਉਠ ਕੇ ਤੁਰ ਪੈਂਦਾ। ਕੁਝ ਦੇਰ ਬਾਅਦ ਇਕ ਸਰਦਾਰ ਨਾਲ ਲੰਮੀ ਜਿਹੀ ਕੁੜੀ ਨੂੰ ਆਉਂਦੀ ਦੇਖ ਗੁਲਵੰਤ ਖੜ ਗਿਆ। ਉਸ ਨੇ ਸੁਰਿੰਦਰ ਨੂੰ ਪੱਛਾਣ ਲਿਆ ਸੀ। ਉਸ ਦੀਆਂ ਇੰਨੀਆਂ ਫੋਟੋ ਦੇਖੀਆਂ ਸਨ ਕਿ ਇਹ ਚਿਹਰਾ ਉਸ ਦੇ ਮਨ ਉਪਰ ਖੁਣਿਆਂ ਜਾ ਚੁੱਕਿਆ ਸੀ, ਲੱਖਾਂ ਦੀ ਭੀੜ ਵਿਚੋਂ ਵੀ ਪੱਛਾਣ ਸਕਦਾ ਸੀ। ਸੁਰਿੰਦਰ ਉਸ ਨੂੰ ਬਿਲਕੁਲ ਉਹੋ ਜਿਹੀ ਹੀ ਲਗੀ ਜਿਹੋ ਜਿਹੀ ਉਸ ਨੇ ਸੁਫਨਿਆਂ ਵਿਚ ਚਿਤਵੀ ਸੀ ਪਰ ਉਸ ਦੇ ਤੁਰਨ ਦਾ ਅੰਦਾਜ, ਉਸ ਦਾ ਆਪਣੇ ਵਲ ਦੇਖਣ ਦਾ ਤਰੀਕਾ ਉਸ ਨੂੰ ਜ਼ਰਾ ਕੁ ਚੁਭਿਆ। ਉਸ ਨੇ ਇਕ ਪਲ ਲਈ ਸੋਚਿਆ ਕਿ ਇਸ ਕੁੜੀ ਵਿਚ ਤਾਂ ਲੋੜ ਤੋਂ ਜ਼ਿਆਦਾ ਆਤਮ-ਵਿਸ਼ਵਾਸ ਹੈ ਪਰ ਫਿਰ ਅਗਲੇ ਪਲ ਉਸ ਨੇ ਸੋਚਿਆ ਕਿ ਇਹੋ ਤਾਂ ਉਹ ਚਾਹੁੰਦਾ ਸੀ। ਸੁਰਿੰਦਰ ਵੀ ਹਲਕਾ ਜਿਹਾ ਮੁਸਕ੍ਰਾਉਂਦੀ ਉਸ ਵਲ ਦੇਖੀ ਜਾ ਰਹੀ ਸੀ, ਉਸ ਨੂੰ ਗੁਲਵੰਤ ਪਹਿਲੀ ਨਜ਼ਰੇ ਹੀ ਪਸੰਦ ਆ ਗਿਆ। ਸੁਰਜਨ ਨੂੰ ਗੁਲਵੰਤ ਦੇਖ ਕੇ ਤਸੱਲੀ ਹੋ ਗਈ। ਗੁਲਵੰਤ ਨੇ ਉਹਨਾਂ ਨੂੰ 'ਸਤਿ ਸ੍ਰੀ ਅਕਾਲ' ਬੁਲਾਈ ਤੇ ਉਹ ਸਾਰੇ ਇਮੀਗਰੇਸ਼ਨ ਅਫਸਰ ਦੇ ਮਗਰ ਹੋ ਤੁਰੇ। ਡੈਸਕ ਉਪਰ ਪੁੱਜ ਕੇ ਸੁਰਿੰਦਰ ਨੇ ਕੁਝ ਕਾਗਜ਼ਾਂ ਉਪਰ ਸਹੀ ਪਾਈ। ਫਿਰ ਗੁਲਵੰਤ ਦੀ ਹਲਕੀ ਜਿਹੀ ਡਾਕਟਰੀ ਹੋਈ। ਤੀਜੀ ਦੁਨੀਆਂ ਤੋਂ ਆਉਂਦੇ ਲੋਕਾਂ ਤੋਂ ਡਰ ਰਹਿੰਦਾ ਸੀ ਕਿ ਆਪਣੇ ਨਾਲ ਕੋਈ ਬਿਮਾਰੀ ਨਾ ਲੈਂਦੇ ਆਉਣ। ਡਾਕਟਰੀ ਤੋਂ ਬਾਅਦ ਗੋਰੇ ਅਫਸਰ ਨੇ ਗੁਲਵੰਤ ਵਲ ਇਸ਼ਾਰਾ ਕਰਦਿਆਂ ਸੁਰਿੰਦਰ ਨੂੰ ਕਿਹਾ,
"ਨਾਓ, ਔਲ ਯੋਅਰਜ਼!"

ਸੁਰਿੰਦਰ ਮੁਸਕ੍ਰਾਈ ਤੇ ਉਹ ਸਾਰੇ ਬਾਹਰ ਨੂੰ ਤੁਰ ਪਏ। ਸੁਰਿੰਦਰ ਮੂਹਰੇ ਮੂਹਰੇ ਤੁਰ ਰਹੀ ਸੀ ਤੇ ਗੁਲਵੰਤ ਪਿੱਛੇ ਪਿੱਛੇ। ਇਕ ਵਾਰ ਤਾਂ ਗੁਲਵੰਤ ਦਾ ਦਿਲ ਕੀਤਾ ਕਿ ਭੱਜ ਕੇ ਸੁਰਿੰਦਰ ਤੋਂ ਮੂਹਰੇ ਹੋ ਜਾਵੇ ਤੇ ਉਵੇਂ ਹੀ ਤੁਰੇ ਜਿਵੇਂ ਉਸ ਦਾ ਪਿਓ ਉਸ ਦੀ ਮਾਂ ਦੇ ਅਗੇ ਅਗੇ ਤੁਰਿਆ ਕਰਦਾ ਹੈ ਪਰ ਇਹ ਮੁਲਕ ਓਪਰਾ ਸੀ। ਸੁਰਿੰਦਰ ਇਥੋਂ ਦੇ ਮਹੌਲ ਨੂੰ ਜਾਣਦੀ, ਸਮਝਦੀ ਸੀ ਇਸ ਲਈ ਉਹ ਚੁਪ ਕਰਕੇ ਤੁਰਦਾ ਗਿਆ।

ਉਹ ਬਾਹਰ ਨਿਕਲੇ ਤਾਂ ਰਿਸੈਪਸ਼ਨ ਏਰੀਏ ਵਿਚ ਉਸ ਨੂੰ ਲੈਣ ਆਉਣ ਵਾਲਿਆਂ ਦੀ ਭੀੜ ਲਗੀ ਹੋਈ ਸੀ। ਸਰੂਪ, ਸਤਨਾਮੀ ਤੇ ਬੱਚੇ। ਦਿਲਬਾਗ, ਗੁਰਿੰਦਰ ਤੇ ਬੱਚੇ। ਪਰਕਾਸ਼ ਕੋਰ ਤੇ ਛੋਟੀਆਂ ਦੋਨੋਂ ਕੁੜੀਆਂ ਵੀ। ਅਵਤਾਰ ਵੀ ਆਇਆ ਹੋਇਆ ਸੀ। ਬਾਕੀ ਸਭ ਦੀਆਂ ਫੋਟੋ ਤਾਂ ਗੁਲਵੰਤ ਨੇ ਦੇਖੀਆਂ ਹੋਈਆਂ ਸਨ ਪਰ ਅਵਤਾਰ ਨੂੰ ਉਹ ਨਹੀਂ ਸੀ ਪੱਛਾਣ ਰਿਹਾ। ਅਵਤਾਰ ਨੂੰ ਤਾਂ ਦਿਲਬਾਗ ਮੱਲੋਮੱਲੀ ਲੈ ਆਇਆ ਸੀ। ਸਰੂਪ ਆਪਣੇ ਇਕ ਦੋਸਤ ਤਰਲੋਕ ਨੂੰ ਇਸ ਕਰਕੇ ਲੈ ਆਇਆ ਸੀ ਜੇ ਕਾਰਾਂ ਦੇ ਹਿਸਾਬ ਨਾਲ ਬੰਦੇ ਵਧ ਗਏ ਤਾਂ ਇਕ ਹੋਰ ਕਾਰ ਦੀ ਲੋੜ ਪੈ ਸਕਦੀ ਹੈ। ਸਾਰੇ ਹੀ ਗੁਲਵੰਤ ਨੂੰ ਪੂਰੇ ਮੋਹ ਨਾਲ ਮਿਲੇ। ਗੁਲਵੰਤ ਵੀ ਇਕੱਲੇ ਇਕੱਲੇ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਭਰਵਾਂ ਹੱਥ ਮਿਲਾ ਰਿਹਾ ਸੀ। ਸੁਰਜਨ ਸਿੰਘ ਨੂੰ ਲਗਿਆ ਕਿ ਇਸ ਮੁੰਡੇ ਦੀਆਂ ਅੱਖਾਂ ਵਿਚ ਅਜਿਹਾ ਕੁਝ ਹੈ ਜਿਹੜਾ ਉਸ ਨੇ ਪਹਿਲਾਂ ਕਿਤੇ ਘੱਟ ਦੇਖਿਆ ਹੈ। ਉਸ ਨੂੰ ਇਹ ਗੱਲ ਚੰਗੀ ਲਗੀ। ਗੁਲਵੰਤ ਨੇ ਆਲੇ ਦੁਆਲੇ ਇਕ ਨਜ਼ਰ ਦੁੜਾ ਕੇ ਜਾਇਜ਼ਾ ਜਿਹਾ ਲੈ ਲਿਆ ਤੇ ਫਿਰ ਸਭ ਨਾਲ ਘੁਲ-ਮਿਲ ਕੇ ਗੱਲਾਂ ਕਰਨ ਲਗਿਆ ਜਿਵੇਂ ਉਹਨਾਂ ਵਿਚੋਂ ਹੀ ਇਕ ਹੋਵੇ। ਉਸ ਦੇ ਆਉਣ ਖੁਸ਼ੀ ਵਿਚ ਸਰੂਪ ਨੇ ਆਪਣੇ ਘਰ ਅਜ ਇਕ ਪਾਰਟੀ ਵੀ ਰੱਖੀ ਹੋਈ ਸੀ। ਹੁਣ ਇਹਨਾਂ ਸਭ ਓਥੇ ਜਾਣਾ ਸੀ।

www.PunjabiLibrary.com

ਗੁਲਵੰਤ ਨੂੰ ਸਭ ਓਪਰਾ ਓਪਰਾ ਤੇ ਚੰਗਾ ਚੰਗਾ ਲਗ ਰਿਹਾ ਸੀ; ਏਅਰ ਪੋਟਰ, ਫਿਰ ਰੌਸ਼ਨੀਆਂ ਭਰੀ ਲੰਮੀ ਸੁਰੰਗ, ਉਸ ਵਿਚ ਸਰਪਟ ਦੌੜਦੀਆਂ ਕਾਰਾਂ, ਗੱਦੇ-ਦਾਰ ਵਿਛੀਆਂ ਸੜਕਾਂ, ਚੌੜਾ ਸਾਰਾ ਮੋਟਰਵੇਅ। ਮੁੱਖ ਸੜਕਾਂ ਛੱਡ ਉਹ ਸਥਾਨਕ ਸੜਕਾਂ 'ਤੇ ਆ ਗਏ। ਇਕੋ ਕਿਸਮ ਦੇ ਇਹ ਘਰ ਉਸ ਨੇ ਤਸਵੀਰਾਂ ਵਿਚ ਦੇਖੇ ਸਨ। ਸਰੂਪ ਦੀ ਕਾਰ ਘਰ ਮੁਹਰੇ ਆ ਖੜੀ। ਸਰੂਪ ਨੇ ਉਸ ਦਾ ਅਟੈਚੀ ਤੇ ਬੈਗ ਚੁੱਕ ਇਕ ਕਮਰੇ ਵਿਚ ਰਖਦਿਆਂ ਕਿਹਾ,

"ਲੈ ਬਈ, ਆਹ ਕਮਰਾ ਹੁਣ ਤੇਰਾ।"

ਸਰੂਪ ਨੇ ਕਮਰੇ ਵਿਚ ਇਕ ਨਜ਼ਰ ਦੁੜਾਈ। ਕਿਸੇ ਹੋਟਲ ਦੇ ਕਮਰੇ ਵਰਗਾ ਕਮਰਾ ਸੀ। ਵਿਦਿਆਰਥੀਆਂ ਨੂੰ ਟੂਰ 'ਤੇ ਲੈ ਜਾਂਦੇ ਸਮੇਂ ਉਸ ਨੂੰ ਕਈ ਵਾਰ ਹੋਟਲਾਂ ਵਿਚ ਠਹਿਰਨ ਦਾ ਮੌਕਾ ਮਿਲਦਾ ਰਿਹਾ ਸੀ। ਕੰਧਾਂ ਤੇ ਪੇਪਰ ਲਗਾਇਆ ਗਿਆ ਸੀ ਤੇ ਫਰਸ਼ ਤੇ ਮੋਟੀ ਕਾਰਪੈੱਟ ਵਿਛਾਈ ਹੋਈ ਸੀ। ਡਰੈਸਿੰਗ ਟੇਬਲ, ਕੱਪਬੋਰਡ ਤੇ ਇਕ ਪਾਸੇ ਟੈਲੀਵੀਯਨ ਵੀ ਪਿਆ ਸੀ। ਆਪਣਾ ਕਮਰਾ ਤੇ ਬਾਥਰੂਮ ਦੇਖ ਕੇ ਉਸ ਸਭ ਵਿਚ ਆ ਬੈਠਾ। ਉਸ ਦੀਆਂ ਦੋ ਕੁ ਵਾਰ ਸੁਰਿੰਦਰ ਨਾਲ ਅੱਖਾਂ ਮਿਲੀਆਂ। ਸਰਿੰਦਰ ਵੀ ਜਿਵੇਂ ਉਸ ਵਲ ਹੀ ਝਾਕ ਰਹੀ ਹੁੰਦੀ। ਸੁਰਿੰਦਰ ਬਹੁਤ ਖੁਸ਼ ਸੀ। ਉਸ ਤੋਂ ਵੀ ਖੁਸ਼ ਸੀ ਪਰਕਾਸ਼ ਕੌਰ ਕਿ ਉਸ ਦਾ ਪਸੰਦ ਕੀਤਾ ਮੁੰਡਾ ਸਭ ਨੂੰ ਏਨਾ ਪਸੰਦ ਆ ਰਿਹਾ ਹੈ। ਸੁਰਜਨ ਸਿੰਘ ਵੀ ਗੁਲਵੰਤ ਵਲ ਹੀ ਦੇਖੀ ਜਾ ਰਿਹਾ ਸੀ।

ਔਰਤਾਂ ਰਸੋਈ ਦੇ ਕੰਮ ਨੂੰ ਲਗ ਗਈਆਂ ਤੇ ਮਰਦ ਮੋੜ ਵਾਲੇ ਪੱਬ ਵਿਚ ਜਾ ਬੈਠੇ। ਹੁਣੇ ਜਿਹੇ ਇੰਡੀਆ ਦੀ ਸਿਆਸਤ ਵਿਚ ਬਹੁਤ ਉਤਰਾਅ-ਚੜ੍ਹਾਅ ਆਏ ਸਨ। ਪਹਿਲਾਂ ਐਮਰਜੈਂਸੀ ਲਗੀ ਤੇ ਫਿਰ ਦੋ ਸਾਲ ਦੀ ਐਮਜੈਂਸੀ ਤੋਂ ਬਾਅਦ ਕਾਂਗਰਸ ਬੁਰੀ ਤਰ੍ਹਾਂ ਹਾਰ ਗਈ। ਇਥੋਂ ਤਕ ਕਿ ਇੰਦਰਾ ਗਾਂਧੀ ਖੁਦ ਇਕ ਨਿਕੰਮੇ ਜਿਹੇ ਲੀਡਰ ਤੋਂ ਹਾਰ ਗਈ ਸੀ। ਸਿਆਸਤ ਨੂੰ ਸਮਝਣ ਵਾਲੇ ਲੋਕ ਤਾਂ ਹਰ ਮਹਿਫਲ ਵਿਚ ਇਸ ਬਾਰੇ ਗੱਲਾਂ ਕਰਨ ਲਗਦੇ ਸਨ। ਸਰੂਪ ਨੂੰ ਯਕੀਨ ਸੀ ਕਿ ਗੁਲਵੰਤ ਭਾਰਤ ਦੀ ਸਿਆਸਤ ਨੂੰ ਖੂਬ ਸਮਝਦਾ ਹੋਵੇਗਾ। ਉਹ ਚਾਹੁੰਦਾ ਸੀ ਕਿ ਗੁਲਵੰਤ ਸਭ 'ਤੇ ਛਾ ਜਾਵੇ। ਉਸ ਨੇ ਗੱਲ ਸ਼ੁਰ ਕਰਦਿਆਂ ਕਿਹਾ,

"ਹਾਂ ਬਈ ਪਰੋਫੈਸਰ, ਅਸੀਂ ਨਹੀਂ ਸੀ ਸੋਚਿਆ ਕਿ ਇੰਦਰਾ ਗਾਂਧੀ ਏਨੀ ਬੁਰੀ ਤਰ੍ਹਾਂ ਹਾਰ ਜਾਊ, ਗਲਤੀ ਕਿਥੇ ਹੋ ਗਈ?"

"ਭਾਜੀ, ਗਲਤੀ ਹੋ ਗਈ ਕਿ ਇੰਦਰਾ ਗਾਂਧੀ ਆਮ ਲੋਕਾਂ ਦੀ ਗੱਲ ਸੁਣਨ ਦੀ ਥਾਂ ਥੋੜੇ ਚਾਪਲੂਸਾਂ ਦੀ ਹੀ ਸੁਣਦੀ ਰਹੀ ਤੇ ਰਿਐਲਟੀ ਤੋਂ ਕੱਟੀ ਗਈ। ਏਨੀ ਚਲਾਕ ਪੌਲੇਟੀਸ਼ਨ ਜੀ-ਹਜ਼ੂਰੀਆਂ ਹੱਥੋਂ ਗੁਮਰਾਹ ਹੋ ਗਈ। ਇਹ ਲੋਕ ਕਹਿੰਦੇ ਸੀ; ਇੰਡੀਆ ਇਜ਼ ਇੰਦਰਾ ਐਂਡ ਇੰਦਰਾ ਇਜ਼ ਇੰਡੀਆ, ...ਬੱਸ ਇਥੇ ਈ ਮਾਰ ਖਾ ਗਈ।"

"ਪਰ ਐਡੀ ਵੱਡੀ ਹਾਰ! ...ਕਦੇ ਸੋਚਿਆ ਸੀ ਕਿਸੇ ਨੇ?"

"ਭਾਜੀ, ਇਥੇ ਉਹ ਮਾਤ ਖਾ ਗਈ ਕਿ ਲੋਕਾਂ ਦੀ ਵਰਡੈਕਟ ਨੂੰ ਆਪਣੇ ਹੱਕ ਵਿਚ ਗਰੰਟਡ ਸਮਝਣ ਲਗ ਪਈ ਸੀ। ਮੀਡੀਏ 'ਤੇ ਪਾਬੰਦੀ ਲਗ ਜਾਣ ਕਾਰਨ ਅਸਲ ਖਬਰ ਉਸ ਤਕ ਨਹੀਂ ਸੀ ਪੁੱਜਦੀ।"

"ਐਮਰਜੈਂਸੀ ਲਗਾਉਣ ਦੀ ਗਲਤੀ ਕਿੱਦਾਂ ਕਰ ਬੈਠੀ?"

"ਇਹ ਸੰਜੇ ਗਾਧੀ ਦੀ ਸਕੀਮ ਸੀ। ਉਹ ਡਿਕਟੇਟਰ ਸੁਭਾਅ ਦਾ ਬੰਦਾ, ਉਹਨੂੰ ਇਹ ਨਹੀਂ ਪਤਾ ਡੈਮੋਕਰੇਸੀ ਵਿਚ ਡਿਕਟੇਟਰਸ਼ਿੱਪ ਨਹੀਂ ਚਲਦੀ ਬਲਕਿ ਐਕਟਿੰਗ ਚਲਦੀ ਐ, ਜਿੱਡਾ ਵੱਡਾ ਐਕਟਰ ਓਡਾ ਵੱਡਾ ਲੀਡਰ!"

ਉਸ ਦੀ ਗੱਲ 'ਤੇ ਸਾਰੇ ਹੱਸਣ ਲਗੇ। ਅਵਤਾਰ ਬੋਲਿਆ,

"ਅਸਲ ਵਿਚ ਇਹ ਪੱਛਮੀ ਫਿਨੌਮਨਾ ਐ, ਡੁਗਡੁਗੀ ਤੋਂ ਬਿਨਾਂ ਭੀੜ 'ਕੱਠੀ ਨਹੀਂ ਹੁੰਦੀ।"

"ਡੁਗਡੁਗੀ ਤਾਂ ਇੰਦਰਾ ਵੀ ਬਹੁਤ ਵਜਾ ਲੈਂਦੀ ਐ ਪਰ ਸੰਜੇ ਗਾਂਧੀ ਦੀ ਡਿਕਟੇਟਰਾਨਾ ਸੁਰ ਨੇ ਕਾਂਗਰਸ ਨੂੰ ਬਹੁਤੀ ਢਾਅ ਲਾਈ ਐ।"

ਫਿਰ ਸੰਜੇ ਗਾਂਧੀ ਵਲੋਂ ਕਰਾਈਆਂ ਜਬਰਦਸਤੀ ਨਸਬੰਦੀਆਂ, ਦਿੱਲੀ ਵਿਚ ਢਾਹੀਆਂ ਝੌਂਪੜੀਆਂ ਆਦਿ ਬਾਰੇ ਗੱਲਾਂ ਹੋਣ ਲਗੀਆਂ। ਸਰੂਪ ਦੇ ਦੋਸਤ ਤਰਲੋਕ ਨੇ ਇਸ ਵਿਚੋਂ ਨਿਕਲੇ ਕੁਝ ਲਤੀਫੇ ਵੀ ਸੁਣਾਏ। ਉਸ ਦਾ ਛੜਾ ਚਾਚਾ ਕਈ ਵਾਰ ਨਸਬੰਦੀ ਕਰਾ ਕੇ ਪੈਸੇ ਲੈ ਚੁਕਿਆ ਸੀ। ਸਰੂਪ ਕਹਿਣ ਲਗਿਆ,

"ਇਕ ਦਿਨ ਮੈਂ ਵਾਸ-ਪਰਵਾਸ ਵਿਚ ਪੜਿਆ ਸੀ ਕਿ ਸੰਜੇ ਗਾਂਧੀ ਦੀ ਪੁਲੀਸ ਨਾਲ ਟੱਕਰ ਹੋ ਗਈ।"

"ਇਹ ਤਾਂ ਭਾਜੀ, ਖਬਰਾਂ ਵਿਚ ਰਹਿਣ ਦਾ ਇਕ ਤਰੀਕਾ ਹੁੰਦੈ, ਇੰਦਰਾ ਵੀ ਬਹੁਤ ਗਰੀਬਣੀ ਜਿਹੀ ਬਣ ਕੇ ਇੰਟਰਵਿਊ ਦੇ ਰਹੀ ਐ। ਇਹ ਸਰਕਾਰ ਕਿਸੇ ਇਕ ਵਿਚਾਰਧਾਰਾ ਨਾਲ ਬੱਝੀ ਨਾ ਹੋਣ ਕਰਕੇ ਲਗਦਾ ਨਹੀਂ ਜ਼ਿਆਦਾ ਦੇਰ ਚਲੂ ਏਸ ਲਈ ਕਾਂਗਰਸ ਈ ਮੁੜ ਕੇ ਆਉਣੀ ਆਂ ਪਰ ਇਹਦਾ ਇਕ ਫਾਇਦਾ ਹੋ ਗਿਆ।"

"ਉਹ ਕਿਹੜਾ?"

"ਇਹੋ ਕਿ ਇੰਡੀਆ ਵਿਚ ਕਾਂਗਰਸ ਦੇ ਬਰਾਬਰ ਦੀ ਕਿਸੇ ਹੋਰ ਪਾਰਟੀ ਦੇ ਖੜੇ ਹੋਣ ਦੇ ਚਾਂਸ ਬਣ ਗਏ। ਕਾਂਗਰਸ ਦਾ ਏਨਾ ਸਟਰੌਂਗ ਹੋਣਾ ਡੈਮੋਕਰੇਸੀ ਲਈ ਚੰਗੀ ਗੱਲ ਨਹੀਂ ਸੀ।"

www.PunjabiLibrary.com

ਸੁਰਜਨ ਸਿੰਘ ਉਸ ਦੀਆਂ ਗੱਲਾਂ ਇਵੇਂ ਸੁਣ ਰਿਹਾ ਸੀ ਜਿਵੇਂ ਕੀਲਿਆ ਗਿਆ ਹੋਵੇ। ਇਹ ਗੁਲਵੰਤ ਨਹੀਂ ਜਿਵੇਂ ਉਹ ਖੁਦ ਬੋਲ ਰਿਹਾ ਹੋਵੇ। ਗੁਲਵੰਤ ਨੇ ਬੀਅਰ ਦਾ ਇਕ ਗਲਾਸ ਹੀ ਪੀਤਾ ਜਦ ਕਿ ਬਾਕੀ ਸਭ ਸਹਿਜੇ ਹੀ ਤਿੰਨ ਤਿੰਨ-ਚਾਰ ਚਾਰ ਪੀ ਗਏ। ਗੁਲਵੰਤ ਲਈ ਪੱਬ ਵਿਚ ਜਾਣ ਦਾ ਨਵਾਂ ਤਜੁਰਬਾ ਸੀ। ਜਦ ਉਹ ਬੀਅਰ ਦਾ ਘੁੱਟ ਭਰਨ ਵਿਚ ਦੇਰ ਕਰਦਾ ਤਾਂ ਦਿਲਬਾਗ ਉਠ ਕੇ ਉਸ ਦੇ ਮੂੰਹ ਨੂੰ ਗਲਾਸ ਲਾਉਣ ਤਕ ਜਾਂਦਾ। ਅਵਤਾਰ ਵੀ ਬੀਅਰ ਦਾ ਬਹੁਤਾ ਸ਼ੌਕੀਨ ਨਹੀਂ ਸੀ। ਉਹ ਦਿਲਬਾਗ ਨੂੰ ਟਿੱਚਰ ਕਰਦਾ ਕਹਿਣ ਲਗਿਆ,

"ਦੇਖੋ, ਹਲਕੀ ਜਿਹੀ ਵਿੱਤ ਦਾ ਮਾਲਕ ਇਹ, ਬੀਅਰ ਦੀ ਬਾਲਟੀ ਪੀ ਜਾਂਦੈ।"

"ਓ ਲੰਮਿਆਂ ਕੈਪੈਸਟੀ ਰੱਖੀਦੀ ਆ, ਤੇਰੇ ਵਾਂਗੂੰ ਨਹੀਂ ਇਕ ਰੋਟੀ ਵਾਧੂ ਖਾ ਲਈ ਤਾਂ ਮਰੋੜ ਲਗ ਗਏ!"

ਦਿਲਬਾਗ ਅਜ ਕੁਝ ਜ਼ਿਆਦਾ ਹੀ ਚੁਾਮਲਿਆ ਪਿਆ ਸੀ। ਅਸਲ ਵਿਚ ਵਿਚੋਲਗਿਰੀ ਵਿਚ ਉਹਦੀ ਪੁੱਛ-ਪਰਤੀਤ ਅਰਜਨ ਸਿੰਘ ਤੋਂ ਜ਼ਿਆਦਾ ਰਹੀ ਸੀ। ਬਹੁਤੀਆਂ ਗੱਲਾਂ ਸਿਧੀਆਂ ਹੋ ਜਾਣ ਕਾਰਨ ਵਿਚੋਲੇ ਦੀ ਲੋੜ ਵੀ ਨਹੀਂ ਸੀ ਪਰ ਦਿਲਬਾਗ ਹਰ ਗੱਲ ਵਿਚ ਆ ਵੜਦਾ ਸੀ। ਸਰੂਪ ਵੀ ਅਜ ਹੱਥ ਖੋਹਲ ਕੇ ਖਰਚ ਕਰ ਰਿਹਾ ਸੀ ਨਹੀਂ ਤਾਂ ਪੈਸੇ ਦੇ ਮਾਮਲੇ ਵਿਚ ਉਹ ਬਹੁਤ ਧਿਆਨ ਨਾਲ ਚਲਦਾ। ਇਸ ਵਿਆਹ ਨੂੰ ਬਹੁਤ ਹੀ ਸਾਦੇ ਢੰਗ ਨਾਲ ਕਰਨ ਦਾ ਮਤਲਬ ਵੀ ਇਹ ਸੀ ਕਿ ਜਿਹੜੇ ਪੈਸੇ ਵਿਆਹ 'ਤੇ ਖਰਚ ਕਰਨੇ ਹਨ ਉਹ ਕੁੜੀ ਮੁੰਡਾ ਆਪਣੇ ਘਰ ਲੈਣ ਉਪਰ ਖਰਚ ਕਰਨ; ਇਹ ਸਰੂਪ ਦੀ ਹੀ ਰਾਏ ਸੀ। ਹਾਲਾਂਕਿ ਸੁਰਜਨ ਉਸ ਨਾਲ ਪਹਿਲਾਂ ਹੀ ਸਹਿਮਤ ਸੀ।

ਪੱਬ ਵਿਚੋਂ ਉਹ ਜਲਦੀ ਉਠਣ ਦੀ ਕੋਸ਼ਿਸ਼ ਕਰਦੇ ਰਹੇ ਕਿਉਂਕਿ ਸੁਰਜਨ ਸਿੰਘ, ਦਿਲਬਾਗ ਤੇ ਅਵਤਾਰ ਦੀਆਂ ਕਾਰਾਂ ਈਸਟ ਲੰਡਨ ਜਾਣੀਆਂ ਸਨ। ਪੱਬ ਵਿਚੋਂ ਆ ਕੇ ਸਭ ਨੇ ਰੋਟੀ ਖਾਧੀ। ਕਾਰ ਵਿਚ ਬੈਠਣ ਤਕ ਸੁਰਿੰਦਰ ਤੇ ਗੁਲਵੰਤ ਵਲੋਂ ਇਕ ਦੂਜੇ ਵਲ ਚੋਰੀ ਚੋਰੀ ਦੇਖਣਾ ਜਾਰੀ ਰਿਹਾ। ਕਾਰ ਵਿਚ ਬੈਠਦਿਆਂ ਪਰਕਾਸ਼ ਕੋਰ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ। ਸੁਰਜਨ ਸਿੰਘ ਨੂੰ ਚੁੱਪ ਦੇਖ ਕੇ ਬੋਲੀ,

"ਤੁਹਾਨੂੰ ਹੁਣ ਕਿਹੜਾ ਸੱਪ ਸੁੰਘ ਗਿਐ?"

"ਮੈਂ ਸੋਚਦਾਂ ਕਿ ਮੁੰਡਾ ਸੁਰਿੰਦਰ ਨਾਲੋਂ ਬਹੁਤ ਜ਼ਿਆਦਾ ਪੜਿਆ ਹੋਇਐ।"

"ਲੈ ਏਹਦੇ 'ਚ ਕਿਹੜੀ ਗੱਲ ਐ, ਮੈਂ ਕਿੰਨਾ ਕੁ ਪੜੀ ਸੀ! ...ਚੰਗਾ ਭਲਾ ਕੰਮ ਚਲਾ ਲਿਆ, ਇਹ ਤਾਂ ਕੰਮ ਈ ਸੌਖਾ, ਪੜੇ ਆਦਮੀ ਦੀ ਗੱਲ ਵਿਚ ਲੱਤ ਨਾ ਅੜਾਵੇ, ਬਸ।"

"ਬੁੜ੍ਹੀਏ, ਤੂੰ ਤਾਂ ਸਾਰੀ ਉਮਰ ਅੜਾਈ ਐ।"

"ਜੇ ਅੜਾਈ ਹੁੰਦੀ ਤਾਂ ਮਨਮਰਜ਼ੀਆਂ ਨਾ ਕਰਦੇ, ਮੈਂ ਤਾਂ ਸੁਰਿੰਦਰ ਨੂੰ ਕਹੂੰ ਬਈ ਮੇਰੇ ਆਂਗੂੰ ਕਮਲ਼ੀ ਨਾ ਬਣੀਂ, ਧਿਆਨ ਰੱਖੀ ਆਦਮੀ ਦਾ।"

"ਬੁੜ੍ਹੀਏ, ਮੈਂ ਕਿਹਦੀ ਮੱਝ ਖੋਹਲ ਲਈ?"

ਮਾਂ-ਪਿਓ ਦੀ ਨੋਂਕ ਝੋਂਕ ਵਿਚੋਂ ਛੋਟੀਆਂ ਦੋਂਹ ਨੂੰ ਤਾਂ ਬਹੁਤੀ ਗੱਲ ਸਮਝ ਹੀ ਨਹੀਂ ਸੀ ਆ ਰਹੀ। ਸੁਰਿੰਦਰ ਕਾਰ ਚਲਾਉਂਦੀ ਮਿੰਨਾ ਮਿੰਨਾ ਮੁਸਕ੍ਰਾਈ ਜਾ ਰਹੀ ਸੀ। ਘਰ ਪੁੱਜ ਕੇ ਵੀ ਉਹ ਗੁਲਵੰਤ ਦੀਆਂ ਗੱਲਾਂ ਹੀ ਕਰਦੇ ਰਹੇ, ਜਿਵੇਂ ਕਿਸੇ ਦਾ ਸੌਣ ਨੂੰ ਦਿਲ ਹੀ ਨਾ ਕਰਦਾ ਹੋਵੇ। ਪਰਕਾਸ਼ ਕੋਰ ਇਸ ਰਿਸ਼ਤੇ ਦਾ ਸਾਰਾ ਸ਼ਰੇਅ ਆਪ ਲੈਣਾ ਚਾਹੁੰਦੀ ਸੀ। ਸੁਰਜਨ ਸਿੰਘ, ਵੀ ਸਮਝਦਾ ਸੀ, ਬੋਲਿਆ,

"ਬੁੜ੍ਹੀ ਦਾ ਪਿਛਲਾ ਗੇੜਾ ਤਾਂ ਬਾਜ਼ੀਗਰਨੀ ਵਾਲ਼ਾ ਈ ਸੀ ਪਰ ਐਤਕੀਂ ਪੂਰੀ ਪਾ ਆਈ।"

"ਮੈਂ ਦਸਿਆ ਸੀ ਬਈ ਮੁੰਡਾ ਚੌਵੀ ਕੈਰੈਟ ਐ।"

"ਪਹਿਲੇ ਵਾਰੀ ਵੀ ਤੂੰ ਇਹੋ ਕਹਿੰਦੀ ਸੀ।"

"ਮੈਂ ਕਿਹੜਾ ਵਿਚ ਵੜ ਕੇ ਦੇਖਿਆ ਸੀ!"

ਸੁਰਜਨ ਸਿੰਘ ਨੂੰ ਕਿਧਰੇ ਗਵਾਚਾ ਦੇਖ ਕੇ ਪਰਕਾਸ਼ ਕੋਰ ਪੁੱਛਣ ਲਗੀ,

"ਜੀ, ਤੁਸੀਂ ਹੁਣ ਕਿਹੜੀਆਂ ਸੋਚਾਂ ਵਿਚ ਪੈ ਗਏ?"

"ਮੈਂ ਸੋਚਦਾਂ ਕਿ ਗੁਲਵੰਤ ਨੂੰ ਕਿਸੇ ਦਿਨ ਲੰਡਨ ਈ ਘੁਮਾ ਲਿਆਵਾਂ।"

"ਫੋਟ! ...ਮੈਂ ਕਿਹਾ; ਮਨ ਈ ਮਨ ਪਤਾ ਨਹੀਂ ਕਿਹੜੇ ਗੁਰਮਤੇ ਕਰੀ ਜਾਨੇਂ ਐਂ, ਤੁਹਾਨੂੰ ਲੰਡਨ ਦਾ ਝੱਲ ਨਹੀਂ ਹਟਣਾ, ਤੁਸੀਂ ਕਾਹਲੀ ਨਾ ਕਰਿਓ, ਮੁੰਡਾ ਤੇਜ਼ ਐ ਤਾਂ ਆਪੇ ਘੁੰਮ ਲਊ।"

ਸੁਰਜਨ ਸਿੰਘ ਨੇ ਉਸ ਦੀ ਗੱਲ ਦਾ ਕੋਈ ਉਤਰ ਨਾ ਦਿਤਾ ਤੇ ਫਿਰ ਕੁਝ ਦੇਰ ਬਾਅਦ ਕਹਿਣ ਲਗਿਆ,

"ਗੁਰਜੰਟ ਦਾ ਫੋਨ ਤਕ ਨਹੀਂ ਆਇਆ!"

ਸੁਰਿੰਦਰ ਪਿਓ ਦੇ ਫਿਕਰ ਨੂੰ ਕੁਝ ਘਟਾਉਣ ਲਈ ਬੋਲੀ,

"ਅਸਲ ਵਿਚ ਗੁਰਜੰਟ ਭਾਜੀ ਵੱਡੇ ਭਾਜੀ ਦੇ ਬੋਲਣ ਤੋਂ ਡਰਦਾ ਰਹਿੰਦਾ ਕਿ ਪਤਾ ਨਹੀਂ ਕਿਹੜੇ ਵੇਲੇ ਕੀ ਕਹਿ ਦੇਵੇ।"

ਸੁਰਿੰਦਰ ਦੀ ਗੱਲ ਸੱਚੀ ਸੀ, ਸਾਰੇ ਜਾਣਦੇ ਹੀ ਸਨ ਪਰ ਕਰ ਕੁਝ ਨਹੀਂ ਸਨ ਸਕਦੇ। ਜੇ ਦਿਲਬਾਗ ਨੂੰ ਸਮਝਾਉਂਦੇ ਤਾਂ ਉਹ ਆਪਣੇ ਆਪ ਨੂੰ ਵੱਡੀ ਚੀਜ਼ ਸਮਝਣ ਲਗਦਾ ਸੀ। ਗੁਰਜੰਟ ਤਾਂ ਕਿਸੇ ਦੀ ਗੱਲ ਸੁਣਦਾ ਹੀ ਨਹੀਂ ਸੀ। ਉਸ ਨੇ ਚਾਹਲ ਪਰਿਵਾਰ ਨਾਲ ਇਕ ਕਿਸਮ ਦਾ ਸਭ ਖਤਮ ਹੀ ਕੀਤਾ ਹੋਇਆ ਸੀ। ਬਲਜਿੰਦਰ ਨੂੰ ਵੀ ਨਾ ਜਾਣ ਦਿੰਦਾ। ਬਲਜਿੰਦਰ ਤੇ ਸੁਰਿੰਦਰ ਹੁਣ ਇਕੱਠੀਆਂ ਹੀ ਖਿਡੌਣਾ ਫੈਕਟਰੀ ਵਿਚ ਕੰਮ ਕਰਦੀਆਂ ਸਨ ਤੇ ਬ੍ਰੇਕ ਵੇਲੇ ਸਾਰੀਆਂ ਗੱਲਾਂ ਸਾਂਝੀਆਂ ਕਰ ਲੈਂਦੀਆਂ ਸਨ। ਗੁਰਜੰਟ ਬਹੁਤ ਹੀ ਪਿਛਾਂਹ ਖਿਚੂ ਸੀ। ਬਲਜਿੰਦਰ ਨੂੰ ਮੇਕਅੱਪ ਵੀ ਨਾ ਕਰਨ ਦਿੰਦਾ। ਕਿਸੇ ਮਰਦ ਨਾਲ ਬਹੁਤੀ ਗੱਲ ਕਰਨ ਦੀ ਵੀ ਇਜਾਜ਼ਤ ਨਹੀਂ ਸੀ ਉਸ ਨੂੰ। ਉਸ ਦੀ ਸਾਰੀ ਤਨਖਾਹ ਖੋਹ ਲੈਂਦਾ ਸੀ ਤੇ ਉਸ ਨੂੰ ਸਿਰਫ ਕੰਮ ਤੇ ਜਾਣ ਜੋਗੇ ਹੀ ਪੈਸੇ ਦਿੰਦਾ। ਉਸ ਨੂੰ ਮੰਮੀ ਨੂੰ ਫੋਨ ਕਰਨ ਦੀ ਵੀ ਆਗਿਆ ਨਹੀਂ ਸੀ, ਡਰਦਾ ਸੀ ਕਿ ਮੰਮੀ ਉਸ ਨੂੰ ਕੋਈ ਸਿੱਖਤ ਦੇ ਦੇਵੇਗੀ ਤੇ ਜਿਸ ਨਾਲ ਉਸ ਦੇ ਘਰ ਦੀ ਸ਼ਾਂਤੀ ਭੰਗ ਹੋ ਜਾਵੇਗੀ।

ਗੁਲਵੰਤ ਦਾ ਪਹਿਲਾ ਦਿਨ ਤਾਂ ਸੁਫਨੇ ਵਾਂਗ ਸੀ। ਦੂਜੇ ਦਿਨ ਕੁਝ ਹੋਸ਼ ਆਈ। ਜਾਗ ਆਈ ਤਾਂ ਧੁੱਪ ਚੜ੍ਹੀ ਹੋਈ ਸੀ। ਸਾਹਮਣੇ ਲਗਿਆ ਕਲੌਕ ਦੇਖਿਆ ਤਾਂ ਹਾਲੇ ਸਵੇਰ ਦੇ ਪੰਜ ਹੀ ਵੱਜੇ ਸਨ। ਏਨੇ ਤੜਕੇ ਏਨੀ ਧੁੱਪ! ਉਸ ਨੇ ਪਰਦੇ ਹਟਾ ਕੇ ਬਗੀਚੇ ਵਿਚ ਦੇਖਿਆ। ਚਿੜੀਆਂ ਗਾ ਰਹੀਆਂ ਸਨ। ਅਸਮਾਨ ਬਹੁਤ ਸਾਫ ਸੀ, ਬਦਲ ਦੀ ਇਕ ਵੀ ਕਾਤਰ ਨਹੀਂ ਸੀ। ਰਾਤੀਂ ਤਾਂ ਇਵੇਂ ਜਾਪਦਾ ਸੀ ਕਿ ਇਹ ਝੜੀ ਕਈ ਦਿਨ ਚਲੇਗੀ। ਨਾਲ ਦੇ ਕਮਰਿਆਂ ਵਿਚੋਂ ਘੁਰਾੜਿਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ, ਮਤਲਬ ਕਿ ਘੜੀ ਸਹੀ ਸੀ। ਉਹ ਬਾਥਰੂਮ ਜਾ ਕੇ ਹੇਠ ਫਰੰਟ ਰੂਮ ਵਿਚ ਆ ਗਿਆ। ਟੈਲੀਵੀਯਨ ਚਲਾਇਆ। ਗੋਰਾ ਅਨਾਊਂਸਰ ਕੁਝ ਕਹਿ ਰਿਹਾ ਸੀ। ਇਕ ਵੀ ਸ਼ਬਦ ਉਸ ਦੇ ਪੱਲੇ ਨਾ ਪਿਆ। ਉਸ ਨੇ ਚੈਨਲ ਬਦਲਿਆ। ਤਿੰਨ ਚੈਨਲ ਸਨ, ਤਿੰਨਾਂ ਦੀ ਕੋਈ ਗੱਲ ਉਸ ਨੂੰ ਸਮਝ ਨਹੀਂ ਸੀ ਆ ਰਹੀ। ਫਿਰ ਉਸ ਨੇ ਕੌਫੀ ਟੇਬਲ ਦੇ ਹੇਠ ਪਈ ਅੰਗਰੇਜ਼ੀ ਦੀ ਅਖਬਾਰ ਚੁੱਕੀ। ਇਹ ਤਾਂ ਆਮ ਜਿਹੀ ਸੌਖੀ ਅੰਰਗੇਜ਼ੀ ਸੀ। ਜੇ ਉਸ ਨੂੰ ਅੰਗਰੇਜ਼ੀ ਪੜ੍ਹਨ ਵਿਚ ਸਮਝ ਆ ਰਹੀ ਸੀ ਤਾਂ ਬੋਲਣ ਵਿਚ ਕਿਉਂ ਨਹੀਂ ਕੁਝ ਪਤਾ ਚਲ ਰਿਹਾ। ਉਹ ਅਨਾਊਂਸਰ ਦੇ ਬੋਲਣ ਵਲ ਧਿਆਨ ਦੇਣ ਲਗਿਆ। ਕੋਈ ਕੋਈ ਸ਼ਬਦ ਸਮਝ ਪੈਣ ਲਗ ਪਿਆ। ਫਿਰ ਖਬਰਾਂ ਆਈਆਂ। ਉਸ ਨੇ ਬਹੁਤ ਹੀ ਧਿਆਨ ਨਾਲ ਸੁਣੀਆਂ, ਬਹੁਤਾ ਕੁਝ ਉਹ ਸਮਝ ਗਿਆ। ਇਕ ਗੱਲ ਦੀ ਜ਼ਰਾ ਤਕਲੀਫ ਹੋਈ ਕਿ ਅੱਧੇ ਘੰਟੇ ਦੀਆਂ ਖਬਰਾਂ ਵਿਚ ਇਕ ਵੀ ਖਬਰ ਇੰਡੀਆ ਬਾਰੇ ਨਹੀਂ ਸੀ। ਇਸ ਬਾਰੇ ਉਸ ਨੇ ਜ਼ਰਾ ਕੁ ਹੋਰ ਸੋਚਿਆ ਤਾਂ ਹੱਸਣ ਲਗਿਆ; ਇਹ ਲੋਕ ਆਪਣੀਆਂ ਖਬਰਾਂ ਦੇਣਗੇ, ਇੰਡੀਆ ਦੀਆਂ ਕਿਉਂ। ਅੰਗਰੇਜ਼ੀ ਸਮਝ ਨਾ ਆਉਣ ਦਾ ਕਾਰਨ ਵੀ ਉਸ ਦੇ ਪੱਲੇ ਪੈਣ ਲਗਿਆ; ਉਸ ਦਾ ਅੰਤਹਕਰਣ ਭਾਰਤੀ ਹੈ ਇਸ ਲਈ। ਉਸ ਨੂੰ ਆਪਣੀ ਮਾਨਕਿਸਤਾ ਵਿਚ ਬਦਲ ਲਿਆਉਣਾ ਪਵੇਗਾ।

ਚਲਦੇ ਟੈਲੀ ਦੀ ਅਵਾਜ਼ ਨੇ ਸਤਨਾਮੀ ਨੂੰ ਜਗਾ ਦਿਤਾ। ਉਸ ਉਠ ਆਈ ਤੇ ਉਸ ਦੇ ਮਗਰ ਹੀ ਸਰੂਪ ਤੇ ਬਬਲੂ ਵੀ। ਬਬਲੂ ਤੇ ਸੀਮਾ ਕੱਲ ਦੇ ਹੀ ਉਸ ਦੇ ਆਉਣ ਦੇ ਚਾਅ ਵਿਚ ਦੌੜੇ ਫਿਰਦੇ ਸਨ। ਇੰਡੀਆ ਗਿਆਂ ਉਹਨਾਂ ਨੂੰ ਸਕੂਟਰ 'ਤੇ ਘੁਮਾਇਆ ਕਰਦਾ ਸੀ ਇਸ ਲਈ ਉਸ ਨਾਲ ਕਾਫੀ ਰਲ਼ੇਮਿਲ਼ੇ ਸਨ। ਉਹਨਾਂ ਚਾਹ ਪੀਤੀ, ਹਲਕਾ ਜਿਹਾ ਨਾਸ਼ਤਾ ਕੀਤਾ ਤੇ ਬਾਹਰ ਜਾਣ ਨੂੰ ਤਿਆਰੀ ਕਰਨ ਲਗੇ। ਸਰੂਪ ਦਾ ਮਤਲਬ ਸੀ ਕਿ ਗੁਲਵੰਤ ਨੂੰ ਇਥੋਂ ਦੇ ਮਹੌਲ ਬਾਰੇ ਜਾਣਕਾਰੀ ਮਿਲੇ। ਹਾਈ ਸਟ੍ਰੀਟ ਵੈਂਬਲੇ ਦਾ ਗੇੜਾ ਕੱਢ ਕੇ ਮੁੜੇ ਤਾਂ ਬਦਲਵਾਈ ਹੋ ਗਈ ਸੀ ਤੇ ਇਕ ਦਮ ਠੰਡ ਵੀ। ਸਰੂਪ ਹੱਸਦਾ ਹੋਇਆ ਬੋਲਿਆ,

"ਏਸ ਮੁਲਕ ਦੇ ਤਿੰਨ ਡਬਲਯੂ ਬਹੁਤ ਅਹਿਮ ਐਂ।"

"ਹਾਂ ਭਾਜੀ, ਮੈਂ ਪੜ੍ਹਿਐ।"

"ਬਸ ਫਿਰ, ਇਕ ਡਬਲਯੂ; ਵੈਦਰ, ਤੂੰ ਅੱਜ ਦੇਖ ਲਿਆ, ਹੁਣ ਵਰਕ ਤੇ ਵੋਮੈਨ ਵੀ ਦੇਖ ਲਵੇਂਗਾ।"

ਸਰੂਪ ਨੇ ਉਸ ਨੂੰ ਇਕ ਜੈਕਟ ਲੈ ਕੇ ਦਿਤੀ ਤੇ ਕੁਝ ਕਪੜੇ ਹੋਰ ਵੀ। ਗੁਲਵੰਤ ਕਹਿੰਦਾ ਰਿਹਾ ਕਿ ਉਸ ਕੋਲ ਕਪੜੇ ਬਹੁਤ ਹਨ ਪਰ ਸਰੂਪ ਆਪਣਾ ਵੀ ਕੁਝ ਫਰਜ਼ ਸਮਝਦਾ ਸੀ। ਸਰੂਪ ਰਾਤਾਂ ਨੂੰ ਹਾਲੇ ਵੀ ਟੈਕਸੀ ਕਰਦਾ ਸੀ ਤੇ ਦਿਨੇ ਫੈਕਟਰੀ ਵਿਚ ਕੰਮ। ਬੱਚੇ ਛੋਟੇ ਹੋਣ ਕਰਕੇ ਸਤਨਾਮੀ ਕੰਮ ਨਹੀਂ ਸੀ ਕਰ ਸਕਦੀ। ਹੁਣ ਸਰੂਪ ਸੋਚ ਰਿਹਾ ਸੀ ਕਿ ਕੋਈ ਦੁਕਾਨ ਬਗੈਰਾ ਖਰੀਦ ਲਵੇ। ਹੁਣ ਉਹ ਆਪਣਾ ਬੌਸ ਆਪ ਬਣਨਾ ਚਾਹੁੰਦਾ ਸੀ। ਉਸੇ ਸ਼ਾਮ ਉਹ ਹੰਸਲੋ ਦੇ ਇਲਾਕੇ ਵਿਚ ਸੇਲ 'ਤੇ ਲਗੀ ਇਕ ਦੁਕਾਨ ਦੇਖਣ ਵੀ ਗਿਆ। ਗੁਲਵੰਤ ਉਸ ਦੇ ਨਾਲ ਸੀ। ਵਾਪਸ ਆਉਂਦਿਆਂ ਉਹ ਪੱਬ ਵਿਚ ਚਲੇ ਗਏ। ਇਕ ਗਲਾਸ ਤੋਂ ਬਾਅਦ ਸਰੂਪ ਪੁੱਛਣ ਲਗਿਆ,

"ਹਨੀਮੂਨ ਲਈ ਕਿਥੇ ਜਾਣਾ ਚਾਹੁੰਨਾ?"

ਸਵਾਲ ਸੁਣ ਕੇ ਗੁਲਵੰਤ ਜ਼ਰਾ ਕੁ ਸ਼ਰਮਾਇਆ ਤੇ ਫਿਰ ਬੋਲਿਆ,

"ਭਾਜੀ, ਕਿਤੇ ਜਾਣ ਦੀ ਲੋੜ ਨਹੀਂ, ਚੰਗਾ ਭਲਾ ਕਮਰਾ ਐ ਘਰ ਵਿਚ।"
"ਉਹ ਤਾਂ ਠੀਕ ਐ ਪਰ ਮੈਂ ਚਾਹੁੰਨਾ ਬਈ ਤੂੰ ਕੁਝ ਦਿਨ ਕਿਤੇ ਲਾ ਕੇ ਆਵੇਂ।"
"ਭਾਜੀ, ਮੇਰਾ ਕੋਈ ਮਨ ਨਹੀਂ।"
"ਤੇਰਾ ਨਹੀਂ, ਸੁਰਿੰਦਰ ਦਾ ਤਾਂ ਹੋਵੇਗਾ ਹੀ, ਉਹ ਵੀ ਵਿਚਾਰੀ ਡਰੀਮ ਲੈਂਦੀ ਹੋਏਗੀ।"
"ਭਾਜੀ, ਮੈਨੂੰ ਤਾਂ ਏਸ ਮੁਲਕ ਬਾਰੇ ਕੁਝ ਨਹੀਂ ਪਤਾ ਹਾਲੇ, ਤੁਸੀਂ ਜਿਵੇਂ ਕਰੋਂਗੇ ਠੀਕ ਐ।"

ਗੁਲਵੰਤ ਨੇ ਸਾਰੀ ਗੱਲ ਸਰੂਪ 'ਤੇ ਹੀ ਛੱਡ ਦਿਤੀ। ਉਸ ਨੂੰ ਡਰ ਸੀ ਕਿ ਹਨੀਮੂਨ ਉਪਰ ਖਰਚ ਬਹੁਤ ਹੋ ਜਾਵੇਗਾ ਨਹੀਂ ਤਾਂ ਦਿਲ ਉਸ ਦਾ ਕਰਦਾ ਸੀ ਕਿ ਕੁਝ ਦਿਨ ਕਿਸੇ ਹੋਟਲ ਵਿਚ ਜਾ ਕੇ ਰਹੇ। ਉਸ ਦੇ ਦੋਸਤ ਦਾ ਵਿਆਹ ਹੋਇਆ ਤਾਂ ਉਹ ਦਸ ਦਿਨ ਲਈ ਚੰਡੀਗੜ੍ਹ ਹੋਟਲ ਵਿਚ ਰਹਿ ਕੇ ਆਇਆ ਸੀ। ਸਰੂਪ ਦੇ ਮਨ ਵਿਚ ਕੁਝ ਸ਼ਹਿਰਾਂ ਦੇ ਨਾਂ ਆ ਰਹੇ ਸਨ ਜਿਹੜੇ ਸਮੁੰਦਰ ਕਿਨਾਰੇ ਵਸੇ ਸਨ। ਉਸ ਨੇ ਵੀ ਇਸ ਬਾਰੇ ਹੋਰ ਗੱਲ ਨਾ ਕੀਤੀ ਤੇ ਚੁੱਪ ਰਿਹਾ।

ਵਿਆਹ ਦੀ ਤਿਆਰੀ ਦੇ ਨਾਲ ਨਾਲ ਉਹ ਕਦੇ ਕਦਾਈਂ ਕੋਈ ਦੁਕਾਨ ਵੀ ਦੇਖ ਆਉਂਦਾ। ਜਿਥੇ ਕੋਈ ਦਸ ਪਾਉਂਦਾ ਜਾਂ ਏਜੰਟ ਦੀ ਚਿੱਠੀ ਆ ਜਾਂਦੀ ਉਹ ਦੇਖਣ ਚਲੇ ਜਾਂਦਾ। ਉਸ ਨੇ ਕਈ ਦੁਕਾਨਾਂ ਦੇਖੀਆਂ ਸਨ। ਇਹਨਾਂ ਵਿਚੋਂ ਐਕਟਨ ਟਾਊਨ ਵਿਚ ਦੇਖੀ ਦੁਕਾਨ ਲਈ ਉਸ ਦੀ ਕਾਫੀ ਦੇਰ ਤੋਂ ਗਲਬਾਤ ਵੀ ਚਲ ਰਹੀ ਸੀ। ਮੇਨ ਰੋਡ ਦੇ ਇਕ ਖੂੰਜੇ ਉਪਰਲੀ ਇਹ ਦੁਕਾਨ ਕਾਫੀ ਦੇਰ ਤੋਂ ਬੰਦ ਪਈ ਸੀ। ਕੋਈ ਵੇਲੇ ਸੀ ਕਿ ਇਹ ਦੁਕਾਨ ਬਹੁਤ ਚਲਿਆ ਕਰਦੀ। ਸਰੂਪ ਵੀ ਜਦ ਕਦੇ ਟੈਕਸੀ ਲੈ ਕੇ ਇਸ ਪਾਸੇ ਆ ਜਾਂਦਾ ਤਾਂ ਉਥੋਂ ਕੁਝ ਨਾ ਕੁਝ ਖਰੀਦਿਆ ਕਰਦਾ। ਕਦੇ ਅਖਬਾਰ ਜਾਂ ਫਿਰ ਪੀਣ ਲਈ ਕੋਕ ਆਦਿ। ਇਸ ਦਾ ਮਾਲਕ ਬਿਮਾਰ ਰਹਿੰਦਾ ਸੀ ਤੇ ਜਾਪਦਾ ਸੀ ਕਿ ਇਹ ਦੁਕਾਨ ਇਕ ਦਿਨ ਵਿਕ ਜਾਵੇਗੀ। ਉਹ ਹਰ ਵੇਲੇ ਇਸ ਦਾ ਧਿਆਨ ਰੱਖਣ ਲਗਿਆ। ਫਿਰ ਇਕ ਦਿਨ ਇਸ ਦੇ ਮੱਥੇ 'ਤੇ 'ਫਾਰ ਸੇਲ' ਦਾ ਬੋਰਡ ਲਗ ਗਿਆ। ਸਰੂਪ ਨੇ ਉਸੇ ਵੇਲੇ ਹੀ ਏਜੰਟ ਨੂੰ ਫੋਨ ਕਰ ਲਿਆ। ਉਸ ਨੇ ਦੁਕਾਨ ਚੰਗੀ ਤਰ੍ਹਾਂ ਦੇਖੀ। ਹੇਠਾਂ ਦੁਕਾਨ ਤੇ ਉਪਰ ਫਲੈਟ। ਫਲੈਟ ਵੀ ਪੂਰੇ ਘਰ ਜਿੱਡਾ। ਸਰੂਪ ਦੀ ਗੱਲਬਾਤ ਇਸ ਲਈ ਸਿਰੇ ਨਹੀਂ ਸੀ ਚੜ੍ਹ ਰਹੀ ਕਿ ਦੁਕਾਨ ਦਾ ਮਾਲਕ, ਦੁਕਾਨ ਦੀ ਪਗੜੀ ਤੇ ਕਿਰਾਇਆ ਮਾਰਕਿਟ ਦੇ ਰੇਟ ਤੋਂ ਜ਼ਿਆਦਾ ਮੰਗ ਰਿਹਾ ਸੀ। ਸਰੂਪ ਨੇ ਕੁਝ ਘੱਟ ਕਰ ਕੇ ਪੇਸ਼ਕਸ਼ ਕਰ ਰੱਖੀ ਸੀ ਪਰ ਮਾਲਕ ਨਹੀਂ ਸੀ ਮੰਨਿਆਂ। ਉਹ ਹੋਰ ਦੁਕਾਨ ਦੇਖਣ ਲਗਿਆ ਸੀ। ਹੁਣ ਗੁਲਵੰਤ ਦਾ ਵਿਆਹ ਆ ਗਿਆ ਤਾਂ ਦੂਜੇ ਪਾਸੇ ਬਹੁਤੀ ਭੱਜਦੌੜ ਨਹੀਂ ਸੀ ਕਰ ਹੁੰਦੀ।

ਗੁਲਵੰਤ ਦੇ ਆਉਣ ਤੋਂ ਤੀਜੇ ਕੁ ਦਿਨ ਦੀ ਗੱਲ ਹੈ ਕਿ ਸਰੂਪ ਨੂੰ ਏਜੰਟ ਦਾ ਫੋਨ ਆ ਗਿਆ। ਐਕਟਨ ਵਾਲੀ ਦੁਕਾਨ ਦੇ ਮਾਲਕ ਨੇ ਉਸ ਦੀ ਔਫਰ ਮੰਨ ਲਈ ਸੀ। ਸਰੂਪ ਨੇ ਸਤਨਾਮੀ ਨੂੰ ਦਸਿਆ। ਸਤਨਾਮੀ ਨੂੰ ਪਤਾ ਸੀ ਕਿ ਸਰੂਪ ਲਈ ਇਹ ਦੁਕਾਨ ਕਿੰਨੀ ਅਹਿਮ ਸੀ। ਉਹ ਬੋਲੀ,

"ਇਹ ਤਾਂ ਗੁਲਵੰਤ ਸਾਡੇ ਲਈ ਕਿਸਮਤ ਵਾਲਾ ਨਿਕਲ਼ਿਆ, ਨਹੀਂ ਤਾਂ ਏਨੀ ਦੇਰ ਤੋਂ ਅੜਿੱਕਾ ਚਲਿਆ ਆ ਰਿਹਾ ਸੀ।"

ਸਰੂਪ ਵੀ ਇਵੇਂ ਹੀ ਸੋਚ ਰਿਹਾ ਸੀ। ਉਹ ਵੀ ਜ਼ਰਾ ਵਹਿਮੀ ਸੀ ਤੇ ਇਹ ਗੱਲ ਹਰੇਕ ਨੂੰ ਦਸਦਾ ਫਿਰਦਾ। ਉਹ ਕਈ ਵਾਰ ਗੁਲਵੰਤ ਨਾਲ ਪੱਬ ਵਿਚ ਬੈਠਾ ਗੱਲਾਂ ਕਰਦਾ ਤਾਂ ਕਹਿਣ ਲਗਦਾ,

"ਬੇਗਾਨੇ ਮੁਲਕ ਵਿਚ ਆਪਣੇ ਬੰਦੇ ਕਦੋਂ ਮਿਲਦੇ ਆ, ...ਇਹ ਜਿਹੜੇ ਦੋਸਤ ਹੁੰਦੇ ਆ ਇਹ ਬਸ ਦੋਸਤ ਈ ਹੁੰਦੇ ਆ। ਜੇ ਕਦੇ ਗਲਤੀ ਨਾਲ਼ ਏਹਨਾਂ ਦੇ ਮੂੰਹ ਵਿਚ ਉਂਗਲ ਪਾ ਬੈਠੋਂ ਤਾਂ ਇਹਨਾਂ ਦੰਦੀ ਵੱਢਣੀ ਈ ਵੱਢਣੀ ਐਂ। ...ਜਿਹੜੀ ਰਿਸ਼ਤੇਦਾਰਾਂ ਵਿਚ ਸਾਂਝ ਹੁੰਦੀ ਐ ਉਹ ਫਰੈਂਡਾਂ ਵਿਚ ਨਹੀਂ ਹੁੰਦੀ।"
"ਇਹ ਤਾਂ ਭਾਜੀ ਸੱਚ ਐ, ਅਸਲੀ ਦੋਸਤ ਨਹੀਂ ਮਿਲਦੇ ਅਜਕਲ।"
"ਲੋੜ ਵੀ ਨਹੀਂ, ਜੇ ਤੁਹਾਡੇ ਆਲੇ ਦੁਆਲੇ ਦੋ ਤਿੰਨ ਰਿਸ਼ਤੇਦਾਰ ਵੀ ਚੰਗੇ ਹੈਗੇ ਤਾਂ ਦੋਸਤਾਂ ਦੀ ਲੋੜ ਵੀ ਨਹੀਂ ਪੈਂਦੀ।"

ਸਰੂਪ ਨੂੰ ਪੂਰਾ ਯਕੀਨ ਸੀ ਕਿ ਗੁਲਵੰਤ ਉਸ ਦੀ ਮਜ਼ਬੂਤ ਧਿਰ ਬਣੇਗਾ। ਸਤਨਾਮੀ ਵੀ ਗੁਲਵੰਤ ਦੇ ਆਉਣ 'ਤੇ ਬਹੁਤ ਖੁਸ਼ ਸੀ। ਸਰੂਪ ਗੁਲਵੰਤ ਦੇ ਨਾਨਕਿਆਂ ਵਿਚ ਹੀ ਵਿਆਹਿਆ ਹੋਣ ਕਰਕੇ ਸਤਨਾਮੀ ਉਸ ਨੂੰ ਬਚਪਨ ਤੋਂ ਹੀ ਜਾਣਦੀ ਸੀ। ਉਹ ਸੋਚ ਰਹੀ ਸੀ ਕਿ ਕੋਈ ਤਾਂ ਹੋਵੇਗਾ ਉਸ ਨਾਲ ਗੱਲ ਕਰਨ ਵਾਲਾ। ਸਰੂਪ ਤਾਂ ਚੱਤੋ-ਪਹਿਰ ਕੰਮ 'ਤੇ ਰਹਿੰਦਾ ਸੀ। ਦੋਨੋਂ ਬੱਚੇ ਵੀ ਚਾਚਾ ਜੀ-ਚਾਚਾ ਜੀ ਕਰਦੇ ਫਿਰਦੇ। ਬਬਲੂ ਹੁਣ ਪੂਰਾ ਸਮਾਂ ਨਰਸਰੀ ਜਾਂਦਾ ਸੀ। ਸੀਮਾ ਵੀ ਅੱਧੇ ਦਿਨ ਲਈ ਜਾਣ ਲਗ ਪਈ ਸੀ।

ਇਹਨਾਂ ਦਿਨਾਂ ਵਿਚ ਵਿਆਹ ਦੀ ਤਰੀਕ ਨੀਯਤ ਕਰ ਦਿਤੀ ਗਈ, ਤੇਰਾਂ ਤਰੀਕ। ਅਜੀਬ ਗੱਲ ਇਹ ਹੋਈ ਕਿ ਸਰੂਪ ਨੂੰ ਦੁਕਾਨ ਦੀ ਚਾਬੀ ਮਿਲਣ ਦੀ ਵੀ ਇਹੋ ਤਰੀਕ ਸੀ। ਉਹ ਉਸ ਨੂੰ ਆਪਣੇ ਲਈ ਹੋਰ ਵੀ ਕਿਸਮਤ ਲਿਆਉਣ ਵਾਲਾ ਸਮਝਣ ਲਗੇ।

www.PunjabiLibrary.com

ਕਦੇ ਸਮਾਂ ਸੀ ਕਿ ਸੁਰਜਨ ਸਿੰਘ ਸੋਚਿਆ ਕਰਦਾ ਕਿ ਪਹਿਲੇ ਦੋ ਵਿਆਹ ਸਾਧਾਰਣ ਕੀਤੇ ਹਨ ਤੇ ਸੁਰਿੰਦਰ ਦੇ ਵਿਆਹ ਤਕ ਉਸ ਦੇ ਪੈਰ ਲਗ ਚੁੱਕੇ ਹੋਣਗੇ, ਸੁਰਿੰਦਰ ਦਾ ਵਿਆਹ ਗੱਜ-ਵੱਜ ਕੇ ਕਰੇਗਾ। ਉਹ ਉਸ ਦੀ ਚਹੇਤੀ ਧੀ ਸੀ। ਵਿਚਕਾਰਲੀ ਧੀ, ਪੰਜਾਂ ਉਂਗਲਾਂ ਵਿਚਕਾਰਲੀ ਗਭਲੀ ਉਂਗਲ ਵਾਂਗ; ਸਭ ਤੋਂ ਮੂਹਰੀ, ਸਭ ਤੋਂ ਜ਼ਰੂਰੀ। ਇਹੋ ਗਭਲੀ ਉਂਗਲ ਕਈ ਵਾਰ ਦੁਸ਼ਮਣ ਲਈ ਵੰਗਾਰ, ਗਾਲ੍ਹ ਤੇ ਵਾਰ ਵਾਂਗ ਹੀ ਤਣਦੀ ਹੈ। ਉਸ ਨੂੰ ਇਹ ਵੀ ਮਹਿਸੂਸ ਹੋਣ ਲਗਦਾ ਸੀ ਕਿ ਸੁਰਿੰਦਰ ਦੇ ਵਿਆਹ ਤੋਂ ਬਾਅਦ ਉਹ ਬਹੁਤ ਇਕੱਲਾ ਹੋ ਜਾਵੇਗਾ। ਸੁਰਿੰਦਰ ਨਾਲ ਆਪਣੀ ਨੇੜਤਾ ਬਾਰੇ ਉਹ ਅਮਾਂਡਾ ਨੂੰ ਵੀ ਲਿਖਿਆ ਕਰਦਾ ਸੀ। ਪਰਕਾਸ਼ ਕੋਰ ਵੀ ਸੁਰਿੰਦਰ ਨੂੰ ਆਪਣੇ ਨੇੜੇ ਸਮਝਦੀ ਸੀ ਤੇ ਗੋਰੀ ਵਾਲੀ ਕਹਾਣੀ ਉਸ ਨਾਲ ਸਾਂਝੀ ਕਰ ਲਈ ਸੀ। ਸੁਰਿੰਦਰ ਨੂੰ ਅਸਟਰੇਲੀਆ ਤੋਂ ਆਉਂਦੀ ਚਿੱਠੀ ਦਾ ਪਤਾ ਸੀ ਪਰ ਉਹ ਸੋਚਦੀ ਕਿ ਡੈਡੀ ਕਦੇ ਵੀ ਗਲਤ ਨਹੀਂ ਹੋਵੇਗਾ। ਅਮਾਂਡਾ ਦਾ ਨਾਂ ਉਸ ਨੇ ਚਿੱਠੀ ਤੋਂ ਪੜ੍ਹ ਲਿਆ ਹੋਇਆ ਸੀ ਪਰ ਇਸ ਦਾ ਜ਼ਿਕਰ ਤਕ ਨਹੀਂ ਸੀ ਕੀਤਾ ਜਿਵੇਂ ਕਿ ਉਸ ਨੇ ਇਹ ਚਿੱਠੀ ਦੇਖੀ ਹੀ ਨਾ ਹੋਵੇ। ਚਿੱਠੀ ਨੂੰ ਦੇਖ ਕੇ ਪਰਕਾਸ਼ ਕੋਰ ਕੁਝ ਪੁੱਛਦੀ ਤਾਂ ਸੁਰਿੰਦਰ ਉਸ ਨੂੰ ਚੁੱਪ ਕਰਾ ਦਿੰਦੀ। ਕਿਸੇ ਵੇਲੇ ਸੁਰਜਨ ਸਿੰਘ ਸੋਚਿਆ ਕਰਦਾ ਸੀ ਕਿ ਅਮਾਂਡਾ ਇੰਗਲੈਂਡ ਆਵੇਗੀ ਤਾਂ ਆਪਣੇ ਪਰਿਵਾਰ ਨਾਲ ਜ਼ਰੂਰ ਮਿਲਾਵੇਗਾ ਪਰ ਗੁਰਜੰਟ ਅਜਿਹਾ ਜਵਾਈ ਆਇਆ ਕਿ ਘਰ ਦਾ ਮਹੌਲ ਹੀ ਵਿਗੜ ਗਿਆ ਸੀ। ਇਸੇ ਲਈ ਹੁਣ ਸੁਰਿੰਦਰ ਦੇ ਹੰਗਾਮੇ ਵਾਲੇ ਵਿਆਹ ਦਾ ਸੁਫਨਾ ਵਿਚ ਹੀ ਰਹਿ ਗਿਆ। ਚੰਗੀ ਗੱਲ ਇਹ ਸੀ ਕਿ ਸਰੂਪ ਵੀ ਸਾਦੇ ਵਿਆਹ ਦੇ ਹੱਕ ਵਿਚ ਹੀ ਸੀ। ਹੁਣ ਗੁਰਜੰਟ ਦਾ ਨਹੀਂ ਸੀ ਪਤਾ ਕਿ ਉਹ ਵਿਆਹ ਵਿਚ ਆਵੇਗਾ ਵੀ ਕਿ ਨਹੀਂ। ਉਹਨਾਂ ਨੇ ਵਿਆਹ ਰੱਖ ਦਿਤਾ; ਤੇਰਾਂ ਅਗਸਤ, ਸ਼ਨਿਚਰਵਾਰ। ਕੋਰਟ ਮੈਰਿਜ ਤੇ ਧਾਰਮਿਕ ਮੈਰਿਜ ਇਕੋ ਦਿਨ। ਜਿਵੇਂ ਗੁਰਜੰਟ ਦਾ ਹੋਇਆ ਸੀ। ਧਾਰਮਿਕ ਅਦਾਰਿਆਂ ਦੀ ਇਹ ਕੋਸ਼ਿਸ਼ ਕਿ ਉਹਨਾਂ ਨੂੰ ਵਿਆਹ ਰਜਿਸਟਰ ਕਰਨ ਦੇ ਅਧਿਕਾਰ ਮਿਲ ਜਾਣ, ਹਾਲੇ ਕਾਮਯਾਬ ਨਹੀਂ ਸੀ ਹੋਈ।

ਸਰੂਪ ਤੇ ਸਤਨਾਮੀ ਲੇਅਟਨ ਸਟੋਨ ਜਾਂਦੇ ਹੀ ਰਹਿੰਦੇ ਸਨ, ਕਦੇ ਵਿਆਹ ਬਾਰੇ ਕੋਈ ਸਲਾਹ ਕਰਨੀ ਹੁੰਦੀ ਤੇ ਕਦੇ ਕੁਝ ਖਰੀਦੋ-ਫਰੋਖਤ। ਗੁਲਵੰਤ ਵੀ ਉਹਨਾਂ ਦੇ ਨਾਲ ਹੀ ਹੁੰਦਾ। ਹੁਣ ਤਕ ਗੁਲਵੰਤ ਤੇ ਸੁਰਿੰਦਰ ਆਪਸ ਵਿਚ ਕੁਝ ਖੁਲ੍ਹ ਚੁੱਕੇ ਸਨ। ਪਹਿਲਾਂ ਤਾਂ ਉਹ ਦੂਰੋਂ ਹੀ ਇਕ ਦੂਜੇ ਵਲ ਦੇਖਦੇ ਰਹਿੰਦੇ। ਫਿਰ ਉਹਨਾਂ ਨੂੰ ਇਕੱਲੇ ਵੀ ਛੱਡਿਆ ਜਾਣ ਲਗਿਆ। ਜਿਸ ਦਿਨ ਉਹਨਾਂ ਨੇ ਆਉਣ ਹੁੰਦਾ, ਸੁਰਿੰਦਰ ਦੇ ਮਨ ਵਿਚ ਖੋਹ ਜਿਹੀ ਪੈਂਦੀ ਰਹਿੰਦੀ। ਪਹਿਲਾਂ ਸੁਰਿੰਦਰ ਦੇ ਜੋ ਮਨ ਦਾ ਡਰ, ਕਿ ਜ਼ਿਆਦਾ ਪੜ੍ਹਿਆ ਹੋਣ ਕਰਕੇ ਘੁਮੰਡੀ ਹੋਵੇਗਾ, ਨਿਕਲ ਗਿਆ ਸੀ। ਗੁਲਵੰਤ ਕਦੇ ਵੀ ਉਸ ਨਾਲ ਅਜਿਹੀ ਕੋਈ ਗੱਲ ਨਾ ਕਰਦਾ ਜਿਹੜੀ ਉਸ ਨੂੰ ਸਮਝ ਨਾ ਪੈਂਦੀ ਹੋਵੇ। ਦੂਜੇ ਪਾਸੇ ਗੁਲਵੰਤ ਸੁਰਿੰਦਰ ਨੂੰ ਲੈ ਕੇ ਹਾਲੇ ਵੀ ਸੋਚਣ ਲਗਦਾ ਕਿ ਉਹ ਮੇਰੇ ਉਪਰ ਹਾਵੀ ਹੀ ਨਾ ਹੋ ਜਾਵੇ ਪਰ ਉਸ ਨੂੰ ਸੁਰਿੰਦਰ ਬਹੁਤ ਪਸੰਦ ਸੀ। ਗੁਲਵੰਤ ਨੇ ਵੀ ਸੁਹਰੀਂ ਜਾਣਾ ਹੁੰਦਾ ਤਾਂ ਵਿਸ਼ੇਸ਼ ਤਿਆਰੀ ਖਿਚ ਕੇ ਜਾਂਦਾ ਪਰ ਸੁਰਿੰਦਰ ਕਈ ਵਾਰ ਸਧਾਰਣ ਜਿਹੀ ਜੀਨ ਵਿਚ ਹੀ ਤੁਰੀ ਫਿਰਦੀ ਹੁੰਦੀ। ਗੁਲਵੰਤ ਨੂੰ ਇਹ ਗੱਲ ਬਹੁਤ ਚੰਗੀ ਲਗਦੀ।

ਸੁਰਿੰਦਰ ਦੀ ਕੰਮ ਉਪਰ ਇਕ ਸਹੇਲੀ ਸੀ; ਮੈਗੀ। ਮੈਗੀ ਵਿਆਹ ਦੇ ਇਸ ਤਰੀਕੇ 'ਤੇ ਬਹੁਤ ਹੈਰਾਨ ਹੁੰਦੀ ਉਹ ਪੁੱਛਦੀ,

"ਸੂਜਨ, ਤੂੰ ਏਨੀ ਖੁਸ਼ ਫਿਰਦੀ ਐਂ ਕਿ ਬਹੁਤ ਸੁਹਣਾ ਹਸਬੈਂਡ ਮਿਲਿਐ ਪਰ ਜਦ ਤਕ ਤੂੰ ਉਸ ਨਾਲ ਸੌਂ ਕੇ ਹੀ ਨਹੀਂ ਦੇਖਿਆ, ਤੈਨੂੰ ਕਿਵੇਂ ਪਤਾ ਕਿ ਉਹ ਵਿਆਹ ਦੇ ਕਾਬਲ ਵੀ ਹੈ?"

"ਮੈਨੂੰ ਯਕੀਨ ਐ ਕਿ ਕਾਬਲ ਈ ਹੋਏਗਾ, ਸਾਡੇ ਇਵੇਂ ਸਭ ਕੁਝ ਭਰੋਸੇ 'ਤੇ ਈ ਚਲਦੈ।"

"ਪਰ ਰੱਬ ਨਾ ਕਰੇ ਜੇ...।"

"ਫਿਰ ਦੇਖੀ ਜਾਵੇਗੀ ਪਰ ਇਵੇਂ ਕਦੇ ਹੁੰਦਾ ਨਹੀਂ।"

ਸੁਰਿੰਦਰ ਆਖਦੀ ਪਰ ਉਹਦੇ ਅੰਦਰ ਇਕ ਡਰ ਪੈਦਾ ਹੋਣ ਲਗਦਾ। ਮੈਗੀ ਵਾਲਾ 'ਜੇ' ਉਸ ਕਈ ਵਾਰ ਉਸ ਦੇ ਮਨ ਵਿਚ ਰੜਕਦਾ ਰਹਿੰਦਾ ਸੀ। ਕਦੇ ਕਦੇ ਆਪਣਾ ਇਹ ਡਰ ਸੁਖਵੀਰ ਨਾਲ ਵੀ ਸਾਂਝਾ ਕਰ ਲੈਂਦੀ। ਸੁਖਵੀਰ ਅਗਿਓਂ ਸੰਗਦੀ ਹੋਈ ਤਾੜੀ ਮਾਰ ਕੇ ਹੱਸਦੀ। ਇਹ 'ਜੇ' ਉਸ ਦੇ ਮਨ ਵਿਚ ਅਟਕਿਆ ਰਹਿ ਜਾਂਦਾ। ਉਸ ਦਾ ਦਿਲ ਕਰਦਾ ਕਿ ਕਿਸੇ ਤਰ੍ਹਾਂ ਵਿਆਹ ਤੋਂ ਪਹਿਲਾਂ ਉਸ ਦਾ ਗੁਲਵੰਤ ਨਾਲ ਮੇਲ਼ ਹੋ ਸਕੇ ਤਾਂ ਸਭ ਕੁਝ ਪਤਾ ਲਗ ਜਾਵੇ ਪਰ ਅਜਿਹਾ ਸੰਭਵ ਨਹੀਂ ਸੀ। ਮੈਗੀ ਉਸ ਨਾਲ ਇਕ ਹੋਰ ਫਿਕਰ ਸਾਂਝਾ ਕਰਦੀ ਕਿ ਉਸ ਦਾ ਵਿਆਹ ਤੇਰਾਂ ਤਰੀਕ ਨੂੰ ਰੱਖਿਆ ਗਿਆ ਸੀ ਜਿਹੜੀ ਕਿ ਅਸ਼ੁੱਭ ਤਰੀਕ ਮੰਨੀ ਜਾਂਦੀ ਹੈ। ਸੁਰਿੰਦਰ ਨੂੰ ਅਜਿਹਾ ਕੋਈ ਵਹਿਮ ਨਹੀਂ ਸੀ। ਉਸ ਨੇ ਗੁਲਵੰਤ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਸ ਨੇ ਵੀ ਹੱਸ ਕੇ ਇਸ ਵਹਿਮ ਨੂੰ ਨਕਾਰ ਦਿਤਾ।

ਉਹ ਹਰ ਰੋਜ਼ ਹੀ ਫੋਨ ਕਰਦੇ। ਵਿਆਹ ਦੀਆਂ ਗੱਲਾਂ ਕਰਦੇ। ਹਨੀਮੂਨ 'ਤੇ ਜਾਣ ਦੀਆਂ ਵੀ। ਸੁਰਿੰਦਰ ਗੁਲਵੰਤ ਨੂੰ ਪੁੱਛਦੀ ਕਿ ਰਜਿਸਟਰੇਸ਼ਨ ਸਮੇਂ ਉਸ ਨੇ ਕਿਹੜੇ ਰੰਗ ਦਾ ਸੂਟ ਪਾਉਣਾ ਸੀ। ਸੁਰਿੰਦਰ ਚਿੱਟੇ ਰੰਗ ਦਾ ਡਰੈੱਸ ਪਾ ਰਹੀ ਸੀ ਪਰ ਗੁਲਵੰਤ ਖਾਕੀ ਰੰਗ ਦਾ ਸੂਟ ਪਰ ਨਾਲ ਚਿੱਟੇ ਰੰਗ ਦੀ ਕਮੀਜ਼ ਤੇ ਚਿੱਟੀ ਟਾਈ ਲਗਾ ਰਿਹਾ ਸੀ। ਫੇਰਿਆਂ ਵੇਲੇ ਸੁਰਿੰਦਰ ਨੇ

ਇੰਡੀਆ ਤੋਂ ਲਿਆਂਦਾ ਲਹਿੰਗਾ ਪਾਉਣਾ ਸੀ ਤੇ ਗੁਲਵੰਤ ਨੇ ਨੀਲੇ ਰੰਗ ਦਾ ਸੂਟ ਤੇ ਨਾਲ ਲਾਲ ਰੰਗ ਦੀ ਕਮੀਜ਼ ਤੇ ਟਾਈ। ਖਾਣੇ ਵੇਲੇ ਸੁਰਿੰਦਰ ਦੀ ਸਾੜ੍ਹੀ ਤੇ ਗੁਲਵੰਤ ਦੇ ਸੂਟ ਦਾ ਰੰਗ ਇਕੋ ਹੋਣਾ ਸੀ। ਇਸ ਨਾਲ ਸਰੂਪ ਦਾ ਖਰਚ ਵਧ ਰਿਹਾ ਸੀ ਪਰ ਨਾਲ ਦੀ ਨਾਲ ਉਹ ਖੁਸ਼ ਵੀ ਹੋ ਰਿਹਾ ਸੀ।

ਵਿਆਹ ਦਾ ਦਿਨ ਆ ਗਿਆ। ਉਹੀ ਵਲਥਮ ਫੌਰੇਸਟ ਵਾਲਾ ਰਜਿਸਟਰੇਸ਼ਨ ਦਫਤਰ; ਜਿਥੇ ਗੁਰਿੰਦਰ, ਬਲਜਿੰਦਰ ਤੇ ਮਨਿੰਦਰਾਂ ਦੇ ਵਿਆਹ ਹੋਏ ਸਨ। ਫੋਟੋ ਗ੍ਰਾਫਰ ਵੀ ਉਹੀ ਜਿਹੜਾ ਪਹਿਲੇ ਵਿਆਹਾਂ 'ਤੇ ਆਇਆ ਸੀ; ਥੌਮਸ। ਥੌਮਸ ਦੀ ਲੇਅਟਨ ਹਾਈ ਸਟ੍ਰੀਟ ਉਪਰ ਵੱਡੀ ਸਾਰੀ ਦੁਕਾਨ ਸੀ। ਉਹ ਹੰਢਿਆ ਹੋਇਆ ਫੋਟੋ ਗ੍ਰਾਫਰ ਸੀ। ਜੋ ਵੀ ਫੋਟੋ ਦੇਖਦਾ, ਅਸ਼ ਅਸ਼ ਕਰ ਉਠਦਾ। ਇੰਨੇ ਵਿਆਹਾਂ ਤੋਂ ਬਾਅਦ ਹੁਣ ਸੁਰਜਨ ਦੀ ਉਸ ਨਾਲ ਦੋਸਤੀ ਪੈ ਚੁੱਕੀ ਸੀ। ਸੁਰਜਨ ਉਸ ਨੂੰ ਮਜ਼ਾਕ ਵਿਚ ਕਹਿੰਦਾ ਕਿ ਸਾਰੀਆਂ ਕੁੜੀਆਂ ਦੇ ਵਿਆਹਾਂ ਦੀ ਫੋਟੋਗ੍ਰਾਫੀ ਉਹ ਹੀ ਕਰੇਗਾ।

ਰਜਿਸਟਰੇਸ਼ਨ ਦਫਤਰ ਦਾ ਛੋਟਾ ਜਿਹਾ ਹਾਲ ਥੋੜ੍ਹੇ ਜਿਹੇ ਲੋਕਾਂ ਨਾਲ ਵੀ ਭਰਿਆ ਭਰਿਆ ਲਗਦਾ ਸੀ। ਲਗ ਭਗ ਸਾਰੇ ਹੀ ਵਕਤ ਸਿਰ ਪੁੱਜ ਗਏ ਸਨ। ਸਭ ਤੋਂ ਪਹਿਲਾਂ ਰਜਿਸਟਰਾਰ ਔਰਤ ਨੇ ਵਿਆਹ ਸਬੰਧੀ ਮੁਖਤਸਰ ਜਿਹਾ ਭਾਸ਼ਨ ਦਿਤਾ। ਕੁਝ ਜ਼ਰੂਰੀ ਗੱਲਾਂ ਮੁੰਡੇ-ਕੁੜੀ ਨੂੰ ਦਸੀਆਂ। ਕੁਝ ਫਾਰਮ ਭਰਾਏ। ਫਿਰ ਉਹਨਾਂ ਨੂੰ ਸੌਂਹ ਚੁਕਾਈ। ਇਕ ਕਾਰਡ ਉਪਰ ਲਿਖੀਆਂ ਪੰਕਤੀਆਂ ਨੂੰ ਮੁੰਡੇ-ਕੁੜੀ ਨੇ ਵਾਰੋ-ਵਾਰ ਉਸ ਦੇ ਮਗਰ ਕਹਿਣੀਆਂ ਪਈਆਂ। ਫਿਰ ਦੋਨਾਂ ਵਲੋਂ ਇਕ ਦੂਜੇ ਦੇ ਮੁੰਦੀਆਂ ਪਵਾ ਦਿਤੀਆਂ ਗਈਆਂ ਤੇ ਉਹਨਾਂ ਨੂੰ ਮਰਦ ਤੇ ਪਤਨੀ ਘੋਸ਼ਿਤ ਕਰ ਦਿਤਾ ਗਿਆ। ਰਜਿਸਟਰਾਰ ਨੇ ਦੋਨਾਂ ਨਾਲ ਹੱਥ ਮਿਲਾ ਕੇ ਵਧਾਈ ਦਿਤੀ। ਇਸ ਵਿਆਹ ਦੇ ਸਰਟੀਫਿਕੇਟ ਉਪਰ ਦੋ ਗਵਾਹੀਆਂ ਵੀ ਪਾਈਆਂ ਗਈਆਂ। ਗੁਲਵੰਤ ਵਲੋਂ ਸਰੂਪ ਤੇ ਸੁਰਿੰਦਰ ਵਲੋਂ ਸੁਰਜਨ ਸਿੰਘ ਗਵਾਹ ਬਣੇ। ਫਿਰ ਦਫਤਰ ਦੇ ਹੀ ਇਕ ਬਗੀਚੇ ਵਿਚ ਤਸਵੀਰਾਂ ਖਿਚੀਆਂ ਗਈਆਂ। ਕਦੇ ਨਵੀਂ ਜੋੜੀ ਨਾਲ ਕੋਈ ਖੜ ਜਾਂਦਾ ਤੇ ਕਦੇ ਕੋਈ। ਉਥੋਂ ਸਭ ਨੇ ਗੁਰਦਵਾਰੇ ਜਾਣਾ ਸੀ।

ਗੁਰਦਵਾਰੇ ਲਾਵਾਂ ਹੋਈਆਂ। ਸਾਧੂ ਸਿੰਘ ਗੁਰਦਵਾਰੇ ਦਾ ਚੌਧਰੀ ਤਾਂ ਹੈ ਹੀ ਸੀ ਇਸ ਲਈ ਉਸ ਨੇ ਸਾਰੇ ਇੰਤਜ਼ਾਮ ਕੀਤੇ ਹੋਏ ਸਨ। ਲਾਵਾਂ ਵੇਲੇ ਸੁਰਿੰਦਰ ਨੇ ਲਾਲ ਰੰਗਾ ਦਾ ਭਾਰਾ ਲਹਿੰਗਾ ਪਾਇਆ ਹੋਇਆ ਸੀ। ਗੁਲਵੰਤ ਨੇ ਲਾਲ ਕਮੀਜ਼ ਦੇ ਨਾਲ ਨਾਲ ਲਾਲ ਪੱਗ ਵੀ ਬੰਨ ਲਈ। ਕਾਫੀ ਦੇਰ ਦੇ ਵਾਲ਼ ਕਟਾਏ ਹੋਣ ਕਰਕੇ ਉਸ ਨੂੰ ਪੱਗ ਬੰਨਣ ਦੀ ਆਦਤ ਨਹੀਂ ਸੀ ਪਰ ਸਰੂਪ ਦੇ ਜ਼ਿਆਦਾ ਕਹਿਣ ਤੇ ਬੰਨ ਲਈ। ਬੰਦੇ ਥੋੜੇ ਹੀ ਸਨ ਪਰ ਪੈਸਿਆਂ ਦੀ ਆਸ ਵਿਚ ਭਾਈਆਂ ਨੇ ਸ਼ਬਦ ਪੜ੍ਹਨ ਵਿਚ ਕਾਫੀ ਵਕਤ ਖਰਚ ਕਰ ਦਿਤਾ। ਉਹ ਫਿਰ ਵੀ ਖੁਸ਼ ਨਹੀਂ ਸਨ। ਸਰੂਪ ਤੇ ਸੁਰਜਨ ਸਿੰਘ ਨੇ ਦਸ ਦਸ ਪੌਂਡ ਹੋਰ ਦੇ ਕੇ ਭਾਈਆਂ ਨੂੰ ਹੱਸਣ ਜੋਗੇ ਕਰ ਦਿਤਾ।

ਰੋਟੀ ਦਾ ਇੰਤਜ਼ਾਮ ਉਸੇ ਰੈਸਟੋਰੈਂਟ ਵਿਚ ਸੀ ਜਿਥੇ ਗੁਰਜੰਟ ਵਾਰੀ ਖਾਣਾ ਖਾਧਾ ਸੀ। ਔਰਤਾਂ ਤੇ ਬੱਚੇ ਪਾ ਕੇ ਤੀਹ ਕੁ ਬੰਦੇ ਸਨ। ਮਹੌਲ ਬਹੁਤ ਖੁਸ਼ਗਵਾਰ ਸੀ। ਦਿਲਬਾਗ ਚ੍ਹਮਲਿਆ ਫਿਰਦਾ ਸੀ। ਸਾਰੇ ਕੰਮ ਮੂਹਰੇ ਹੋ ਹੋ ਕਰ ਰਿਹਾ ਸੀ। ਕਿਸੇ ਦਾ ਬੀਅਰ ਦਾ ਗਲਾਸ ਊਣਾ ਹੁੰਦਾ ਤਾਂ ਇਕ ਦਮ ਭਰਵਾ ਦਿੰਦਾ। ਵਿਸਕੀ ਵਾਲਿਆਂ ਦੀ ਗਲਾਸੀ ਖਤਮ ਨਾ ਹੋਣ ਦਿੰਦਾ। ਗੁਰਜੰਟ ਨੇ ਬਹੁਤਾ ਸਮਾਂ ਸੁਰਜਨ ਸਿੰਘ ਕੋਲ ਬੈਠ ਕੇ ਗੁਜ਼ਾਰਿਆ ਜਦ ਦਿਲਬਾਗ ਕਿਸੇ ਗੱਲ 'ਤੇ ਹੱਸਦਾ ਤਾਂ ਉਸ ਨੂੰ ਲਗਦਾ ਕਿ ਉਸ ਉਪਰ ਹੀ ਹੱਸ ਰਿਹਾ ਹੈ। ਦਿਲਬਾਗ ਵੀ ਕੋਈ ਮਸ਼ਕਰੀ ਕਰਕੇ ਚੋਰੀ ਅੱਖ ਨਾਲ ਗੁਰਜੰਟ ਵਲ ਦੇਖ ਲੈਂਦਾ। ਕਈ ਵਾਰ ਤਾਂ ਗੁਰਜੰਟ ਦਾ ਦਿਲ ਕਰਦਾ ਕਿ ਉਠ ਕੇ ਚਲੇ ਜਾਵੇ ਪਰ ਸੁਰਜਨ ਸਿੰਘ ਨੇ ਉਸ ਨੂੰ ਵਿਸ਼ੇਸ਼ ਤੇ ਥੋੜਾ ਗੁੱਸੇ ਵਿਚ ਵਿਆਹ 'ਤੇ ਆਉਣ ਲਈ ਕਿਹਾ ਹੋਣ ਕਰਕੇ ਉਹ ਬੈਠਾ ਰਿਹਾ। ਕਈ ਵਾਰ ਉਹ ਦਿਲਬਾਗ ਨਾਲ ਲੜ੍ਹਨ ਲਈ ਵੀ ਆਪਣੇ ਆਪ ਨੂੰ ਤਿਆਰ ਕਰਨ ਲਗਦਾ। ਅਵਤਾਰ ਨੇ ਮੇਜ਼-ਕੁਰਸੀਆਂ ਇਕ ਪਾਸੇ ਕਰਕੇ ਨੱਚਣ ਜੋਗੀ ਥਾਂ ਬਣਾ ਲਈ। ਸਰੂਪ, ਅਵਤਾਰ ਤੇ ਦਿਲਬਾਗ ਨੱਚਣ ਲਗੇ ਤੇ ਨਾਲ ਹੀ ਔਰਤਾਂ ਨੂੰ ਵੀ ਉਕਸਾਉਣ ਲਗੇ। ਕੋਈ ਔਰਤ ਨਾ ਉਠੀ। ਦਿਲਬਾਗ ਨੇ ਬਲਜੀਤ ਨੂੰ ਮੱਲੋ ਮੱਲੀ ਖਿੱਚ ਲਿਆ ਤੇ ਬਲਜੀਤ ਨੇ ਮਨਿੰਦਰਾਂ ਉਠਾਲ ਲਈ। ਇਕ ਦੋ ਔਰਤਾਂ ਹੋਰ ਉਠੀਆਂ ਪਰ ਨੱਚਣ ਦਾ ਕੰਮ ਬਹੁਤੀ ਦੇਰ ਨਾ ਚਲਿਆ। ਬਹੁਤੇ ਲੋਕਾਂ ਵਿਚ ਇਕ ਝਿਜਕ ਜਿਹੀ ਬਣੀ ਰਹੀ।

ਗੁਰਜੰਟ ਦੇ ਵਿਆਹ ਤੋਂ ਇਹ ਮਹੌਲ ਇਕ ਦਮ ਵਖਰਾ ਸੀ। ਇਥੇ ਦੋਨਾਂ ਧਿਰਾਂ ਦੇ ਪਰਾਹੁਣੇ ਸ਼ਾਮਲ ਸਨ। ਜੰਝ ਭਾਵੇਂ ਥੋੜੀ ਜਿਹੀ ਸੀ ਪਰ ਸਰੂਪ ਪੂਰੇ ਜਲੌਅ ਵਿਚ ਭਰਾ ਵਿਆਹੁਣ ਆਇਆ ਸੀ। ਸ਼ਰਾਬੀ ਹੋਇਆ ਦਿਲਬਾਗ ਫਿਲਮੀ ਗੀਤ ਗਾਉਣ ਲਗਿਆ। ਪੂਰਾ ਗੀਤ ਉਸ ਨੂੰ ਕੋਈ ਆਉਂਦਾ ਨਹੀਂ ਸੀ, ਅੱਧਾ ਕੁ ਗੀਤ ਗਾ ਕੇ ਅਗਲਾ ਗਾਉਣ ਲਗਦਾ। ਅਵਤਾਰ ਨੇ ਪਹਿਲਾਂ ਹੀ ਇਕ ਗੀਤ ਗਾਉਣ ਦੀ ਤਿਆਰੀ ਕੀਤੀ ਹੋਈ ਸੀ। ਉਸ ਨੇ ਮੇਜ਼ ਨੂੰ ਢੋਲਕੀ ਬਣਾਇਆ ਤੇ 'ਬਾਬੁਲ ਕੀ ਦੁਆਏਂ ਲੇਤੀ ਜਾ' ਵਾਲਾ ਵਿਦਾਇਗੀ ਗੀਤ ਗਾਇਆ। ਉਸ ਦੇ ਗੀਤ ਨੇ ਕਈਆਂ ਨੂੰ ਰੁਆ ਦਿਤਾ। ਕੁਝ ਦੇਰ ਲਈ ਮਹੌਲ ਗੰਭੀਰ ਹੋਇਆ ਪਰ ਦਿਲਬਾਗ ਅਗੇ ਵਧਦਾ ਬੋਲਿਆ,

''ਤੁਸੀਂ ਤਾਂ ਏਦਾਂ ਕਰਦੇ ਆਂ ਜਿੱਦਾਂ ਕੁੜੀ ਨੂੰ ਜਹਾਜੇ ਚੜ੍ਹਾਉਣ ਆਏ ਹੁੰਨੇ ਆਂ!''

ਉਸ ਦੀ ਗੱਲ 'ਤੇ ਸਾਰੇ ਹੱਸ ਪਏ। ਉਸ ਨੇ ਸਭ ਨੂੰ ਇਕ ਇਕ ਪੈੱਗ ਹੋਰ ਪਾਇਆ ਤੇ ਕਹਿਣ ਲਗਿਆ,

www.PunjabiLibrary.com

"ਲੈ ਬਈ ਆਹ ਪੈੱਗ ਨਵੀਂ ਜੋੜੀ ਦੇ ਨਾਂ, ...ਐਤਕੀਂ ਡੈਡੀ ਨੂੰ ਮੁੰਡਾ ਛੋਲੇ ਦੇ ਕੇ ਪੜ੍ਹਿਆ ਨਹੀਂ ਮਿਲਿਆ, ਐਮ. ਏ. ਐ, ਐਮ. ਏ.।"

## ਸੋਲਾਂ

ਇੰਗਲੈਂਡ ਦੇ ਧੁਰ ਦੱਖਣ ਵਿਚ ਸ਼ਹਿਰ ਬਰਾਈਟਨ। ਇਹ ਸ਼ਹਿਰ ਆਪਣੇ ਸਾਫ ਸੁਥਰੇ ਬੀਚ ਕਰਕੇ ਬਹੁਤ ਹੀ ਪ੍ਰਸਿੱਧ ਹੈ। ਸਮੁੰਦਰ ਦੇ ਕੰਢੇ ਕੰਢੇ ਸੜਕ ਬਣੀ ਹੋਈ ਹੈ ਜਿਸੇ ਦੇ ਉਪਰ ਦੁਕਾਨਾਂ ਹਨ, ਦਫਤਰ ਤੇ ਹੋਟਲ ਹਨ। ਹੋਟਲ; ਪੰਜ ਸਿਤਾਰਾ, ਚਾਰ ਤੇ ਤਿੰਨ ਸਿਤਾਰਾ ਵੀ। ਬੈੱਡ ਐਂਡ ਬ੍ਰੇਕਫਾਸਟ ਵੀ। ਦਿਨੇ ਤਾਂ ਇਥੇ ਬਹੁਤ ਭੀੜ ਹੁੰਦੀ ਹੈ ਪਰ ਰਾਤ ਨੂੰ ਵੀ ਰੌਣਕਾਂ ਘੱਟ ਨਹੀਂ ਹੁੰਦੀਆਂ। ਗਰਮੀਆਂ ਨੂੰ ਤਾਂ ਇਹ ਸ਼ਹਿਰ ਚੌਵੀ ਘੰਟੇ ਜਾਗਦਾ ਹੈ। ਸਾਫ ਬੀਚ ਹੋਣ ਕਰਕੇ ਲੋਕ ਦੂਰੋਂ ਦੂਰੋਂ ਚਲੇ ਆਉਂਦੇ ਹਨ। ਤੈਰਨ ਦਾ ਵੀ ਵੱਧ ਮਜ਼ਾ ਆਉਂਦਾ ਹੈ। ਬਰੀਕ ਬਰੀਕ ਬੱਟੀਆਂ-ਪੱਥਰਾਂ ਵਾਲਾ ਬੀਚ ਹੈ ਤੇ ਗੰਦ-ਮੰਦ ਸਾਫ ਕਰਨਾ ਸੌਖਾ ਹੋ ਜਾਂਦਾ ਹੈ। ਇਸ ਬੀਚ ਉਪਰ ਇਕ ਮੁਸ਼ਕਲ ਵੀ ਪੇਸ਼ ਆਉਂਦੀ ਹੈ ਕਿ ਇਹਨਾਂ ਬਰੀਕ ਪੱਥਰਾਂ ਕਾਰਨ ਤੁਰਨਾ ਜ਼ਰਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਰਬੜ ਦੀਆਂ ਵਿਸ਼ੇਸ਼ ਚਪਲਾਂ ਖਰੀਦਣੀਆਂ ਪੈਂਦੀਆਂ ਹਨ। ਸਮੁੰਦਰ ਦੋ ਵਾਰ ਚੜ੍ਹਦਾ ਉਤਰਦਾ। ਜਦ ਉਤਰਦਾ ਤਾਂ ਮੀਲਾਂ ਦੂਰ ਤਕ ਚਲੇ ਜਾਂਦਾ ਪਰ ਜਦੋਂ ਚੜ੍ਹਦਾ ਤਾਂ ਕੰਢਲੀਆਂ ਕੰਧਾਂ ਵਿਚ ਆ ਕੇ ਇਵੇਂ ਸਿਰ ਮਾਰਦਾ ਜਿਵੇਂ ਸਭ ਕੁਝ ਢਾਅ ਦੇਣਾ ਹੋਵੇ, ਸ਼ਹਿਰ ਵਿਚ ਆ ਵੜ੍ਹਨਾ ਹੋਵੇ।

ਸਮੁੰਦਰ ਵਲ ਮੂੰਹ ਕਰਕੇ ਖੜੇ ਹੋਟਲਾਂ ਵਿਚੋਂ ਇਕ ਹੈ; ਦਾ ਗਾਰਡਨਰ। ਚਾਰ ਸਟਾਰ ਹੋਟਲ। ਪੰਜ ਮੰਜ਼ਲਾਂ ਵਾਲਾ। ਅੰਦਰ ਵੜਦਿਆਂ ਹੀ ਰਿਸੈਪਸ਼ਨ ਦਾ ਕਾਊਂਟਰ ਹੈ। ਅਗੇ ਵੱਡਾ ਹਾਲ। ਹਾਲ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਹਿੱਸੇ ਵਿਚ ਕੁਰਸੀਆਂ-ਸੋਫੇ ਲਾ ਕੇ ਵੇਟਿੰਗ ਰੂਮ ਬਣਾਇਆ ਹੋਇਆ ਹੈ। ਇਕ ਹਿੱਸੇ ਵਿਚ ਪੱਬ ਹੈ ਤੇ ਇਕ ਖੁਲ੍ਹਾ ਛੱਡਿਆ ਹੋਇਆ ਹੈ, ਸ਼ਾਇਦ ਨਵੇਂ ਆਏ ਗਰੁੱਪ-ਟੂਰਿਸਟਾਂ ਲਈ। ਪਹਿਲੀ ਮੰਜ਼ਿਲ ਕਲੱਬ, ਡਾਈਨਿੰਗ ਹਾਲ ਤੇ ਡਾਂਸ ਫਲੋਰ ਬਣੀ ਹੋਈ ਹੈ। ਇਕ ਪਾਸੇ ਸੰਗੀਤ ਵਜਾਉਣ ਲਈ ਸਟੇਜ ਵੀ ਬਣੀ ਹੋਈ ਹੈ। ਉਪਰਲੀਆਂ ਚਾਰ ਮੰਜ਼ਿਲਾਂ ਵਿਚ ਕਮਰੇ ਬਣੇ ਹੋਏ ਹਨ। ਵੱਖ ਵੱਖ ਸਾਇਜ਼ਾਂ ਵਾਲੇ ਕਮਰੇ ਤੇ ਵੱਖ ਵੱਖ ਕੀਮਤਾਂ ਵਾਲੇ। ਸਮੁੰਦਰ ਵਲ ਖੁਲ੍ਹਦੀ ਖਿੜਕੀ ਵਾਲੇ ਕਮਰੇ ਦਾ ਕਿਰਾਇਆ ਹੋਰ ਹੁੰਦਾ ਹੈ ਤੇ ਉਸ ਤੋਂ ਹਟਵੇਂ ਵਾਲੇ ਦਾ ਹੋਰ। ਸਾਰੇ ਕਮਰਿਆਂ ਵਿਚ ਹੀ ਟੈਲੀ, ਫੋਨ ਤੇ ਟੁਆਇਲਟ ਆਦਿ ਦਾ ਇੰਤਜ਼ਾਮ ਹੈ। ਚਾਹੋਂ ਤਾਂ ਨਾਸ਼ਤਾ ਤੇ ਰੋਟੀ ਵੀ ਇਥੇ ਹੀ ਆ ਜਾਂਦੇ ਹਨ।

ਉਹਨਾਂ ਲਈ ਨਾਸ਼ਤਾ ਤੇ ਰਾਤ ਦਾ ਖਾਣਾ ਕਮਰੇ ਵਿਚ ਹੀ ਆ ਰਿਹਾ ਸੀ। ਐਤਵਾਰ ਨੂੰ ਉਹ ਇਥੇ ਪੁੱਜੇ ਤੇ ਅੱਜ ਬੁੱਧਵਾਰ ਹੋਣ ਨੂੰ ਸੀ। ਉਹ ਆਪਣੇ ਕਮਰੇ ਵਿਚ ਹੀ ਵੜੇ ਬੈਠੇ ਸਨ। ਹੋਟਲ ਦੇ ਵੇਟਰ ਆਪਸ ਵਿਚ ਹੱਸ ਰਹੇ ਸਨ ਕਿ ਏਡਾ ਲੰਮਾ ਹਨੀਮੂਨ! ਉਹਨਾਂ ਨੂੰ ਬਾਹਰ ਦੇ ਕਿਸੇ ਨਜ਼ਾਰੇ ਦੀ ਪਰਵਾਹ ਹੀ ਨਹੀਂ ਸੀ। ਸੁਰਿੰਦਰ ਬਹੁਤ ਖੁਸ਼ ਸੀ। ਓਨਾ ਹੀ ਖੁਸ਼ ਗੁਲਵੰਤ ਵੀ ਸੀ। ਜੀਵਨ ਦਾ ਇਹ ਤਜੁਰਬਾ ਉਸ ਲਈ ਬਹੁਤ ਹੀ ਸੁਖਾਵਾਂ ਤੇ ਅਨੰਦ ਦਾਇਕ ਸੀ। ਸੁਰਿੰਦਰ ਨੇ ਸਭ ਤੋਂ ਪਹਿਲਾਂ ਮੈਗੀ ਨੂੰ ਫੋਨ ਕਰਕੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਦਸ ਦਿਤਾ ਸੀ ਕਿ ਉਸ ਦਾ ਡਰ ਨਿਰਮੂਲ ਸੀ। ਉਸ ਨੇ ਸੁਖਵੀਰ ਨੂੰ ਵੀ ਫੋਨ ਕਰ ਕੇ ਇਸ ਬਾਰੇ ਦਸ ਦਿਤਾ ਸੀ। ਸੰਖੇਪ ਜਿਹੀ ਗੱਲ ਮੰਮੀ-ਡੈਡੀ ਨਾਲ ਵੀ ਹੋਈ। ਇਵੇਂ ਹੀ ਗੁਲਵੰਤ ਨੇ ਵੀ ਸਰੂਪ ਨਾਲ ਥੋੜੀ ਜਿਹੀ ਗੱਲ ਕੀਤੀ।...

ਸ਼ਨਿਚਰਵਾਰ ਨੂੰ ਵਿਆਹ ਵਾਲੇ ਦਿਨ ਹੀ ਮੁਕਲਾਵੇ ਵਾਲੀਆਂ ਰਸਮਾਂ ਵੀ ਕਰ ਲਈਆਂ ਸਨ। ਐਤਵਾਰ ਨੂੰ ਉਹਨਾਂ ਨੇ ਵੇਲੇ ਸਿਰ ਇਕ ਗੇੜਾ ਲੇਅਟਨ ਸਟੋਨ ਦਾ ਮਾਰ ਲਿਆ ਤੇ ਫਿਰ ਬਰਾਈਟਨ ਲਈ ਚਲ ਪਏ ਸਨ। ਸਡਬਰੀ ਹਿੱਲ ਤੋਂ ਟਿਊਬ ਲੈ ਲਈ। ਵਿਕਟੋਰੀਆ ਪੁੱਜੇ ਤੇ ਵਿਕਟੋਰੀਆ ਸਟੇਸ਼ਨ ਤੋਂ ਬ੍ਰਿਟਿਸ਼ ਰੇਲ ਫੜ ਲਈ। ਇੰਨੇ ਦਿਨਾਂ ਵਿਚ ਗੁਲਵੰਤ ਨੇ ਲੰਡਨ ਅੰਡਰ ਗਰਾਊਂਡ ਸਿਸਟਮ ਸਮਝ ਲਿਆ ਹੋਇਆ ਸੀ। ਬ੍ਰਿਟਿਸ਼ ਰੇਲ ਰਾਹੀਂ ਉਹ ਪਹਿਲੀ ਵੇਰ ਸਫਰ ਕਰ ਰਿਹਾ ਸੀ ਤੇ ਇਵੇਂ ਹੀ ਸੁਰਿੰਦਰ ਵੀ ਬ੍ਰਿਟਿਸ਼ ਰੇਲ ਵਿਚ ਪਹਿਲਾਂ ਨਹੀਂ ਸੀ ਚੜ੍ਹੀ। ਉਹ ਤਾਂ ਲੰਡਨ ਤੋਂ ਬਾਹਰ ਹੀ ਘੱਟ ਗਈ ਸੀ। ਵਿਕਟੋਰੀਆ ਸਟੇਸ਼ਨ ਉਪਰ ਕਈ ਜੋੜੇ ਬਾਹਾਂ ਵਿਚ ਬਾਹਾਂ ਪਾਈ ਫਿਰਦੇ ਸਨ। ਕੁਝ ਸ਼ਰੇਆਮ ਬੁਲ੍ਹਾਂ ਨਾਲ ਬੁਲ੍ਹ ਜੋੜੀ ਵੀ ਖੜੇ ਸਨ। ਗੁਲਵੰਤ ਨੇ ਸੁਰਿੰਦਰ ਨੂੰ ਜੱਫੀ ਵਿਚ ਲਿਆ ਤੇ ਬਾਕੀ ਜੋੜਿਆਂ ਵਾਂਗ ਹੀ ਉਸ ਨੂੰ ਚੁੰਮਣ ਲਗਿਆ। ਸੁਰਿੰਦਰ ਇਕ ਪਲ ਲਈ ਹੈਰਾਨ ਹੋਈ ਪਰ ਖੁਸ਼ ਵੀ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਗੁਲਵੰਤ ਇੰਨੇ ਖੁਲ੍ਹੇ ਸੁਭਾਅ ਦਾ ਹੋਵੇਗਾ। ਭਾਰਤੀ ਪਤੀ ਇਵੇਂ ਕਦੋਂ ਕਰਦੇ ਹਨ।

www.PunjabiLibrary.com

ਗੱਡੀ ਆਈ। ਇੰਡੀਆ ਨਾਲੋਂ ਸਿਸਟਮ ਕੁਝ ਅਲੱਗ ਸੀ। ਕੋਈ ਭੀੜ-ਭੜੱਕਾ ਨਹੀਂ। ਹਰ ਕੋਈ ਆਪਣੀ ਸੀਟ ਉਪਰ ਚੁੱਪ ਚਾਪ ਬੈਠਾ ਸੀ। ਅਜਿਹੀ ਚੁੱਪ ਤਾਂ ਉਸ ਨੇ ਟਿਊਬ ਵਿਚ ਸਫਰ ਕਰਦਿਆਂ ਵੀ ਦੇਖੀ ਸੀ ਪਰ ਇਹ ਕੁਝ ਜ਼ਿਆਦਾ ਹੀ ਸਭਿਅਕ ਲਗ ਰਹੀ ਸੀ। ਗੱਡੀ ਲੰਡਨ ਤੋਂ ਬਾਹਰ ਵਲ ਤੁਰ ਪਈ। ਇਹ ਇਕ ਵੱਖਰਾ ਨਜ਼ਾਰਾ ਸੀ ਜਿਹੜਾ ਉਸ ਨੇ ਹਾਲੇ ਤਕ ਨਹੀਂ ਸੀ ਦੇਖਿਆ। ਇਥੋਂ ਘਰ ਤੇ ਹੋਰ ਇਮਾਰਤਾਂ ਅਲੱਗ ਢੰਗ ਦੀਆਂ ਦਿਸ ਰਹੀਆਂ ਸਨ। ਕੁਝ ਅਗੇ ਗਏ ਤਾਂ ਪੇਂਡੂ ਜਨ-ਜੀਵਨ ਨਜ਼ਰ ਆਉਣ ਲਗਿਆ। ਵੱਡੇ ਵੱਡੇ ਫਾਰਮ। ਉਚੇ ਨੀਵੇਂ ਖੇਤ। ਇਕੱਲ-ਮੁ-ਇਕੱਲੇ ਦੂਰ-ਦੁਰਾਡੇ ਘਰ। ਖੇਤਾਂ ਵਿਚ ਚੁਗਦੀਆਂ ਭੇਡਾਂ ਤੇ ਗਾਈਆਂ; ਸਭ ਕੁਝ ਉਸ ਲਈ ਨਵਾਂ ਸੀ। ਹਾਲੇ ਕੁਝ ਦਿਨ ਪਹਿਲਾਂ ਗੁਲਵੰਤ ਬਰਾਈਟਨ ਆਇਆ ਸੀ ਪਰ ਕਾਰ ਰਾਹੀਂ। ਸਰੂਪ ਤੇ ਸਤਨਾਮੀ ਉਸ ਨੂੰ ਲੈ ਕੇ ਆਏ ਸਨ। ਨਾਲੇ ਤਾਂ ਹੋਟਲ ਵਿਚ ਇਹ ਕਮਰਾ ਬੁੱਕ ਕਰਾ ਗਏ ਸਨ ਤੇ ਨਾਲ ਹੀ ਬਰਾਈਟਨ ਸ਼ਹਿਰ ਵੀ ਦਿਖਾ ਦਿਤਾ ਸੀ। ਕਾਰ ਰਾਹੀਂ ਹੋਰ ਇੰਗਲੈਂਡ ਸੀ ਤੇ ਰੇਲ ਰਾਹੀਂ ਹੋਰ। ਦਸ ਕੁ ਸਟੇਸ਼ਨਾਂ ਤੇ ਰੁਕਦੀ ਉਹਨਾਂ ਦੀ ਗੱਡੀ ਬਰਾਈਟਨ ਸਟੇਸ਼ਨ ਤੇ ਆ ਪੁੱਜੀ। ਉਹਨਾਂ ਆਪਣਾ ਸਮਾਨ ਚੁੱਕਿਆ ਤੇ ਟੈਕਸੀ ਫੜ ਆਪਣੇ ਹੋਟਲ ਵਿਚ ਆ ਗਏ ਸਨ।

ਹੋਟਲ ਵਿਚ ਆ ਕੇ ਉਹ ਖੁਸ਼ ਸਨ। ਗੁਲਵੰਤ ਕਿਸੇ ਗੱਲ ਵਿਚ ਕਾਹਲ਼ੀ ਨਹੀਂ ਸੀ ਕਰਨੀ ਚਾਹੁੰਦਾ ਪਰ ਸੁਰਿੰਦਰ ਆਪਣੀਆਂ ਸਹੇਲੀਆਂ ਦੀਆਂ ਸਲਾਹਾਂ ਅਨੁਸਾਰ ਡਰਦੀ ਹੋਈ ਗੁਲਵੰਤ ਵਲੋਂ ਜਬਰਦਸਤੀ ਦੀ ਉਡੀਕ ਕਰ ਰਹੀ ਸੀ। ਪਹਿਲੀ ਰਾਤ ਤਾਂ ਉਹਨਾਂ ਦੀ ਇਕ ਦੂਜੇ ਨੂੰ ਜਾਨਣ ਵਿਚ ਹੀ ਨਿਕਲ ਗਈ। ਇਕ ਦੂਜੇ ਦੇ ਜਿਸਮਾਂ ਨੂੰ, ਇਕ ਦੂਜੇ ਦੀਆਂ ਰੂਹਾਂ ਨੂੰ, ਇਕ ਦੂਜੇ ਪਿੱਛੇ ਲੁਕੇ ਪਤੀ-ਪਤਨੀ ਨੂੰ। ਫਿਰ ਉਹ ਹੌਲੀ ਹੌਲੀ ਇਕ ਹੁੰਦੇ ਗਏ। ਇਸ ਇਕ ਹੋਣ ਦਾ ਜਿਥੇ ਅਨੰਦ ਸੀ ਉਥੇ ਕਸ਼ਟ ਵੀ ਸਨ; ਸਰੀਰਕ ਕਸ਼ਟ ਤੇ ਮਾਨਸਿਕ ਕਸ਼ਟ ਵੀ। ਤਿੰਨ ਰਾਤਾਂ ਵਿਚ ਉਹਨਾਂ ਦੋਨਾਂ ਨੇ ਹੀ ਸਮਝ ਲਿਆ ਕਿ ਉਹ ਇਕ ਦੂਜੇ ਲਈ ਹੀ ਬਣੇ ਹਨ। ਬੁਧਵਾਰ ਸਵੇਰੇ ਨਾਸ਼ਤੇ ਤੋਂ ਬਾਅਦ ਸੁਰਿੰਦਰ ਉਠੀ ਤੇ ਉਸ ਨੇ ਪਰਦੇ ਹਟਾਏ। ਇੰਨੇ ਦਿਨਾਂ ਵਿਚ ਉਹ ਪਹਿਲੀ ਵਾਰ ਪਰਦੇ ਹਟਾ ਰਹੀ ਸੀ। ਬਾਹਰ ਖੂਬਸੂਰਤ ਧੁੱਪ ਖਿੰਡਰੀ ਪਈ ਸੀ। ਸਮੁੰਦਰ ਦੀ ਨਿਲੱਤਣ ਅੱਖਾਂ ਨੂੰ ਬਹੁਤ ਪਿਆਰੀ ਲਗ ਰਹੀ ਸੀ। ਉਸ ਨੇ ਗੁਲਵੰਤ ਨੂੰ ਹਾਕ ਮਾਰੀ,

"ਡਾਰਲਿੰਗ, ਇਧਰ ਆਓ ਜ਼ਰਾ, ਬਾਹਰ ਦੇਖੋ, ਵੱਟ ਏ ਬਿਊਟੀਫੁੱਲ ਡੇ!"

ਗੁਲਵੰਤ ਆਇਆ। ਬਾਹਰ ਦਿਨ ਦੇਖ ਕੇ ਉਸ ਦਾ ਮਨ ਬਾਗੋ ਬਾਗ ਹੋ ਗਿਆ ਤੇ ਬੋਲਿਆ,

"ਚਲ ਰੈਡੀ ਹੋ, ਬਾਹਰ ਘੁੰਮ ਕੇ ਆਉਂਦੇ ਆਂ।"

ਤਿਆਰ ਹੁੰਦਿਆਂ ਵੀ ਉਹਨਾਂ ਨੇ ਦੁਪਿਹਰ ਕਰ ਦਿਤੀ। ਉਹ ਤਿਆਰ ਹੋ ਕੇ ਹਾਲ ਕਮਰੇ ਵਿਚ ਆ ਗਏ। ਪੱਚੀ-ਤੀਹ ਬੰਦੇ ਰਲ਼ ਕੇ ਗਾ ਰਹੇ ਸਨ। ਉਹਨਾਂ ਵਿਚੋਂ ਇਕ ਵੈਂਜੋ ਵਰਗਾ ਕੋਈ ਸਾਜ਼ ਵਜਾ ਰਿਹਾ ਸੀ। ਫਿਰ ਧੁੰਨ ਬਦਲੀ ਤਾਂ ਲੋਕ ਉਠ ਕੇ ਨੱਚਣ ਲਗ ਪਏ। ਆਦਮੀ ਔਰਤਾਂ ਦਾ ਹੱਥ ਫੜ ਕੇ ਉਹਨਾਂ ਨੂੰ ਘੁਮਾਉਂਦੇ ਹੋਏ ਨਚਾ ਰਹੇ ਸਨ। ਆਦਮੀਆਂ ਦੀਆਂ ਪਾਈਆਂ ਸਕੱਰਟਾਂ ਤੋਂ ਜਾਪਦਾ ਸੀ ਕਿ ਇਹ ਸਾਰੇ ਸਕੌਟਿਸ਼ ਲੋਕ ਹਨ। ਗੁਲਵੰਤ ਨੂੰ ਇਹ ਨਾਚ ਦੇਖਣਾ ਚੰਗਾ ਲਗਿਆ। ਉਹ ਦੋਵੇਂ ਇਕ ਪਾਸੇ ਬੈਠ ਕੇ ਦੇਖਣ ਲਗੇ। ਬਹਿਰਾ ਆਰਡ੍ਰ ਲੈਣ ਆ ਗਿਆ। ਗੁਲਵੰਤ ਨੇ ਦੋ ਜੂਸਾਂ ਲਈ ਆਖ ਦਿਤਾ। ਕੁਝ ਦੇਰ ਬਾਅਦ ਇਕ ਅੱਧਖੜ ਗੋਰਾ ਆਇਆ ਤੇ ਉਹਨਾਂ ਨੂੰ ਪੁੱਛਣ ਲਗਿਆ,

"ਤੁਸੀਂ ਹਨੀਮੂਨ-ਕਪਲ ਓ?"

ਗੁਲਵੰਤ ਨੇ ਸ਼ਰਮਾਉਂਦਿਆਂ 'ਹਾਂ' ਵਿਚ ਜਵਾਬ ਦਿਤਾ। ਗੋਰੇ ਨੇ ਫਿਰ ਪੁੱਛਿਆ,

"ਸਾਡਾ ਹੋਟਲ ਕਿਵੇਂ ਲਗਿਆ? ...ਤੁਸੀਂ ਖੁਸ਼ ਤਾਂ ਹੋ?"

"ਬਿਲਕੁਲ ਵਧੀਆ, ਕੋਈ ਸਮੱਸਿਆ ਨਹੀਂ, ਸ਼ੁਕਰੀਆ।"

"ਸਾਡੇ ਸਟਾਫ ਵਿਚ ਤੁਹਾਡੀ ਵਾਹਵਾ ਚਰਚਾ ਐ, ਅਸੀਂ ਤੁਹਾਨੂੰ ਆਪਣੀ ਬਾਰ ਵਲੋਂ ਡਰਿੰਕ ਪੇਸ਼ ਕਰਨੀ ਚਾਹੁੰਦੇ ਹਾਂ, ਦੱਸੋ ਕੀ ਪੀਓਗੇ?"

"ਜਸਟ ਡਰਾਈ ਮਾਰਟੀਨੀ।"

ਕੁਝ ਹੀ ਮਿੰਟਾਂ ਵਿਚ ਦੋ ਗਲਾਸ ਮਾਰਟੀਨੀ ਦੇ ਆ ਗਏ। ਮੈਨੇਜਰ ਨੇ ਸਪੀਕਰ ਤੋਂ ਅਨਾਊਂਸ ਕਰਦਿਆਂ ਕਿਹਾ,

"ਹਾਜ਼ਰ ਦੋਸਤੋ, ਸਾਡੇ ਵਿਚ ਇਕ ਹਨੀਮੂਨ ਮਨਾਉਣ ਆਇਆ ਜੋੜਾ ਸ਼ਾਮਲ ਐ, ਮੈਂ ਤੁਹਾਨੂੰ ਬੇਨਤੀ ਕਰਦਾਂ ਕਿ ਉਹ ਦੀ ਸੁਖੀ ਵਿਆਹੁਤਾ ਜ਼ਿੰਦਗੀ ਲਈ ਦੁਆ ਕਰੋ।"

ਸਾਰਿਆਂ ਦਾ ਧਿਆਨ ਗੁਲਵੰਤ ਤੇ ਸੁਰਿੰਦਰ ਵਲ ਖਿਚਿਆ ਗਿਆ। ਗੁਲਵੰਤ ਉਠ ਕੇ ਖੜਾ ਹੋ ਗਿਆ ਤੇ ਨਾਲ ਹੀ ਸੁਰਿੰਦਰ ਵੀ। ਸਭ ਨੇ ਉਹਨਾਂ ਦੇ ਨਾਂ ਦਾ ਚੀਅਰਜ਼ ਕੀਤਾ। ਉਹਨਾਂ ਨੇ ਵੀ ਆਪਣੇ ਗਲਾਸ ਉਠਾ ਕੇ ਸਭ ਦਾ ਧੰਨਵਾਦ ਕਰਦਿਆਂ ਆਪਸ ਵਿਚ ਇਕ ਚੁੰਮਣ ਲਿਆ। ਸਭ ਨੇ ਤਾੜੀਆਂ ਵਜਾ ਦਿਤੀਆਂ। ਗੁਲਵੰਤ ਨੇ ਅੰਗਰੇਜ਼ ਸਭਿਆਚਾਰ ਦੀ ਇਹ ਰਸਮ ਟੈਲੀ ਦੇ ਇਕ ਪਰੋਗਰਾਮ ਵਿਚ ਹਾਲੇ ਕੁਝ ਦਿਨ ਪਹਿਲਾਂ ਹੀ ਦੇਖੀ ਸੀ।

www.PunjabiLibrary.com

ਕੁਝ ਦੇਰ ਉਥੇ ਬੈਠ ਕੇ ਉਹ ਬਾਹਰ ਆ ਗਏ। ਹੁਣ ਤਕ ਬੱਦਲ ਹੋ ਕੇ ਹਲਕੀ ਜਿਹੀ ਭੂਰ ਵੀ ਪੈਣ ਲਗੀ ਸੀ। ਠੰਡ ਉਤਰ ਆਈ ਸੀ। ਤੇਜ਼ ਹਵਾ ਚਲਣ ਲਗ ਪਈ ਸੀ। ਸਮੁੰਦਰ ਵੀ ਖੌਰੂ ਪਾਉਣ ਲਗਿਆ ਸੀ। ਉਹ ਕੰਢੇ ਕੰਢੇ ਤੁਰਦੇ ਗਏ। ਕੁਝ ਦੂਰ ਜਾ ਕੇ ਸੁਰਿੰਦਰ ਅਚਾਨਕ ਬੋਲੀ,

''ਡਾਰਲਿੰਗ, ਚਲੋ ਵਾਪਸ ਹੋਟਲ ਚਲੀਏ।''

''ਕਿਉਂ? ਹਾਲੇ ਤਾਂ ਆਪਾਂ ਉਹ ਜਗਾਹ ਦੇਖਣੀ ਐਂ ਜਿਥੇ ਨਿਊਡ ਬੀਚ ਬਣਨ ਜਾ ਰਿਹੈ।''

''ਨਹੀਂ ਨਹੀਂ, ਵਾਪਸ ਚਲੋ।''

ਸੁਰਿੰਦਰ ਨੇ ਹੁਕਮ ਸੁਣਾਉਣ ਵਾਂਗ ਕਿਹਾ। ਗੁਲਵੰਤ ਨੂੰ ਉਸ ਦਾ ਲਹਿਜ਼ਾ ਚੰਗਾ ਨਾ ਲਗਿਆ ਪਰ ਉਹ ਵਾਪਸ ਤੁਰ ਪਿਆ। ਆਪਣੇ ਕਮਰੇ ਵਿਚ ਪਹੁੰਦਿਆਂ ਹੀ ਸੁਰਿੰਦਰ ਪੈਡ ਚੁੱਕਦੀ ਹੋਈ ਬਾਥਰੂਮ ਵਿਚ ਜਾ ਵੜੀ। ਗੁਲਵੰਤ ਵੀ ਮਾਮਲਾ ਸਮਝ ਗਿਆ। ਉਸ ਨੂੰ ਆਪਣੇ ਆਪ ਤੇ ਗੁੱਸਾ ਆਉਣ ਲਗਿਆ ਕਿ ਸੁਰਿੰਦਰ ਦੀ ਇਸ ਕਾਹਲੀ ਨੂੰ ਪਹਿਲਾਂ ਕਿਉਂ ਨਹੀਂ ਜਾਣ ਸਕਿਆ। ਅਸਲ ਵਿਚ ਉਸ ਦਾ ਔਰਤਾਂ ਨਾਲ ਬਹੁਤਾ ਵਾਹ ਨਾ ਹੋਣ ਕਰਕੇ ਉਹਨਾਂ ਦੀਆਂ ਕਈ ਮੁਸ਼ਕਲਾਂ ਦੀ ਸਮਝ ਨਹੀਂ ਸੀ। ਬਾਥ ਰੂਮ ਵਿਚੋਂ ਆਉਂਦੀ ਹੋਈ ਬੋਲੀ,

''ਚਲੋ ਸਮਾਨ ਬੰਨੀਏ, ਵਾਪਸ ਚਲਦੇ ਆਂ।''

''ਕਿਉਂ?''

ਗੁਲਵੰਤ ਨੇ ਵਿਅੰਗ ਵਿਚ ਪੁੱਛਿਆ। ਸੁਰਿੰਦਰ ਉਸ ਨੂੰ ਜੱਫੀ ਪਾਉਂਦੀ ਬੋਲੀ,

''ਹਨੀਮੂਨ 'ਜ਼ ਓਵਰ!''

ਸਰੂਪ ਨੇ ਦੁਕਾਨ ਜਲਦੀ ਹੀ ਖੋਹਲ ਲਈ। ਹੁਣ ਚਾਬੀ ਮਿਲਣ ਤੋਂ ਬਾਅਦ ਉਹ ਵਕਤ ਬਰਬਾਦ ਨਹੀਂ ਸੀ ਕਰਨਾ ਚਾਹੁੰਦਾ। ਐਕਟਨ ਬਹੁਤ ਵਿਅਸਤ ਜਗਾਹ ਸੀ, ਲੋਕਾਂ ਨੂੰ ਦੁਕਾਨ ਦੀ ਲੋੜ ਸੀ। ਪਹਿਲੇ ਮਾਲਕ ਨੇ ਇਸ ਨੂੰ ਨਿਊਜ਼ ਏਜੰਸੀ ਤੇ ਸਵੀਟ ਸ਼ੌਪ ਦੇ ਤੌਰ 'ਤੇ ਖੋਹਲਿਆ ਸੀ ਪਰ ਸਰੂਪ ਨੇ ਨਾਲ ਗਰੌਸਰੀ ਵੀ ਪਾ ਲਈ। ਉਸ ਨੂੰ ਦੁਕਾਨ ਦਾ ਕੋਈ ਤਜੁਰਬਾ ਨਹੀਂ ਸੀ ਇਸ ਲਈ ਕਈ ਗੱਲਾਂ ਵਿਚ ਉਹ ਝਿਜਕ ਵੀ ਰਿਹਾ ਸੀ। ਇਕ ਦੋਸਤ ਨਾਲ ਗੱਲ ਕੀਤੀ ਤਾਂ ਉਸ ਨੂੰ ਮੋਟਾ ਗੁਰ ਸਮਝਾ ਦਿਤਾ ਸੀ ਕਿ ਦੁਕਾਨਦਾਰੀ ਹੈ; ਇਕ ਪਾਸੇ ਤੋਂ ਮਾਲ ਖਰੀਦ ਕੇ ਦੂਜੇ ਪਾਸੇ ਵੇਚ ਦੇਣਾ। ਤੁਸੀਂ ਵਿਚੋਂ ਆਪਣਾ ਮੁਨਾਫਾ ਲੈਣਾ ਹੁੰਦਾ ਹੈ। ਇੰਗਲੈਂਡ ਵਿਚ ਗਰੌਸਰੀ ਉਪਰ ਪੱਚੀ ਟਕੇ ਮੁਨਾਫਾ ਚਲਦਾ ਹੈ, ਬਾਕੀ ਤੈਨੂੰ ਹੌਲੀ ਹੌਲੀ ਆਪੇ ਸਮਝ ਪੈ ਜਾਵੇਗਾ। ਸਰੂਪ ਡਰਦਾ ਸੀ ਕਿ ਪਤਾ ਨਹੀਂ ਦੁਕਾਨ ਚਲੇਗੀ ਵੀ ਕਿ ਨਹੀਂ। ਕਿਤੇ ਇਵੇਂ ਨਾ ਹੋਵੇ ਕਿ ਦੁਕਾਨ ਆਪਣੇ ਖਰਚ ਵੀ ਨਾ ਚੁੱਕੇ ਇਸ ਲਈ ਉਸ ਨੇ ਫੈਕਟਰੀ ਵਿਚੋਂ ਆਪਣੀ ਨੌਕਰੀ ਵੀ ਨਾ ਛੱਡੀ ਤੇ ਕੁਝ ਦੇਰ ਦੀ ਛੁੱਟੀ ਲੈ ਲਈ। ਉਸ ਨੇ ਦੁਕਾਨ ਖੋਹਲੀ ਤਾਂ ਇਵੇਂ ਚੱਲੀ ਕਿ ਜਿਵੇਂ ਲੋਕ ਇਸ ਦੇ ਖੁਲ੍ਹਣ ਦਾ ਇੰਤਜ਼ਾਰ ਹੀ ਕਰ ਰਹੇ ਹੋਣ। ਗਾਹਕਾਂ ਦੀਆਂ ਕਤਾਰਾਂ ਲਗਣੀਆਂ ਸ਼ੁਰੂ ਹੋ ਗਈਆਂ। ਸਰੂਪ ਬਹੁਤ ਹੀ ਵਿਅਸਤ ਹੋ ਗਿਆ। ਸਵੇਰੇ ਵੇਲੇ ਸਿਰ ਉਠ ਕੇ ਸਬਜ਼ੀ-ਫਰੂਟ ਲੈਣ ਜਾਣਾ ਪੈਂਦਾ। ਆ ਕੇ ਸਮਾਨ ਸਾਂਭਦਾ, ਅਖਬਾਰਾਂ ਨੂੰ ਤਰਤੀਬ ਦਿੰਦਾ, ਟਿਕਾਉਂਦਾ। ਸਾਰਾ ਦਿਨ ਦੁਕਾਨ ਵਿਚ ਭੱਜੋ ਭੱਜ ਰਹਿੰਦੀ। ਸ਼ਾਮ ਨੂੰ ਸੱਤ ਵਜੇ ਦੁਕਾਨ ਬੰਦ ਕਰਕੇ ਸ਼ੌਪਿੰਗ ਲਈ ਕੈਸ਼ ਐਂਡ ਕੈਰੀ ਵਲ ਦੌੜ ਤੁਰਦਾ। ਸਮਾਨ ਦੁਕਾਨ ਵਿਚ ਉਤਾਰ ਕੇ ਘਰ ਮੁੜਨ ਤਕ ਉਹ ਬਹੁਤ ਹੀ ਥੱਕ ਜਾਂਦਾ। ਫਿਰ ਕਾਹਲੀ ਦੇ ਦੋ ਪੈੱਗ ਵਿਸਕੀ ਦੇ ਲਾ ਤੇ ਰੋਟੀ ਖਾ ਬਿਸਤਰ ਤੇ ਜਾ ਡਿਗਦਾ। ਸਵੇਰੇ ਫਿਰ ਤੜਕਸਾਰ ਉਠਣਾ ਹੁੰਦਾ। ਸਤਨਾਮੀ ਉਸ ਦੀ ਬਹੁਤੀ ਮੱਦਦ ਨਾ ਕਰ ਸਕਦੀ ਕਿਉਂਕਿ ਉਸ ਨੇ ਬੱਚੇ ਨਰਸਰੀ ਛੱਡਣੇ ਹੁੰਦੇ, ਰੋਟੀ-ਟੁੱਕ ਵੀ ਕਰਨਾ ਹੁੰਦਾ। ਦੁਕਾਨ ਘਰ ਤੋਂ ਦੂਰ ਹੋਣ ਕਰਕੇ ਆਉਣਾ ਜਾਣਾ ਇੰਨਾ ਆਸਾਨ ਨਹੀਂ ਸੀ।...

ਗੁਲਵੰਤ ਹੋਰੀਂ ਹਨੀਮੂਨ ਤੋਂ ਵਾਪਸ ਆਏ ਤਾਂ ਕੰਮ ਦੀ ਤਲਾਸ਼ ਕਰਨ ਲਗੇ। ਸੁਰਿੰਦਰ ਨੂੰ ਜਲਦੀ ਹੀ ਲਾਇਨਜ਼ਮੇਡ ਵਿਚ ਕੰਮ ਮਿਲ ਗਿਆ। ਤਨਖਾਹ ਭਾਵੇਂ ਖਿਡੌਣਾ ਫੈਕਟਰੀ ਤੋਂ ਘੱਟ ਸੀ ਪਰ ਕੰਮ ਹਲਕਾ ਸੀ। ਗੁਲਵੰਤ ਹਾਲੇ ਕੰਮ ਦੀ ਤਾਲਾਸ਼ ਵਿਚ ਸੀ। ਵਿਚ ਵਿਚ ਉਹ ਦੁਕਾਨ ਵਿਚ ਆ ਕੇ ਸਰੂਪ ਦੀ ਮੱਦਦ ਵੀ ਕਰਾ ਦਿੰਦਾ। ਸਰੂਪ ਉਸ ਨੂੰ ਕਹਿੰਦਾ,

''ਚੰਗੀ ਗੱਲ ਐ ਜੇ ਅਗੇ ਪੜ੍ਹ ਲਵੇਂ, ਕਿਸੇ ਚੰਗੀ ਜੌਬ ਨੂੰ ਹੱਥ ਪੈ ਜਾਊ।''

''ਨਹੀਂ ਭਾਜੀ, ਹਾਲ ਦੀ ਘੜੀ ਮੈਂ ਪੜ੍ਹਨਾ ਨਹੀਂ, ਕੋਈ ਜੌਬ ਕਰਨੀ ਚਾਹੁੰਨਾ, ਕੋਈ ਵੀ ਹੋਵੇ।''

''ਜਿੰਦਾਂ ਤੇਰੀ ਮਰਜ਼ੀ ਪਰ ਤੇਰੀ ਪੜ੍ਹਾਈ ਦੀ ਕੋਈ ਕਦਰ ਨਹੀਂ ਪੈਣੀ, ਫੈਕਟਰੀ ਵਿਚ ਗੋਰਿਆਂ ਲਈ ਕੋਰਾ ਅਨਪੜ੍ਹ ਤੇ ਸੋਲਾਂ ਪਾਸ ਇਕ ਬਰਾਬਰ ਹੁੰਦੇ ਆ।''

''ਦੇਖਦਾਂ, ਕੱਲ ਮੈਂ ਅਖਬਾਰ ਵਿਚ ਕਲਰਕਾਂ ਦੀਆਂ ਨੌਕਰੀਆਂ ਦੇਖੀਆਂ ਸੀ।''

"ਪਰ ਦਫਤਰ ਤੇ ਫੈਕਟਰੀ ਦੀ ਤਨਖਾਹ ਦਾ ਬਹੁਤ ਫਰਕ ਹੁੰਦੈ। ਦਫਤਰ ਵਿਚ ਤੀਹ ਪੌਂਡ ਫੀ ਹਫਤਾ ਤੋਂ ਜ਼ਿਆਦਾ ਤਨਖਾਹ ਨਹੀਂ ਮਿਲਣੀ ਜਦ ਕਿ ਫੈਕਟਰੀ ਦੇ ਮਜ਼ਦੂਰ ਨੂੰ ਚਾਲੀ ਪੌਂਡ ਮਿਲ ਜਾਂਦੇ ਆ ਤੇ ਓਵਰ ਟਾਈਮ ਵਾਧੂ। ...ਪਰ ਇਕ ਗੱਲ ਐ ਕਿ ਫੈਕਟਰੀ ਦੇ ਕੰਮ ਭਾਰੀ ਹੁੰਦੇ ਆ ਪਤਾ ਨਹੀਂ ਤੇਰੇ ਤੋਂ ਹੋਵੇ ਵੀ ਕਿ ਨਾ।"

"ਭਾਜੀ, ਮੈਂ ਤਾਂ ਕਾਲਜ ਤੋਂ ਆ ਕੇ ਵੀ ਖੇਤੀ ਦਾ ਕੰਮ ਕਰਦਾ ਰਿਹਾਂ, ਬੱਟ ਲਾਉਣ ਤੇ ਗੋਡੀ ਕਰਨ ਵਿਚ ਮੈਂ ਕਦੇ ਕਿਸੇ ਨੂੰ ਡਾਹ ਨਹੀਂ ਦਿਤੀ।"

ਗੁਲਵੰਤ ਨੇ ਹਸਦਿਆਂ ਦਸਿਆ। ਸਰੂਪ ਬੋਲਿਆ,

"ਦੇਖ, ਇਸ ਵਕਤ ਤੂੰ ਨਵੀਂ ਜ਼ਿੰਦਗੀ ਸ਼ੁਰੂ ਕਰਨੀ ਐਂ, ਤੇਰੇ ਸਾਹਮਣੇ ਕੁਝ ਰਾਹ ਹੈਗੇ ਆ। ਇਕ ਤਾਂ ਇਹ ਕਿ ਤੂੰ ਅਗੇ ਪੜ੍ਹ ਲੈ, ਸੁਰਿੰਦਰ ਕੰਮ ਕਰਦੀ ਈ ਐ, ਜੇ ਲੋੜ ਪਈ ਤਾਂ ਮੈਂ ਵੀ ਹੈੱਲਪ ਕਰ ਦਊਂ। ਦੂਜਾ ਰਾਹ ਐ ਕਿ ਕਿਸੇ ਛੋਟੇ ਮੋਟੇ ਵਿਓਪਾਰ ਵਿਚ ਪੈ ਜਾ ਤੇ ਤੀਜਾ ਰਾਹ ਇਹ ਕਿ ਕੋਈ ਕੰਮ ਲੱਭ ਤੇ ਘਰ ਖਰੀਦ ਤੇ ਸੈੱਟਲ ਹੋ, ਬਾਅਦ ਵਿਚ ਜੋ ਕਰਨਾ ਕਰੀ ਜਾਵੀਂ।"

"ਘਰ?"

"ਹਾਂ, ਘਰ। ...ਇਥੇ ਘਰ ਖਰੀਦਣਾ ਮੁਸ਼ਕਲ ਨਹੀਂ ਹੁੰਦਾ, ਸਿਰਫ ਦਸ ਫੀ ਸਦੀ ਕੀਮਤ ਦਾ ਡਿਪੌਜ਼ਟ ਰੱਖ ਕੇ ਆ ਜਾਂਦੈ, ਬਾਕੀ ਦੀਆਂ ਕਿਸ਼ਤਾਂ। ਬਿਲਡਿੰਗ ਸੁਸਾਇਟੀ ਜਾਂ ਬੈਂਕ ਲੋਨ ਦੇ ਦਿੰਦੇ ਆ।"

ਫਿਰ ਸਰੂਪ ਸਮਝਾਉਣ ਲਗਿਆ ਕਿ ਬਿਲਡਿੰਗ ਸੁਸਾਇਟੀ ਤੋਂ ਮਿਲਣ ਵਾਲੇ ਕਰਜ਼ੇ ਨੂੰ ਮੌਟਰਗੇਜ਼ ਕਹਿੰਦੇ ਹਨ। ਬਿਲਡਿੰਗ ਸੁਸਾਇਟੀ ਨੇ ਕਿੰਨਾ ਕਰਜ਼ਾ ਦੇਣਾ ਹੈ ਇਸ ਦਾ ਵੀ ਇਕ ਫਾਰਮੂਲਾ ਹੈ; ਪਤੀ ਦੀ ਸਲਾਨਾ ਤਨਖਾਹ ਦਾ ਢਾਈ ਗੁਣਾਂ ਤੇ ਪਤਨੀ ਦੀ ਸਲਾਨਾ ਤਨਖਾਹ ਦਾ ਇਕ ਗੁਣਾ ਜੋੜ ਕੇ ਜਿੰਨੀ ਰਕਮ ਬਣੇ ਓਨਾ ਕਰਜ਼ਾ ਮਿਲ ਜਾਂਦਾ ਹੈ। ਜੇ ਗੁਲਵੰਤ ਨੂੰ ਪੰਜਾਹ ਪੌਂਡ ਹਫਤੇ ਦੇ ਮਿਲਦੇ ਤਾਂ ਸਲਾਨਾ ਢਾਈ ਹਜ਼ਾਰ ਤੇ ਉਸ ਦਾ ਢਾਈ ਗੁਣਾਂ ਪੈਂਹਠ ਸੌ ਬਣਨਾ ਸੀ। ਇਵੇਂ ਹੀ ਸੁਰਿੰਦਰ ਨੂੰ ਤੀਹ ਪੌਂਡ ਹਫਤਾ ਮਿਲਦੇ ਤਾਂ ਉਸ ਦੇ ਪੰਦਰਾਂ ਸੌ ਤੇ ਕੁਲ ਮਿਲਾ ਕੇ ਉਹਨਾਂ ਨੂੰ ਅੱਠ ਹਜ਼ਾਰ ਮੌਰਟੇਗਜ਼ ਮਿਲ ਜਾਣੀ ਸੀ ਜਿਸ ਦੀ ਮਹੀਨਵਾਰ ਕਿਸ਼ਤ ਪਝੱਤਰ-ਅੱਸੀ ਪੌਂਡ ਬਣਨੀ ਸੀ। ਹਿਸਾਬ ਕਰਦਾ ਗੁਲਵੰਤ ਖੁਸ਼ ਹੋ ਰਿਹਾ ਸੀ। ਉਸ ਨੇ ਕਦੇ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਘਰ ਲੈਣਾ ਇੰਨਾ ਸੌਖਾ ਹੋਵੇਗਾ। ਆਪਣੇ ਘਰ ਦਾ ਉਸ ਦਾ ਕਾਫੀ ਦੇਰ ਦਾ ਸੁਫਨਾ ਸੀ। ਉਹ ਸਾਂਝੇ ਪਰਿਵਾਰ ਵਿਚ ਰਹਿੰਦਾ ਆਇਆ ਸੀ ਜਿਥੇ ਆਪਣਾ ਕਮਰਾ ਨਸੀਬ ਹੋਣਾ ਵੀ ਵੱਡੀ ਗੱਲ ਸੀ।

ਸੁਰਜਨ ਸਿੰਘ ਨੇ ਵੀ ਉਸ ਨੂੰ ਅਗਾਂਹ ਪੜ੍ਹਨ ਦੀ ਸਲਾਹ ਦਿਤੀ ਸੀ ਪਰ ਉਸ ਨੇ ਕਹਿ ਦਿਤਾ,

"ਡੈਡੀ, ਮੈਂ ਹੁਣ ਕਿਸੇ ਤੇ ਬੋਝ ਨਹੀਂ ਬਣਨਾ ਚਾਹੁੰਦਾ, ਪਹਿਲਾਂ ਕੰਮ ਕਰਕੇ ਆਪਣੇ ਘਰ ਲੈ ਲਈਏ, ਪੈਰਾਂ ਤੇ ਖੜ ਕੇ ਫਿਰ ਸੋਚ ਲਵਾਂਗੇ ਜੋ ਵੀ ਕਰਨਾ ਹੋਇਆ।"

"ਫਿਰ ਗੱਲ ਏਦਾਂ ਕਿ ਜਿੰਨਾ ਚਿਰ ਰੁਆਇਲ ਡੀਨ ਵਿਚ ਭਰਤੀ ਨਹੀਂ ਖੁਲ੍ਹਦੀ ਓਨਾ ਚਿਰ ਕਿਸੇ ਫੈਕਟਰੀ ਵਿਚ ਕਰ ਲੈ, ਹੋਰ ਕੀ।"

"ਕੰਮ ਕਰਨ ਵਿਚ ਮੈਨੂੰ ਕੋਈ ਮਾਂਈਂਡ ਨ੍ਹੀਂ।"

ਗੁਲਵੰਤ ਨੂੰ ਕੰਮ ਮਿਲ ਗਿਆ। ਅੰਗਰੇਜ਼ੀ ਬੋਲਣ-ਸਮਝਣ ਵਿਚ ਉਸ ਨੂੰ ਕੋਈ ਮੁਸ਼ਕਲ ਨਹੀਂ ਸੀ ਇਸ ਲਈ ਕੰਮ ਲੱਭਣ ਵਿਚ ਵੀ ਔਖ ਨਾ ਆਈ। ਇਹ ਇਕ ਫਰਨੀਚਰ ਫੈਕਟਰੀ ਸੀ। ਵੈਂਬਲੇ ਸਟੇਡੀਅਮ ਦੇ ਪਿੱਛੇ। ਦੋ-ਮੰਜ਼ਿਲਾ ਵੱਡੀ ਇਮਾਰਤ ਸੀ। ਹੇਠਲੀ ਮੰਜ਼ਿਲ ਵਿਚ ਵੱਖ ਵੱਖ ਲੋੜ ਮੁਤਾਬਕ ਲਕੜੀ ਚੀਰੀ ਜਾਂਦੀ ਤੇ ਉਪਰਲੀ ਵਿਚ ਜੋੜੀ ਜਾਂਦੀ। ਉਸ ਦੀਆਂ ਬੈੱਡ ਰੂਮਾਂ ਵਿਚ ਵਰਤੀਆਂ ਜਾਣ ਵਾਲੀਆਂ ਵੱਖ ਚੀਜ਼ਾਂ ਬਣਾਈਆਂ ਜਾਂਦੀਆਂ ਜਿਵੇਂ ਕਿ ਵਾਲਡਰੋਬ, ਕੱਪਬੋਰਡ, ਡਰੈੱਸਿੰਗ ਟੇਬਲ ਤੇ ਹੋਰ ਅਲਮਾਰੀਆਂ ਆਦਿ। ਗੁਲਵੰਤ ਨੂੰ ਅਸੈਂਬਲੀ ਡਿਪਾਰਟਮੈਂਟ ਵਿਚ ਕੰਮ ਮਿਲਿਆ। ਇਹ ਵੱਡਾ ਸਾਰਾ ਹਾਲ ਸੀ ਜਿਸ ਵਿਚ ਲੰਮੇ-ਰੁਕ ਮੇਜ਼ਾਂ ਦੀਆਂ ਕਤਾਰਾਂ ਲਗੀਆਂ ਹੋਈਆਂ ਸਨ। ਇਹਨਾਂ ਮੇਜ਼ ਮਿਸਤਰੀਆਂ ਦੇ ਅੱਡੇ ਸਨ ਜਿਥੇ ਉਹ ਇਹਨਾਂ ਚੀਜ਼ਾਂ ਨੂੰ ਜੋੜਦੇ ਤੇ ਹੌਲੀ ਹੌਲੀ ਫਰਨੀਚਰ ਦੀ ਮੁਕੰਮਲ ਸ਼ੈਅ ਤਿਆਰ ਹੋ ਜਾਂਦੀ। ਹਰ ਮੇਜ਼ 'ਤੇ ਲੋੜੀਂਦੇ ਸਮਾਨ ਦੇ ਨਾਲ ਨਾਲ ਤੇਜ਼ ਹਵਾ ਦੇ ਵਹਾਅ ਨਾਲ ਚੱਲਣ ਵਾਲੀ ਮਸ਼ੀਨ ਲਗੀ ਸੀ ਜਿਸ ਨਾਲ ਸਕਰਿਊ ਤੇ ਹੋਰ ਨੱਟ-ਬੋਲਟ ਕੱਸੇ ਜਾਂਦੇ। ਹੇਠਲੀ ਮੰਜ਼ਿਲ ਤੋਂ ਵੱਖ ਵੱਖ ਮੇਚਾਂ ਦੇ ਫੱਟੇ ਇਹਨਾਂ ਮੇਜ਼ਾਂ ਤਕ ਪੁੱਜਦੇ ਕਰ ਦਿਤੇ ਜਾਂਦੇ ਸਨ। ਕਿਥੋਂ ਤੇ ਕਿਵੇਂ ਕਿਸੇ ਫੱਟੇ ਨੂੰ ਜੋੜਨਾ ਹੈ ਇਸ ਦੇ ਨਿਸ਼ਾਨ ਲਗੇ ਹੋਏ ਹੁੰਦੇ ਤੇ ਨਾਲ ਹੀ ਡਾਇਗਰਾਮ ਬਣਾ ਕੇ ਵੀ ਦਿਤੀ ਹੁੰਦੀ। ਫੈਕਟਰੀ ਦੇ ਫੋਰਮੈਨ ਜਿੱਮੀ ਨੇ ਮੋਟੇ ਤੌਰ ਤੇ ਸਮਝਾ ਦਿਤਾ ਸੀ ਕਿ ਕੁਝ ਫੱਟਿਆਂ ਉਪਰ ਫੀਮੇਲ-ਪਲੱਗ ਕੱਸਣੇ ਹੁੰਦੇ ਹਨ ਤੇ ਕੁਝ ਉਪਰ ਮੇਲ-ਪਲੱਗ ਤੇ ਬਾਅਦ ਵਿਚ ਮੇਲ-ਪਲੱਗਾਂ ਨੂੰ ਫੀਮੇਲ-ਪਲੱਗਾਂ ਵਿਚ ਫਸਾ ਕੇ ਫੱਟੇ ਜੋੜ ਦੇਣੇ ਹੁੰਦੇ ਹਨ। ਇਸ ਤਰ੍ਹਾਂ ਅਗੇ ਤੋਂ ਅਗੇ ਯੂਨਿਟ ਨੇ ਜੁੜਦੀ ਜਾਣਾ ਹੁੰਦਾ ਹੈ। ਕੰਮ ਸੌਖਾ ਹੀ ਸੀ। ਜੇ ਕੁਝ ਉਸ ਨੂੰ ਠੀਕ ਨਹੀਂ ਸੀ ਲਗ ਰਿਹਾ ਤਾਂ ਉਹ ਸੀ ਕੰਮ ਸਿਖਾ ਰਿਹਾ ਫੋਰਮੈਨ ਜਿੱਮੀ। ਉਹ ਕੰਮ ਘੱਟ ਸਿਖਾ

ਰਿਹਾ ਸੀ ਤੇ ਦਬਕੇ ਜ਼ਿਆਦਾ ਮਾਰ ਰਿਹਾ ਸੀ। ਮੋਟੇ ਤੌਰ ਤੇ ਕੰਮ ਦਸ ਕੇ ਉਹ ਗੁਲਵੰਤ ਕੋਲ ਇਕ ਪੰਜਾਬੀ ਮੁੰਡਾ ਛੱਡ ਗਿਆ ਤਾਂ ਜੋ ਉਸ ਨੂੰ ਇਹ ਕੰਮ ਚੰਗੀ ਤਰ੍ਹਾਂ ਸਿਖਾ ਸਕੇ। ਫੈਕਟਰੀ ਵਿਚ ਚਾਲੀ ਕੁ ਬੰਦੇ ਸਨ; ਹਰ ਨਸਲ ਦੇ ਬੰਦੇ। ਚਾਰ ਕੁ ਅੱਧਖੜ ਉਮਰ ਦੀਆਂ ਗੋਰੀਆਂ ਵੀ ਸਨ।

ਫੋਰਮੈਨ ਦੇ ਜਾਣ ਤੋਂ ਬਾਅਦ ਪੰਜਾਬੀ ਮੁੰਡਾ ਉਸ ਨੂੰ ਕੰਮ ਬਾਰੇ ਦਸਦਾ ਕਹਿਣ ਲਗਿਆ,

"ਇਹ ਜ਼ਰਾ ਕੱਬਾ ਐ ਪਰ ਜੇ ਤੁਸੀਂ ਆਪਣਾ ਕੰਮ ਧਿਆਨ ਨਾਲ਼ ਕਰੀ ਜਾਵੋ ਤਾਂ ਕੁਝ ਨਹੀਂ ਕਹਿੰਦਾ, ...ਮੈਂ ਸਮਝ ਗਿਆਂ ਤੂੰ ਨਵਾਂ ਨਵਾਂ ਇੰਡੀਆ ਤੋਂ ਆਇਐਂ ਪਰ ਘਬਰਾਉਣ ਦੀ ਲੋੜ ਨਹੀਂ।"

"ਮੇਰਾ ਨਾਂ ਗੁਲਵੰਤ ਐ।"

"ਮੈਨੂੰ ਪਤਾ, ਜਿੱਮੀ ਤੇਰੇ ਨਾਂ ਦੀ ਚਿੱਟ ਮੈਨੂੰ ਦੇ ਗਿਆ ਸੀ, ਮੇਰਾ ਨਾਂ ਬੰਤਾ ਸਿੰਘ ਐ।"

"ਭਾਜੀ, ਬਹੁਤ ਪੁਰਾਣਾ ਨਾਂ ਐ। ਕੋਈ ਇਹ ਨਾਂ ਸੁਣੇ ਤਾਂ ਸੋਚੇ ਕਿ ਸੱਤਰ ਸਾਲ ਦਾ ਕੋਈ ਬੁੱਢਾ ਹੋਏਗਾ।"

"ਓ, ਏਹਦੇ ਪਿੱਛੇ ਵੀ ਇਕ ਕਹਾਣੀ ਆਂ, ਮੇਰੇ ਬਾਬੇ ਨੇ ਇਹ ਨਾਂ ਰੱਖਿਆ, ਮੇਰੇ ਬਾਬੇ ਦਾ ਇਕ ਭਰਾ ਸੀ ਬੰਤਾ, ਉਹਦੇ ਨਾਲ ਉਹਦਾ ਬਹੁਤ ਪਿਆਰ ਸੀ, ਜਦੋਂ ਮੈਂ ਜੰਮਿਆਂ ਉਦੋਂ ਹੀ ਬੰਤਾ ਮਰਿਆ। ਬਾਬੇ ਨੇ ਇਹੋ ਨਾਂ ਮੇਰਾ ਰੱਖ ਦਿਤਾ। ਮੇਰੀ ਮਾਂ ਬਥੇਰਾ ਲੜੀ ਪਰ ਬੁੜ੍ਹੀਆਂ ਦੀ ਕੌਣ ਸੁਣਦਾ।"

ਏਅਰ ਪਰੈੱਸ਼ਰ ਵਾਲੀ ਮਸ਼ੀਨ ਚਲਾਉਂਦਾ ਬੰਦਾ ਸਿੰਘ ਦੱਸ ਰਿਹਾ ਸੀ। ਫਿਰ ਉਹ ਗੁਲਵੰਤ ਬਾਰੇ ਪੁੱਛਣ ਲਗਿਆ। ਗੁਲਵੰਤ ਦੱਸ ਬੈਠਾ ਕਿ ਉਹ ਕਾਲਜ ਦੀ ਪਰੋਫੈਸਰੀ ਛੱਡ ਕੇ ਆਇਆ ਹੈ। ਬੰਤਾ ਸਿੰਘ ਲੰਮਾ ਹੌਂਕਾ ਲੈਂਦਾ ਬੋਲਿਆ,

"ਗਰੀਬੀ ਬਹੁਤ ਬੁਰੀ ਚੀਜ਼ ਐ। ...ਵਜ਼ੀਫੇ ਦੇ ਸਿਰ 'ਤੇ ਮੈਂ ਇੰਜਨੀਅਰਿੰਗ ਕਾਲਜ ਪੜ੍ਹਦਾ ਸੀ, ਸੋਚਿਆ ਸੀ ਕਿ ਹੌਲੀ ਹੌਲੀ ਕੰਢੇ ਲਗ ਹੀ ਜਾਊਂ ਪਰ ਵਿਚਾਲ਼ੇ ਆਹ ਰਿਸ਼ਤਾ ਹੋ ਗਿਆ। ...ਸਾਰੇ ਡਰੀਮ ਧਰੇ ਧਰਾਏ ਰਹਿ ਗਏ, ...ਘਰ ਦੀ ਗਰੀਬੀ ਤੋੜਨ ਖਾਤਰ ਮੈਂ ਪੜ੍ਹਾਈ ਨਾਲ਼ੋ ਇੰਗਲੈਂਡ ਨੂੰ ਤਰਜੀਹ ਦਿਤੀ, ਹਾਏ ਨੀਂ ਕਿਸਮਤ!"

ਉਸ ਦੀ ਗੱਲ ਸੁਣ ਕੇ ਗੁਲਵੰਤ ਨੂੰ ਅਪਰਾਧ-ਭਾਵਨਾ ਮਹਿਸੂਸ ਹੋਣ ਲਗੀ। ਉਹ ਤਾਂ ਕੰਢੇ ਵੀ ਲਗ ਗਿਆ ਸੀ, ਗਰੀਬੀ ਵੀ ਨਹੀਂ ਸੀ ਤੇ ਫਿਰ ਵੀ ਇੰਗਲੈਂਡ ਆ ਕੇ ਮਜ਼ਦੂਰੀ ਕਰਨ ਲਗਿਆ। ਅਗਲੇ ਹੀ ਪਲ ਉਹ ਦਿਲ ਨੂੰ ਤਸੱਲੀ ਦਿੰਦਾ ਸੋਚਣ ਲਗਿਆ ਕਿ ਜੇ ਉਹ ਇੰਗਲੈਂਡ ਨਾ ਆਉਂਦਾ ਤਾਂ ਸੁਰਿੰਦਰ ਵਰਗੀ ਪਤਨੀ ਕਿਥੋਂ ਮਿਲਣੀ ਸੀ। ਬੰਤਾ ਜਿਵੇਂ ਉਸ ਦੇ ਦਿਲ ਦੀ ਗੱਲ ਸਮਝ ਰਿਹਾ ਹੋਵੇ, ਪੁੱਛਣ ਲਗਿਆ,

"ਵਾਈਫ ਕਿੱਦਾਂ..? ...ਬਿਊਟੀਫੁੱਲ ਐ?...ਹਮਉਮਰ ਐ? ...ਖੁਸ਼ ਐਂ?"

"ਹਾਂ ਭਾਜੀ, ਬਹੁਤ ਖੁਸ਼, ਸੂਰਤ ਵੀ ਤੇ ਸੀਰਤ ਵੀ, ਮੁਕੰਮਲ!"

"ਬਹੁਤ ਲੱਕੀ ਐਂ ਯਾਰ, ਮੇਰੀ ਵਾਈਫ ਤਾਂ ਮੇਰੇ ਤੋਂ ਪੰਦਰਾਂ ਸਾਲ ਵੱਡੀ ਐ। ਸਾਡਾ ਕੋਈ ਮੇਲ਼ ਨਹੀਂ। ਮੈਨੂੰ ਬਸ, ਇੰਗਲੈਂਡ ਚਾਹੀਦੀ ਸੀ ਤੇ ਉਹਨੂੰ ਦੁਨੀਆਂ ਨੂੰ ਦਿਖਾਉਣ ਲਈ ਹਸਬੈਂਡ। ਛੋਟੇ ਭਾਈ, ਪਿਛਲੇ ਦੋ ਸਾਲਾਂ ਵਿਚ ਮੈਂ ਘਰ ਦੀ ਗਰੀਬੀ ਤਾਂ ਤੋੜ ਦਿਤੀ ਪਰ ਨਾਲ ਦੀ ਨਾਲ ਆਪ ਵੀ ਟੁਟਿਆ ਪਿਆਂ। ਮੇਰੀ ਵਾਈਫ ਦੀ ਪਹਿਲੇ ਵਿਆਹ ਤੋਂ ਪੰਦਰਾਂ ਸਾਲ ਦੀ ਕੁੜੀ ਵੀ ਐ।"

"ਤੇ ਤੇਰਾ ਕੋਈ ਬੱਚਾ?"

"ਬੱਚੇ ਦੀ ਉਮਰ ਤੋਂ ਹੁਣ ਇਹ ਚੜ੍ਹੀ ਹੋਈ ਐ"

"ਸੌਰੀ ਭਾਜੀ, ਇਹ ਤਾਂ ਜ਼ਰਾ ਟੇਡੀ ਪਰੌਬਲਮ ਐ।"

"ਬੱਚੇ ਦੀ ਵੀ ਵੱਡੀ ਪਰੌਬਲਮ ਨਹੀਂ ਪਰ ਏਜ ਗੈਪ ਹੋਣ ਕਰਕੇ ਪੰਜਾਹ ਹੋਰ ਪਰੌਬਲਮਾਂ ਹੈਗੀਆਂ।"

ਗੁਲਵੰਤ ਨੂੰ ਉਸ ਨਾਲ ਹਮਦਰਦੀ ਹੋ ਆਈ। ਉਹ ਹੈਰਾਨ ਵੀ ਸੀ ਕਿ ਭਾਵੁਕ ਹੋ ਕੇ ਬੰਦਾ ਇੰਨੀ ਜਲਦੀ ਮਨ ਦੀਆਂ ਤੈਹਾਂ ਖੋਹਲਣ ਲਗ ਪੈਂਦਾ ਹੈ। ਇਵੇਂ ਗੱਲਾਂ ਕਰਦਾ ਬੰਤਾ ਉਸ ਦਾ ਦੋਸਤ ਬਣ ਗਿਆ।

ਬੰਤਾ ਦੋਸਤ ਤਾਂ ਬਣ ਗਿਆ ਪਰ ਉਸ ਨੇ ਅਗਲੇ ਦਿਨ ਹੀ ਏਸ਼ੀਅਨ ਲੋਕਾਂ ਵਿਚ ਇਹ ਖਬਰ ਫੈਲਾ ਦਿਤੀ ਕਿ ਉਸ ਨਾਲ ਕੰਮ ਕਰਦਾ ਮੁੰਡਾ ਇੰਡੀਆ ਤੋਂ ਪਰੋਫੈਸਰੀ ਛੱਡ ਕੇ ਆਇਆ ਹੈ। ਦੂਜੇ ਦਿਨ ਹੀ ਫੋਰਮੈਨ ਜਿੱਮੀ ਤੋਂ ਬਚਦਾ ਬਚਾਉਂਦਾ ਸੰਘਣੀਆਂ ਮੁੱਛਾਂ ਤੇ ਪਤਲੇ ਚਿਹਰੇ ਵਾਲਾ ਪਾਕਿਸਤਾਨੀ ਜਵੈਰ ਸ਼ਾਹ ਉਸ ਕੋਲ ਆਇਆ ਤੇ ਹੌਲੇ ਜਿਹੇ ਬੋਲਿਆ,

"ਬਾਦਸ਼ਾਹੋ, ਇਹ ਕੰਮ ਤਾਂ ਸਾਡੇ ਅਨਪੜ੍ਹਾਂ ਲਈ ਹੋਸਣ, ਤੁਹਾਂ ਕੀ ਲੈਣਾਂ ਏਸ ਮਜ਼ਦੂਰੀ ਤੋਂ, ਜਾ ਕੇ ਕੋਈ ਉਚ ਪਾਏ ਦਾ ਕੰਮ ਢੂੰਡ ਸੋ ਜਾਂ ਅਗੇ ਪੜ੍ਹਾਈ ਕਰ ਸੋ।"

ਗੁਲਵੰਤ ਦੇ ਹੌਂਸਲੇ ਨੂੰ ਜਿਵੇਂ ਵੱਡੀ ਸੱਟ ਆ ਵੱਜੀ। ਮਜ਼ਦੂਰੀ ਕਰਨ ਲਈ ਤਾਂ ਉਹ ਇੰਡੀਆ ਤੋਂ ਹੀ ਮਨ ਬਣਾ ਕੇ ਆਇਆ ਹੋਇਆ ਸੀ ਪਰ ਹੁਣ ਉਸ ਦਾ ਸਰੀਰ ਹੁੱਸਣ ਲਗ ਪਿਆ। ਉਸ ਨੂੰ ਜਾਪ ਰਿਹਾ ਸੀ ਕਿ ਹਰ ਕੋਈ ਉਸੇ ਵਲ ਹੀ ਦੇਖ ਰਿਹਾ ਹੈ ਤੇ ਉਸ ਉਪਰ ਹੱਸ ਰਿਹਾ ਹੈ ਕਿ ਇਕ ਪਰੋਫੈਸਰ ਮਜ਼ਦੂਰੀ ਬਣਿਆਂ ਬੈਠਾ ਹੈ। ਅਹਿਸਾਸੇ-ਕਮਤਰੀ ਉਸ ਉਪਰ ਹਾਵੀ ਹੋਣ ਲਗੀ। ਜਿਵੇਂ ਉਸ ਨੇ ਇੰਡੀਆ ਤੋਂ ਤੁਰਨ ਵੇਲੇ ਸੋਚਿਆ ਸੀ ਕਿ ਆਪਣੇ ਅੰਦਰਲਾ ਪਰੋਫੈਸਰ ਉਹ ਇਥੇ ਹੀ ਛੱਡ ਜਾਵੇਗਾ,

www.PunjabiLibrary.com

ਇਵੇਂ ਕਰ ਨਾ ਸਕਿਆ। ਸਗੋਂ ਅੰਦਰਲਾ ਪਰੋਫੈਸਰ ਤਾ ਉਸ ਦੇ ਘਨ੍ਹੇੜੇ ਚੜ੍ਹਿਆ ਬੈਠਾ ਸੀ। ਉਸ ਨੇ ਬਹੁਤ ਹੀ ਮੁਸ਼ਕਲ ਨਾਲ ਦਿਨ ਪੂਰਾ ਕੀਤਾ।

ਘਰ ਆ ਕੇ ਉਸ ਨੇ ਸੁਰਿੰਦਰ ਨਾਲ ਕੋਈ ਗੱਲ ਨਾ ਕੀਤੀ ਤੇ ਨਾ ਹੀ ਸਤਨਾਮੀ ਤੇ ਸਰੂਪ ਨਾਲ। ਉਹ ਇਕੱਲਾ ਹੀ ਆਪਣੇ ਆਪ ਨਾਲ ਜੂਝਦਾ ਰਿਹਾ ਤੇ ਸੋਚਦਾ ਰਿਹਾ ਕਿ ਇੰਗਲੈਂਡ ਆ ਕੇ ਉਸ ਨੇ ਕੋਈ ਗਲਤੀ ਤਾਂ ਨਹੀਂ ਕੀਤੀ। ਉਸ ਨੇ ਸੁਰਿੰਦਰ ਨੂੰ ਪੁੱਛਿਆ,

"ਜੇ ਮੈਂ ਚਾਹਾਂ ਕਿ ਵਾਪਸ ਇੰਡੀਆ ਚੱਲੀਏ ਤੇ ਉਥੇ ਈ ਰਹੀਏ ਤਾਂ ਚੱਲੇਂਗੀ?"

"ਕਿਉਂ ਨਹੀਂ, ਜਿਥੇ ਤੁਸੀਂ ਉਥੇ ਮੈਂ। ...ਡੈਡੀ ਤਾਂ ਪਹਿਲਾਂ ਈ ਕਹਿੰਦੇ ਸੀ ਕਿ ਜੇ ਤੁਸੀਂ ਇੰਡੀਆ ਜਾ ਕੇ ਰਹੋਂ ਤਾ ਲਾਈਫ ਵਧੀਆ ਰਹੇਗੀ, ਨੌਕਰ-ਚਾਕਰ ਹੋਣਗੇ।"

ਗੁਲਵੰਤ ਨੇ ਪਤਨੀ ਨੂੰ ਬਾਹਾਂ ਵਿਚ ਘੁੱਟ ਲਿਆ। ਉਸ ਦੀ ਪਰੋਫੈਸਰੀ ਦੀ ਤਨਖਾਹ ਠੀਕ ਸੀ, ਰੁਤਬਾ ਵੀ ਸੀ ਪਰ ਭਵਿੱਖ ਕੋਈ ਨਹੀਂ ਸੀ। ਜ਼ਮੀਨ ਤਾਂ ਉਹਦੇ ਹਿੱਸੇ ਬਹੁਤ ਥੋੜੀ ਆਉਣੀ ਸੀ। ਘਰ ਦੀ ਵੰਡ-ਵੰਡਾਈ ਵੇਲੇ ਵੀ ਕੁਝ ਖਣ ਹੀ ਉਸ ਦੇ ਪੱਲੇ ਪੈਂਦੇ। ਪਰੋਫੈਸਰੀ ਵਿਚੋਂ ਨਾ ਤਾਂ ਉਹ ਆਪਣਾ ਘਰ ਬਣਾ ਸਕਦਾ ਤੇ ਨਾ ਹੀ ਜ਼ਿੰਦਗੀ ਦੀਆ ਹੋਰ ਸਹੂਲਤਾਂ ਹਾਸਲ ਕਰ ਸਕਦਾ ਸੀ। ਇਥੇ ਆਉਂਦਿਆਂ ਹੀ ਸਰੂਪ ਘਰ ਲੈਣ ਦੀਆਂ ਗੱਲਾਂ ਕਰਨ ਲਗਿਆ ਸੀ ਤੇ ਸੁਰਿੰਦਰ ਕਾਰ ਲੈਣ ਬਾਰੇ ਸੋਚ ਰਹੀ ਸੀ। ਇੰਡੀਆ ਵਿਚ ਇਹ ਸੁਫਨੇ ਕਿਵੇਂ ਪੂਰੇ ਹੁੰਦੇ। ਵਧੀਆ ਜ਼ਿੰਦਗੀ ਲਈ ਉਹ ਕੋਈ ਵੀ ਕੰਮ ਕਰ ਸਕਦਾ ਸੀ; ਪਰੋਫੈਸਰੀ ਹੋਵੇ ਜਾਂ ਕਿਸੇ ਫੈਕਟਰੀ ਵਿਚ ਮਜ਼ਦੂਰੀ। ਉਹ ਹੌਂਸਲਾ ਕਰਕੇ ਅਗਲੇ ਦਿਨ ਕੰਮ 'ਤੇ ਚਲੇ ਗਿਆ। ਅਜ ਕੱਲ ਨਾਲੋਂ ਕੁਝ ਵਧੀਆ ਮਹਿਸੂਸ ਕਰ ਰਿਹਾ ਸੀ। ਦੁਪਿਹਰ ਦੀ ਬ੍ਰੇਕ ਹੋਈ ਤਾਂ ਇਕ ਮੁੰਡਾ ਜਿਹਾ ਆ ਕੇ ਉਸ ਦੇ ਪੈਰੀਂ ਹੱਥ ਲਾ ਕੇ ਬੋਲਿਆ,

"ਸਰ ਜੀ, ਤੁਸੀਂ ਇਥੇ ਕਿਥੇ?"

ਗੁਲਵੰਤ ਨੇ ਉਸ ਵਲ ਦੇਖਿਆ ਤੇ ਸੋਚਣ ਲਗਿਆ ਕਿ ਕੀ ਜਵਾਬ ਦੇਵੇ। ਉਹ ਮੁੰਡਾ ਫਿਰ ਕਹਿਣ ਲਗਿਆ,

"ਸਰ ਜੀ, ਇਹ ਤਾਂ ਸਾਡੇ ਵਰਗੇ ਨਿਕੰਮੇ ਸਟੂਡੈਂਟਾਂ ਲਈ ਐ, ਜੇ ਨਾ ਇੰਗਲੈਂਡ ਰਿਸ਼ਤਾ ਨਾ ਹੁੰਦਾ ਤਾਂ ਕਿਤੇ ਰਿਕਸ਼ਾ ਚਲਾਉਂਦੇ ਹੋਣਾ ਸੀ ਪਰ ਸਰ ਜੀ, ਤੁਸੀਂ ਤਾਂ...।"

ਇਸ ਤੋਂ ਅਗੇ ਉਸ ਦੀ ਕੋਈ ਵੀ ਗੱਲ ਗੁਲਵੰਤ ਨੂੰ ਨਾ ਸੁਣੀ। ਕੰਮ ਨੂੰ ਲਗਿਆ ਤਾਂ ਉਸ ਤੋਂ ਏਅਰ ਪਰੈੱਸ਼ਰ ਵਾਲੀ ਮਸ਼ੀਨ ਚੰਗੀ ਤਰ੍ਹਾਂ ਨਹੀਂ ਸੀ ਚੱਲ ਰਹੀ। ਫੋਰਮੈਨ ਜ਼ਿੰਮੀ ਦੂਰ ਖੜਾ ਉਸ ਨੂੰ ਅੱਖਾਂ ਕੱਢ ਰਿਹਾ ਸੀ। ਉਸ ਨੇ ਜਿਵੇਂ-ਕਿਵੇਂ ਦਿਨ ਪੂਰਾ ਕੀਤਾ। ਅਗਲੇ ਦਿਨ ਉਹ ਕੰਮ 'ਤੇ ਨਾ ਗਿਆ।

ਦੋ ਕੁ ਦਿਨ ਬਾਅਦ ਹੀ ਉਸ ਨੂੰ ਇਕ ਫੈਕਟਰੀ ਵਿਚ ਫੋਰਕ ਲਿਫਟ ਚਲਾਉਣ ਦੀ ਨੌਕਰੀ ਮਿਲ ਗਈ। ਉਸ ਨੇ ਪਹਿਲਾਂ ਹੀ ਸੋਚ ਲਿਆ ਸੀ ਕਿ ਆਪਣੀ ਪੜ੍ਹਾਈ ਦੀ ਗੱਲ ਕਿਸੇ ਨਾਲ ਨਹੀਂ ਕਰੇਗਾ। ਉਹ ਆਪਣੇ ਆਪ ਨੂੰ ਖੇਤੀ ਛੱਡ ਕੇ ਆਇਆ ਹੀ ਦੱਸੇਗਾ। ਨਵੀਂ ਜਗਾਹ ਆ ਕੇ ਉਸ ਨੂੰ ਕੁਝ ਵੀ ਦੱਸਣ ਦੀ ਲੋੜ ਨਾ ਪਈ। ਇਸ ਫੈਕਟਰੀ ਵਿਚ ਇਕ ਪੰਜਾਬੀ ਮੁੰਡਾ, ਇਕ ਗੁਜਰਾਤੀ, ਦੋ ਕਾਲੇ ਤੇ ਬਾਕੀ ਸਭ ਗੋਰੇ ਸਨ। ਉਹ ਆਪਣਾ ਬਹੁਤਾ ਸਮਾਂ ਗੋਰਿਆਂ ਨਾਲ ਗੱਲਾਂ ਕਰਦਾ ਹੀ ਬਿਤਾਉਂਦਾ। ਇਸ ਤਰ੍ਹਾਂ ਉਸ ਦੀ ਅੰਗਰੇਜ਼ੀ ਦੀ ਮਸ਼ਕ ਵੀ ਹੁੰਦੀ ਰਹਿੰਦੀ। ਅੰਗਰੇਜ਼ੀ ਹੁਣ ਉਹ ਸਮਝਣ ਲਗਿਆ ਸੀ। ਥੋੜੇ ਕੁ ਸਥਾਨਕ ਸ਼ਬਦ ਜਾਂ ਸਲੈਂਗ ਬੋਲੀ ਦੇ ਸ਼ਬਦ ਹਾਲੇ ਪੱਲੇ ਨਹੀਂ ਸਨ ਪੈਂਦੇ। ਇੰਡੀਅਨ ਮੁੰਡਿਆਂ ਨਾਲ ਗੱਲਾਂ ਕਰਨੀਆਂ ਉਸ ਨੂੰ ਬਹੁਤਾ ਚੰਗਾ ਵੀ ਨਹੀਂ ਸੀ ਲਗਦਾ, ਉਹ ਹਰ ਵੇਲੇ ਫਿਲਮਾਂ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਸਨ। ਉਹ ਪੂਰੇ ਧਿਆਨ ਨਾਲ ਕੰਮ ਕਰਦਾ ਤੇ ਜਲਦੀ ਹੀ ਵਧੀਆ ਕਾਮਾ ਮੰਨਿਆਂ ਜਾਣ ਲਗਿਆ।

ਇਸ ਫੈਕਟਰੀ ਵਿਚ ਆ ਕੇ ਮਜ਼ਦੂਰੀ ਵਾਲਾ ਕਿੱਤਾ ਮਾਣ ਭਰਿਆ ਜਾਪਣ ਲਗਿਆ। ਉਸ ਦਾ ਯਕੀਨ ਕਿ ਕੋਈ ਵੀ ਕੰਮ ਬੁਰਾ ਨਹੀਂ ਹੁੰਦਾ ਹੋਰ ਵੀ ਪੱਕਾ ਹੋ ਗਿਆ। ਇਕ ਨਿੱਕੀ ਜਿਹੀ ਘਟਨਾ ਨੇ ਉਸ ਦੇ ਇਸ ਵਿਸ਼ਵਾਸ ਨੂੰ ਬਹੁਤ ਹੀ ਬੱਲ ਦਿਤਾ। ਹੋਇਆ ਇਵੇਂ ਕਿ ਜਦ ਉਸ ਨੂੰ ਭਰਤੀ ਕੀਤਾ ਗਿਆ ਸੀ ਤਾਂ ਉਸ ਦਾ ਕੰਮ ਫੋਰਕ ਲਿਫਟ ਚਲਾਉਣਾ ਸੀ। ਫੈਕਟਰੀ ਵਿਚ ਪੰਦਰਾਂ ਕੁ ਬੰਦੇ ਫਲੋਰ ਤੇ ਕੰਮ ਕਰਦੇ ਸਨ ਤੇ ਪੰਜ ਕੁ ਉਪਰ ਦਫਤਰ ਵਿਚ। ਛੋਟੀ ਜਿਹੀ ਫੈਕਟਰੀ ਸੀ। ਇਸ ਦਾ ਮਾਲਕ ਤੇ ਉਸ ਦੀ ਪਤਨੀ ਵੀ ਦਫਤਰ ਵਿਚ ਹੀ ਹੁੰਦੇ ਸਨ। ਇਥੇ ਸੋਫਿਆਂ ਵਿਚ ਪੈਣ ਵਾਲਾ ਰੂੰਅ ਵਰਗਾ ਸਮਾਨ ਤਿਆਰ ਹੁੰਦਾ ਸੀ। ਕਈ ਵਾਰ ਅਜਿਹਾ ਹੁੰਦਾ ਕਿ ਪਿਛਿਓਂ ਮਾਲ ਨਾ ਆਉਂਦਾ ਤਾ ਸਭ ਨੂੰ ਵਿਹਲੇ ਬੈਠਣਾ ਪੈਂਦਾ। ਅਜਿਹੇ ਸਮੇਂ ਫੋਰਮੈਨ, ਚਾਰਜਹੈਂਡ, ਫੈਕਟਰੀ ਦਾ ਮਾਲਕ ਤੇ ਉਸ ਦੀ ਪਤਨੀ ਵੀ ਬੁਰਸ਼ ਚੁੱਕ ਲੈਂਦੇ ਤੇ ਫੈਕਟਰੀ ਦੀ ਸਫਾਈ ਕਰਨ ਲਗਦੇ। ਅੰਦਰ ਵੀ ਤੇ ਬਾਹਰ ਵੀ ਬਰੂਮ ਮਾਰ ਦਿੰਦੇ। ਜਾਂ ਫਿਰ ਮਸ਼ੀਨਾਂ ਵਾਲੀ ਸ਼ੈੱਡ ਸੋਧਣ ਲਗਦੇ। ਅਜਿਹੇ ਸਮੇਂ ਕੋਈ ਕਿਸੇ ਨੂੰ ਕਹਿੰਦਾ ਨਹੀਂ ਸੀ ਕਿ ਆਓ ਕੰਮ ਨੂੰ ਲਗੋ ਪਰ ਦੇਖੋ ਦੇਖੀ ਸਭ ਜਾ ਲਗਦੇ। ਗੁਲਵੰਤ ਤੇ ਇਕ ਹੋਰ ਕਾਮਾ ਇਕ ਪਾਸੇ ਖੜੇ ਰਹਿੰਦੇ। ਗੁਲਵੰਤ ਦੇ ਮਨ ਵਿਚ ਹਾਲੇ ਵੀ ਕਿਧਰੇ ਬੈਠਾ ਸੀ ਕਿ ਇਹ ਭੰਗੀਆਂ ਵਾਲਾ ਕੰਮ ਹੈ ਪਰ ਜਦ ਉਹ ਫੈਕਟਰੀ ਦੇ ਮਾਲਕ ਨੂੰ ਬਰਾਬਰ ਕੰਮ ਕਰਦੇ ਦੇਖਦਾ ਤਾਂ ਉਸ ਨੂੰ ਖੁਸ਼ੀ ਵੀ ਹੁੰਦੀ।

ਇਕ ਦਿਨ ਫੈਕਟਰੀ ਦੀ ਟੁਆਇਲਟ ਗੰਦੀ ਸੀ ਪਿਛਿਓਂ ਮਾਲ ਨਾ ਆਉਣ ਕਰਕੇ ਮਸ਼ੀਨਾਂ ਖੜੀਆਂ ਸਨ। ਚਾਰਜਹੈਂਡ ਮਾਈਕਲ ਗੁਲਵੰਤ ਨੂੰ ਬੁਲਾ ਕੇ ਟੁਆਇਲਟ ਵਿਚ ਲੈ ਗਿਆ ਤੇ ਇਕ ਬੁਰਸ਼ ਦਿੰਦਾ ਬੋਲਿਆ,
"ਆਹ ਲੈ ਫੜ, ਟੁਆਇਲਟ ਚੰਗੀ ਤਰ੍ਹਾਂ ਸਾਫ ਕਰਦੇ।"
"ਮਾਈਕਲ, ਮੈਂ ਨਹੀਂ ਕਰਨੀ।"
"ਕਿਉਂ ਨਹੀਂ ਕਰਨੀ? ...ਤਨਖਾਹ ਨਹੀਂ ਲੈਂਦਾ?"
"ਲੈਂਦਾ ਹਾਂ ਪਰ ਮੇਰਾ ਕੰਮ ਫੋਰਕ ਲਿਫਟ ਚਲਾਉਣਾ ਐ ਨਾ ਕਿ ਟੁਆਇਲਟ ਸਾਫ ਕਰਨਾ।"

ਇਸੇ ਗੱਲ 'ਤੇ ਉਹਨਾਂ ਦੋਨਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋ ਗਈ। ਆਵਾਜ਼ਾਂ ਸੁਣ ਕੇ ਫੈਕਟਰੀ ਦਾ ਮਾਲਕ ਉਧਰ ਆ ਗਿਆ। ਉਸ ਨੇ ਪੁੱਛਿਆ,
"ਮਾਈਕਲ, ਕੀ ਗੱਲ ਹੋ ਗਈ?"
"ਕੁਝ ਨਹੀਂ ਟੈਰੀ, ਮੈਂ ਇਹਨੂੰ ਕਿਹਾ ਕਿ ਟੁਆਇਲਟ ਸਾਫ ਕਰਦੇ, ਇਹ ਸਾਫ ਨਾਂਹ ਕਰ ਰਿਹਾ।"
"ਬਸ, ਏਨੀ ਕੁ ਗੱਲ 'ਤੇ ਝਗੜ ਰਹੇ ਓ! ...ਮਾਈਕਲ, ਲਿਆ ਇਧਰ ਬੁਰਸ਼।"

ਉਸ ਨੇ ਬੁਰਸ਼ ਫੜਿਆ, ਬਲੀਚ ਵਾਲੀ ਬੋਤਲ ਟੁਆਇਲਟ ਵਿਚ ਉਲਟਾਈ ਤੇ ਇਸ ਵਿਚ ਬੁਰਸ਼ ਘੁੰਮਾਉਂਦਾ ਸਾਫ ਕਰਨ ਲਗਿਆ। ਚਾਰਜਹੈਂਡ ਦੂਜੇ ਪਾਸੇ ਕੰਮ ਤੇ ਚਲੇ ਗਿਆ। ਗੁਲਵੰਤ ਉਥੇ ਹੀ ਖੜਾ ਮਾਲਕ ਵਲ ਦੇਖਦਾ ਜਾ ਰਿਹਾ ਸੀ। ਮਾਲਕ ਨੇ ਆਪਣਾ ਕੰਮ ਖਤਮ ਕੀਤਾ ਤੇ ਗੁਲਵੰਤ ਵਲ ਦੇਖ ਕੇ ਮੁਸਕ੍ਰਾਉਂਦਾ ਹੋਇਆ ਕਹਿਣ ਲਗਿਆ,
"ਬਸ ਏਨਾ ਈ ਕੰਮ ਸੀ, ...ਤੁਸੀਂ ਤਾਂ ਐਵੇਂ ਹੀ ਬਹਿਸੀ ਜਾਂਦੇ ਸਾਓ।"

ਕਹਿੰਦਾ ਮਾਲਕ ਚਲੇ ਗਿਆ ਪਰ ਗੁਲਵੰਤ ਠਗਿਆ ਹੋਇਆ ਉਥੇ ਹੀ ਖੜਾ ਟੁਆਇਲਟ ਵਲ ਦੇਖੀ ਜਾ ਰਿਹਾ ਸੀ।

ਸਰੂਪ ਦੁਕਾਨ ਵਿਚ ਹੱਦੋਂ ਵੱਧ ਰੁਝ ਗਿਆ। ਕਿਸੇ ਨੂੰ ਮਿਲਣ ਜਾਣ ਦਾ ਵਕਤ ਤਾਂ ਉਸ ਕੋਲ ਹੈ ਹੀ ਨਹੀਂ ਸੀ, ਆਏ ਗਏ ਵਲ ਵੀ ਪੂਰਾ ਧਿਆਨ ਨਾ ਦੇ ਹੁੰਦਾ। ਤੜਕਸਾਰ ਤੋਂ ਰਾਤ ਤਕ ਬਸ ਚਲੋ ਚੱਲ ਹੀ ਸੀ। ਐਤਵਾਰ ਨੂੰ ਵੀ ਉਸ ਦੁਕਾਨ ਪੂਰਾ ਦਿਨ ਖੋਹਲਦਾ ਸਗੋਂ ਐਤਵਾਰ ਨੂੰ ਉਹ ਜ਼ਿਆਦਾ ਵਿਅਸਤ ਹੁੰਦਾ। ਉਸ ਦਿਨ ਆਲੇ ਦੁਆਲੇ ਦੀਆਂ ਬਹੁਤ ਸਾਰੀਆਂ ਦੁਕਾਨਾਂ ਬੰਦ ਜਿਉਂ ਹੁੰਦੀਆਂ ਸਨ। ਦੁਕਾਨ ਵਿਚ ਉਸ ਨੇ ਇਕ ਬੰਦਾ ਆਪਣੀ ਸਹਾਇਤਾ ਲਈ ਰੱਖ ਲਿਆ ਹੋਇਆ ਸੀ ਜੋ ਕਿ ਸ਼ੈਲਫਾਂ ਉਪਰ ਸਮਾਨ ਭਰਦਾ ਤੇ ਚੋਰੀ ਹੋਣ ਦਾ ਵੀ ਧਿਆਨ ਰੱਖਦਾ। ਸਵੀਟਾਂ-ਚਾਕਲੇਟਾਂ ਨੂੰ ਚੜ੍ਹਦੀ ਉਮਰ ਦੇ ਮੁੰਡੇ ਕੁੜੀਆਂ ਬਹੁਤ ਪੈਂਦੇ ਸਨ, ਮੌਕਾ ਮਿਲਦੇ ਹੀ ਜੇਬ੍ਹ ਵਿਚ ਪਾਉਣ ਦੀ ਕੋਸ਼ਿਸ਼ ਕਰਦੇ। ਉਹਨਾਂ ਦਾ ਧਿਆਨ ਰੱਖਣਾ ਪੈਂਦਾ ਸੀ। ਸਮਾਨ ਜ਼ਿਆਦਾ ਵਿਕਦਾ ਹੋਣ ਕਰਕੇ ਸਰੂਪ ਨੂੰ ਸ਼ੌਪਿੰਗ ਲਈ ਵੀ ਜ਼ਿਆਦਾ ਵਾਰ ਜਾਣਾ ਪੈਂਦਾ। ਬੱਚਿਆਂ ਕਾਰਨ ਸਤਨਾਮੀ ਵੀ ਉਸ ਦੀ ਬਹੁਤੀ ਮੱਦਦ ਨਾ ਕਰ ਸਕਦੀ। ਕਦੇ ਅੜਦੇ-ਥੁੜਦੇ ਨੂੰ ਉਹ ਆ ਵੀ ਜਾਂਦੀ। ਇਸ ਗੱਲ ਤੋਂ ਸਰੂਪ ਬਹੁਤ ਖੁਸ਼ ਸੀ ਕਿ ਸਤਨਾਮੀ ਦੁਕਾਨ ਦੇ ਕੰਮ ਵਿਚ ਬਹੁਤ ਤੇਜ਼ ਸੀ। ਟਿੱਲ ਉਪਰ ਵਧੀਆ ਕੰਮ ਕਰ ਲੈਂਦੀ, ਗਾਹਕਾਂ ਨਾਲ ਗੱਲ-ਬਾਤ ਕਰਨੀ ਵੀ ਉਸ ਨੂੰ ਆ ਗਈ ਸੀ। ਖਾਸ ਤੌਰ ਤੇ ਉਸ ਦੀ ਪਤਨੀ ਹੋਣ ਕਰਕੇ ਗਾਹਕ ਮੁੜ ਮੁੜ ਕੇ ਉਸ ਬਾਰੇ ਪੁੱਛਦੇ ਰਹਿੰਦੇ। ਕਦੇ ਕਦੇ ਗੁਲਵੰਤ ਤੇ ਸੁਰਿੰਦਰ ਵੀ ਦੁਕਾਨ ਵਿਚ ਸਹਾਇਤਾ ਕਰਾ ਦਿੰਦੇ। ਸਰੂਪ ਨੂੰ ਉਹਨਾਂ ਦਾ ਕਾਫੀ ਸਹਾਰਾ ਹੋ ਜਾਂਦਾ ਪਰ ਉਹ ਚਾਹੁੰਦਾ ਸੀ ਕਿ ਉਹ ਘੁੰਮਣ ਫਿਰਨ ਤੇ ਆਪਣੇ ਨਵੇਂ ਵਿਆਹ ਦਾ ਅਨੰਦ ਲੈਣ। ਜਦ ਵੀ ਉਹ ਉਹਨਾਂ ਦੋਨਾਂ ਨੂੰ ਇਕੱਠਿਆਂ ਦੇਖਦਾ ਤਾਂ ਮਨ ਹੀ ਮਨ ਕਹਿੰਦਾ ਕਿ ਜੋੜੀ ਹੋਵੇ ਤਾਂ ਇਹੋ ਜਿਹੀ।

ਗੁਲਵੰਤ ਨੂੰ ਘੁੰਮਣ ਦਾ ਤੇ ਨਵੀਆਂ ਜਗਾਵਾਂ ਦੇਖਣ ਦਾ ਬਹੁਤ ਸ਼ੌਂਕ ਸੀ। ਛੁੱਟੀ ਵਾਲੇ ਦਿਨ ਉਹ ਦੋਵੇਂ ਟਿਊਬ ਫੜ ਕੇ ਕੇਂਦਰੀ ਲੰਡਨ ਜਾ ਪੁੱਜਦੇ। ਕਦੇ ਕਦੇ ਲੇਅਟਨ ਸਟੋਨ ਵੀ ਚਲੇ ਜਾਂਦੇ। ਸੁਰਜਨ ਸਿੰਘ ਉਹਨਾਂ ਵਲ ਦੇਖ ਕੇ ਬਹੁਤ ਖੁਸ਼ ਹੁੰਦਾ। ਉਹ ਗੁਲਵੰਤ ਨੂੰ ਸਲਾਹ ਦੇਣ ਲਗਦਾ ਕਿ ਦੇਖਣ ਲਈ ਕਿਹੜੀ ਜਗਾਹ ਜ਼ਿਆਦਾ ਮਹੱਤਵ ਰੱਖਦੀ ਹੈ। ਗੁਲਵੰਤ ਨੇ ਬਰਤਾਨਵੀ ਇਤਹਾਸ ਪੜ੍ਹਿਆ-ਪੜ੍ਹਾਇਆ ਸੀ। ਇੰਡੀਆ ਤੋਂ ਹੀ ਇਸ ਮੁਲਕ ਬਾਰੇ ਕਾਫੀ ਸਾਰੀ ਜਾਣਕਾਰੀ ਹਾਸਲ ਕਰਕੇ ਆਇਆ ਸੀ। ਉਹ ਕਿੰਨੀ ਕਿੰਨੀ ਦੇਰ ਤਕ ਲੰਡਨ ਬਾਰੇ ਗੱਲਾਂ ਕਰਦੇ ਰਹਿੰਦੇ। ਪਰਕਾਸ਼ ਕੌਰ ਆਖਦੀ,
"ਲਓ ਜੀ, ਰੱਬ ਨੇ ਆਖਰ ਤੁਹਾਡੀ ਸੁਣ ਈ ਲਈ, ਤੁਹਾਨੂੰ ਆਪਣੀ ਮੀਚਾ ਦਾ ਜਵਾਈ ਮਿਲ਼ ਈ ਗਿਆ। ਹੁਣ ਆਪਣੇ ਚਾਅ ਪੂਰੇ ਕਰੀ ਜਾਓ।"

ਸੁਰਜਨ ਸਿੰਘ ਨੇ ਇੰਗਲੈਂਡ ਦੇ ਇਤਹਾਸ ਨੂੰ ਇੰਨੀ ਘੋਖਵੀਂ ਨਜ਼ਰ ਨਾਲ ਨਹੀਂ ਸੀ ਦੇਖਿਆ ਜਿਵੇਂ ਗੁਲਵੰਤ ਦੇਖਣ ਲਗਦਾ। ਕਿਸੇ ਇਤਹਾਸਕ ਘਟਨਾ ਨੂੰ ਲੈ ਕੇ ਉਹ ਕਿੰਨੀ ਦੇਰ ਤਕ ਗੱਲਾਂ ਕਰਦੇ ਰਹਿੰਦੇ। ਇਕ ਦਿਨ ਉਹ ਦੋਵੇਂ ਵਾਟਰਲੂ ਸਟੇਸ਼ਨ ਕੋਲ ਖੜੇ ਸਨ। ਸੁਰਜਨ ਸਿੰਘ ਨੇ ਕਿਹਾ,

www.PunjabiLibrary.com

"ਓਦਾਂ ਤਾਂ ਗੋਰੇ ਇਤਹਾਸ ਨੂੰ ਬਹੁਤ ਸਾਂਭਦੇ ਆ ਪਰ ਨਿਪੋਲੀਅਨ ਨਾਲ ਲੜਾਈਆਂ ਵਾਲੇ ਮੈਦਾਨ ਚੰਗੀ ਤਰ੍ਹਾਂ ਨਹੀਂ ਸਾਂਭੇ ਗਏ, ਸ਼ਾਇਦ ਸ਼ਹਿਰ ਦੇ ਵਿਚਕਾਰ ਪੈਂਦੇ ਹੋਣ ਕਰਕੇ।"

"ਡੈਡੀ, ਸ਼ਾਇਦ ਇਹ ਮੈਦਾਨ ਸਾਂਭਣੇ ਇਹਨਾਂ ਦੇ ਹੱਕ ਵਿਚ ਨਾ ਜਾਂਦੇ ਹੋਣ।"

"ਉਹ ਕਿੱਦਾਂ?"

"ਏਦਾਂ ਕਿ ਇਹ ਇੰਨੇ ਕਮਜ਼ੋਰ ਸੀ ਕਿ ਨਿਪੋਲੀਅਨ ਇਹਨਾਂ ਦੇ ਸ਼ਾਹੀ ਮਹਿਲਾਂ ਦੇ ਦਰਵਾਜ਼ੇ ਤਕ ਆ ਪੁੱਜਿਆ ਸੀ, ...ਏਸ ਸੱਚ ਨੂੰ ਇਹ ਕਿਉਂ ਚੇਤੇ ਰੱਖਣਗੇ, ਜਿਹੜੀ ਲੜਾਈ ਇਹ ਜਿੱਤੇ ਸੀ ਟਰਾਫਲਗਰ ਸੁਕੈਅਰ ਵਾਲੀ ਉਥੇ ਨੈਲਸਨ ਦਾ ਮੌਨੂਮੈਂਟ ਬਣਾ ਵੀ ਦਿਤੈ।"

"ਵੈਸੇ ਗੋਰਿਆਂ ਦੀ ਖਾਸੀਅਤ ਐ ਕਿ ਕਿਸੇ ਗੱਲ ਛੁਪਾਉਂਦੇ ਘੱਟ ਐ।"

"ਡੈਡੀ, ਇਹ ਤਾਂ ਇਕ ਆਈਡੀਅਲਿਸਟਕ ਜਿਹੀ ਸੋਚ ਐ, ਸੱਚ ਨੇ ਤਾਂ ਇਕ ਦਿਨ ਨੰਗਾ ਹੋਣਾਂ ਹੀ ਹੁੰਦਾ। ...ਬਹੁਤੀਆਂ ਹਕੂਮਤਾਂ ਜੰਨਤਾ ਨੂੰ ਓਨਾ ਕੁ ਸੱਚ ਹੀ ਦਿਖਾਉਂਦੀਆਂ ਜਿੰਨਾ ਕੁ ਲੋਕਾਂ ਨੂੰ ਹਜ਼ਮ ਹੋ ਸਕਦਾ ਹੋਵੇ। ਹਿਸਟਰੀ ਕਦੇ ਵੀ ਨਿਰਪੱਖ ਨਹੀਂ ਹੁੰਦੀ। ਹਿਸਟੋਰੀਅਨ ਮੌਕੇ ਦੇ ਹਕੂਮਤ ਨੂੰ ਖੁਸ਼ ਕਰਨ ਲਈ ਹੀ ਲਿਖਦੇ ਆ।"

ਸੁਰਜਨ ਸਿੰਘ ਉਸ ਦੀਆਂ ਅਜਿਹੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦਾ। ਇਹਨਾਂ ਵਿਚੋਂ ਬਹੁਤ ਸਾਰੀਆਂ ਗੱਲਾਂ ਉਸ ਲਈ ਨਵੀਆਂ ਹੁੰਦੀਆਂ। ਇਕ ਦਿਨ ਗੁਲਵੰਤ ਦੱਸਣ ਲਗਿਆ,

"ਇਤਹਾਸ ਵਿਚ ਇਕ ਬਹੁਤ ਦਿਲਚਸਪ ਵਾਕਿਆ ਆਉਂਦੈ: ਨਪੋਲੀਅਨ ਦੇ ਇਕ ਜਰਨੈਲ ਐਡਮਿਰਲ ਟੇਟ ਨੇ ਵੇਲਜ਼ ਦੀ ਬੰਦਰਗਾਹ ਫਿਸ਼ਗਾਰਡ ਨੇੜਲੇ ਇਕ ਪਿੰਡ ਉਪਰ ਅਟੈਕ ਕਰ ਦਿਤਾ। ਉਥੇ ਆਰਮੀ ਤਾਂ ਕੀ ਹੋਣੀ ਐਂ ਕੋਈ ਮਰਦ ਵੀ ਨਹੀਂ ਸੀ। ਸਾਰੇ ਮਰਦ ਲੜਾਈ ਵਿਚ ਗਏ ਹੋਏ ਸੀ। ਉਥੇ ਦੀਆਂ ਔਰਤਾਂ ਵਿਚ ਕਾਲੇ ਰੰਗ ਦੀਆਂ ਉੱਚੀਆਂ, ਚਮਕਦਾਰ ਟੋਪੀਆਂ ਤੇ ਨਾਲ ਕਾਲ਼ੇ ਗਾਊਨ ਪਹਿਨਣ ਦਾ ਰਿਵਾਜ ਸੀ।"

"ਹਾਲੇ ਵੀ ਇਹੋ ਰਿਵਾਜ ਐ, ਮੈਂ ਗਿਆਂ ਓਸ ਇਲਾਕੇ ਵਿਚ।"

"ਜੀ, ...ਜਮਾਇਮਾ ਨਾਂ ਦੀ ਇਕ ਔਰਤ ਨੇ ਮੌਕੇ ਦੀ ਨਜ਼ਾਕਤ ਦੇਖਦਿਆਂ ਪਿੰਡ ਦੀਆਂ ਔਰਤਾਂ ਇਕੱਠੀਆਂ ਕੀਤੀਆਂ ਤੇ ਤੂੜੀ ਵਾਲੀਆਂ ਤੰਗਲ਼ੀਆਂ ਚੁੱਕ ਕੇ ਫਰਾਂਸੀਸੀਆਂ ਦਾ ਮੁਕਾਬਲਾ ਕਰਨ ਤੁਰ ਪਈਆਂ। ਅਗੋਂ ਫੌਜ ਨੇ ਦੂਰੋਂ ਇਹਨਾਂ ਔਰਤਾਂ ਨੂੰ ਦੇਖ ਕੇ ਸੋਚਿਆ ਕਿ ਸ਼ਾਇਦ ਇਹ ਸ਼ਪੈਸ਼ਲ ਰੁਆਇਲ ਫੌਜ ਹੋਵੇ, ਉਹਨਾਂ ਡਰਦਿਆਂ ਹੀ ਆਪਣੀਆਂ ਕਿਸ਼ਤੀਆਂ ਦੌੜਾ ਲਈਆਂ। ...ਹੁਣ ਇਸ ਕਹਾਣੀ ਵਿਚ ਕਿੰਨਾ ਸੱਚ ਹੋਵੇ ਪਤਾ ਨਹੀਂ ਪਰ ਮੈਨੂੰ ਲਗਦੈ ਕਿ ਇਹਦਾ ਬਹੁਤਾ ਹਿੱਸਾ ਫਰੈਂਚ ਸਿਪਾਹੀਆਂ ਨੂੰ ਡਰਾਕਲ਼ ਦਿਖਾਉਣ ਲਈ ਹੀ ਘੜਿਆ ਗਿਐ।"

ਆਪਣੀ ਗੱਲ ਦਸਣ ਲਈ ਕਿ ਇਤਹਾਸ ਦਾ ਪੂਰਾ ਸੱਚ ਕਦੇ ਵੀ ਸਾਡੇ ਤਕ ਨਹੀਂ ਪੁੱਜਦਾ, ਉਸ ਕੋਲ ਬਹੁਤ ਸਾਰੀਆਂ ਕਹਾਣੀਆਂ ਸਨ। ਉਸ ਨਾਲ ਗੱਲਾਂ ਕਰਨੀਆਂ ਸੁਰਜਨ ਸਿੰਘ ਨੂੰ ਬਹੁਤ ਸਾਰਥਕ ਲਗਦੀਆਂ। ਅਮਾਂਡਾ ਤੋਂ ਬਾਅਦ ਕਿਸੇ ਨਾਲ ਗੱਲ ਕਰਕੇ ਉਸ ਦੀ ਰੂਹ ਖੁਸ਼ ਹੁੰਦੀ ਸੀ ਤਾਂ ਉਹ ਗੁਲਵੰਤ ਸੀ। ਗੁਲਵੰਤ ਨਾਲ ਗੱਲਾਂ ਕਰਨਾ ਪਰਕਾਸ਼ ਕੋਰ ਨੂੰ ਵੀ ਚੰਗਾ ਲਗਦਾ। ਗੁਲਵੰਤ ਉਸ ਨਾਲ ਕੁੜੀਆਂ ਹੋਣ ਦੇ ਦੁੱਖ ਦੀਆਂ, ਵਿਆਹ ਤੋਂ ਬਾਅਦ ਕੁੜੀਆਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦੀਆਂ ਗੱਲਾਂ ਕਰਨ ਲਗਦਾ। ਪਰਕਾਸ਼ ਕੋਰ ਉਸ ਨਾਲ ਆਪਣਾ ਦਿਲ ਫਰੋਲ ਲੈਂਦੀ। ਬਲਜਿੰਦਰ ਬਾਰੇ ਗੱਲ ਕਰਦੀ ਤਾਂ ਉਹ ਰੋ ਪੈਂਦੀ ਸੀ। ਦੂਜੇ ਜੁਆਈਆਂ ਦੇ ਮਾਮਲੇ ਵਿਚ ਸੁਰਜਨ ਸਿੰਘ ਵੀ ਹੁਣ ਖੁਲ੍ਹ ਕੇ ਗੁਲਵੰਤ ਨਾਲ ਗੱਲਾਂ ਕਰਨ ਲਗਿਆ ਸੀ। ਗੁਰਜੰਟ ਦੀਆਂ ਗੱਲਾਂ ਕਰਕੇ ਮਨ ਦੀ ਭਾਫ ਕੱਢ ਲੈਂਦਾ। ਦਿਲਬਾਗ ਬਾਰੇ ਘੜਿਆ ਕੋਈ ਲਤੀਫਾ ਸੁਣਾ ਦਿੰਦਾ। ਕਈ ਵਾਰ ਉਹ ਮਜ਼ਾਕ ਵਿਚ ਕਹਿਣ ਲਗਦਾ,

"ਸਾਡੇ ਇਹ ਦੋਨੋਂ ਬੜੇ ਜੁਆਈ ਤਾਂ ਏਦਾਂ ਐ ਜਿੱਦਾਂ ਕਹਿੰਦੇ ਹੁੰਦੇ ਆ; ਇਕ ਗੰਗਾ ਤੇ ਦੂਜਾ ਗੁਲੇਲਾ।"

ਦਿਲਬਾਗ ਦੇ ਮੁੰਡਾ ਜਾਂ ਕੁੜੀ ਉਹਨਾਂ ਦੇ ਘਰ ਆਉਂਦੇ ਤਾਂ ਸੁਰਜਨ ਸਿੰਘ ਉਹਨਾਂ ਨੂੰ ਗੋਦੀ ਵਿਚ ਬੈਠਾ ਕੇ ਆਖਦਾ,

"ਬਾਸੀਓ, ਕੋਈ ਗੱਪ ਸੁਣਾਓ।"

"ਨਾਨਾ ਜੀ, ਸਾਨੂੰ ਗੱਪ ਨਹੀਂ ਆਉਂਦੀ।"

"ਤੁਹਾਡਾ ਡੈਡੀ ਤਾਂ ਗੱਪਾਂ ਦੀ ਡਿਗਰੀ ਕਰੀ ਫਿਰਦੈ।"

ਬੱਚੇ ਹੱਸ ਛੱਡਦੇ। ਕਦੇ ਕਦੇ ਬੱਚੇ ਕਹਿਣ ਲਗਦੇ,

"ਨਾਨਾ ਜੀ, ਉਹ ਚੁੱਟਕੀ ਵਜਾ ਕੇ ਦਿਖਾਓ...।"

ਸੁਰਜਨ ਸਿੰਘ ਪੋਲੀ ਜਿਹੀ ਚੁਟਕੀ ਵਜਾਉਂਦਾ। ਜਦ ਕਦੇ ਪਛਤਾਵੇ ਵਾਲੀ ਗੱਲ ਦਾ ਸਾਹਮਣਾ ਕਰਨਾ ਪੈਂਦਾ ਤਾਂ ਸੁਰਜਨ ਚੁਟਕੀ ਵਜਾ ਕੇ ਉਂਗਲ ਨੂੰ ਤੀਰ ਵਾਂਗ ਸਿੱਧੀ ਮਾਰਦਾ ਕਿ ਸਾਹਮਣੇ ਦੇਖੋ ਪਿਛਾਂਹ ਨੂੰ ਨਹੀਂ। ਇਹ ਉਸ ਦੀ ਪੁਰਾਣੀ ਆਦਤ ਸੀ।

www.PunjabiLibrary.com

ਅਮਾਂਡਾ ਨੂੰ ਸੁਰਜਨ ਹਾਲੇ ਤਕ ਵੀ ਭੁਲਾ ਨਹੀਂ ਸੀ ਸਕਿਆ। ਉਸ ਨੇ ਕਿਧਰੇ ਪੜ੍ਹਿਆ ਹੋਇਆ ਸੀ ਕਿ ਵਿਛੜਦੇ ਉਹ ਹਨ ਜਿਹਨਾਂ ਨੂੰ ਅਸੀਂ ਭੁੱਲ ਜਾਈਏ। ਉਸ ਨੂੰ ਸਦਾ ਹੀ ਲਗਦਾ ਕਿ ਅਮਾਂਡਾ ਇਥੇ ਹੀ ਆਸ ਪਾਸ ਹੈ ਤੇ ਉਸ ਨੂੰ ਦੇਖ ਰਹੀ ਹੈ। ਅਮਾਂਡਾ ਦੇ ਨਾਂ 'ਤੇ ਇਕ ਹਲਕੀ ਜਿਹੀ ਚੀਸ ਉਸ ਦੇ ਅੰਦਰ ਉਠਣ ਲਗਦੀ ਸੀ। ਇਸ ਚੀਸ ਉਹ ਕਦੇ ਵੀ ਕਿਸੇ ਨਾਲ ਸਾਂਝੀ ਨਹੀਂ ਸੀ ਕਰ ਸਕਿਆ। ਚਿੱਠੀਆਂ ਰਾਹੀਂ ਉਸ ਦਾ ਅਮਾਂਡਾ ਨਾਲ ਰਾਬਤਾ ਕਾਇਮ ਸੀ। ਅਮਾਂਡਾ ਦੀ ਚਿੱਠੀ ਮਿਲਦੇ ਸਾਰ ਹੀ ਉਸ ਨੂੰ ਉਤਰ ਦੇਣ ਬਹਿ ਜਾਂਦਾ। ਉਹ ਇਵੇਂ ਚਿੱਠੀ ਲਿਖਦਾ ਜਿਵੇਂ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵੇ। ਇਵੇਂ ਚਿੱਠੀ ਲਿਖ ਕੇ ਕਈ ਵਾਰ ਉਹ ਆਪਣੇ ਮਨ ਦਾ ਬੋਝ ਵੀ ਲਾਹ ਲੈਂਦਾ। ਇਵੇਂ ਹੀ ਅਮਾਂਡਾ ਵੀ ਉਸ ਨੂੰ ਲੰਮੀਆਂ ਲੰਮੀਆਂ ਚਿੱਠੀਆਂ ਲਿਖਦੀ। ਉਸ ਨੇ ਵੀ ਕਈ ਗੱਲਾਂ ਦਿਲ ਹਲਕਾ ਕਰਨ ਲਈ ਲਿਖੀਆਂ ਹੁੰਦੀਆਂ। ਪਰਕਾਸ਼ ਕੌਰ ਨਾਲ ਤਾਂ ਉਹ ਬਹੁਤੀਆਂ ਗੱਲਾਂ ਕਰਦਾ ਹੀ ਨਹੀਂ ਸੀ। ਬੱਚਿਆਂ ਤੇ ਘਰ ਤੋਂ ਬਿਨਾਂ ਉਹਨਾਂ ਵਿਚਕਾਰ ਕੁਝ ਸਾਂਝਾ ਵੀ ਨਹੀਂ ਸੀ। ਕਈ ਵਾਰ ਉਸ ਦਾ ਦਿਲ ਕਰਦਾ ਕਿ ਅਮਾਂਡਾ ਨੂੰ ਫੋਨ ਕਰੇ ਪਰ ਫਿਰ ਉਹ ਡਰਨ ਲਗਦਾ ਕਿ ਭਾਵੁਕ ਹੀ ਨਾ ਹੋ ਜਾਵੇ, ਕਿਤੇ ਜਜ਼ਬਿਆਂ ਵਿਚ ਹੀ ਨਾ ਵਹਿ ਤੁਰੇ।

ਪਰਕਾਸ਼ ਕੋਰ ਦੇ ਮਨ ਵਿਚ ਅਮਾਂਡਾ ਦੀ ਅਣਦੇਖੀ ਤਸਵੀਰ ਬਣੀ ਹੋਈ ਸੀ ਪਰ ਉਹ ਇਸ ਬਾਰੇ ਬਹੁਤ ਘੱਟ ਗੱਲ ਕਰਦੀ। ਅਮਾਂਡਾ ਦੀ ਚਿੱਠੀ ਦਾ ਉਸ ਨੂੰ ਚਿੱਠੀ ਦੇ ਰੰਗ ਤੋਂ ਪਤਾ ਚਲ ਜਾਂਦਾ ਸੀ। ਇਹ ਚਿੱਠੀ ਦੇਖ ਇਕ ਤਾਰ ਜਿਹੀ ਉਸ ਦੇ ਦਿਲ ਵਿਚ ਫਿਰ ਜਾਂਦੀ। ਕਦੇ ਕਦੇ ਉਹ ਪਤੀ 'ਤੇ ਟਕੋਰ ਜਿਹੀ ਵੀ ਕਰਦੀ ਪਰ ਬਹੁਤੀ ਵਾਰ ਚੁੱਪ ਹੀ ਰਹਿੰਦੀ। ਹੌਲੀ ਹੌਲੀ ਉਹ ਇਹ ਸਮਝਣ ਲਗ ਪਈ ਸੀ ਕਿ ਇਸ ਚਿੱਠੀ ਨੂੰ ਦੇਖਦਿਆਂ ਹੀ ਸੁਰਜਨ ਦੇ ਰੌਂਅ ਬਦਲ ਜਾਂਦੇ ਹਨ। ਉਹ ਆਮ ਨਾਲੋਂ ਕੁਝ ਹਟਵਾਂ ਹੁੰਦਾ। ਕਦੇ ਆਮ ਨਾਲੋਂ ਵੱਧ ਉਦਾਸ ਤੇ ਕਦੇ ਵੱਧ ਖੁਸ਼। ਬਹੁਤੀ ਵਾਰ ਉਹ ਚਿੱਠੀ ਬਿਸਤਰ ਵਿਚ ਬੈਠ ਕੇ ਹੀ ਲਿਖਿਆ ਕਰਦਾ ਸੀ। ਪਰਕਾਸ਼ ਕੋਰ ਸਮਝ ਜਾਂਦੀ ਕਿ ਉਹ ਅਮਾਂਡਾ ਨੂੰ ਹੀ ਚਿੱਠੀ ਲਿਖ ਰਿਹਾ ਹੈ। ਉਹ ਮੂੰਹ ਜ਼ਰੂਰ ਦੂਜੇ ਪਾਸੇ ਕਰ ਲੈਂਦੀ ਪਰ ਉਸ ਨੂੰ ਨੀਂਦ ਨਾ ਆਉਂਦੀ। ਜਾਣ ਬੁੱਝ ਕੇ ਵੀ ਪਾਸੇ ਮਾਰੀ ਜਾਂਦੀ ਕਿ ਸੁਰਜਨ ਨੂੰ ਚਿੱਠੀ ਲਿਖਣ ਵਿਚ ਤਕਲੀਫ ਹੋਵੇ ਪਰ ਸੁਰਜਨ ਨੂੰ ਕੋਈ ਸਵਾਲ ਨਹੀਂ ਸੀ ਕਰਦੀ।

## ਸਤਾਰਾਂ

ਗੁਲਵੰਤ ਦੇ ਮਨ ਵਿਚ ਔਰਤ-ਮਰਦ ਦੀ ਬਰਾਬਰੀ ਦਾ ਸਕੰਲਪ ਕਾਲਜ ਦੇ ਦਿਨਾਂ ਤੋਂ ਹੀ ਸੀ। ਉਹ ਸੋਚਿਆ ਕਰਦਾ ਕਿ ਜਦ ਵੀ ਉਸ ਦਾ ਵਿਆਹ ਹੋਵੇਗਾ ਆਪਣੀ ਪਤਨੀ ਨੂੰ ਹਮੇਸ਼ਾ ਆਪਣੇ ਬਰਾਬਰ ਰੱਖੇਗਾ। ਹਰ ਫੈਸਲੇ ਵਿਚ ਉਸ ਦੀ ਬਰਾਬਰ ਦੀ ਰਾਏ ਹੋਵੇਗੀ। ਪਹਿਲਾਂ ਸੁਰਿੰਦਰ ਦਾ ਮੂਹਰੇ ਹੋ ਕੇ ਤੁਰਨਾ ਜਾਂ ਕੋਈ ਗੱਲ ਹੁਕਮ ਦੇਣ ਵਾਂਗ ਕਰਨਾ ਉਸ ਨੂੰ ਅਖੜਿਆ ਵੀ ਪਰ ਜਲਦੀ ਹੀ ਪਤਾ ਚਲ ਗਿਆ ਕਿ ਇਹ ਸੁਰਿੰਦਰ ਦੇ ਸੁਭਾਅ ਦਾ ਹਿੱਸਾ ਹੈ। ਆਪਣੇ ਵਿਆਹ ਦੀ ਛੋਟੀ ਜਿਹੀ ਉਮਰ ਵਿਚ ਉਹ ਸਮਝ ਗਿਆ ਕਿ ਗ੍ਰਹਿਸਥੀ ਦੱਸਣ ਤੇ ਸੁਣਨ ਦਾ ਨਾਂ ਹੈ। ਉਸ ਦਸਦਾ ਸੀ ਤਾਂ ਸੁਰਿੰਦਰ ਸੁਣਦੀ ਸੀ ਇਵੇਂ ਉਹ ਵੀ ਸੁਰਿੰਦਰ ਨੂੰ ਧਿਆਨ ਨਾਲ ਸੁਣਦਾ।

ਇੰਗਲੈਂਡ ਵਿਚ ਆ ਕੇ ਉਸ ਨੂੰ ਇਹ ਗੱਲ ਚੰਗੀ ਲਗੀ ਕਿ ਔਰਤ ਕਿਸੇ ਹੱਦ ਤਕ ਆਜ਼ਾਦ ਹੈ। ਸਾਮੰਤਵਾਦ ਨਾਲੋਂ ਸਾਮਰਾਜਵਾਦ ਵਿਚਲੀ ਸਮਾਜਕ ਬਣਤਰ ਦੀ ਇਹ ਗੱਲ ਉਸ ਨੂੰ ਚੰਗੀ ਵੀ ਲਗਦੀ ਕਿ ਔਰਤ ਕੋਲ ਹੱਕ ਵਧੇਰੇ ਹਨ। ਔਰਤ ਆਦਮੀ ਦੇ ਬਰਾਬਰ ਕੰਮ ਕਰਦੀ ਹੈ, ਬਰਾਬਰ ਕਮਾਉਂਦੀ ਹੈ। ਔਰਤ ਦਾ ਆਰਥਿਕ ਤੌਰ 'ਤੇ ਆਤਮ-ਨਿਰਭਰ ਹੋਣਾ ਉਸ ਦੀ ਨਿੱਜੀ ਆਜ਼ਾਦੀ ਦੀ ਜਾਮਨੀ ਹੈ। ਥੋੜੇ ਚਿਰ ਵਿਚ ਹੀ ਉਸ ਦੇ ਸਾਹਮਣੇ ਔਰਤ ਦੀ ਇਕ ਵੱਖਰੀ ਕਿਸਮ ਦੀ ਗੁਲਾਮੀ ਵੀ ਆਈ ਕਿ ਆਦਮੀ ਬੱਚੇ ਪੈਦਾ ਕਰਕੇ ਲਾਂਭੇ ਹੋ ਜਾਂਦੇ ਹਨ ਤੇ ਔਰਤ ਬੱਚਿਆਂ ਨੂੰ ਪਾਲਣ ਵਿਚ ਹੀ ਆਪਣੀ ਜਵਾਨੀ ਕੱਢ ਦਿੰਦੀ ਹੈ। ਨਾ ਉਹ ਚੰਗੀ ਤਰ੍ਹਾਂ ਕੋਈ ਨੌਕਰੀ ਕਰ ਸਕਦੀ ਹੈ ਤੇ ਨਾ ਹੀ ਕੋਈ ਹੋਰ ਵੱਡੀ ਮਨਮਰਜ਼ੀ। ਇਕ ਹੋਰ ਗੱਲ ਜੋ ਉਸ ਨੂੰ ਰੜਕਣ ਲਗੀ ਸੀ, ਉਹ ਸੀ ਕਿ ਭਾਰਤੀ ਔਰਤ ਇਥੇ ਪੁੱਜ ਕੇ ਹੋਰ ਵੀ ਰਵਾਇਤੀ ਹੋ ਗਈ ਸੀ। ਉਹ ਸਤਨਾਮੀ ਵਲ ਦੇਖਦਾ ਹੀ ਹੈਰਾਨ ਰਹਿ ਜਾਂਦਾ। ਉਸ ਸੋਚਦਾ ਹੁੰਦਾ ਸੀ ਕਿ ਸਤਨਾਮੀ ਭਾਵੇਂ ਸਾਦੀ ਸੀ ਪਰ ਜ਼ਿਹਨੀ ਤੌਰ 'ਤੇ ਬਹੁਤ ਤੇਜ਼ ਸੀ, ਇੰਗਲੈਂਡ ਜਾ ਕੇ ਉਹ ਸਾਦਾਪਨ ਛੱਡ ਕੇ ਇੰਗਲੈਂਡ ਦੇ ਤੌਰ ਤਰੀਕੇ ਅਪਣਾ ਲਵੇਗੀ। ਇਥੇ ਆ ਕੇ ਦੇਖਿਆ ਤਾਂ ਸਤਨਾਮੀ ਪਹਿਲਾਂ ਨਾਲੋਂ ਵੀ ਸਾਧਰਾਣ ਬਣ ਕੇ ਰਹਿੰਦੀ ਸੀ। ਸਤਨਾਮੀ ਨਾਲ ਉਸ ਦਾ ਦੋਹਰਾ ਰਿਸ਼ਤਾ ਸੀ; ਸਰੂਪ ਵਲੋਂ ਭਾਬੀ ਲਗਦੀ ਸੀ ਤੇ ਨਾਨਕਿਆਂ ਵਲੋਂ ਭੈਣ। ਉਹ ਉਸ ਨੂੰ ਭਾਬੀ ਜੀ ਕਹਿ ਕੇ ਹੀ ਬੁਲਾਉਂਦਾ। ਇਕ ਦਿਨ ਕਹਿਣ ਲਗਿਆ,

www.PunjabiLibrary.com

"ਭਾਬੀ ਜੀ, ਆਹ ਕੀ ਤੁਸੀਂ ਆਪਣੇ 'ਤੇ ਸਾਦਗੀ ਜਿਹੀ ਦਾ ਖੋਲ ਚਾੜ੍ਹੀ ਫਿਰਦੇ ਓ! ...ਸਰੋਂ ਦੇ ਤੇਲ ਨਾਲ ਚੋਪੜ ਕੇ ਵਾਹੇ ਵਾਲ਼, ਘੁੱਟ ਕੇ ਕੀਤੀ ਗੁੱਤ, ਵਲ਼ਾਂ ਵਾਲੀ ਵਿੰਗੀ ਜਿਹੀ ਬੰਨੀ ਸਲਵਾਰ, ਪੂਕਨੀ ਜਿਹਾ ਕੁੜਤਾ! ...ਕੀ ਐ ਇਹ ਸਭ!"

ਸਤਨਾਮੀ ਨੇ ਗੁਲਵੰਤ ਵਲ ਧਿਆਨ ਨਾਲ ਦੇਖਿਆ। ਉਸ ਦੇ ਅੰਦਰ ਗੁਦਗੁਦੀ ਜਿਹੀ ਛਿੜ ਪਈ। ਇਸ ਨੂੰ ਛੁਪਾਉਂਦੀ ਹੋਈ ਉਹ ਝਿਹੀ ਜਿਹੀ ਲੈ ਕੇ ਬੋਲੀ,

"ਕੁੱਤਿਆ, ਤੂੰ ਇਹੋ ਕੁਝ ਤਾੜਦਾ ਰਹਿੰਨੈ!"

"ਕੀ ਇਹ ਸੱਚ ਨਹੀਂ? ...ਏਨੀ ਸੁਹਣੀ ਔਰਤ ਦਾ ਤੁਸੀਂ ਕਾਰਟੂਨ ਬਣਾ ਰੱਖਿਆ!"

"ਤੈਨੂੰ ਪਤਾ ਕਿ ਮੈਂ ਤੇਰੀ ਭੈਣ ਵੀ ਲਗਦੀ ਆਂ।"

"ਇਹਦੇ ਨਾਲ ਕੀ ਫਰਕ ਪੈਂਦਾ, ਭੈਣ ਹੋਵੇ ਜਾਂ ਭਰਜਾਈ, ਇਕੋ ਈ ਗੱਲ ਐ। ...ਮੇਰੇ ਨਾਲ ਸੜਕ 'ਤੇ ਤੁਰੇ ਜਾਂਦੇ ਹੋਵੋਂ ਤਾਂ ਅਸੀਂ ਹੱਥ ਵਿਚ ਬੋਰਡ ਫੜ ਕੇ ਤਾਂ ਨਹੀਂ ਤੁਰਨਾ ਕਿ ਸਾਡਾ ਰਿਸ਼ਤਾ ਕੀ ਐ, ਤੁਹਾਡੇ ਵਲ ਦੇਖ ਕੇ ਤਾਂ ਅਗਲੇ ਨੇ ਕਹਿਣਾ ਕਿ ਇਹ ਕੁੜੀ ਰੁੱਸੀ ਹੋਈ ਐ।"

"ਦੇਖ, ਗੱਲਾਂ ਕਿੱਦਾਂ ਆਉਂਦੀਆਂ ਏਹਨੂੰ!"

"ਮੈਂ ਠੀਕ ਕਹਿ ਰਿਹਾਂ।"

"ਕੀ ਠੀਕ ਕਹਿ ਰਿਹੈਂ?"

"ਵਾਲ਼ਾਂ ਨੂੰ ਗੁੱਤ ਦੀ ਕੈਦ ਤੋਂ ਆਜ਼ਾਦ ਕਰੋ, ਇਹਨਾਂ ਵਿਚ ਕਰਲ ਪੁਆਓ, ਜ਼ਰਾ ਸ਼ੋਖ ਰੰਗ ਦੇ ਪਟਿਆਲ਼ਾ ਸ਼ਾਹੀ ਸਲਵਾਰ ਸੂਟ ਪਹਿਨੋਂ, ...ਬੋਲਣ ਦੇ ਢੰਗ ਵਿਚ ਸ਼ੋਖੀ ਪੈਦਾ ਕਰੋ, ਫੇਰ ਦੇਖੋ, ਤੁਸੀਂ ਦਸ ਸਾਲ ਯੰਗ ਲਗੋਂਗੇ।"

"ਏਹਦੇ ਨਾਲ ਕੀ ਹੋ ਜਾਊ?"

"ਕੀ ਹੋ ਜਾਊ! ਇਨਕਲਾਬ ਆ ਜਾਊ ਇਨਕਲਾਬ! ਤੁਹਾਨੂੰ ਦੇਖ ਕੇ ਭਾਜੀ ਦੀ ਸਾਰੀ ਥਕਾਵਟ ਦੂਰ ਹੋ ਜਾਇਆ ਕਰੂ। ਔਰਤ ਨੂੰ ਏਦਾਂ ਦੀ ਬਣ ਕੇ ਰਹਿਣਾ ਚਾਹੀਦੈ ਕਿ ਆਦਮੀ ਨੂੰ ਕਲਿੱਕ ਕਰਦੀ ਰਹੇ।"

"ਮੈਂ ਤੇਰੇ ਭਾਜੀ ਨੂੰ ਬਥੇਰਾ ਕਲਿੱਕ ਕਰਦੀ ਆਂ, ਇਹ ਐਡਵਾਈਜ਼ ਤੂੰ ਆਪਣੀ ਸੁਰਿੰਦਰ ਨੂੰ ਦੇਈਂ।"

ਫਿਰ ਵਿਆਹ ਤੋਂ ਬਾਅਦ ਇਹ ਗੱਲ ਸਤਨਾਮੀ ਸੁਰਿੰਦਰ ਨੂੰ ਦੱਸਣ ਬਹਿ ਜਾਂਦੀ। ਸੁਰਿੰਦਰ ਪੁੱਛਦੀ,

"ਗੁੱਲ, ਤੈਨੂੰ ਕਿਹੜਾ ਹੇਅਰ ਸਟਾਈਲ ਚੰਗਾ ਲਗਦਾ?"

"ਚਾਰਲੀ ਏਂਜਲਜ਼ ਵਾਲੀ ਕੇਟ ਵਾਲ਼ਾ। ਅਗਿਓਂ ਮੱਥੇ ਤਕ ਕੱਟੇ ਵਾਲ ਤੇ ਪਿਛਿਓਂ ਮੋਢਿਆਂ ਤਕ, ਵਿਚਕਾਰ ਚੀਰ।"

ਟੈਲੀ 'ਤੇ ਆਉਂਦਾ 'ਚਾਰਲੀਜ਼ ਏਂਜਲਜ਼' ਸੀਰੀਅਲ ਸੁਰਿੰਦਰ ਵੀ ਲਗਾਤਾਰ ਦੇਖਿਆ ਕਰਦੀ ਸੀ। ਇਕ ਦਿਨ ਉਸ ਨੇ ਗੁਲਵੰਤ ਨੂੰ ਝਿਜਕਦਿਆਂ ਝਿਜਕਦਿਆਂ ਪੁੱਛਿਆ,

"ਗੁੱਲ, ਵਾਲ਼ ਕਟਾ ਸਕਦੀ ਆਂ?"

"ਕਿਉਂ ਨਹੀਂ, ਤੇਰੇ ਵਾਲ਼ ਐ, ਕਿਸੇ ਦਾ ਕੀ ਰੌਲ਼ਾ!"

"ਆਏ ਮੀਨ, ਯੋਅਰ ਫੈਮਿਲੀ, ਸਰੂਪ ਭਾਜੀ?"

"ਡੌਂਟ ਵੱਰੀ, ਆਏ ਨੋ ਹਿੱਮ, ਹੀ ਵੌਂਟ ਮਾਈਂਡ।"

ਗੁਲਵੰਤ ਦੇ ਕਹਿਣ 'ਤੇ ਸੁਰਿੰਦਰ ਖੁਸ਼ ਹੋ ਗਈ। ਅਗਲੇ ਦਿਨ ਕੰਮ ਤੋਂ ਮੁੜਦੀ ਹੋਈ ਉਹ 'ਹੇਅਰ ਐਂਡ ਸਟਾਈਲ' ਨਾਂ ਦਾ ਮੈਗਜ਼ੀਨ ਲੈ ਆਈ ਜਿਸ ਵਿਚ ਵਾਲ਼ ਸੰਵਾਰਨ ਦੇ ਅਲੱਗ ਅਲੱਗ ਨਮੂਨੇ ਦਿਤੇ ਹੋਏ ਸਨ। ਸੁਰਿੰਦਰ ਨੂੰ ਜਿਹੜਾ ਨਮੂਨਾ ਪਸੰਦ ਸੀ ਉਹ ਸੀ ਇਕ ਪਾਸਿਓਂ ਗੱਲ੍ਹ ਤਕ ਡਿਗਵੇਂ ਤੇ ਦੂਜੇ ਪਾਸੇ ਨੂੰ ਵਧਦੇ-ਵਧਦੇ ਮੋਢਿਆਂ ਤਕ ਆਉਂਦੇ ਹੋਵੇ। ਗੁਲਵੰਤ ਦੀ ਪਸੰਦ ਵੱਖਰੀ ਸੀ। ਦੋਵੇਂ ਕੁਝ ਦੇਰ ਬਹਿਸਦੇ ਰਹੇ ਪਰ ਫਿਰ ਫੈਸਲਾ ਹੋਇਆ ਕਿ ਪਹਿਲਾਂ ਸੁਰਿੰਦਰ ਆਪਣੇ ਮਨ ਪਸੰਦ ਦੇ ਵਾਲ਼ ਬਣਾ ਕੇ ਆਪਣੀ ਰੀਝ ਪੂਰੀ ਕਰੇਗੀ, ਜਦ ਉਸ ਦਾ ਇਸ ਸਟਾਈਲ ਤੋਂ ਦਿਲ ਭਰ ਗਿਆ ਤਾਂ ਉਹ ਗੁਲਵੰਤ ਦੀ ਪਸੰਦ ਦੇ ਵਾਲ਼ ਕਟਾਏਗੀ। ਇਵੇਂ ਹੀ ਕੀਤਾ। ਸੁਰਿੰਦਰ ਨੇ ਆਪਣੀ ਰੀਝ ਪੂਰੀ ਕਰ ਲਈ। ਵਾਲ ਕਟਾ ਕੇ ਉਹ ਮੰਮੀ-ਡੈਡੀ ਨੂੰ ਮਿਲਣ ਗਏ। ਪਰਕਾਸ਼ ਕੌਰ ਖਿਝਦੀ ਹੋਈ ਬੋਲੀ,

"ਕੁੜੇ ਸੁਰਿੰਦਰ, ਆਹ ਤੂੰ ਕੀ ਰੋਡੀ ਜਿਹੀ ਹੋ ਕੇ ਆ ਗਈ ਐਂ, ਕੋਈ ਸੰਗ ਕਰ, ਲੋਕ ਕੀ ਕਹਿਣਗੇ!"

ਸੁਰਜਨ ਸਿੰਘ ਇਸ ਗੱਲ 'ਤੇ ਖੁਸ਼ ਸੀ ਕਿ ਕੁੜੀ ਨੂੰ ਆਪਣੀ ਰੀਝ ਪੂਰੀ ਕਰਨ ਦਾ ਮੌਕਾ ਤਾਂ ਮਿਲਿਆ। ਉਸ ਨੇ ਆਖਿਆ,

"ਬੁੜ੍ਹੀਏ, ਐਵੇਂ ਨਾ ਰੌਲ਼ਾ ਪਾ, ਨਿਆਣਿਆਂ ਨੂੰ ਆਪਣੇ ਦਿਲ ਦੀਆਂ ਪੂਰੀਆਂ ਕਰਨ ਦੇ।"

ਉਸ ਨੂੰ ਪਤਾ ਸੀ ਕਿ ਬਲਜਿੰਦਰ ਦਾ ਬਹੁਤ ਦਿਲ ਕਰਦਾ ਸੀ ਵਾਲ਼ ਕਟਾਉਣ ਨੂੰ ਪਰ ਗੁਰਜੰਟ ਨੇ ਇਸ ਦੀ ਇਜਾਜ਼ਤ ਨਹੀਂ ਸੀ ਦਿਤੀ। ਇਸੇ ਗੱਲ ਨੂੰ ਲੈ ਕੇ ਦਿਲਬਾਗ ਇਕ ਦਿਨ ਗੁਲਵੰਤ ਨੂੰ ਕਹਿਣ ਲਗਿਆ,

www.PunjabiLibrary.com

"ਯਾਰ ਇਹ ਤੂੰ ਕੀ ਰੱਸੀ ਢਿੱਲੀ ਛੱਡੀ ਜਾਨੈਂ, ਤੂੰ ਸਾਡੀਆਂ ਤੀਵੀਂਆਂ ਵੀ ਖਰਾਬ ਕਰੇਂਗਾ। ...ਤੂੰ ਓਹ ਗੱਲ ਨਹੀਂ ਸੁਣੀ; ਤੀਵੀਂ ਰੱਖ ਨੀਵੀਂ।"

ਗੁਲਵੰਤ ਨੇ ਹੱਸ ਕੇ ਉਸ ਦੀ ਗੱਲ ਅਣਗੌਲ ਦਿਤੀ। ਉਹ ਸੁਰਿੰਦਰ ਨਾਲ ਬਹੁਤ ਪਿਆਰ ਕਰਨ ਲਗਿਆ ਸੀ। ਉਹ ਦੋਵੇਂ ਬਣ-ਸੰਵਰ ਕੇ ਬਾਹਰ ਨਿਕਲਦੇ। ਦੋਨਾਂ ਨੇ ਇਕੋ ਜਿਹੇ ਰੰਗ ਦੇ ਕਪੜੇ ਪਾਏ ਹੁੰਦੇ। ਸੁਰਿੰਦਰ ਨੂੰ ਤਿਆਰ ਹੋਣ ਵਿਚ ਉਹ ਪੂਰੀ ਮੱਦਦ ਕਰਦਾ। ਮੌਕੇ ਦੇ ਹਿਸਾਬ ਨਾਲ ਪਹਿਰਾਵੇ ਦੀ ਚੋਣ, ਰੰਗਾਂ ਦਾ ਮੇਚ ਆਦਿ ਵਿਚ ਉਸ ਨੂੰ ਸਲਾਹ ਦਿੰਦਾ।

ਸੁਰਿੰਦਰ ਉਸ ਨੂੰ ਹਰ ਪੱਖੋਂ ਹੀ ਪਸੰਦ ਸੀ। ਸੁਹਣੀ ਵੀ ਸੀ, ਕੰਮ ਨੂੰ ਬਹੁਤ ਤਕੜੀ ਸੀ। ਜਿਹੜੇ ਕੰਮ ਨੂੰ ਹੱਥ ਪਾ ਲੈਂਦੀ ਪੂਰਾ ਕਰ ਕੇ ਹਟਦੀ। ਘਰ ਸੰਵਾਰਨ ਵਿਚ, ਰਸੋਈ ਵਿਚ ਤੇ ਗੱਲਬਾਤ ਕਰਨ ਵਿਚ ਵੀ ਉਹ ਸੰਪੂਰਨ। ਦੋਨਾਂ ਸਭਿਆਚਾਰਾਂ ਦੀ ਉਸ ਨੂੰ ਪੂਰੀ ਸਮਝ ਸੀ। ਜਦ ਕਿਤੇ ਉਹ ਜ਼ਿਆਦਾ ਮੋਹ ਵਿਚ ਹੁੰਦਾ ਤਾਂ ਉਸ ਨੂੰ 'ਟੈੱਨ ਬਾਈ ਟੈੱਨ' ਕਹਿ ਕੇ ਬੁਲਾਉਂਦਾ। ਇਸ ਸਭ ਤੋਂ ਉਪਰ ਉਸ ਨੂੰ ਚੰਗਾ ਲਗਦਾ ਸੀ; ਸੁਰਿੰਦਰ ਦਾ ਸਪੱਸ਼ਟ ਗੱਲ ਕਹਿਣ ਸੁਭਾਅ। ਆਪਣੇ ਪਿਓ ਵਾਂਗ ਹੀ ਬਹੁਤੀਆਂ ਗੱਲਾਂ ਉਹ ਬਿਨਾਂ ਲੁਕ-ਲੁਕਾਵ ਤੋਂ ਕਰ ਜਾਂਦੀ। ਕਹਾਣੀ ਘੜਨੀ ਜਾਂ ਗੱਲ ਬਣਾਉਣ ਵਿਚ ਉਸ ਦਾ ਯਕੀਨ ਨਹੀਂ ਸੀ। ਨਾ ਕੋਈ ਲਾਰਾ ਲਾਉਂਦੀ ਨਾ ਹੀ ਕੋਈ ਓਹਲਾ ਰੱਖਦੀ। ਸਤਨਾਮੀ ਦੀ ਇਕ ਸਹੇਲੀ ਸੀ ਤਰਸੇਮ। ਉਸ ਦੇ ਨਾਲ ਹੀ ਬੱਚੇ ਸਕੂਲ ਛੱਡਣ ਜਾਂਦੀ ਸੀ। ਤਰਸੇਮ ਫਿਰੋਜ਼ਪੁਰ ਵਲ ਦੀ ਸੀ। ਕਈ ਵਾਰ ਉਹ ਸੁਰਿੰਦਰ ਨੂੰ ਵੀ ਮਿਲਦੀ। ਇਕ ਦਿਨ ਉਹ ਕਹਿਣ ਲਗੀ,

"ਨੀਂ ਸੁਰਿੰਦਰ, ਤੂੰ ਤਾਂ ਦੁਬਾਬਣ ਲਗਦੀ ਈ ਨਹੀਂ। ...ਜੀਕਣ ਤੂੰ ਗੱਲਾਂ ਕਰਦੀ ਏਂ ਏਕਣ ਮਾਲਵੇ ਵਾਲੇ ਕਰਦੇ ਨੇ, ਸਾਨੂੰ ਦੁਬਾਬੀਆਂ ਵਾਂਗੂੰ ਛੁਛਾ-ਬੁਸ਼ੀ ਨਹੀਂ ਕਰਨੀ ਆਉਂਦੀ, ਇਹ ਲੋਕ ਤਾਂ ਗੱਲਾਂ ਗੱਲਾਂ ਵਿਚ ਈ ਚਾਰ ਜਾਂਦੇ ਨੇ।"

ਗੁਲਵੰਤ ਨੂੰ ਇਸ ਗੱਲ ਦਾ ਪਤਾ ਚਲਿਆ ਤਾਂ ਬੋਲਿਆ,

"ਮਾਈ ਟੈੱਨ ਬਾਈ ਟੈੱਨ, ਉਹ ਠੀਕ ਕਹਿੰਦੀ ਐ, ਮੈਂ ਮਾਲਵੇ ਵਿਚ ਬਹੁਤ ਗਿਐਂ, ਮੇਰੇ ਨਾਲ ਪੜ੍ਹਦੇ ਦੋਸਤ ਸੀ ਬਹੁਤ ਸਾਰੇ, ਤੂੰ ਤਾਂ ਸੱਚੀਂ ਈ ਮੇਰੀ ਮਲਵੈਣ ਐਂ।"

ਸਕੂਲ ਪੜ੍ਹਦਿਆਂ ਤੇ ਫਿਰ ਕੰਮ ਕਰਦਿਆਂ ਸੁਰਿੰਦਰ ਦਾ ਵਾਹ ਗੋਰੀਆਂ ਕੁੜੀਆਂ ਨਾਲ ਰਿਹਾ ਸੀ। ਮੈਗੀ ਵਾਰਗੀਆਂ ਕੁਝ ਦੋਸਤ ਵੀ ਰਹੀਆਂ ਸਨ। ਮੈਗੀ ਨੇ ਕਈ ਬੁਆਏ ਫਰੈਂਡ ਬਣਾਏ ਤੇ ਛੱਡੇ। ਜਦ ਉਹ ਇਹਨਾਂ ਸਹੇਲੀਆਂ ਨਾਲ ਬੈਠਦੀ ਤਾਂ ਇਹ ਮੁੰਡਿਆਂ ਬਾਰੇ, ਪੱਬਾਂ ਬਾਰੇ, ਕਲੱਬਾਂ ਬਾਰੇ, ਡਿਸਕੋ ਬਾਰੇ ਗੱਲਾਂ ਕਰਦੀਆਂ। ਫਿਲਮਾਂ ਦੇ ਚਰਚੇ ਹੁੰਦੇ। ਇਹ ਸਭ ਸੁਣਦਿਆਂ ਸੁਰਿੰਦਰ ਦੇ ਮਨ ਵਿਚ ਵੀ ਸੁਫਨੇ ਜਾਗਿਆ ਕਰਦੇ ਸਨ। ਉਸ ਦਾ ਦਿਲ ਵੀ ਪੱਛਮੀ ਕੁੜੀਆਂ ਵਾਂਗ ਜੀਉਣ ਨੂੰ ਕਰਦਾ। ਉਹ ਸੋਚਦੀ ਕਿ ਇਹ ਪੱਬ, ਕਲੱਬ ਕਿਹੋ ਜਿਹੀ ਸਵਰਗੀ ਜਗਾਹ ਹੋਵੇਗੀ ਜਿਥੇ ਇਹ ਇੰਨਾ ਅਨੰਦ ਮਾਣਦੀਆਂ ਹਨ। ਡਿਸਕੋ ਉਸ ਨੇ ਸਿਰਫ ਟੈਲੀ 'ਤੇ ਹੀ ਦੇਖੀ ਸੀ। ਅੰਗਰੇਜ਼ੀ ਫਿਲਮਾਂ ਵੀ ਟੈਲੀ 'ਤੇ ਹੀ ਦੇਖੀਆਂ ਸਨ ਸਿਨਮੇ ਵਿਚ ਜਾ ਕੇ ਨਹੀਂ। ਕਦੇ ਕਦਾਈਂ ਦਿਲਬਾਗ ਸਭ ਨੂੰ ਭਾਰਤੀ ਫਿਲਮ ਦਿਖਾਉਣ ਸਭ ਨੂੰ ਲੈ ਜਾਇਆ ਕਰਦਾ ਸੀ। ਜਦ ਉਹ ਡਿਸਕੋ ਜਾਣ ਦੇ ਸੁਫਨੇ ਦੇਖਿਆ ਕਰਦੀ ਤਾਂ ਉਸੇ ਵੇਲੇ ਉਸ ਦੇ ਸਾਹਮਣੇ ਬਲਜਿੰਦਰ ਆ ਜਾਂਦੀ ਜਿਸ ਨੂੰ ਉਸ ਦੇ ਪਤੀ ਨੇ ਘਰ ਵਿਚ ਕੈਦੀ ਬਣਾ ਰੱਖਿਆ ਸੀ। ਕਿਤੇ ਆ-ਜਾ ਨਹੀਂ ਸੀ ਸਕਦੀ। ਹਨੀਮੂਨ ਤੋਂ ਵਾਪਸ ਆਉਂਦਿਆਂ ਹੀ ਉਹ ਗੁਲਵੰਤ ਨਾਲ ਫਿਲਮ ਦੇਖਣ ਗਈ, ਸੈਚ੍ਰਡੇ ਨਾਈਟ ਫੀਵਰ। ਇਸ ਫਿਲਮ ਦੇ ਗੀਤ ਬਹੁਤ ਮਸ਼ਹੂਰ ਹੋ ਰਹੇ ਸਨ। ਜਿਧਰ ਵੀ ਜਾਓ ਵਜ ਰਹੇ ਹੁੰਦੇ। ਫਿਲਮ ਦੇਖ ਕੇ ਵਾਪਸ ਮੁੜਦਿਆਂ ਉਸ ਨੇ ਕਿਹਾ,

"ਥੈਂਕਸ ਗੁੱਲ, ਮੇਰਾ ਬਹੁਤ ਮਨ ਸੀ ਅੰਗਰੇਜ਼ੀ ਫਿਲਮ ਦੇਖਣ ਦਾ। ਬਹੁਤ ਦੇਰ ਦੀ ਤਮੰਨਾ ਅਜ ਪੂਰੀ ਹੋਈ।"

"ਤੂੰ ਕਦੇ ਅੰਗਰੇਜ਼ੀ ਫਿਲਮ ਈ ਨਹੀਂ ਦੇਖੀ?"

"ਨਹੀਂ, ਘਰ ਦੇ ਅਲਾਓ ਨਹੀਂ ਕਰਦੇ।"

"ਪਰ ਡੈਡੀ ਤਾਂ ਏਦਾਂ ਦੇ ਨਹੀਂ।"

"ਡੈਡੀ ਤਾਂ ਨਹੀਂ ਪਰ ਜਿਹੜੇ ਓਹ ਦੋ ਭੱਬੂ ਬੈਠੇ ਆ, ਭਾਜੀ, ...ਉਹਨਾਂ ਦਾ ਵੀ ਖਿਆਲ ਰੱਖਣਾ ਪੈਂਦਾ।"

"ਮਾਈ ਟੈੱਨ ਬਾਈ ਟੈੱਨ, ਦਸ ਕਿਸੇ ਹੋਰ ਜਗਾਹ ਜਾਣ ਨੂੰ ਜਾਂ ਕੋਈ ਹੋਰ ਚੀਜ਼ ਦੇਖਣ ਦੀ ਤਮੰਨਾ ਅਧੂਰੀ ਰਹਿ ਗਈ ਹੋਵੇ...?"

"ਗੁੱਲ, ਇਕ ਤਾਂ ਮੇਰਾ ਪੱਬ ਅੰਦਰੋਂ ਦੇਖਣ ਨੂੰ ਦਿਲ ਕਰਦਾ, ਆਹ ਜਿਹੜੇ ਲੋਕ ਪੱਬ-ਪੱਬ ਗਾਉਂਦੇ ਆ, ਮੈਂ ਵੀ ਦੇਖਣਾ ਚਾਹੁੰਨੀ ਆਂ।"

ਉਸ ਦੀ ਗੱਲ ਸੁਣ ਕੇ ਗੁਲਵੰਤ ਹੱਸਣ ਲਗਿਆ ਤੇ ਬੋਲਿਆ,

"ਹੋਰ ਕੋਈ ਗੱਲ ਹੈਗੀ ਉਹ ਵੀ ਦੱਸ ਦੇ।"

www.PunjabiLibrary.com

''ਇਕ ਵਾਰੀ ਡਿਸਕੋ ਜਾਣਾ ਚਾਹੁੰਨੀ ਆਂ ਪਰ ਕਿਸੇ ਨੂੰ ਪਤਾ ਨਾ ਲਗੇ।''
''ਕਮਾਲ ਐ! ...ਤੂੰ ਵਾਈਫ ਮੇਰੀ ਐਂ ਕਿ ਕਿਸੇ ਹੋਰ ਦੀ? ਪਤਾ ਕਿਉਂ ਨਾ ਲਗੇ, ਇਹ ਕੋਈ ਚੋਰੀ ਐ!''

ਪੱਬ ਤਾਂ ਉਹ ਬਹੁਤ ਵਾਰੀ ਗਿਆ ਹੋਇਆ ਸੀ ਪਰ ਹਾਲੇ ਡਿਸਕੋ ਨਹੀਂ ਸੀ ਦੇਖੀ। ਵੈਂਬਲੇ ਹਾਈ ਰੋਡ 'ਤੇ ਹੀ ਡਿਸਕੋ-ਕਲੱਬ ਸੀ। ਸਰੂਪ ਨੇ ਉਸ ਨੂੰ ਬਾਹਰੋਂ ਦਿਖਾਇਆ ਹੋਇਆ ਸੀ ਤੇ ਇਹ ਵੀ ਦਸ ਦਿਤਾ ਸੀ ਕਿ ਇਥੇ ਟਿਕਟ ਲੈ ਕੇ ਜਾਣਾ ਪੈਂਦਾ ਹੈ, ਲਾਈਵ ਮਿਊਜ਼ਕ ਜਾਂ ਡੀ. ਜੇ. ਤੇ ਸੰਗੀਤ ਚਲ ਰਿਹਾ ਹੁੰਦਾ ਹੈ। ਡੀ. ਜੇ. ਚਲਾਉਣ ਵਾਲੇ ਬੰਦੇ ਨੂੰ ਡਿਸਕ-ਜੌਕੀ ਕਹਿੰਦੇ ਹਨ। ਉਹ ਭੜਕੀਲੇ ਤੇ ਸ਼ੋਰੀਲੇ ਗਾਣੇ ਵਜਾਉਂਦਾ ਹੈ। ਨੱਚਣ ਲਈ ਡਾਂਸ ਫਲੋਰ ਬਣੀ ਹੁੰਦੀ ਹੈ ਜਿਥੇ ਲੋਕ ਸੰਗੀਤ ਨਾਲ ਨੱਚਦੇ ਹਨ। ਪੱਬ ਵਾਂਗ ਬੀਅਰ ਵੀ ਮਿਲਦੀ ਹੈ। ਕੁੜੀਆਂ-ਮੁੰਡਿਆਂ ਨੂੰ ਦੋਸਤੀ ਕਰਨ ਲਈ ਇਹ ਬਹੁਤ ਢੁਕਵੀਂ ਜਗਾਹ ਹੈ। ਕਈ ਵਾਰ ਇਕ ਰਾਤ ਲਈ ਵੀ ਸਹੇਲੀਆਂ ਮਿਲ ਜਾਂਦੀਆਂ ਹਨ।

ਅਗਲੇ ਦਿਨ ਸੁਰਿੰਦਰ ਨੇ ਹਲਕਾ ਜਿਹਾ ਮੇਕਅੱਪ ਕੀਤਾ ਤੇ ਸੁਰਿੰਦਰ ਉਸ ਦਾ ਹੱਥ ਫੜ ਲੈ ਤੁਰਿਆ। ਘਰ ਦੇ ਨੇੜੇ ਹੀ ਪੱਬ ਸੀ, ਗੁਲਵੰਤ ਇਥੇ ਆ ਚੁੱਕਿਆ ਸੀ। ਉਹ ਪੱਬ ਅੰਦਰ ਗਏ। ਕੁਝ ਕੁ ਦੇਸੀ ਚਿਹਰੇ ਵੀ ਬੈਠੇ ਸਨ। ਇਕ ਵਾਰ ਉਹਨਾਂ ਨੇ ਇਸ ਜੋੜੇ ਵਲ ਦੇਖਿਆ ਤੇ ਫਿਰ ਆਪਣੇ ਆਪ ਵਿਚ ਰੁੱਝ ਗਏ। ਗੁਲਵੰਤ ਨੇ ਸਵੀਟ ਵਾਈਨ ਦੇ ਦੋ ਗਲਾਸ ਲੈ ਆਇਆ। ਸੁਰਿੰਦਰ ਨੇ ਪਹਿਲਾਂ ਵੀ ਵਾਈਨ ਪੀਤੀ ਹੋਈ ਸੀ ਪਰ ਬਹੁਤ ਘੱਟ। ਕੰਮ ਉਪਰ ਪਾਰਟੀਆਂ ਚਲਦੀਆਂ ਰਹਿੰਦੀਆਂ ਸਨ। ਵੈਸੇ ਤਾਂ ਉਸ ਨੇ ਇਕ ਵਾਰੀ ਮੈਗੀ ਦੀ ਸਿਗਰਟ ਦੇ ਕਸ਼ ਵੀ ਖਿੱਚ ਕੇ ਦੇਖੇ ਹੋਏ ਸਨ ਪਰ ਸਿਗਰਟ ਦੀ ਬੋਅ ਉਸ ਨੂੰ ਬਹੁਤ ਬੁਰੀ ਲਗਦੀ। ਪੱਬ ਵਿਚ ਜਾ ਕੇ ਉਸ ਨੇ ਸਾਰੇ ਪਾਸੇ ਨਜ਼ਰ ਦੁੜਾਈ ਫਿਰ ਉਹ ਗੁਲਵੰਤ ਨਾਲ ਇਕ ਸੋਫੇ 'ਤੇ ਬੈਠ ਵਾਈਨ ਦੇ ਘੁੱਟ ਭਰਨ ਲਗੀ। ਉਸ ਨੂੰ ਬਹੁਤ ਚੰਗਾ ਲਗ ਰਿਹਾ ਸੀ। ਉਸ ਦਾ ਦਿਲ ਕਰਨ ਲਗਿਆ ਕਿ ਇਥੋਂ ਹੀ ਸੁਖਵੀਰ ਨੂੰ ਫੋਨ ਕਰਕੇ ਇਹ ਖੁਸ਼ੀ ਸਾਂਝੀ ਕਰੇ। ਹੁਣ ਉਹ ਸੁਖਵੀਰ ਨਾਲ ਕਾਫੀ ਸਾਰੀਆਂ ਗੱਲਾਂ ਕਰ ਲਿਆ ਕਰਦੀ ਸੀ। ਗੁਲਵੰਤ ਦਾ ਸੁਭਾਅ ਦੇਖ ਕੇ ਹੁਣ ਸੁਖਵੀਰ ਦਾ ਵੀ ਦਿਲ ਕਰਨ ਲਗਿਆ ਸੀ ਕਿ ਉਹੋ ਜਿਹਾ ਖੁਲ੍ਹਦਿਲਾ ਪਤੀ ਹੀ ਉਸ ਨੂੰ ਵੀ ਮਿਲੇ।

ਉਹ ਕਾਫੀ ਦੇਰ ਤਕ ਪੱਬ ਵਿਚ ਬੈਠੇ ਰਹੇ। ਭਾਵੇਂ ਉਹਨਾਂ ਸਵੇਰੇ ਕੰਮਾਂ ਤੇ ਵੀ ਜਾਣਾ ਸੀ ਪਰ ਉਹ ਵਾਈਨ ਤੇ ਮਹੌਲ ਦਾ ਅਨੰਦ ਲੈਂਦੇ ਰਹੇ। ਤਿੰਨ ਤਿੰਨ ਗਲਾਸ ਵਾਈਨ ਦੇ ਪੀ ਗਏ। ਗੁਲਵੰਤ ਤਾਂ ਠੀਕ ਸੀ ਪਰ ਸੁਰਿੰਦਰ ਨੂੰ ਨਸ਼ਾ ਹੋ ਗਿਆ। ਉਹ ਗੁਲਵੰਤ ਭਾਵੁਕ ਹੁੰਦੀ ਗੁਲਵੰਤ ਨੂੰ ਚੁੰਬੜੀ ਜਾ ਰਹੀ ਸੀ। ਘਰ ਉਹ ਜ਼ਰਾ ਲੇਟ ਹੀ ਪੁੱਜੇ। ਸਰੂਪ ਤਾਂ ਹੁਣ ਤਕ ਸੌਂ ਚੁੱਕਿਆ ਸੀ, ਉਸ ਨੇ ਤੜਕੇ ਉਠਣਾ ਸੀ। ਬੱਚੇ ਵੀ ਬਿਸਤਰ ਵਿਚ ਜਾ ਵੜੇ ਸਨ। ਸਤਨਾਮੀ ਉਹਨਾਂ ਨੂੰ ਉਡੀਕ ਰਹੀ ਸੀ। ਸੁਰਿੰਦਰ ਅੰਦਰ ਆਉਂਦੀ ਹੀ ਬਾਥਰੂਮ ਚਲੇ ਗਈ ਤਾਂ ਜੋ ਉਸ ਦੇ ਲੜਖੜਾਉਂਦੇ ਪੈਰ ਸਤਨਾਮੀ ਦੀ ਨਜ਼ਰ ਨਾ ਪੈਣ। ਸਤਨਾਮੀ ਉਹਨਾਂ ਬਾਰੇ ਫਿਕਰਵੰਦ ਸੀ। ਉਹਨਾਂ ਦੇ ਆਉਂਦਿਆਂ ਹੀ ਉਹ ਵੀ ਸੌਣ ਚਲੇ ਗਈ। ਰੋਟੀ ਖਾ ਕੇ ਉਹ ਵੀ ਸੌਂ ਗਏ। ਸਵੇਰੇ ਉਠੇ ਤਾਂ ਪਤਾ ਚਲਿਆ ਕਿ ਸੁਰਿੰਦਰ ਦੇ ਕੰਨ ਦਾ ਇਕ ਬਾਲ਼ਾ ਰਾਤੀਂ ਕਿਤੇ ਡਿਗ ਪਿਆ ਸੀ।

ਉਹਨਾਂ ਨੇ ਛੇਤੀਂ ਹੀ ਆਪਣਾ ਘਰ ਲੈ ਲਿਆ। ਤੇਰਾਂ ਹਜ਼ਾਰ ਦਾ ਘਰ। ਤਿੰਨ ਹਜ਼ਾਰ ਉਹਨਾਂ ਕੋਲ ਡਿਪੌਜ਼ਟ ਸੀ ਤੇ ਦਸ ਹਜ਼ਾਰ ਦੀ ਮੌਰਟਗੇਜ। ਘਰ ਉਪਰ ਕੰਮ ਹੋਣ ਵਾਲਾ ਸੀ, ਇਸ ਕਰਕੇ ਕੁਝ ਸਸਤਾ ਸੀ। ਸਰੂਪ ਦਾ ਕਹਿਣਾ ਸੀ ਕਿ ਇਹ ਕੰਮ ਉਹਨਾਂ ਨੂੰ ਆਪ ਕਰ ਲੈਣਾ ਚਾਹੀਦਾ ਹੈ। ਹਿੰਮਤ ਕਰਕੇ ਘਰ ਵਿਚ ਪੇਪਰ ਆਪ ਹੀ ਲਾ ਲਿਆ ਤੇ ਪੇਂਟ ਵੀ ਕਰ ਲਿਆ। ਕਾਰਪੈੱਟ ਵਾਲੀ ਕੰਪਨੀ ਆ ਕੇ ਕਾਰਪੈੱਟ ਪਾ ਗਈ। ਗੁਲਵੰਤ ਦਾ ਹੱਥ ਵੀ ਕੰਮ ਨੂੰ ਛੋਹਲ੍ਹਾ ਸੀ ਤੇ ਸੁਰਿੰਦਰ ਤਾਂ ਸੀ ਹੀ ਕੰਮ ਨੂੰ ਤਕੜੀ। ਲੰਮਾ ਕਦ ਹੋਣ ਕਰਕੇ ਕਈ ਵਾਰੀ ਪੌੜੀ ਦੀ ਵੀ ਲੋੜ ਨਾ ਪੈਂਦੀ। ਸਰੂਪ ਵਾਲੀ ਰੋਡ ਦੇ ਨਾਲ ਦੀ ਰੋਡ ਉਪਰ ਹੀ ਘਰ ਸੀ। ਸਰੂਪ ਘਰ ਲੈਣ ਵਿਚ ਬਹੁਤੀ ਸਲਾਹ ਨਾ ਦੇ ਸਕਿਆ ਕਿਉਂਕਿ ਉਸ ਕੋਲ ਵਕਤ ਹੀ ਨਹੀਂ ਸੀ। ਸੁਰਜਨ ਸਿੰਘ ਨੇ ਖਰੀਦਣ ਤੋਂ ਪਹਿਲਾਂ ਘਰ ਦੇਖਿਆ ਵੀ ਸੀ ਤੇ ਆਪਣੀ ਰਾਏ ਵੀ ਦੇ ਗਿਆ ਸੀ। ਘਰ ਨੂੰ ਉਹਨਾਂ ਜਲਦੀ ਹੀ ਰਹਿਣ ਯੋਗ ਬਣਾ ਲਿਆ ਪਰ ਉਹ ਰਹਿੰਦੇ ਹਾਲੇ ਵੀ ਸਰੂਪ ਦੇ ਘਰ ਹੀ ਸਨ। ਉਹਨਾਂ ਨੇ ਘਰ ਵਿਚ ਹਾਲੇ ਸਮਾਨ ਪਾਉਣਾ ਸੀ। ਉਹ ਇਹ ਵੀ ਸੋਚਦੇ ਸਨ ਕਿ ਸਰੂਪ ਕੋਲ ਰਹਿੰਦੇ ਹੋਏ ਘਰ ਵਿਚ ਇਕ ਇਕ ਕਰਕੇ ਸਮਾਨ ਵੀ ਪਾਉਂਦੇ ਰਹਿਣਗੇ।

ਸਤਨਾਮੀ ਨੇ ਹੁਣ ਡਰਾਈਵਿੰਗ ਲਾਇਸੰਸ ਲੈ ਲਿਆ ਸੀ। ਬੱਚੇ ਸਕੂਲ ਛੱਡ ਉਹ ਦੁਕਾਨ 'ਤੇ ਚਲੇ ਜਾਂਦੀ। ਸਕੂਲੋਂ ਛੁੱਟੀ ਹੋਣ ਤੋਂ ਪਹਿਲਾਂ ਮੁੜ ਆਉਂਦੀ। ਜਦ ਦੁਕਾਨ ਚੰਗੀ ਤਰ੍ਹਾਂ ਚੱਲ ਪਈ ਤਾਂ ਸਰੂਪ ਨੇ ਆਪਣੀ ਨੌਕਰੀ ਛੱਡ ਦਿਤੀ ਸੀ। ਹੁਣ ਉਸ ਦੀ ਕੋਸ਼ਿਸ਼ ਸੀ ਕਿ ਇਸ ਦੁਕਾਨ ਨੂੰ ਫਰੀਹੋਲਡ ਖਰੀਦ ਲਵੇ ਤਾਂ ਜੋ ਉਸ ਨੂੰ ਕਿਰਾਇਆ ਨਾ ਦੇਣਾ ਪਵੇ। ਹੌਲੀ ਹੌਲੀ ਇਸ ਦਾ ਮਾਲਕ ਵੇਚਣ ਲਈ ਤਿਆਰ ਹੋ ਗਿਆ। ਸਰੂਪ ਨੇ ਘਰ ਵੇਚ ਕੇ ਦੁਕਾਨ ਖਰੀਦ ਲਈ। ਦੁਕਾਨ ਦੇ ਉਪਰ ਰਹਿਣ ਲਈ ਫਲੈਟ ਹੈ ਹੀ ਸੀ। ਬੱਚਿਆਂ ਦੇ ਸਕੂਲ ਵੀ ਐਕਟਨ ਵਿਚ ਹੀ ਲੱਭ ਲਏ।

ਦੁਕਾਨ ਉਪਰ ਰਿਹਾਇਸ਼ ਲੈ ਜਾਣ ਕਾਰਨ ਸਰੂਪ ਦੀ ਜ਼ਿੰਦਗੀ ਕੁਝ ਸੌਖੀ ਹੋ ਗਈ। ਸਤਨਾਮੀ ਬਰਾਬਰ ਕੰਮ ਕਰਨ ਲਗੀ, ਘਰ ਨੂੰ ਆਉਣ-ਜਾਣ ਦਾ ਸਮਾਂ ਵੀ ਬਚਣ ਲਗਿਆ। ਸਰੂਪ ਦੇ ਦੁਕਾਨ 'ਤੇ ਚਲੇ ਜਾਣ ਤਕ ਗੁਲਵੰਤ ਤੇ ਸੁਰਿੰਦਰ ਆਪਣੇ ਘਰ ਚਲੇ ਗਏ ਸਨ। ਹਾਲੇ ਉਹਨਾਂ ਪੂਰਾ ਸਮਾਨ ਤਾਂ ਨਹੀਂ ਸੀ ਪਾਇਆ ਪਰ ਕੰਮ ਚਲਦਾ ਕਰ ਲਿਆ ਹੋਇਆ ਸੀ। ਇਕ ਦਿਨ ਸਰੂਪ ਕਹਿਣ ਲਗਿਆ,

"ਕਿਉਂ ਨਹੀਂ ਇਕੋ ਦਮ ਸਾਰਾ ਸਮਾਨ ਪਾ ਲੈਂਦਾ, ਪੈਸੇ ਮੇਰੇ ਤੋਂ ਲੈ ਲਾ, ਥੋੜੇ ਥੋੜੇ ਕਰਕੇ ਮੋੜਦਾ ਰਹੀਂ।"

"ਉਹ ਤਾਂ ਠੀਕ ਆ ਭਾਜੀ ਪਰ ਮੇਰਾ ਦਿਲ ਕਰਦਾ ਕਿ ਤੀਲਾ-ਤੀਲਾ ਕਰਕੇ ਘਰ ਬਣਾਇਆ ਜਾਵੇ, ਹੌਲੀ ਹੌਲੀ ਇਕ ਇਕ ਕਰਕੇ ਸਮਾਨ ਖਰੀਦਿਆ ਜਾਵੇ, ਇਹ ਅਨੁਭਵ ਸਾਰੀ ਉਮਰ ਖੁਸ਼ੀ ਦਿੰਦਾ ਰਹੇਗਾ।"

ਸਰੂਪ ਨੂੰ ਉਸ ਦੀ ਗੱਲ ਬਹੁਤੀ ਚੰਗੀ ਨਾ ਲਗੀ ਪਰ ਉਸ ਨੇ ਕਿਹਾ ਵੀ ਕੁਝ ਨਾ। ਕੁਝ ਦੇਰ ਬਾਅਦ ਉਹ ਕਹਿਣ ਲਗਿਆ,

"ਗੁੱਲੂ, ਤੂੰ ਕਰਨੀ ਮਰਜ਼ੀ ਐ ਪਰ ਇਕ ਗੱਲ ਦੱਸਾਂ, ਤੀਵੀਂਆਂ ਨੂੰ ਬਹੁਤਾ ਸਿਰ 'ਤੇ ਨਹੀਂ ਬੈਠਾਈਦਾ, ਜੇ ਬੈਠਾਈਏ ਤਾਂ ਇਹ ਥੱਲੇ ਨਹੀਂ ਉਤਰਦੀਆਂ, ਜਿੰਨਾ ਨੂੰ ਘਰਵਾਲੀ ਨੂੰ ਸਿਰ ਤੇ ਚੜ੍ਹਾਈ ਜਾਨੈ, ਤੈਨੂੰ ਸਾਰੀ ਉਮਰ ਤੰਗ ਕਰੂ, ਫਿਰ ਰੋਏਂਗਾ।"

ਗੁਲਵੰਤ ਨੂੰ ਸਰੂਪ ਦੀ ਇਹ ਗੱਲ ਬਿਲਕੁਲ ਚੰਗੀ ਨਾ ਲਗੀ ਪਰ ਉਹ ਚੁੱਪ ਰਿਹਾ। ਵੱਡੇ ਭਰਾ ਮੂਹਰੇ ਕੁਝ ਬੋਲ ਵੀ ਨਹੀਂ ਸੀ ਸਕਦਾ। ਉਹ ਸਮਝਦਾ ਸੀ ਕਿ ਸਰੂਪ ਸੁਰਿੰਦਰ ਨੂੰ ਪੱਛਾਨਣ ਵਿਚ ਗਲਤੀ ਕਰ ਰਿਹਾ ਹੈ ਜਾਂ ਫਿਰ ਉਸ ਦਾ ਔਰਤ ਪ੍ਰਤੀ ਰਵੱਈਆ ਹੀ ਅਜਿਹਾ ਹੈ। ਇਹਨਾਂ ਦਿਨਾਂ ਵਿਚ ਹੀ ਗੁਲਵੰਤ ਨੇ ਵੀ ਡਰਾਈਵਿੰਗ ਟੈੱਸਟ ਪਾਸ ਕਰ ਲਿਆ। ਉਹ ਇਹ ਖੁਸ਼ੀ ਸਾਂਝੀ ਕਰਨ ਸਰੂਪ ਕੋਲ ਗਿਆ। ਸਰੂਪ ਨੂੰ ਵੀ ਇਸ ਗੱਲ ਦੀ ਬਹੁਤ ਖੁਸ਼ੀ ਹੋਈ। ਉਹ ਸਲਾਹ ਦਿੰਦਾ ਬੋਲਿਆ,

"ਹਾਲੇ ਤੇਰੇ ਮੂਹਰੇ ਹਾਲੇ ਬਹੁਤ ਖਰਚੇ ਪਏ ਆ, ਸਾਰਾ ਸਮਾਨ ਲੈਣ ਵਾਲਾ, ਕਿਤੇ ਘਰ ਵਾਲੀ ਮਗਰ ਲਗ ਕੇ ਕਾਰ ਨਾ ਖਰੀਦ ਲਵੀਂ। ਜੇ ਕਾਰ ਦੀ ਲੋੜ ਹੋਵੇ ਵੀ ਤਾਂ ਮੇਰੀ ਵਰਤ ਲਈਂ।"

"ਕਾਰ ਤਾਂ ਭਾਜੀ, ਅਸੀਂ ਹਾਲੇ ਅਸੀਂ ਨਹੀਂ ਲੈਣੀ।"

"ਠੀਕ ਐ ਪਰ ਇਹ ਮਾਈਆਂ ਬਹੁਤ ਖਰਾਬ ਹੁੰਦੀਆਂ, ਧਿਆਨ ਨਾਲ ਚੱਲਣਾ ਪੈਂਦਾ। ...ਇਕ ਗੱਲ ਹੋਰ ਦਸ ਦੇਵਾਂ, ਮੰਨਦਾਂ ਬਈ ਤੁਹਾਡਾ ਬਹੁਤ ਪਿਆਰ ਐ ਪਰ ਵਿਆਹ ਅਜੀਬ ਚੀਜ਼ ਹੁੰਦੀ ਐ, ਜਿਥੇ ਪਿਆਰ ਜ਼ਿਆਦਾ ਹੋਵੇ ਉਥੇ ਗੁੱਸਾ ਵੀ ਬਹੁਤਾ ਆਉਂਦਾ ਹੁੰਦੈ। ...ਤੈਨੂੰ ਬਹੁਤ ਧਿਆਨ ਨਾਲ ਚੱਲਣ ਦੀ ਲੋੜ ਐ, ਬੈਲੈਂਸ ਰੱਖਕੇ।"

ਸਰੂਪ ਇਵੇਂ ਗੱਲ ਕਰ ਰਿਹਾ ਸੀ ਜਿਵੇਂ ਉਸ ਨੂੰ ਕਿਸੇ ਭੇਦ ਦਾ ਪਤਾ ਹੋਵੇ। ਗੁਲਵੰਤ ਚੁਪ ਕਰਕੇ ਸੁਣਦਾ ਰਿਹਾ। ਸਰੂਪ ਨੇ ਅਗੇ ਕਿਹਾ,

"ਆਹ ਸਾਲ ਦੀ ਸਟੈਂਪ ਵਾਲਾ ਕਾਨੂੰਨ ਬਹੁਤ ਕੁੱਤਾ! ...ਕੁੜੀ ਦੇ ਹੱਥ ਵਿਚ ਏਨੀ ਤਾਕਤ ਦੇ ਦਿੰਦਾ ਕਿ ਸਾਲ ਭਰ ਘਰ ਵਾਲ਼ੀ ਸਾਹਮਣੇ ਲੀਕਾਂ ਕੱਢਣੀਆਂ ਪੈਂਦੀਆਂ। ਮੁੰਡੇ ਨੇ ਮਾੜੀ ਜਿਹੀ ਤਿੜ-ਫਿੜ ਕੀਤੀ ਨਹੀਂ ਕਿ ਚੁੱਕ ਕੇ ਇੰਡੀਆ ਮਾਰਿਆ ਨਹੀਂ। ਸਾਲ ਭਰ ਪਿਆਰ ਨਾਲ ਰਹਿ ਪਰ ਬੈਲੈਂਸ ਰੱਖ ਕੇ। ...ਮਿਸਾਲ ਦੇ ਤੌਰ 'ਤੇ ਅਜ ਜੇ ਤੂੰ ਘਰਵਾਲੀ ਨੂੰ ਬਹੁਤਾ ਚੁੱਕੀ ਜਾਵੇਂ ਤਾਂ ਜਦ ਕਿਸੇ ਗੱਲੋਂ ਰੋਕਣਾ ਚਾਹੇਂਗਾ ਤਾਂ ਰੁਕੇਗੀ ਨਹੀਂ, ਤੂੰ ਆਪ ਸਿਆਣਾਂ। ...ਜਿੰਦਾਂ ਮਰਜ਼ੀ ਕੱਢ, ਇਕ ਸਾਲ ਸੁਖ-ਸਾਂਦ ਨਾਲ ਕੱਢ, ਸਾਲ ਪੂਰਾ ਹੋਣ ਤੋਂ ਮਹੀਨਾ ਪਹਿਲਾਂ ਈ ਪਾਸਪੋਰਟ ਹੋਮ ਆਫਿਸ ਨੂੰ ਭੇਜ ਦੇਵੀਂ।"

ਗੁਲਵੰਤ ਨੂੰ ਸਰੂਪ ਦੀਆਂ ਗੱਲਾਂ ਚੰਗੀਆਂ ਨਹੀਂ ਸਨ ਲਗ ਰਹੀਆਂ ਪਰ ਸਾਲ ਵਾਲੀ ਮਰੋੜੀ ਉਸ ਨੂੰ ਤੰਗ ਕਰਨ ਲਗੀ। ਜੇ ਸੁਰਿੰਦਰ ਉਸ ਨਾਲ ਰੁੱਸ ਜਾਵੇ ਜਾਂ ਉਸ ਤੋਂ ਖੁਸ਼ ਨਾ ਹੋਵੇ ਤਾਂ ਉਸ ਨੂੰ ਵਾਪਸ ਇੰਡੀਆ ਵੀ ਭੇਜ ਸਕਦੀ ਹੈ। ਉਸ ਨੇ ਇਕ ਪਲ ਲਈ ਆਪਣੇ ਆਪ ਨੂੰ ਸਵਾਲ ਕੀਤਾ ਕਿ ਕੀ ਸੁਰਿੰਦਰ ਅਜਿਹੀ ਹੈ; ਨਹੀਂ ਸੁਰਿੰਦਰ ਅਜਿਹੀ ਨਹੀਂ। ਜੇ ਨਹੀਂ ਤਾਂ ਉਸ ਨੂੰ ਖੁਸ਼ ਕਰਨ ਲਈ ਨਕਲੀ ਰਿਸ਼ਤਾ ਕਿਉਂ ਰੱਖੇ, ਜੋ ਕੁਝ ਹੈ ਉਹੀ ਕੁਝ ਪੇਸ਼ ਕਿਉਂ ਨਾ ਕਰੇ। ਉਹ ਸਰੂਪ ਕੋਲੋਂ ਆ ਗਿਆ ਪਰ ਇਸ ਵਿਸ਼ੇ ਨੂੰ ਲੈ ਕੇ ਉਸ ਨੇ ਬਹੁਤਾ ਉਲਝਣਾ ਠੀਕ ਨਾ ਸਮਝਿਆ। ਉਸ ਨੂੰ ਪਤਾ ਸੀ ਕਿ ਬਰਤਾਨਵੀ ਸਰਕਾਰ ਵਲੋਂ ਇਕ ਸਾਲ ਦੀ ਕੱਚੀ ਸਟੈਂਪ ਦੇਣਾ ਨਕਲੀ ਵਿਆਹਾਂ ਨੂੰ ਰੋਕਣਾ ਹੈ। ਕਿੰਨੇ ਲੋਕ ਨਕਲੀ ਵਿਆਹਾਂ ਨਾਲ ਇੰਗਲੈਂਡ ਤੁਰੇ ਆ ਰਹੇ ਹਨ। ਭਾੜੇ ਦੀਆਂ ਔਰਤਾਂ ਤਾਂ ਮਿਲ ਹੀ ਜਾਂਦੀਆਂ ਹਨ, ਧੀਆਂ ਆਪਣੇ ਪਿਓਵਾਂ ਨੂੰ ਤੇ ਭੈਣਾਂ ਆਪਣੇ ਭਰਾਵਾਂ ਨੂੰ ਪਤੀ ਬਣਾ ਕੇ ਲੰਘਾ ਰਹੀਆਂ ਹਨ। ਇੰਗਲੈਂਡ ਲੰਘਣ ਲਈ ਸਾਡੇ ਲੋਕ ਸਾਰੇ ਸਦਾਚਾਰ ਛਿੱਕੇ ਟੰਗ ਦਿੰਦੇ ਹਨ।

ਸਰੂਪ ਨੇ ਅਜਿਹੀ ਚਿਤਾਵਨੀ ਉਸ ਨੂੰ ਕਈ ਵਾਰ ਦਿਤੀ। ਗੱਲ ਕਰਦਾ ਸਰੂਪ ਗੁੱਸੇ ਜਿਹੇ ਵਿਚ ਵੀ ਆ ਜਾਂਦਾ। ਉਸ ਨੂੰ ਅਜਿਹੇ ਕਈ ਕੇਸਾਂ ਦਾ ਪਤਾ ਸੀ ਜਦੋਂ ਕੁੜੀਆਂ ਨੇ ਮੁੰਡਿਆਂ ਨੂੰ ਇੰਡੀਆ ਮੋੜ ਦਿਤਾ ਸੀ। ਗੁਲਵੰਤ ਸਮਝਦਾ ਸੀ ਕਿ ਸਰੂਪ ਅੱਤ-ਚੇਤੰਨ ਕਿਸਮ ਦਾ ਬੰਦਾ ਹੈ ਤੇ ਆਪਣੇ ਤਜੁਰਬੇ ਵਿਚੋਂ ਜਨਮੇ ਡਰ ਦਾ ਇਜ਼ਹਾਰ ਕਰ ਰਿਹਾ ਹੈ ਪਰ ਸੁਰਿੰਦਰ ਅਜਿਹੀ ਨਹੀਂ ਹੈ।

ਦਿਲਬਾਗ ਉਸ ਨੂੰ ਮਿਲਦਾ ਤਾਂ ਕਦੇ ਸਾਢੂਆ ਕਹਿ ਕੇ ਸੰਬੋਧਨ ਹੁੰਦਾ ਤੇ ਕਦੇ ਦੋਹਤਿਆ ਕਹਿ ਕੇ। ਜੇ ਚੰਗੇ ਮੋਹ ਦੇ ਰੌਂਅ ਵਿਚ ਹੁੰਦਾ ਤਾਂ ਆਖਦਾ; ਆ ਬਈ ਛੋਟੇ ਭਾਈ। ਗੁਰਜੰਟ ਨੂੰ ਦਿਲਬਾਗ 'ਭੰਡ' ਕਹਿ ਕੇ ਚੇਤੇ ਕਰਦਾ। ਉਹਨਾਂ ਦਾ ਆਪਸ ਵਿਚ ਮੇਲ-ਮਿਲਾਪ ਤਾਂ ਹੁਣ ਬਿਲਕੁਲ ਖਤਮ ਹੀ ਸੀ। ਗੁਰਜੰਟ ਨੇ ਗੁਲਵੰਤ ਨੂੰ ਵੀ ਦਿਲਬਾਗ ਨਾਲ ਹੀ ਨੱਥੀ ਕਰਦਿਆਂ ਮਿਲਣਾ ਬੰਦ ਕਰ ਦਿਤਾ ਸੀ। ਗੁਲਵੰਤ ਨੇ ਇੰਨੀ ਕੁ ਹਿੰਮਤ ਕਰ ਲਈ ਸੀ ਕਿ ਇਕ ਵਾਰ ਸੁਰਿੰਦਰ ਨੂੰ ਲੈ ਕੇ ਉਸ ਦੇ ਘਰ ਜਾ ਆਇਆ ਸੀ। ਇਵੇਂ ਗੁਰਜੰਟ ਦੇ ਘਰ ਜਾਣ 'ਤੇ ਪਰਕਾਸ਼ ਕੌਰ ਬਹੁਤ ਖੁਸ਼ ਸੀ। ਗੁਲਵੰਤ ਦੀ ਵਡਿਆਈ ਕਰਦੀ ਆਖਣ ਲਗਦੀ ਕਿ ਪੜ੍ਹਿਆ ਲਿਖਿਆ ਮੁੰਡਾ ਹੈ, ਅਕਲਵੰਦ ਤਾਂ ਹੋਵੇਗਾ ਹੀ। ਦਿਲਬਾਗ ਨੂੰ ਪਤਾ ਚਲਿਆ ਤਾਂ ਉਸ ਨੇ ਗੁਲਵੰਤ ਨੂੰ ਫੋਨ ਕਰ ਕੇ ਕਿਹਾ,

"ਛੋਟੇ ਭਾਈ, ਛੋਟੇ ਬੰਦਿਆਂ ਦੇ ਘਰ ਜਾਣ ਵਿਚ ਆਪਣੀ ਬੇਇਜ਼ਤੀ ਐ, ਧਿਆਨ ਰੱਖੀਦੈ।"

ਜਦ ਵੀ ਗੁਲਵੰਤ ਲੇਅਟਨ ਸਟੋਨ ਜਾਂਦਾ ਤਾਂ ਦਿਲਬਾਗ ਉਸ ਨੂੰ ਖੂਬ ਘੁਮਾਉਂਦਾ, ਕਦੇ ਇਕ ਪੱਬ ਕਦੇ ਦੂਜੇ। ਕਈ ਵਾਰ ਬਲਜੀਤ ਜਾਂ ਅਵਤਾਰ ਵੀ ਨਾਲ ਹੁੰਦੇ। ਦਿਲਬਾਗ ਤੇ ਬਲਜੀਤ ਤਾਂ ਇਕੱਠੇ ਘੁੰਮਦੇ ਹੀ ਰਹਿੰਦੇ ਸਨ, ਉਹ ਆਪਸ ਵਿਚ ਕਾਫੀ ਖੁਲ੍ਹੇ ਵੀ ਸਨ ਪਰ ਬਲਜੀਤ ਗੁਲਵੰਤ ਨਾਲ ਖੁਲ੍ਹ ਕੇ ਗੱਲ ਨਾ ਕਰਦਾ। ਗੁਲਵੰਤ ਵੀ ਸੰਕੋਚਵੀਂ ਜਿਹਾ ਵਾਰਤਾਲਾਪ ਹੀ ਕਰਦਾ। ਵੈਸੇ ਗੁਲਵੰਤ ਦੀ ਕੋਸ਼ਿਸ਼ ਹੁੰਦੀ ਕਿ ਜਿਹੋ ਜਿਹੀ ਮਹਿਫਲ ਹੋਵੇ ਆਪਣੇ ਆਪ ਨੂੰ ਉਹੋ ਜਿਹਾ ਢਾਲ਼ ਲਵੇ। ਦਿਲਬਾਗ ਦਾ ਮੋਹ ਉਸ ਨੂੰ ਚੰਗਾ ਵੀ ਲਗਦਾ ਸੀ। ਅਵਤਾਰ ਨਾਲ ਉਹ ਕੁਝ ਇਕ ਵਾਰ ਬੈਠ ਚੁੱਕਿਆ ਸੀ, ਉਸ ਦੀ ਸੰਗਤ ਉਸ ਨੂੰ ਬਹੁਤ ਪਸੰਦ ਸੀ। ਅਵਤਾਰ ਆਪਣੇ ਬੰਬਈ ਦੀ ਫਿਲਮ ਨਗਰੀ ਦੇ ਤਜੁਰਬੇ ਮਸਾਲਾ ਲਾ ਲਾ ਕੇ ਸੁਣਾਉਂਦਾ। ਅਵਤਾਰ ਤੇ ਦਿਲਬਾਗ ਦੀ ਨੋਂਕ-ਝੋਂਕ ਵੀ ਉਸ ਨੂੰ ਚੰਗੀ ਲਗਦੀ। ਦਿਲਬਾਗ ਕਹਿੰਦਾ,

"ਲੰਮਿਆਂ, ਲਾਜੋ ਦੀ ਕੁਛੜ ਕਿੰਨੇ ਨਿਆਣੇ ਤੇਰੇ ਆ?"

"ਜਾ ਓ ਜਾਹ, ਮੈਂ ਏਦਾਂ ਦਾ ਨਹੀਂ, ...ਪੰਜਾਹ ਵਾਰੀ ਤਾਂ ਦਸ ਚੁੱਕਾਂ...!"

"ਬਾਹਮਣ ਤੋਂ ਕੁਝ ਹੁੰਦਾ ਨਈਂ ਤੇ ਤੂੰ ਕੁਝ ਕੀਤਾ ਨਹੀਂ, ...ਸਾਲ਼ਿਆ, ਜੇ ਤੂੰ ਏਦਾਂ ਦਾ ਨਹੀਂ ਤਾਂ ਆਹ ਨਿਆਣੇ ਖੁੰਗੇ ਨਾਲ ਹੋ ਗਏ?"

ਗੱਲ ਕਰ ਦਿਲਬਾਗ ਤਾੜੀ ਮਾਰ ਕੇ ਹੱਸਦਾ। ਕਦੇ ਉਹ ਆਖਣ ਲਗਦਾ,

"ਲੰਮਿਆਂ, ਬਾਹਮਣ ਤਾਂ ਹੁਣ ਬੁੜਾ ਹੋ ਗਿਆ, ...ਮਿੱਠਾ ਖਾਣਾ ਸ਼ੁਰੂ ਕੀਤਾ ਕਿ ਨਹੀਂ?"

"ਬਾਗਿਆ, ਤੇਰਾ ਦਿਮਾਗ ਉਲਟਾ ਕੰਮ ਕਰਦਾ, ਤੈਨੂੰ ਪਤਾ ਮੇਰੇ ਕੋਲ ਦਾਣਾ ਖੰਡ ਦਾ ਘਾਟਾ ਨਹੀਂ, ਭਲਾ ਜਿਹਨੂੰ ਦਾਣਾ ਖੰਡ ਖਾਣ ਦੀ ਆਦਤ ਹੋਵੇ, ਕਾਲ਼ੀ ਸ਼ੱਕਰ ਦੇ ਫੱਕੇ ਕਿਉਂ ਮਾਰੂ!"

"ਹੈ ਕਮਲ਼ਾ! ਸ਼ੱਕਰ ਦਾ ਆਪਣਾ ਸਵਾਦ ਤੇ ਖੰਡ ਦਾ ਆਪਣਾ, ...ਨਾਲ਼ੇ ਛੋਟੇ ਮੁੰਡੇ ਦੀਆਂ ਅੱਖਾਂ ਤੇਰੇ ਵਰਗੀਆਂ ਕਿੱਦਾਂ ਹੋ ਗਈਆਂ?"

ਦਿਲਬਾਗ ਗੱਲ ਕਰ ਕੇ ਉੱਚੀ ਦੇਣੀ ਹੱਸਦਾ। ਅਵਤਾਰ ਗੁਲਵੰਤ ਨੂੰ ਕਹਿਣ ਲਗਦਾ,

"ਦੇਖ ਇਹ ਪਿਓ ਦੀ ਦਾਹੜੀ ਨੂੰ ਕਿੱਦਾਂ ਪੈਂਦਾ! ...ਓ ਬਈ ਮੈਂ ਚਾਹਲ ਦੇ ਗਰੁੱਪ ਦਾ ਬੰਦਾਂ, ...ਜ਼ਰਾ ਇਜ਼ਤ ਨਾਲ ਪੇਸ਼ ਆ ਯਾਰ!"

"ਤੇਰਾ ਗਰੁੱਪ ਭਾਵੇਂ ਸਾਡੇ ਸੁਹਰੇ ਵਾਲ਼ਾ ਹੋਵੇ ਪਰ ਤੂੰ ਸਾਡੀ ਕਲੱਬ ਦਾ ਮੈਂਬਰ ਐਂ, ...ਤੂੰ ਤੁਰੀ ਜਾਂਦੀ ਤੀਵੀਂ ਨੂੰ ਸਕੈਨ ਕਰ ਜਾਨੈ ਤੇ ਸੁਹਰਾ ਸਾਡਾ ਵਿਚਾਰਾ ਨੀਵੀਂ ਪਾ ਕੇ ਤੁਰਨ ਵਾਲ਼ਾ ਬੰਦਾ, ...ਉਹਦੀ ਨੀਵੀਂ ਤਾਂ ਕਈ ਵਾਰੀ ਏਦਾਂ ਦੀ ਹੁੰਦੀ ਐ ਕਿ ਭਾਵੇਂ ਖੰਭੇ ਵਿਚ ਜਾ ਵੱਜੇ।"

"ਤੈਨੂੰ ਆਪਣੇ ਸੁਹਰੇ ਬਾਰੇ ਪਤਾ ਈ ਕੀ ਐ!"

"ਕਿਉਂ, ਉਹ ਵੀ ਖਿਡਾਰੀ ਰਿਹੈ?"

"ਮੈਂ ਕਿਉਂ ਦੱਸਾਂ ਬਈ ਆਪਣੇ ਮਿੱਤਰ ਦੀ ਕੋਈ ਗੱਲ!"

"ਕਿਤੇ ਉਹ ਵੀ ਤਾਂ ਨਹੀਂ ਤੇਰੇ ਨਾਲ਼ ਈ ਲਾਜੋ ਨਾਲ...?"

"ਤੈਨੂੰ ਤਾਂ ਲਾਜੋ ਤੋਂ ਅਗੇ ਕੁਝ ਦਿਸਦਾ ਈ ਨਹੀਂ, ...ਅਸੀਂ ਮਰਸਡੀਜ਼ ਚਲਾਉਣ ਵਾਲ਼ੇ ਬੰਦੇ, ਤੂੰ ਸਾਨੂੰ ਅਵੈਂਜਰ ਦੇ ਡਰਾਈਵਰ ਬਣਾਈ ਜਾਨੈਂ!"

"ਸਾਡਾ ਬੁੜ੍ਹਾ ਵੀ...?"

"ਨਹੀਂ ਓਏ, ਉਹ ਤਾਂ ਭਗਤ ਬੰਦਾ! ...ਉਹਦੇ ਹਿੱਸੇ ਦੀ ਅਯਾਸ਼ੀ ਵੀ ਮੈਂ ਈ ਕੀਤੀ ਐ।"

ਅਵਤਾਰ ਆਖਦਾ। ਫਿਰ ਉਹ ਗੁਲਵੰਤ ਨੂੰ ਦੱਸਣ ਲਗਦਾ,

"ਮੈਂ ਆਇਆ ਤਾਂ ਚਾਹਲ ਸਾਹਬ ਹੋਰਾਂ ਨਾਲ ਈ ਸੀ ਪਰ ਉਮਰ ਵਿਚ ਬਹੁਤ ਛੋਟਾ ਸਾਂ, ...ਇਹ ਟੱਬਰ-ਟੀਰ ਵਾਲੇ ਬੰਦੇ, ਇਹਨਾਂ ਦੇ ਮਕਸਦ ਹੋਰ ਸੀ ਤੇ ਮੈਂ ਤਾਂ ਲਾਈਫ ਇੰਜੁਆਏ ਕਰਨੀ ਸੀ, ਸੋ ਕਰੀ ਜਾ ਰਿਹਾਂ। ਮੈਂ ਵਧੀਆ ਤੋਂ ਵਧੀਆ ਔਰਤ ਦਾ ਸਾਥ ਮਾਣਿਆਂ, ਦੋਸਤੀਆਂ ਵੀ ਨਿਭਾਈਆਂ ਪਰ ਔਰਤ ਦੇ ਮਾਮਲੇ ਵਿਚ ਮੇਰੇ ਕੁਝ ਅਸੂਲ ਐ, ਇਕ ਤਾਂ ਮੈਂ ਇਕ ਸਮੇਂ ਇਕ ਹੀ ਔਰਤ ਨਾਲ ਵਾਹ ਰੱਖਦਾਂ ਤੇ ਦੂਜਾ ਮੈਂ ਕਦੇ ਔਰਤ 'ਤੇ ਪੈਸੇ ਨਹੀਂ ਖਰਚਦਾ। ...ਇਥੇ ਲੋਕ ਹੈਗੇ ਆ, ਖਾਣੀ ਮਸਰਾਂ ਦੀ ਦਾਲ਼ ਤੇ ਭੂੰਅ, ਭੂੰਅ ਬਦਾਮਾਂ ਦੀ।"

ਉਸ ਨੇ ਦਿਲਬਾਗ ਵਲ ਇਸ਼ਾਰਾ ਕਰਦਿਆਂ ਕਿਹਾ। ਦਿਲਬਾਗ ਭੁੜਕਦਾ ਹੋਇਆ ਬੋਲਿਆ,

"ਲੰਮਿਆਂ, ਵੇਸਵਾਗਮਨੀ ਵਿਚ ਮੇਰਾ ਕੋਈ ਯਕੀਨ ਨਹੀਂ!"

## ਅਠਾਰਾਂ

ਜਦ ਗੁਲਵੰਤ ਟਰੇਨਿੰਗ ਲੈ ਕੇ ਰੁਆਇਲ ਡੀਨ ਵਿਚ ਪੁੱਜਾ ਤਾਂ ਠੰਡ ਚੰਗੀ ਤਰ੍ਹਾਂ ਉਤਰ ਚੁੱਕੀ ਸੀ। ਇਥੇ ਆ ਕੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੈੱਟਲ ਹੋ ਚੁਕਿਆ ਸਮਝ ਰਿਹਾ ਸੀ। ਇਥੇ ਹੀ ਬੱਸ ਨਹੀਂ ਸੀ ਕੀਤੀ ਉਸ ਨੇ ਆਪਣੇ ਛੋਟੇ ਭਰਾ ਰਾਜਵੰਤ ਦਾ ਰਿਸ਼ਤਾ ਸੁਖਵੀਰ ਨੂੰ ਕਰ ਦਿਤਾ ਹੋਇਆ ਸੀ। ਰਾਜਵੰਤ ਨੂੰ ਵੀਜ਼ਾ ਵੀ ਮਿਲ ਗਿਆ ਸੀ। ਗੁਲਵੰਤ ਨੇ ਘਰ ਨੂੰ ਲਿਖਿਆ ਸੀ ਕਿ ਰਾਜੂ ਕੋਲ ਛੇ ਮਹੀਨੇ ਦਾ ਵੀਜ਼ਾ ਤਾਂ ਹੈ ਹੀ ਸੀ ਇਸ ਲਈ ਉਸ ਨੂੰ ਭੇਜਣ ਵਿਚ ਕਾਹਲੀ ਨਾ ਕਰਨ। ਉਸ ਨੇ ਹਾਲੇ ਘਰ ਨੂੰ ਪੂਰੀ ਤਰ੍ਹਾਂ ਸਜਾਇਆ ਨਹੀਂ ਸੀ, ਰਾਜੂ ਦੇ ਵਿਆਹ ਲਈ ਪੈਸੇ ਵੀ ਨਹੀਂ ਸਨ ਜੋੜ ਹੋਏ ਹਾਲੇ। ਉਹ ਨਵੇਂ ਜੋੜੇ ਦੇ ਬੈੱਡਰੂਮ ਨੂੰ ਵਧੀਆ ਤਰੀਕੇ ਨਾਲ ਸਜਾਉਣਾ ਚਾਹੁੰਦਾ ਸੀ, ਜਿਸ ਵਿਚ ਹਾਲੇ ਕਸਰਾਂ ਸਨ ਪਰ ਰਾਜੂ ਇੰਗਲੈਂਡ ਆਉਣ ਲਈ ਬਹੁਤ ਕਾਹਲਾ ਸੀ। ਉਹ ਕਿਸੇ ਦੀ ਨਹੀਂ ਸੀ ਸੁਣ ਰਿਹਾ। ਕੱਲ ਹੀ ਉਸ ਦਾ ਫੋਨ ਆ ਗਿਆ ਸੀ ਕਿ ਉਹ ਐਤਵਾਰ ਨੂੰ ਪੁੱਜ ਰਿਹਾ ਹੈ। ਇਸ ਗੱਲ ਨੇ ਗੁਲਵੰਤ ਨੂੰ ਪਰੇਸ਼ਾਨ ਕਰ ਦਿਤਾ।...

ਜਦੋਂ ਗੁਲਵੰਤ ਦਾ ਸੁਰਿੰਦਰ ਨਾਲ ਵਿਆਹ ਹੋ ਗਿਆ ਤਾਂ ਰਾਜਵੰਤ ਨੇ ਵੀ ਕਿਤਾਬਾਂ ਸੁੱਟ ਦਿਤੀਆਂ ਸਨ ਤੇ ਇੰਗਲੈਂਡ ਦੇ ਸੁਫਨੇ ਦੇਖਣੇ ਸ਼ੁਰੂ ਕਰ ਦਿਤੇ ਸਨ। ਉਸ ਦੀ ਮਾਂ ਦੀ ਚਿੱਠੀ ਆਈ ਕਿ ਜੇ ਹੋ ਸਕੇ ਤਾਂ ਸੁਰਿੰਦਰ ਦੀ ਛੋਟੀ ਭੈਣ ਦਾ ਰਿਸ਼ਤਾ ਰਾਜੂ ਨੂੰ ਕਰਾ ਦੇਵੇ। ਗੱਲ ਤਾਂ ਠੀਕ ਸੀ। ਸੁਖਵੀਰ ਸੁਹਣੀ ਵੀ ਸੀ ਤੇ ਸੁਰਿੰਦਰ ਵਾਂਗ ਅਕਲਵੰਦ ਵੀ ਪਰ ਹਾਲੇ ਉਮਰ ਛੋਟੀ ਸੀ। ਸੋਲਾਂ ਦਾ ਰਾਜੂ ਸੀ ਤੇ ਸੋਲਾਂ ਦੀ ਹੀ ਸੁਖਵੀਰ। ਇਹ ਵਿਆਹ ਦੀਆਂ ਨਹੀਂ ਖੇਡਣ ਦੀਆਂ ਉਮਰਾਂ ਸਨ। ਮਾਂ ਦੀਆਂ ਦੋ ਚਿੱਠੀਆਂ ਹੋਰ ਆ ਗਈਆਂ ਤਾ ਗੁਲਵੰਤ ਸੋਚਣ ਲਗਿਆ ਕਿ ਕਿਵੇਂ ਕੀਤੀ ਜਾਵੇ। ਉਸ ਨੇ ਸਰੂਪ ਨਾਲ ਜਾ ਸਲਾਹ ਕੀਤੀ। ਸਰੂਪ ਬੋਲਿਆ,

"ਹੋਰ ਕੀ ਚਾਹੀਦੈ ਪਰ ਕੀ ਮੰਨਦੇ ਵੀ ਆ?"

"ਭਾਜੀ, ਇਹ ਤਾਂ ਪਤਾ ਨਹੀਂ, ਕਦੇ ਪੁੱਛਿਆ ਹੀ ਨਹੀਂ।"

"ਜ਼ਰਾ ਟੋਹ ਕੇ ਦੇਖ, ਜੇ ਮੰਨ ਗਏ ਤਾ ਰਿਸ਼ਤਾ ਕਰ ਲੈਨੇ ਆਂ ਤੇ ਸੱਦ ਲਵਾਂਗੇ ਜ਼ਰਾ ਠਹਿਰ ਕੇ।"

"ਸੁਰਿੰਦਰ ਨੂੰ ਤਾਂ ਮੈਂ ਹਾਲੇ ਲੈਟਰ ਦਿਖਾਈ ਵੀ ਨਹੀਂ, ਸੋਚਦਾਂ ਕਿ ਭਾਬੀ ਜੀ ਬੁੜ੍ਹੀ ਨਾਲ ਗੱਲ ਕਰਨ। ...ਸੁਰਿੰਦਰ ਨਾਲ ਗੱਲ ਕਰਨੋਂ ਤਾਂ ਮੈਂ ਹੈਜੀਟੇਟ ਕਰ ਰਿਹਾਂ!"

"ਚੰਗਾ ਬੰਦਾ ਬਈ ਤੂੰ, ਓਦਾਂ ਤੁਹਾਡਾ ਇਸ਼ਕ ਰੋਮੀਓ-ਜੂਲੀਅਟ ਵਾਲੈ!"

"ਮੈਂ ਸੋਚਦਾਂ ਬਈ ਭਾਬੀ ਜੀ ਨੂੰ ਗੱਲ ਕਰਨ ਦਾ ਢੰਗ ਵੀ ਹੈਗਾ ਤੇ ਜੇ ਮੈਂ ਸੁਰਿੰਦਰ ਰਾਹੀਂ ਗੱਲ ਕਰਾਂ ਤਾਂ ਉਹਨਾਂ ਨੂੰ 'ਨਾਂਹ' ਕਰਨੀ ਮੁਸ਼ਕਲ ਹੋ ਜਾਣੀ ਆਂ।"

"ਇਹੋ ਤਾਂ ਆਪਾਂ ਚਾਹੁੰਨੇ ਆਂ ਕਿ ਉਹ 'ਹਾਂ' ਕਰ ਦੇਣ, ਨਾਲ਼ੇ ਤੂੰ ਉਹਨਾਂ ਦਾ ਲਾਡਲਾ ਜੁਆਈ ਐਂ, ਭਰਾ ਲਈ ਰਿਸ਼ਤਾ ਮੰਗਣਾਂ ਤੇਰਾ ਹੱਕ ਬਣਦੈ।"

"ਮੇਰੇ ਏਸ ਹੱਕ ਨੂੰ ਤੁਸੀਂ ਤੇ ਭਾਬੀ ਜੀ ਵਰਤ ਲਓ, ਪਲੀਜ਼!"

ਗੁਲਵੰਤ ਨੇ ਹੱਸਦਿਆਂ ਕਿਹਾ। ਸਰੂਪ ਖੁਸ਼ ਵੀ ਸੀ ਪਰ ਉਸ ਨੂੰ ਹਲਕੀ ਜਿਹੀ ਈਰਖਾ ਵੀ ਹੋ ਰਹੀ ਸੀ ਕਿ ਗੁਲਵੰਤ ਨੇ ਇੰਨੀ ਜਲਦੀ ਆਪਣੇ ਭਰਾ ਨੂੰ ਇੰਗਲੈਂਡ ਬੁਲਾਉਣ ਦਾ ਰਾਹ ਲੱਭ ਲਿਆ ਸੀ। ਉਸ ਨੇ ਸਤਨਾਮੀ ਨਾਲ ਗੱਲ ਕੀਤੀ ਤੇ ਸਤਨਾਮੀ ਨੇ ਉਸੇ ਸ਼ਾਮ ਹੀ ਪਰਕਾਸ਼ ਕੌਰ ਨਾਲ ਇਸ ਰਿਸ਼ਤੇ ਦੀ ਗੱਲ ਤੋਰ ਲਈ। ਉਹ ਦੋਵੇਂ ਪਤੀ ਪਤਨੀ ਆਪਣੀ ਪਹਿਲੀ ਵਿਹਲ ਵਿਚ ਹੀ ਸਰੂਪ ਕੋਲ ਉਸ ਦੀ ਦੁਕਾਨ 'ਤੇ ਆ ਗਏ। ਇਸ ਰਿਸ਼ਤੇ ਬਾਰੇ ਪਰਕਾਸ਼ ਕੌਰ ਤੇ ਸੁਰਜਨ ਸਿੰਘ ਪਹਿਲਾਂ ਹੀ ਸੋਚਣ ਲਗ ਪਏ ਸਨ ਪਰ ਹਾਲੇ ਬਹੁਤ ਵਕਤ ਪਿਆ ਸੀ। ਗੁਲਵੰਤ ਦੇ ਵਿਵਹਾਰ ਤੋਂ ਹਰ ਕੋਈ ਖੁਸ਼ ਸੀ। ਸੁਖਵੀਰ ਨੂੰ ਵੀ

www.PunjabiLibrary.com

ਗੁਲਵੰਤ ਵਰਗੇ ਪਤੀ ਦੀ ਹੀ ਤਾਂਘ ਸੀ। ਸੁਖਵੀਰ ਵੀ ਸੁਰਿੰਦਰ ਵਾਂਗ ਹੀ ਘੁੰਮਣ-ਫਿਰਨ ਦੇ ਸੁਫਨੇ ਲੈਂਦੀ। ਸੁਰਿੰਦਰ ਵਾਂਗ ਹੀ ਉਹ ਸਾਰੀਆਂ ਥਾਵਾਂ ਦੇਖਣੀਆਂ ਚਾਹੁੰਦੀ ਜਿਹੜੀਆਂ ਪੰਜਾਬੀ ਕੁੜੀਆਂ ਲਈ ਵਿਵਰਜਤ ਸਨ। ਜਦੋਂ ਸੁਰਿੰਦਰ ਨੇ ਆਪਣੀ ਮਰਜ਼ੀ ਦਾ ਹੇਅਰ ਸਟਾਈਲ ਬਣਾਇਆ ਸੀ ਤਾਂ ਸੁਖਵੀਰ ਨੂੰ ਆਪਣੇ ਲੰਮੇ ਵਾਲ਼ ਬੁਰੇ ਲਗਣ ਲਗ ਪਏ ਸਨ। ਭਾਵੇਂ ਸੁਰਜਨ ਸਿੰਘ ਨੇ ਧੀਆਂ ਨੂੰ ਕਾਫੀ ਖੁਲ੍ਹਾਂ ਦੇ ਰੱਖੀਆਂ ਸਨ ਪਰ ਉਹਨਾਂ ਦੀ ਇਕ ਸੀਮਾ ਸੀ। ਗੁਲਵੰਤ ਦਾ ਭਰਾ ਜ਼ਰੂਰ ਗੁਲਵੰਤ ਵਰਗਾ ਹੀ ਹੋਵੇਗਾ, ਸੁਖਵੀਰ ਤੇ ਬਾਕੀ ਪਰਿਵਾਰ ਵੀ ਇਵੇਂ ਹੀ ਸੋਚਦਾ ਸੀ। ਇਹ ਰਿਸ਼ਤਾ ਸਭ ਨੂੰ ਮਨਜ਼ੂਰ ਸੀ ਤੇ ਤੈਅ ਹੋ ਗਿਆ।

ਰਿਸ਼ਤਾ ਤਾਂ ਤੈਅ ਹੋ ਗਿਆ ਪਰ ਦੋਵੇਂ ਹਾਲੇ ਨਿਆਣੇ ਸਨ ਇਸ ਲਈ ਰਾਜੂ ਨੂੰ ਤਿੰਨ ਸਾਲ ਠਹਿਰ ਕੇ ਸੱਦਣ ਦੀ ਸਲਾਹ ਬਣੀ। ਇਹਨਾਂ ਦਿਨਾਂ ਵਿਚ ਹੀ ਇਕ ਵਾਰ ਫਿਰ ਭਾਰਤ ਤੋਂ ਮੁੰਡੇ ਮੰਗਵਾਉਣ ਦਾ ਕਾਨੂੰਨ ਬੰਦ ਹੋਣ ਦਾ ਰੌਲ਼ਾ ਪੈਣ ਲਗਿਆ। ਟੋਰੀ ਪਾਰਟੀ ਦੇ ਜਿੱਤਣ ਦੀ ਆਸ ਸੀ ਤੇ ਉਹਨਾਂ ਦੇ ਚੋਣ-ਮੈਨੀਫੈਸਟੋ ਵਿਚ ਹੀ ਇਹ ਗੱਲ ਸੀ। ਪਹਿਲਾਂ ਵੀ ਮਰਦ-ਮੰਗੇਤਰ ਨਾ ਸੱਦ ਸਕਣ ਵਾਲਾ ਕਾਨੂੰਨ ਵੀ ਇਸੇ ਪਾਰਟੀ ਨੇ ਬਣਾਇਆ ਸੀ। ਟੋਰੀ ਪਾਰਟੀ ਤਾਂ ਹਰ ਹਾਲਤ ਵਿਚ ਇੰਮੀਗਰੇਸ਼ਨ ਵਲ ਸਖਤੀ ਦਿਖਾਉਣਾ ਚਾਹੁੰਦੀ ਸੀ, ਅੰਗਰੇਜ਼ ਵੋਟਰਾਂ ਨੂੰ ਆਪਣੇ ਵਲ ਖਿਚਣ ਦਾ ਇਹ ਸੌਖਾ ਤਰੀਕਾ ਸੀ। ਏਸ਼ੀਅਨ ਲੋਕਾਂ ਨੂੰ ਆਪਣੀਆਂ ਕੁੜੀਆਂ ਵਿਆਹੁਣ ਦਾ ਫਿਕਰ ਪੈ ਗਿਆ। ਜਿਹੜੀਆਂ ਕੁੜੀਆਂ ਪਹਿਲਾਂ ਹੀ ਮੰਗੀਆਂ ਹੋਈਆਂ ਸਨ, ਉਹਨਾਂ ਦੇ ਮਾਂਪੇ ਮੁੰਡਿਆਂ ਨੂੰ ਸੱਦਣ ਲਈ ਕਾਹਲੇ ਪੈਣ ਲਗੇ ਤਾਂ ਕਿ ਕਾਨੂੰਨ ਬਣਨ ਤੋਂ ਪਹਿਲਾਂ ਪਹਿਲਾਂ ਸੱਦ ਸਕਣ। ਸੁਰਜਨ ਸਿੰਘ ਨੂੰ ਵੀ ਇਸੇ ਕਰਕੇ ਫਿਕਰਵੰਦ ਹੋਣ ਲਗਿਆ। ਸਰੂਪ ਤੇ ਗੁਲਵੰਤ ਨਾਲ ਸਲਾਹ ਕਰਕੇ ਉਸ ਨੇਰਾਜੂ ਦੇ ਪੇਪਰ ਪਾ ਦਿਤੇ। ਉਸ ਨੂੰ ਵੀਜ਼ਾ ਮਿਲ ਗਿਆ। ਗੁਲਵੰਤ ਉਸ ਨੂੰ ਰੋਕਣਾ ਚਾਹੁੰਦਾ ਸੀ ਪਰ ਰਾਜੂ ਨਾ ਰੁਕਿਆ।

ਰਾਜੂ ਦੇ ਆਉਣ ਵਾਲੇ ਦਿਨ ਵੀ ਪਹਿਲਾਂ ਜਿਹੀ ਹੀ ਚਹਿਲ-ਪਹਿਲ ਸੀ। ਸਤਨਾਮੀ ਬਿਨਾਂ ਸਾਰੇ ਆਏ। ਉਸ ਨੇ ਦੁਕਾਨ ਸੰਭਾਲੀ ਹੋਈ ਸੀ। ਇਸ ਵਾਰ ਇੰਮੀਗਰੇਸ਼ਨ ਵਾਲਿਆਂ ਨੇ ਸੁਖਵੀਰ ਨੂੰ ਅੰਦਰ ਨਾ ਬੁਲਾਇਆ ਤੇ ਰਾਜੂ ਆਪ ਹੀ ਬਾਹਰ ਨਿਕਲ ਆਇਆ। ਸਤਾਰਾਂ ਕੁ ਸਾਲ ਦਾ, ਉਤਰਦੀ ਦਾਹੜੀ ਵਾਲਾ ਮੁੰਡਾ, ਸੰਗਦਾ ਸੰਗਦਾ ਸਭ ਵਲ ਦੇਖੀ ਜਾ ਰਿਹਾ ਸੀ। ਸੁਖਵੀਰ ਨੇ ਨਜ਼ਰ ਉਸੇ ਵਿਚ ਗੱਡੀ ਹੋਈ ਸੀ; ਨਿਰਾ ਗੁਲਵੰਤ। ਗੱਲ ਕਰਨ ਵਿਚ ਕੁਝ ਝਿਜਕ ਜ਼ਰੂਰ ਸੀ। ਏਅਰਪੋਰਟ ਤੋਂ ਗੁਲਵੰਤ ਦੇ ਘਰ ਗਏ। ਕੁਝ ਘੰਟੇ ਬੈਠ ਕੇ ਸਾਰੇ ਘਰਾਂ ਨੂੰ ਚਲੇ ਗਏ। ਰਸਤੇ ਵਿਚ ਸੁਰਜਨ ਸਿੰਘ ਨੇ ਸੁਖਵੀਰ ਨੂੰ ਪੁੱਛਿਆ,

"ਕਿਹੋ ਜਿਹਾ ਲਗਿਆ ਰਾਜੂ?"

ਉਸ ਤੋਂ ਪਹਿਲਾਂ ਹੀ ਛੋਟੀ ਰਣਜੀਤ ਬੋਲੀ,

"ਬਿਟ ਫੈਟ, ਬਿਟ ਅੱਗਲੀ!"

ਸੁਖਵੀਰ ਨੇ ਉਸ ਦੇ ਮੁੱਕੀ ਮਾਰੀ। ਉਸ ਨੇ ਵੀ ਬਰਾਬਰੀ ਕੀਤੀ, ਦੋਵੇਂ ਲੜਨ ਲਗੀਆਂ। ਪਰਕਾਸ਼ ਕੋਰ ਨੇ ਦਬਕਾ ਮਾਰ ਕੇ ਉਹਨਾਂ ਨੂੰ ਰੋਕਿਆ ਤੇ ਸੁਖਵੀਰ ਨੂੰ ਕਹਿਣ ਲਗੀ,

"ਅਸੀਂ ਤਾਂ ਹਾਲੇ ਤੇਰਾ ਵਿਆਹ ਨਹੀਂ ਸੀ ਕਰਨਾ ਪਰ ਤੂੰ ਪੜ੍ਹੀ ਈ ਨਹੀਂ, ਤੇਰੇ ਡੈਡੀ ਨੇ ਬਥੇਰਾ ਕਿਹਾ ਪਰ ਤੂੰ ਟੈਲੀ ਮੋਹਰਿਓਂ ਈ ਨਹੀਂ ਸੀ ਹਿਲਦੀ ਹੁੰਦੀ।"

ਸੁਖਵੀਰ ਖ਼ੁਸ਼ ਸੀ। ਉਸ ਨੇ ਮਾਂ ਦੀ ਗੱਲ ਦਾ ਕੋਈ ਜਵਾਬ ਨਾ ਦਿਤਾ, ਬਸ ਮੁਸਕ੍ਰਾਉਂਦੀ ਰਹੀ। ਰਣਜੀਤ ਨੂੰ ਉਸ ਨੇ ਅੰਗੂਠੇ ਨਾਲ ਇਸ਼ਾਰਾ ਕਰ ਦਿਤਾ ਕਿ ਰਾਜੂ ਉਸ ਨੂੰ ਪਸੰਦ ਹੈ। ਸੁਰਜਨ ਸਿੰਘ ਬੋਲਿਆ,

"ਮੈਂ ਤਾਂ ਪਹਿਲਾਂ ਈ ਕਿਹਾ ਸੀ ਕਿ ਜੇ ਨਹੀਂ ਪੜ੍ਹਨਾ ਤਾਂ ਵਿਆਹ ਲਈ ਤਿਆਰ ਰਹੋ, ਸੁਰਿੰਦਰ ਵੀ ਨਹੀਂ ਪੜ੍ਹੀ, ਇਹ ਸੁੱਖੀ ਵੀ ਨਹੀਂ ਪਰ ਹੁਣ ਮੇਰੀ ਰਾਣੀ ਧੀ ਪੜ੍ਹ ਕੇ ਦਿਖਾਊ, ਇਹਦਾ ਵਿਆਹ ਅਸੀਂ ਬਹੁਤ ਠਹਿਰ ਕੇ ਕਰਨਾਂ।"

"ਵਿਆਹ? ...ਡੈਡ, ਨੋ ਵੇਅ!"

ਰਣਜੀਤ ਨੇ ਮੋਢੇ ਮਾਰਦਿਆਂ ਕਿਹਾ। ਪਰਕਾਸ਼ ਕੋਰ ਕਿਧਰੇ ਗਵਾਚਦੀ ਹੋਈ ਬੋਲੀ,

"ਲੋਕ ਕਹਿੰਦੇ ਹੁੰਦੇ ਸੀ ਕਿ ਤੇਰਾ ਘਰ ਧੀਆਂ ਨਾਲ ਭਰਿਆ ਪਿਐ, ਕੀ ਕਰੇਂਗੀ, ਮੈਂ ਕਹਿੰਦੀ ਹੁੰਦੀ ਸੀ ਕਿ ਇਹਨਾਂ ਦੀ ਕਿਸਮਤ ਇਹਨਾਂ ਨਾਲ, ...ਦੇਖ ਲਓ, ਵਿਹੜਾ ਖਾਲੀ ਹੋ ਚਲਿਆ!"

"ਕਿਥੇ ਖਾਲੀ ਹੋ ਚਲਿਐ!, ਦੋ ਤਿੰਨ ਸਾਲ ਤਾ ਹਾਲੇ ਸੁਖੀ ਨਹੀਂ ਵਿਆਹੁਣੀ, ...ਬਸ ਕੋਰਟ ਮੈਰਿਜ ਕਰ ਦੇਣੀ ਆਂ। ...ਇਹ ਕੰਮ ਕਰੇ, ਆਪਣੇ ਵਿਆਹ ਜੋਗੇ ਪੈਸੇ ਜੋੜੇ ਫੇਰ ਦੇਖਾਂਗੇ।"

ਇਹ ਠਹਿਰ ਕੇ ਵਿਆਹ ਕਰਨਾ ਸਭ ਨੂੰ ਹੀ ਠੀਕ ਬੈਠਦਾ ਸੀ। ਇਕ ਤਾਂ ਮੁੰਡਾ-ਕੁੜੀ ਹੋਰ ਸਿਆਣੇ ਹੋ ਜਾਣਗੇ, ਦੂਜਾ ਗੁਲਵੰਤ ਕੋਲ ਵਿਆਹ ਜੋਗੀ ਹਿੰਮਤ ਵੀ ਨਹੀਂ ਸੀ। ਉਹ ਵੀ ਚਾਹੁੰਦਾ ਸੀ ਕਿ ਰਾਜੂ ਕੰਮ ਕਰੇ ਤੇ ਵਿਆਹ ਜੋਗੇ ਪੈਸੇ ਜੋੜ ਲਵੇ। ਕੋਰਟ ਮੈਰਿਜ ਦੀ ਤਰੀਕ ਰੱਖ ਕੇ ਸਾਦੀ ਜਿਹੀ ਰਸਮ ਕਰ ਲਈ। ਵਿਆਹ ਰਜਿਸਟਰ ਕਰਾ ਕੇ ਫੋਟੋ ਖਿਚ ਲਈਆਂ। ਇਸ ਮੌਕੇ

www.PunjabiLibrary.com

'ਤੇ ਨੇੜੇ ਦੇ ਸਾਰੇ ਹੀ ਰਿਸ਼ਤੇਦਾਰ ਆਏ। ਗੁਰਜੰਟ ਤੇ ਬਲਜਿੰਦਰ ਵੀ ਆ ਕੇ ਹਾਜ਼ਰੀ ਲਗਵਾ ਗਏ। ਦਿਲਬਾਗ, ਬਲਜੀਤ, ਅਵਤਾਰ, ਸਰੂਪ; ਸਾਰੇ ਹੀ ਸਨ। ਸਾਧੂ ਸਿੰਘ ਤੇ ਸਵਰਨ ਕੋਰ ਵੀ ਆਏ। ਕੋਰਟ ਮੈਰਿਜ ਤੋਂ ਬਾਅਦ ਛੋਟੀ ਜਿਹੀ ਪਾਰਟੀ ਰੱਖੀ ਹੋਈ ਸੀ। ਔਰਤਾਂ ਸੁਰਜਨ ਦੇ ਘਰ ਬੈਠ ਗਈਆਂ ਤੇ ਮਰਦ ਦਿਲਬਾਗ ਵਲਾਂ। ਅਵਤਾਰ ਤੇ ਦਿਲਬਾਗ ਨੇ ਗਾਣੇ ਗਾ ਕੇ ਰੰਗ ਬੰਨ ਲਿਆ। ਸਾਧੂ ਸਿੰਘ ਸ਼ਰਾਬ-ਮੀਟ ਦੇ ਖਿਲਾਫ ਬੋਲਦਾ ਵੀ ਰਿਹਾ ਪਰ ਮਹਿਫਲ ਵਿਚ ਬੈਠਾ ਵੀ ਰਿਹਾ।

ਰਾਜੂ ਨੂੰ ਜਲਦੀ ਹੀ ਹੈਰੋ ਦੀ ਇਕ ਫੈਕਟਰੀ ਵਿਚ ਕੰਮ ਮਿਲ ਗਿਆ। ਇਥੇ ਘਰਾਂ ਦੀ ਵਰਤੋਂ ਵਾਲੀਆਂ ਪਲਾਸਟਿਕ ਦੀਆਂ ਛੋਟੀਆਂ ਛੋਟੀਆਂ ਚੀਜ਼ਾ ਬਣਦੀਆਂ ਸਨ। ਬਸ ਸਿੱਧੀ ਜਾਂਦੀ ਸੀ। ਗੁਲਵੰਤ ਨੇ ਇਕ ਦਿਨ ਫੈਕਟਰੀ ਦਿਖਾ ਦਿਤੀ ਤੇ ਰਾਜੂ ਹਰ ਸਵੇਰ ਚਲੇ ਜਾਂਦਾ। ਕਦੇ ਕਦੇ ਸ਼ਾਮ ਨੂੰ ਦੋ ਘੰਟੇ ਓਵਰ ਟਾਈਮ ਵੀ ਮਿਲ ਜਾਂਦਾ। ਉਸ ਦੇ ਪਾਸਪੋਰਟ ਉਪਰ ਸਾਲ ਦੀ ਸਟੇਅ ਦੀ ਮੋਹਰ ਲਗ ਗਈ।

ਸੁਖਵੀਰ ਨੂੰ ਵੀ ਖਿਡੌਣਿਆਂ ਵਾਲੀ ਫੈਕਟਰੀ ਵਿਚ ਕੰਮ ਮਿਲ ਗਿਆ। ਰਾਜੂ ਨੂੰ ਲੈ ਕੇ ਉਸ ਦਾ ਮਨ ਸੁਫਨਿਆਂ ਨਾਲ ਭਰਿਆ ਰਹਿੰਦਾ। ਕਦੇ ਕਦੇ ਉਹ ਰਾਜੂ ਨੂੰ ਫੋਨ ਵੀ ਕਰ ਲੈਂਦੀ। ਫੋਨ ਵਧਣ ਲਗੇ। ਉਹ ਇਕੱਠੇ ਬਾਹਰ ਘੁੰਮਣ ਦੀ ਇਜਾਜ਼ਤ ਮੰਗਣ ਲਗੇ। ਫਿਲਮਾਂ ਦੇਖਣ ਜਾਣ ਲਗੇ। ਛੁੱਟੀ ਵਾਲੇ ਦਿਨ ਕਦੇ ਰਾਜੂ ਲੇਅਟਨ ਸਟੋਨ ਚਲੇ ਜਾਂਦਾ ਜਾਂ ਫਿਰ ਸੁਖਵੀਰ ਹੀ ਵੈਂਬਲੇ ਆ ਜਾਂਦੀ। ਕਦੇ ਕੋਈ ਅੰਗਰੇਜ਼ੀ ਫਿਲਮ ਤੇ ਕਦੇ ਹਿੰਦੁਸਤਾਨੀ ਫਿਲਮ। ਇੰਡੀਆ ਤੋਂ ਫਿਲਮ ਐਕਟਰ ਵੀ ਆਏ ਹੀ ਰਹਿੰਦੇ, ਉਹ ਉਹਨਾਂ ਦਾ ਪਰੋਗਰਾਮ ਦੇਖਣ ਵੀ ਚਲੇ ਜਾਂਦੇ। ਰਾਜੂ ਬਹੁਤ ਸਾਰੀਆਂ ਗੱਲਾਂ ਵਿਚ ਗੁਲਵੰਤ ਵਾਂਗ ਤੇਜ਼ ਨਹੀਂ ਸੀ, ਇਕ ਤਾਂ ਹਾਲੇ ਉਹਦੇ ਜਿੰਨਾ ਤਜੁਰਬਾ ਨਹੀਂ ਸੀ ਤੇ ਦੂਜੇ ਉਸ ਦਾ ਸੁਭਾਅ ਵੀ ਕੁਝ ਅਲੱਗ ਸੀ। ਸੁਖਵੀਰ ਨੂੰ ਰਾਜੂ ਦਾ ਗੰਭੀਰ ਹੋਣਾ ਬੁਰਾ ਲਗਦਾ ਸੀ ਤੇ ਉਸ ਨੂੰ ਗੁਲਵੰਤ ਵਾਂਗ ਅੰਗਰੇਜ਼ੀ ਵੀ ਨਹੀਂ ਸੀ ਬੋਲਣੀ ਆਉਂਦੀ। ਰਾਜੂ ਨੂੰ ਵੀ ਸੁਖਵੀਰ ਦੀਆਂ ਕੁਝ ਗੱਲਾਂ ਬੁਰੀਆਂ ਲਗਦੀਆਂ। ਇਕ ਤਾਂ ਉਸ ਦੀ ਹਰ ਵੇਲੇ ਅੰਗਰੇਜ਼ੀ ਬੋਲਣਾ ਤੇ ਦੂਜਾ ਬਿਨਾਂ ਗੱਲ ਤੋਂ ਹੱਸੀ ਜਾਣਾ। ਹੱਸਣ ਤੋਂ ਉਸ ਨੂੰ ਪਰਕਾਸ਼ ਕੋਰ ਵੀ ਟੋਕਦੀ ਰਹਿੰਦੀ। ਵੈਸੇ ਦੋਵਾਂ ਦੀ ਜੋੜੀ ਤੋਂ ਸਾਰੇ ਖੁਸ਼ ਸਨ।

ਸੁਰਜਨ ਸਿੰਘ ਦੇ ਦੋਸਤਾਂ ਨੂੰ ਇਸ ਰਿਸ਼ਤੇ ਦਾ ਹੌਲੀ ਹੌਲੀ ਪਤਾ ਚਲਿਆ। ਸ਼ਿਵਰਾਜ ਸਿੰਘ ਤਕ ਖਬਰ ਪੁੱਜੀ ਤਾ ਉਸ ਦੀ ਪਤਨੀ ਦਾ ਪਰਕਾਸ਼ ਕੋਰ ਨੂੰ ਫੋਨ ਆ ਗਿਆ। ਕਹਿਣ ਲਗੀ,

"ਭੈਣ ਜੀ, ਤੁਹਾਡਾ ਜੁਆਈ ਤਾਂ ਬਹੁਤ ਈ ਤੇਜ਼ ਨਿਕਲਿਆ, ਕੁੜੀ ਨੂੰ ਮੁਟਿਆਰ ਵੀ ਨਹੀਂ ਹੋਣ ਦਿਤਾ।"

"ਭੈਣ ਜੀ, ਪਰੋਫੈਸਰ ਐ, ਤੇਜ਼ ਤਾਂ ਹੋਣਾ ਈ ਹੋਇਆ, ਨਾਲ਼ੇ ਓਹਦਾ ਹੱਕ ਵੀ ਬਣਦਾ ਸੀ।"

ਪਰਕਾਸ਼ ਕੋਰ ਸਮਝਦੀ ਸੀ ਕਿ ਉਹਨਾਂ ਦਾ ਛੋਟਾ ਮੁੰਡਾ ਬਲਵੀਰ ਵੀ ਵਿਆਹੁਣ ਵਾਲਾ ਸੀ, ਇਕ ਵਾਰ ਉਹ ਸੁਖਵੀਰ ਦਾ ਰਿਸ਼ਤਾ ਮੰਗ ਵੀ ਚੁੱਕੇ ਸਨ ਪਰ ਬਲਵੀਰ ਅਨਪੜ੍ਹ ਸੀ ਤੇ ਸੁਭਾਅ ਦਾ ਵੀ ਖਰਬ੍ਹਾ। ਰਿਸ਼ਤੇ ਦੀ ਗੱਲ ਤਾਂ ਗੁਰਬੰਸ ਕੋਰ ਨੇ ਆਪਣੇ ਛੋਟੇ ਮੁੰਡੇ ਹਰਮੀਤ ਲਈ ਵੀ ਕੀਤੀ ਸੀ ਪਰ ਉਹਨਾਂ ਦਿਨਾਂ ਵਿਚ ਹੀ ਉਹ ਰਾਜੂ ਲਈ 'ਹਾਂ' ਕਰ ਚੁੱਕੇ ਸਨ।

ਇਕ ਦਿਨ ਸਾਧੂ ਸਿੰਘ ਦਾ ਫੋਨ ਅਇਆ ਕਿ ਉਹ ਮਿਲਣਾ ਚਾਹੁੰਦਾ ਹੈ ਪਰ ਮਿਲਣ ਦਾ ਕਾਰਨ ਉਸ ਨੇ ਕੋਈ ਨਾ ਦੱਸਿਆ। ਸੁਰਜਨ ਸਿੰਘ ਹੈਰਾਨ ਹੋਣ ਲਗਿਆ ਕਿ ਇਵੇਂ ਅਚਾਨਕ ਕਿਉਂ ਮਿਲਣਾ ਹੈ ਉਸ ਨੇ। ਭਾਵੇਂ ਕੁੜਮਾਚਾਰੀ ਸੀ ਪਰ ਸੁਰਜਨ ਸਿੰਘ ਉਸ ਨੂੰ ਮਿਲ ਕੇ ਕਦੇ ਵੀ ਖੁਸ਼ ਨਹੀਂ ਸੀ ਹੁੰਦਾ। ਉਹ ਸਦਾ ਹੀ ਆਪਣੇ ਵਿਚਾਰ ਅਗਲੇ ਉਪਰ ਥੋਪਣ ਦੀ ਕੋਸ਼ਿਸ਼ ਕਰਦਾ। ਜਦ ਵੀ ਮਿਲਦਾ ਸੁਰਜਨ ਸਿੰਘ ਨੂੰ ਅੰਮ੍ਰਿਤ ਛਕਣ ਲਈ ਆਖਦਾ ਤੇ ਦਿਲਬਾਗ ਨੂੰ ਵੀ ਸਿੰਘ ਸਜਾਉਣ ਦੀਆਂ ਗੱਲਾਂ ਕਰਨ ਲਗਦਾ। ਉਹ ਸੁਰਜਨ ਸਿੰਘ ਨੂੰ ਇਹ ਵੀ ਸ਼ਿਕਾਇਤ ਕਰਦਾ ਕਿ ਦਿਲਬਾਗ ਬਲਜੀਤ ਨੂੰ ਪੱਬਾਂ ਵਿਚ ਲੈ ਜਾ ਕੇ ਵਿਗਾੜ ਰਿਹਾ ਹੈ। ਮਨਿੰਦਰਾਂ ਤੋਂ ਉਹ ਭਾਵੇਂ ਖੁਸ਼ ਸਨ ਪਰ ਮਨਿੰਦਰਾਂ ਨਾਲ ਇਹ ਸ਼ਿਕਾਇਤ ਹਮੇਸ਼ਾ ਰਹਿੰਦੀ ਕਿ ਉਸ ਬਲਜੀਤ ਨੂੰ ਗੁਰੂ ਦੇ ਲੜ ਲਾਉਣ ਵਿਚ ਫੇਹਲ ਰਹੀ ਹੈ। ਉਹ ਮਨਿੰਦਰਾਂ ਨੂੰ ਸੁਰਜਨ ਸਿੰਘ ਦੇ ਘਰ ਬਹੁਤਾ ਨਹੀਂ ਸੀ ਜਾਣ ਦਿੰਦੇ ਕਿਉਂ ਉਥੇ ਮੀਟ ਬਣਦਾ ਸੀ ਤੇ ਉਹਨਾਂ ਦੀ ਫਰਿੱਜ ਵਿਚ ਵਾਈਨ ਵੀ ਪਈ ਹੁੰਦੀ। ਜੇ ਮਨਿੰਦਰਾਂ ਕਦੇ ਸੁਰਜਨ ਦੇ ਘਰ ਆਉਂਦੀ ਵੀ ਤਾਂ ਸਵਰਨ ਕੋਰ ਨਾਲ ਹੁੰਦੀ।

ਠੀਕ ਸਾਢੇ ਚਾਰ ਵਜੇ ਸਾਧੂ ਸਿੰਘ ਉਹਨਾਂ ਦੇ ਘਰ ਪੁੱਜ ਗਿਆ। ਉਸ ਦੇ ਨਾਲ ਦੋ ਬੰਦੇ ਹੋਰ ਵੀ ਸਨ; ਪੂਰੇ ਪੰਜ ਕਕਾਰੀ ਸਿੰਘ। ਉਹਨਾਂ ਨੂੰ ਦੇਖ ਕੇ ਇਕ ਵਾਰ ਤਾਂ ਸੁਰਜਨ ਦਾ ਮੱਥਾ ਠਣਕਿਆ ਕਿ ਉਸ ਨੂੰ ਅੰਮ੍ਰਿਤ ਛੱਕਣ ਲਈ ਜ਼ੋਰ ਪਾਉਣ ਆਏ ਹੋਣਗੇ। ਉਹ ਆਪਣੇ ਆਪ ਨੂੰ ਤਿਆਰ ਕਰਨ ਲਗਿਆ ਕਿ ਕਿਸੇ ਫਜ਼ੂਲ ਸੋਚ ਦਾ ਠੋਕਵਾਂ ਜਵਾਬ ਦੇ ਸਕੇ। ਉਸ ਨੇ ਉਹਨਾਂ ਨੂੰ ਫਤਿਹ ਬੁਲਾਈ ਤੇ ਫਰੰਟ ਰੂਮ ਵਿਚ ਲੈ ਗਿਆ। ਸਾਧੂ ਸਿੰਘ ਨੇ ਨਾਲ ਦੇ ਸੱਜਣਾਂ ਦੀ ਜਾਣਕਾਰੀ ਕਰਾਉਂਦਿਆਂ ਕਿਹਾ,

"ਇਹ ਨੇ ਸਰਦਾਰ ਸੰਪੂਰਨ ਸਿੰਘ ਗਰਚਾ ਤੇ ਇਹ ਨੇ ਸਰਦਾਰ ਪਿਆਰਾ ਸਿੰਘ ਸਹੋਤਾ।"

ਸੁਰਜਨ ਨੇ ਉਹ ਦੋਵੇਂ ਕੁਝ ਇਕ ਵਾਰ ਪਹਿਲਾਂ ਵੀ ਦੇਖੇ ਹੋਏ ਸਨ। ਜੂਸ ਪੀਂਦਿਆਂ ਸਾਧੂ ਸਿੰਘ ਕਹਿਣ ਲਗਿਆ,

www.PunjabiLibrary.com

''ਚਾਹਲ ਸਾਬ, ਇਹ ਦੋਨੋਂ ਸਿੰਘ ਸਾਹਿਬਾਨ ਵੀ ਲੇਅਟਨ ਰਹਿੰਦੇ ਆ, ਸਾਡੇ ਗੁਰਦਵਾਰੇ ਇਹਨਾਂ ਦੀ ਆਉਣੀ ਜਾਣੀ ਐਂ। ਕਮੇਟੀ ਵਿਚ ਵੀ ਹੈਗੇ ਆ। ਇਹ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕਰ ਰਹੇ ਆ ਕਿ ਇਸ ਇਲਾਕੇ ਦੀ ਸੰਗਤ ਨੂੰ ਇਸ ਇਲਾਕੇ ਵਿਚ ਇਕ ਗੁਰਦਵਾਰਾ ਸਾਹਿਬ ਦੀ ਬਹੁਤ ਸਖਤ ਲੋੜ ਐ।''

''ਮੇਰੀ ਜਾਚੇ ਕੋਈ ਹਿਲਜੁਲ ਤਾਂ ਹੋ ਰਹੀ ਐ, ਕੱਲ ਕੋਈ ਗੱਲ ਕਰ ਰਿਹਾ ਸੀ ਇਸ ਬਾਰੇ।''

''ਜੀ, ਪਰ ਸਾਨੂੰ ਜੱਟਾਂ ਦਾ ਗੁਰਦਵਾਰਾ ਚਾਹੀਦਾ ਐ।''

ਉਹਨਾਂ ਦੋ ਸਿੰਘਾਂ ਵਿਚੋਂ ਇਕ ਬੋਲਿਆ। ਸੁਰਜਨ ਸਿੰਘ ਹੈਰਾਨ ਹੁੰਦਾ ਕਹਿਣ ਲਗਿਆ,

''ਕਮਾਲ ਐ ਸਰਦਾਰ ਜੀ! ਸਿਖ ਧਰਮ ਤਾਂ ਜ਼ਾਤਾਂ ਦਾ ਖਾਤਮਾ ਕਰਕੇ ਈ ਤਾਂ ਖਾਲਸਾ ਸਿਰਜਦੈ, ਤੁਸੀਂ ਜ਼ਾਤਾਂ ਨੂੰ ਲੈ ਕੇ ਗੁਰਦਵਾਰੇ ਵਿਚ ਵੰਡੀਆਂ ਪਾ ਰਹੇ ਓ!''

ਸੁਰਜਨ ਸਿੰਘ ਦੀ ਗੱਲ ਸੁਣ ਕੇ ਤਿੰਨੋਂ ਹੀ ਠਿਠਕ ਗਏ। ਅਜਿਹੇ ਜਵਾਬ ਦੀ ਉਹਨਾਂ ਨੇ ਕਦੇ ਆਸ ਵੀ ਨਹੀਂ ਸੀ ਰੱਖੀ। ਸਥਿਤੀ ਬਹੁਤ ਹੀ ਅਸਾਵੀਂ ਹੋ ਗਈ। ਮੌਕਾ ਸੰਭਾਲਦਾ ਪਿਆਰਾ ਸਿੰਘ ਸਹੋਤਾ ਬੋਲਿਆ,

''ਸਰਦਾਰ ਜੀ, ਤੁਹਾਡੀ ਗੱਲ ਬਿਲਕੁਲ ਠੀਕ ਐ, ਸਿੱਖ ਧਰਮ ਵਿਚ ਕੋਈ ਜ਼ਾਤ ਨਹੀਂ ਹੋਣੀ ਚਾਹੀਦੀ। ਗੁਰਬਾਣੀ ਕਹਿੰਦੀ ਹੈ ਕਿ ਏਕ ਜਾਤ ਮਾਨਸ ਪਰ ਇਹ ਜੋ ਅੱਡ ਅੱਡ ਗੁਰਦਵਾਰੇ ਬਣ ਰਹੇ ਆ; ਰਾਮਗੜ੍ਹੀਆ ਗੁਰਦਵਾਰਾ, ਰਵਿਦਾਸ ਗੁਰਦਵਾਰਾ, ਭਾਟੜਾ ਬਰਾਦਰੀ ਦਾ ਗੁਰਦਵਾਰਾ, ਇਹਨਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿਤਾ ਕਿ ਅਸੀਂ ਵੀ ਆਪਣਾ ਗੁਰਦਵਾਰਾ ਅਲੱਗ ਬਣਾਈਏ। ਇਹਦਾ ਮਤਲਬ ਇਹ ਨਹੀਂ ਕਿ ਅਸੀਂ ਸਾਨੂੰ ਕੋਈ ਆਪਣੇ ਜੱਟ ਹੋਣ ਦਾ ਕੋਈ ਹਉਮੈ ਆ, ਸਗੋਂ ਇਹਦਾ ਕਾਰਣ ਇਹ ਐ ਕਿ ਉਹ ਸਾਨੂੰ ਆਪਣੇ ਤੋਂ ਅਲੱਗ ਸਮਝ ਰਹੇ ਆ ਤੇ ਸਾਨੂੰ ਆਪਣੇ ਗੁਰਦਵਰਿਆਂ ਵਿਚ ਵੜ੍ਹਨ ਨਹੀਂ ਦੇ ਰਹੇ।''

ਉਸ ਦੇ ਮਗਰ ਹੀ ਸੰਪੂਰਨ ਸਿੰਘ ਗਰਚਾ ਕਹਿਣ ਲਗਿਆ,

''ਸਰਦਾਰ ਜੀ, ਇਹ ਜਿਹੜੀਆਂ  ਜਾਤਾਂ ਹੁੰਦੀਆਂ ਨਾ, ਇਹ ਕਬੀਲੇ ਵਾਂਗ ਹੁੰਦੀਆਂ, ਇਹਨਾਂ ਦੇ ਜੀਣ ਦੇ ਤਰੀਕਿਆਂ ਵਿਚ ਫਰਕ ਹੁੰਦੈ, ਸਾਡੀਆਂ ਕਈ ਕਿਸਮ ਦੀਆਂ ਰਹਿਤਾਂ ਵਿਚ ਵੀ ਫਰਕ ਐ, ਏਸ ਲਈ ਅਸੀਂ ਇਕ ਦੂਜੇ ਨੂੰ ਕਈ ਵਾਰ ਸਹਿੰਦੇ ਨਹੀਂ, ਇਸੇ ਲਈ ਰਾਮਗੜ੍ਹੀਆ ਗੁਰਦਵਾਰੇ ਵਾਲੇ ਸਾਨੂੰ ਲਾਗੇ ਨਹੀਂ ਲਗਣ ਦੇ ਰਹੇ, ਜੇ ਨਹੀਂ ਦੇ ਰਹੇ ਤਾਂ ਕੀ ਕਰੀਏ! ...ਉਹਨਾਂ ਦੀਆਂ ਮਿੰਨਤਾਂ ਕਰੀਏ ਜਾਂ ਫਿਰ ਆਪਣਾ ਗੁਰਦਵਾਰਾ ਬਣਾ ਲਈਏ।''

''ਸਰਦਾਰ ਜੀ, ਮੈਂ ਬਹੁਤਾ ਕੁਝ ਕਹਿ ਕੇ ਤੁਹਾਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦਾ ਪਰ ਮੈਨੂੰ ਪਤੈ ਕਿ ਇਹ ਗੁਰਦਵਾਰੇ ਚੌਧਰ ਚਮਕਾਉਣ ਦੀਆਂ ਥਾਵਾਂ ਬਣ ਗਈਆਂ, ...ਜਦ ਇਕ ਗੁਰਦਵਾਰੇ ਵਿਚ ਚੌਧਰ ਨਹੀਂ ਮਿਲਦੀ ਤਾਂ ਨਰਾਜ਼ ਹੋਣੇ ਬੰਦੇ ਆਪਣਾ ਅਲੱਗ ਗੁਰਦਵਾਰਾ ਖੜ੍ਹਾ ਕਰਨ ਲਗਦੇ ਆ।''

''ਇਹ ਗੱਲ ਨਹੀਂ, ਹੁਣ ਬਾਰਕਿੰਗ ਵਾਲਾ ਗੁਰਦਵਾਰਾ ਸਾਹਿਬ ਸਾਨੂੰ ਦੂਰ ਈ ਬਹੁਤ ਪੈਂਦੈ ਇਸੇ ਕਰਕੇ ਅਸੀਂ ਇਥੇ ਗੁਰਦਵਾਰੇ ਦੀ ਲੋੜ ਮਹਿਸੂਸ ਕਰਦੇ ਆਂ।''

ਸੁਰਜਨ ਸਿੰਘ ਕਹਿਣਾ ਚਾਹੁੰਦਾ ਸੀ ਕਿ ਕਬੀਲੇ ਵਾਲੀ ਦਲੀਲ ਤਾਂ ਬਹੁਤ ਹੀ ਫਜ਼ੂਲ ਹੈ, ਅਜ ਦਾ ਸਮਾਜ ਬਹੁਤ ਵਸੀਹ ਹੋ ਚੁਕਿਆ ਹੈ। ਜਾਤਾਂ ਦੇ ਨਾਂ ਤੇ ਲੋਕਾਂ ਨੂੰ ਭਾਵੁਕ ਕਰ ਕੇ ਮਾਇਆ ਦੇ ਗੱਫਿਆਂ ਦੇ ਸਾਧਨ ਪੈਦਾ ਕੀਤੇ ਜਾ ਰਹੇ ਹਨ। ਗੁਰਦਵਾਰਿਆਂ ਵਿਚ ਚੌਧਰ ਦੀ ਖਾਤਰ ਲੜ੍ਹਾਈਆਂ ਹੁੰਦੀਆਂ ਹਨ, ਕਤਲ ਤਕ ਹੋ ਜਾਂਦੇ ਹਨ। ਕਿੰਨੇ ਮੁਕੱਦਮੇ ਆਦਲਤਾਂ ਵਿਚ ਚਲ ਰਹੇ ਹਨ, ਸਭ ਕਾਹਦੇ ਲਈ ਹੈ; ਸਿਰਫ ਗੋਲਕ ਲਈ। ਸੁਰਜਨ ਸੋਚ ਰਿਹਾ ਸੀ ਕਿ ਇਹ ਮਹਿਮਾਨ ਹਨ ਤੇ ਸਾਧੂ ਸਿੰਘ ਨਾਲ ਆਏ ਹਨ ਇਸ ਲਈ ਉਹ ਚੁੱਪ ਰਿਹਾ। ਉਸ ਨੇ ਇੰਨਾ ਹੀ ਕਿਹਾ,

''ਸਰਦਾਰ ਜੀ, ਮੈਂ ਜ਼ਾਤਾਂ ਨਾਲ ਜੁੜੇ ਗੁਰਦਵਾਰਿਆਂ ਨਾਲ ਸਹਿਮਤ ਨਹੀਂ ਪਰ ਤੁਸੀਂ ਮਾਣ ਨਾਲ ਆਏ ਹੋ, ਮੈਨੂੰ ਲਗਦੈ ਕਿ ਫੰਡ ਚਾਹੀਦਾ ਹੋਵੇਗਾ, ਜੋ ਵੀ ਹਿਸਾਬ ਨਾਲ ਮੇਰੇ ਜ਼ੁੰਮੇ ਤੁਸੀਂ ਲਾਵੋਂਗੇ ਮੈਂ ਦੇ ਦੇਵਾਂਗਾ।''

''ਚਾਹਲ ਸਾਬ, ਫੰਡ ਤਾਂ ਇਕ ਗੱਲ ਐ, ਤੁਸੀਂ ਇਸ ਇਲਾਕੇ ਵਿਚ ਬਾਰਾਂ-ਚੌਦ੍ਹਾਂ ਸਾਲ ਤੋਂ ਰਹਿੰਦੇ ਓ, ਅਸੀਂ ਚਾਹੁੰਨੇ ਆਂ ਕਿ ਤੁਸੀਂ ਸਾਡੇ ਨਾਲ ਤੁਰੋ। ਇਹ ਕੰਮ ਇਕੱਲੇ ਬੰਦੇ ਦਾ ਨਹੀਂ। ਬਹੁਤ ਮੁਸ਼ਕਲ ਟਾਸਕ ਐ ਜੀ। ਸੰਗਤ ਨੂੰ ਲਾਮਵੰਦ ਕਰਨਾ ਹੋਏਗਾ, ਗੁਰਦਵਾਰੇ ਲਈ ਜਗਾਹ ਨਿਸਚਤ ਕਰਨੀ ਹੋਏਗੀ, ਨਕਸ਼ਾ ਆਦਿ ਵੀ, ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕਾਂ ਦੀ ਇਸ ਕੰਮ ਲਈ ਬਹੁਤ ਜ਼ਰੂਰਤ ਐ।''

''ਸਰਦਾਰ ਜੀ, ਮੈਂ ਬਿਲਕੁਲ ਵੀ ਧਾਰਮਿਕ ਬੰਦਾ ਨਹੀਂ ਆਂ, ਮੈਂ ਤਾ ਗੁਰਦਵਾਰੇ ਵੀ ਦਿਨ-ਸੁਦ 'ਤੇ ਈ ਜਾਨਾਂ।''

''ਤੁਹਾਨੂੰ ਜਾਣਾ ਚਾਹੀਦੈ, ਹਰ ਰੋਜ਼ ਜਾਇਆ ਕਰੋ, ਮੱਥਾ ਟੇਕ ਕੇ ਅਸ਼ੀਰਵਾਦ ਲੈਣਾ ਚਾਹੀਦੈ ਤਾਂ ਜੋ ਤੁਹਾਡਾ ਜਨਮ ਸਫਲ ਹੋ ਸਕੇ।''

''ਸਰਦਾਰ ਜੀ, ਮੇਰੇ ਲਈ ਇਹਨਾਂ ਗੱਲਾਂ ਦੀ ਕੋਈ ਇੰਪੌਰਟੈਂਸ ਨਹੀਂ।''

''ਕੀ ਗੁਰਦਵਾਰੇ ਇੰਪੌਰਟੈਂਟ ਨਹੀਂ?''

www.PunjabiLibrary.com

"ਮੇਰੇ ਲਈ ਗੁਰਦਵਾਰੇ ਜਾਣਾ, ਜਨਮ ਸਫਲ ਕਰਨਾ ਕੋਈ ਮਾਹਿਨੇ ਨਹੀਂ ਰਖਦਾ। ਹਾਂ, ਜਿਹੜੀ ਗੱਲ ਤੁਸੀਂ ਗੁਰਵਾਰਿਆਂ ਦੀ ਇੰਪੌਰਟੈਂਸ ਦੀ ਕਰਦੇ ਓ, ਏਸ ਮੁਲਕ ਵਿਚ ਗੁਰਦਵਾਰੇ ਬਹੁਤ ਜ਼ਰੂਰੀ ਐ। ਗੁਰਦਵਾਰੇ ਆਪਣਾ ਸਭਿਆਚਾਰ ਸਾਂਭਣ ਦੇ ਕੰਮ ਵੀ ਆਉਂਦੇ ਆ। ਸਾਡੇ ਬੱਚੇ ਪੱਛਮੀ ਸਭਿਆਚਾਰ ਦੀ ਚਕਾਚੌਂਧ ਵਿਚ ਫਸ ਕੇ ਆਪਣੇ ਕਲਚਰ ਤੋਂ ਦੂਰ ਜਾ ਰਹੇ ਆ, ਗੁਰਦਵਾਰੇ, ਮੰਦਰ, ਮਸਜਦਾਂ ਇਸ ਗੱਲ ਵਿਚ ਸਹਾਈ ਹੁੰਦੇ ਆ।"

"ਇਹੋ ਗੱਲ ਤਾਂ ਅਸੀਂ ਕਹਿ ਰਹੇ ਆਂ ਕਿ ਸਾਨੂੰ ਆਪਣੀ ਪੱਛਾਣ ਬਣਾਉਣੀ ਚਾਹੀਦੀ ਐ ਨਹੀਂ ਤਾਂ ਸਾਡੇ ਬੱਚੇ ਗੋਰੀ ਸਭਿਅਤਾ ਵਿਚ ਗਰਕ ਜਾਣਗੇ। ਇਸੇ ਲਈ ਕਹਿੰਨੇ ਆਂ ਕਿ ਆਪ ਵੀ ਤੇ ਬੱਚਿਆਂ ਨੂੰ ਵੀ ਗੁਰਦਵਾਰੇ ਲਿਆਓ, ਸਿੰਘ ਸਜਾ ਕੇ ਗੁਰੂ ਦੇ ਲੜ ਲਾਓ, ਉਹਨਾਂ ਦੇ ਮੀਟ-ਸ਼ਰਾਬ ਛੁਡਵਾਓ ਤੇ ਆਪਣਾ ਸਭਿਆਚਾਰ ਸਾਂਭੋ।"

"ਮੁਆਫ ਕਰਨਾ, ਤੁਸੀਂ ਸਭਿਆਚਾਰ ਤੇ ਧਰਮ ਨੂੰ ਇਕੋ ਜਗਾਹ ਰੱਖੀ ਜਾ ਰਹੇ ਓ।"

"ਇਹ ਦੋ ਕਿਵੇਂ ਹੋ ਗਏ?"

"ਸਭਿਆਚਾਰ ਇਲਾਕੇ ਦਾ ਜਾਂ ਕਬੀਲੇ ਦਾ, ਜਿਵੇਂ ਤੁਸੀਂ ਕਹਿੰਦੇ ਸੀ, ਹੋ ਸਕਦੈ ਪਰ ਧਰਮ ਨਿੱਜੀ ਹੁੰਦੈ। ਸਾਰੇ ਪੰਜਾਬੀਆਂ ਦਾ ਇਕ ਸਭਿਆਚਾਰ ਐ ਪਰ ਧਰਮ ਕਈ ਐ। ਏਦਾਂ ਈ ਸਿੱਖੀ ਦੀਆਂ ਕਿੰਨੀਆਂ ਬਰਾਂਚਾਂ ਹੈਗੀਆਂ ਪਰ ਸਭਿਆਚਾਰ ਇਕੋ ਐ।"

ਸੁਰਜਨ ਦੀ ਗੱਲ ਸੁਣ ਕੇ ਉਹ ਚੁੱਪ ਕਰ ਗਏ ਤੇ ਇਕ ਦੂਜੇ ਵਲ ਦੇਖਦੇ ਤੁਰਨ ਲਈ ਪੈਰ ਮਲਣ ਲਗੇ। ਸੁਰਜਨ ਸਿੰਘ ਨੇ ਫਿਰ ਕਿਹਾ,

"ਸਰਦਾਰ ਜੀ, ਮੈਂ ਇੰਡੀਅਨ ਕੁਮਿਨਟੀ ਦਾ ਇਕ ਅੰਗ ਆਂ, ਤੁਸੀਂ ਜੋ ਵੀ ਢਾਲ਼ ਲਾਵੋਂਗੇ, ਮੈਂ ਦੇ ਦੇਵਾਂਗਾ।"

ਉਹ ਉਠ ਕੇ ਚਲੇ ਗਏ। ਪਰਕਾਸ਼ ਕੋਰ ਦੂਜੇ ਕਮਰੇ ਵਿਚ ਉਹਨਾਂ ਦੀ ਸਾਰੀ ਗੱਲਬਾਤ ਸੁਣ ਰਹੀ ਸੀ। ਉਹ ਆ ਕੇ ਬੋਲੀ,

"ਜੀ, ਇਹ ਭਲਾ ਤੁਹਾਡੀ ਕੀ ਆਦਤ ਹੋਈ ਕਿ ਅਗਲੇ ਨੂੰ ਝਾੜ ਕੇ ਰੱਖ ਦੇਣਾਂ। ਅਗਲਾ ਕੁੜਮਾਚਾਰੀ ਦੇ ਮਾਣ ਨਾਲ ਆਇਆ ਸੀ ਤੇ ਤੁਸੀਂ ਮੁਹਰਿਓਂ ਖੁੰਬ ਠੱਪਣ ਲਗ ਪਏ!"

"ਬੁੜ੍ਹੀਏ, ਤੈਨੂੰ ਭਲਾ ਕਿਸੇ ਗੱਲ ਦੀ ਸਮਝ ਲਗੀ?"

"ਆਹੋ ਲਗੀ, ਪਹਿਲਾਂ ਤੁਸੀਂ ਕਿਹਾ ਕਿ ਗੁਰਦਵਾਰੇ ਨਹੀਂ ਚਾਹੀਦੇ, ਫੇਰ ਕਿਹਾ ਬਈ ਚਾਹੀਦੇ ਆ ਤੇ ਫੇਰ ਇਕ ਹੋਰ ਉਲਟੀ ਜਿਹੀ ਗੱਲ ਕੱਢ ਮਾਰੀ।"

"ਓ ਬੁੜ੍ਹੀਏ, ਮੈਂ ਕਿਹਾ ਬਈ ਮੈਂ ਧਾਰਮਿਕ ਬੰਦਾ ਨਹੀਂ, ਓਦਾਂ ਗੁਰਦਵਾਰਿਆਂ ਦੀ ਲੋੜ ਹੈਗੀ। ...ਮੈਨੂੰ ਨਹੀਂ ਹੋਰਨਾਂ ਨੂੰ, ਅਗਾਂਹ ਦੀ ਨਸਲ ਨੂੰ। ...ਬੱਚਿਆ ਨੂੰ ਤਾਂ ਸਕੂਲਾਂ ਵਿਚ ਧਰਮ ਦੀ ਸਿਖਿਆ ਦਿਤੀ ਈ ਜਾਣੀ ਆਂ, ਜੇ ਮਾਂਪੇ ਆਪਣਾ ਧਰਮ ਨਹੀਂ ਸਿਖਾਉਣਗੇ ਬੱਚੇ ਕਿਸੇ ਹੋਰ ਧਰਮ ਵਲ ਵੀ ਝੁਕ ਸਕਦੇ ਆ।"

"ਤੁਸੀਂ ਤਾਂ ਆਪਣੀਆਂ ਧੀਆਂ ਨੂੰ ਕੁਝ ਨਹੀਂ ਸਿਖਾਇਆ ਕਦੇ!"

"ਮੇਰੀਆਂ ਧੀਆਂ ਸਭ ਸਿਖੀਆਂ-ਸਿਖਾਈਆਂ। ...ਮੈਂ ਤਾਂ ਇਹੋ ਸ਼ੁਕਰ ਕਰਦਾਂ ਕਿ ਇਹ ਜੁਆਲਾ ਸ਼ਾਹ ਦੇ ਰੋਟ ਤੋਂ ਬਚ ਗਈਆਂ।"

ਰੁਆਇਲ ਡੀਨ ਵਿਚ ਏਸ਼ੀਅਨ ਤੇ ਕਾਲਿਆਂ ਦੀ ਗਿਣਤੀ ਦੇਖ ਕੇ ਗੁਲਵੰਤ ਹੈਰਾਨ ਸੀ। ਏਸ਼ੀਅਨ ਲੋਕ ਇੰਨੇ ਸਨ ਕਿ ਸਾਰਾ ਦਿਨ ਅੰਗਰੇਜ਼ੀ ਦਾ ਇਕ ਅੱਖਰ ਵੀ ਬੋਲਣ ਦੀ ਲੋੜ ਨਹੀਂ ਸੀ। ਇਨਸਪੈਕਟਰ ਪੰਜਾਬੀ, ਬੁਕ-ਰੂਮ ਵਿਚ ਪੰਜਾਬੀ ਜਾਂ ਗੁਜਰਾਤੀ, ਯੂਨੀਅਨ ਵਿਚ ਵੀ ਏਸ਼ੀਅਨ। ਇਥੇ ਆ ਕੇ ਉਸ ਨੂੰ ਇਕ ਹੋਰ ਰਾਹਤ ਮਿਲੀ ਕਿ ਇਥੇ ਸਾਰੇ ਹੀ ਵੱਡੀਆਂ ਨੌਕਰੀਆਂ ਛੱਡ ਕੇ ਆਏ ਲੋਕ ਸਨ; ਮਾਸਟਰ, ਪਰੋਫੈਸਰ, ਵਕੀਲ। ਇਕ ਹੋਰ ਅਜੀਬ ਗੱਲ ਸੀ ਕਿ ਰੁਆਇਲ ਡੀਨ ਵਿਚ ਕੰਮ ਕਰਦੇ ਬਹੁਤੇ ਲੋਕ ਆਪਸ ਵਿਚ ਰਿਸ਼ਤੇਦਾਰ ਸਨ; ਸਾਲੇ-ਭਣੋਈਏ, ਚਾਚੇ-ਭਤੀਜੇ, ਮਾਮੇ-ਭਾਂਣਜੇ, ਪਿਓ-ਪੁੱਤਰ, ਸੁਹਰੇ-ਜਵਾਈ। ਜਿਹਨੂੰ ਇਥੇ ਨੌਕਰੀ ਮਿਲ ਜਾਂਦੀ ਉਹ ਆਪਣੇ ਹੋਰਨਾਂ ਨੂੰ ਵੀ ਇਥੇ ਹੀ ਖਿਚਣ ਲਗਦਾ। ਹੁਣ ਔਰਤਾਂ ਨੂੰ ਵੀ ਡਾਕਖਾਨੇ ਵਿਚ ਕੰਮ ਕਰਨ ਦੀ ਇਜਾਜ਼ਤ ਮਿਲ ਜਾਣ ਕਰਕੇ ਕਈ ਭੈਣ-ਭਰਾ, ਪਤੀ-ਪਤਨੀ, ਪਿਓ-ਧੀ ਆਦਿ ਜੋੜੇ ਵੀ ਬਣ ਗਏ ਸਨ। ਇਸ ਤਰ੍ਹਾਂ ਰੁਆਇਲ ਡੀਨ ਇਕ ਕਿਸਮ ਦਾ ਸਮਾਜਕ ਅਦਾਰਾ ਜਿਹਾ ਵੀ ਬਣਿਆ ਹੋਇਆ ਸੀ। ਕਈ ਕਿਸਮ ਦੀਆਂ ਪਾਰਟੀਆਂ ਚਲਦੀਆਂ ਹੀ ਰਹਿੰਦੀਆਂ ਸਨ। ਕਦੇ ਕ੍ਰਿਸਮਸ ਪਾਰਟੀ ਤੇ ਕਦੇ ਦਿਵਾਲੀ ਦੀ, ਕਦੇ ਵਿਸਾਖੀ ਦੀ ਤੇ ਕਦੇ ਈਦ ਦੀ। ਕਿਸੇ ਦੇ ਪਰਿਵਾਰ ਵਿਚ ਮੁੰਡਾ ਜੰਮਦਾ ਤਾਂ ਦੋਸਤ ਉਸ ਨੂੰ ਘੇਰ ਲੈਂਦੇ। ਜਦ ਇੰਡੀਆ ਕ੍ਰਿਕਟ ਦਾ ਵ੍ਰਲਡ-ਕੱਪ ਜਿਤਿਆ ਦਾ ਇੰਡੀਅਨ ਲੋਕਾਂ ਨੇ ਪੂਰੇ ਡਾਕਖਾਨੇ ਨੂੰ ਵੱਡੀ ਪਾਰਟੀ ਕੀਤੀ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਸਭ ਰਲ਼ ਕੇ ਖਾਂਦੇ-ਪੀਂਦੇ। ਰੁਆਇਲ ਡੀਨ ਵਿਚ ਸ਼ਰਾਬ ਬਹੁਤ ਪੀਤੀ ਜਾਂਦੀ। ਮੁਸਲਮਾਨ ਵੀ ਪੀਂਦੇ ਪਰ ਬਹੁਤੀ ਵਾਰੀ ਚੋਰੀ ਚੋਰੀ।

ਇਥੇ ਸਿਆਸਤ ਉਪਰ ਵੀ ਭਖਵੀਆਂ ਬਹਿਸਾਂ ਹੁੰਦੀਆਂ। ਬਰਤਾਨਵੀ ਸਿਆਸਤ ਬਾਰੇ ਵੀ ਤੇ ਭਾਰਤੀ ਤੇ ਪਾਕਿਸਤਾਨੀ ਸਿਆਸਤ ਬਾਰੇ ਵੀ। ਭਾਰਤ-ਪਾਕਿਸਤਾਨ ਸਬੰਧ ਤਾਂ ਸਦਾ ਹੀ ਵਿਗੜੇ ਰਹੇ ਸਨ, ਭਖਵੀ ਬਹਿਸ ਦਾ ਕਾਰਣ ਬਣ ਜਾਂਦੇ ਸਨ। ਸੰਨ ਇਕੱਤਰ ਦੀ ਦੋਨਾਂ ਮੁਲਕਾਂ ਦੀ ਜੰਗ ਸਮੇਂ ਦੋਨਾਂ ਮੁਲਕਾਂ ਦੇ ਕਾਮਿਆਂ ਵਿਚ ਆਪਸੀ ਤਣਾਵ ਇੰਨਾ ਵਧ ਗਿਆ ਸੀ ਕਿ ਮੈਨੇਜਮੈਂਟ ਸਾਵਧਾਨ ਹੋ ਗਈ ਸੀ ਕਿ ਕੋਈ ਅਣਸੁਖਾਵੀਂ ਘਟਨਾ ਹੀ ਨਾ ਵਾਪਰ ਜਾਵੇ। ਉਸ ਤੋਂ ਬਾਅਦ ਮੁੜ ਦੋਨੋਂ ਧਿਰਾਂ ਆਪਸ ਵਿਚ ਠੱਠਾ-ਮਸ਼ਕਰੀ ਕਰਨ ਲਗੀਆਂ ਸਨ। ਗੁਲਵੰਤ ਲਈ ਇਹ ਸਭ ਨਵਾਂ ਤਜੁਰਬਾ ਸੀ। ਉਸ ਨੂੰ ਪਾਕਿਸਤਾਨੀ ਲੋਕਾਂ ਨੂੰ ਮਿਲਣਾ ਚੰਗਾ ਲਗਦਾ ਸੀ। ਉਸ ਦਾ ਪਾਕਿਸਤਾਨ ਬਾਰੇ ਬਹੁਤ ਕੁਝ ਜਾਨਣਾ ਚਾਹੁੰਦਾ ਸੀ। ਉਸ ਦਾ ਤਾਂ ਪਾਕਿਸਤਾਨ ਜਾਣ ਨੂੰ ਵੀ ਬਹੁਤ ਦਿਲ ਕਰਦਾ। ਲਾਇਲ ਪੁਰ ਦੇ ਚੌਧਰੀ ਮਨਸੂਰ ਅਲੀ ਨਾਲ ਉਸ ਦੀ ਕਈ ਵਾਰ ਡਿਊਟੀ ਪੈ ਜਾਂਦੀ। ਉਹ ਉਥੋਂ ਦੀਆਂ ਬਹੁਤ ਸਾਰੀਆਂ ਗੱਲਾਂ ਸੁਣਾਉਂਦਾ ਪਰ ਗੁਲਵੰਤ ਨੂੰ ਮਨਸੂਰ ਅਲੀ ਦੀ ਇਕ ਗੱਲ ਚੰਗੀ ਨਾ ਲਗਦੀ ਕਿ ਉਹ ਸਿੱਖਾਂ ਨੂੰ ਹਿੰਦੂਆਂ ਤੋਂ ਅਲੱਗ ਕਰਕੇ ਦੇਖਦਾ ਤੇ ਬਹੁਤੀ ਵਾਰ ਹਿੰਦੂਆਂ ਦੇ ਖਿਲਾਫ ਪਰਚਾਰ ਕਰਨ ਲਗਦਾ। ਗੁਲਵੰਤ ਉਸ ਨੂੰ ਟੋਕ ਵੀ ਦਿੰਦਾ ਪਰ ਮਨਸੂਰ ਅਲੀ ਫਿਰ ਸ਼ੁਰੂ ਹੋ ਜਾਂਦਾ। ਇਕ ਜਗਾਹ ਉਸ ਦੀ ਡਿਊਟੀ ਯਸ਼ ਸ਼ਰਮਾ ਨਾਲ ਪੈਂਦੀ। ਉਹ ਹੱਸਦਾ ਹੋਇਆ ਦੱਸਣ ਲਗਦਾ,

“ਪਾਕਿਸਤਾਨ ਦਾ ਸਾਡੇ ਮੁਲਕ ਨਾਲ ਕੀ ਮੇਲ੍ਹ? ਸਾਡਾ ਮੁਲਕ ਹਾਥੀ ਤੇ ਉਹਦੇ ਸਾਹਮਣੇ ਪਾਕਿਸਤਾਨ ਦਾ ਸਾਈਜ਼ ਕੁੱਤੇ ਜਿਡਾ। ਹਾਥੀ ਦਾ ਕੰਮ ਐ ਤੁਰੇ ਜਾਣਾਂ, ਕੁੱਤੇ ਦਾ ਕੰਮ ਐਂ ਭੌਂਕਦੇ ਰਹਿਣਾ। ਏਦਾਂ ਈ ਇਹ ਸਾਰੇ ਪਾਕਿਸਤਾਨੀ ਆਪਣੀ ਇਹ ਜੌਬ ਕਰੀ ਜਾਂਦੇ ਆ।”

ਕਈ ਵਾਰ ਉਹ ਕਹਿਣ ਲਗਦਾ,

“ਇੰਡੀਆ ਦਾ ਪਾਕਿਸਤਾਨ ਨਾਲ ਕੀ ਮੁਕਾਬਲਾ? ਜਿੰਨਾ ਸਾਰੇ ਪਾਕਿਸਤਾਨ ਦਾ ਬਜਟ ਐ ਏਨੀ ਤਾਂ ਸਾਡਾ ਇਕ ਮਨਿਸਟਰ ਰਿਸ਼ਵਤ ਖਾ ਜਾਂਦੈ!”

ਇਕ ਅਯੂਬ ਮਲਿਕ ਸੀ। ਉਹ ਕਈ ਵਾਰ ਯਸ਼ ਸ਼ਰਮਾ ਨੂੰ ਛੇੜਨ ਲਈ ਆ ਜਾਂਦਾ, ਆਖਦਾ,

“ਪੰਡਤ ਜੀ, ਖੁਸ਼ੀਨਾਮੇ ਤੁਸੀਂ ਸਾਨੂੰ ਕਸ਼ਮੀਰ ਦੇਣਾ ਨਈਂ, ਲੜ ਕੇ ਸਾਡੇ ਤੋਂ ਲਿਆ ਨਹੀਂ ਜਾਣਾਂ, ਮਗਰ ਕਸ਼ਮੀਰ ਇੰਡੀਆ ਲਈ ਚਿਤੜਾਂ ਦੇ ਫੋੜੇ ਵਾਂਗ ਰਹਿਣਾਂ, ਹਮੇਸ਼ਾ ਰਿਸਦਾ, ਦਰਦ ਦਿੰਦਾ...।”

“ਠੀਕ ਐ ਮਲਿਕ ਸਾਹਿਬ, ਤੁਸੀਂ ਸਹੀ ਕਹਿੰਦੇ ਓ ਪਰ ਅਜੀਬ ਗੱਲ ਇਹ ਐ ਕਿ ਇਹ ਫੋੜਾ ਤਾਂ ਇੰਡੀਆ ਦੇ ਹੋਏਗਾ ਪਰ ਟੱਪਦਾ ਤਾਂ ਦਰਦ ਨਾਲ ਸਾਰਾ ਪਾਕਿਸਤਾਨ ਫਿਰਦੈ।”

ਸ਼ਰਮਾ ਅਗਿਓਂ ਗੱਲ ਨੂੰ ਵਲ਼ ਕੇ ਆਖ ਜਾਂਦਾ।

ਪਾਕਿਸਤਾਨੀਆਂ ਵਿਚ ਉਸ ਦੇ ਕਈ ਚੰਗੇ ਦੋਸਤ ਬਣ ਗਏ ਸਨ। ਗੁਜਰਾਤੀਆਂ ਤੇ ਗੋਰਿਆਂ-ਕਾਲਿਆਂ ਨਾਲ ਵੀ ਗੁਲਵੰਤ ਖੁਲ੍ਹ ਕੇ ਗੱਲਾਂ ਕਰਿਆ ਕਰਦਾ। ਪੁਰਾਣੇ ਲੋਕਾਂ ਨਾਲੋਂ ਉਸ ਦੀ ਦੋਸਤੀ ਵਿਚ ਨਵੇਂ ਲੋਕ ਜ਼ਿਆਦਾ ਆਉਂਦੇ ਸਨ। ਸਾਰੇ ਹੀ ਨਵੇਂ ਪੁਰਾਣਿਆਂ ਵਿਚ ਘੱਟ ਭਿੱਜਦੇ ਸਨ। ਅਸਲ ਵਿਚ ਹੁਣ ਕਈ ਸਾਲਾਂ ਬਾਅਦ ਰੁਆਇਲ ਡੀਨ ਦੀ ਭਰਤੀ ਖੁਲ੍ਹੀ ਹੋਣ ਕਰਕੇ ਨਵਿਆਂ-ਪੁਰਾਣਿਆਂ ਵਿਚ ਕਾਫੀ ਫਰਕ ਆ ਗਿਆ ਸੀ। ਨਵਿਆਂ ਨੇ ਆਪਣੀਆਂ ਅਲੱਗ ਕਲੱਬਾਂ ਬਣਾ ਲਈਆਂ ਸਨ, ਵੱਖਰੀਆਂ ਸੰਦੂਕੜੀਆਂ ਜਿਹੀਆਂ ਲਿਆ ਰੱਖੀਆਂ ਸਨ। ਨਵੇਂ ਪੰਜਾਬੀਆਂ ਵਿਚ ਬਹੁਤੇ ਮੁੰਡੇ ਉਹ ਸਨ ਜਿਹੜੇ ਵਿਆਹ ਕਰਾਉਣ ਲਈ ਆਏ ਹੋਏ ਸਨ ਇਸ ਲਈ ਕਿਸੇ ਨੇ ਮਜ਼ਾਕ ਵਿਚ ਨਵਿਆਂ ਦੀ ਕਲੱਬ ਦਾ ਨਾਂ ਹੀ ਮਰਦ-ਮੰਗੇਤਰ ਕਲੱਬ ਰੱਖ ਦਿਤਾ।

ਰੁਆਇਲ ਡੀਨ ਦੇ ਸਾਰੇ ਹੀ ਪੰਜਾਬੀ ਸੁਰਜਨ ਸਿੰਘ ਨੂੰ ਜਾਣਦੇ ਸਨ। ਚਮਨ ਲਾਲ, ਬਲਦੇਵ, ਗੁਰਨਾਮ ਆਦਿ ਤਾਂ ਗੁਲਵੰਤ ਨੂੰ ਵਿਸ਼ੇਸ਼ ਤੌਰ ਤੇ ਆ ਕੇ ਮਿਲੇ ਤੇ ਵੱਖਰਾ ਜਿਹਾ ਨਿੱਘ ਦਿਖਾਇਆ। ਗੁਲਵੰਤ ਕਿਤੇ ਬੈਠਾ ਹੁੰਦਾ ਜਾਂ ਜਾ ਰਿਹਾ ਹੁੰਦਾ ਸੁਰਜਨ ਸਿੰਘ ਦੇ ਵਾਕਫ ਇਕ ਦੂਜੇ ਨੂੰ ਇਸ਼ਾਰਾ ਕਰਕੇ ਦਸਦੇ; ‘ਉਹ ਐ ਚਾਹਲ ਦਾ ਜਵਾਈ, ਪਰੋਫੈਸਰ ਸੀ ਇਹ ਕਪੂਰਥਲੇ।’

ਗੁਲਵੰਤ ਦੀ ਨੇੜੇ ਦੀ ਢਾਣੀ ਵਿਚ ਮੁਸ਼ਤਾਕ, ਐਲਨ ਤੇ ਵਿਜੇ ਸਨ। ਇਹ ਸਾਰੇ ਟਰੇਨਿੰਗ ਵੇਲੇ ਇਕੋ ਬੈਜ ਵਿਚ ਸਨ ਤੇ ਫਿਰ ਇਹਨਾਂ ਸ਼ਿਫਟ ਵੀ ਇਕੋ ਹੀ ਲੈ ਲਈ। ਦੋ ਤੋਂ ਦਸ-ਛੱਤੀ। ਦਸ-ਛੱਤੀ ਤੋਂ ਬਾਅਦ ਚਾਰ ਘੰਟੇ ਜਾਂ ਸੱਤ ਘੰਟੇ ਓਵਰ ਟਾਈਮ ਲਗ ਜਾਂਦਾ। ਬਹੁਤੇ ਲੋਕ ਸੱਤ ਘੰਟੇ ਓਵਰ ਟਾਈਮ ਲਾਉਂਦੇ। ਸਾਢੇ ਅੱਠ ਘੰਟੇ ਦੀ ਡਿਊਟੀ ਤੇ ਨਾਲ ਸੱਤ ਘੰਟੇ ਓਵਰ ਟਾਈਮ ਪਾ ਕੇ ਸਾਢੇ ਪੰਦਰਾਂ ਘੰਟੇ ਬਣ ਜਾਂਦੇ। ਇਕ ਘੰਟਾ ਕੰਮ ਤੇ ਆਉਣ ਤੇ ਇਕ ਘੰਟਾ ਜਾਣ। ਇਹ ਸਮਾਂ ਕੱਢ ਕੇ ਸੌਣ ਲਈ ਸਿਰਫ ਛੇ ਘੰਟੇ ਹੀ ਬਚਦੇ। ਇਸ ਲਈ ਰੁਆਇਲ ਡੀਨ ਦੇ ਬਹੁਤੇ ਲੋਕ ਉਣੀਂਦਰੇ ਦੇ ਮਾਰੇ ਹੋਏ ਹੁੰਦੇ। ਕਈ ਵਾਰ ਇਕ ਦੂਜੇ ਨੂੰ ਛੇੜਨ ਲਗਦੇ। ਕੋਈ ਕਹਿੰਦਾ,

“ਓਹ ਦੇਖੀਂ ਯਾਰ, ਅਸਲਮ ਹੌਲੀ ਹੌਲੀ ਤੁਰਿਆ ਆਉਂਦੈ, ਲਗਦਾ ਸੁੱਤਾ ਪਿਆ, ਜਗਾ ਦੇ ਵਿਚਾਰੇ ਨੂੰ, ਕਿਤੇ ਡਿਗ ਹੀ ਨਾ ਪਵੇ!”

ਉਸ ਦੇ ਨਵੇਂ ਦੋਸਤਾਂ ਵਿਚੋਂ ਵਿਜੇ ਫਗਵਾੜੇ ਤੋਂ ਭਾਬੜਿਆਂ ਦਾ ਮੁੰਡਾ ਸੀ। ਕਈ ਸਾਲਾਂ ਤੋਂ ਘਰੋਂ ਨਿਕਲਿਆ ਹੋਇਆ ਸੀ। ਕਈ ਮੁਲਕਾਂ ਵਿਚ ਘੁੰਮ-ਘੁਮਾ ਕੇ ਲੰਡਨ ਪੁੱਜਿਆ ਸੀ। ਇਥੇ ਨਕਲੀ ਜਿਹਾ ਵਿਆਹ ਕਰਾ ਕੇ ਪੱਕਾ ਹੋਇਆ ਸੀ। ਗਰੀਨਫੋਰਡ ਗੁਲਵੰਤ ਦੇ ਘਰ ਦੇ ਨੇੜੇ ਹੀ ਰਹਿੰਦਾ ਸੀ। ਮੁਸ਼ਤਾਕ, ਲਹੌਰ ਤੋਂ ਸੀ, ਵੀ ਉਹਦੇ ਵਾਂਗ ਵਿਆਹ ਲਈ ਆਇਆ ਸੀ। ਉਸ ਆਪਣੇ ਸਕੇ ਚਾਚੇ ਦੀ ਕੁੜੀ ਨਾਲ ਵਿਆਹਿਆ ਗਿਆ ਸੀ। ਉਸਦਾ ਦੋਸਤ ਐਲਨ ਆਇਰਸ਼ ਮੁੰਡਾ ਸੀ। ਏਂਜਲ ਰਹਿੰਦਾ ਸੀ ਤੇ ਸਾਈਕਲ ‘ਤੇ ਹੀ ਕੰਮ ‘ਤੇ ਆਉਂਦਾ ਜਾਂਦਾ। ਓਵਰ ਟਾਈਮ ਲਾਉਣ ਲਈ ਉਸ ਦੇਸੀ ਬੰਦਿਆਂ ਜਿੰਨਾ ਹੀ ਤਕੜਾ ਸੀ। ਜਦੋਂ ਬ੍ਰੇਕ ਮਿਲਦੀ ਤਾਂ ਕਿਸੇ ਕੁਰਸੀ ‘ਤੇ ਬੈਠ ਸੌਂ ਲੈਂਦਾ। ਇਵੇਂ ਸੌਣ ਦੇ ਠੁਮਕੇ ਤਾਂ ਅੱਧਾ ਰੁਆਇਲ ਡੀਨ ਲਾਉਂਦਾ ਸੀ। ਐਲਨ ਇਕ ਵੱਡੀ ਸਾਰੀ ਅਖਬਾਰ ਜੇਬ੍ਹ ਵਿਚ ਰੱਖਦਾ। ਬੀਅਰ ਪੀਣ ਨੂੰ ਵੀ ਉਹ ਬਹੁਤ ਤਕੜਾ ਸੀ। ਵਿਜੇ ਤੇ ਐਲਨ ਕਈ ਵਾਰ ਸ਼ਰਤਾਂ ਲਾ ਕੇ ਇਕੋ ਸਾਹੇ ਗਲਾਸ ਪੀਂਦੇ। ਉਹਨਾਂ ਨੇ ਮੁਸ਼ਤਾਕ ਨੂੰ ਵੀ ਬੀਅਰ ਪੀਣ ਸਿਖਾ ਲਿਆ ਸੀ। ਗੁਲਵੰਤ ਵੀ ਛੇਤੀ ਹੀ ਸ਼ਰਤਾਂ ਲਾਉਣ ਜੋਗਾ ਹੋ ਗਿਆ।

ਕੰਮ ‘ਤੇ ਜਾਣ ਨੂੰ ਗੁਲਵੰਤ ਲਈ ਅੰਡਰਗਰਾਊਂਡ ਸੂਤ ਬੈਠਦੀ ਸੀ ਪਰ ਬਾਰਾਂ ਵਜੇ ਤੋਂ ਬਾਅਦ ਟਿਊਬ ਬੰਦ ਹੋ ਜਾਂਦੀ ਤੇ ਜੇ ਉਸ ਨੇ ਓਵਰਟਾਈਮ ਲਾਉਣਾ ਹੁੰਦਾ ਤਾਂ ਕਾਰ ਹੀ ਠੀਕ ਬੈਠਣੀ ਸੀ। ਵਿਜੇ ਤੇ ਉਹ ਵਾਰੀ ਵਾਰੀ ਕਾਰ ਲੈ ਜਾਂਦੇ। ਨਵੀਂ ਭਰਤੀ ਦਾ ਅਗਲਾ ਬੈਜ ਆਇਆ ਤਾਂ ਨਵਤੇਜ ਤੇ ਰਣਵੀਰ ਵੀ ਉਹਨਾਂ ਵਿਚ ਆ ਰਲ਼ੇ। ਰੁਆਇਲ ਡੀਨ ਵਿਚ ਇਹਨਾਂ ਛੇਆਂ ਦਾ ਤਕੜਾ ਗੁਰੱਪ ਬਣ ਗਿਆ। ਇਕੋ ਸ਼ਿਫਟ ਤੇ ਇਕੋ ਜਿਹਾ ਓਵਰ ਟਾਈਮ। ਇਕੱਠੇ ਹੀ ਪੱਬ ਨੂੰ ਜਾਂਦੇ ਜਾਂ ਲੌਕਰਾਂ ਵਿਚ ਲੁਕ ਕੇ ਬੋਤਲਾਂ ਖੋਹਲਦੇ। ਵਿਜੇ ਥਾਂ-ਥਾਂ ਧੱਕੇ ਖਾ ਕੇ ਕਾਂਟਾ ਬਣ ਚੁੱਕਿਆ ਸੀ। ਉਹ ਤਰੀਕੇ ਤਰੀਕੇ ਨਾਲ ਆਪਣਾ ਕੰਮ ਜਲਦੀ ਕਢਾ ਲੈਂਦਾ; ਯੂਨੀਅਨ ਹੋਵੇ ਜਾਂ ਬੁੱਕ ਰੂਮ। ਰਾਤਾਂ ਨੂੰ ਓਵਰ ਟਾਈਮ ਦਾ ਇਨਚਾਰਜ ਵੱਡੀ ਸਾਰੀ ਦੇਹ ਵਾਲਾ ਗੋਰਾ ਜੈਕ ਹਾਰਵੇ ਹੁੰਦਾ। ਵਿਜੇ ਜੈਕ ਹਾਰਵੇ ਨੂੰ ਪੱਬ ਵਿਚ ਲੈ ਜਾ ਕੇ ਗਲਾਸ ਪਿਲਾਉਂਦਾ ਤੇ ਅਜਿਹੀ ਜਗਾਹ ਡਿਊਟੀ ਪਵਾ ਲੈਂਦਾ ਜਿਥੋਂ ਫਰਲੋ ਮਾਰ ਕੇ ਸੌਂ ਸਕੇ ਜਾਂ ਫਿਰ ਜਲਦੀ ਘਰ ਨੂੰ ਜਾ ਸਕੇ। ਗੁਲਵੰਤ ਨੂੰ ਅਜਿਹੀ ਚਲਾਕੀ ਨਹੀਂ ਸੀ ਆਉਂਦੀ। ਐਲਨ ਵਿਜੇ ਵਾਂਗ ਹੀ ਤੇਜ਼ ਸੀ। ਉਹ ਦੋਵੇਂ ਜੈਕ ਹਾਰਵੇ ਨਾਲ ਗਿਟ ਮਿਟ ਕਰਕੇ ਗੁਲਵੰਤ ਦਾ ਵੀ ਅਜਿਹਾ ਇੰਤਜ਼ਾਮ ਕਰ ਦਿੰਦੇ।

## ਉੱਨੀ

ਰਾਜੂ ਤੇ ਸੁਖਵੀਰ ਫਿਲਮ ਦੇਖ ਕੇ ਮੁੜੇ। ਡਿਗਵਾਂ ਜਿਹਾ ਸੂਰਜ ਆਪਣੀ ਪੀਲੀ ਧੁੱਪ ਲੈ ਕੇ ਹਾਲੇ ਕਾਇਮ ਸੀ। ਮਈ ਦੀ ਠੰਡ ਅਜਿਹੀ ਸੀ ਕਿ ਭਾਰੇ ਕਪੜੇ ਪਾ ਕੇ ਹੀ ਨਿਕਲਣਾ ਪੈਂਦਾ। ਉਹ ਦੋਵੇਂ ਲੇਅਟਨ ਸਟੋਨ ਦੇ ਸਟੇਸ਼ਨ ਤੋਂ ਇਕ ਦੂਜੇ ਦਾ ਹੱਥ ਫੜੀ ਬਾਹਰ ਨਿਕਲੇ। ਹਾਈ ਰੋਡ ਤੋਂ ਜੈਬਰਾ ਕਰੌਸਿੰਗ ਪਾਰ ਕਰਨ ਲਗੇ ਤਾਂ ਸਾਹਮਣੇ ਇਕ ਪਤਲਾ ਜਿਹਾ ਗੁਜਰਾਤੀ ਮੁੰਡਾ ਖੜਾ ਸੀ। ਸੁਖਵੀਰ ਉਸ ਨੂੰ ਦੇਖਦੇ ਹੀ ਬੋਲੀ,

“ਹੈਲੋ ਮਿੱਕ, ਹਾਓ ਆਰ ਯੂ?”

“ਆਏ ‘ਮ ਫਾਈਨ, ਹਾਓ ਆਰ ਯੂ? ...ਹਾਓ ਇਜ਼ ਐਵਰੀ ਬੌਡੀ?”

“ਫਾਈਨ, ਐਵਰੀ ਬੌਡੀ ਫਾਈਨ!”

ਮਿੱਕ ਸੁਖਵੀਰ ਦਾ ਪੁਰਾਣਾ ਜਮਾਤੀ ਸੀ। ਦੇਰ ਬਾਅਦ ਮਿਲਿਆ ਸੀ। ਉਹ ਇਕ ਦੂਜੇ ਨੂੰ ਹੋਰਨਾਂ ਜਮਾਤੀਆਂ ਬਾਰੇ ਪੁੱਛਣ ਲਗੇ। ਸੁਖਵੀਰ ਗੱਲਾਂ ਕਰਦੀ ਇੰਨੀ ਖੁੱਭ ਗਈ ਕਿ ਉਸ ਨੂੰ ਕੋਲ ਖੜੇ ਰਾਜੂ ਦਾ ਚੇਤਾ ਹੀ ਨਾ ਰਿਹਾ। ਅਸਲ ਵਿਚ ਅਜ ਉਹ ਰਾਜੂ ਤੋਂ ਹਲਕੀ ਜਿਹੀ ਬੋਰ ਵੀ ਹੋ ਗਈ ਸੀ, ਇਸ ਲਈ ਵੀ ਉਹਦੇ ਵਲ ਉਸ ਦਾ ਧਿਆਨ ਨਾ ਗਿਆ। ਰਾਜੂ ਕੁਝ ਦੇਰ ਖੜਾ ਉਹਨਾਂ ਵਲ ਦੇਖਦਾ ਰਿਹਾ। ਉਸ ਨੂੰ ਇਵੇਂ ਅਣਗੌਲੇ ਜਾਣ ਉਪਰ ਬਹੁਤ ਗੁੱਸਾ ਆ ਰਿਹਾ ਸੀ। ਥੋੜੀ ਦੇਰ ਰੁਕ ਕੇ ਉਹ ਤੁਰ ਪਿਆ। ਨੇੜੇ ਹੀ ਤਾਂ ਸੁਹਰਿਆਂ ਦਾ ਘਰ ਸੀ। ਇਕੱਲੇ ਰਾਜੂ ਨੂੰ ਦਰਵਾਜ਼ੇ ਵਿਚ ਖੜਿਆਂ ਦੇਖ ਕੇ ਪਰਕਾਸ਼ ਕੋਰ ਨੇ ਕਾਹਲੀ ਨਾਲ ਪੁੱਛਿਆ,

“ਵੀਰਾਂ ਕਿਥੇ ਆ?”

“ਉਹ ਮੋੜ ‘ਤੇ ਖੜੀ ਕਿਸੇ ਮੁੰਡੇ ਨਾਲ ਗੱਲਾਂ ਕਰਦੀ ਐ।”

“ਕੌਣ ਮੁੰਡਾ?”

“ਪਤਾ ਨਹੀਂ, ਪਹਿਲਾਂ ਮੈਂ ਕਦੇ ਨਹੀਂ ਦੇਖਿਆ।”

ਰਾਜੂ ਨੇ ਜ਼ਰਾ ਕੁ ਹਿਰਖ ਵਿਚ ਆਖਿਆ। ਪਰਕਾਸ਼ ਕੋਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸੁਖਵੀਰ ਦਾ ਖੁਲ੍ਹਾ ਸੁਭਾਅ ਉਸ ਨੂੰ ਹਰ ਵੇਲੇ ਧੁੜਕੂ ਲਾਈ ਰਖਦਾ ਸੀ। ਉਸ ਨੇ ਨਾ ਜੁੱਤੀ ਪਾਈ ਤੇ ਨਾ ਹੀ ਸਿਰ 'ਤੇ ਕੁਝ ਲਿਆ ਤੇ ਉਧਰ ਨੂੰ ਭੱਜ ਪਈ। ਸੁਖਵੀਰ ਦੂਰ ਖੜੀ ਹਾਲੇ ਵੀ ਮੁੰਡੇ ਨਾਲ ਗੱਲਾਂ ਕਰਦੀ ਉਸ ਨੂੰ ਦਿਸ ਰਹੀ ਸੀ। ਉਹ ਜਾਂਦੀ ਹੀ ਉਸ 'ਤੇ ਵਰ੍ਹ ਪਈ,

"ਤੂੰ ਪਾਗਲ ਤਾਂ ਨਹੀਂ ਹੋ ਗਈ! ...ਚੱਲ, ਤੁਰ ਘਰ ਨੂੰ, ਤੇਰੇ ਡੈਡੀ ਆਏ ਬੈਠੇ ਆ ਤੇ ਭਾਜੀ ਤੇ ਸੁਰਿੰਦਰ ਵੀ।"

ਸੁਖਵੀਰ ਮਿੱਕ ਨੂੰ ਅਲਵਿਦਾ ਕਹਿੰਦੀ ਤੁਰ ਪਈ। ਪਰਕਾਸ਼ ਕੋਰ ਬੋਲੀ,

"ਤੈਨੂੰ ਸ਼ਰਮ ਐ ਕਿ ਨਈਂ! ...ਕੱਲ ਨੂੰ ਤੇਰਾ ਵਿਆਹ ਕਰਨਾਂ, ਮੁੰਡਾ ਤੇਰੇ ਨਾਲ਼ ਐ ਤੇ ਤੂੰ ਕਿਸੇ ਹੋਰ ਨਾਲ ਗੱਲਾਂ ਕਰਨ ਡਹਿ ਪਈ ਐਂ!"

"ਮੰਮੀ, ਮੇਰਾ ਕਲਾਸ ਫੈਲੋ ਐ।"

"ਚੁੱਪ ਕਰਕੇ ਘਰ ਨੂੰ ਤੁਰੀ ਚੱਲ, ...ਲਗਦੀ ਕਲਾਸਫੈਲੋ ਦੀ!"

ਉਹ ਘਰ ਪੁੱਜੀਆਂ ਤਾਂ ਅਜੀਬ ਜਿਹੀ ਚੁੱਪ ਪਸਰੀ ਪਈ ਸੀ। ਗੁਲਵੰਤ, ਰਾਜੂ ਤੇ ਸੁਰਜਨ ਸਿੰਘ ਇਕ ਦਮ ਖਾਮੋਸ਼ ਬੈਠੇ ਸਨ। ਸੁਰਿੰਦਰ ਵੀ ਦੂਜੇ ਕਮਰੇ ਵਿਚੋਂ ਆ ਗਈ। ਉਸ ਨੂੰ ਸਤਵਾਂ ਮਹੀਨਾ ਚਲ ਰਿਹਾ ਸੀ। ਸਾਰੇ ਹੀ ਸੁਖਵੀਰ ਨੂੰ ਝਿੜਕਦੇ, ਅਕਲਾਂ ਦੇਣ ਲਗੇ। ਸੁਖਵੀਰ ਮੋਢੇ ਜਿਹੇ ਚੁਕਦੀ ਕਹਿੰਦੀ ਜਾ ਰਹੀ ਸੀ; 'ਸੋ ਵੌਟ!'

ਗੁਲਵੰਤ, ਸੁਰਿੰਦਰ ਤੇ ਰਾਜੂ ਅਜ ਸਵੇਰੇ ਹੀ ਇਧਰ ਆ ਗਏ ਸਨ। ਰਾਜੂ ਤੇ ਸੁਖਵੀਰ ਨੇ ਫਿਲਮ ਦੇਖਣ ਜਾਣਾ ਸੀ। ਗੁਲਵੰਤ ਤੇ ਸੁਰਜਨ ਰੁਆਇਲ ਡੀਨ ਐਤਵਾਰ ਦੀ ਸ਼ਿਫਟ ਲਾਉਣ ਚਲੇ ਗਏ। ਸਵਾ ਕੁ ਚਾਰ ਵਜੇ ਉਹ ਪਰਤੇ ਸਨ। ਸੁਖਵੀਰ ਦਾ ਇਵੇਂ ਓਪਰੇ ਬੰਦੇ ਨਾਲ ਖੜ ਕੇ ਗੱਲਾਂ ਕਰਨਾ ਗੁਲਵੰਤ ਨੂੰ ਇੰਨਾ ਨਹੀਂ ਸੀ ਚੁਭਿਆ। ਉਹ ਇਸ ਨੂੰ ਸੁਖਵੀਰ ਦਾ ਬਚਪਨਾ ਹੀ ਸਮਝ ਰਿਹਾ ਸੀ ਪਰ ਰਾਜੂ ਇਸ ਗੱਲ ਨੂੰ ਦਿਲ 'ਤੇ ਲਾ ਗਿਆ। ਉਹ ਕਿਸੇ ਨਾਲ ਬੋਲਿਆ ਤਕ ਨਾ। ਰੋਟੀ ਖਾਣ ਵੇਲੇ ਵੀ ਚੁੱਪ ਰਿਹਾ ਤੇ ਘਰ ਵਾਪਸ ਮੁੜਦਿਆਂ ਵੀ। ਉਸ ਨੂੰ ਲਗਣ ਲਗਿਆ ਕਿ ਸੁਖਵੀਰ ਉਸ ਨੂੰ ਪਸੰਦ ਨਹੀਂ ਕਰਦੀ। ਫਿਲਮ ਦੇਖਦਿਆਂ ਵੀ ਉਸ ਨੂੰ ਕਈ ਗੱਲਾਂ ਵਿਚ ਅਣਸੁਣਾ ਕਰਦੀ ਰਹੀ ਸੀ। ਘਰ ਪੁੱਜ ਕੇ ਸੁਰਿੰਦਰ ਸੌਣ ਚਲੇ ਗਈ ਤਾਂ ਗੁਲਵੰਤ ਨੇ ਰਾਜੂ ਦੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ,

"ਤੂੰ ਠੀਕ ਤਾਂ ਐਂ?"

ਰਾਜੂ ਭੁੱਬੀਂ ਉਤਰ ਆਇਆ ਜਿਵੇਂ ਉਸ ਦਾ ਅੰਦਰ ਉਚੜ ਗਿਆ ਹੋਵੇ। ਗੁਲਵੰਤ ਉਸ ਨੂੰ ਗਲ਼ ਨਾਲ ਲਾਉਂਦਾ ਬੋਲਿਆ,

"ਐਡੀ ਕਿਹੜੀ ਗੱਲ ਹੋ ਗਈ?"

"ਸੁਖਵੀਰ ਮੈਨੂੰ ਲਾਈਕ ਨਹੀਂ ਕਰਦੀ, ਉਹ ਤਾਂ ਓਸ ਮੁੰਡੇ ਨੂੰ...।"

"ਹੈ, ਕਮਲ਼ਾ! ਤੂੰ ਕਿਹੜੀ ਦੁਨੀਆਂ 'ਚ ਤੁਰਿਆ ਫਿਰਦੈਂ, ਏਹ ਤਾਂ ਕਲਾਸਫੈਲੋ ਮੁੰਡੇ ਕੁੜੀਆਂ ਇੰਡੀਆ 'ਚ ਵੀ ਏਦਾਂ ਖੜ ਕੇ ਗੱਲਾਂ ਕਰ ਲੈਂਦੇ ਆ, ਮੈਂ ਕਰਦਾ ਰਿਹਾਂ।"

"ਨਹੀਂ, ਉਹਦੀ ਉਹਦੇ ਨਾਲ ਈ ਗੱਲ ਐ, ਮੇਰੇ ਨਾਲ਼ ਤਾ ਸਿੱਧੇ ਮੂੰਹ ਬੋਲੀ ਈ ਨਹੀਂ।"

"ਸਟੂਪਿਡ ਨਾ ਬਣ, ਮੈਂ ਸੁਖਵੀਰ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾਂ, ਜੇ ਉਹ ਏਦਾਂ ਦੀ ਹੁੰਦੀ ਤਾਂ ਮੈਂ ਰਿਸ਼ਤਾ ਈ ਕਾਹਨੂੰ ਕਰਨਾ ਸੀ। ਉਹ ਬੇਵਕੂਫੀ ਇਹ ਕਰ ਗਈ ਕਿ ਓਸ ਮੁੰਡੇ ਨਾਲ ਤੈਨੂੰ ਇੰਟਰੋਡਿਊਸ ਕਰਾਉਂਦੀ।"

ਰਾਜੂ ਅੱਖਾਂ ਪੂੰਝਦਾ ਚੁੱਪ ਕਰ ਗਿਆ। ਗੁਲਵੰਤ ਨੇ ਫਿਰ ਕਿਹਾ,

"ਜੇ ਕੋਈ ਏਦਾਂ ਦੀ ਗੱਲ ਹੁੰਦੀ ਤਾਂ ਤੇਰੇ ਸਾਹਮਣੇ ਥੋੜੋਂ ਉਹਨੇ ਉਹਨੂੰ ਮਿਲਣਾ ਸੀ, ਇਹ ਇੰਗਲੈਂਡ ਐ, ਇਹ ਬਹੁਤ ਸਧਾਰਨ ਗੱਲ ਐ ਏਸ ਮੁਲਕ ਵਿਚ। ਕਿਸੇ ਕੁੜੀ ਨਾਲ ਗੱਲ ਕਰਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹਦੇ ਨਾਲ ਉਹ ਖਰਾਬ ਐ, ...ਤੂੰ ਤਾਂ ਬਈ ਬਹੁਤ ਪੁਰਾਣੀ ਸੋਚ ਦਾ ਮਾਲਕ ਐਂ, ਏਦਾਂ ਤਾਂ ਹੁਣ ਕੋਈ ਇੰਡੀਆ ਵਿਚ ਵੀ ਨਹੀਂ ਸੋਚਦਾ ਹੋਣਾਂ।"

ਰਾਜੂ ਨੂੰ ਭਰਾ ਦੀ ਦਲੀਲ ਚੰਗੀ ਲਗੀ ਕਿ ਜੇ ਸੁਖਵੀਰ ਖਰਾਬ ਹੁੰਦੀ ਤਾਂ ਉਸ ਨੇ ਚੋਰੀ ਮਿਲਣਾ ਸੀ ਸਾਹਮਣੇ ਨਹੀਂ। ਉਸ ਮੁੰਡੇ ਨੂੰ ਉਹ ਮਿਲੀ ਵੀ ਇਵੇਂ ਹੀ ਸੀ ਜਿਵੇਂ ਦੇਰ ਬਾਅਦ ਦੇਖਿਆ ਹੋਵੇ। ਰਾਜੂ ਠੀਕ ਹੋ ਗਿਆ ਪਰ ਉਸ ਦਾ ਮਨ ਪੂਰੀ ਤਰ੍ਹਾਂ ਧੋਤਾ ਨਾ ਗਿਆ। ਉਹ ਬਹੁਤੀ ਗੱਲ ਕੀਤੇ ਬਿਨਾਂ ਹੀ ਸੌਂ ਗਿਆ। ਸਵੇਰੇ ਉਠ ਕੇ ਚਾਹ ਪੀਤੀ ਬਿਨਾਂ ਹੀ ਕੰਮ 'ਤੇ ਤੁਰ ਗਿਆ। ਸੁਰਿੰਦਰ ਨੂੰ ਫਿਕਰ ਹੋਣ ਲਗਿਆ। ਗੁਲਵੰਤ ਨੂੰ ਚਿੰਤਾ ਤਾਂ ਸੀ ਪਰ ਉਸ ਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਰਾਜੂ ਨਿਕੀ ਜਿਹੀ ਗੱਲ ਨੂੰ ਵੱਡੀ ਕਿਉਂ ਬਣਾ ਰਿਹਾ ਹੈ। ਦੂਜੇ ਪਾਸੇ ਉਹ ਰਾਜੂ ਨੂੰ ਬੱਚਾ ਹੀ ਸਮਝ ਰਿਹਾ ਸੀ ਪਰ ਆਪਣੀ ਔਰਤ ਉਪਰ ਅਧਿਕਾਰ ਦਾ ਜਜ਼ਬਾ ਉਹ ਕਿਸੇ ਵੱਡੇ ਨਾਲੋਂ ਵੀ ਜ਼ਿਆਦਾ ਲਈ ਫਿਰਦਾ ਸੀ।

ਅਗਲੇ ਦਿਨ ਸੁਰਜਨ ਤੇ ਗੁਲਵੰਤ ਕੰਮ ਉਪਰ ਮਿਲੇ। ਸੁਰਜਨ ਸਿੰਘ ਪੁੱਛਣ ਲਗਿਆ,

"ਰਾਜੂ ਹਾਲੇ ਵੀ ਅਪਸੈੱਟ ਐ?"

www.PunjabiLibrary.com

"ਸਾਡੀ ਜਗੀਰੂ ਸੋਚ ਏਨੀ ਛੇਤੀ ਸਾਡਾ ਪਿੱਛਾ ਨਹੀਂ ਛੱਡਣ ਲਗੀ ਪਰ ਤੁਸੀਂ ਫਿਕਰ ਨਾ ਕਰੋ, ਮੈਂ ਸਮਝਾ ਦਿਤਾ ਓਹਨੂੰ।"
"ਆਪਾਂ ਕਾਹਲੀ ਕਰ ਗਏ ਆਂ, ਦੋਨੋਂ ਹਾਲੇ ਨਿਆਣੇ ਆਂ, ਨਾਸਮਝ।"
"ਡੈਡੀ, ਹੁਣ ਤਾਂ ਗੱਲ ਦੂਰ ਨਿਕਲ ਗਈ, ਕਾਨੂੰਨ ਬੰਦ ਹੋਣ ਕਰਕੇ ਆਪਾਂ ਨੂੰ ਕਾਹਲ਼ੀ ਕਰਨੀ ਪਈ ਪਰ ਤੁਸੀਂ ਫਿਕਰ ਨਾ ਕਰੋ।"
"ਦੇਖਿਓ ਕਿਤੇ ਵਿਚੋਂ ਕੋਈ ਹੋਰ ਗੱਲ ਈ ਨਾ ਨਿਕਲ ਆਵੇ ਕਿ ਲੋਕ ਤਮਾਸ਼ਾ ਦੇਖਣ।"
"ਤੁਸੀਂ ਵੱਰੀ ਨਾ ਕਰੋ।"
"ਜੇ ਇਹ ਏਦਾਂ ਈ ਘੁੰਮਦੇ ਰਹੇ ਤਾਂ ਕੋਈ ਨਾ ਕੋਈ ਗੱਲ ਨਿਕਲ਼ੀ ਈ ਰਹਿਣੀ ਆਂ, ਕਿਉਂ ਨਾ ਇਹਨਾਂ ਦਾ ਵਿਆਹ ਈ ਕਰ ਦੇਈਏ, ਆਪੇ ਐਡਜਸਟ ਕਰਨਗੇ।"
"ਗੱਲ ਤਾਂ ਡੈਡੀ ਠੀਕ ਐ, ਇਹਨਾਂ ਦਾ ਬਹੁਤਾ ਇਕੱਠਾ ਘੁੰਮਣਾ ਮੈਨੂੰ ਵੀ ਚੰਗਾ ਨਹੀਂ ਲਗਦਾ ਪਰ ਇਕ ਤਾਂ ਸਾਡੇ ਹੁਣ ਬੇਬੀ ਆਉਣ ਵਾਲੈ ਤੇ ਦੂਜੇ ਮੇਰਾ ਹੱਥ ਵੀ ਹਾਲੇ ਕੁਝ ਤੰਗ ਐ, ...ਮੈਂ ਚਾਹੁੰਦਾ ਸੀ ਕਿ ਵਿਆਹ 'ਤੇ ਤਾਏ ਜਾਂ ਭਾਪੇ ਨੂੰ ਸੱਦਾਂ।"
"ਉਹਨਾਂ ਨੂੰ ਫੇਰ ਕਦੇ ਸੱਦ ਲਿਓ, ਆਪਾਂ ਸਾਦਾ ਜਿਹਾ ਵਿਆਹ ਕਰ ਲੈਨੇ ਆਂ, ਤੁਹਾਡੇ ਵਿਆਹ ਵਰਗਾ ਈ।"

ਗੁਲਵੰਤ ਨੇ ਸਾਰੀ ਗੱਲ ਸਰੂਪ ਨੂੰ ਦੱਸੀ ਤਾਂ ਉਹ ਗੁੱਸੇ ਵਿਚ ਭੜਕ ਉਠਿਆ। ਉਹ ਸੁਖਵੀਰ ਅਤੇ ਉਸ ਦੀ ਮਾਂ ਨੂੰ ਬੁਰਾ ਭਲਾ ਬੋਲਣ ਲਗਿਆ ਤੇ ਬੋਲਿਆ,
"ਇਹ ਗੱਲ ਨਹੀਂ ਬਣਨੀ ਬਈ, ...ਜੇ ਕੁੜੀ ਕੋਲ ਬੁਆਏ ਫਰੈਂਡ ਹੋਇਆ ਤਾਂ ਉਹਨੇ ਨਹੀਂ ਟਿਕਣਾ।"
"ਭਾਜੀ, ਏਹ ਬੁਆਏ ਫਰੈਂਡ ਨਹੀਂ ਸੀ, ਸਾਧਾਰਨ ਕਲਾਸ ਫੈਲੋ ਸੀ।"
"ਗੁਲੂ ਤੂੰ ਬਹੁਤ ਭੋਲ਼ਾ ਐਂ, ਤੀਵੀਂ ਦੇ ਇਸ਼ਕ ਵਿਚ ਫਸ ਕੇ ਸਾਰੀ ਦੁਨੀਆਂ ਤੈਨੂੰ ਚੰਗੀ ਲਗੀ ਜਾਂਦੀ ਐ, ਇਥੋਂ ਦੀਆਂ ਕੁੜੀਆਂ ਨੂੰ ਤੂੰ ਨਹੀਂ ਜਾਣਦਾ, ਮਾਂਪੇ ਨੂੰ ਨਾਂਹ ਨਹੀਂ ਕਰ ਸਕਦੀਆਂ ਤੇ ਵਿਆਹ ਕਰਾ ਲੈਂਦੀਆਂ ਪਰ ਬਾਅਦ ਵਿਚ ਲੱਤ ਮਾਰ ਕੇ ਓਹ ਜਾਂਦੀਆਂ।"

ਸਰੂਪ ਭਖਿਆ ਪਿਆ ਸੀ। ਗੁਲਵੰਤ ਨੂੰ ਉਸ ਦੀ ਇਹ ਗੱਲ ਬਹੁਤ ਬੁਰੀ ਲਗੀ ਪਰ ਉਹ ਕੁਝ ਕਹਿ ਨਾ ਸਕਿਆ ਸਗੋਂ ਸਰੂਪ ਨੂੰ ਸਾਂਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਸਰੂਪ ਠੰਡਾ ਹੁੰਦਾ ਬੋਲਿਆ,
"ਸਭ ਤੋਂ ਵੱਡਾ ਮਸਲਾ ਤਾਂ ਮੁੰਡੇ ਦੇ ਪੱਕੇ ਹੋਣ ਦਾ ਐ, ਸਾਲ ਦੀ ਸਟੈਂਪ ਲਗੀ ਹੋਈ ਐ, ਔਖੇ ਸੌਖੇ ਸਾਲ ਕੱਢ ਲਓ, ਮੁੰਡਾ ਪੱਕਾ ਹੋ ਜਾਊ, ਫੇਰ ਦੇਖਾਂਗੇ ਕਿ ਕਿਹੜੇ ਭਾਅ ਵਿਕਦੀ ਐ।"

ਗੁਲਵੰਤ ਨੂੰ ਸਰੂਪ ਦੀ ਕੋਈ ਵੀ ਗੱਲ ਹਜ਼ਮ ਨਹੀਂ ਸੀ ਹੋ ਰਹੀ। ਉਹ ਸੋਚ ਰਿਹਾ ਸੀ ਕਿ ਸਰੂਪ ਵੀ ਰਾਜੂ ਵਾਂਗ ਕੁਝ ਜ਼ਿਆਦਾ ਹੀ ਪ੍ਰਤੀਕਰਮ ਦਿਖਾ ਰਿਹਾ ਹੈ।

ਸੁਰਿੰਦਰ ਦੇ ਹਸਪਤਾਲ ਜਾਣ ਤੋਂ ਪਹਿਲਾਂ ਹੀ ਰਾਜੂ ਤੇ ਸੁਖਵੀਰ ਦਾ ਵਿਆਹ ਰੱਖ ਦਿਤਾ ਗਿਆ। ਸਾਦਾ ਜਿਹਾ ਵਿਆਹ। ਕੋਰਟ ਮੈਰਿਜ ਤਾਂ ਹੋ ਹੀ ਚੁੱਕੀ ਸੀ। ਬਾਰਕਿੰਗ ਦੇ ਗੁਰਦਵਾਰੇ ਲਾਵਾਂ ਹੋ ਗਈਆਂ। ਉਹੀ ਫੋਟੋਗਰਾਫਰ ਸੀ, ਉਸੇ ਰੈਸਟੋਰੈਂਟ ਵਿਚ ਦੁਪਿਹਰ ਦੇ ਖਾਣੇ ਦਾ ਇੰਤਜ਼ਾਮ ਸੀ, ਉਹੀ ਨੇੜੇ ਦੇ ਰਿਸ਼ਤੇਦਾਰ। ਗੁਰਜੰਟ ਤੇ ਬਲਜਿੰਦਰ ਗੁਰਦਵਾਰੇ ਲਾਵਾਂ ਵੇਲੇ ਆਏ ਤੇ ਉਥੋਂ ਹੀ ਮੁੜ ਗਏ।...

ਗੁਰਜੰਟ ਤੇ ਦਿਲਬਾਗ ਵਿਚਲਾ ਤਣਾਵ ਦਿਨੋ ਦਿਨ ਵਧਦਾ ਜਾ ਰਿਹਾ ਸੀ। ਭਾਵੇਂ ਉਹ ਕਦੇ ਵੀ ਆਹਮੋ-ਸਾਹਮਣੇ ਨਹੀਂ ਸਨ ਹੋਏ ਪਰ ਇਕ ਦੂਜੇ ਦੇ ਵਿਚਾਰਾਂ ਦੀ ਧੂੰ ਦੋਨੋਂ ਪਾਸੀਂ ਹੀ ਪਹੁੰਚ ਜਾਂਦੀ। ਉਹਨਾਂ ਦੀਆਂ ਪਤਨੀਆਂ ਮੰਮੀ ਨਾਲ ਗੱਲ ਕਰਦੀਆਂ ਤੇ ਮੰਮੀ ਅਣਜਾਣੇ ਵਿਚ ਹੀ ਗੱਲ ਇਧਰੋਂ ਓਧਰ ਕਰ ਦਿੰਦੀ। ਗੁਰਜੰਟ ਨੇ ਦਿਲਬਾਗ ਨਾਲੋਂ ਵਧੀਆ ਕਾਰ ਲਈ ਤਾਂ ਬਲਜਿੰਦਰ ਨੇ ਮੰਮੀ ਨੂੰ ਦਸ ਦਿਤਾ ਕਿ ਕਾਰ ਖਰੀਦਦੇ ਸਮੇਂ ਗੁਰਜੰਟ ਦੇ ਮਨ ਵਿਚ ਦਿਲਬਾਗ ਦੀ ਕਾਰ ਨਾਲ ਮੁਕਾਬਲਾ ਸੀ। ਗੁਰਜੰਟ ਦਾ ਘਰ ਵੀ ਦਿਲਬਾਗ ਦੇ ਘਰ ਤੋਂ ਕੁਝ ਵੱਡਾ ਸੀ, ਇਹ ਗੱਲ ਵੀ ਉਹ ਅਕਸਰ ਕਰਦਾ ਰਹਿੰਦਾ। ਉਸ ਦਾ ਇਹ ਕਹਿਣਾ ਕਿ ਟੈਕਸੀ ਚਲਾਉਣਾ ਕੋਈ ਇਜ਼ਤ ਵਾਲਾ ਕੰਮ ਨਹੀਂ, ਵੀ ਬਲਜਿੰਦਰ ਤੋਂ ਮੰਮੀ ਤੇ ਮੰਮੀ ਤੋਂ ਗੁਰਿੰਦਰ ਰਾਹੀਂ ਦਿਲਬਾਗ ਤਕ ਪੁੱਜ ਚੁੱਕਿਆ ਸੀ। ਦਿਲਬਾਗ ਕਈ ਵਾਰ ਗੁਰਜੰਟ ਉਪਰ ਸਰੀਰਕ ਹਮਲਾ ਕਰਨ ਬਾਰੇ ਸੋਚਣ ਲਗਦਾ। ਇਸੇ ਕਰਕੇ ਆਪਣੇ ਨਾਲ ਕਰਦੇ ਇਕ ਜਮਾਇਕੇ ਨਾਲ ਦੋਸਤੀ ਵੀ ਗੰਢੀ ਪਰ ਗੱਲ ਬਣੀ ਨਹੀਂ ਸੀ।

ਸੁਰਜਨ ਸਿੰਘ ਨੇ ਉਹਨਾਂ ਦੋਹਾਂ ਨੂੰ ਲੈ ਕੇ ਦੁਖੀ ਹੋਣਾ ਛੱਡ ਦਿਤਾ ਹੋਇਆ ਸੀ। ਜੇ ਕੋਈ ਗੱਲ ਬਹੁਤੀ ਰੜਕਣ ਲਗਦੀ ਤਾਂ ਅਮਾਂਡਾ ਨੂੰ ਚਿੱਠੀ ਲਿਖ ਕੇ ਮਨ ਹਲਕਾ ਕਰ ਲੈਂਦਾ। ਹੁਣ ਜਦ ਕਦੇ ਵੀ ਅਮਾਂਡਾ ਦਾ ਖਿਆਲ ਆਉਂਦਾ ਤਾਂ ਉਹ ਸੋਚਾਂ ਵਿਚ ਡੁੱਬ ਜਾਂਦਾ।

www.PunjabiLibrary.com

ਉਸ ਦਿਨ ਸੁਰਜਨ ਸਿੰਘ ਘਰ ਮੁੜਿਆ ਤਾਂ ਘਰ ਅੰਦਰੋਂ ਕੁਝ ਅਜੀਬ ਜਿਹਾ ਲਗਿਆ, ਓਪਰਾ ਓਪਰਾ। ਨਾ ਰਸੋਈ ਵਿਚੋਂ ਹਿੰਦੀ, ਪੰਜਾਬੀ ਜਾਂ ਅੰਗਰੇਜ਼ੀ ਗੀਤ ਦੀ ਧੁੰਨ ਉਭਰੀ, ਨਾ ਫਰੰਟ ਰੂਮ ਵਿਚ ਟੈਲੀ ਦੀ ਆਵਾਜ਼, ਨਾ ਕੋਈ ਹੋਰ ਭੱਜ-ਦੌੜ। ਪਰਕਾਸ਼ ਕੋਰ ਇਕੱਲੀ ਬੈਠੀ ਸੀ। ਉਸ ਨੇ ਪਤੀ ਨੂੰ ਦੇਖਦਿਆਂ ਹੀ ਅੱਖਾਂ ਭਰ ਲਈਆਂ ਤੇ ਬੋਲੀ,

"ਰੂਪੀ ਹੋਰੀਂ ਆਪਣੇ ਨਵੇਂ ਘਰ ਚਲੇ ਗਏ, ਘਰ ਵਿਚ ਸੁੰਨ ਪੈ ਗਈ। ...ਵੀਰਾਂ ਵਿਆਹੀ ਗਈ, ਰਣਜੀਤ ਆਪਣੇ ਕਮਰੇ ਵਿਚ ਵੜੀ ਪੜ੍ਹੀ ਜਾਂਦੀ ਐ, ਮੇਰਾ ਤਾਂ ਟੈਲੀ ਲਾਉਣ ਨੂੰ ਵੀ ਦਿਲ ਨਹੀਂ ਕੀਤਾ।"

ਸੁਰਜਨ ਨੂੰ ਚੇਤਾ ਭੁੱਲ ਗਿਆ ਸੀ ਕਿ ਗੁਰਿੰਦਰ ਨੇ ਬੱਚੇ ਲੈ ਕੇ ਅਜ ਆਪਣੇ ਨਵੇਂ ਘਰ ਚਲੇ ਜਾਣਾ ਸੀ। ਦਿਲਬਾਗ ਨੇ ਘਰ ਬਦਲ ਲਿਆ ਸੀ। ਗੁਰਜੰਟ ਦੇ ਵੱਡੇ ਘਰ ਨਾਲ ਮੁਕਬਲਾ ਕਰਨ ਲਈ ਉਸ ਨੇ ਇਲਾਕਾ ਹੀ ਬਦਲ ਲਿਆ ਸੀ। ਸੁਰਜਨ ਸਿੰਘ ਨੂੰ ਇਸ ਗੱਲ ਦਾ ਬਹੁਤ ਦੁੱਖ ਸੀ ਪਰ ਉਹ ਕਰ ਕੁਝ ਨਹੀਂ ਸੀ ਸਕਦਾ। ਉਸ ਨੇ ਪਰਕਾਸ਼ ਕੋਰ ਦਾ ਦਿਲ ਰਖਦਿਆਂ ਕਿਹਾ,

"ਓਦਰ ਨਾ ਬੁੜ੍ਹੀਏ, ਇਹ ਤਾਂ ਇਕ ਦਿਨ ਹੋਣਾ ਈ ਸੀ, ਇਕ ਦਿਨ ਤਾਂ ਅਸੀਂ 'ਕੱਲੇ ਹੋਣਾਂ ਈ ਐ, ...ਫੇਰ ਵੀ ਰਾਣੀ ਸਾਡੇ ਕੋਲ ਐ, ਇਹਦਾ ਵਿਆਹ ਹਾਲੇ ਦਸ ਸਾਲ ਨਹੀਂ ਕਰਨਾ।"

"ਮੈਨੂੰ ਤਾਂ ਨਿਆਣਿਆਂ ਦੇ ਜਾਣ ਦਾ ਜ਼ਿਆਦਾ ਦੁੱਖ ਐ, ਕੋਲ ਹੁੰਦੇ ਤਾਂ ਕਿੰਨੀ ਰੌਣਕ ਰਹਿੰਦੀ ਸੀ, ਹਰ ਵੇਲੇ ਬੋਲ-ਬੁਲਾਰਾ ਰਹਿੰਦਾ ਸੀ। ...ਕਮਲ਼ੇ ਬਾਗੇ ਨੇ ਇਕ ਵਾਰੀ ਵੀ ਨਹੀਂ ਸੋਚਿਆ ਕਿ ਮੈਂ ਇੰਨੀ ਦੂਰ ਰੂਪੀ ਨੂੰ ਦੇਖਣ ਕਿੱਦਾਂ ਜਾਇਆ ਕਰੂੰ।"

"ਚੱਲ, ਓਹਨੇ ਵੱਡੇ ਘਰ ਦਾ ਚਾਅ ਪੂਰਾ ਕਰ ਲਿਆ ਨਾਲ਼ੇ ਸ਼ੁਕਰ ਕਰ ਅਸੀਂ ਉਹਨਾਂ ਦੇ ਬਿੱਲ-ਕਿਸ਼ਤਾਂ ਦੇਣ ਤੋਂ ਛੁੱਟ ਗਏ, ਦੂਰ ਹੋਣਗੇ ਤਾਂ ਆਪੇ ਆਪਣਾ ਫਿਕਰ ਕਰਨਗੇ।"

"ਅਗੇ ਤਾਂ ਉਹਨਾਂ ਦੇ ਬਿੱਲ-ਕਿਸ਼ਤਾਂ ਤੁਸੀਂ ਈ ਦਿੰਦੇ ਸੀ?"

"ਪੰਜਾਹ ਵਾਰੀ ਦਿਤੇ ਆ, ਚੇਤਾ ਭੁੱਲ ਗਿਆ!"

"ਰਹਿਣ ਦਿਆ ਕਰੋ, ਤੁਸੀਂ ਐਮੇਂ ਬਾਗੇ ਨੂੰ ਮਾੜਾ ਬਣੌਂਦੇ ਰਹਿੰਦੇ ਓ।"

ਪਰਕਾਸ਼ ਕੋਰ ਦਿਲਬਾਗ ਦਾ ਪੱਖ ਲੈਂਦੀ ਉਠੀ ਤੇ ਰੋਟੀ ਲੈ ਆਈ। ਸੁਰਜਨ ਸਿੰਘ ਦੀ ਚੁੱਪ ਤੋਂ ਉਹ ਸਮਝ ਰਹੀ ਸੀ ਕਿ ਦਿਲਬਾਗ ਦੇ ਇਥੋਂ ਹੋਰ ਇਲਾਕੇ ਵਿਚ ਚਲੇ ਜਾਣ ਕਰਕੇ ਪਤੀ ਵੀ ਉਦਾਸ ਹੈ। ਸੁਰਜਨ ਸੋਚਦਾ ਸੀ ਕਿ ਦਿਲਬਾਗ ਨੂੰ ਨਵਾਂ ਘਰ ਲੈਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ, ਉਹਨਾਂ ਦੇ ਨੇੜੇ ਰਹਿਣ ਕਰਕੇ ਉਹਨਾਂ ਦੇ ਬੱਚੇ ਵੀ ਸੌਖੇ ਪਲ਼ ਜਾਣੇ ਸਨ। ਪਤੀ-ਪਤਨੀ ਕੁਝ ਦੇਰ ਬੈਠੇ ਰਹੇ। ਸੁਰਜਨ ਜਲਦੀ ਉਠ ਕੇ ਸੌਣ ਕਮਰੇ ਵਿਚ ਚਲੇ ਗਿਆ। ਉਸ ਨੇ ਹਲਕੀ ਆਵਾਜ਼ ਵਿਚ ਰੇਡੀਓ ਲਗਾਇਆ ਤੇ ਟੇਬਲ ਲੈਂਪ ਜਗਾ ਕੇ ਸ਼ੈਲਫ ਤੋਂ ਇਕ ਕਿਤਾਬ ਚੁੱਕ ਲਈ। ਇਹ ਅਸਟਰੇਲੀਆ ਵਿਚ ਵਸਣ ਦੇ ਇਤਹਾਸ ਬਾਰੇ ਕਿਤਾਬ ਸੀ। ਅਮਾਂਡਾ ਨੇ ਪਹਿਲੀਆਂ ਮੁਲਾਕਾਤਾਂ ਵਿਚ ਇਹ ਕਿਤਾਬ ਉਸ ਨੂੰ ਭੇਂਟ ਕੀਤੀ ਸੀ। ਉਸ ਉਪਰ ਅਮਾਂਡਾ ਦੇ ਦਸਤਖਤ ਵੀ ਸਨ। ਉਹ ਕਿਤਾਬ ਦਾ ਪਹਿਲਾ ਸਫਾ ਖੋਹਲ ਕੇ ਅਮਾਂਡਾ ਦੇ ਦਸਤਖਤਾਂ ਉਪਰ ਉਂਗਲਾਂ ਫੇਰਨ ਲਗਿਆ। ਹੁਣ ਤਕ ਪਰਕਾਸ਼ ਕੋਰ ਵੀ ਰਣਜੀਤ ਨੂੰ ਰੋਟੀ ਖਵਾ ਕੇ ਆ ਗਈ। ਉਸ ਨੇ ਪਤੀ ਦਾ ਰੁਖ਼ ਦੇਖਿਆ ਤੇ ਦੂਜੇ ਪਾਸੇ ਨੂੰ ਮੂੰਹ ਕਰਕੇ ਪੈ ਗਈ। ਸੁਰਜਨ ਸਿੰਘ ਨੇ ਕਿਤਾਬ ਇਕ ਪਾਸੇ ਰੱਖੀ ਤੇ ਅਮਾਂਡਾ ਨੂੰ ਚਿੱਠੀ ਲਿਖਣ ਬਹਿ ਗਿਆ। ਅਜਿਹੀ ਚਿੱਠੀ ਲਿਖਣ ਲਗਿਆ ਕਿ ਪਤਾ ਹੀ ਨਹੀਂ ਚਲਿਆ ਕਿ ਕਦ ਦਸ ਸਫੇ ਲਿਖੇ ਵੀ ਗਏ ਤੇ ਗੱਲ ਜਿਵੇਂ ਹਾਲੇ ਉਸ ਨੇ ਕੋਈ ਵੀ ਨਾ ਕਹੀ ਹੋਵੇ। ਲੰਮੀਆਂ ਚਿੱਠੀਆਂ ਤਾਂ ਉਹ ਅਕਸਰ ਲਿਖਦਾ ਰਹਿੰਦਾ ਸੀ ਪਰ ਕਈ ਕਈ ਬੈਠਕਾਂ ਵਿਚ ਲਿਖਦਾ। ਅਮਾਂਡਾ ਦੀਆਂ ਚਿੱਠੀਆਂ ਵੀ ਲੰਮੀਆਂ ਹੁੰਦੀਆਂ ਸਨ। ਸਭ ਤੋਂ ਲੰਮੀ ਚਿੱਠੀ ਅਮਾਂਡਾ ਨੇ ਪਿਛਲੇ ਸਾਲ ਲਿਖੀ ਸੀ ਜਦ ਉਸ ਦੇ ਮਨ ਪਸੰਦ ਗਾਇਕ ਐਲਵਿਜ਼ ਪਰੈਜ਼ਲੇ ਦੀ ਮੌਤ ਹੋ ਗਈ ਸੀ। ਐਲਵਿਜ਼ ਸੁਰਜਨ ਦਾ ਵੀ ਚਹੇਤਾ ਗਾਇਕ ਸੀ। ਜਦ ਅਮਾਂਡਾ ਦੀ ਆਪਣੇ ਪਤੀ ਜੌਰਜ ਨਾਲ ਖਟ-ਪੱਟ ਚਲ ਰਹੀ ਸੀ ਉਸ ਵਕਤ ਵੀ ਉਸ ਦੀਆਂ ਚਿੱਠੀਆਂ ਲੰਮੀਆਂ ਹੁੰਦੀਆਂ ਸਨ, ਉਦੋਂ ਵੀ ਜਦ ਉਸ ਨੂੰ ਕੁਝ ਦੇਰ ਲਈ ਨਵਾਂ ਬਆਏ ਫਰੈਂਡ ਮਿਲਿਆ ਸੀ।

ਚਿੱਠੀ ਲਿਖ ਕੇ ਉਸ ਦਾ ਮਨ ਹਲਕਾ ਹੋ ਗਿਆ। ਪੂਰੇ ਵੀਹ ਸਫੇ ਹੋ ਗਏ ਸਨ। ਉਸ ਦਾ ਦਿਲ ਕੀਤਾ ਕਿ ਇਕ ਵਾਰ ਚਿੱਠੀ ਨੂੰ ਪੜ੍ਹ ਕੇ ਦੇਖੇ ਕਿ ਉਸ ਨੇ ਕੀ ਕੀ ਲਿਖ ਮਾਰਿਆ ਹੈ ਪਰ ਉਸ ਨੇ ਚਿੱਠੀ ਨਾ ਪੜ੍ਹੀ, ਸਿਰਫ ਸਫਿਆਂ ਨੂੰ ਇਕ ਟੱਕ ਦੇਖਦਾ ਰਿਹਾ ਤੇ ਸੋਚਦਾ ਰਿਹਾ ਕਿ ਕੀ ਕੀ ਲਿਖਿਆ ਹੈ ਉਸ ਨੇ; 'ਅਸੀਂ ਲੋਕ ਰਿਸ਼ਤਿਆਂ ਵਿਚ ਕਿਵੇਂ ਬੱਝ ਜਾਂਦੇ ਹਾਂ! ਭਾਰਤੀ ਲੋਕ ਰਿਸ਼ਤਿਆਂ ਵਿਚ ਬੱਝਦੇ ਹੀ ਨਹੀਂ ਬਲਕਿ ਗਰੱਸੇ ਜਾਂਦੇ ਹਨ। ਕਈ ਰਿਸ਼ਤੇ ਬੋਝ ਹੁੰਦਿਆਂ ਵੀ ਢੋਣੇ ਪੈਂਦੇ ਹਨ, ਚਾਹੁੰਦੇ ਹੋਏ ਵੀ ਇਹਨਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਕਈਆਂ ਰਿਸ਼ਤਿਆਂ ਰਾਹੀਂ ਅਸੀਂ ਇਕ ਦੂਜੇ 'ਤੇ ਇੰਨਾ ਨਿਰਭਰ ਕਰਨ ਲਗਦੇ ਹਾਂ ਕਿ ਕਮਜ਼ੋਰ ਹੋ ਜਾਂਦੇ ਹਾਂ।'

ਉਹ ਸੋਚਣ ਲਗਿਆ ਕਿ ਰਿਸ਼ਤਿਆਂ ਦੁਆਲੇ ਹੀ ਇੰਨਾ ਕਿਉਂ ਘੁੰਮਦਾ ਰਿਹਾ ਹੈ। ਉਸ ਦੇ ਅੰਦਰਲਾ ਖਲਾਅ ਤਾਂ ਸ਼ਾਇਦ ਕੋਈ ਹੋਰ ਹੈ। ਅਜ ਦੀ ਨਿਕੀ ਜਿਹੀ ਉਦਾਸੀ ਏਡੀ ਵੱਡੀ ਨਹੀਂ ਸੀ ਕਿ ਉਸ ਦੇ ਮਿਜਾਜ਼ ਨੂੰ ਇਵੇਂ ਕਾਬੂ ਕਰ ਲੈਂਦੀ।

www.PunjabiLibrary.com

ਉਹ ਇਕੱਲਾ ਜ਼ਰੂਰ ਮਹਿਸੂਸ ਕਰ ਰਿਹਾ ਸੀ। ਇਕੱਲਾ ਤਾਂ ਉਹ ਬਹੁਤ ਵਾਰ ਪੈਣ ਲਗਦਾ ਸੀ ਪਰ ਇਕੱਲ ਨੇ ਉਸ ਨੂੰ ਕਦੇ ਇੰਨਾ ਉਦਾਸ ਨਹੀਂ ਸੀ ਕੀਤਾ। ਉਸ ਨੂੰ ਲਗਣ ਲਗਿਆ ਕਿ ਛੋਟੀਆਂ ਛੋਟੀਆਂ ਉਦਾਸੀਆਂ ਅਜ ਇਕੱਠੀਆਂ ਹੋ ਗਈਆਂ ਹਨ ਜਿਵੇਂ ਛੋਟੀਆਂ ਛੋਟੀਆਂ ਸੀਰਾਂ ਖਾਲ੍ਹ ਬਣਦੀਆਂ ਹਨ ਤੇ ਖਾਲ੍ਹਾਂ ਅਗੇ ਨਦੀ। ਉਸ ਨੂੰ ਇਹੋ ਤਸੱਲੀ ਬਹੁਤ ਸੀ ਕਿ ਚਿੱਠੀ ਨੇ ਉਸ ਨੂੰ ਤਰੋ ਤਾਜ਼ਾ ਕਰ ਦਿਤਾ ਸੀ।

ਪਰਕਾਸ਼ ਕੋਰ ਸਮਝਦੀ ਸੀ ਕਿ ਪਤੀ ਚਿੱਠੀ ਲਿਖ ਰਿਹਾ ਹੈ। ਉਹ ਆਪਣੇ ਥਾਂ ਬਿਫਰੀ ਪਈ ਸੀ। ਉਹ ਜਾਣ ਬੁੱਝ ਕੇ ਬਿਸਤਰਾ ਹਿਲਾਉਣ ਲਈ ਪਾਸੇ ਬਦਲ ਰਹੀ ਸੀ। ਦੋ ਵਾਰ ਉਠ ਕੇ ਬਾਥਰੂਮ ਵੀ ਗਈ। ਫਿਰ ਔਖੀ ਹੁੰਦੀ ਬੋਲੀ ਵੀ,

"ਲੈਟ ਬੰਦ ਕਰੋ, ਸੌਂ ਲੈਣ ਦਿਓ ਕਿਸੇ ਨੂੰ, ਇਹਨਾਂ ਨੂੰ ਨਵੀਂ ਜੁਆਨੀ ਚੜ੍ਹੀ ਐ!"

ਦਿਲਬਾਗ ਬਰਕਲੇ ਰੋਡ ਤੋਂ ਇਲਫੋਰਡ ਲੇਨ 'ਤੇ ਆ ਗਿਆ। ਲੇਅਟਨ ਸਟੋਨ ਤੇ ਇਲਫੋਰਡ ਦਾ ਚਾਰ ਪੰਜ ਮੀਲ ਦਾ ਫਰਕ ਸੀ। ਇਹ ਨਵਾਂ ਘਰ ਸੀ ਤੇ ਨਵਾਂ ਇਲਾਕਾ। ਘਰ ਬਦਲਣ ਕਰਕੇ ਡਾਕਟਰ ਵੀ ਬਦਲਣਾ ਪਿਆ ਤੇ ਬੱਚਿਆਂ ਦਾ ਸਕੂਲ ਵੀ। ਘਰ ਬਦਲਨ ਦਾ ਕੰਮ ਵੀ ਬਹੁਤ ਔਖਾ ਸੀ ਪਰ ਦਿਲਬਾਗ ਬਹੁਤ ਖੁਸ਼ ਸੀ। ਘਰ ਖੁਲ੍ਹਾ ਸੀ। ਵੱਡਾ ਸਾਰਾ ਗਾਰਡਨ ਤੇ ਸ਼ਾਂਤ ਜਿਹੀ ਸੜਕ। ਬੱਚੇ ਵੀ ਖੁਸ਼ ਸਨ ਤੇ ਗੁਰਿੰਦਰ ਵੀ ਪਰ ਗੁਰਿੰਦਰ ਨੂੰ ਮੰਮੀ-ਡੈਡੀ ਕੋਲੋਂ ਦੂਰ ਜਾਣ ਦਾ ਦੁੱਖ ਵੀ ਸੀ। ਦਿਲਬਾਗ ਦੀ ਵੱਡੀ ਤਸੱਲੀ ਸੀ ਕਿ ਇਹ ਘਰ ਗੁਰਜੰਟ ਦੇ ਘਰ ਤੋਂ ਕਿਤੇ ਵੱਡਾ ਤੇ ਵਧੀਆ ਸੀ। ਗੁਰਜੰਟ ਦੇ ਹੀ ਨਹੀਂ, ਗੁਲਵੰਤ ਤੇ ਉਸ ਦੇ ਤਾਏ ਦੇ ਮੁੰਡਿਆਂ ਦੇ ਘਰਾਂ ਤੋਂ ਵੀ ਇਹ ਘਰ ਸੁਹਣਾ ਸੀ। ਇਸ ਇਲਾਕੇ ਵਿਚ ਨਵੇਂ ਡਿਜ਼ਾਈਨ ਦੇ ਘਰ ਬਣੇ ਸਨ। ਘਰਾਂ ਦੀਆਂ ਕੀਮਤਾਂ ਹੁਣ ਹੋਰ ਉਪਰ ਚਲੇ ਗਈਆਂ ਸਨ। ਕੀਮਤਾਂ ਵਧਣ ਕਾਰਨ ਇਨਫਲੇਸ਼ਨ ਵਧ ਗਈ ਤੇ ਤਨਖਾਹਾਂ ਵੀ। ਇਸ ਕਰਕੇ ਹੁਣ ਮੌਰਟਗੇਜ਼ ਵੀ ਸੌਖੀ ਤੇ ਜ਼ਿਆਦਾ ਮਿਲਣ ਲਗ ਪਈ ਸੀ। ਉਸ ਦਾ ਪਹਿਲਾ ਘਰ ਵੀਹ ਹਜ਼ਾਰ ਪੌਂਡ ਦਾ ਵਿਕਿਆ ਤੇ ਇਹ ਪੈਂਤੀ ਦਾ ਮਿਲ ਗਿਆ। ਦੋਨਾਂ ਘਰਾਂ ਦੀ ਕੀਮਤ ਦਾ ਜਿੰਨਾ ਫਰਕ ਸੀ ਉਸ ਨੇ ਓਨੀ ਹੀ ਮੌਰਟਗੇਜ ਵਧਾ ਲਈ। ਇਵੇਂ ਪੱਲਿਓਂ ਕੋਈ ਪੈਸਾ ਨਹੀਂ ਸੀ ਪਾਉਣਾ ਪਿਆ। ਹਾਂ, ਹੁਣ ਮਹੀਨੇ ਦੀ ਕਿਸ਼ਤ ਵੱਡੀ ਹੋ ਗਈ ਸੀ। ਹੁਣ ਮਹੀਨੇ ਦੇ ਦੋ ਸੌ ਪੌਂਡ ਦੇਣੇ ਪੈਂਦੇ। ਇਹ ਮੁਸ਼ਕਲ ਤਾਂ ਸੀ ਪਰ ਉਹ ਹੁਣ ਟੈਕਸੀ ਜ਼ਿਆਦਾ ਘੰਟੇ ਚਲਾ ਲੈਂਦਾ। ਗੁਰਿੰਦਰ ਨੂੰ ਵੀ ਘਰ ਦੇ ਨੇੜੇ ਪਾਰਟ ਟਾਈਮ ਕੰਮ ਮਿਲ ਗਿਆ ਸੀ। ਸੁਰਜਨ ਸਿੰਘ ਇਕ ਗੱਲੋਂ ਖੁਸ਼ ਵੀ ਸੀ ਕਿ ਹੁਣ ਦਿਲਬਾਗ ਟਿਕ ਕੇ ਕੰਮ ਕਰਨ ਲਗਿਆ ਸੀ।

ਦਿਲਬਾਗ ਪਹਿਲਾਂ ਨਾਲੋਂ ਕੁਝ ਟਿਕ ਕੇ ਕੰਮ ਜ਼ਰੂਰ ਕਰਨ ਲਗਿਆ ਸੀ ਪਰ ਉਸ ਦੀ ਆਈ ਚਲਾਈ ਹੀ ਮਸਾਂ ਚਲਦੀ। ਦੋਸਤਾਂ ਨੂੰ ਮਿਲ ਕੇ ਹਾਲੇ ਵੀ ਉਸ ਨੂੰ ਚਾਅ ਚੜ੍ਹ ਜਾਂਦਾ। ਸਿਟੀ ਵਲ ਗਿਆ ਹੁੰਦਾ ਤਾਂ ਅਵਤਾਰ ਕੋਲ ਆਲਡਗੇਟ ਚਲੇ ਜਾਂਦਾ। ਕਈ ਵਾਰ ਸਰੂਪ ਕੋਲ ਐਕਟਨ ਜਾ ਕੇ ਬੀਅਰ ਪੀ ਆਉਂਦਾ। ਏਅਰਪੋਰਟ ਦੀ ਸਵਾਰੀ ਮਿਲੀ ਹੁੰਦੀ ਤਾਂ ਰਾਜੂ ਨੂੰ ਮਿਲਣ ਚਲੇ ਜਾਂਦਾ। ਗੁਲਵੰਤ ਤਾਂ ਕਦੇ ਮਿਲਦਾ ਹੀ ਨਹੀਂ ਸੀ। ਉਹ ਬਹੁਤਾ ਸਮਾਂ ਰੁਆਇਲ ਡੀਨ ਵਿਚ ਓਵਰ ਟਾਈਮ ਹੀ ਕਰਦਾ ਰਹਿੰਦਾ। ਦਿਲਬਾਗ ਰਾਜੂ ਨੂੰ ਪੱਬ ਵਿਚ ਲੈ ਜਾਂਦਾ। ਉਹ ਸਨੂਕਰ ਖੇਡਣ ਲਗਦੇ। ਕਦੇ ਕੋਈ ਗੋਰੀ ਇਕੱਲੀ ਬੈਠੀ ਹੁੰਦੀ ਤਾਂ ਦਿਲਬਾਗ ਉਹਦੇ ਨਾਲ ਗੱਲੀਂ ਜਾ ਲਗਦਾ। ਕਦੇ ਬੀਅਰ ਭਰ ਰਹੀ ਬਾਰ-ਲੇਡੀ ਨੂੰ ਛੇੜਨ ਲਗਦਾ। ਰਾਜੂ ਨੂੰ ਵੀ ਅਜਿਹਾ ਕਰਨ ਲਈ ਉਕਸਾਉਂਦਾ। ਕੋਈ ਕੁੜੀ ਦੇਖਕੇ ਰਾਜੂ ਨੂੰ ਕਹਿੰਦਾ,

"ਜਾਹ, ਟਰਾਈ ਮਾਰ ਕੇ ਦੇਖ, ਏਨਾ ਸੁਹਣਾ ਮੁੰਡਾ ਐਂ, ਕੁੜੀਆਂ ਨੇ ਤਾਂ ਤੇਰੇ 'ਤੇ ਮਰਨਾ ਈ ਹੋਇਆ!"

ਕਈ ਵਾਰ ਉਹ ਰਾਜੂ ਨੂੰ ਆਖਣ ਲਗਦਾ,

"ਤੇਰੇ ਵੱਡੇ ਭਾਈ ਨੇ ਸਾਰੀਆਂ ਔਰਤਾਂ ਦੇ ਦਿਮਾਗ ਖਰਾਬ ਕਰ 'ਤੇ, ...ਸੁਰਿੰਦਰ ਨੂੰ ਏਨੀ ਖੁਲ੍ਹ ਦੇ ਦਿਤੀ ਕਿ ਬਾਕੀ ਦੀਆਂ ਵੀ ਰੱਸੇ ਤੁੜਾਉਂਦੀਆਂ!"

ਰਾਜੂ ਉਸ ਦੀਆਂ ਗੱਲਾਂ ਦਾ ਬਹੁਤਾ ਜਵਾਬ ਨਾ ਦਿੰਦਾ, ਬਸ ਹੱਸਦਾ ਰਹਿੰਦਾ ਪਰ ਉਸ ਨੂੰ ਦਿਲਬਾਗ ਦੀ ਗੱਲ ਸਹੀ ਜਾਪਦੀ। ਉਹ ਅਕਸਰ ਸੋਚਦਾ ਕਿ ਕੀ ਕਹਿ ਪਤਨੀ ਦਾ ਪੱਬ ਵਿਚ ਜਾਣਾ, ਬਿਨਾਂ ਮਤਲਬ ਤੋਂ ਘਰਵਾਲੀ ਨੂੰ ਕਾਰ ਵਿਚ ਬੈਠਾਈ ਫਿਰੋ, ਐਵੇਂ ਹੀ ਉਹਦੀਆਂ ਤਾਰੀਫਾਂ ਕਰੀ ਜਾਓ। ਬਾਹਰ ਜਾਓ ਤਾਂ ਸੁਰਿੰਦਰ ਅਕਸਰ ਕਾਰ ਚਲਾ ਰਹੀ ਹੁੰਦੀ ਤੇ ਗੁਲਵੰਤ ਮੂਰਾ ਜਿਹਾ ਬਣਿਆਂ ਉਸ ਨਾਲ ਬੈਠਾ ਹੁੰਦਾ। ਉਹ ਸੋਚਦਾ ਕਿ ਆਦਮੀ ਦੇ ਹੁੰਦੇ ਹੋਏ ਔਰਤ ਕਿਵੇਂ ਕਾਰ ਚਲਾ ਸਕਦੀ ਹੈ, ਇੰਨਾ ਗੁਣੀਂ ਗੁਲਵੰਤ ਘਰਵਾਲੀ ਦੇ ਇੰਨਾ ਥੱਲੇ ਕਿਉਂ ਲਗਿਆ ਹੋਇਆ ਹੈ। ਉਸ ਨੂੰ ਗੁਲਵੰਤ ਦੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਗਲਤ ਲਗਦੀਆਂ ਪਰ ਵੱਡਾ ਭਰਾ ਹੋਣ ਕਰਕੇ ਉਹ ਕੁਝ ਨਾ ਕਹਿ ਸਕਦਾ। ਉਹ ਹਰ ਵੇਲੇ ਸੁਖਵੀਰ ਨੂੰ ਵੀ ਕਾਰ ਸਿੱਖਣ ਲਈ ਉਤਸ਼ਾਹ ਦਿੰਦਾ ਰਹਿੰਦਾ। ਸੁਰਿੰਦਰ ਮਹੀਨੇ ਬਾਅਦ ਹੀ ਹੇਅਰ ਸਟਾਈਲ ਬਦਲ ਲੈਂਦੀ। ਸੁਖਵੀਰ ਵੀ ਵਾਲ਼ ਕਟਾਉਣ ਲਈ ਕਹਿਣ ਲਗੀ ਸੀ ਪਰ ਉਸ ਨੇ ਸਾਫ ਨਾਂਹ ਕਰ ਦਿਤੀ ਸੀ।

www.PunjabiLibrary.com

ਰਾਜੂ ਆਪ ਖੂਬ ਘੁੰਮਦਾ। ਫੈਕਟਰੀ ਵਿਚ ਕੰਮ ਕਰਨ ਕਰਦੇ ਬਹੁਤ ਸਾਰੇ ਮੁੰਡੇ ਉਸ ਦੇ ਦੋਸਤ ਬਣ ਚੁੱਕੇ ਸਨ। ਬਹੁਤੇ ਤਾਂ ਉਸ ਵਾਂਗ ਹੀ ਵਿਆਹ ਲਈ ਆਏ ਹੋਏ ਸਨ। ਹਰੇਕ ਵੀਕ ਐਂਡ 'ਤੇ ਦੋਸਤਾਂ ਨਾਲ ਬਾਹਰ ਜਾਣ ਦਾ ਉਸ ਦਾ ਪਰੋਗਰਾਮ ਬਣਿਆਂ ਹੀ ਰਹਿੰਦਾ ਸੀ। ਕਾਰਾਂ ਦਾ ਉਸ ਨੂੰ ਬਹੁਤ ਸ਼ੌਂਕ ਸੀ ਖਾਸ ਤੌਰ 'ਤੇ ਕਾਰਾਂ ਦੀ ਮਕੈਨਕੀ ਦਾ। ਡਰਾਈਵਿੰਗ ਟੈੱਸਟ ਤਾਂ ਉਹ ਪਹਿਲੀ ਵਾਰ ਹੀ ਪਾਸ ਕਰ ਗਿਆ ਸੀ। ਉਹਨਾਂ ਕੋਲ ਫੋਰਡ ਦੀ ਕੌਰਟੀਨਾ ਕਾਰ ਸੀ। ਉਸ ਨੇ ਕੌਰਟੀਨਾ ਨਾਲ ਸਬੰਧਤ ਵੱਡੀ ਸਾਰੀ ਕਿਤਾਬ ਖਰੀਦੀ ਤੇ ਜਦ ਵੀ ਵਿਹਲ ਮਿਲਦਾ ਉਹ ਕਾਰ ਦਾ ਬੋਨਟ ਖੋਹਲ ਕੇ ਬੈਠ ਜਾਂਦਾ। ਕਿਸੇ ਦੋਸਤ ਦੀ ਕਾਰ ਵਿਚ ਪਿਆ ਛੋਟਾ-ਮੋਟਾ ਨੁਕਸ ਵੀ ਉਹ ਠੀਕ ਕਰਨ ਲਗਿਆ ਸੀ। ਕਾਰ ਦੀਆਂ ਬ੍ਰੇਕਾਂ, ਪਲੱਗ-ਪੁਆਇੰਟ ਤਾਂ ਉਸ ਲਈ ਮਾਮੂਲੀ ਚੀਜ਼ਾਂ ਬਣ ਗਈਆਂ ਸਨ। ਕਾਰ ਦੀ ਪੂਰੀ ਸਰਵਿਸ ਵੀ ਆਪ ਹੀ ਕਰਨ ਲਗ ਪਿਆ ਸੀ।

ਸੁਖਵੀਰ ਨੂੰ ਉਸੇ ਫੈਕਟਰੀ, ਜੇ ਲਾਇਨਜ਼, ਵਿਚ ਕੰਮ ਮਿਲ ਗਿਆ ਜਿਥੋਂ ਸੁਰਿੰਦਰ ਨੇ ਛੱਡਿਆ ਸੀ। ਰਾਜੂ ਸੁਖਵੀਰ ਦੇ ਕੰਮ ਕਰਨ ਤੋਂ ਖੁਸ਼ ਨਹੀਂ ਸੀ ਪਰ ਗੁਲਵੰਤ ਦੀ ਗੱਲ ਨੂੰ ਉਲੱਦ ਵੀ ਨਹੀਂ ਸੀ ਸਕਦਾ। ਉਸ ਨੂੰ ਇਹ ਵੀ ਪਤਾ ਸੀ ਕਿ ਘਰਾਂ ਦੇ ਖਰਚੇ ਬਹੁਤ ਹਨ; ਬਿੱਲ, ਕਿਸ਼ਤਾਂ ਹੀ ਪੇਸ਼ ਨਹੀਂ ਸਨ ਜਾਣ ਦਿੰਦੇ। ਪਿੱਛੇ ਜਿਹੇ ਹੀ ਉਹਨਾਂ ਨੇ ਇੰਡੀਆ ਨੂੰ ਵੀ ਪੈਸੇ ਭੇਜੇ ਸਨ।

ਸੁਖਵੀਰ ਜਦ ਵੀ ਮੰਮੀ ਨੂੰ ਮਿਲਦੀ ਤਾਂ ਰਾਜੂ ਦੀਆਂ ਸ਼ਿਕਾਇਤਾਂ ਲੈ ਕੇ ਬੈਠ ਜਾਂਦੀ। ਗੁਲਵੰਤ ਵਾਲਾ ਉਸ ਵਿਚ ਇਕ ਵੀ ਗੁਣ ਨਹੀਂ ਸੀ। ਪਰਕਾਸ਼ ਕੋਰ ਅਗੋਂ ਬੋਲਦੀ,

"ਚੱਲ ਵੀਰਾਂ, ਕੋਈ ਨਈਂ, ਆਪੇ ਠੀਕ ਹੋ ਜਾਊ, ਨਿਆਣਾਂ ਹਾਲੇ।"

ਸੁਰਿੰਦਰ ਵੀ ਰਾਜੂ ਦੇ ਸੁਖਵੀਰ ਪ੍ਰਤੀ ਵਤੀਰੇ ਤੋਂ ਬਹੁਤ ਦੁਖੀ ਸੀ। ਹਰ ਸ਼ਾਮ ਉਸ ਕੋਲ ਗੁਲਵੰਤ ਕੋਲ ਲਗਾਉਣ ਲਈ ਕੋਈ ਨਾ ਕੋਈ ਸ਼ਿਕਾਇਤ ਜ਼ਰੂਰ ਹੁੰਦੀ। ਉਹ ਮੰਮੀ ਨਾਲ ਵੀ ਅਜਿਹੀਆਂ ਗੱਲਾਂ ਕਰਦੀ ਰਹਿੰਦੀ। ਗੁਲਵੰਤ ਆਖਦਾ,

"ਮਾਈ ਟੈੱਨ ਬਾਈ ਟੈੱਨ, ਸਾਰੀਆਂ ਗੱਲਾਂ ਮੰਮੀ ਨੂੰ ਨਹੀਂ ਦੱਸੀਦੀਆਂ, ਹਰ ਘਰ ਦੇ ਕੁਝ ਪਰਦੇ ਵੀ ਹੁੰਦੇ ਆ।"

"ਤਾਂ ਕੀ ਹੋਇਆ ਗੁੱਲ, ਉਹ ਤਾਂ ਆਪਣੀ ਮੰਮੀ ਆਂ।"

"ਮੰਮੀ ਵਿਚਾਰੀ ਇਕੱਲੀ, ਤੁਸੀਂ ਚਾਰ ਜਾਣੀਆਂ!"

ਗੁਲਵੰਤ ਆਖਦਾ। ਉਸ ਕੋਲ ਵੀ ਰਾਜੂ ਨੂੰ ਬਦਲਣ ਦਾ ਕੋਈ ਹੱਲ ਨਹੀਂ ਸੀ। ਰਾਜੂ ਇਕੱਲਾ ਨਹੀਂ ਸੀ ਬਹੁਤੇ ਇੰਡੀਅਨ ਆਦਮੀ ਰਾਜੂ ਵਰਗੇ ਹੀ ਸਨ। ਉਹ ਕਦੇ ਕਦੇ ਰਾਜੂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਵੀ ਪਰ ਇਹ ਨਾ ਕਹਿ ਸਕਦਾ ਕਿ ਸੁਖਵੀਰ ਨੂੰ ਸੁਰਿੰਦਰ ਜਿੰਨੀਆਂ ਹੀ ਖੁਲ੍ਹਾਂ ਦੇਵੇ। ਉਸ ਨੇ ਇਕ ਦਿਨ ਸੁਰਿੰਦਰ ਨੂੰ ਕਿਹਾ,

"ਮਲਵੈਣੇਂ, ਹੁਣ ਤੂੰ ਵੀ ਬਾਕੀ ਭੈਣਾਂ ਵਾਂਗ ਰਹਿਣਾ ਸ਼ੁਰੂ ਕਰ ਦੇ, ਤਾਂ ਜੋ ਤੇਰੇ ਵਲ ਦੇਖ ਕੇ ਕੋਈ ਹੋਰ ਤੰਗ ਨਾ ਹੋਵੇ।"

"ਗੁੱਲ, ਮੈਂ ਕਿਹੜਾ ਹੈਲੀਕੌਪਟਰ ਉਡਾਈ ਫਿਰਦੀ ਆਂ !"

"ਇਹ ਤਾਂ ਹੁਣ ਤੂੰ ਉਹਨਾਂ ਨੂੰ ਪੁੱਛ।"

ਗੁਲਵੰਤ ਵੀ ਸੋਚਦਾ ਸੀ ਕਿ ਅਜਿਹੀ ਕੋਈ ਖਾਸ ਗੱਲ ਤਾਂ ਹੈ ਨਹੀਂ। ਸੁਰਜਨ ਸਿੰਘ ਵੀ ਇਹ ਸਾਰੀਆਂ ਗੱਲਾਂ ਸੁਣ ਸੁਣ ਕੇ ਉਦਾਸ ਹੁੰਦਾ। ਉਹ ਸੁਖਵੀਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਰਾਜੂ ਦਾ ਮੁਕਾਬਲਾ ਗੁਲਵੰਤ ਨਾਲ ਨਾ ਕਰੇ ਬਲਕਿ ਗੁਰਜੰਟ ਨਾਲ ਕਰਕੇ ਦੇਖੇ। ਕੰਮ ਉਪਰ ਗੁਲਵੰਤ ਤੇ ਸੁਰਜਨ ਸਿੰਘ ਮਿਲਦੇ ਪਰ ਘਰ ਦੀ ਕੋਈ ਗੱਲ ਨਾ ਕਰਦੇ। ਉਹਨਾਂ ਦੀਆਂ ਬਹੁਤੀਆਂ ਗੱਲਾਂ ਸਿਆਸਤ ਬਾਰੇ ਹੁੰਦੀਆਂ ਜਾਂ ਉਸ ਜਗਾਹ ਬਾਰੇ ਜਿਥੇ ਗੁਲਵੰਤ ਘੁੰਮ ਕੇ ਆਇਆ ਹੁੰਦਾ।

## ਵੀਹ

ਗੁਲਵੰਤ ਦੀਆਂ ਹਫਤੇ ਦੀਆਂ ਛੁੱਟੀਆਂ ਸਨ। ਸਾਲ ਦੇ ਚਾਰ ਹਫਤੇ ਉਸ ਨੇ ਆਪਣੀ ਲੋੜ ਦੇ ਹਿਸਾਬ ਨਾਲ ਵੰਡ ਲਏ ਹੋਏ ਸਨ। ਇਕ ਹਫਤਾ ਬਚਦਾ ਸੀ ਜਿਹੜਾ ਉਸ ਨੇ ਕਿਸੇ ਪਾਸੇ ਘੁੰਮਣ ਲਈ ਰੱਖਿਆ ਹੋਇਆ ਸੀ ਪਰ ਇਸ ਹਫਤੇ ਅੰਮ੍ਰਿਤ ਢਿੱਲੀ ਹੋ ਗਈ ਸੋ ਛੁੱਟੀਆਂ ਘਰ ਹੀ ਕੱਟਣੀਆਂ ਪਈਆਂ। ਇਕ ਦਿਨ ਸੁਰਿੰਦਰ ਕਹਿਣ ਲਗੀ,

"ਗੁੱਲ, ਕਿਉਂ ਨਾ ਸਵਿਮਿੰਗ ਚਲੀਏ।"

"ਕਿਉਂ ਨਹੀਂ, ਬਹੁਤ ਦਿਨ ਹੋ ਗਏ ਪਰ ਅੰਮ੍ਰਿਤ ਦਾ ਕੀ ਕਰਾਂਗੇ! ਸੁਖਵੀਰ ਵੀ ਕੰਮ 'ਤੇ ਐ, ...ਹਾਂ, ਇਕ ਗੱਲ ਐ ਕਿ ਆਪਾਂ ਵਾਰੀ ਵਾਰੀ ਸਵਿੱਮ ਕਰ ਲਵਾਂਗੇ।"

"ਹਾਏ, ਇਹ ਕਿੱਦਾਂ ਹੋ ਜਾਊ ਗੁੱਲ! ...ਮਜ਼ਾ ਤਾਂ ਇਕੱਠੇ ਸਵਿੱਮ ਕਰਨ ਦਾ ਐ, ਫਿਰ ਕਿਸੇ ਦਿਨ ਸਹੀ।"

ਉਹ ਅਕਸਰ ਤੈਰਨ ਚਲੇ ਜਾਇਆ ਕਰਦੇ ਸਨ। ਗੁਲਵੰਤ ਨੇ ਤਾਂ ਇੰਡੀਆ ਵਿਚ ਹੀ ਛੱਪੜਾਂ-ਖੂਹਾਂ ਵਿਚ ਛਾਲਾਂ ਮਾਰ ਕੇ ਤੈਰਨਾ ਸਿਖਿਆ ਹੋਇਆ ਸੀ ਪਰ ਸੁਰਿੰਦਰ ਨੂੰ ਨਹੀਂ ਸੀ ਆਉਂਦਾ। ਇਥੇ ਸਕੂਲਾਂ ਵਿਚ ਸਿਖਾਇਆ ਜਾਂਦਾ ਸੀ ਪਰ ਉਸ ਵੇਲੇ ਸੁਰਿੰਦਰ ਦੀ ਉਮਰ ਕੁਝ ਅਜਿਹੀ ਸੀ ਕਿ ਸਵਿਮਿੰਗ ਕਲਾਸਾਂ ਨਹੀਂ ਸੀ ਲੈ ਸਕਦੀ। ਹੁਣ ਘਰ ਦੇ ਨੇੜੇ ਹੀ ਸਵਿਮਿੰਗ ਪੂਲ ਸੀ ਤੇ ਗੁਲਵੰਤ ਨੇ ਉਸ ਨੂੰ ਤੈਰਨਾ ਸਿਖਾ ਲਿਆ ਸੀ। ਗਰਭਵਤੀ ਹੋਣ ਤਕ ਸੁਰਿੰਦਰ ਲਗਾਤਾਰ ਤੈਰਨ ਜਾਂਦੀ ਰਹੀ ਸੀ। ਅੰਮ੍ਰਿਤ ਦੇ ਜਨਮ ਤੋਂ ਬਾਅਦ ਜਦ ਉਸ ਦਾ ਪੇਟ ਅੰਦਰ ਨਹੀਂ ਸੀ ਜਾ ਰਿਹਾ ਤਾਂ ਡਾਕਟਰ ਨੇ ਤੈਰਨ ਦੀ ਵਰਜਿਸ਼ ਦੀ ਸਲਾਹ ਦਿਤੀ ਸੀ।

ਇਕ ਦਿਨ ਸੁਖਵੀਰ ਨੇ ਕੰਮ 'ਤੇ ਅੱਧਾ ਦਿਨ ਹੀ ਜਾਣਾ ਸੀ। ਉਹਨਾਂ ਨੇ ਸਵਿਮਿੰਗ ਜਾਣ ਦਾ ਪਰੋਗਰਾਮ ਬਣਾ ਲਿਆ। ਸੁਖਵੀਰ ਤਾਂ ਪਾਣੀ ਵਿਚ ਮੱਛੀ ਵਾਂਗ ਹੁੰਦੀ। ਸਵਿਮਿੰਗ ਉਸ ਦੀ ਹੌਬੀ ਵੀ ਸੀ। ਸੁਖਵੀਰ ਵੀ ਉਹਨਾਂ ਦੇ ਨਾਲ ਹੀ ਤੁਰ ਪਈ ਤੇ ਉਸ ਨੇ ਵੀ ਆਪਣਾ ਟਰੰਕ ਨਾਲ ਲੈ ਲਿਆ। ਇੰਨੀ ਦੇਰ ਬਾਅਦ ਸਵਿੰਮ ਕਰਨਾ ਸੁਖਵੀਰ ਨੂੰ ਬਹੁਤ ਹੀ ਚੰਗਾ ਲਗਿਆ। ਪਹਿਲਾਂ ਸੁਰਿੰਦਰ ਨੇ ਫਿਰ ਸੁਖਵੀਰ ਨੇ ਅੰਮ੍ਰਿਤ ਨੂੰ ਸੰਭਾਲ ਲਿਆ। ਜਦੋਂ ਘਰੋਂ ਗਏ ਤਾਂ ਰਾਜੂ ਕੰਮ 'ਤੇ ਸੀ। ਉਹ ਮੁੜੇ ਤਾਂ ਰਾਜੂ ਆਇਆ ਬੈਠਾ ਸੀ। ਚਾਅ ਦੀ ਭਰੀ ਸੁਖਵੀਰ ਉਸ ਨੂੰ ਕਹਿਣ ਲਗੀ,

"ਗੈੱਸ ਵੌਹ?"

"ਕੀ ਹੋਇਆ?"

"ਅਸੀਂ ਸਵਿਮਿੰਗ ਗਏ ਸੀ।"

"ਕਿਥੇ?"

"ਸਵਿਮਿੰਗ ਪੂਲ, ਹੋਰ ਕਿਥੇ!"

ਸੁਖਵੀਰ ਹਾਲੇ ਵੀ ਪੂਰੇ ਚਾਅ ਵਿਚ ਸੀ ਪਰ ਰਾਜੂ ਨੂੰ ਝਟਕਾ ਜਿਹਾ ਵਜਿਆ। ਉਹ ਪੁੱਛਣ ਲਗਿਆ,

"ਤੂੰ ਵੀ ਸਵਿੱਮ ਕੀਤਾ?"

"ਹੋਰ ਨਹੀਂ, ਆਏ 'ਮ ਵੈਰੀ ਗੁੱਡ ਸਵਿਮਿਰ, ...ਆਰ ਯੂ?"

"ਸਵਿਮਿੰਗ ਵਾਲੇ ਕਪੜੇ ਪਾ ਕੇ ਸਵਿੱਮ ਕੀਤਾ?"

"ਤੇ ਹੋਰ ਟਰਾਉਜ਼ਰ ਸਣੇ!"

ਕਹਿੰਦੀ ਸੁਖਵੀਰ ਤਾੜੀ ਮਾਰਦੀ ਹੱਸੀ। ਰਾਜੂ ਦਾ ਗੁੱਸਾ ਹੋਰ ਵੀ ਜ਼ਰਬ ਖਾ ਗਿਆ। ਉਸ ਨੇ ਪੁੱਛਿਆ,

"ਹੋਰ ਵੀ ਆਦਮੀ ਸਿਗੇ ਉਥੇ?"

"ਹਾਂ, ਸਵਿਮਿੰਗ ਪੂਲ ਭਰਿਆ ਪਿਆ ਸੀ।"

"ਤੂੰ ਆਦਮੀਆਂ ਸਾਹਮਣੇ ਚੱਡੀ 'ਚ ਸਵਿੱਮ ਕੀਤੈ?"

ਗੁੱਸੇ ਵਿਚ ਰਾਜੂ ਦੀਆਂ ਮੁੱਠੀਆਂ ਮੀਚੀਆਂ ਜਾਣ ਲਗੀਆਂ। ਸੁਖਵੀਰ ਬੋਲੀ,

"ਭਾਜੀ ਵੀ ਤਾਂ ਨਾਲ ਸੀ।"

ਗੁਲਵੰਤ ਦਾ ਨਾਂ ਸੁਣ ਕੇ ਉਸ ਦੀਆਂ ਮੁੱਠੀਆਂ ਕੁਝ ਢਿਲੀਆਂ ਪਈਆਂ। ਆਵਾਜ਼ ਵਿਚ ਵੀ ਕੁਝ ਨਰਮੀ ਆ ਗਈ। ਬੋਲਿਆ,

"ਦੇਖ ਮੁੜ ਕੇ ਇਹ ਬੇਵਕੂਫੀ ਨਹੀਂ ਕਰਨੀ ਕਦੇ। ...ਮੈਂ ਨਈਂ ਚਾਹੁੰਦਾ ਕਿ ਮੇਰੀ ਵਾਈਫ ਲੋਕਾਂ ਸਾਹਮਣੇ ਸਵਿਮ ਕਰੇ, ਅੰਡਰਸਟੈਂਡ!"

"ਯੂ ਬਲੱਡੀ ਬੈਕਵੁਡ! ...ਭਾਜੀ ਡੱਜ਼ੰਟ ਥਿੰਕ ਦੈਟ ਵੇਅ।"

"ਉਹਦੀ ਆਪਣੀ ਥਿੰਕਿੰਗ ਐ, ਮੇਰੀ ਆਪਣੀ। ਉਹ ਤਾਂ ਵਾਈਫ ਨੂੰ ਪੱਬਾਂ ਕਲੱਬਾਂ ਵਿਚ ਵੀ ਲਈ ਫਿਰਦੈ! ...ਪਤਾ ਲੋਕ ਕਿੱਦਾਂ ਤੀਵੀਂ ਵਲ ਦੇਖ ਆ! ...ਉਹਨੂੰ ਏਸ ਗੱਲ ਨਾਲ ਫਰਕ ਨਹੀਂ ਪੈਂਦਾ ਪਰ ਮੈਨੂੰ ਪੈਂਦਾ।"

ਉਹ ਆਪਣੇ ਕਮਰੇ ਵਿਚ ਸਨ ਤੇ ਇੰਨੀ ਕੁ ਅਵਾਜ਼ ਵਿਚ ਹੀ ਗੱਲਾਂ ਕਰ ਰਹੇ ਸਨ ਕਿ ਬਾਹਰ ਨਾ ਸੁਣਨ। ਸੁਖਵੀਰ ਡੁਸਕਣ ਲਗ ਪਈ। ਰਾਜੂ ਬਿਫਰਿਆ ਬੈਠਾ ਰਿਹਾ। ਉਸ ਨੂੰ ਗੁਲਵੰਤ 'ਤੇ ਵੀ ਗੁੱਸਾ ਆ ਰਿਹਾ ਸੀ। ਉਹ ਸੁਰਿੰਦਰ ਨੂੰ ਘਰੋਂ ਇਵੇਂ ਤਿਆਰ ਕਰਕੇ ਕੱਢਦਾ ਸੀ ਜਿਵੇਂ ਵਿਆਹ ਜਾਣਾ ਹੋਵੇ। ਕੰਮ ਤੋਂ ਵੀ ਕਈ ਕਈ ਵਾਰ ਫੋਨ ਕਰਕੇ ਉਸ ਦਾ ਹਾਲ ਚਾਲ ਪੁੱਛਦਾ ਰਹਿੰਦਾ। ਉਸ ਨੇ ਸੁਖਵੀਰ ਉਪਰ ਕਈ ਪਾਬੰਦੀਆਂ ਲਾਈਆਂ ਹੋਈਆਂ ਸਨ; ਸਕੱਰਟ ਨਹੀਂ ਪਾਉਣੀ, ਵਾਲ਼ ਖੁਲ੍ਹੇ ਨਹੀਂ ਛੱਡਣੇ, ਕੰਮ ਉਪਰ ਵਾਧੂ ਪੈਸੇ ਨਹੀਂ ਖਰਚਣੇ, ਓਪਰੇ ਮਰਦ ਨਾਲ ਗੱਲ ਨਹੀਂ ਕਰਨੀ। ਉਸ ਦੀ ਪੱਬ ਜਾਂ ਡਿਸਕੋ ਜਾਣ ਦੀ ਤਮੰਨਾ ਤਾਂ ਕਦੋਂ ਦੀ ਦਮ ਤੋੜ ਚੁੱਕੀ ਸੀ। ਜਦ ਉਸ ਨੇ ਪਰਕਾਸ਼ ਕੋਰ ਕੋਲ ਸ਼ਿਕਾਇਤ ਕੀਤੀ ਤਾਂ ਉਹ ਝਹੀ ਜਿਹੀ ਲੈ ਕੇ ਪੈਂਦੀ ਬੋਲੀ,

www.PunjabiLibrary.com

"ਵੀਰਾਂ, ਤੂੰ ਕਿਉਂ ਨਹੀਂ ਸਮਝਦੀ ਕਿ ਰਾਜੂ ਗੁਲਵੰਤ ਨਹੀਂ, ਤੇਰੇ ਡੈਡੀ ਵੀ ਕਹਿੰਦੇ ਆ ਕਿ ਜਿਹੜੀ ਰਾਜੂ ਦੀ ਸੋਚ ਐ ਇਹੋ ਸਾਡੇ ਹਰ ਇੰਡੀਅਨ ਬੰਦੇ ਦੀ ਐ, ਏਸ ਕਰਕੇ ਅਕਲ ਨਾਲ ਚੱਲ।"

ਰਾਜੂ ਸੁਖਵੀਰ 'ਤੇ ਪੂਰਾ ਰੋਅਬ ਰੱਖਦਾ ਸੀ। ਹੁਕਮ ਵੀ ਚਲਾਉਂਦਾ; ਆਹ ਲਿਆ, ਔਹ ਕਰ, ਓਹ ਨਾ ਕਰ। ਸੁਖਵੀਰ ਅਗਿਓਂ ਕੁਝ ਕਹਿੰਦੀ ਦੋਨਾਂ ਦਾ ਝਗੜਾ ਹੋ ਜਾਂਦਾ। ਆਪਸ ਵਿਚ ਰੁੱਸ ਜਾਂਦੇ। ਸੁਰਿੰਦਰ ਉਹਨਾਂ ਦੀ ਸੁਲਾਹ ਕਰਾਉਣ ਦੀ ਕਰਾਉਣ ਦੀ ਕੋਸ਼ਿਸ਼ ਕਰਦੀ ਨਹੀਂ ਤਾਂ ਗੁਲਵੰਤ ਨੂੰ ਦਖਲ ਦੇਣਾ ਪੈਂਦਾ। ਉਹ ਰਾਜੂ ਨੂੰ ਸਮਝਾਉਂਦਾ ਤੇ ਦਬਕਦਾ ਵੀ। ਰਾਜੂ ਮੁੜ ਪੈਂਦਾ ਪਰ ਕੁਝ ਦਿਨਾਂ ਬਾਅਦ ਫਿਰ ਉਹੋ ਗੱਲ ਹੋਣ ਲਗਦੀ।

ਬੀਅਰ ਦਾ ਤਾਂ ਉਹ ਲਗਾਤਾਰ ਪੱਬ ਜਾਣ ਕਰਕੇ ਆਦੀ ਹੋ ਚੁਕਿਆ ਸੀ। ਬੀਅਰ-ਬੱਤਾ ਤਾਂ ਗੁਲਵੰਤ ਵੀ ਪੀ ਲੈਂਦਾ ਪਰ ਕੰਮ 'ਤੇ ਹੀ। ਜੇ ਕਦੇ ਕੋਈ ਮਹਿਮਾਨ ਆ ਜਾਵੇ ਤਾਂ ਭਾਵੇਂ ਵਿਸਕੀ ਦਾ ਇਕ ਪੈੱਗ ਜਾਂ ਬੀਅਰ ਦਾ ਇਕ ਡੱਬਾ ਲੈ ਲਵੇ ਪਰ ਰਾਜੂ ਅਗਲੇ ਨਾਲ ਬੈਠ ਕੇ ਸ਼ਰਾਬੀ ਹੋਣ ਤਕ ਜਾਂਦਾ। ਗੁਲਵੰਤ ਉਸ ਨੂੰ ਇੰਨੀ ਸ਼ਰਾਬ ਤੋਂ ਰੋਕਦਾ, ਕੁਝ ਦਿਨਾਂ ਲਈ ਉਹ ਰੁਕ ਵੀ ਜਾਂਦਾ ਪਰ ਮੌਕਾ ਮਿਲਦਿਆਂ ਹੀ ਫਿਰ ਪੀਣ ਲਗਦਾ।

ਇਕ ਦਿਨ ਸਰੂਪ ਨੇ ਗੁਲਵੰਤ ਨੂੰ ਫੋਨ ਕਰਕੇ ਬੁਲਾਇਆ। ਸਰੂਪ ਹੁਣ ਆਪਣੀ ਦੁਕਾਨ ਵਿਚ ਬਹੁਤ ਵਿਅਸਤ ਹੋ ਗਿਆ ਸੀ। ਗੁਲਵੰਤ ਵੀ ਬਹੁਤਾ ਸਮਾਂ ਕੰਮ 'ਤੇ ਹੀ ਰਹਿੰਦਾ। ਇਸ ਕਰਕੇ ਉਹਨਾਂ ਵਿਚਕਾਰ ਕਦੇ ਕਦੇ ਫੋਨ ਉਪਰ ਹੀ ਗੱਲ ਹੁੰਦੀ। ਰਾਜੂ ਸਰੂਪ ਨਾਲ ਗੁਲਵੰਤ ਵਾਂਗ ਨਹੀਂ ਸੀ ਜੁੜ ਸਕਿਆ। ਉਹ ਉਸ ਨੂੰ ਕਦੇ ਮਿਲਣ ਵੀ ਨਹੀਂ ਸੀ ਗਿਆ ਤੇ ਨਾ ਹੀ ਫੋਨ ਕੀਤਾ ਸੀ ਕਦੇ। ਐਤਵਾਰ ਵਾਲੇ ਦਿਨ ਉਹ ਕੰਮ ਤੋਂ ਮੁੜਦਾ ਹੋਇਆ ਐਕਟਨ ਹੀ ਰੁਕ ਗਿਆ। ਸਰੂਪ ਕਹਿਣ ਲਗਿਆ,

"ਇਕ ਦਿਨ ਬਾਗਾ ਆਇਆ ਸੀ, ਕਹਿੰਦਾ ਕਿ ਰਾਜੂ ਕੁੜੀ ਨੂੰ ਤੰਗ ਬਹੁਤ ਕਰਦਾ, ...ਦੇਖਿਓ ਕਿਤੇ ਕੋਈ ਪੰਗਾ ਨਾ ਪਾ ਬੈਠਿਓ।"

"ਪੰਗਾ ਕਿੱਦਾਂ ਭਾਜੀ?"

"ਤੂੰ ਤਾਂ ਗੁੱਲ, ਏਦਾਂ ਗੱਲ ਕਰਦਾਂ ਜਿੱਦਾਂ ਤੂੰ ਨਿਆਣਾਂ ਹੁੰਨਾਂ! ...ਜੇ ਕੁੜੀ ਖੁਸ਼ ਨਾ ਹੋਈ ਤਾਂ ਮੁੰਡੇ ਨੂੰ ਮੋੜ ਵੀ ਸਕਦੀ ਐ, ਚੇਤਾ ਭੁੱਲ ਗਿਆ ਇਥੋਂ ਦੇ ਕਾਨੂੰਨ ਦਾ, ਜੇ ਕਿਤੇ ਮੁੰਡਾ ਮੁੜ ਗਿਆ ਤਾਂ ਪਿੰਡ 'ਚ ਕੀ ਮੂੰਹ ਦਿਖਾਵਾਂਗੇ! ...ਏਸ ਕਰਕੇ ਅਕਲ ਨਾਲ਼ ਚੱਲੋ, ਜੇ ਉਹ ਨਹੀਂ ਤਾਂ ਤੂੰ ਤਾਂ ਅਕਲਵੰਦ ਐਂ, ਮੌਕਾ ਸੰਭਾਲ਼ ਲੈ, ਇਕ ਵਾਰ ਮੁੰਡਾ ਪੱਕਾ ਤਾਂ ਹੋ ਜਾਵੇ, ਫੇਰ ਜਿਹੜੀਆਂ ਤੱਦੀਆਂ ਕਰਨੀਆਂ ਕਰ ਲਵੇ।"

ਸੁਰਜਨ ਸਿੰਘ ਨੇ ਜਾ ਕੇ ਬੁੱਕ ਰੂਮ ਮੂਹਰੇ ਲਗੀ ਓਵਰ ਟਾਈਮ ਦੀ ਆਪਣੀ ਡਿਊਟੀ ਦੇਖੀ। ਉਸ ਨੇ ਜਨਰਲ ਸੌਰਟਿੰਗ 'ਤੇ ਜਾਣਾ ਸੀ; ਚਿੱਠੀਆਂ ਦੀ ਆਮ ਛਾਂਟੀ ਵਾਲੀ ਜਗਾਹ। ਫਰੇਮ ਮੂਹਰੇ ਬੈਠ ਕੇ ਚਿੱਠੀਆਂ ਛਾਂਟਣਾ ਕਈ ਵਾਰ ਬੋਰ ਵੀ ਕਰਨ ਲਗਦਾ ਪਰ ਜੇ ਨਾਲ ਕੋਈ ਵਾਕਫ ਬੈਠਾ ਹੋਵੇ ਗੱਲਾਂ ਵਾਲਾ ਤਾਂ ਵਕਤ ਸੁਹਣਾ ਗੁਜ਼ਰ ਜਾਂਦਾ। ਸੁਰਜਨ ਸਿੰਘ ਇੰਨਚਾਰਜ ਕੋਲ ਆਪਣਾ ਨੰਬਰ ਲਿਖਾ ਕੇ ਫਰੇਮਾਂ ਵਲ ਵਧਿਆ ਤਾਂ ਦੇਖਿਆ ਕਿ ਚਮਨ ਲਾਲ ਦੇ ਨਾਲ ਦੀ ਸੀਟ ਖਾਲੀ ਪਈ ਸੀ। ਹੋਰ ਕੀ ਚਾਹੀਦਾ ਸੀ। ਉਹ ਤਾਂ ਚਮਨ ਲਾਲ ਨੂੰ ਮਿਲਣਾ ਵੀ ਚਾਹੁੰਦਾ ਸੀ। ਕੁਝ ਦਿਨਾਂ ਤੋਂ ਉਹ ਦੁਨੀ ਚੰਦ ਦੀ ਕੁੜੀ ਬਾਰੇ ਸੋਚਦਾ ਰਿਹਾ ਸੀ। ਦੁਨੀ ਚੰਦ ਚਮਨ ਲਾਲ ਦਾ ਰਿਸ਼ਤੇ ਵਿਚੋਂ ਭਰਾ ਲਗਦਾ ਸੀ। ਪਿੱਛੇ ਜਿਹੇ ਉਸ ਦੀ ਕੁੜੀ ਦਾ ਵਿਆਹ ਹੋਇਆ ਸੀ ਪਰ ਹੁਣ ਮੁੰਡੇ ਕੁੜੀ ਦਾ ਆਪਸ ਵਿਚ ਝਗੜਾ ਪਿਆ ਹੋਇਆ ਸੀ। ਇਕ ਵਾਰ ਸੁਰਜਨ ਸਿੰਘ ਵੀ ਪੰਚਾਇਤੀ ਬਣ ਕੇ ਜਾ ਚੁੱਕਿਆ ਸੀ ਪਰ ਸੁਲਾਹ ਨਹੀਂ ਸੀ ਹੋ ਰਹੀ। ਇਸੇ ਬਾਰੇ ਹੀ ਚਮਨ ਲਾਲ ਤੋਂ ਪੁੱਛਣਾ ਚਾਹੁੰਦਾ ਸੀ ਕਿ ਕੀ ਬਣਿਆਂ। ਉਸ ਦੇ ਸੀਟ ਉਪਰ ਬੈਠਦਿਆਂ ਹੀ ਚਮਨ ਲਾਲ ਬੋਲਿਆ,

"ਅਮਰ ਸੂੰਹ ਆਇਆ ਪਿੰਡੋਂ, ...ਕੱਲ ਬਰੌਡਵੇਅ ਤੇ ਮਿਲਿਆ ਸੀ।"

"ਕੀ ਦਸਦਾ ਪਿੰਡ ਦਾ?"

"ਕਹਿੰਦਾ; ਅੱਡੇ 'ਚ ਗੇਟ ਬਣ ਗਿਆ ਬੜਾ ਤਕੜਾ।"

"ਅੱਛਾ! ਕਿਹਨੇ ਬਣਾਇਆ?"

"ਬਾਬੂ ਰਾਮ ਸੂੰਹ ਦੇ ਮੁੰਡੇ ਨੇ ਬਣਾਇਆ ਕਨੈਡੇ ਤੋਂ ਆ ਕੇ।"

"ਹੋਰ ਕੀ ਦਸਦਾ?"

"ਬਹੁਤੀਆਂ ਗੱਲਾਂ ਨਹੀਂ ਹੋਈਆਂ, ਕਹਿੰਦਾ ਕੁੜੀਆਂ ਦੇ ਸਕੂਲ ਲਈ ਸਰਪੰਚ ਨੇ ਢਾਲ਼ 'ਕੱਠੀ ਕਰਨ ਔਣੈਂ।"

"ਸਰਪੰਚ ਕੌਣ ਐਂ ਹੁਣ?"

"ਉਹੀ, ਮਝੈਲ ਸੂਬਾ ਸੂੰਹ।"

"ਹੋਰ ਕੀ ਦਸਦਾ ਇਲਾਕੇ ਦਾ ਹਾਲ?"

"ਮੁੰਡੇ ਦਾ ਵਿਆਹ ਕਰਨ ਗਿਆ ਸੀ, ਕਹਿੰਦਾ ਕਿਸੇ ਦਿਨ ਲੱਡੂ ਦੇਣ ਆਊਂ, ਬਹਿ ਕੇ ਗੱਲਾਂ ਕਰਾਂਗੇ।"

ਇਕ ਦੋ ਹੋਰ ਗੱਲਾਂ ਤੋਂ ਬਾਅਦ ਸੁਰਜਨ ਸਿੰਘ ਨੇ ਪੁੱਛਿਆ,

"ਮੁੜ ਕੇ ਆਪਣੀ ਗੱਲ ਈ ਨਈਂ ਹੋਈ, ਦੁਨੀ ਚੰਦ ਦੀ ਕੁੜੀ ਠੀਕ ਐ ਹੁਣ?"

"ਨਾ ਬਈ, ਉਹ ਗੱਲ ਨਹੀਂ ਬਣੀਂ। ਪਹਿਲਾਂ ਕੁੜੀ ਬਹੁਤ 'ਤਾਹਾਂ ਸੀ, ਹੁਣ ਕੁੜੀ ਨਰਮ ਪਈ ਤੇ ਮੁੰਡਾ ਸਾਲ਼ਾ ਬਹੁਤ 'ਤਾਂਹ ਫਿਰਦਾ। ਲਗਦਾ ਤਲਾਕ ਹੋਊ। ਦੁਨੀ ਚੰਦ ਵਿਚਾਰਾ ਰੋਂਦਾ ਬਈ ਤਲਾਕ ਦਾ ਧੱਬਾ ਵੀ ਖਾਨਦਾਨ 'ਤੇ ਲਗਣਾ ਈ ਸੀ!"

ਗੱਲ ਸੁਣ ਸੁਰਜਨ ਸਿੰਘ ਖਾਮੋਸ਼ ਜਿਹਾ ਹੋ ਗਿਆ। ਇਕ ਚੀਸ ਉਸ ਦੇ ਅੰਦਰ ਘੁੰਮ ਗਈ। ਦੁਨੀ ਚੰਦ ਨੇ ਆਪਣੀ ਕੁੜੀ ਲਈ ਇੰਡੀਆ ਤੋਂ ਮੁੰਡਾ ਮੰਗਵਾਇਆ ਸੀ। ਕੁੜੀ ਦੇ ਮੁਕਾਬਲਾ ਮੁੰਡਾ ਸੁਹਣਾ ਸੀ। ਜਲੰਧਰ ਓਵਰਸੀਅਰ ਲਗਿਆ ਰਿਹਾ ਸੀ। ਸਾਲ ਭਰ ਉਹ ਠੀਕ ਰਿਹਾ ਪਰ ਜਦ ਪੱਕੀ ਮੋਹਰ ਲਗ ਗਈ ਤਾਂ ਅੱਖਾਂ ਦਿਖਾਉਣ ਲਗਿਆ। ਚਮਨ ਲਾਲ ਦੱਸ ਰਿਹਾ ਸੀ,

"ਮੈਨੂੰ ਤਾਂ ਪਹਿਲਾਂ ਈ ਸ਼ੱਕ ਸੀ ਬਈ ਐਡੀ ਜੌਬ ਵਾਲ਼ਾ ਮੁੰਡਾ ਐਡਜਸਟ ਕਿੱਦਾਂ ਕਰ ਗਿਆ, ਸਾਲ਼ੇ ਨੇ ਸਾਲ ਮਿੰਨਾ-ਮੀਸਣਾ ਬਣ ਕੇ ਕੱਢ ਲਿਆ। ਮੈਂ ਦੁਨੀ ਚੰਦ ਨੂੰ ਪਹਿਲਾਂ ਈ ਕਿਹਾ ਸੀ ਬਈ ਮੁੰਡਾ ਕੁੜੀ ਦੇ ਮੇਚ ਦਾ ਈ ਦੇਖੀਂ।"

"ਨਹੀਂ, ਇਹ ਤਾਂ ਬੰਦੇ ਬੰਦੇ 'ਤੇ ਮਨੱਸਰ ਕਰਦੈ, ਹੁਣ ਆਪਣੇ ਗੁਲਵੰਤ ਵੀ ਹੈਗਾ, ਤੇਰੇ ਸਾਹਮਣੇ ਈ ਐ।"

"ਤੇਰੀ ਗੱਲ ਹੋਰ ਐ, ਤੇਰੇ ਨਿਆਣੇ ਵੀ ਤਾਂ ਮੂੰਹ ਮੱਥੇ ਲਗਦੇ ਆ, ਇਹ ਸਾਡੀ ਕੁੜੀ ਜ਼ਰਾ ਮੱਧਰੀ ਵੀ ਸੀ ਤੇ ਰੰਗ ਵੀ ਜ਼ਰਾ...।"

ਮੁੰਡਾ ਕੁੜੀ ਨੂੰ ਛੱਡ ਕੇ ਬਰਮੀਘੰਮ ਆਪਣੇ ਭੈਣ ਕੋਲ ਚਲੇ ਗਿਆ ਸੀ। ਭੈਣ ਭਣੋਈਆ ਹੀ ਵਿਚੋਲੇ ਵੀ ਸਨ। ਭਣੋਈਏ ਦੇ ਜ਼ਿਆਦਾ ਜ਼ੋਰ ਪਾਉਣ 'ਤੇ ਮੁੰਡੇ ਨੇ ਕੁੜੀ ਰੱਖਣੀ ਮੰਨ ਲਈ ਪਰ ਮਹੀਨੇ ਦੇ ਅੰਦਰ ਅੰਦਰ ਫਿਰ ਉਹੀ ਕੰਮ ਸ਼ੁਰੂ ਹੋ ਗਿਆ। ਚਮਨ ਲਾਲ ਗੁੱਸੇ ਵਿਚ ਆਇਆ ਕਹਿਣ ਲਗਿਆ,

"ਏਦਾਂ ਦੇ ਕੰਜਰ ਸਾਲ਼ੇ ਇੰਗਲੈਂਡ ਦੀ ਖਾਤਰ ਈ ਵਿਆਹ ਕਰਾਉਂਦੇ ਆ, ਜੇ ਮੇਰਾ ਵੱਸ ਚਲੇ ਤਾਂ ਸਾਲ਼ੇ ਦੇ ਜਾ ਕੇ ਗੋਡਾ ਫੇਰਾਂ, ਮੈਂ ਤਾਂ ਦੁਨੀ ਚੰਦ ਨੂੰ ਕਿਹਾ ਸੀ ਬਈ ਕੁੜੀ ਜੁੱਤੀ ਦੇ ਜ਼ੋਰ ਨਾਲ਼ ਈ ਵਸਣੀ ਐਂ।"

"ਚਮਨ ਲਾਲ, ਜੁੱਤੀ ਦੇ ਜ਼ੋਰ ਨਾਲ ਵੀ ਕਦੇ ਕੁੜੀਆਂ ਵਸੀਆਂ!"

ਕਹਿੰਦਾ ਸੁਰਜਨ ਸਿੰਘ ਇਕ ਵਾਰ ਫਿਰ ਚੁੱਪ ਜਿਹਾ ਕਰ ਗਿਆ। ਚਮਨ ਲਾਲ ਨੂੰ ਲਗਿਆ ਕਿ ਕਿਧਰੇ ਕੋਈ ਗੜਬੜ ਜ਼ਰੂਰ ਹੈ ਜਿਹੜਾ ਸੁਰਜਨ ਸਿੰਘ ਨੇ ਇਸ ਵਿਚ ਇੰਨੀ ਦਿਲਚਸਪੀ ਲਈ ਹੈ ਪਰ ਉਸ ਨੇ ਕੋਈ ਸਵਾਲ ਨਾ ਕੀਤਾ। ਉਸ ਨੂੰ ਸੁਰਜਨ ਸਿੰਘ ਦੇ ਸੁਭਾਅ ਦਾ ਪਤਾ ਸੀ ਕਿ ਜੇ ਕੁਝ ਦੱਸਣਾ ਹੋਇਆ ਤਾਂ ਆਪ ਹੀ ਦੱਸੇਗਾ ਨਹੀਂ ਤਾਂ ਨਹੀਂ। ਸੁਰਜਨ ਸਿੰਘ ਨੇ ਫਿਰ ਪੁੱਛਿਆ,

"ਹੁਣ ਕੀ ਸਿਚੂਏਸ਼ਨ ਐਂ?"

"ਹੁਣ ਕੀ ਹੋਣਾਂ, ਮੁੰਡਾ ਕਿਤੇ ਗਲਾਸਗੋ ਵਲ ਜਾ ਕੇ ਰਹਿਣ ਲਗ ਪਿਆ, ਗੱਲ ਗਈ ਹੱਥੋਂ। ...ਜੇ ਕਿਤੇ ਪਹਿਲਾਂ ਸਮੈੱਲ ਆ ਜਾਂਦੀ ਤਾਂ ਉਹਨੂੰ ਪੱਕਾ ਈ ਨਾ ਹੋਣ ਦਿੰਦੇ, ਲਟਕਦਾ ਰਹਿੰਦਾ ਸਾਲ਼ਾ ਵਿਚ ਵਿਚਾਲ਼ੇ।"

ਚਮਨ ਲਾਲ ਨੇ ਆਪਣੀ ਗੱਲ 'ਤੇ ਦਬਾਅ ਪਾਉਂਦਿਆਂ ਕਿਹਾ ਜਿਵੇਂ ਉਹ ਸੁਰਜਨ ਨੂੰ ਕੋਈ ਸਲਾਹ ਦੇ ਰਿਹਾ ਹੋਵੇ। ਸੁਰਜਨ ਚੁੱਪ ਚਾਪ ਚਿੱਠੀਆਂ ਛਾਂਟਦਾ ਰਿਹਾ। ਕੁਝ ਦੇਰ ਬਾਅਦ ਚਮਨ ਲਾਲ ਬੋਲਿਆ,

"ਮੈਂ ਤਾਂ ਕਹਿੰਨਾਂ ਕਿ ਫੇਰ ਵੀ ਇਕ ਗੱਲ ਦਾ ਬਚਾਅ ਹੋ ਗਿਆ।"

"ਕਿਹੜੀ ਗੱਲ ਦਾ?"

"ਕਿ ਕੁੜੀ ਦੇ ਕੋਈ ਬੱਚਾ ਨਹੀਂ ਸੀ, ਨਹੀਂ ਤਾਂ ਕੁੜੀ ਵਿਚਾਰੀ ਸਾਰੀ ਉਮਰ ਬੱਚਾ ਈ ਪਾਲ਼ਦੀ ਰਹਿੰਦੀ, ...ਹੁਣ ਤਾਂ ਕੋਈ ਹੋਰ ਇੰਤਜ਼ਾਮ ਹੋ ਜਾਊ, ਹੌਲ਼ੀ ਸਹਿਜੇ।"

ਗੁਲਵੰਤ ਸਰੂਪ ਦੇ ਮੂੰਹੋਂ ਰਾਜੂ ਨੂੰ ਵਾਪਸ ਮੋੜਨ ਵਾਲੀ ਗੱਲ ਸੁਣ ਕੇ ਇਕ ਪਲ ਲਈ ਤਾਂ ਡਰਿਆ ਪਰ ਉਸ ਨੂੰ ਯਕੀਨ ਸੀ ਕਿ ਇਵੇਂ ਕਦੇ ਵੀ ਨਹੀਂ ਹੋ ਸਕਦਾ। ਸੁਹਰੇ ਘਰ ਵਿਚ ਉਸ ਦੀ ਇੰਨੀ ਇਜ਼ਤ ਸੀ ਤੇ ਕੀ ਉਹ ਉਸ ਦੇ ਭਰਾ ਨਾਲ ਇਵੇਂ ਕਰਨਗੇ, ਕੀ ਸੁਰਿੰਦਰ ਇਵੇਂ ਹੋ ਲੈਣ ਦੇਵੇਗੀ। ਉਸ ਨੂੰ ਸਭ ਉਪਰ ਪੂਰਾ ਭਰੋਸਾ ਸੀ। ਕਦੇ ਕਦੇ ਉਸ ਦਾ ਦਿਲ ਕਰਦਾ ਕਿ ਸਰੂਪ ਵਾਲਾ ਡਰ ਉਹ ਰਾਜੂ ਨਾਲ ਸਾਂਝਾ ਕਰੇ ਪਰ ਫਿਰ ਸੋਚਦਾ ਕਿ ਰਾਜੂ ਕੀ ਸੋਚੇਗਾ ਕਿ ਭਰਾ ਹੀ ਉਸ ਨੂੰ ਧਮਕੀਆਂ ਦੇ ਰਿਹਾ ਹੈ। ਉਹ ਇਹ ਵੀ ਸੋਚਣ ਲਗਦਾ ਕਿ ਕੋਈ ਉਸ ਦੇ ਭਰਾ ਨੂੰ ਮੋੜਨ ਦੀ ਜੁਅਰਤ ਕਿਵੇਂ ਕਰ ਸਕਦਾ ਹੈ। ਇਕ ਦਿਨ ਉਹ ਆਪਣੇ ਆਇਰਸ਼ ਦੋਸਤ ਐਲਨ ਨਾਲ ਇਸ ਬਾਰੇ ਗੱਲਾਂ ਕਰਨ ਲਗਿਆ। ਐਲਨ ਨੇ ਕਿਹਾ,

''ਗੁੱਲ, ਮੈਂ ਤੁਹਾਡੇ ਸਮਾਜ ਬਾਰੇ ਕੁਝ ਨਹੀਂ ਜਾਣਦਾ ਪਰ ਬੰਦੇ ਦਾ ਕੁਝ ਨਹੀਂ ਪਤਾ ਹੁੰਦਾ ਕਿ ਉਹਨੇ ਕਿਹੜੇ ਵੇਲੇ ਬਦਲ ਜਾਣੈਂ।''

''ਐਲਨ, ਜੇ ਕਿਸੇ ਨੇ ਮੇਰੇ ਭਰਾ ਨੂੰ ਵਾਪਸ ਮੋੜਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਬਹੁਤ ਬੁਰਾ ਸਬਕ ਸਿਖਾਵਾਂਗਾ।''

''ਗੁੱਲ, ਕੀ ਸਬਕ ਸਿਖਾਵੇਂਗਾ? ਤੂੰ ਆਪਣਾ ਘਰ ਤਾਂ ਖਰਾਬ ਨਹੀਂ ਕਰੇਂਗਾ ਨਾ! ...ਬਿਹਤਰ ਐ ਕਿ ਮੌਕਾ ਸੰਭਾਲ।''

ਐਲਨ ਨੇ ਸਲਾਹ ਦਿਤੀ। ਉਸੇ ਦਿਨ ਗੁਲਵੰਤ ਨੇ ਪੱਬ ਵਿਚ ਦੋ ਗਲਾਸ ਬੀਅਰ ਦੇ ਪੀਤੇ ਤਾਂ ਇਹ ਸੋਚ ਉਸ ਦੇ ਮਨ ਵਿਚ ਸ਼ਿੱਦਤ ਨਾਲ ਫਿਰਨ ਲਗੀ। ਉਸ ਨੇ ਆਪਣੇ ਆਪ ਨੂੰ ਕਿਹਾ; 'ਇਹ ਵੀ ਦੇਖ ਲੈਨੇ ਆਂ, ਜੇ ਸਾਲ਼ੇ ਮੇਰੇ ਭਰਾ ਨੂੰ ਈ ਮੋੜਨ ਬਾਰੇ ਸੋਚਣ ਲਗ ਪਏ ਤਾਂ ਮੇਰੇ ਇਹ ਕੀ ਲਗਦੇ ਆ।'

ਘਰ ਆ ਕੇ ਉਸ ਨੇ ਸੁਰਿੰਦਰ ਨੂੰ ਪੁੱਛਿਆ,

''ਟੈੱਨ ਬਾਈ ਟੈੱਨ, ਮੈਨੂੰ ਕਿੰਨਾ ਕੁ ਪਿਆਰ ਕਰਦੀ ਐਂ?''

''ਗੁੱਲ, ਕੀ ਹੋਗਿਆ ਤੈਨੂੰ! ਇਹ ਪੁੱਠ ਸਵਾਲ ਕਿਉਂ ਕਰ ਰਿਹੈਂ?''

''ਮੇਰੇ ਸਵਾਲ ਦਾ ਜਵਾਬ ਦੇਹ।''

''ਔਫ ਕੋਰਸ, ਆਏ ਲਵ ਯੂ, ਹਾਓ ਮੱਚ, ਕਾਂਟ ਐਕਪਲੇਨ।''

ਸੁਰਿੰਦਰ ਨੇ ਉਸ ਨੂੰ ਬਾਹਾਂ ਵਿਚ ਲੈਂਦਿਆਂ ਕਿਹਾ। ਗੁਲਵੰਤ ਚਾਹ ਕੇ ਵੀ ਇਸ ਬਾਰੇ ਉਸ ਨਾਲ ਗੱਲ ਨਾ ਕਰ ਸਕਿਆ। ਇਸ ਤੋਂ ਬਾਅਦ ਇਕ ਗੱਲ ਇਹ ਹੋਈ ਕਿ ਹੁਣ ਉਸ ਨੂੰ ਰਾਜੂ ਬਹੁਤਾ ਗਲਤ ਨਾ ਲਗਦਾ। ਇਕ ਸਧਾਰਨ ਪਤੀ ਵਾਲਾ ਵਰਤਾਵ ਹੀ ਤਾਂ ਸੀ ਉਸਦਾ। ਰਾਜੂ ਤੇ ਸੁਖਵੀਰ ਦੇ ਝਗੜੇ ਵਿਚ ਹੁਣ ਸੁਰਿੰਦਰ ਵੀ ਆਪਣੀ ਭੈਣ ਦਾ ਪੱਖ ਖੁਲ੍ਹ ਕੇ ਲੈਂਦੀ।

ਸੁਖਵੀਰ ਰਾਜੂ ਤੋਂ ਬਹੁਤ ਤੰਗ ਰਹਿਣ ਲਗੀ। ਉਸ ਨੂੰ ਲਗਦਾ ਕਿ ਰਾਜੂ ਜਾਣ ਬੁੱਝ ਕੇ ਉਸ ਨਾਲ ਅਜਿਹਾ ਵਤੀਰਾ ਕਰ ਰਿਹਾ ਹੈ। ਵਿਆਹ ਤੋਂ ਪਹਿਲਾਂ ਉਹ ਕਿੰਨੀ ਵਾਰ ਫਿਲਮ ਦੇਖਣ ਗਏ ਸਨ ਪਰ ਵਿਆਹ ਤੋਂ ਬਾਅਦ ਰਾਜੂ ਇਕ ਵਾਰ ਵੀ ਉਸ ਨੂੰ ਕਿਤੇ ਲੈ ਕੇ ਨਹੀਂ ਸੀ ਗਿਆ। ਉਸ ਨੂੰ ਲਗਦਾ ਕਿ ਜਿਵੇਂ ਉਹ ਘਰ ਵਿਚ ਕੈਦ ਹੋ ਕੇ ਰਹਿ ਗਈ ਹੋਵੇ। ਗੁਲਵੰਤੇ ਤੇ ਸੁਰਿੰਦਰ ਕਿਤੇ ਜਾਂਦੇ ਤਾਂ ਸੁਖਵੀਰ ਨੂੰ ਨਾਲ ਲੈ ਜਾਂਦੇ ਪਰ ਉਸ ਦੀ ਇੰਨੇ ਨਾਲ ਤਸੱਲੀ ਨਹੀਂ ਸੀ। ਉਹ ਮੰਮੀ ਨੂੰ ਫੋਨ ਕਰਦੀ ਤਾਂ ਬਹੁਤਾ ਸਮਾਂ ਰਾਜੂ ਦੀਆਂ ਸ਼ਿਕਾਇਤਾਂ ਹੀ ਲਾਉਂਦੀ ਰਹਿੰਦੀ। ਸੁਰਜਨ ਸਿੰਘ ਨੂੰ ਵੀ ਹੁਣ ਰਾਜੂ 'ਤੇ ਗੁੱਸਾ ਆਉਣ ਲਗਿਆ ਸੀ। ਇਕ ਦਿਨ ਉਹ ਗੁਲਵੰਤ ਨੂੰ ਕਹਿਣ ਲਗਿਆ,

''ਰਾਜੂ ਨੂੰ ਸਮਝਾ ਕੁਝ।''

''ਡੈਡੀ, ਮੈਂ ਦੋਨਾਂ ਨੂੰ ਹੀ ਸਮਝਾ ਰਿਹਾਂ, ਦੋਨਾਂ ਨੂੰ ਈ ਆਪਣੀ ਸੋਚ ਬਦਲਣ ਦੀ ਲੋੜ ਐ, ਰਾਜੂ ਦੀ ਸਾਰੀ ਸੋਚ ਫਿਊਡਰਲ ਸਮਾਜ ਵਾਲੀ ਐ ਤੇ ਸੁਖਵੀਰ ਇਕ ਦਮ ਇਥੋਂ ਦੇ ਹਿਸਾਬ ਨਾਲ ਸੋਚ ਰਹੀ ਐ, ਮੈਂ ਕੋਸ਼ਿਸ਼ ਕਰ ਰਿਹਾਂ ਕਿ ਦੋਨੋਂ ਹੀ ਵਿਚਕਾਰ ਜਿਹੇ ਕਿਤੇ ਆ ਜਾਣ।''

''ਪਰ ਵੀਰਾਂ ਤੇ ਕਹਿ ਰਹੀ ਸੀ ਕਿ ਰਾਜੂ ਜਾਣ ਬੁੱਝ ਕੇ ਉਹਨੂੰ ਇਗਨੋਅਰ ਕਰ ਰਿਹੈ।''

ਸੁਰਜਨ ਸਿੰਘ ਦੇ ਬੋਲ ਜ਼ਰਾ ਸਖਤ ਸਨ। ਇਹ ਸਖਤੀ ਗੁਲਵੰਤ ਨੂੰ ਗਵਾਰਾ ਨਹੀਂ ਸੀ ਪਰ ਉਹ ਆਪਣੀ ਨਰਮ ਸੁਰ ਨਾਲ ਹੀ ਬੋਲਿਆ,

''ਡੈਡੀ, ਮੈਨੂੰ ਤਾਂ ਅਜਿਹਾ ਨਹੀਂ ਲਗਦਾ ਕਿ ਜਾਣ ਬੁੱਝ ਕੇ ਅਜਿਹਾ ਕਰਦਾ ਹੋਵੇ ਪਰ ਫਿਰ ਵੀ ਤੁਸੀਂ ਫਿਕਰ ਨਾ ਕਰੋ, ਮੈਂ ਕਰਦਾਂ ਕੁਝ।''

ਗੁੱਲ ਨੇ ਸੁਰਿੰਦਰ ਨੂੰ ਕਹਿ ਦਿਤਾ ਕਿ ਸੁਖਵੀਰ ਨੂੰ ਸਮਝਾਵੇ ਕਿ ਇੰਡੀਅਨ ਪਤੀ ਅਜਿਹੇ ਹੀ ਹੁੰਦੇ ਹਨ ਪਰ ਰਾਜੂ ਨੂੰ ਉਸ ਨੇ ਕੁਝ ਨਾ ਕਿਹਾ। ਕੁਝ ਦਿਨਾਂ ਬਾਅਦ ਉਸ ਸਾਰੇ ਹੀ ਲੇਟਅਟਨ ਸਟੋਨ ਮਿਲਣ ਗਏ। ਸਭ ਦੇ ਬੈਠਿਆਂ ਵਿਚਕਾਰ ਸੁਰਜਨ ਸਿੰਘ ਨੇ ਆਖਿਆ,

''ਦੇਖ ਰਾਜੂ, ਅਸੀਂ ਕੁੜੀ ਤੈਨੂੰ ਵਿਆਹੀ ਐ, ਕੋਈ ਨੌਕਰਾਣੀ ਨਹੀਂ ਦਿਤੀ, ...ਤੈਨੂੰ ਇਹਦਾ ਪੂਰਾ ਧਿਆਨ ਰੱਖਣਾ ਚਾਹੀਦਾ, ਪੂਰੀ ਬਰਾਬਰਤਾ ਦੇਣੀ ਚਾਹੀਦੀ ਐ।''

ਸੁਰਜਨ ਸਿੰਘ ਦੀ ਰੋਅਬਾਨਾ ਆਵਾਜ਼ ਹੋਣ ਕਰਕੇ ਰਾਜੂ ਗੁੱਸਾ ਖਾ ਗਿਆ। ਉਹ ਬੋਲਿਆ,

''ਡੈਡੀ, ਮੈਂ ਇਹਨੂੰ ਕਦੇ ਕੁਝ ਨਹੀਂ ਕਿਹਾ, ਕਿਸੇ ਗੱਲੋਂ ਰੋਕਿਆ ਨਹੀਂ ਪਰ ਜਿੱਦਾਂ ਇਹ ਅਵਾਰਾਗਰਦੀ ਕਰਨ ਨੂੰ ਕਹਿੰਦੀ ਐ ਉਹ ਮੈਂ ਨਹੀਂ ਕਰਾ ਸਕਦਾ।''

''ਤੂੰ ਘਰੋਂ ਗਾਇਬ ਰਹਿੰਨੈ, ਅੱਧੀ ਅੱਧੀ ਰਾਤ ਨੂੰ ਮੁੜਦਾਂ, ਇਹ ਵਿਚਾਰੀ ਇਕੱਲੀ ਹੁੰਦੀ ਐ।''

''ਮੈਂ ਵੀਕਐਂਡ 'ਤੇ ਦੋਸਤਾਂ ਨਾਲ ਪੱਬ ਜਾਂਨਾਂ ਬਸ। ਫਿਰ ਇਹ ਇਕੱਲੀ ਕਿਉਂ ਹੁੰਦੀ ਐ, ਭਰਜਾਈ ਘਰੇ ਹੀ ਐ ਹਰ ਵੇਲੇ।''

www.PunjabiLibrary.com

"ਏਹਦਾ ਹਸਬੈਂਡ ਤੂੰ ਐਂ, ਜੋ ਸੁਖ ਏਹਨੂੰ ਤੇਰੇ ਘਰ ਹੋਣ ਨਾਲ ਮਿਲਣੈਂ ਕਿਸੇ ਹੋਰ ਨਾਲ ਨਹੀਂ ਮਿਲ ਸਕਦਾ। ਹਾਲੇ ਤਾਂ ਤੁਹਾਡੇ ਵਿਆਹ ਨੂੰ ਚਿਰ ਈ ਥੋੜਾ ਹੋਇਐ, ਅਗੇ ਕੀ ਹੋਊ! ...ਅਕਲ ਨਾਲ ਰਹੋ, ਸਾਡੇ ਵੀ ਮਨ ਸ਼ਾਂਤ ਰਹਿਣ, ਨਹੀਂ ਤਾਂ...।"

ਸੁਰਜਨ ਸਿੰਘ ਨੇ ਗੱਲ ਅਧੂਰੀ ਛੱਡ ਦਿਤੀ। ਉਸ ਦੀ 'ਨਹੀਂ ਤਾਂ' ਗੁਲਵੰਤ ਦੇ ਸਰੀਰ ਵਿਚ ਇਕ ਤਾਰ ਜਿਹੀ ਫੇਰ ਗਈ ਪਰ ਰਾਜੂ ਉਪਰ ਇਸ ਦਾ ਕੋਈ ਅਸਰ ਨਾ ਹੋਇਆ। ਉਸ ਨੂੰ ਇਹ ਧਮਕੀ ਨਹੀਂ ਸੀ ਲਗੀ। ਗੁਲਵੰਤ ਚੁੱਪ ਜਿਹਾ ਹੋ ਗਿਆ। ਵਾਪਸ ਘਰ ਆਉਂਦਾ ਵੀ ਖਾਮੋਸ਼ ਜਿਹਾ ਰਿਹਾ। ਉਸ ਸੋਚਦਾ ਜਾ ਰਿਹਾ ਸੀ ਕਿ ਇਸ ਧਮਕੀ ਨਾਲ ਕਿਵੇਂ ਨਿਪਟਿਆ ਜਾਵੇ। ਸੁਰਜਨ ਸਿੰਘ ਉਸ ਨੂੰ ਕੰਮ ਉਪਰ ਮਿਲਦਾ ਤਾਂ ਪਹਿਲਾਂ ਵਾਂਗ ਹੀ ਖੁਸ਼ ਹੋ ਕੇ। ਗੁਲਵੰਤ ਸੋਚਦਾ ਕਿ ਸ਼ਾਇਦ ਇਹ ਧਮਕੀ ਨਾ ਹੀ ਹੋਵੇ। ਇਕ ਦਿਨ ਉਸ ਨੇ ਹੌਂਸਲਾ ਕਰਕੇ ਰਾਜੂ ਨੂੰ ਕਿਹਾ,

"ਤੂੰ ਆਪਣੀ ਘਰਵਾਲ਼ੀ ਨੂੰ ਖੁਸ਼ ਰੱਖ, ਸਾਲ ਕੱਢ ਲੈ, ਪੱਕਾ ਤਾਂ ਹੋ ਜਾਹ।"

"ਕੀ ਖੁਸ਼ ਰੱਖਾਂ, ਜਦ ਗੱਲ ਕਰਦੀ ਆਂ ਤਾਂ ਕਹਿੰਦੀ ਐ ਕਿ ਤੈਨੂੰ ਮੋੜ ਦੇਣਾਂ।"

"ਇਹਨਾਂ ਸਾਲ਼ਿਆਂ ਦੀ ਐਸੀ ਕੀ ਤੈਸੀ! ...ਮੋੜ ਦੇਣਾਂ! ਏਹਨਾਂ ਦੇ ਪਿਓ ਦਾ ਰਾਜ ਐ ਨਾ!"

ਗੁਲਵੰਤ ਨੇ ਕਚੀਚੀ ਵਟਦਿਆਂ ਕਿਹਾ। ਉਸ ਦੀ ਸਲਾਹ ਮੰਨਦਿਆਂ ਰਾਜੂ ਵਿਚ ਕੁਝ ਕੁ ਬਦਲਾਵ ਜ਼ਰੂਰ ਆਇਆ। ਉਹ ਪੱਬ ਸਿਰਫ ਇਕ ਦਿਨ ਹੀ ਜਾਂਦਾ। ਕਦੇ ਕਦੇ ਸੁਖਵੀਰ ਨੂੰ ਨਾਲ ਲੈ ਕੇ ਘੁੰਮਣ ਵੀ ਚਲੇ ਜਾਂਦਾ ਪਰ ਇਵੇਂ ਜਾਂਦਾ ਜਿਵੇਂ ਫੋਰਮੈਨ ਦੇ ਕਹਿਣ 'ਤੇ ਕੋਈ ਕੰਮ ਕਰ ਰਿਹਾ ਹੋਵੇ। ਵਿਹਲੇ ਸਮੇਂ ਸੁਖਵੀਰ ਨੂੰ ਲੈ ਕੇ ਬਿਸਤਰ ਵਿਚ ਜਾ ਪੈਂਦਾ ਪਰ ਆਪ ਕਿਤਾਬ ਪੜ੍ਹਨ ਲਗਦਾ ਜਾਂ ਸੰਗੀਤ ਸੁਣਨ ਲਗਦਾ ਤੇ ਸੁਖਵੀਰ ਬਸ, ਨਾਲ ਹੀ ਪਈ ਹੁੰਦੀ।

ਰਾਜੂ ਕਈ ਗੱਲਾਂ ਵਿਚ ਬਹੁਤ ਲਾਪਰਵਾਹ ਸੀ। ਜਿਥੇ ਦੇਖਦਾ ਕਪੜੇ ਸੁੱਟ ਦਿੰਦਾ। ਰੋਟੀ ਕਦੇ ਵੀ ਡਾਈਨਿੰਗ ਟੇਬਲ 'ਤੇ ਬੈਠ ਕੇ ਨਾ ਖਾਂਦਾ। ਰੋਟੀ ਖਾ ਕੇ ਭਾਂਡੇ ਵੀ ਉਥੇ ਹੀ ਪਏ ਰਹਿਣ ਦਿੰਦਾ ਜਦ ਕਿ ਗੁਲਵੰਤ ਸਿੰਕ ਵਿਚ ਰੱਖਦਾ ਸੀ। ਸੁਰਿੰਦਰ ਤੇ ਸੁਖਵੀਰ ਟੈਲੀ ਉਪਰ ਚਲਦੇ ਕਿਸੇ ਕਾਮੇਡੀ ਪਰੋਗਰਾਮ ਨੂੰ ਦੇਖ ਕੇ ਖਾੜ ਖਾੜ ਹੱਸਦੀਆਂ ਤਾਂ ਉਹ ਉਹਨਾਂ ਵਲ ਵਿੰਗਾ ਵਿੰਗਾ ਦੇਖਣ ਲਗਦਾ। ਟੈਲੀ ਦੇ ਪਰੋਗਰਾਮ ਉਸ ਦੇ ਪੱਲੇ ਨਹੀਂ ਸਨ ਪੈਂਦੇ। ਦੋਵੇਂ ਭੈਣਾਂ ਜਾਣ ਬੁਝ ਕੇ ਉਹਦੇ ਸਾਹਮਣੇ ਅੰਗਰੇਜ਼ੀ ਵਿਚ ਗੱਲਾਂ ਕਰਦੀਆਂ। ਕਈ ਵਾਰ ਰਾਜੂ ਨੂੰ ਲਗਦਾ ਕਿ ਸ਼ਾਇਦ ਉਹਦੀਆਂ ਹੀ ਗੱਲਾਂ ਕਰ ਰਹੀਆਂ ਹੋਣ। ਉਸ ਨੂੰ ਹੇਠੀ ਜਿਹੀ ਮਹਿਸੂਸ ਹੋਣ ਲਗਦੀ। ਛੇਤੀ ਹੀ ਉਸ ਨੇ ਕਾਲੇ-ਗੋਰੇ ਦੋਸਤਾਂ ਨਾਲ ਬੋਲ ਬੋਲ ਕੇ ਅੰਗਰੇਜ਼ੀ ਦਾ ਅਭਿਆਸ ਕਰ ਲਿਆ। ਉਹ ਅੰਗਰੇਜ਼ੀ ਸਮਝਣ ਵੀ ਲਗਿਆ ਤੇ ਬੋਲਣ ਵੀ। ਹੁਣ ਉਹ ਸੁਖਵੀਰ ਨਾਲ ਅੰਗਰੇਜ਼ੀ ਵਿਚ ਬੋਲਦਾ ਤਾਂ ਉਹ ਮੂਹਰਿਓਂ ਪੰਜਾਬੀ ਵਿਚ ਜਵਾਬ ਦਿੰਦੀ, ਇਵੇਂ ਹੀ ਸੁਰਿੰਦਰ ਵੀ। ਸੁਖਵੀਰ ਦੇ ਨਾਲ ਨਾਲ ਉਸ ਨੂੰ ਸੁਰਿੰਦਰ ਉਪਰ ਵੀ ਬਹੁਤ ਗੁੱਸਾ ਆਉਂਦਾ। ਉਸ ਦੇ ਵਤੀਰੇ ਵਿਚ ਉਸ ਨੂੰ ਨਫਰਤ ਸਾਫ ਦਿਸਦੀ ਸੀ। ਕਦੇ ਉਸ ਦਾ ਦਿਲ ਕਰਦਾ ਕਿ ਗੁਲਵੰਤ ਕੋਲ ਸੁਰਿੰਦਰ ਦੀ ਸ਼ਿਕਾਇਤ ਲਾਵੇ ਪਰ ਫਿਰ ਸੋਚਦਾ ਕਿ ਉਹਨਾਂ ਦੀ ਸੁਖੀ ਵਿਆਹੁਤਾ ਜ਼ਿੰਦਗੀ ਨੂੰ ਕਿਉਂ ਖਰਾਬ ਕਰੇ।

ਇਵੇਂ ਹੀ ਕਰਦਿਆਂ ਕਰਾਉਂਦਿਆਂ ਸਾਲ ਨਿਕਲ ਗਿਆ। ਗੁਲਵੰਤ ਨੇ ਰਾਜੂ ਤੇ ਸੁਖਵੀਰ ਦੇ ਪਾਸਪੋਰਟ ਹੋਮ ਆਫਿਸ ਨੂੰ ਭੇਜ ਦਿਤੇ ਤਾਂ ਜੋ ਰਾਜੂ ਨੂੰ ਪੱਕੀ ਰਿਹਾਇਸ਼ ਦੀ ਸਟੈਂਪ ਮਿਲ ਜਾਵੇ। ਪਾਸਪੋਰਟਾਂ ਦੇ ਨਾਲ ਭੇਜਣ ਲਈ ਸੁਖਵੀਰ ਨੇ ਆਪਣੇ ਹੱਥੀਂ ਚਿੱਠੀ ਲਿਖ ਦਿਤੀ ਕਿ ਉਹ ਰਾਜੂ ਨਾਲ ਖੁਸ਼ ਹੈ। ਗੁਲਵੰਤ ਖੁਸ਼ ਸੀ ਕਿ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਵਾਪਰੀ। ਹੁਣ ਰਾਜੂ ਪੱਕਾ ਹੋ ਜਾਵੇਗਾ ਤੇ ਫਿਰ ਜੋ ਕਰਨਾ ਹੈ ਕਰੀ ਜਾਵੇ।

ਰਾਜੂ ਦਾ ਵਰਤਾਵ ਤੇ ਸੁਖਵੀਰ ਦੀ ਬੇਤਸੱਲੀ ਸੁਰਜਨ ਸਿੰਘ ਨੂੰ ਹਰ ਵੇਲੇ ਚੁਭਦੇ ਰਹਿੰਦੇ। ਰਾਜੂ ਸੁਖਵੀਰ ਨੂੰ ਸਾਫ ਕਹਿ ਦਿੰਦਾ ਕਿ ਤੂੰ ਪਤਨੀ ਹੈ ਤੇ ਪਤਨੀ ਬਣ ਕੇ ਰਹਿ। ਸੁਰਜਨ ਸਿੰਘ ਸੋਚਣ ਲਗਿਆ ਸੀ ਕਿ ਪੱਕਾ ਹੋ ਕੇ ਰਾਜੂ ਕੁੜੀ ਨੂੰ ਜ਼ਿਆਦਾ ਤੰਗ ਕਰੇਗਾ। ਇਹ ਵੀ ਹੋ ਸਕਦਾ ਹੈ ਕਿ ਉਸ ਸੁਖਵੀਰ ਨੂੰ ਛੱਡ ਹੀ ਦੇਵੇ। ਅਜਿਹੀ ਸਥਿਤੀ ਵਿਚ ਗੁਲਵੰਤ ਵੀ ਕੁਝ ਨਹੀਂ ਕਰ ਸਕੇਗਾ। ਉਹ ਤਾਂ ਹੁਣ ਵੀ ਕੁਝ ਨਹੀਂ ਕਰ ਰਿਹਾ। ਉਹ ਹਰ ਵੇਲੇ ਸੋਚਾਂ ਵਿਚ ਡੁੱਬਿਆ ਰਹਿੰਦਾ। ਇਕ ਦਿਨ ਚਮਨ ਲਾਲ ਉਸ ਨੂੰ ਪੁੱਛਣ ਲਗਿਆ,

"ਸਭ ਠੀਕ ਤਾਂ ਹੈ ਨਾ, ਬਹੁਤ ਗੁਆਚਿਆ ਗੁਆਚਿਆ ਦਿਸ ਰਿਹੈਂ। ਕੱਲ ਮੈਂ ਤੈਨੂੰ ਹੈਲੋ ਕਿਹਾ ਪਰ ਤੂੰ ਬੋਲਿਆ ਈ ਨਹੀਂ।"

"ਲਗਦੈ ਯਾਰ, ਮੇਰੇ ਨਾਲ਼ ਵੀ ਦੁਨੀ ਚੰਦ ਵਾਲ਼ੀ ਹੋਣੀ ਐਂ!"

"ਸੁਖ ਬੋਲ!"

ਚਮਨ ਲਾਲ ਨੇ ਕਿਹਾ ਤੇ ਨਾਲ ਹੀ ਅਗਲੀ ਗੱਲ ਸੁਣਨ ਲਈ ਕੰਨ ਉਸ ਵਲ ਕਰ ਲਏ। ਸੁਰਜਨ ਕੁਝ ਦੇਰ ਨਾ ਬੋਲਿਆ ਤਾਂ ਉਹਨੇ ਆਪ ਹੀ ਪੁੱਛ ਲਿਆ,

"ਕਿਹਦੀ ਗੱਲ ਕਰਦੈਂ?"

www.PunjabiLibrary.com

"ਗੁਲਵੰਤ ਦੇ ਛੋਟੇ ਭਰਾ ਦੀ, ਪਿਛਲੇ ਸਾਲ ਜਿਹੜਾ ਵਿਆਹ ਕੀਤਾ ਸੀ।"
"ਮੁੰਡਾ ਪੱਕਾ ਹੋ ਗਿਐ?"
"ਪਾਸਪੋਰਟ ਭੇਜੇ ਹੋਏ ਆ, ਇਹੋ ਤਾਂ ਹੁਣ ਡਰ ਐ ਕਿ ਪੱਕਾ ਹੋ ਕੇ ਖਰਾਬ ਈ ਨਾ ਕਰੇ, ਪਹਿਲਾਂ ਈ ਬਹੁਤ ਪਰਛੱਟੇ ਮਾਰਦਾ ਫਿਰਦੈ।"
"ਇਹਦਾ ਇਕ ਤਰੀਕਾ ਹੈਗਾ, ਕੁੜੀ ਵਲੋਂ ਹੋਮ ਆਫਿਸ ਨੂੰ ਇਕ ਚਿੱਠੀ ਹੋਰ ਪਵਾ ਦਿਓ ਕਿ ਜਾਪਣੈ ਕਿ ਮੁੰਡੇ ਨੇ ਸਹੂਲਤ ਦਾ ਵਿਆਹ ਕਰਾਇਆ ਤੇ ਪੱਕਾ ਹੋ ਕੇ ਛੱਡ ਦੇਵੇਗਾ, ਮੈਂ ਮੁੰਡੇ ਨੂੰ ਹੋਰ ਜੱਜ ਕਰਨਾ ਚਾਹੁੰਨੀ ਆਂ ਤੇ ਮੇਰੀ ਕਨਫਰਮੇਸ਼ਨ ਦੀ ਉਡੀਕ ਕੀਤੀ ਜਾਵੇ।"
"ਏਹਦੇ ਨਾਲ ਕੀ ਹੋਊ?"
"ਹੋਊ ਇਹ ਕਿ ਜਦ ਤਕ ਤੁਸੀਂ ਨਹੀਂ ਕਹਿੰਦੇ ਮੁੰਡੇ ਦੇ ਪੱਕੀ ਸਟੈਂਪ ਨਹੀਂ ਲਗਣ ਲਗੀ, ਕੁਕੜਪਿੰਡੀਏ ਚਰਨ ਸੂੰਹ ਨੇ ਏਦਾਂ ਈ ਕੀਤੀ ਸੀ, ਸਾਲ ਦੋ ਸਾਲ ਤਾਂ ਸਹਿਜੇ ਈ ਨਿਕਲ਼ ਜਾਣੇ ਆਂ।"
"ਚਮਨ ਲਾਲ, ਗੱਲ ਤਾਂ ਤੇਰੀ ਠੀਕ ਐ ਪਰ ਦੋਨੋਂ ਕੁੜੀਆਂ ਇਕੋ ਘਰ ਹੈਗੀਆਂ, ਏਦਾਂ ਗੱਲ ਹੋਰ ਪਾਸੇ ਵੀ ਤੁਰ ਸਕਦੀ ਐ।"
"ਤੁਰ ਤਾਂ ਸਕਦੀ ਐ ਪਰ ਤੁਸੀਂ ਇਸ ਦਾ ਕਿਸੇ ਕੋਲ ਜ਼ਿਕਰ ਨਾ ਕਰੋ, ਚੁੱਪ ਕਰਕੇ ਚਿੱਠੀ ਲਿਖ ਦਿਓ, ...ਪਾਸਪੋਰਟ ਕਦੋਂ ਭੇਜੇ ਆ।"
"ਇਸੇ ਮੰਡੇ ਨੂੰ।"
"ਜੇ ਕੁਸ਼ ਕਰਨਾ ਤਾਂ ਹੁਣੇ ਕਰ ਦਿਓ, ਅਜਕੱਲ ਹਫਤੇ 'ਚ ਈ ਸਟੈਂਪ ਲਾ ਕੇ ਭੇਜ ਦਿੰਦੇ ਆ। ਜੇ ਮੁੰਡਾ ਪੱਕਾ ਹੋ ਗਿਆ ਤਾਂ ਹੱਥ ਮਲ਼ਦੇ ਰਹਿ ਜਾਓਂਗੇ।"

ਚਮਨ ਲਾਲ ਪੂਰੀ ਹਮਦਰਦੀ ਨਾਲ ਗੱਲ ਕਰ ਰਿਹਾ ਸੀ। ਸੁਰਜਨ ਸਿੰਘ ਸੋਚਾਂ ਵਿਚ ਪੈ ਗਿਆ। ਉਸ ਨੂੰ ਪਤਾ ਸੀ ਕਿ ਗੁਲਵੰਤ ਦਾ ਰਾਜੂ ਨਾਲ ਬਹੁਤ ਪਿਆਰ ਹੈ, ਇਹ ਗੱਲ ਉਸ ਨੂੰ ਬਿਲਕੁਲ ਪਸੰਦ ਨਹੀਂ ਆਵੇਗੀ ਸਗੋਂ ਉਲਟ ਸੁਰਿੰਦਰ ਦੇ ਗੁਲਵੰਤ ਦੇ ਸਬੰਧਾਂ ਵਿਚ ਵੀ ਫਰਕ ਪੈ ਸਕਦਾ ਹੈ। ਰਾਜੂ ਨੂੰ ਮੋੜਨਾ ਗੁਲਵੰਤ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਸ ਨੇ ਦੇਖਿਆ ਕਿ ਗੁਲਵੰਤ ਕੰਮ 'ਤੇ ਹੈ, ਸੁਰਿੰਦਰ ਘਰ ਹੀ ਹੋਵੇਗੀ। ਉਸ ਨੇ ਸੁਰਿੰਦਰ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਸੁਰਿੰਦਰ ਨੇ ਕਿਹਾ,
"ਡੈਡ, ਰਾਜੂ ਨੇ ਸੁਧਰਨਾ ਤਾਂ ਹੈ ਨਹੀਂ ਪਰ ਗੁੱਲ ਨੇ ਇਹ ਗੱਲ ਲਾਈਕ ਨਹੀਂ ਕਰਨੀ।"
"ਇਸੇ ਗੱਲੋਂ ਤਾਂ ਮੈਂ ਡਰਦਾਂ ਕਿ ਉਹ ਵੀ ਕਿਤੇ ਤੈਨੂੰ ਛੱਡ ਕੇ ਤੁਰਦਾ ਬਣੇ।"
"ਏਦਾਂ ਨਹੀਂ ਕਰਦਾ ਗੁੱਲ। ਉਹ ਤਾਂ ਮੇਰੇ 'ਤੇ ਜਾਨ ਦਿੰਦਾ ਤੇ ਨਾਲ਼ੇ ਅੰਮ੍ਰਿਤ ਤੋਂ ਬਿਨਾਂ ਤਾਂ ਉਹ ਰਹਿ ਈ ਨਹੀਂ ਸਕਦਾ।"
"ਫਿਰ ਆਪਾਂ ਹਾਲੇ ਰਾਜੂ ਨੂੰ ਮੋੜਨ ਤਾਂ ਨਹੀਂ ਲਗੇ, ਸਿਰਫ ਡਿਲੇਅ ਈ ਕਰਨੀ ਆਂ।"
"ਠੀਕ ਐ ਡੈਡੀ, ਜਿੰਦਾਂ ਵੀ ਤੁਸੀਂ ਕਰਨੀ ਐਂ ਕਰ ਲਓ।"

ਸੁਰਿੰਦਰ ਨੇ ਪੂਰੀ ਤਸੱਲੀ ਨਾਲ ਕਿਹਾ। ਉਸ ਨੂੰ ਯਕੀਨ ਸੀ ਕਿ ਕੁਝ ਵੀ ਹੋ ਜਾਵੇ, ਗੁਲਵੰਤ ਉਸ ਨੂੰ ਕਦੇ ਨਹੀਂ ਛੱਡੇਗਾ। ਸੁਰਜਨ ਸਿੰਘ ਨੂੰ ਇਹ ਗੱਲ ਕੁਝ ਕੁ ਰਾਹਤ ਵੀ ਦੇ ਰਹੀ ਸੀ ਪਰ ਫਿਕਰਵੰਦ ਵੀ ਬਣਾ ਰਹੀ ਸੀ। ਫਿਰ ਉਸ ਨੇ ਸੁਖਵੀਰ ਨਾਲ ਗੱਲ ਕੀਤੀ। ਉਹ ਤਾਂ ਪਹਿਲਾਂ ਹੀ ਭਰੀ-ਪੀਤੀ ਬੈਠੀ ਸੀ, ਬੋਲੀ,
"ਡੈਡ, ਆਏ ਡੌਂਟ ਵੌਂਟ ਟੂ ਲਿਵ ਵਿਦ ਹਿਮ।"
"ਨਹੀਂ ਏਦਾਂ ਨਹੀਂ, ਆਪਾਂ ਸਿਰਫ ਚਿੱਠੀ ਈ ਲਿਖਣੀ ਆਂ ਤੇ ਦੇਖਦੇ ਆਂ ਜੇ ਸੁਧਰ ਗਿਆ ਤਾਂ ਠੀਕ ਐ, ਮੈਂ ਸਮਝਦਾਂ ਹੋਰ ਜ਼ਰਾ ਮੈਚੋਅਰ ਹੋ ਕੇ ਠੀਕ ਵੀ ਹੋ ਸਕਦੈ।"

## ਇੱਕੀ

ਦੂਜੇ ਕੁ ਹਫਤੇ ਗੁਲਵੰਤ ਡਾਕ ਉਡੀਕਣ ਲਗਿਆ। ਚਾਰ ਹਫਤੇ ਲੰਘ ਗਏ ਪਰ ਰਾਜੂ ਦਾ ਪਾਸਪੋਰਟ ਨਾ ਆਇਆ। ਉਹ ਹਰ ਰੋਜ਼ ਡਾਕ ਉਡੀਕਦਾ। ਵਾਰ ਸੁਰਿੰਦਰ ਨੂੰ ਪੁੱਛਦਾ ਕਿ ਕੋਈ ਚਿੱਠੀ ਤਾਂ ਨਹੀਂ ਆਈ। ਦੋ ਮਹੀਨੇ ਲੰਘ ਗਏ ਤੇ ਫਿਰ ਤਿੰਨ। ਚੌਥੇ ਮਹੀਨੇ ਉਸ ਨੇ ਇਨਕੁਆਰੀ ਦੀ ਚਿੱਠੀ ਪਾਈ ਪਰ ਉਸ ਦਾ ਵੀ ਕੋਈ ਜਵਾਬ ਨਾ ਆਇਆ। ਸੁਰਜਨ ਸਿੰਘ ਨਾਲ ਗੱਲ ਕਰਦਾ ਤਾਂ ਉਹ ਆਖ ਦਿੰਦਾ ਕਿ ਕਈ ਵਾਰ ਵਕਤ ਲਗ ਹੀ ਜਾਇਆ ਕਰਦਾ ਹੈ। ਇਹ ਸੋਚ ਉਸ ਨੂੰ ਇਕ ਵਾਰ ਵੀ ਨਾ

ਆਈ ਕਿ ਕਿਧਰੇ ਕੋਈ ਗੜਬੜ ਵੀ ਹੋ ਸਕਦੀ ਹੈ। ਇਵੇਂ ਹੀ ਇਕ ਸਾਲ ਲੰਘ ਗਿਆ। ਗੁਲਵੰਤ ਦੀ ਨੀਂਦ ਹਰਾਮ ਹੋਣ ਲਗਦੀ। ਉਸ ਸੁਰਿੰਦਰ ਨਾਲ ਗੱਲ ਕਰਦਾ ਤਾਂ ਉਹ ਮੋਢੇ ਚੁੱਕ ਦਿੰਦੀ।

ਰਾਜੂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਸੀ। ਉਹ ਪਹਿਲਾਂ ਵਾਂਗ ਹੀ ਬੇਪਰਵਾਹ ਸੀ। ਸੁਖਵੀਰ ਨੂੰ ਉਹ ਪੈਰ ਪੈਰ 'ਤੇ ਦਬਕਦਾ ਤੇ ਟੋਕਦਾ ਰਹਿੰਦਾ। ਉਸ ਨੂੰ ਕਾਰ ਮਕੈਨਕੀ ਨਾਲ ਜ਼ਿਆਦਾ ਮੋਹ ਸੀ। ਉਹ ਕੋਈ ਟੁੱਟੀ ਜਿਹੀ ਕਾਰ ਲੈ ਆਉਂਦਾ ਤੇ ਉਸ ਨੂੰ ਠੀਕ ਕਰਕੇ ਅਗੇ ਵੇਚ ਦਿੰਦਾ। ਕੋਈ ਨਾ ਕੋਈ ਕਾਰ ਉਹਨਾਂ ਦੀ ਗੈਰਜ ਵਿਚ ਖੋਹਲੀ ਹੋਈ ਹੁੰਦੀ। ਕੰਮ ਤੋਂ ਮੁੜਦਾ ਹੀ ਕਾਰ ਨੂੰ ਜਾ ਚੁੰਬੜਦਾ। ਵੀਕ ਐਂਡ 'ਤੇ ਲੋਕਾਂ ਦੀਆਂ ਕਾਰਾਂ ਵੀ ਠੀਕ ਕਰ ਦਿੰਦਾ। ਉਸ ਦੀ ਮਕੈਨਕੀ ਦਾ ਫਾਇਦਾ ਇਹ ਹੋਇਆ ਕਿ ਉਸ ਦਾ ਪੱਬ ਜਾਣਾ ਘੱਟ ਗਿਆ ਪਰ ਇਸੇ ਕਾਰਨ ਘਰ ਵਿਚ ਝਗੜੇ ਵੀ ਰਹਿਣ ਲਗੇ। ਰਾਜੂ ਦੇ ਹੱਥ ਹਰ ਵੇਲੇ ਕਾਲ਼ੇ ਰਹਿੰਦੇ ਤੇ ਘਰ ਵਿਚ ਕਈ ਚੀਜ਼ਾਂ ਗੰਦੀਆਂ ਕਰ ਦਿੰਦਾ। ਉਸ ਦੇ ਕਪੜਿਆਂ ਵਿਚੋਂ ਵੀ ਹਰ ਵੇਲੇ ਤੇਲ ਦਾ ਮੁਸ਼ਕ ਆਉਂਦਾ ਰਹਿੰਦਾ। ਭਾਵੇਂ ਉਹ ਓਵਰਆਲ ਤੇ ਜੁੱਤੀ ਗੈਰਿਜ ਵਿਚ ਹੀ ਲਾਹ ਆਉਂਦਾ ਪਰ ਫਿਰ ਵੀ ਕਿਤੇ ਨਾ ਕਿਤੇ ਕਾਲਾ ਧੱਬ ਰਹਿ ਹੀ ਜਾਂਦਾ। ਸੁਰਿੰਦਰ ਨੇ ਉਸ ਨੂੰ ਟੋਕਿਆ ਤਾਂ ਉਹ ਗੁੱਸਾ ਕਰ ਗਿਆ। ਉਹ ਤਾਂ ਫਿਰ ਕਹਿਣੋ ਹੀ ਹਟ ਗਈ ਪਰ ਸੁਖਵੀਰ ਕੁਝ ਕੁਝ ਨਾ ਕਹਿੰਦੀ ਰਹਿੰਦੀ। ਉਸ ਦੀ ਮਕੈਨਕੀ ਨੇ ਘਰ ਦੀ ਕਾਰਪੈੱਟ ਵੀ ਜਲਦੀ ਖਰਾਬ ਕਰ ਦਿਤੀ। ਗੁਲਵੰਤ ਉਸ ਨੂੰ ਧਿਆਨ ਰੱਖਣ ਲਈ ਆਖਦਾ, ਉਹ ਗੱਲ ਸੁਣ ਲੈਂਦਾ ਪਰ ਕਰਦਾ ਮਰਜ਼ੀ ਹੀ।

ਉਸ ਦਿਨ ਰਾਜੂ ਨੇ ਸਰਵਿਸ ਲਈ ਕਿਸੇ ਦੀ ਕਾਰ ਫੜੀ ਹੋਈ ਸੀ। ਕੰਮ ਕਰਦਿਆਂ ਕਰਦਿਆਂ ਅਚਾਨਕ ਗੁਸਲ ਜਾਣ ਦੀ ਹਾਜਤ ਹੋਈ ਤਾਂ ਉਹ ਜੁੱਤੀ ਸਣੇ ਹੀ ਅੰਦਰ ਆ ਵੜਿਆ। ਹਾਲੇ ਦੋ ਕੁ ਹਫਤੇ ਪਹਿਲਾਂ ਹੀ ਕਾਰਪੈੱਟ ਨਵੀਂ ਪੁਆਈ ਸੀ। ਹਲਕੇ ਰੰਗ ਦੀ ਕਾਰਪੈੱਟ ਉਪਰ ਜੁੱਤੀ ਦੇ ਨਿਸ਼ਾਨ ਜਿਉਂ ਦੇ ਤਿਉਂ ਛਪ ਗਏ। ਇਹ ਦੇਖ ਕੇ ਸੁਰਿੰਦਰ ਅੱਗ ਬਬੂਲਾ ਹੋ ਉਠੀ। ਉਸ ਨੇ ਸੁਖਵੀਰ ਨੂੰ ਇਸ਼ਾਰਾ ਕੀਤਾ। ਸੁਖਵੀਰ ਬੋਲੀ,

"ਯੂ ਈਡੀਅਟ! ਡੌਂਟ ਯੂ ਹੇਵ ਐਨੀ ਬਰੇਨ?"

"ਸੌਰੀ, ਸੌਰੀ ਡਾਰਲਿੰਗ!"

ਰਾਜੂ ਨੂੰ ਆਪਣੀ ਗਲਤੀ 'ਤੇ ਪਛਤਾਵਾ ਹੋ ਰਿਹਾ ਸੀ ਪਰ ਸੁਖਵੀਰ ਦਾ ਗੁੱਸਾ ਹਾਲੇ ਵੀ ਜਾਰੀ ਸੀ,

"ਇੰਡੀਅਨ ਲੋਕਾਂ ਨੂੰ ਕੀ ਕਹਿ ਕਾਰਪੈੱਟ! ...ਨੋ ਬੌਡੀ ਹੈਜ਼ ਟੌਟ ਯੂ ਐਨੀ ਮੈਨਰਜ਼! ਔਨਸੈਟਲੀ ਯੂ ਆਰ ਕਰੇਜ਼ੀ!"

"ਯੂ ਸ਼ੱਟਅੱਪ, ਯੂ ਬਿੱਚ!"

"ਯੂ ਆਰ ਬਾਸਟ੍ਰਡ!"

ਸੁਖਵੀਰ ਨੇ ਬਾਸਟ੍ਰਡ ਕਿਹਾ ਹੀ ਸੀ ਕਿ ਰਾਜੂ ਨੇ ਠਾਹ ਕਰਦੀ ਚੁਪੇੜ ਕੱਢ ਮਾਰੀ। ਸੁਖਵੀਰ ਚੁਪੇੜ ਖਾ ਕੇ ਸਿੱਧੀ ਹੋਈ, ਰਾਜੂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ ਤੇ ਚੁਪੇੜ ਦਾ ਬਰਾਬਰ ਚੁਪੇੜ ਮਾਰ ਕੇ ਜਵਾਬ ਦੇ ਦਿਤਾ। ਉਹ ਦੋਵੇਂ ਫਸ ਪਏ। ਸੁਰਿੰਦਰ ਵੀ ਭੈਣ ਦੀ ਮੱਦਦ ਕਰਦੀ ਰਾਜੂ ਦੇ ਮਾਰਨ ਲਗੀ। ਰਾਜੂ ਕੋਲੋਂ ਇਕ ਧੱਫਾ ਸੁਰਿੰਦਰ ਦੇ ਵੀ ਲਗ ਗਿਆ। ਉਹ ਦੂਰ ਜਾ ਡਿਗੀ। ਉਸ ਨੂੰ ਡਿਗਦਿਆਂ ਦੇਖ ਰਾਜੂ ਨੇ ਸੁਖਵੀਰ ਨੂੰ ਛੱਡ ਦਿਤਾ ਤੇ ਬਾਹਰ ਨਿਕਲ ਆਇਆ। ਉਹ ਆਪਣੀ ਕਾਰ ਵਿਚ ਜਾ ਬੈਠਾ। ਮਿੰਟਾਂ ਵਿਚ ਹੀ ਕੁਝ ਦਾ ਕੁਝ ਹੋ ਗਿਆ। ਹਫਿਆ ਹੋਇਆ ਰਾਜੂ ਗੁੱਸੇ ਵਿਚ ਵੀ ਸੀ ਤੇ ਪਛਤਾ ਵੀ ਰਿਹਾ ਸੀ

ਸੁਖਵੀਰ ਤੇ ਸੁਰਿੰਦਰ ਵੀ ਹੈਰਾਨ ਹੋਈਆਂ ਇਕ ਦੂਜੇ ਵਲ ਦੇਖੀ ਜਾ ਰਹੀਆਂ ਸਨ। ਦੋਵੇਂ ਕਹਿ ਰਹੀਆਂ ਸਨ; 'ਇਨੱਫ 'ਜ਼ ਇਨੱਫ!'

ਸੁਖਵੀਰ ਨੇ ਆਪਣੇ ਕਪੜੇ ਅਟੈਚੀ ਵਿਚ ਪਾਉਣੇ ਸ਼ੁਰੂ ਕਰ ਦਿਤੇ। ਗੁਲਵੰਤ ਵਾਲੀ ਕਾਰ ਘਰ ਹੀ ਸੀ। ਸੁਰਿੰਦਰ ਨੇ ਉਸ ਦੀ ਮੱਦਦ ਕੀਤੀ। ਅਟੈਚੀ ਕਾਰ ਵਿਚ ਰੱਖਿਆ। ਸੁਖਵੀਰ ਰਾਜੂ ਦੀ ਕਾਰ ਕੋਲ ਜਾ ਕੇ ਕਿਹਾ,

"ਨਾਓ, ਆਏ 'ਮ ਗੋਇੰਗ ਟੂ ਟੀਚ ਯੂ ਏ ਲੈਸਨ, ਗੈੱਟ ਰੈਡੀ ਫੋਰ ਦੈਟ!"

ਸੁਖਵੀਰ ਨੇ ਅੰਮ੍ਰਿਤ ਚੁੱਕੀ। ਸੁਰਿੰਦਰ ਨੇ ਕਾਰ ਸਟ੍ਹਾਟ ਕੀਤੀ ਤੇ ਚਲੇ ਗਈਆਂ। ਰਾਜੂ ਉਹਨਾਂ ਦੀ ਕਾਰ ਨੂੰ ਮੋੜ ਤਕ ਦੇਖਦਾ ਰਿਹਾ। ਰਾਜੂ ਦੇ ਤਾਂ ਜਿਵੇਂ ਭੌਰ-ਭੌਰ ਉਡ ਗਏ ਹੋਣ। ਉਹ ਕਾਰ ਵਿਚੋਂ ਉਤਰ ਕੇ ਘਰ ਦੇ ਅੰਦਰ ਆਇਆ। ਉਸ ਨੂੰ ਸਮਝ ਨਹੀਂ ਸੀ ਲਗ ਰਹੀ ਕਿ ਹੁਣ ਕੀ ਕੀਤਾ ਜਾਵੇ। ਗੁਲਵੰਤ ਕੰਮ ਉਪਰ ਸੀ। ਗੁਲਵੰਤ ਤਾਂ ਉਸ ਨੂੰ ਮਿਲਦਾ ਹੀ ਘੱਟ ਸੀ। ਜਦ ਉਹ ਕੰਮ ਤੋਂ ਮੁੜਦਾ ਤਾਂ ਰਾਜੂ ਸੁੱਤਾ ਪਿਆ ਹੁੰਦਾ। ਗੁਲਵੰਤ ਦੇ ਕੰਮ ਉਪਰਲਾ ਫੋਨ ਵੀ ਉਸ ਕੋਲ ਨਹੀਂ ਸੀ। ਗੁਲਵੰਤ ਨੇ ਵੀ ਤਾਂ ਉਸ ਨੂੰ ਹੀ ਉਲਟਾ ਖਿਝਣਾ ਸੀ। ਇਕ ਵਾਰ ਉਸ ਦਾ ਦਿਲ ਕੀਤਾ ਕਿ ਸਰੂਪ ਨੂੰ ਫੋਨ ਕਰੇ ਪਰ ਸਰੂਪ ਨਾਲ ਉਸ ਦੀ ਬਹੁਤੀ ਨੇੜਤਾ ਨਹੀਂ ਸੀ। ਉਸ ਨੇ ਦਿਲਬਾਗ ਨੂੰ ਫੋਨ ਕਰਕੇ ਸਾਰੀ ਗੱਲ ਦਸਣੀ ਚਾਹੀ ਪਰ ਫਿਰ ਸੋਚਿਆ ਕਿ ਉਹ ਵੀ ਤਾਂ ਸੁਹਰਿਆਂ ਵਾਲੀ ਬੋਲੀ ਹੀ ਬੋਲੇਗਾ। ਉਹ ਨਹਾਇਆ। ਕਪੜੇ ਬਦਲੇ ਤੇ ਗੁਲਵੰਤ ਦੀ ਉਡੀਕ ਕਰਨ ਲਗਿਆ। ਉਸ ਨੂੰ ਉਮੀਦ ਸੀ ਕਿ ਗੁਲਵੰਤ ਕੰਮ ਤੋਂ ਫੋਨ ਕਰੇਗਾ ਕਿਉਂ ਕਿ ਉਹ ਰੋਜ਼ਾਨਾ ਹੀ ਸੁਰਿੰਦਰ ਨੂੰ ਦੋ ਕੁ ਵਾਰ ਫੋਨ ਕਰਦਾ ਹੁੰਦਾ ਸੀ।

ਦੋ ਕੁ ਘੰਟੇ ਹੀ ਲੰਘੇ ਹੋਣਗੇ ਕਿ ਦਰਵਾਜ਼ੇ ਦੀ ਘੰਟੀ ਵੱਜੀ। ਬਾਹਰ ਪੁਲੀਸ ਖੜੀ ਸੀ। ਰਾਜੂ ਡਰ ਗਿਆ ਕਿ ਕਿਤੇ ਸੁਰਿੰਦਰ ਦੀ ਕਾਰ ਦਾ ਐਕਸੀਡੈਂਟ ਹੀ ਨਾ ਹੋ ਗਿਆ ਹੋਵੇ ਕਿਉਂਕਿ ਉਹ ਦੋਵੇਂ ਹੀ ਬਹੁਤ ਗੁੱਸੇ ਵਿਚ ਗਈਆਂ ਸਨ। ਉਹ ਬੋਲਿਆ,

"ਯੈਸ ਔਫੀਸਰ, ਤੁਸੀਂ ਕਿਸ ਨੂੰ ਮਿਲਣੈਂ?"

"ਤੂੰ ਮਿਸਟਰ ਰਾਜਵੰਤ ਸਿੰਘ ਚੱਠਾ ਹੈਂ?"

"ਹਾਂ।"

"ਅਸੀਂ ਤੈਨੂੰ ਗ੍ਰਿਫਤਾਰ ਕਰਨ ਆਏ ਹਾਂ।"

"ਕਿਉਂ?"

"ਕਿਉਂਕਿ ਤੇਰੇ ਕੋਲ ਇਸ ਮੁਲਕ ਵਿਚ ਰਹਿਣ ਦੀ ਇਜਾਜ਼ਤ ਨਹੀਂ। ਤੂੰ ਇਥੇ ਗੈਰਕਾਨੂੰਨੀ ਢੰਗ ਨਾਲ ਰਹਿ ਰਿਹਾਂ।"

"ਔਫੀਸਰ, ਜ਼ਰੂਰ ਤੁਹਾਨੂੰ ਕੋਈ ਭੁਲੇਖਾ ਲਗਿਐ, ਮੈਂ ਗੈਰਕਾਨੂੰਨੀ ਨਹੀਂ ਆਂ, ਮੈਂ ਪਾਸਪੋਰਟ ਹੋਮ ਔਫਿਸ ਨੂੰ ਭੇਜਿਆ ਹੋਇਐ ਪੱਕੀ ਸਟੇਅ ਵਾਸਤੇ।"

"ਸਾਡੀ ਇਨਕੁਆਰੀ ਮੁਤਾਬਕ ਤੈਨੂੰ ਡਿਪੋਰਟੇਸ਼ਨ ਦੇ ਆਰਡ ਹੋ ਚੁੱਕੇ ਆ, ਤੂੰ ਇਹਦੇ ਖਿਲਾਫ ਕੋਈ ਅਪੀਲ ਵੀ ਨਹੀਂ ਕੀਤੀ, ਤੇਰੀ ਅਪੀਲ ਦੀ ਇਕ ਮਹੀਨੇ ਦੀ ਮੁਨਿਆਦ ਵੀ ਖਤਮ ਹੋ ਚੁੱਕੀ ਐ। ਤੇਰੀ ਪਤਨੀ ਨੇ ਸਾਡੇ ਪਾਸ ਸ਼ਿਕਾਇਤ ਕੀ ਹੈ ਪਰ ਤੂੰ ਕਿਸਮਤ ਵਾਲਾ ਐਂ ਕਿ ਜਿਹੜਾ ਤੂੰ ਉਸ ਉਪਰ ਜਿਸਮਾਨੀ ਹਮਲਾ ਕੀਤਾ, ਉਹਨੇ ਉਹਦੀ ਰਿਪ੍ਰੋਟ ਨਹੀਂ ਲਿਖਵਾਈ। ਅਸੀਂ ਤੈਨੂੰ ਸਿਰਫ ਗੈਰਕਾਨੂੰਨੀ ਹੋਣ ਕਰਕੇ ਹੀ ਗ੍ਰਿਫਤਾਰ ਕਰ ਰਹੇ ਆਂ।"

"ਮੈਂ ਆਪਣੇ ਭਰਾ ਨੂੰ ਫੋਨ ਕਰ ਸਕਦਾਂ? ...ਇਕ ਮਿੰਟ ਲਗੇਗਾ ਡਾਇਰੈਕਟਰੀ ਵਿਚੋਂ ਉਹਦਾ ਨੰਬਰ ਲੱਭਣ ਲਈ।"

"ਇਸ ਦਾ ਇੰਤਜ਼ਾਮ ਅਸੀਂ ਤੇਰੇ ਲਈ ਪੁਲੀਸ ਸਟੇਸ਼ਨ ਤੋਂ ਕਰ ਦੇਵਾਂਗੇ।"

ਜਦ ਗੁਲਵੰਤ ਨੂੰ ਰੁਆਇਲ ਡੀਨ ਵਿਚ ਪੁਲੀਸ ਦਾ ਫੋਨ ਆਇਆ ਤਾਂ ਉਸ ਦਾ ਦੋਸਤ ਵਿਜੇ ਵੀ ਉਸ ਦੇ ਨਾਲ ਹੀ ਸੀ। ਉਹ ਦੋਵੇਂ ਹੀ ਹੱਕੇ ਬੱਕੇ ਰਹਿ ਗਏ। ਵਿਜੇ ਨੇ ਵੀ ਉਸੇ ਵੇਲੇ ਗੁਲਵੰਤ ਦੇ ਨਾਲ ਹੀ ਕੰਮ ਤੋਂ ਛੁੱਟੀ ਕਰ ਲਈ। ਉਸ ਸਿੱਧੇ ਪੁਲੀਸ ਸਟੇਸ਼ਨ ਗਏ ਤੇ ਜ਼ਮਾਨਤ ਦੇ ਕੇ ਰਾਜੂ ਨੂੰ ਛੁਡਵਾ ਲਿਆਏ। ਪੁਲੀਸ ਵਾਲੇ ਵੀ ਸਮਝ ਗਏ ਸਨ ਕਿ ਮਾਮੂਲੀ ਜਿਹਾ ਘਰੇਲੂ ਝਗੜਾ ਹੈ। ਅਜਿਹੇ ਕੇਸ ਉਹਨਾਂ ਕੋਲ ਆਉਂਦੇ ਹੀ ਰਹਿੰਦੇ ਸਨ। ਇਮੀਗਰੇਸ਼ਨ ਦੇ ਕੇਸਾਂ ਵਿਚ ਉਹ ਆਪਣਾ ਵਕਤ ਖਰਾਬ ਕਰਨ ਤੋਂ ਗੁਰੇਜ਼ ਕਰਦੇ ਸਨ।

ਗੁਲਵੰਤ ਬਹੁਤ ਗੁੱਸੇ ਵਿਚ ਸੀ। ਉਸ ਨੂੰ ਆਸ ਨਹੀਂ ਸੀ ਕਿ ਗੱਲ ਇਥੋਂ ਤਕ ਵਧ ਸਕਦੀ ਹੈ। ਸੁਖਵੀਰ ਦਾ ਕਰੋਧ ਜਾਂ ਚਲੇ ਜਾਣਾ ਤਾਂ ਸਮਝ ਆ ਰਿਹਾ ਸੀ ਪਰ ਸੁਰਿੰਦਰ ਕਿਉਂ ਗਈ ਇਸ ਗੱਲ ਦਾ ਜਵਾਬ ਨਹੀਂ ਸੀ ਮਿਲ ਰਿਹਾ। ਉਸ ਨੂੰ ਯਾਦ ਆਇਆ ਕਿ ਕੰਮ ਉਪਰ ਸੁਰਜਨ ਸਿੰਘ ਵੀ ਬਦਲਿਆ ਬਦਲਿਆ ਲਗਦਾ ਸੀ। ਇਸ ਗੱਲ ਦੀ ਵੀ ਹੈਰਾਨੀ ਸੀ ਕਿ ਉਹਨਾਂ ਨੂੰ ਹੋਮ ਆਫਿਸ ਦੇ ਕਿਸੇ ਆਰਡਰ ਦਾ ਕਿਉਂ ਨਹੀਂ ਪਤਾ। ਚਿੱਠੀ ਤਾਂ ਆਖਰ ਘਰ ਹੀ ਆਉਣੀ ਸੀ। ਘਰ ਆ ਕੇ ਫਰੋਲਾ-ਫਰਾਲੀ ਕੀਤੀ ਤਾਂ ਰਾਜੂ ਦਾ ਪਾਸਪੋਰਟ ਵੀ ਮਿਲ ਗਿਆ ਤੇ ਹੋਰ ਆਫਿਸ ਵਲੋਂ ਸਟੇਅ ਤੋਂ ਇਨਕਾਰੀ ਹੋਣ ਦੀ ਚਿੱਠੀ ਵੀ। ਗੱਲ ਸਾਫ ਸੀ ਕਿ ਸੁਰਿੰਦਰ ਨੇ ਉਹਨਾਂ ਤੋਂ ਇਹ ਚਿੱਠੀਆਂ ਛੁਪਾ ਲਈਆਂ ਸਨ ਕਿਉਂਕਿ ਘਰ ਵਿਚ ਤਾਂ ਉਹ ਹੀ ਹੁੰਦੀ ਸੀ, ਉਹ ਹੀ ਡਾਕ ਸੰਭਾਲਦੀ। ਲੇਅਟਨ ਸਟੋਨ ਨੂੰ ਜਾਂਦੀਆਂ ਹੋਈਆਂ ਉਹ ਪੁਲੀਸ ਕੋਲ ਰਿਪ੍ਰੋਟ ਕਰ ਗਈਆਂ ਸਨ। ਗੁਲਵੰਤ ਦੇ ਮਨ ਵਿਚ ਸੁਰਿੰਦਰ ਦਾ ਵੀ ਤੇ ਸੁਰਜਨ ਦਾ ਵੀ ਅਕਸ ਖੇਰੂੰ ਖੇਰੂੰ ਹੋ ਗਿਆ। ਉਹ ਸੋਚਦਾ ਜਾ ਰਿਹਾ ਸੀ ਕਿ ਉਹ ਸੁਰਿੰਦਰ ਨੂੰ ਕੁਝ ਸਮਝਦਾ ਰਿਹਾ ਤੇ ਉਹ ਨਿਕਲੀ ਕੁਝ ਹੋਰ, ਸਾਰੀ ਸਾਜ਼ਿਸ਼ ਦੀ ਹਿੱਸੇਦਾਰ ਬਣੀ ਰਹੀ ਪਰ ਕਿੰਨੀ ਸਫਾਈ ਨਾਲ।

ਰਾਜੂ ਵੀ ਬਹੁਤ ਗੁੱਸੇ ਵਿਚ ਸੀ। ਉਸ ਸੋਚ ਰਿਹਾ ਸੀ ਕਿ ਇਹਨਾਂ ਲੋਕਾਂ ਨੂੰ ਇਕ ਵਾਰ ਸਬਕ ਜ਼ਰੂਰ ਸਿਖਾਇਆ ਜਾਣਾ ਚਾਹੀਦਾ ਹੈ ਪਰ ਉਹ ਚੁੱਪ ਸੀ। ਵਿਜੇ ਕਹਿਣ ਲਗਿਆ,

"ਦੇਖੋ, ਗੁੱਸੇ ਵਿਚ ਆ ਕੇ ਨਾ ਸੋਚੋ, ਹਾਲੇ ਰਾਜੂ ਪੱਕਾ ਨਹੀਂ, ਏਸ ਗੱਲ ਨੂੰ ਵੀ ਧਿਆਨ ਵਿਚ ਰੱਖਿਓ।"

ਹਿਰਖੇ ਹੋਏ ਗੁਲਵੰਤ ਨੇ ਸੁਹਰੇ ਘਰ ਫੋਨ ਕੀਤਾ। ਸੁਰਿੰਦਰ ਨੇ ਹੀ ਉਠਾਇਆ। ਉਸ ਨੂੰ ਪਤਾ ਸੀ ਕਿ ਗੁਲਵੰਤ ਫੋਨ ਕਰੇਗਾ। ਕਰੋਧ ਭਰੀ ਥਥਲਾਉਂਦੀ ਆਵਾਜ਼ ਵਿਚ ਗੁਲਵੰਤ ਬੋਲਿਆ,

"ਕਰ ਲਿਆ ਡਰਾਮਾ?"

"ਕੀ ਹੋਇਆ ਗੁੱਲ ਡਾਰਲਿੰਗ?"

"ਬਹੁਤੀ ਕਲੈਵਰ ਨਾ ਬਣ।"

www.PunjabiLibrary.com

"ਔਨਸਟਲੀ, ਗੁੱਲ ਮੈਂ ਕੁਝ ਨਹੀਂ ਕੀਤਾ, ਮੈਂ ਤਾਂ ਸੁਖਵੀਰ ਨੂੰ ਛੱਡਣ ਆਈ ਆਂ। ...ਉਹ ਰਾਜੂ ਨਾਲ ਨਹੀਂ ਰਹਿਣਾ ਚਾਹੁੰਦੀ। ਰਾਜੂ ਨੇ ਉਹਦੇ ਮਾਰਿਆ।"
"ਕੋਈ ਗੱਲ ਤਾਂ ਹੋਈ ਹੋਊ!"
"ਪਰ ਏਹਦਾ ਮਤਲਬ ਮਾਰਨਾ ਥੋੜੋਂ ਹੁੰਦਾ, ਹੱਥ ਚੁੱਕਣ ਦਾ ਕੀ ਕੰਮ?"
"ਇਹ ਗੱਲ ਤਾਂ ਅੱਜ ਹੋਈ ਹੋਊ ਪਰ ਤੁਸੀਂ ਤਾਂ ਸਾਰਾ ਇੰਤਜ਼ਾਮ ਪਹਿਲਾਂ ਈ ਕੀਤਾ ਹੋਇਆ। ਮੈਂ ਤਾਂ ਤੈਨੂੰ ਟੈੱਨ ਬਾਈ ਟੈੱਨ ਕਹਿੰਦਾ ਈ ਮਰ ਗਿਆ ਪਰ ਤੂੰ ਤਾ ਏਹਦੇ ਤੋਂ ਵੀ ਅਗੇ ਨਿਕਲੀ। ਹੋਮ ਔਫਿਸ ਵਿਚ ਸ਼ਿਕਾਇਤ, ਡਾਕ ਲਕੋਣੀ, ...ਵਾਹ ਮਲਵੈਣੇਂ, ਤੂੰ ਤਾਂ ਕਮਾਲ ਈ ਕਰ ਗਈ ਐਂ!"
"ਗੁੱਲ, ਮੈਨੂੰ ਕੁਝ ਨਹੀਂ ਪਤਾ, ਇਹ ਸੁਖਵੀਰ ਦਾ ਅਫੈਅਰ ਐ। ਉਹ ਕਹਿੰਦੀ ਮੈਂ ਰਾਜੂ ਨਾਲ ਨਈਂ ਰਹਿਣਾਂ, ...ਨਾਲ਼ੇ ਰਾਜੂ ਵੀ ਕਹਿੰਦਾ ਕਿ ਪੱਕਾ ਹੋ ਕੇ ਉਹਨੇ ਸੁਖਵੀਰ ਬਾਰੇ ਹਾਲੇ ਸੋਚਣਾਂ। ਜੇ ਸੋਚਣਾਂ ਤਾਂ ਇੰਡੀਆ ਜਾਵੇ ਤੇ ਉਥੇ ਜਾ ਕੇ ਸੋਚੇ।"
"ਦੇਖੋ, ਗੱਲ ਵਧਾਓ ਨਾ, ਏਦਾਂ ਈ ਵਾਪਸ ਆ ਜਾਓ, ਲੋਕਾਂ ਵਿਚ ਆਪਣੀ ਬਦਨਾਮੀ ਹੋਊਗੀ।"
"ਮੈਂ ਕੱਲ ਨੂੰ ਆਊਂਗੀ ਪਰ ਸੁਖਵੀਰ ਨੇ ਹੁਣ ਨਹੀਂ ਆਉਣਾ।"
"ਉਹਨੇ ਕਿਉਂ ਨਹੀਂ ਆਉਣਾ?"
"ਕਹਿੰਦੀ ਰਾਜੂ ਨਾਲ਼ ਨਹੀਂ ਰਹਿਣਾ, ...ਉਹਨੂੰ ਵਾਪਸ ਮੋੜਨਾਂ।"
"ਏਦਾਂ ਨਹੀਂ ਹੋਣਾ ਕਦੇ ਵੀ, ਇਹ ਗੱਲ ਮੈਂ ਨਹੀਂ ਹੋਣ ਦੇਣੀ। ਜ਼ਿੱਦ ਨਾ ਕਰੋ, ਵਾਪਸ ਆ ਜਾਵੋ, ਡੈਡੀ ਨੂੰ ਦੇਹ ਫੋਨ।"
"ਡੈਡੀ ਸੌਂ ਗਏ, ਸਵੇਰੇ ਕੰਮ 'ਤੇ ਵੀ ਜਾਣਾਂ, ...ਉਹ ਬਹੁਤ ਅਪਸੈੱਟ ਐ, ...ਗੁੱਲ, ਹੁਣ ਤੂੰ ਰੋਟੀ ਦਾ ਕੰਮ ਚਲਾ ਲੈ, ਸਵੇਰੇ ਮੈਂ ਆਊਂ।"
"ਸਵੇਰੇ ਵੀ ਕੀ ਕਰਨ ਆਉਣੈਂ! ...ਤੂੰ ਰਹਿ ਹੈਥੇ ਈ।"
"ਕਿਉਂ?"
"ਕਿਉਂਕਿ ਸਾਰੀ ਕੰਨਸਪੀਰੇਸੀ ਵਿਚ ਤੂੰ ਬਰਾਬਰ ਦੀ ਹਿੱਸੇਦਾਰ ਐਂ।"
"ਗੁੱਲ, ਤੂੰ ਮੈਨੂੰ ਗਲਤ ਸਮਝ ਰਿਹੈਂ। ਮੈਂ ਕੁਝ ਨਹੀਂ ਕੀਤਾ, ਮੈਂ ਤਾਂ ਸਿਰਫ ਆਪਣੀ ਭੈਣ ਦੀ ਮੱਦਦ ਕੀਤੀ ਐ।"
"ਤੇ ਹੁਣ ਮੈਂ ਆਪਣੇ ਭਰਾ ਦੀ ਮੱਦਦ ਕਰਨੀ ਐਂ।"
"ਗੁੱਲ, ਤੂੰ ਏਦਾਂ ਨਹੀਂ ਕਰ ਸਕਦਾ!"
"ਏਡਾ ਵੱਡਾ ਧੋਖਾ ਕਰ ਗਈ ਮੇਰੇ ਨਾਲ਼! ਮੈਂ ਤਾਂ ਤੇਰੇ ਤੇ ਬਹੁਤ ਯਕੀਨ ਕਰੀ ਬੈਠਾ ਸੀ, ਹੁਣ ਭੈਣ ਦਾ ਸਾਥ ਦਿਤਾ ਤਾਂ ਰਹਿ ਉਹਦੇ ਨਾਲ਼ ਈ।"

ਕਹਿੰਦਿਆਂ ਗੁਲਵੰਤ ਨੇ ਜ਼ੋਰ ਨਾਲ ਫੋਨ ਰੱਖ ਦਿਤਾ। ਸੁਰਿੰਦਰ ਸਮਝ ਗਈ ਕਿ ਗੁਲਵੰਤ ਕਿੰਨੇ ਕੁ ਗੁੱਸੇ ਵਿਚ ਹੋ ਸਕਦਾ ਹੈ। ਇੰਨੀ ਕੁਰੱਖਤੀ ਦੀ ਉਸ ਨੇ ਗੁਲਵੰਤ ਤੋਂ ਕਦੇ ਆਸ ਨਹੀਂ ਸੀ ਰੱਖੀ। ਇੰਨਾ ਗੁੱਸੇ ਵਿਚ ਉਹ ਪਹਿਲਾਂ ਕਦੇ ਨਹੀਂ ਸੀ ਆਇਆ। ਸੁਰਿੰਦਰ ਸੋਚਣ ਲਗੀ ਕਿ ਉਹ ਕਿਥੇ ਗਲਤ ਸੀ। ਉਹ ਤਾਂ ਸਿਰਫ ਸੁਖਵੀਰ ਨੂੰ ਮੰਮੀ ਦੇ ਘਰ ਛੱਡਣ ਆਈ ਸੀ। ਜੇਕਰ ਸੁਖਵੀਰ ਰਾਜੂ ਨਾਲ ਨਹੀਂ ਰਹਿਣਾ ਚਾਹੁੰਦੀ ਤਾਂ ਇਸ ਵਿਚ ਉਸ ਦਾ ਕੀ ਕਸੂਰ। ਰਾਜੂ ਦਾ ਉਸ ਨਾਲ ਵੀ ਰਵੱਈਆ ਬਹੁਤ ਭੈੜਾ ਸੀ। ਕਦੇ ਉਸ ਨੂੰ ਇੱਜ਼ਤ ਨਾਲ ਨਹੀਂ ਸੀ ਬੁਲਇਆ। ਕੋਈ ਆਦਰ ਨਹੀਂ ਸੀ ਦਿਤਾ ਪਰ ਉਸ ਨੇ ਕਦੇ ਗੁਲਵੰਤ ਕੋਲ ਸ਼ਿਕਾਇਤ ਨਹੀਂ ਸੀ ਕੀਤੀ। ਅਜ ਵੀ ਰਾਜੂ ਨੇ ਉਸ ਦੇ ਮਾਰਿਆ ਸੀ। ਜਦ ਉਹ ਪੁਲੀਸ ਸਟੇਸ਼ਨ ਗਈਆਂ ਤਾਂ ਪੁਲੀਸ ਵਾਲੇ ਕਹਿ ਰਹੇ ਸਨ ਕਿ ਜੇ ਇਹ ਲਿਖਾਓਂ ਕਿ ਰਾਜੂ ਨੇ ਤੁਹਾਨੂੰ ਮਾਰਿਆ ਵੀ ਹੈ ਤਾਂ ਕੇਸ ਮਜ਼ਬੂਤ ਬਣੇਗਾ ਪਰ ਇਹ ਉਹ ਹੀ ਸੀ ਕਿ ਇਵੇਂ ਲਿਖਵਾਉਣ ਤੋਂ ਨਾਂਹ ਕਰ ਦਿਤੀ ਸੀ, ਫਿਰ ਵੀ ਗੁਲਵੰਤ ਕਹਿ ਰਿਹਾ ਸੀ ਕਿ ਉਹ ਘਰ ਨਹੀਂ ਆ ਸਕਦੀ। ਇਵੇਂ ਸੋਚਦਿਆਂ ਉਸ ਦਾ ਪਾਰਾ ਚੜਨ ਲਗਿਆ। ਉਸ ਨੇ ਗੁਲਵੰਤ ਨੂੰ ਫੋਨ ਘੁਮਾ ਲਿਆ। ਬੋਲੀ,

"ਲੁਕ ਗੁੱਲ, ਮੈਂ ਕਿਸੇ ਕਿਸਮ ਦੀ ਕੰਨਸਪੀਰੇਸੀ ਦਾ ਹਿੱਸਾ ਨਹੀਂ, ਮੈਂ ਤਾਂ ਸਦਾ ਈ ਤੈਨੂੰ ਪਿਆਰ ਕੀਤਾ ਪਰ ਆਹ ਤੂੰ ਮੈਨੂੰ ਕੀ ਰਿਜੈਕਟ ਕਰ ਰਿਹਾਂ, ...ਮੈਂ ਤੇਰੀ, ਟੈੱਨ ਬਾਈ ਟੈੱਨ, ਰਿਮੈਂਬਰ!"

ਗੁਲਵੰਤ ਗੁੱਸੇ ਵਿਚ ਤਾਂ ਸੀ ਪਰ ਉਹ ਨਰਮੀ ਵੀ ਵਰਤਣੀ ਚਾਹੁੰਦਾ ਸੀ। ਸੁਖਵੀਰ ਹੁਣ ਮੁੜਨ ਵਾਲੀ ਨਹੀਂ ਸੀ। ਉਹ ਤਾਂ ਪਹਿਲਾਂ ਹੀ ਰੱਸੇ ਤੁੜਾ ਰਹੀ ਸੀ। ਸੁਖਵੀਰ ਨੂੰ ਵਾਪਸ ਮੋੜਨ ਦਾ ਤਰੀਕਾ ਸੁਰਿੰਦਰ ਹੀ ਸੀ। ਇਸ ਲਈ ਉਹ ਸੁਰਿੰਦਰ ਉਪਰ ਦਬਾਅ ਪਾ ਕੇ ਸੁਖਵੀਰ ਨੂੰ ਵਾਪਸ ਲਿਆਉਣਾ ਚਾਹੁੰਦਾ ਸੀ।

"ਮਾਈ ਟੈੱਨ ਬਾਈ ਟੈੱਨ, ਮੈਂ ਤੈਨੂੰ ਰਿਜੈਕਟ ਨਹੀਂ ਕਰ ਰਿਹਾ ਪਰ ਤੂੰ ਮੇਰੇ ਤੋਂ ਇਹ ਗੱਲ ਚੋਰੀ ਰੱਖ ਕੇ, ਡਾਕ ਲੁਕੋ ਕੇ, ਮੇਰੇ ਭਰਾ ਨੂੰ ਵਾਪਸ ਇੰਡੀਆ ਮੋੜਨ ਦੀ ਸਕੀਮ ਘੜ ਕੇ ਮੇਰਾ ਵਿਸ਼ਵਾਸ ਤੋੜਿਆ।"

"ਮੈਂ ਕੁਝ ਨਹੀਂ ਕੀਤਾ, ਇਹ ਸਭ ਮੇਰੀ ਨਹੀਂ ਸੁਖਵੀਰ ਦੀ ਮਰਜ਼ੀ ਮੁਤਾਬਕ ਹੋਇਆ, ਮੈਨੂੰ ਤਾਂ ਹੁਣ ਸੁਖਵੀਰ ਨਾਲ ਸਟੈਂਡ ਕਰਨਾ ਈ ਹੋਇਆ।"

"ਏਦਾਂ ਈ ਹੁਣ ਮੈਂ ਰਾਜੂ ਨਾਲ ਸਟੈਂਡ ਕਰਨੈ। ...ਮੇਰੀ ਗੱਲ ਧਿਆਨ ਨਾਲ਼ ਸੁਣ ਲੈ ਤੇ ਆਪਣੇ ਸਾਰੇ ਟੱਬਰ ਨੂੰ ਸੁਣਾ ਦੇ ਕਿ ਮੈਂ ਰਾਜੂ ਨੂੰ ਵਾਪਸ ਨਹੀਂ ਮੁੜਨ ਦੇਣਾਂ, ਜੇ ਤੁਹਾਡੀ ਜ਼ਿੱਦ ਉਹਨੂੰ ਵਾਪਸ ਮੋੜਨ ਦੀ ਐ ਤੇ ਮੇਰੀ ਉਹਨੂੰ ਏਥੇ ਸੈੱਟਲ ਕਰਨ ਦੀ ਐ।"

"ਗੁੱਲ, ਤੂੰ ਆਪ ਸੋਚ ਜ਼ਰਾ, ਜਿੱਦਣ ਦਾ ਰਾਜੂ ਸਾਡੀ ਜ਼ਿੰਦਗੀ ਵਿਚ ਆਇਆ ਓਦਣ ਦੀ ਪਰੌਬਲਮ ਈ ਪਰੌਬਲਮ ਐ।"

"ਮੈਂ ਕਹਿਨਾਂ ਜਦੋਂ ਦੀ ਸੁਖਵੀਰ ਆਈ ਐ ਉਦੋਂ ਤੋਂ ਕੰਮ ਖਰਾਬ ਹੋਇਐ।"

"ਗੁੱਲ, ਤੂੰ ਉਹਨਾਂ ਦਾ ਝਗੜਾ ਆਪਣੇ ਵਿਚ ਕਿਉਂ ਪਾ ਰਿਹੈਂ?"

"ਮੈਂ ਨਹੀਂ ਤੂੰ ਪਾਇਐ, ਤੂੰ ਰਾਜੂ ਨੂੰ ਫਿਨਿਸ਼ ਕਰਨ ਵਾਲ਼ੀ ਟੀਮ ਵਿਚ ਸ਼ਾਮਲ ਹੋਈ ਐਂ।"

"ਗੁੱਲ, ਤੇਰੇ ਕੋਈ ਖਿਲਾਫ ਨਹੀਂ, ਇਹ ਤਾਂ ਰਾਜੂ ਦੇ ਖਿਲਾਫ ਐ ਸਭ।"

"ਰਾਜੂ ਦੇ ਖਿਲਾਫ, ਮੇਰੇ ਖਿਲਾਫ, ਮੇਰੇ ਖਾਨਦਾਨ ਦੇ ਖਿਲਾਫ! ਲਗੀ ਸਮਝ, ਇਹ ਮੈਂ ਕਿੱਦਾ ਟੌਲਰੇਟ ਕਰ ਲਊਂ!"

"ਮੁੰਡੇ ਨੂੰ ਕੀ ਹੁੰਦਾ, ਭਾਮੇਂ ਦੋ ਤਿੰਨ ਵਾਰ ਵਿਆਹ ਕਰਾ ਲਵੇ, ਬੇਇਜ਼ਤੀ ਤਾਂ ਕੁੜੀ ਦੀ ਹੁੰਦੀ ਐ, ਸਾਡੇ ਖਾਨਦਾਨ ਦੀ ਹੋਣੀ ਆਂ।"

"ਜੇ ਤੁਹਾਨੂੰ ਖਾਨਦਾਨ ਦੀ ਇੱਜ਼ਤ ਦਾ ਜ਼ਰਾ ਵੀ ਖਿਆਲ ਹੁੰਦਾ ਤਾਂ ਪੁਲੀਸ ਸਟੇਸ਼ਨ ਨਾ ਜਾਂਦੀਆਂ, ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਵਾਪਸ ਆ ਜਾਵੋ, ਸਭ ਠੀਕ ਹੋ ਜਾਊ।"

"ਗੁੱਲ, ਮੈਨੂੰ ਕੁਝ ਨਹੀਂ ਪਤਾ, ਮੈਂ ਕੱਲ ਨੂੰ ਵਾਪਸ ਆ ਜਾਣੈਂ, ਮੇਰਾ ਘਰ ਐ।"

"ਠੀਕ ਐ ਤੇਰਾ ਘਰ ਐ ਪਰ ਤੂੰ ਆਈ ਤਾਂ ਮੈਂ ਚਲੇ ਜਾਣਾਂ, ...ਆਉਣਾ ਤਾਂ ਦੋਨੋਂ ਆਵੋ।"

"ਸੁਖਵੀਰ ਹੁਣ ਰਾਜੂ ਨਾਲ ਨਹੀਂ ਰਹਿਣਾ ਚਾਹੁੰਦੀ।"

ਸੁਰਿੰਦਰ ਗੱਲ ਕਰਦੀ ਰੋਣ ਹਾਕੀ ਹੋਈ ਪਈ ਸੀ। ਗੁਲਵੰਤ ਇਥੋਂ ਤਕ ਪੁਜ ਜਾਵੇਗਾ ਉਸ ਨੇ ਨਹੀਂ ਸੀ ਸੋਚਿਆ। ਗੁਲਵੰਤ ਠਰੰਮੇ ਨਾਲ ਕਹਿਣ ਲਗਿਆ,

"ਠੀਕ ਐ, ਜੇ ਸੁਖਵੀਰ ਨਹੀਂ ਆਉਣਾ ਚਾਹੁੰਦੀ ਤਾਂ ਮੁੰਡੇ ਨੂੰ ਪੱਕਾ ਕਰਾ ਦਿਓ।"

"ਇਹਦਾ ਸੁਖਵੀਰ ਨੂੰ ਕੀ ਫਾਇਦਾ ਹੋਊ?"

"ਸੁਖਵੀਰ ਨੂੰ ਨਹੀਂ ਆਪਾਂ ਨੂੰ ਫਾਇਦਾ ਹੋਊ, ਆਪਾਂ ਆਪਣੇ ਘਰ ਸੁਖੀ ਵਸ ਸਕਾਂਗੇ, ਜਿੰਨੇ ਵੀ ਪੈਸੇ ਰਾਜੂ ਕੋਲ ਹੈਗੇ ਜਾਂ ਆਪਣੇ ਕੋਲ ਵੀ ਸਾਰੇ ਸੁਖਵੀਰ ਨੂੰ ਦੇ ਦਿੰਨੇ ਆਂ।"

ਗੁਲਵੰਤ ਨੇ ਸਲਾਹ ਦੇਣ ਵਾਂਗ ਕਿਹਾ। ਸੁਰਿੰਦਰ ਨੂੰ ਅਗਿਓਂ ਕੋਈ ਗੱਲ ਨਾ ਔੜੀ। ਦੂਜੇ ਪਾਸੇ ਅਮ੍ਰਿਤ ਰੋਣ ਲਗ ਪਈ ਸੀ। ਸੁਖਵੀਰ ਤੋਂ ਚੁੱਪ ਨਹੀਂ ਸੀ ਹੋ ਰਹੀ। ਸੁਰਿੰਦਰ ਨੂੰ ਇਹੋ ਬਹੁਤ ਸੀ ਕਿ ਗੁਲਵੰਤ ਦੀ ਆਵਾਜ਼ ਵਿਚ ਕੁਝ ਨਰਮੀ ਤਾਂ ਆਈ। ਉਹ ਹਾਲੇ ਹੋਰ ਗੱਲਾਂ ਕਰਨੀਆਂ ਚਾਹੁੰਦੀ ਸੀ ਪਰ ਉਸ ਨੂੰ ਫੋਨ ਰੱਖਣਾ ਪਿਆ। ਉਸ ਨੂੰ ਗੁਲਵੰਤ ਦੀ ਗੱਲ ਮਾੜੀ ਨਹੀਂ ਸੀ ਲਗੀ। ਜੇ ਰਾਜੂ ਪੱਕਾ ਹੋ ਕੇ ਉਹਨਾਂ ਦੀ ਜ਼ਿੰਦਗੀ ਤੋਂ ਦੂਰ ਚਲੇ ਜਾਵੇ ਤਾਂ ਉਹ ਮਜ਼ੇ ਨਾਲ ਰਹਿ ਸਕਦੇ ਹਨ। ਉਸ ਡੈਡੀ ਨਾਲ ਗੱਲ ਕਰਨੀ ਚਾਹੁੰਦੀ ਸੀ ਪਰ ਉਹ ਸੌਣ ਲਈ ਆਪਣੇ ਕਮਰੇ ਵਿਚ ਜਾ ਚੁਕਿਆ ਸੀ।

ਸੁਰਜਨ ਸਿੰਘ ਕਮਰੇ ਵਿਚ ਜ਼ਰੂਰ ਚਲੇ ਗਿਆ ਸੀ ਪਰ ਨੀਂਦ ਉਸ ਨੂੰ ਕਿਥੋਂ ਪੈਣੀ ਸੀ। ਸੁਰਿੰਦਰ ਦੀਆਂ ਗੱਲਾਂ ਉਸ ਨੂੰ ਸੁਣ ਰਹੀਆਂ ਸਨ। ਸੁਰਿੰਦਰ ਦੀ ਆਵਾਜ਼ ਵਿਚਲਾ ਡਰ ਉਸ ਨੂੰ ਵੀ ਡਰਾਉਣ ਲਗਿਆ। ਗੱਲਾਂ ਤੋਂ ਇਹ ਵੀ ਜਾਪਦਾ ਸੀ ਕਿ ਰਾਜੂ ਘਰ ਆ ਗਿਆ ਹੋਵੇਗਾ। ਉਹ ਤਾਂ ਇਹੋ ਸੋਚਦੇ ਸਨ ਕਿ ਰਾਜੂ ਨੂੰ ਪੁਲੀਸ ਫੜ ਕੇ ਇਕ ਦਮ ਜਹਾਜ਼ੇ ਚੜ੍ਹਾ ਦੇਵੇਗੀ। ਗੁਲਵੰਤ ਨੂੰ ਸੋਚਣ ਦਾ ਮੌਕਾ ਵੀ ਨਹੀਂ ਮਿਲੇਗਾ। ਜੋ ਹੋਵੇਗੀ ਬਾਅਦ ਵਿਚ ਦੇਖੀ ਜਾਵੇਗੀ। ਗੁਲਵੰਤ ਵਿਚ ਉਸ ਨੂੰ ਬਹੁਤਾ ਦਮ ਨਹੀਂ ਸੀ ਲਗਦਾ ਕਿ ਕੋਈ ਵੱਡਾ ਵਿਰੋਧ ਕਰੇਗਾ। ਗੁਲਵੰਤ ਨੇ ਤਾਂ ਸੁਰਿੰਦਰ ਦੀ ਕੋਈ ਗੱਲ ਕਦੇ ਟੋਕੀ ਹੀ ਨਹੀਂ ਸੀ। ਉਹ ਉਠ ਕੇ ਹੇਠਾਂ ਆ ਗਿਆ। ਉਸ ਵਲ ਦੇਖਦਿਆਂ ਹੀ ਸੁਰਿੰਦਰ ਰੋਣ ਲਗ ਪਈ। ਅੱਖਾਂ ਪੂੰਝਦੀ ਬੋਲੀ,

"ਡੈਡ, ਗੁੱਲ ਸੇਜ਼ ਹੀ 'ਜ਼ ਲੀਵਿੰਗ ਮੀ ਟੂ!"

"ਬਕਵਾਸ ਕਰਦੈ, ਬਲੱਫ ਖੇਡਦੈ! ...ਰਾਜੂ ਦਾ ਕੀ ਦਸਦਾ?"

"ਰਾਜੂ ਤਾਂ ਘਰ ਈ ਹੋਣਾਂ, ਗੁੱਲ ਕਹਿੰਦਾ ਆਉਣਾ ਤਾਂ ਦੋਨੋਂ ਆਓ, ਨਈਂ ਤਾਂ ਨਈਂ।"

"ਹੋਰ ਕੀ ਕਹਿੰਦਾ?"

"ਕਹਿੰਦਾ; ਜਾਂ ਰਾਜੂ ਨੂੰ ਪੱਕਾ ਕਰਾ ਦਿਓ ਬਦਲੇ 'ਚ ਘਰ ਜਿੰਨੇ ਵੀ ਪੈਸੇ ਹੈਗੇ, ਸੁਖਵੀਰ ਨੂੰ ਦੇ ਦਿੰਨੇ ਆਂ।"

"ਜਾਣੀ ਕਿ ਕੁੜੀ ਦਾ ਸੌਦਾ ਕਰ ਲਈਏ, ...ਸਾਲ਼ੇ ਹਰਾਮੀ!"

ਉਸ ਗੁੱਸੇ ਵਿਚ ਦੰਦ ਕਰੀਚਦਾ ਬੋਲਿਆ। ਉਹ ਵਾਪਸ ਬੈੱਡਰੂਮ ਨੂੰ ਜਾਂਦਾ ਸੁਰਿੰਦਰ ਨੂੰ ਬੋਲਿਆ,
''ਗੈੱਟ ਰੈਡੀ ਫੋਰ ਵਰਸ!''

ਪੁਲੀਸ ਸਟੇਸ਼ਨ ਬੈਠੇ ਰਾਜੂ ਦੇ ਮਨ ਵਿਚ ਸੁਖਵੀਰ ਲਈ ਇੰਨੀ ਨਫਰਤ ਸੀ ਕਿ ਹੁਣ ਉਸ ਨੂੰ ਇੰਡੀਆ ਜਾਣਾ ਮਨਜ਼ੂਰ ਸੀ ਉਸ ਨਾਲ ਰਹਿਣਾ ਨਹੀਂ। ਅਚਾਨਕ ਹੋਈ ਇਸ ਬਾਜ਼-ਝਪਟ ਨਾਲ ਉਹ ਅੰਦਰੋਂ ਹਿੱਲ ਵੀ ਗਿਆ ਸੀ। ਉਹ ਗੁਲਵੰਤ ਨੂੰ ਵੀ ਕਸੂਰਵਾਰ ਮੰਨ ਰਿਹਾ ਸੀ ਜਿਸ ਨੇ ਔਰਤਾਂ ਨੂੰ ਸਿਰ ਚੜ੍ਹਾਇਆ ਹੋਇਆ ਸੀ। ਜਦ ਗੁਲਵੰਤ ਤੇ ਵਿਜੇ ਉਸ ਨੂੰ ਲੈਣ ਪੁਲੀਸ ਸਟੇਸ਼ਨ ਗਏ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਵਹਿ ਤੁਰੇ। ਵਿਜੇ ਆਪਣੀ ਕਾਰ ਦੀ ਸਰਵਿਸ ਰਾਜੂ ਤੋਂ ਹੀ ਕਰਾਉਂਦਾ ਸੀ ਇਸ ਲਈ ਉਸ ਨਾਲ ਹਾਸਾ-ਮਜ਼ਾਕ ਕਰ ਲੈਂਦਾ ਸੀ। ਉਹ ਬੋਲਿਆ,
''ਰਾਜੂ ਸਿਆਂ, ਤੂੰ ਤਾਂ ਕਹਿੰਨਾ ਹੁੰਨਾਂ ਕਿ ਤੂੰ ਜੱਟ ਐਂ ਪਰ ਰੋਈ ਤੀਵੀਆਂ ਆਂਗੂੰ ਜਾਨਾਂ।''

ਰਾਜੂ ਜ਼ਰਾ ਕੁ ਮੁਸਕ੍ਰਾਇਆ। ਵਿਜੇ ਨੇ ਫਿਰ ਕਿਹਾ,
''ਆਹ ਤਾਂ ਗੱਲ ਈ ਕੋਈ ਨਹੀਂ, ਆਪਾਂ ਪਾ ਦਿਆਂਗੇ ਪਟਾਕੇ, ਕਿਸੇ ਕਿਸਮ ਦੇ ਫਿਕਰ ਦੀ ਲੋੜ ਨਹੀਂ, ਵਧੀਆ ਜਿਹਾ ਵਕੀਲ ਕਰਾਂਗੇ, ਇਹਨਾਂ ਦੇ ਪਿਓ ਦਾ ਰਾਜ ਐ ਬਈ ਤੈਨੂੰ ਮੋੜ ਦੇਣਗੇ, ਪੁਲੀਸ ਤੋਂ ਨਈਂ ਡਰੀਦਾ, ਇਹ ਕਿਹੜੀ ਪੰਜਾਬ ਪੁਲੀਸ ਐ, ਇਹਨੇ ਤਾਂ ਆਪਣੀ ਕਾਰਵਾਈ ਪਾਉਣੀ ਸੀ, ਬਸ ਪਾ ਦਿਤੀ।''

ਵਿਜੇ ਦਾ ਸੁਭਾਅ ਕੁਝ ਅਜਿਹਾ ਹੀ ਸੀ; ਡਿਗਿਆਂ ਨੂੰ ਖੜੇ ਕਰਨ ਵਾਲਾ। ਪੁਲੀਸ ਸਟੇਸ਼ਨ ਤੋਂ ਨਿਕਲ ਕੇ ਉਹਨਾਂ ਚਾਲੀ ਔਂਸ ਵਾਲੀ ਵਿਸਕੀ ਦੀ ਬੋਤਲ ਲਈ ਤੇ ਘਰ ਨੂੰ ਆ ਗਏ। ਗੁਲਵੰਤ ਦੀ ਗੁੱਸੇ ਵਿਚ ਬੁਰੀ ਹਾਲਤ ਦੇਖ ਕੇ ਵਿਜੇ ਨੇ ਉਸ ਨੂੰ ਇਕ ਵੱਡਾ ਸਾਰਾ ਵਿਸਕੀ ਦਾ ਹਾੜਾ ਦਿਤਾ ਤੇ ਕਹਿਣ ਲਗਿਆ,
''ਗੁਲਵੰਤ ਸਿਆਂ, ਇਹ ਮਸਲਾ ਬਹੁਤ ਟੀਡੀਅਸ ਐ, ਗੁੱਸੇ ਨਾਲ਼ ਨਹੀਂ ਸਿਆਸਤ ਨਾਲ ਕੰਮ ਚਲਣੈਂ, ਸਿੱਧੀ ਉਂਗਲ ਹੁਣ ਘਿਓ ਨਹੀਂ ਨਿਕਲਣ ਲਗਿਆ। ਮੈਂ ਤੁਹਾਡੇ ਸੁਹਰੇ ਨਾਲ਼ ਕਈ ਵਾਰੀ ਗੱਲਾਂ ਕੀਤੀਆਂ, ਇਹ ਬੁੜ੍ਹਾ ਅੰਦਰੋਂ ਪੂਰਾ ਜੱਟ ਐ ਤੇ ਜੱਟ ਦੀ ਸਾਈਕੀ ਨੂੰ ਮੇਰੇ ਤੋਂ ਬਿਹਤਰ ਕੋਈ ਨਹੀਂ ਸਮਝਦਾ।''

ਵਿਜੇ ਨੇ ਆਪਣਾ ਪੈੱਗ ਪੀਤਾ ਤੇ ਫਿਰ ਬੋਲਿਆ,
''ਸਾਡੀ ਆੜ੍ਹਤ ਦੀ ਦੁਕਾਨ ਸੀ, ਮੈਂ ਜੱਟਾਂ ਨਾਲ਼ ਬਹੁਤ ਵਰਤਿਆ, ਇਹਨਾਂ ਦਾ ਸਿੱਧਾ ਤਰੀਕਾ ਸੀ ਕਿ ਦਬਕੇ ਵੀ ਮਾਰੀ ਜਾਵੋ ਤੇ ਮਿੰਨਤਾਂ ਵੀ ਕਰੀ ਜਾਵੋ, ਇਹੋ ਦਾਅ ਉਹਨੇ ਵਰਤਣਾ ਤੇ ਇਹੋ ਤੁਹਾਨੂੰ ਵਰਤਣਾ ਪੈਣਾਂ।''

ਜਦ ਗੁਲਵੰਤ ਸੁਰਿੰਦਰ ਨਾਲ ਗੱਲਾਂ ਕਰ ਰਿਹਾ ਸੀ ਤਾਂ ਰਾਜੂ ਤੇ ਵਿਜੇ ਦੂਜੇ ਕਮਰੇ ਵਿਚ ਬੈਠੇ ਪੀ ਰਹੇ ਸਨ। ਗੁਲਵੰਤ ਨੇ ਗੱਲ ਖਤਮ ਕੀਤੀ ਤਾਂ ਵਿਜੇ ਕਹਿਣ ਲਗਿਆ,
''ਸਹੀ ਜਾ ਰਿਹਾਂ ਤੂੰ, ਭਰਜਾਈ ਨੂੰ ਮੋਹਰਾ ਬਣਾ ਕੇ ਮੁੰਡਾ ਪੱਕਾ ਕਰਾਓ, ਸਿੱਧਾ ਰਾਹ ਇਹੋ ਐ। ...ਵੈਸੇ ਰਾਹ ਤਾਂ ਹੋਰ ਬਥੇਰੇ ਹੈਗੇ, ਮੁੰਡਾ ਕਿਤੇ ਹੋਰ ਵਿਆਹ ਲਵਾਂਗੇ, ਕੋਈ ਗੋਰੀ ਈ ਖੜੀ ਕਰ ਲਵਾਂਗੇ ਪਰ ਸਿੱਧੇ ਰਾਹ ਮੰਜ਼ਲ 'ਤੇ ਛੇਤੀ ਪੁੱਜ ਜਾਈਦੈ।''

ਉਹ ਕਾਫੀ ਦੇਰ ਤਕ ਬੈਠੇ। ਜਾਂਦੇ ਹੋਏ ਵਿਜੇ ਨੇ ਰਾਜੂ ਨੂੰ ਜੱਫੀ ਵਿਚ ਲੈ ਕੇ ਕਿਹਾ,
''ਘਬਰਾਉਣ ਦੀ ਕੋਈ ਲੋੜ ਨਹੀਂ ਮੈਂ ਤੁਹਾਡੇ ਨਾਲ਼ ਆਂ, ਬੁੜ੍ਹਾ ਤਾਂ ਆਪਾਂ ਸਹਿਜੇ ਈ ਘੇਰ ਲਵਾਂਗੇ।''

ਵਿਜੇ ਦੇ ਜਾਣ ਤੋਂ ਬਾਅਦ ਗੁਲਵੰਤ ਸਰੂਪ ਨੂੰ ਫੋਨ ਕਰਨ ਬਾਰੇ ਸੋਚਣ ਲਗਿਆ। ਘੜੀ ਦੇਖੀ ਤਾਂ ਸੋਚਿਆ ਕਿ ਸਰੂਪ ਸੌਂ ਚੁਕਿਆ ਹੋਵੇਗਾ। ਉਸ ਨੇ ਸਵੇਰੇ ਉਠਦਿਆਂ ਹੀ ਫੋਨ ਕੀਤਾ ਤੇ ਸਾਰੀ ਗੱਲ ਦੱਸੀ। ਸਰੂਪ ਗੱਲ ਸੁਣਦਿਆਂ ਹੀ ਲਾਵੇ ਵਾਂਗ ਫਟ ਤੁਰਿਆ, ਬੋਲਿਆ,
''ਤੈਨੂੰ ਘਰਦਿਆਂ ਲਈ ਪੜ੍ਹਾਇਆ ਕਾਹਦੇ ਲਈ ਸੀ? ਕਾਹਦਾ ਪਰੋਫੈਸਰ ਐਂ ਤੂੰ? ...ਤੇਰੇ ਤੋਂ ਤਾਂ ਆਪਣਾ ਘਰ ਈ ਨਹੀਂ ਸਾਂਭ ਹੋਇਆ! ਜੇ ਰਾਜੂ ਨਿਆਣਾ ਸੀ ਤਾਂ ਤੂੰ ਤੇ ਸਾਰੀ ਗੱਲ ਸਮਝਦਾ ਸੀ। ਤੈਨੂੰ ਮੈਂ ਉਦੋਂ ਕੀ ਕਿਹਾ ਸੀ? ਇਹੋ ਕਿਹਾ ਸੀ ਕਿ ਇਕ ਸਾਲ ਜੇਲ੍ਹ ਸਮਝ ਕੇ ਕੱਟ ਲਵੋ, ਸਾਲ਼ੀ ਤੀਵੀਂ ਨੂੰ ਖੁਸ਼ ਕਰਨ ਦਾ ਕੀ ਹੁੰਦਾ, ਕਾਰ 'ਚ ਬਾਜ਼ਾਰ ਦਾ ਗੇੜਾ ਲੁਆ ਦੇਵੋ ਤਾਂ ਤੀਵੀਂ ਖੁਸ਼ ਹੋ ਜਾਂਦੀ ਐ ਪਰ ਤੁਹਾਡੇ ਤੋਂ...।''

ਆਖਦਾ ਸਰੂਪ ਹਫਣ ਲਗਿਆ। ਪਿਛਿਓਂ ਸਤਨਾਮੀ ਵੀ ਬੋਲਦੀ ਸੁਣ ਰਹੀ ਸੀ। ਪਲ ਕੁ ਰੁਕ ਕੇ ਸਰੂਪ ਫਿਰ ਕਹਿਣ ਲਗਿਆ,
''ਮੈਂ ਤਾਂ ਸਾਰੀ ਗੱਲ ਤੇਰੇ 'ਤੇ ਛੱਡੀ ਬੈਠਾ ਸੀ ਪਰ ਤੂੰ ਲਿਦ ਕਰ ਦਿਤੀ, ...ਚੰਗਾ ਨਾਂ ਚਮਕਾਇਆ ਬਾਬਾ ਚੰਦਾ ਸੂੰਹ ਦਾ! ਮੁੰਡਾ ਮੁੜ ਗਿਆ ਤਾਂ ਸਾਰੇ ਪਿੰਡ ਵਿਚ ਤੋਏ ਤੋਏ ਹੋਊ, ਇਕ ਵਾਰ ਵੀ ਸੋਚੀ ਇਹ ਗੱਲ?''

ਸਰੂਪ ਬੋਲਦਾ ਜਾ ਰਿਹਾ ਸੀ। ਗੁਲਵੰਤ 'ਸੌਰੀ ਭਾਜੀ, ਸੌਰੀ ਭਾਜੀ' ਕਰਦਾ ਜਾ ਰਿਹਾ ਸੀ। ਉਸ ਨੂੰ ਸਰੂਪ ਦੀਆਂ ਗੱਲਾਂ ਸੱਚ ਲਗ ਰਹੀਆਂ ਸਨ। ਇਕ ਸਾਲ ਦੀ ਤਾਂ ਸਾਰੀ ਗੱਲ ਸੀ, ਰਾਜੂ ਨਰਮੀ ਨਾਲ ਕੱਢ ਹੀ ਸਕਦਾ ਸੀ। ਉਸ ਨੇ ਰਾਜੂ ਉਪਰ ਇਸ ਗੱਲ ਜ਼ੋਰ ਵੀ ਨਹੀਂ ਸੀ ਪਾਇਆ। ਉਸ ਨੂੰ ਆਪਣਾ ਆਪ ਅਪਰਾਧੀ ਲਗਣ ਲਗਿਆ; ਰਾਜੂ ਦਾ ਅਪਰਾਧੀ, ਸਾਰੇ ਖਾਨਦਾਨ ਦਾ ਅਪਰਾਧੀ।

ਸਰੂਪ ਉਸੇ ਵਕਤ ਹਰਕਤ ਵਿਚ ਆ ਗਿਆ। ਉਸ ਨੇ ਫੋਨ ਘੁਮਾਉਣ ਸ਼ੁਰੂ ਕਰ ਦਿਤੇ। ਪਹਿਲਾਂ ਦਿਲਬਾਗ ਨੂੰ ਘੁਮਾਇਆ। ਦਿਲਬਾਗ ਨੂੰ ਹਾਲੇ ਕਿਸੇ ਗੱਲ ਦਾ ਪਤਾ ਹੀ ਨਹੀਂ ਸੀ। ਉਸ ਨੇ ਇਸ ਮਸਲੇ ਵਿਚ ਆਉਣ ਤੋਂ ਨਾਂਹ ਵੀ ਕਰ ਦਿਤੀ। ਉਸ ਨੇ ਦਿਲਬਾਗ ਉਪਰ ਬਹੁਤਾ ਜ਼ੋਰ ਵੀ ਨਾ ਪਾਇਆ ਕਿਉਂਕਿ ਉਸ ਨੂੰ ਪਤਾ ਸੀ ਕਿ ਸੁਰਜਨ ਸਿੰਘ ਦਿਲਬਾਗ ਦੀ ਗੱਲ ਨੂੰ ਥੋੜੇ ਕੀਤੇ ਮੰਨਣ ਵਾਲਾ ਵੀ ਨਹੀਂ ਸੀ। ਉਸ ਨੇ ਅਰਜਨ ਸਿੰਘ ਨੂੰ ਫੋਨ ਕੀਤਾ ਤਾਂ ਉਹ ਘਰ ਹੀ ਮਿਲ ਗਿਆ। ਛੁੱਟੀਆਂ ਉਪਰ ਜਿਉਂ ਸੀ। ਅਰਜਨ ਸਿੰਘ ਨੇ ਸਾਰੀ ਗੱਲ ਸੁਣੀ ਤੇ ਕਿਹਾ,

"ਸਰੂਪ, ਤੂੰ ਜਲਦੀ ਤੋਂ ਜਲਦੀ ਸੁਰਜਨ ਸਿੰਘ ਨੂੰ ਮਿਲ਼, ਉਹ ਬੰਦਾ ਜ਼ਰਾ ਜ਼ਿਦੀਆ ਜਿਹਾ ਐ, ਥੋੜੇ ਕੀਤੇ ਕਿਸੇ ਦੀ ਗੱਲ ਨਹੀਂ ਮੰਨਣ ਵਾਲ਼ਾ ਪਰ ਓਦਾਂ ਆਪਾਂ ਉਹਦੇ ਹੋਰਨਾਂ ਦੋਸਤਾਂ ਨੂੰ ਵੀ ਮਿਲ਼ ਲਵਾਂਗੇ।"

ਸੁਰਜਨ ਸਿੰਘ ਬਹੁਤ ਹੀ ਗੁੱਸੇ ਵਿਚ ਸੀ। ਉਸ ਨੇ ਕਈ ਦਿਨ ਤਕ ਕਿਸੇ ਨਾਲ਼ ਅੱਖ ਹੀ ਨਾ ਮਿਲ਼ਾਈ। ਸਰੂਪ ਨੇ ਉਸ ਦੇ ਦੋਸਤਾਂ ਰਾਹੀਂ ਉਸ ਤਕ ਪਹੁੰਚ ਕੀਤੀ। ਆਪ ਵੀ ਫੋਨ ਕੀਤਾ ਪਰ ਉਸ ਸਾਰੀ ਗੱਲ ਸੁਖਵੀਰ ਉਪਰ ਸੁੱਟ ਦਿੰਦਾ। ਇਕ ਦਿਨ ਸਰੂਪ ਉਸ ਨੂੰ ਮਿਲਣ ਉਸ ਦੇ ਘਰ ਵੀ ਗਿਆ। ਸੁਰਜਨ ਸਿੰਘ ਕਹਿਣ ਲਗਿਆ,

"ਸਰੂਪ, ਦੋ ਸਾਲ ਹੋ ਗਏ ਤੁਸੀਂ ਕਦੇ ਆ ਕੇ ਨਹੀਂ ਪੁੱਛਿਆ ਕਿ ਤੁਹਾਡੀ ਕੁੜੀ ਸੁਖੀ ਵੀ ਐ ਕਿ ਨਈਂ, ਹੁਣ ਸੇਕ ਲਗਿਆ ਤਾਂ ਦੇਖੋ ਕਿੱਦਾਂ ਸਾਰੇ ਦੌੜੇ ਫਿਰਦੇ ਆਂ।"

"ਮੈਨੂੰ ਤਾਂ ਅੰਕਲ ਜੀ ਇਹ ਸੀ ਕਿ ਉਹ ਆਪਣੇ ਘਰ ਸੁਖੀ ਵਸਦੇ ਆ, ਮੈਂ ਗੁਲਵੰਤ ਦੇ ਸਿਰ 'ਤੇ ਸਾਰੀ ਗੱਲ ਛੱਡੀ ਬੈਠਾ ਸੀ।"

"ਗੁਲਵੰਤ ਨੂੰ ਵੀ ਤਾਂ ਸਭ ਕੁਝ ਦਿਸਦਾ ਈ ਸੀ ਕਿ ਕੀ ਹੋ ਰਿਹਾ, …ਹੁਣ ਉਹ ਫੋਨ ਕਰ ਕਰ ਬਲੈਕਮੇਲ ਕਰਦਾ ਫਿਰਦਾ।"

"ਦੇਖੋ, ਅੰਕਲ ਜੀ, ਇਹਦੇ ਨਾਲ ਸਾਡੇ ਖਾਨਦਾਨ ਦੀ ਬਹੁਤ ਬੇਇਜ਼ਤੀ ਹੋਣੀ ਆਂ।"

"ਜੇ ਅਸੀਂ ਪੈਸੇ ਲੈ ਕੇ ਮੁੰਡਾ ਪੱਕਾ ਕਰਾ ਦੇਈਏ ਤਾਂ ਤੁਹਾਡੇ ਖਾਨਦਾਨ ਦੀ ਇੱਜ਼ਤ ਬਣ ਜਾਊ, ਇਹੀ ਕਹਿੰਦਾ ਨਾ ਗੁਲਵੰਤ ਵੀ, …ਆ ਗਏ ਵੱਡੇ ਖਾਨਦਾਨ ਵਾਲ਼ੇ!"

ਖਾਨਦਾਨ ਦੀ ਗੱਲ ਉਪਰ ਸਰੂਪ ਨੂੰ ਵੀ ਗੁੱਸਾ ਆ ਗਿਆ। ਉਹ ਉਥੋਂ ਉਠ ਆਇਆ। ਉਸ ਨੇ ਫੋਨ ਕਰਕੇ ਗੁਲਵੰਤ ਨੂੰ ਸੱਦਿਆ ਤੇ ਉਸ ਨੂੰ ਬੋਲਿਆ,

"ਇਹ ਸਭ ਤੇਰੇ ਪੈਰੋਂ ਹੋਇਐ, ਜੇ ਮੁੰਡਾ ਮੁੜ ਗਿਆ ਤਾਂ ਸਾਡੀ ਬਹੁਤ ਬਦਨਾਮੀ ਐਂ। …ਧਿਆਨ ਨਾਲ ਸੁਣ ਹੁਣ, …ਹੁਣ ਜੇ ਵਸਣਗੀਆਂ ਤਾਂ ਦੋਨੋਂ ਵਸਣਗੀਆਂ, ਨਹੀਂ ਤਾਂ ਨਾ ਸਹੀ। ਜੇ ਤੂੰ ਡੋਲਿਆ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਣ ਲਗਿਆ।"

ਰਾਜੂ ਨੂੰ ਇਸ ਸਭ ਦਾ ਬਹੁਤਾ ਫਰਕ ਨਹੀਂ ਸੀ ਪਿਆ ਕਿਉਂਕਿ ਉਸ ਦਾ ਸੁਭਾਅ ਹੀ ਅਜਿਹਾ ਸੀ ਪਰ ਗੁਲਵੰਤ ਦੀ ਗੱਡੀ ਲੀਹੋਂ ਉਤਰ ਗਈ। ਉਹ ਵਿਜੇ ਤੇ ਹੋਰ ਦੋਸਤਾਂ ਵਿਚ ਬੈਠ ਕੇ ਨਕਲੀ ਹਾਸਾ ਹੱਸਦਾ ਰਹਿੰਦਾ। ਸ਼ਰਾਬ ਹੁਣ ਉਸ ਦੀ ਆਦਤ ਬਣ ਗਈ। ਰੁਆਇਲ ਡੀਨ ਵਿਚ ਉਹ ਸੁਰਜਨ ਤੋਂ ਬਚਦਾ ਹੋਇਆ ਲੰਘਦਾ। ਬ੍ਰੇਕਾਂ ਵਿਚ ਬੈਠਣ ਵਾਲੀ ਜਗਾਹ ਵੀ ਉਸ ਨੇ ਬਦਲ ਲਈ। ਇਸ ਘਟਨਾ ਨੂੰ ਉਸ ਨੇ ਦਿਲ ਨੂੰ ਲਾ ਲਿਆ ਸੀ। ਇਸ ਦਾ ਅਸਰ ਹਰ ਵੇਲੇ ਉਸ ਦੇ ਦਿਲ ਤੇ ਦਿਮਾਗ ਨੂੰ ਜਕੜੀ ਰਖਦਾ। ਧਿਆਨ ਕਿਤੇ ਹੋਰ ਹੁੰਦਾ ਤੇ ਤੁਰਿਆ ਕਿਤੇ ਹੋਣ ਜਾਂਦਾ। ਇਵੇਂ ਹੀ ਉਸ ਨੇ ਕਾਰ ਦੇ ਵੀ ਤਿੰਨ ਚਾਰ ਐਕਸੀਡੈਂਟ ਕਰ ਲਏ। ਸਾਰੇ ਰੁਆਇਲ ਡੀਨ ਵਿਚ ਇਹ ਗੱਲ ਖਿਲਰ ਚੁੱਕੀ ਸੀ। ਕੋਈ ਜਾਂਦਾ ਜਾਂਦਾ ਟਕੋਰ ਵੀ ਲਾ ਜਾਂਦਾ ਤੇ ਕੋਈ ਤਸੱਲੀ ਵੀ ਦੇਣ ਲਗਦਾ।

ਇਹਨਾਂ ਦਿਨਾਂ ਵਿਚ ਦੋ ਗੱਲਾਂ ਹੋਰ ਹੋ ਗਈਆਂ ਜਿਹਨਾਂ ਕਾਰਨ ਗੁਲਵੰਤ ਰੁਆਇਲ ਡੀਨ ਵਿਚ ਚਰਚਾ ਦਾ ਵਿਸ਼ਾ ਬਣ ਗਿਆ। ਇਕ ਤਾਂ ਕੰਮ ਉਪਰ ਉਸ ਨੂੰ ਮਾਈਲਡ ਜਿਹਾ ਹਾਰਟ ਅਟੈਕ ਹੋ ਗਿਆ। ਉਸ ਦੀ ਖੱਬੀ ਬਾਂਹ ਪੀਲੀ ਫਿਰ ਗਈ, ਇਸ ਵਿਚ ਖੂਨ ਦਾ ਵਹਾਅ ਇਕ ਦਮ ਰੁਕ ਗਿਆ। ਫਸਟ ਏਡ ਵਾਲੇ ਉਸ ਨੂੰ ਐਂਬੂਲੈਂਸ ਵਿਚ ਪਾ ਕੇ ਹਸਪਤਾਲ ਲੈ ਗਏ। ਦੋ ਦਿਨ ਉਸ ਨੂੰ ਹਸਪਤਾਲ ਰਹਿਣਾ ਪਿਆ। ਸਾਰੇ ਹੀ ਇਸ ਨੂੰ ਉਸ ਦੀ ਘਰ ਦੀ ਕਹਾਣੀ ਨਾਲ ਜੋੜ ਕੇ ਦੇਖਦੇ। ਦੂਜੀ ਗੱਲ ਇਹ ਕਿ ਉਸ ਨੇ ਕਾਰ ਪਾਰਕ ਵਿਚ ਇਕ ਗੋਰਾ ਕੁੱਟ ਧਰਿਆ। ਕਾਰ ਖੜੀ ਕਰਨ ਵੇਲੇ ਮਾਮੂਲੀ ਜਿਹਾ ਝਗੜਾ ਹੋ ਗਿਆ ਸੀ, ਗੋਰੇ ਨੇ ਉਸ ਨੂੰ ਪਾਕੀ ਕਹਿ ਦਿਤਾ ਤਾਂ ਉਸ ਨੇ ਗੋਰੇ ਨੂੰ ਥਾਂਹੇਂ ਹੀ ਢਾਅ ਕੇ ਕੁੱਟ ਧਰਿਆ। ਕੇਸ ਮੈਨੇਜਮੈਂਟ ਤਕ ਚਲੇ ਗਿਆ। ਭਾਵੇਂ ਯੂਨੀਅਨ ਨੇ ਵਿਚ ਪੈ ਕੇ ਕੇਸ ਖਤਮ ਕਰਾ ਦਿਤਾ, ਗੋਰੇ ਨਾਲ ਵੀ ਉਸ ਦਾ ਸਮਝੌਤਾ ਹੋ ਗਿਆ ਪਰ ਉਸ ਉਪਰੋਂ ਭਲੇਮਾਣਸ ਹੋਣ ਦਾ

www.PunjabiLibrary.com

ਲੇਬਲ ਲਹਿ ਗਿਆ। ਇਸ ਘਟਨਾ ਨੂੰ ਵੀ ਉਸ ਦੀ ਦਿਮਾਗੀ ਪਰੇਸ਼ਾਨੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਸੀ। ਗੁਲਵੰਤ ਆਪ ਵੀ ਕਈ ਵਾਰ ਡਰਨ ਲਗਦਾ ਕਿ ਆਪਣੀ ਸਿਹਤ ਦਾ ਕੋਈ ਵੱਡਾ ਨੁਕਸਾਨ ਹੀ ਨਾ ਕਰਾ ਬੈਠੇ।

ਸੁਰਿੰਦਰ ਉਸ ਨੂੰ ਰੋਜ਼ ਫੋਨ ਕਰਦੀ। ਉਹ ਉਸ ਦੀ ਤੜਫ ਨੂੰ ਸਮਝਦਾ ਸੀ, ਇਸੇ ਤੜਫ ਨੂੰ ਹੀ ਵਰਤਣਾ ਵੀ ਚਾਹੁੰਦਾ ਸੀ। ਸੁਰਿੰਦਰ ਆਖਦੀ,

"ਗੁੱਲ, ਆਏ ਲਵ ਯੂ, ...ਤੈਨੂੰ ਭੁੱਲ ਗਿਆ; ਮੈਂ ਤੇਰੀ ਟੈੱਨ ਬਾਈ ਟੈੱਨ ਆਂ।"

"ਯੈੱਸ ਯੂ ਆਰ, ਯੂ ਆਰ ਮਾਈ ਟੈੱਨ ਬਾਈ ਟੈੱਨ ਪਰ ਤੂੰ ਮੈਨੂੰ ਚੀਟ ਕੀਤਾ।"

"ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ।"

"ਮੈਂ ਵੀ ਤੇਰੇ ਬਿਨਾਂ ਨਹੀਂ ਰਹਿ ਸਕਦਾ, ਸੁਖਵੀਰ ਨੂੰ ਨਾਲ਼ ਲੈ ਆ, ...ਮੈਂ ਵੇਟ ਕਰ ਰਿਹਾਂ ਪਰ ਤੁਹਾਡੀ ਦੋਨਾਂ ਦੀ।"

"ਸ਼ੀ ਡੌਂਟ ਵੌਂਟੂ, ...ਡੈਡੀ ਵੀ ਤਿਆਰ ਨਹੀਂ।"

"ਲੁੱਕ ਟੈੱਨ ਬਾਈ ਟੈੱਨ, ਜੇ ਤੂੰ ਘਰੋਂ ਨਾ ਜਾਂਦੀ, ਸੁਖਵੀਰ ਜੋ ਕਰਦੀ ਐ ਕਰੀ ਜਾਣ ਦਿੰਦੀ ਤਾਂ ਕੋਈ ਗੱਲ ਨਹੀਂ ਸੀ ਪਰ ਤੂੰ ਸਾਡੇ ਵਿਰੋਧੀ ਧਿਰ ਵਿਚ ਖੜੀ ਐਂ, ਸੋ ਹੁਣ ਗੇਮ ਦੇ ਰੂਲ ਵਖਰੇ ਆ।"

"ਆਏ 'ਮ ਸੌਰੀ!"

"ਸੌਰੀ ਨਾ ਕਹਿ ਮਾਈ ਟੈੱਨ ਬਾਈ ਟੈੱਨ, ਮੈਨੂੰ ਵੀ ਤੇਰੀ ਬਹੁਤ ਲੋੜ ਐ ਪਰ ਸੁਖਵੀਰ ਦਾ ਆਉਣਾ ਬਹੁਤ ਜ਼ਰੂਰੀ ਐ।"

"ਪਰ ਸੁਖਵੀਰ ਤੇ ਡੈਡੀ ਦਾ ਮੈਂ ਕੀ ਕਰਾਂ?"

"ਉਹਨਾਂ ਨੂੰ ਤਿਆਰ ਕਰਨਾ ਤੇਰਾ ਕੰਮ ਐਂ, ...ਵੱਟਐਵਰ, ਆਏ ਲਵ ਯੂ।"

ਗੁਲਵੰਤ ਨੇ ਮੁੜ ਕੇ ਰਾਜੂ ਨੂੰ ਪੱਕਾ ਕਰਾਉਣ ਦੀ ਗੱਲ ਨਾ ਕੀਤੀ। ਉਹ ਸਮਝ ਗਿਆ ਸੀ ਕਿ ਇਹ ਸੁਰਜਨ ਸਿੰਘ ਨੂੰ ਪਸੰਦ ਨਹੀਂ। ਇਸ ਕਰਕੇ ਹੁਣ ਉਹ ਇਸ ਵਿਆਹ ਨੂੰ ਕਾਮਯਾਬ ਕਰਨ ਦੀ ਗੱਲ ਹੀ ਕਰਦਾ। ਕਹਿਣ ਨੂੰ ਤਾਂ ਉਹ ਸੁਰਿੰਦਰ ਉਪਰ ਸੁਖਵੀਰ ਨੂੰ ਵਾਪਸ ਲਿਆਉਣ ਲਈ ਦਬਾਅ ਹੀ ਪਾ ਰਿਹਾ ਸੀ ਪਰ ਉਸ ਨੂੰ ਸੁਰਿੰਦਰ ਦਾ ਬਹੁਤ ਚੇਤਾ ਆ ਰਿਹਾ ਸੀ। ਉਸ ਨੂੰ ਬਹੁਤ ਹੀ ਮਿੱਸ ਕਰ ਰਿਹਾ ਸੀ। ਕਈ ਵਾਰ ਰਾਤ ਨੂੰ ਨੀਂਦ ਨਾ ਆਉਂਦੀ। ਸੁਰਿੰਦਰ ਦੀ ਅਵਾਜ਼ ਹਰ ਵੇਲੇ ਉਸ ਦੇ ਕੰਨਾਂ ਵਿਚ ਗੂੰਜਦੀ ਰਹਿੰਦੀ। ਉਸ ਨੂੰ ਅੰਮ੍ਰਿਤ ਦਾ ਵੀ ਬਹੁਤ ਚੇਤਾ ਆਉਂਦਾ। ਅੰਮ੍ਰਿਤ ਤਾਂ ਸੌਂਦੀ ਵੀ ਉਸ ਦੇ ਢਿੱਡ ਤੇ ਹੀ ਸੀ। ਉਸ ਦੇ ਅੰਦਰ ਅਜੀਬ ਜਿਹੀ ਧੂ ਪੈਣ ਲਗਦੀ। ਉਸ ਨੂੰ ਰਾਜੂ ਉਪਰ ਗੁੱਸਾ ਆਉਣ ਲਗਦਾ ਕਿ ਸੁਖਵੀਰ ਨਾਲ ਨਿਭਾ ਕਿਉਂ ਨਹੀਂ ਸਕਿਆ। ਸੁਖਵੀਰ ਐਡੀ ਵੀ ਮਾੜੀ ਨਹੀਂ ਸੀ।

ਸੁਰਜਨ ਸਿੰਘ ਦੇ ਘਰ ਦਾ ਮਹੌਲ ਠੀਕ ਠਾਕ ਸੀ। ਸੁਰਜਨ ਸਿੰਘ ਆਦਤ ਅਨੁਸਾਰ ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣ ਦੇ ਯਤਨ ਵਿਚ ਹੁੰਦਾ ਤੇ ਬਾਕੀ ਟੱਬਰ ਨੂੰ ਵੀ ਹੌਂਸਲਾ ਦਿੰਦਾ ਰਹਿੰਦਾ, ਇਸ ਮਸਲੇ ਬਾਰੇ ਬਹੁਤੀ ਗੱਲ ਨਾ ਕਰਦਾ। ਸੁਖਵੀਰ ਤਾਂ ਰਾਜੂ ਤੋਂ ਅਲੱਗ ਹੋ ਕੇ ਬਹੁਤ ਹੀ ਖ਼ੁਸ਼ ਸੀ। ਉਸ ਨੇ ਕੰਮ ਉਪਰ ਸਿੱਕ ਨੋਟਿਸ ਭੇਜ ਦਿਤਾ ਸੀ ਤੇ ਇਸ ਪਾਸੇ ਹੀ ਖਿਡੌਣਾ ਫੈਕਟਰੀ ਵਿਚ ਕੰਮ ਕਰਨ ਬਾਰੇ ਸੋਚਣ ਲਗੀ ਸੀ। ਉਹ ਤਾਂ ਹੁਣ ਆਪਣੀਆਂ ਸਹੇਲੀਆਂ ਨਾਲ ਦੋ ਵਾਰ ਅੰਗਰੇਜ਼ੀ ਫਿਲਮ ਦੇਖ ਆਈ ਸੀ ਤੇ ਇਕ ਹਿੰਦੀ ਫਿਲਮ ਵੀ। ਉਹ ਹਰ ਵੇਲੇ ਚਹਿਕਦੀ ਰਹਿੰਦੀ। ਕਈ ਵਾਰ ਉਹ ਰਾਜੂ ਦੀਆਂ ਨਕਲਾਂ ਲਾ ਲਾ ਕੇ ਦਿਖਾਉਣ ਲਗਦੀ। ਉਸ ਦੀ ਇਸ ਹਰਕਤ 'ਤੇ ਸਾਰੇ ਖੁਲ੍ਹ ਕੇ ਹੱਸਦੇ।

ਜੇ ਕੋਈ ਖੁਲ੍ਹ ਕੇ ਨਹੀਂ ਸੀ ਹੱਸਦਾ ਤਾਂ ਉਸ ਸੀ ਸੁਰਿੰਦਰ। ਬਾਹਰੋਂ ਖੁਸ਼ ਦਿਸਦੀ ਸੁਰਿੰਦਰ ਅੰਦਰੋਂ ਬਹੁਤ ਉਦਾਸ ਸੀ। ਉਸ ਨੂੰ ਗੁਲਵੰਤ ਦੀ ਗੱਲ ਸੱਚ ਲਗ ਰਹੀ ਸੀ ਕਿ ਉਸ ਨੂੰ ਸੁਖਵੀਰ ਦੀ ਧਿਰ ਨਹੀਂ ਸੀ ਬਣਨਾ ਚਾਹੀਦਾ। ਗੁਲਵੰਤ ਬਿਨਾਂ ਉਹ ਤੜਫੀ ਪਈ ਸੀ। ਉਸ ਦੀਆਂ ਨਿਕੀਆਂ ਨਿਕੀਆਂ ਗੱਲਾਂ ਉਸ ਨੂੰ ਬਹੁਤ ਚੇਤੇ ਆਉਂਦੀਆਂ। ਉਸ ਨੂੰ ਗੁਲਵੰਤ ਦੀ ਬਾਂਹ ਉਪਰ ਸਿਰ ਰੱਖ ਕੇ ਸੌਣ ਦੀ ਆਦਤ ਪਈ ਹੋਈ ਸੀ। ਉਹ ਓਵਰ ਟਾਈਮ ਲਾ ਕੇ ਲੇਟ ਵੀ ਮੁੜਦਾ ਤਾਂ ਸੁਰਿੰਦਰ ਬੈਠੀ ਉਸ ਦੀ ਉਡੀਕ ਕਰਦੀ ਰਹਿੰਦੀ। ਉਹ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ ਤਾਂ ਉਸ ਦੇ ਮੂੰਹ ਵਲ ਦੇਖਦੀ ਰਹਿੰਦੀ। ਇਕ ਵਾਰ ਉਸ ਦਾ ਸਿਰ ਦੁਖ ਰਿਹਾ ਸੀ ਤਾਂ ਗੁਲਵੰਤ ਕਿੰਨੀ ਦੇਰ ਤਕ ਉਸ ਦਾ ਸਿਰ ਘੁਟਦਾ ਰਿਹਾ ਸੀ। ਜਿਹੜਾ ਗੁਲਵੰਤ ਉਸ ਨੂੰ ਕੰਮ ਤੋਂ ਵੀ ਫੋਨ ਕਰਕੇ 'ਲਵ ਯੂ, ਲਵ ਯੂ' ਕਰਦਾ ਰਹਿੰਦਾ ਸੀ ਹੁਣ ਸੁਖਵੀਰ ਕਾਰਨ ਕਿਵੇਂ ਬਦਲ ਗਿਆ ਸੀ। ਜਦ ਉਹ ਗੁਲਵੰਤ ਨਾਲ ਗੱਲ ਕਰਦੀ ਤੇ ਦੇਖਦੀ ਕਿ ਉਹ ਹਾਲੇ ਵੀ ਉਸ ਲਈ ਤੜਫ ਰਿਹਾ ਹੈ ਤਾਂ ਉਸ ਨੂੰ ਗਲਵੰਤ ਦਾ ਹੋਰ ਵੀ ਮੋਹ ਆਉਣ ਲਗਦਾ।

ਦਿਲਬਾਗ ਨੂੰ ਇਸ ਘਟਨਾ ਦਾ ਪਤਾ ਚਲਿਆ ਤਾਂ ਉਹ ਗੁਰਿੰਦਰ ਨੂੰ ਲੈ ਕੇ ਮਿਲਣ ਆ ਗਿਆ। ਇਵੇਂ ਹੀ ਸਾਧੂ ਸਿੰਘ ਦੇ ਘਰ ਤਕ ਇਹ ਖਬਰ ਪੁੱਜੀ ਤਾਂ ਉਹ ਵੀ ਸਾਰਾ ਟੱਬਰ ਆ ਪੁੱਜਾ। ਸੁਰਿੰਦਰ ਉਹਨਾਂ ਸਭ ਨੂੰ ਦੇਖ ਕੇ ਸੋਚ ਰਹੀ ਸੀ ਕਿ ਇਹੋ

www.PunjabiLibrary.com

ਲੋਕ ਸਨ ਜੋ ਚੰਗਾ ਪਤੀ ਮਿਲਣ ਕਾਰਨ ਉਸ ਨਾਲ ਈਰਖਾ ਕਰਿਆ ਕਰਦੇ ਸਨ, ਹੁਣ ਇਹੋ ਉਸ ਉਪਰ ਹੱਸਣ ਆਏ ਹਨ। ਸਾਧੂ ਸਿੰਘ ਦੀ ਪਤਨੀ ਸਵਰਨ ਕੋਰ ਪਰਕਾਸ਼ ਕੋਰ ਨੂੰ ਕਹਿਣ ਲਗੀ,

"ਭੈਣ ਜੀ, ਤੁਸੀਂ ਐਵੇਂ ਪਰੋਫੈਸਰ ਕਹਿ ਕਹਿ ਕੇ ਓਹਦੀਆਂ ਵਡਿਆਈਆਂ ਮਾਰੀ ਜਾ ਰਹੇ ਸਾਓ, ਸਾਨੂੰ ਤਾਂ ਪਹਿਲਾਂ ਈ ਉਹ ਮੋਮੋਠੱਗਣਾ ਜਿਹਾ ਲਗਦਾ ਸੀ।"

ਇਹ ਸੁਣਦਿਆਂ ਹੀ ਸੁਰਿੰਦਰ ਫਿਸ ਪਈ ਤੇ ਉਠ ਕੇ ਦੂਜੇ ਕਮਰੇ ਵਿਚ ਚਲੇ ਗਈ। ਗੁਲਵੰਤ ਬਾਰੇ ਕੋਈ ਗਲਤ ਬੋਲੇ ਉਸ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਸ ਨੂੰ ਪਤਾ ਸੀ ਕਿ ਗੁਲਵੰਤ ਅਜਿਹਾ ਨਹੀਂ। ਉਸ ਨੂੰ ਪਤਾ ਸੀ ਕਿ ਗੁਲਵੰਤ ਉਸ ਨੂੰ ਕਿੰਨਾ ਪਿਆਰ ਕਰਦਾ ਹੈ। ਪਰਕਾਸ਼ ਕੋਰ ਉਸ ਦੇ ਮਗਰ ਉਠ ਕੇ ਗਈ। ਉਸ ਦੇ ਮੋਢੇ 'ਤੇ ਹੱਥ ਰੱਖਦੀ ਬੋਲੀ,

"ਰੋ ਨਾ, ਤੇਰੇ ਡੈਡੀ ਆਪੇ ਸਭ ਠੀਕ ਕਰ ਲੈਣਗੇ, ਜਦ ਉਹਨਾਂ ਨੇ ਸਾਡੇ ਨਾਲ ਧੋਖਾ ਕੀਤਾ ਲੋਕਾਂ ਨੇ ਤਾਂ ਮਿਹਣੇ ਮਾਰਨੇ ਈ ਹੋਏ।"

"ਹਾਂ ਮੰਮੀ, ਮੇਰਾ ਤਾਂ ਇਸ ਕਰਕੇ ਦਿਲ ਭਰ ਆਇਆ ਸੀ ਕਿ ਮੈਨੂੰ ਗੁੱਲ ਤੋਂ ਇਹ ਆਸ ਨਹੀਂ ਸੀ।"

"ਤੂੰ ਫਿਕਰ ਨਾ ਕਰ, ਮੈਂ ਜਵਾਲਾ ਸ਼ਾਹ ਦਾ ਰੋਟ ਸੁੱਖ ਲਿਐ, ਸਭ ਠੀਕ ਹੋ ਜਾਊ।"

ਮਾਂ ਦੀ ਇਸ ਗੱਲ ਤੇ ਸੁਰਿੰਦਰ ਕੁਝ ਨਾਲ ਬੋਲੀ। ਉਸ ਮਾਂ ਸਾਹਮਣੇ ਡੋਲਣਾ ਨਹੀਂ ਸੀ ਚਾਹੁੰਦੀ। ਉਸ ਨੂੰ ਯਕੀਨ ਸੀ ਕਿ ਡੈਡੀ ਜੋ ਵੀ ਕਰਨਗੇ ਠੀਕ ਹੀ ਕਰਨਗੇ। ਉਹਨਾਂ ਦਾ ਹਰ ਫੈਸਲਾ ਉਸ ਲਈ ਸਹੀ ਹੋਵੇਗਾ।

ਕਈ ਵਾਰ ਉਹ ਅੰਮ੍ਰਿਤ ਦੇ ਮੂੰਹ ਵਲ ਦੇਖਣ ਲਗਦੀ ਖਾਸ ਤੌਰ ਤੇ ਜਦ ਅੰਮ੍ਰਿਤ ਸੁੱਤੀ ਪਈ ਹੋਵੇ। ਅੰਮ੍ਰਿਤ ਦਾ ਚਿਹਰਾ ਇਕ ਦਮ ਗੁਲਵੰਤ ਨਾਲ ਮਿਲਦਾ ਸੀ। ਉਹ ਅੰਮ੍ਰਿਤ ਨੂੰ ਛਾਤੀ ਨਾਲ ਘੁੱਟ ਲੈਂਦੀ। ਇਥੇ ਆ ਕੇ ਅੰਮ੍ਰਿਤ ਹਾਲੇ ਵੀ ਓਪਰਾ ਮੰਨ ਰਹੀ ਸੀ। ਕਈ ਵਾਰ ਰੋਣ ਲਗਦੀ ਤਾਂ ਚੁੱਪ ਹੀ ਨਾ ਕਰਦੀ। ਅੰਮ੍ਰਿਤ ਉਸ ਤੋਂ ਬਿਨਾਂ ਕਿਸੇ ਹੋਰ ਕੋਲ ਜਾਂਦੀ ਵੀ ਨਹੀਂ ਸੀ। ਜਦ ਅੰਮ੍ਰਿਤ ਚੁੱਪ ਨਾ ਕਰਦੀ ਤਾਂ ਸੁਖਵੀਰ ਮਜ਼ਾਕ ਵਿਚ ਬੋਲਦੀ,

"ਚੱਲ ਦਫਾ ਹੋ, ਚੱਠਾ-ਬੱਚੀ!"

ਸੁਰਿੰਦਰ ਨੂੰ ਇਹ ਗੱਲ ਚੰਗੀ ਨਾ ਲਗਦੀ। ਉਸ ਨੂੰ ਹੁਣ ਕੁਝ ਵੀ ਚੰਗਾ ਨਹੀਂ ਸੀ ਲਗ ਰਿਹਾ। ਘਰ ਵਿਚ ਕੋਈ ਹੱਸਦਾ ਵੀ ਤਾਂ ਲਗਦਾ ਕਿ ਜਿਵੇਂ ਉਸ ਉਪਰ ਹੀ ਹੱਸ ਰਿਹਾ ਹੋਵੇ। ਉਸ ਲਈ ਦਿਨ ਕੱਢਣਾ ਮੁਸ਼ਕਲ ਹੋ ਜਾਂਦਾ। ਲਗਦਾ ਕਿ ਹੁਣ ਗੁਲਵੰਤ ਦਾ ਫੋਨ ਆਵੇਗਾ ਤੇ ਉਸ ਨੂੰ ਬੋਲੇਗਾ ਕਿ ਚੱਲ ਚਲੀਏ। ਗੁਲਵੰਤ ਦੀ ਕਾਰ ਉਸ ਕੋਲ ਸੀ। ਉਸ ਸੋਚ ਰਹੀ ਸੀ ਕਿ ਕੰਮ 'ਤੇ ਜਾਣ ਲਈ ਗੁਲਵੰਤ ਨੂੰ ਕਾਰ ਦੀ ਲੋੜ ਹੋਵੇਗੀ, ਕਾਰ ਲੈਣ ਆਇਆ ਉਸ ਨੂੰ ਵੀ ਲੈ ਜਾਵੇਗਾ ਪਰ ਗੁਲਵੰਤ ਕੋਲ ਦੂਸਰੀ ਚਾਬੀ ਹੈ ਸੀ, ਇਸ ਲਈ ਪਤਾ ਨਹੀਂ ਉਹ ਕਿਹੜੇ ਵੇਲੇ ਆ ਕੇ ਕਾਰ ਲੈ ਗਿਆ। ਉਸ ਦੀਆਂ ਆਸਾਂ ਹੋਰ ਵੀ ਮੱਧਮ ਪੈਣ ਲਗੀਆਂ। ਜਿਵੇਂ ਸਾਰੇ ਕਹਿੰਦੇ ਸਨ ਕਿ ਗੁਲਵੰਤ ਥੋੜ੍ਹੇ ਦਿਨਾਂ ਵਿਚ ਹੀ ਢਿੱਲਾ ਪੈ ਜਾਵੇਗਾ ਪਰ ਇਵੇਂ ਨਾ ਹੋਇਆ। ਹਫਤੇ ਲੰਘਣ ਲਗੇ ਸਨ। ਸੁਰਿੰਦਰ ਹੁਣ ਆਪਣੇ ਤੌਰ 'ਤੇ ਫਿਕਰਵੰਦ ਹੋ ਰਹੀ ਸੀ ਭਾਵੇਂ ਇਸ ਬਾਰੇ ਕਿਸੇ ਨਾਲ ਗੱਲ ਨਾ ਕਰਦੀ। ਉਹ ਇਕੱਲੀ ਹੁੰਦੀ ਤਾਂ ਕਈ ਵਾਰ ਅੰਮ੍ਰਿਤ ਨੂੰ ਜੱਫੀ ਵਿਚ ਲੈ ਕੇ ਰੋਣ ਲਗਦੀ। ਭਾਵੇਂ ਉਸ ਸਭ ਦੇ ਸਾਹਮਣੇ ਖੁਸ਼ ਰਹਿਣ ਦੀ ਕੋਸ਼ਿਸ਼ ਕਰਦੀ ਪਰ ਫਿਰ ਵੀ ਆਪਣੇ ਅੰਦਰਲੀ ਉਥਪ-ਪੁੱਥਲ ਨੂੰ ਕਾਬੂ ਰੱਖਣ ਲਈ ਉਹ ਖਾਮੋਸ਼ ਜਿਹੀ ਹੋ ਜਾਂਦੀ।

ਪਰਕਾਸ਼ ਕੋਰ ਉਸ ਵਲ ਦੇਖਦੀ ਰਹਿੰਦੀ। ਕਈ ਵਾਰ ਚੋਰੀ ਚੋਰੀ ਦੇਖਦੀ ਉਸ ਦਾ ਮਨ ਪੜ੍ਹਨ ਦੀ ਕੋਸ਼ਿਸ਼ ਕਰਦੀ। ਇਕ ਦਿਨ ਉਸ ਨੇ ਧੀ ਨੂੰ ਕਲ਼ਾਵੇ ਵਿਚ ਲਿਆ ਤੇ ਪੁੱਛਣ ਲਗੀ,

"ਕੀ ਐ ਤੇਰੇ ਮਨ ਵਿਚ?"

ਸੁਰਿੰਦਰ ਨੇ ਉਸ ਵਲ ਦੇਖਿਆ ਤੇ ਲਗਾਤਾਰ ਦੇਖਦੀ ਰਹੀ। ਪਰਕਾਸ਼ ਕੋਰ ਨੇ ਫਿਰ ਕਿਹਾ,

"ਚੁੱਪ ਕਿਉਂ ਐਂ?"

ਸੁਰਿੰਦਰ ਇਕ ਦਮ ਫਿਸ ਪਈ ਤੇ ਫਿਰ ਹੁਬਕੀਂ ਉਤਰ ਆਈ। ਪਰਕਾਸ਼ ਕੋਰ ਵੀ ਰੋਣ ਲਗੀ। ਦੋਨੋਂ ਮਾਵਾਂ-ਧੀਆਂ ਇਕ ਦੂਜੇ ਦੇ ਗਲ਼ ਲਗੀਆਂ ਕਿੰਨਾ ਚਿਰ ਤਕ ਰੋਂਦੀਆਂ ਰਹੀਆਂ। ਸੁਖਵੀਰ ਆਈ ਤਾਂ ਉਹਨਾਂ ਨੂੰ ਰੋਂਦੀਆਂ ਨੂੰ ਦੇਖ ਕੇ ਤਾੜੀ ਮਾਰਦੀ ਹੱਸਣ ਲਗੀ। ਪਰਕਾਸ਼ ਕੋਰ ਉਸ ਨੂੰ ਬੋਲੀ,

"ਚੁੱਪ ਕਰ, ਹੋਵੇ ਨਾ ਤਾਂ ਪਿਓ ਵਰਗੀ ਪੱਥਰ ਜਿਹੀ!"

ਸੁਰਜਨ ਸਿੰਘ ਕੰਮ ਤੋਂ ਅਇਆ ਤਾਂ ਪਰਕਾਸ਼ ਕੋਰ ਉਸ ਨੂੰ ਕਹਿਣ ਲਗੀ,

"ਜੀ, ਸੁਰਿੰਦਰ ਤਾਂ ਬਹੁਤ ਈ ਓਦਰੀ ਪਈ ਐ, ...ਅੱਜ ਮਸਾਂ ਚੁੱਪ ਕਰਾਈ, ਮੈਂ ਕਦੇ ਉਹਨੂੰ ਏਨੀ ਉਦਾਸ ਨਹੀਂ ਦੇਖਿਆ।"

"ਬੁੜ੍ਹੀਏ, ਜ਼ਿੰਦਗੀ ਵਿਚ ਜਦ ਵੀ ਮੁਸੀਬਤ ਪੈਂਦੀ ਐ ਤਾਂ ਤਰ੍ਹਾਂ ਤਰ੍ਹਾਂ ਦੇ ਵਕਤ ਦਾ ਸਾਹਮਣਾ ਕਰਨਾ ਪੈਂਦਾ। ਮੈਂ ਕੁੜੀਆਂ ਨੂੰ ਪਹਿਲੇ ਦਿਨ ਤੋਂ ਈ ਸਮਝੌਨਾਂ; ਹਰ ਮੁਸੀਬਤ ਦਾ ਸਾਹਮਣਾ ਖਿੜੇ ਮੱਥੇ ਕਰੋ, ਐਵੇਂ ਜਜ਼ਬਾਤੀ ਨਾ ਹੋਵੋ, ਜੇ ਤੁਸੀਂ ਡਿਗ ਪਏ ਤਾਂ ਇਹ ਲੋਕ, ਇਹ ਮੁਸੀਬਤਾਂ ਤੁਹਾਨੂੰ ਢਾਹ ਲੈਣਗੀਆਂ, ਡਿਗੇ ਹੋਏ ਬੰਦੇ ਨੂੰ ਹਰ ਕੋਈ ਲਤਾੜਦਾ ਹੋਇਆ ਲੰਘਦੈ।"

www.PunjabiLibrary.com

"ਤੁਸੀਂ ਵੀ ਨਾ, ਧੂੜ 'ਚ ਟੱਟੂ ਭਜਾਉਣ ਲਗਦੇ ਆਂ, ਮੈਂ ਕੁਝ ਹੋਰ ਕਹਿੰਨੀ ਆਂ ਤੁਸੀਂ ਕਿਸੇ ਹੋਰ ਪਾਸੇ ਤੁਰੇ ਫਿਰਦੇ ਆਂ। ...ਮੈਂ ਤਾਂ ਕਹਿੰਨੀ ਆਂ ਕਿ ਕੁੜੀ ਘਰ ਜਾਣ ਨੂੰ ਓਦਰੀ ਹੋਈ ਐ।"

"ਅਸੀਂ ਵੀ ਤਾਂ ਕਹਿੰਨੇ ਆਂ ਕਿ ਘਰ ਜਾਵੇ ਪਰ ਉਹ ਹਰਾਮੀ ਹੁਣ ਏਹਨੂੰ ਹਥਿਆਰ ਬਣਾ ਕੇ ਵਰਤ ਰਿਹੈ। ਇਹਨੂੰ ਕਹਿ ਜ਼ਰਾ ਸਟਰੌਂਗ ਬਣੇਂ, ਜ਼ਰਾ ਸਬਰ ਕਰੇ, ਉਹ ਆਪੇ ਆ ਕੇ ਲੈ ਜਾਊ।"

"ਜੀ, ਜਿੱਦਾਂ ਗੁਲਵੰਤ ਕਹਿੰਦਾ, ਦੋਨਾਂ ਨੂੰ 'ਕੱਠੀਆਂ, ...ਏਦਾਂ ਸੋਚ ਕੇ ਦੇਖ ਲਓ।"

"ਬੁੜ੍ਹੀਏ, ਮੈਂ ਬਹੁਤ ਸੋਚਿਆ, ਰਾਜੂ ਹੁਣ ਬਹੁਤ ਔਖਾ ਫਿਰਦੈ, ਪੁਲੀਸ ਸਟੇਸ਼ਨ ਜਾਣ ਦਾ ਰਾਗ ਈ ਅਲਾਪੀ ਜਾਂਦੈ, ਹਾਲੇ ਤਾਂ ਚੁੱਪ ਰਹੂ ਪਰ ਪੱਕਾ ਹੋ ਕੇ ਉਹਨੇ ਕੁੜੀ ਛੱਡ ਦੇਣੀ ਆਂ, ਜਿਹੜੀ ਬਦਨਾਮੀ, ਜਿਹੜੀ ਤਕਲੀਫ ਇਕ ਸਾਲ ਨੂੰ ਝੱਲਣੀ ਐਂ ਉਹ ਹੁਣੇ ਈ ਝੱਲ ਲਓ।"

ਸੁਰਜਨ ਸਿੰਘ ਨੇ ਆਪਣੀ ਗੱਲ ਇਵੇਂ ਮੁਕਾਈ ਕਿ ਪਰਕਾਸ਼ ਕੋਰ ਨੂੰ ਚੁੱਪ ਹੋ ਜਾਣਾ ਪਿਆ। ਉਸ ਨੇ ਅਗਲੇ ਦਿਨ ਸੁਰਿੰਦਰ ਨੂੰ ਕੋਲ ਬੈਠਾਇਆ ਤੇ ਪੁੱਛਣ ਲਗਿਆ,

"ਪੁੱਤ ਤੂੰ ਦੱਸ, ਤੂੰ ਕੀ ਚਾਹੁੰਨੀ ਐਂ, ਤੂੰ ਰਾਜੂ ਦਾ ਸੁਭਾਅ ਜਾਣਦੀ ਐਂ, ਸੁਖਵੀਰ ਨਾਲ ਹੁਣ ਉਹ ਪੱਕਾ ਹੋਣ ਲਈ ਬਣਾ ਲਵੇਗਾ ਪਰ ਟੈਂਪਰੇਰੀ ਈ, ...ਤੇਰੀ ਮੰਮੀ ਕਹਿੰਦੀ ਕਿ ਤੂੰ ਬਹੁਤ ਉਦਾਸ ਐਂ, ਤੂੰ ਦੱਸ ਕੀ ਚਾਹੁੰਨੀ ਐਂ।"

"ਡੈਡ, ਉਦਾਸ ਤਾਂ ਕਦੇ ਮਨ ਐਵੇਂ ਹੋ ਜਾਂਦੈ ਪਰ ਮੈਂ ਉਹੀ ਕਰੂੰ ਜੋ ਤੁਸੀਂ ਕਹੋਂਗੇ।"

"ਜੇ ਗੁਲਵੰਤ ਅਕਲਵੰਦ ਹੁੰਦਾ ਤਾਂ ਆ ਕੇ ਪਹੁੰਚ ਕਰਦਾ, ਰਾਜੂ ਨੂੰ ਲੈ ਕੇ ਆਉਂਦਾ, ਸੌਰੀ ਕਹਿੰਦਾ ਤਾਂ ਅਸੀਂ ਸੋਚ ਵੀ ਲੈਂਦੇ।"

ਪਿਓ ਦੀ ਗੱਲ ਇਕ ਦਮ ਸੁਰਿੰਦਰ ਦੀ ਪਕੜ ਵਿਚ ਆ ਗਈ। ਉਸ ਨੇ ਅਗਲੇ ਦਿਨ ਹੀ ਗੁਲਵੰਤ ਨੂੰ ਫੋਨ ਕੀਤਾ,

"ਗੁੱਲ, ਏਨੇ ਦਿਨ ਹੋ ਗਏ ਤੁਸੀਂ ਆਪਣੇ ਰਾਜਦੂਤ ਈ ਭੇਜੀ ਜਾਨੇ ਆਂ, ਤੁਸੀਂ ਆਪ ਆ ਕੇ ਡੈਡੀ ਨਾਲ ਗੱਲ ਕਿਉਂ ਨਹੀਂ ਕਰਦੇ, ਰਾਜੂ ਆ ਕੇ ਸੁਖਵੀਰ ਨੂੰ ਮਨਾਵੇ।"

"ਤੈਨੂੰ ਡੈਡੀ ਦੇ ਸੁਭਾਅ ਦਾ ਪਤੈ, ਪਤਾ ਨਹੀਂ ਉਹ ਕਿਹੋ ਜਿਹਾ ਬਿਹੇਵ ਕਰਨ, ਕੰਮ 'ਤੇ ਤਾਂ ਏਦਾਂ ਤੁਰੇ ਫਿਰਦੇ ਹੁੰਦੇ ਆ ਜਿੱਦਾਂ ਪਲਾਸੀ ਦੀ ਲੜ੍ਹਾਈ ਜਿੱਤੀ ਹੋਵੇ!"

"ਤੂੰ ਕਿਹੜਾ ਡੈਡੀ ਨਾਲ ਗੱਲ ਕਰ ਕੇ ਦੇਖੀ ਐ, ਕੰਮ 'ਤੇ ਈ ਇਕ ਪਾਸੇ ਬੈਠ ਕੇ ਗੱਲ ਕਰ ਲੈ।"

"ਮਾਈ ਟੈੱਨ ਬਾਈ ਟੈੱਨ, ਕੰਮ 'ਤੇ ਰੰਗ ਬਰੰਗੇ ਲੋਕ ਹੁੰਦੇ ਆ, ਅਸੀਂ ਆਪਣੇ ਘਰ ਦੀ ਗੱਲ ਉਥੇ ਕਰਦੇ ਚੰਗੇ ਨਹੀਂ ਲਗਦੇ। ਤੂੰ ਇਕ ਵਾਰ ਸੁਖਵੀਰ ਨੂੰ ਮਨਾ ਲੈ, ਸਭ ਠੀਕ ਹੋ ਜਾਊ, ਮੈਂ ਆਪ ਆ ਕੇ ਤੁਹਾਨੂੰ ਲੈ ਜਾਊਂ।"

"ਰਾਜੂ ਨੇ ਪੱਕਾ ਹੋ ਕੇ ਸੁਖਵੀਰ ਛੱਡ ਦੇਣੀ ਆਂ, ਉਸ ਬੰਦੇ ਦਾ ਕੋਈ ਭਰੋਸਾ ਨਹੀਂ।"

"ਇਹ ਗਰੰਟੀ ਮੇਰੀ ਰਹੀ, ਰਾਜੂ ਹੁਣ ਕੰਨ ਵਿਚ ਪਾਇਆ ਵੀ ਨਾ ਰੜਕੂ। ...ਬਲੀਵ ਮੀ।"

"ਗੁੱਲ, ਗੱਲ ਤੇਰੀ ਨਹੀਂ, ਤੇਰੇ ਤੇ ਸਾਰੇ ਭਰੋਸਾ ਕਰਦੇ ਆ, ਗੱਲ ਤਾਂ ਰਾਜੂ ਦੀ ਆ।"

"ਮੈਂ ਕਿਹਾ ਨਾ ਰਾਜੂ ਦੀ ਮੈਂ ਗਰੰਟੀ ਲੈਂਨਾ।"

ਗੁਲਵੰਤ ਨਾਲ ਗੱਲਾਂ ਕਰ ਕੇ ਸੁਰਿੰਦਰ ਨੂੰ ਆਸ ਬੱਝਣ ਲਗੀ ਪਰ ਜਦ ਸੁਰਜਨ ਸਿੰਘ ਨਾਲ ਬੈਠ ਕੇ ਗੱਲਾਂ ਹੋਈਆਂ ਤਾਂ ਪਰਨਾਲ਼ਾ ਉਥੇ ਦਾ ਉਥੇ ਹੀ ਰਿਹਾ। ਉਹ ਉਹਨਾਂ ਉਪਰ ਬਿਲਕੁਲ ਭਰੋਸਾ ਨਹੀਂ ਸੀ ਕਰ ਰਿਹਾ। ਉਹ ਇਹ ਵੀ ਸੋਚ ਰਿਹਾ ਸੀ ਕਿ ਜਦ ਤਕ ਗੁਲਵੰਤ ਆ ਕੇ ਮੁਆਫੀ ਨਹੀਂ ਮੰਗਦਾ ਤੇ ਨਾਲ ਰਾਜੂ ਤੋਂ ਵੀ ਨਹੀਂ ਮੰਗਵਾਉਂਦਾ ਤਦ ਤਕ ਉਹਨਾਂ ਨਾਲ ਗੱਲ ਕਰਨ ਦਾ ਫਾਇਦਾ ਹੀ ਕੀ ਹੈ। ਕੰਮ ਉਪਰ ਗੁਲਵੰਤ ਦੋਸਤਾਂ ਵਿਚ ਇਵੇਂ ਹੱਸਦਾ-ਖੇਡਦਾ ਫਿਰਦਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਸੁਰਜਨ ਸਿੰਘ ਨੇ ਧੀ ਦੀ ਦੋ ਕੁ ਪਲ ਦੀ ਆਸ ਦਾ ਗਲ਼ਾ ਸਹਿਜੇ ਹੀ ਘੁੱਟ ਦਿਤਾ।

ਸੁਰਿੰਦਰ ਰੋਜ਼ਾਨਾ ਹੀ ਗੁਲਵੰਤ ਨੂੰ ਫੋਨ ਕਰਦੀ। ਗੁਲਵੰਤ ਵੀ ਕਰ ਲੈਂਦਾ। ਉਸ ਨੂੰ ਪਤਾ ਹੁੰਦਾ ਕਿ ਇਸ ਵਕਤ ਸੁਰਜਨ ਘਰ ਨਹੀਂ ਹਵੇਗਾ ਤੇ ਫੋਨ ਅਗਿਓਂ ਸੁਰਿੰਦਰ ਨੇ ਹੀ ਚੁੱਕਣਾ ਹੁੰਦਾ ਸੀ। ਸੁਰਿੰਦਰ ਨੇ ਆਪਣੇ ਪਿਓ ਦੀ ਰਾਏ ਤੋਂ ਉਸ ਨੂੰ ਜਾਣੂ ਕਰਾ ਦਿਤਾ ਸੀ। ਗੁਲਵੰਤ ਨੂੰ ਸੁਰਜਨ ਸਿੰਘ ਦੇ ਲੋਹੇ ਦਾ ਥਣ ਬਣਨ ਉਪਰ ਹੈਰਾਨੀ ਵੀ ਹੋ ਰਹੀ ਸੀ ਤੇ ਗੁੱਸਾ ਵੀ ਆ ਰਿਹਾ ਸੀ। ਉਸ ਨੇ ਵਕੀਲਾਂ ਨਾਲ ਰਾਜੂ ਦੇ ਪੱਕੇ ਹੋਣ ਬਾਰੇ ਗੱਲ ਕੀਤੀ ਤਾਂ ਇਹੋ ਸਲਾਹ ਮਿਲੀ ਸੀ ਕਿ ਇਸੇ ਕੁੜੀ ਰਾਹੀਂ ਮੁੰਡੇ ਨੂੰ ਪੱਕਾ ਕਰਾਉ, ਨਹੀਂ ਤਾਂ ਬਹੁਤ ਮੁਸ਼ਕਲ ਖੜੀ ਹੋ ਜਾਵੇਗੀ।

ਉਸ ਦਿਨ ਸੁਰਿੰਦਰ ਨੇ ਗੁਲਵੰਤ ਨੂੰ ਫੋਨ ਕੀਤਾ ਤਾਂ ਉਹ ਬੋਲੀ,

"ਗੁੱਲ, ਤੇਰਾ ਕਦੇ ਵੀ ਮੈਨੂੰ ਜਾਂ ਅੰਮ੍ਰਿਤ ਨੂੰ ਦੇਖਣ ਨੂੰ ਦਿਲ ਨਹੀਂ ਕੀਤਾ?"

ਇੰਨੀ ਗੱਲ ਨਾਲ ਗੁਲਵੰਤ ਦਾ ਗਲ਼ਾ ਭਰ ਆਇਆ। ਕੁਝ ਦੇਰ ਤਕ ਉਸ ਤੋਂ ਬੋਲਿਆ ਹੀ ਨਾ ਗਿਆ। ਫਿਰ ਭਰੜਾਈ ਆਵਾਜ਼ ਵਿਚ ਕਹਿਣ ਲਗਿਆ,

"ਮਲਵੈਣੇ, ਤੁਹਾਡੇ ਬਿਨਾਂ ਜ਼ਿੰਦਗੀ ਵੀ ਕੋਈ ਜ਼ਿੰਦਗੀ ਐ, ਮੈਨੂੰ ਤੁਹਾਡੇ ਬਿਨਾਂ ਘਰ ਘਰ ਨਹੀਂ ਲਗ ਰਿਹਾ, ਮੈਂ ਤੁਹਾਨੂੰ ਬਹੁਤ ਜ਼ਿਆਦਾ ਮਿੱਸ ਕਰ ਰਿਹਾਂ, ਆਏ ਲਵ ਯੂ ਸੋ ਮੱਚ!"

"ਫਿਰ ਅਸੀਂ ਆ ਜਾਈਏ?"

"ਆ ਜਾਓ ਪਰ ਸੁਖਵੀਰ ਨੂੰ ਨਾਲ ਲੈ ਕੇ।"

"ਫਿਰ ਇਹ ਕਾਹਦਾ ਪਿਆਰ ਹੋਇਆ?"

"ਮਾਈ ਟੈੱਨ ਬਾਈ ਟੈੱਨ, ਪਿਆਰ ਵਿਚ ਤੂੰ ਫੇਹਲ ਹੋਈ ਐਂ ਘਰੋਂ ਜਾ ਕੇ।"

"ਮੈਂ ਤਾਂ ਆਪਣੇ ਡੈਡੀ ਦੇ ਘਰ ਈ ਆਈ ਸੀ।"

"ਪਰ ਮੇਰੇ ਤੋਂ ਚੋਰੀ, ਮੇਰੇ ਖਿਲਾਫ!"

ਗੁਲਵੰਤ ਦੀ ਇਸ ਦਲੀਲ ਮੂਹਰੇ ਸੁਰਿੰਦਰ ਨੂੰ ਕੋਈ ਗੱਲ ਨਾ ਔਹੜੀ। ਇਵੇਂ ਅਕਸਰ ਹੋ ਜਾਂਦਾ। ਗੁਲਵੰਤ ਦਲੀਲਬਾਜ਼ੀ ਵਿਚ ਤੇਜ਼ ਸੀ। ਸੁਰਿੰਦਰ ਨੇ ਆਪਣੀ ਮਾਂ ਤੋਂ ਸਿਖਿਆ ਹੋਇਆ ਸੀ ਕਿ ਪੜੇ-ਲਿਖੇ ਪਤੀ ਨਾਲ ਕਦੇ ਵੀ ਬਹਿਸ ਵਿਚ ਨਾ ਪਓ, ਜੋ ਕਹਿੰਦਾ ਹੈ ਚੁੱਪ ਕਰਕੇ ਮੰਨ ਲਓ। ਇਸੇ ਕਰਕੇ ਹੁਣ ਸੁਰਿੰਦਰ ਬਹੁਤੀ ਬਹਿਸ ਕਰਨ ਵਿਚ ਅਸਮਰਥ ਰਹਿੰਦੀ ਤੇ ਗੁਲਵੰਤ ਦੀਆਂ ਗੱਲਾਂ ਵਿਚ ਆ ਜਾਂਦੀ। ਹੁਣ ਫੋਨ ਕਰਦੀ ਉਹ ਰੋਣ ਲਗੀ। ਗੁਲਵੰਤ ਨੇ ਪੁੱਛਿਆ,

"ਕੀ ਸੋਚ ਰਹੀ ਐਂ?"

"ਸਾਡਾ ਤੈਨੂੰ ਮਿਲਣ ਨੂੰ ਦਿਲ ਕਰਦੈ।"

ਕਹਿੰਦੀ ਸੁਰਿੰਦਰ ਰੋਣ ਲਗੀ। ਗੁਲਵੰਤ ਦਾ ਵੀ ਗਲ਼ ਭਰ ਆਇਆ ਤੇ ਹੋਲੀ ਜਿਹੀ ਬੋਲਿਆ,

"ਕੱਲ ਆ ਜਾਓ, ਔਕਸਫੋਰਡ ਸਟ੍ਰੀਟ ਅੰਡਰਗਰਾਊਂਡ, ਦਸ ਵਜੇ।"

ਗੁਲਵੰਤ ਨੇ ਬਹੁਤ ਹੀ ਮੁਸ਼ਕਲ ਨਾਲ ਕਿਹਾ। ਸੁਰਿੰਦਰ ਨੇ 'ਹਾਂ' ਕਿਹਾ ਤਾਂ ਉਸ ਨੂੰ ਲਗਿਆ ਜਿਵੇਂ ਉਸ ਨੂੰ ਕਿਸੇ ਨੇ ਬਹੁਤ ਵੱਡਾ ਖਜ਼ਾਨਾ ਦੇਣ ਦਾ ਵਾਅਦਾ ਕਰ ਲਿਆ ਹੋਵੇ। ਅਗਲੇ ਦਿਨ ਸਵੇਰੇ ਮਿਲਣਾ ਸੀ ਪਰ ਉਸ ਦਾ ਦਿਲ ਹੁਣੇ ਕਾਹਲਾ ਪੈਣ ਲਗਿਆ। ਬੜੀ ਮੁਸ਼ਕਲ ਨਾਲ ਰਾਤ ਪਈ, ਸਵੇਰੇ ਹੋਈ। ਉਸ ਟਿਊਬ ਫੜ ਦਸ ਵਜੇ ਤੋਂ ਪਹਿਲਾਂ ਹੀ ਔਕਸਫੋਰਡ ਸਟ੍ਰੀਟ ਪੁੱਜ ਗਿਆ। ਸਟੇਸ਼ਨ ਉਪਰ ਆਮ ਵਾਂਗ ਬਹੁਤ ਭੀੜ ਸੀ। ਟਿਊਬ ਦੇ ਦਰਵਾਜ਼ੇ ਖੁਲ੍ਹਦੇ, ਲੋਕਾਂ ਦਾ ਇਕ ਰੇਲਾ ਬਾਹਰ ਨਿਕਲਦਾ ਤੇ ਬਾਹਰ ਵਲ ਭੱਜਣ ਲਗਦਾ। ਇਕ ਹੋਰ ਰੇਲਾ ਟਿਊਬ ਵਿਚ ਚੜ੍ਹਨ ਲਈ ਖੜਾ ਹੁੰਦਾ। ਉਹ ਸਟੇਸ਼ਨ ਦੀ ਉਪਰਲੀ ਮੰਜ਼ਲ ਤੇ ਆ ਗਿਆ ਜਿਥੇ ਟਿਕਟ ਖਿੜਕੀ ਸੀ, ਜਿਥੇ ਸੁਰਿੰਦਰ ਨੇ ਖੜੀ ਹੋਣਾ ਸੀ। ਇਕ ਤਾਂ ਮੌਸਮ ਵੀ ਬਹੁਤ ਠੰਡਾ ਸੀ ਤੇ ਉਪਰੋਂ ਹਵਾ ਵੀ ਲੋਹੜੇ ਦੀ ਚਲ ਰਹੀ ਸੀ। ਉਸ ਨੇ ਆਪਣੀ ਜੈਕਟ ਦੇ ਸਾਰੇ ਬਟਨ ਬੰਦ ਕਰ ਲਏ। ਉਸ ਦੀਆਂ ਨਜ਼ਰਾਂ ਸੁਰਿੰਦਰ ਨੂੰ ਲੱਭਣ ਲਗੀਆਂ। ਇਕ ਪਾਸੇ ਇਕ ਔਰਤ ਬੱਚਾ ਚੁੱਕੀ ਖੜੀ ਸੀ। ਪੈਰੀਂ ਹਲਕੀਆਂ ਜਿਹੀਆਂ ਚਪਲਾਂ ਤੇ ਕਪੜੇ ਵੀ ਭਾਰੇ ਨਹੀਂ ਸਨ। ਗੋਦੀ ਵਿਚ ਚੁੱਕੇ ਬਚੇ ਨੇ ਜ਼ਰੂਰ ਜੈਕਟ ਪਾਈ ਹੋਈ ਸੀ। ਪਹਿਲੀ ਨਜ਼ਰੇ ਉਸ ਨੂੰ ਉਸ ਸੁਰਿੰਦਰ ਨਾ ਲਗੀ। ਚਿਹਰਾ ਬਹੁਤ ਕਮਜ਼ੋਰ ਹੋ ਚੁੱਕਿਆ ਸੀ ਪਰ ਅੱਖਾਂ ਉਹੋ ਸਨ। ਉਹ ਉਸ ਵਲ ਦੌੜ ਪਿਆ। ਉਸ ਨੇ ਭੱਜ ਕੇ ਜਾ ਕੇ ਉਹਨਾਂ ਨੂੰ ਬਾਹਾਂ ਵਿਚ ਲੈ ਲਿਆ। ਸੁਰਿੰਦਰ ਉੱਚੀ ਉੱਚੀ ਰੋਣ ਲਗੀ। ਗੁਲਵੰਤ ਤੋਂ ਵੀ ਕਾਬੂ ਨਹੀਂ ਰੱਖ ਹੋਇਆ। ਉਹ ਕਿੰਨੀ ਦੂਰ ਤਕ ਉਵੇਂ ਹੀ ਖੜੇ ਰਹੇ। ਕੋਲੋਂ ਲੰਘਦੀ ਭੀੜ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਹੋ ਰਿਹਾ ਹੈ।

## ਬਾਈ

ਸੁਰਜਨ ਸਿੰਘ ਅਣਕਿਆਸੀ ਸਥਿਤੀ ਵਿਚ ਆ ਖੜਿਆ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਸੁਰਿੰਦਰ ਇੰਨੇ ਦਿਨ ਘਰ ਬੈਠੀ ਰਹੇਗੀ। ਛੇ ਹਫਤੇ ਹੋ ਗਏ ਸਨ ਇਕ ਚੁੱਪ ਜਿਹੀ ਬੱਝੀ ਨੂੰ। ਉਸ ਦਾ ਦਿਲ ਕਰਦਾ ਕਿ ਗੁਲਵੰਤ ਦੀ ਘੰਡੀ ਮਰੋੜ ਦੇਵੇ। ਗੁਲਵੰਤ ਨੇ ਇਕ ਵਾਰ ਵੀ ਆ ਕੇ ਉਸ ਤਕ ਪਹੁੰਚ ਨਹੀਂ ਸੀ ਕੀਤੀ। ਮੁੜ ਕੇ ਸਰੂਪ ਦਾ ਵੀ ਫੋਨ ਨਹੀਂ ਸੀ ਆਇਆ। ਗੁਲਵੰਤ ਤਾਂ ਆਪਣੇ ਦੋਸਤਾਂ ਵਿਚ ਬੈਠਾ ਹੱਸਦਾ ਰਹਿੰਦਾ। ਕਈ ਵਾਰ ਉਹ ਕੋਲ ਦੀ ਲੰਘ ਰਿਹਾ ਹੁੰਦਾ ਤਾਂ ਗੁਲਵੰਤ ਦੇ ਦੋਸਤਾਂ ਦੀ ਢਾਣੀ ਬਿਨਾਂ ਕਿਸੇ ਗੱਲ ਤੋਂ ਹੀ ਹੱਸ ਪੈਂਦੀ। ਉਸ ਨੂੰ ਪਤਾ ਸੀ ਕਿ ਗੁਲਵੰਤ ਉਸ ਦਾ ਜਾਣ ਕੇ ਮਜ਼ਾਕ ਉਡਾ ਰਿਹਾ ਹੈ, ਉਸ ਦੀਆਂ ਨਸਾਂ ਤਣਨ ਲਗਦੀਆਂ। ਹੁਣ ਉਸ ਨੂੰ ਰਾਜੂ ਨਾਲੋਂ ਗੁਲਵੰਤ ਜ਼ਿਆਦਾ ਖਤਰਨਾਕ ਲਗ ਰਿਹਾ ਸੀ। ਪਹਿਲਾਂ ਵੀ ਉਹ ਕਈ ਵਾਰ ਸੋਚਿਆ ਕਰਦਾ ਕਿ ਅਗਰ ਰਾਜੂ ਉਸ ਦੀ ਹਰ ਗੱਲ ਮੰਨਦਾ ਹੈ ਤਾਂ ਇੰਨੀ ਗੱਲ ਨਹੀਂ ਮੰਨ ਸਕਦਾ ਕਿ ਕੁੜੀ ਨੂੰ ਖੁਸ਼ ਰੱਖੇ। ਅੰਦਰ ਭਾਵੇਂ ਉਸ ਦੇ ਤੁਫਾਨ ਸੀ ਪਰ ਬਾਹਰੋਂ ਉਹ ਠੀਕ ਰਹਿੰਦਾ। ਕੋਈ ਵੀ ਸ਼ਿਕਨ ਚਿਹਰੇ 'ਤੇ ਨਾ ਆਉਣ ਦਿੰਦਾ। ਉਸ ਦੇ

www.PunjabiLibrary.com

ਦੋਸਤ; ਗੁਰਨਾਮ ਸਿੰਘ, ਚਮਨ ਲਾਲ, ਬਲਦੇਵ ਸਿੰਘ, ਅਰਜਨ ਸਿੰਘ ਕਦੇ ਕਦੇ ਉਸ ਨਾਲ ਸਲਾਹਾਂ ਕਰਨ ਬੈਠ ਜਾਂਦੇ ਪਰ ਉਹ ਹਿਸਾਬ ਨਾਲ ਹੀ ਗੱਲ ਕਰਦੇ। ਵਿਚੋ-ਵਿਚ ਕਈ ਸੁਰਜਨ ਦੇ ਖਿਲਾਫ ਵੀ ਸਨ ਕਿ ਖਾਹਮਖਾਹ ਦੀ ਜ਼ਿਦ ਕਰ ਰਿਹਾ ਹੈ। ਸਰੂਪ ਜਦ ਅਰਜਨ ਸਿੰਘ ਨੂੰ ਇਸ ਬਾਰੇ ਮਿਲਦਾ ਤਾਂ ਉਹ ਅਗੋਂ ਕਹਿੰਦਾ,

"ਤੂੰ ਫਿਕਰ ਨਾ ਕਰ, ਚਾਹਲ ਹਾਲੇ ਜ਼ਰਾ ਜ਼ਿਆਦਾ ਈ ਔਖਾ ਫਿਰਦੈ ਪਰ ਕਿਥੋਂ ਕੁ ਤੱਕ ਦੌੜੂ! ਨਾਲ਼ੇ ਤੁਹਾਡਾ ਕਿਹੜਾ ਮੁੰਡਾ ਮੁੜਿਆ ਜਾਂਦੈ, ਕਈ ਕਈ ਸਾਲ ਲਗ ਜਾਂਦੇ ਆ।"

ਗੁਰਨਾਮ ਸਿੰਘ ਨੇ ਇਕ ਦਿਨ ਗੁਲਵੰਤ ਨਾਲ ਗੱਲ ਕੀਤੀ ਤੇ ਫਿਰ ਬਾਕੀ ਦੋਸਤਾਂ ਨੂੰ ਆਪਣੇ ਵਿਚਾਰ ਦਸਦਾ ਹੋਇਆ ਕਹਿਣ ਲਗਿਆ,

"ਬਈ ਗੱਲ ਕਰਿਸਟਲ-ਕਲੀਅਰ ਐ, ਜੇ ਵਸਣਗੀਆਂ ਤਾਂ ਦੋਨੋਂ ਵਸਣਗੀਆਂ,ਇਹ ਗੱਲ ਚਾਹਲ ਦੇ ਜਵਾਈ ਨੇ ਸਾਫ ਕਰ ਦਿਤੀ ਐ।"

"ਨਈਂ, ਮੇਰੇ ਨਾਲ਼ ਪਹਿਲਾਂ ਗੱਲ ਹੋਈ ਸੀ ਕਹਿੰਦਾ ਸੀ ਬਈ ਉਹ ਕਹਿੰਦੇ ਕਿ ਜੇ ਛੋਟੀ ਕੁੜੀ ਨਈਂ ਭੇਜਣੀ ਤਾਂ ਮੁੰਡਾ ਪੱਕਾ ਕਰਾ ਦਿਓ ਪਰ ਇਹ ਕਮਲ਼ਾ ਏਦਾਂ ਵੀ ਨਹੀਂ ਮੰਨਦਾ।"

"ਅਸਲ ਵਿਚ ਬਲਦੇਵ ਸਿਆਂ, ਇਹ ਗੱਲ ਸੋਭਦੀ ਵੀ ਨਹੀਂ, ਕੱਲ ਨੂੰ ਦੁਨੀਆਂ ਨੇ ਈ ਪੰਜਾਹ ਗੱਲਾਂ ਬਣਾਉਣੀਆਂ।"

"ਗੱਲ ਦੁਨੀਆਂ ਦੀ ਐ ਕਿ ਕੁੜੀਆਂ ਵਸਾਉਣ ਦੀ! ...ਦੁਨੀਆਂ ਵੀ ਜਿੱਤੀ ਆ ਕਿਸੇ ਨੇ!"

"ਜੇ ਅਕਲਵੰਦ ਹੋਵੇ ਤਾਂ ਦੋਨੋਂ ਕੁੜੀਆਂ ਭੇਜ ਦੇਵੇ।"

ਗੁਰਨਾਮ ਸਿੰਘ ਦਾ ਪਹਿਲਾਂ ਤੋਂ ਹੀ ਸੁਭਾਅ ਕੁਝ ਬੜਬੋਲਾ ਸੀ ਤੇ ਆਪਣੇ ਦਿਲ ਦੀ ਗੱਲ ਕਹਿ ਦਿਆ ਕਰਦਾ ਸੀ। ਇਕ ਦਿਨ ਉਸ ਨੇ ਸੁਰਜਨ ਸਿੰਘ ਨੂੰ ਕਿਹਾ,

"ਯਾਰ ਚਾਹਲ, ਦੋ ਦੋ ਕੁੜੀਆਂ ਦੀ ਜ਼ਿੰਦਗੀ ਖਰਾਬ ਹੋ ਰਹੀ ਐ, ਘੱਟੋ ਘੱਟ ਇਕ ਦੀ ਤਾਂ ਬਚਾਈ ਜਾ ਸਕਦੀ ਐ!"

"ਗੁਰਨਾਮ ਸਿਆਂ, ਲੱਤ ਗਿੱਟੇ ਤੋਂ ਵੱਢ ਹੋਵੇ ਜਾਂ ਗੋਡੇ ਤੋਂ, ਬੰਦਾ ਇਕੋ ਜਿੰਨਾ ਈ ਆਰੀ ਹੁੰਦੈ।"

"ਭਾਈ ਮੇਰੇ, ਇਹ ਗੱਲ ਏਨੀ ਸੌਖੀ ਨਹੀਂ, ਏਸ ਤਾਣੀ ਵਿਚ ਕਈ ਜ਼ਿੰਦਗੀਆਂ ਉਲਝੀਆਂ ਪਈਆਂ, ਜ਼ਰਾ ਠੰਡੇ ਦਿਮਾਗ ਨਾਲ ਸੋਚ ਕੇ ਦੇਖ, ਬਾਕੀ ਤੂੰ ਆਪ ਸਿਆਣੈਂ।"

"ਅਸਲ ਗੱਲ ਤਾਂ ਇਹ ਐ ਕਿ ਕੁੜੀ ਨਹੀਂ ਮੰਨਦੀ।"

ਸੁਰਜਨ ਸਿੰਘ ਨੇ ਪਿੱਛਾ ਛੁਡਾਉਣ ਲਈ ਕਹਿ ਦਿਤਾ। ਉਸ ਨੂੰ ਪਤਾ ਸੀ ਕਿ ਉਸ ਦੇ ਇਹ ਸਾਰੇ ਮਿੱਤਰ ਉਸ ਦੇ ਖੈਰ-ਖੁਆਹ ਹਨ ਪਰ ਕਿਸੇ ਦੀ ਕੋਈ ਦਲੀਲ ਚੰਗੀ ਨਹੀਂ ਸੀ ਲਗ ਰਹੀ। ਇਸ ਤੋਂ ਬਾਅਦ ਉਸ ਦੇ ਦੋਸਤਾਂ ਨੇ ਉਸ ਨਾਲ ਇਸ ਵਿਸ਼ੇ 'ਤੇ ਗੱਲ ਕਰਨੀ ਹੀ ਛੱਡ ਦਿਤੀ। ਉਹਨਾਂ ਨੂੰ ਹਮਦਰਦੀ ਜ਼ਰੂਰ ਸੀ ਪਰ ਨਾਲ ਦੀ ਨਾਲ ਰੁਆਇਲ ਡੀਨ ਵਿਚ ਗੁਲਵੰਤ ਦੇ ਹੱਕ ਵਿਚ ਵੀ ਇਕ ਗਰੁੱਪ ਉਭਰ ਰਿਹਾ ਸੀ।

ਸੁਰਜਨ ਸਿੰਘ ਸੋਚਦਾ ਕਿ ਹਾਲੇ ਗੁਲਵੰਤ ਆਕੜ ਆਕੜ ਕੇ ਤੁਰ ਰਿਹਾ ਹੈ, ਅਸਲੀ ਝਟਕੇ ਤਾਂ ਅਗੇ ਜਾ ਕੇ ਉਸ ਨੂੰ ਲਗਣੇ ਹਨ; ਘਰ ਵਿਕਣ ਦਾ ਝਟਕਾ, ਤਲਾਕ ਹੋਣ ਦਾ ਝਟਕਾ, ਬੱਚੀ ਦੇ ਖਰਚੇ ਦਾ ਝਟਕਾ। ਉਸ ਨੂੰ ਯਕੀਨ ਸੀ ਕਿ ਗੁਲਵੰਤ ਇਹ ਸਭ ਕਿਸੇ ਵੀ ਹਾਲਤ ਵਿਚ ਨਹੀਂ ਦੇਖਣਾ ਚਾਹੇਗਾ ਇਸ ਲਈ ਇਕ ਦਿਨ ਮੁੜ ਪਵੇਗਾ, ਆਕੇ ਸੁਰਿੰਦਰ ਨੂੰ ਲੈ ਜਾਵੇਗਾ। ਇਕ ਦਿਨ ਪਰਕਾਸ਼ ਕੋਰ ਰੋਂਦੀ ਹੋਈ ਪੁੱਛਣ ਲਗੀ,

"ਜੀ, ਹੁਣ ਕੀ ਬਣੂੰ?"

"ਬਣਨਾਂ ਕੀ ਐ, ਜਿਹੜਾ ਵੀ ਬਣੂੰ ਨਿਬੜਾਂਗੇ, ਜੇ ਰਾਜੂ ਨੂੰ ਪੱਕਾ ਕਰਾ ਦਿੰਨੇ ਆਂ ਉਹਨੇ ਤਾਂ ਕੱਲ ਨੂੰ ਇੰਡੀਆ ਚੜ ਜਾਣੈਂ, ਹੁਣ ਇੰਗਲੈਂਡ ਦੇ ਨਾਂ ਨੂੰ ਭਾਵੇਂ ਕਿਸੇ ਮੰਤਰੀ ਦੀ ਕੁੜੀ ਵਿਆਹ ਲਿਆਵੇ।"

"ਪਰ ਏਹਦਾ ਵੱਡੀ ਦਾ ਕੀ ਕਰੀਏ?"

"ਦੇਖਦੇ ਆਂ, ਜੇ ਲੋੜ ਪਈ ਤਾਂ ਘਰ ਸੇਲ 'ਤੇ ਲੁਆ ਦੇਵਾਂਗੇ, ਆਪੇ ਦੌੜਾ ਆਊ।"

"ਤੁਸੀਂ ਕੀ ਸੋਚਦੇ ਆਂ ਕਿ ਤੁਹਾਨੂੰ ਈ ਜ਼ਿੱਦ ਕਰਨੀ ਆਉਂਦੀ ਐ, ਉਹ ਵੀ ਘੱਟ ਨਹੀਂ।"

ਕਹਿੰਦੀ ਪਰਕਾਸ਼ ਕੋਰ ਰੋਣ ਲਗੀ ਤੇ ਕਿੰਨਾ ਚਿਰ ਰੋਂਦੀ ਰਹੀ। ਸੁਰਜਨ ਸਿੰਘ ਨੂੰ ਲਗਿਆ ਕਿ ਉਹ ਇਕੱਲਾ ਰਹਿ ਰਿਹਾ ਹੈ। ਉਸ ਨੂੰ ਇਹ ਨਹੀਂ ਸੀ ਪਤਾ ਕਿ ਸੁਰਿੰਦਰ ਗੁਲਵੰਤ ਨੂੰ ਮਿਲ ਕੇ ਆਈ ਹੈ ਪਰ ਇਹ ਜ਼ਰੂਰ ਪਤਾ ਸੀ ਕਿ ਉਹ ਰੋਜ਼ਾਨਾ ਗੁਲਵੰਤ ਨੂੰ ਫੋਨ ਕਰਦੀ ਹੈ। ਇਹ ਵੀ ਯਕੀਨ ਸੀ ਕਿ ਗੁਲਵੰਤ ਉਸ ਨੂੰ ਭਾਵੁਕ ਤੌਰ 'ਤੇ ਬਲੈਕਮੇਲ ਕਰ ਰਿਹਾ ਹੈ। ਉਸ ਨੇ ਸੁਰਿੰਦਰ ਨੂੰ ਇਕ ਦਿਨ ਫਿਰ ਆਪਣੇ ਕੋਲ ਬੈਠਾ ਕੇ ਕਿਹਾ,

"ਦੱਸ ਸੁਰਿੰਦਰ, ਤੂੰ ਕੀ ਚਾਹੁੰਨੀ ਐਂ?"

"ਡੈਡੀ, ਜੋ ਵੀ ਤੁਸੀਂ ਚਾਹੁੰਦੇ ਓ।"

"ਹੁਣ ਦੇਖ ਸਭ ਕੁਝ ਤੇਰੇ ਸਾਹਮਣੇ ਈ ਐ, ਤੂੰ ਦੱਸ, ਤੇਰੇ ਦਿਲ ਵਿਚ ਕੀ ਐ।"

ਸੁਰਜਨ ਸਿੰਘ ਗੱਲ ਕਰ ਕੇ ਉਸ ਵਲੋਂ ਜਵਾਬ ਉਸ ਵਲੋਂ ਜਵਾਬ ਉਡੀਕਣ ਲਗਿਆ। ਸੁਰਿੰਦਰ ਦਬੀ ਜਿਹੀ ਜ਼ੁਬਾਨ ਵਿਚ ਬੋਲੀ,

"ਡੈਡ, ਕੀ ਮੇਰਾ ਘਰ ਵਸਣ ਦਾ ਕੋਈ ਚਾਂਸ ਐ?"

"ਜੇ ਗੁਲਵੰਤ ਤੈਨੂੰ ਪਿਆਰ ਕਰਦਾ ਹੁੰਦਾ ਤਾਂ ਹੁਣ ਤਕ ਆ ਗਿਆ ਹੁੰਦਾ, ਤੈਨੂੰ ਲੈ ਗਿਆ ਹੁੰਦਾ, ਫੋਨ ਕਰ ਕਰ ਕੇ ਤੈਨੂੰ ਖਰਾਬ ਕਰ ਰਿਹੈ, ਜੋ ਵੀ ਕਹਿ ਰਿਹਾ ਸਭ ਝੂਠ ਐ।"

"ਡੈਡ, ਉਹ ਜ਼ਰਾ ਗੁੱਸੇ ਵਿਚ ਐ, ਆਪਾਂ ਰਾਜੂ ਨੂੰ ਵਾਪਸ ਜਿਉਂ ਮੋੜਨਾ ਚਾਹੁੰਦੇ ਆਂ।"

"ਅਸੀਂ ਕੋਈ ਪਾਗਲ ਥੋੜੋਂ ਆਂ! ...ਉਹਨਾਂ ਦੀ ਸਿੱਧੀ ਸਕੀਮ ਐਂ ਕਿ ਰਾਜੂ ਨੂੰ ਪੱਕਾ ਕਰਾ ਕੇ ਦੁਬਾਰਾ ਵਿਆਹੁਣ ਦੀ ਤੇ ਫਿਰ ਨਵੀਂ ਕੁੜੀ ਲਿਆ ਕੇ ਤੇਰੇ ਸਾਹਮਣੇ ਘਰ ਵਿਚ ਰੱਖਣ ਦੀ ਤਾਂ ਜੋ ਸਾਰੀ ਉਮਰ ਤੈਨੂੰ ਮਾਨਸਿਕ ਤਕਲੀਫ ਦਾ ਸਾਹਮਣਾ ਕਰਨਾ ਪਵੇ।"

ਸੁਰਜਨ ਸਿੰਘ ਨੇ ਜ਼ਰਾ ਗੁੱਸੇ ਵਿਚ ਆਖਿਆ। ਸੁਰਿੰਦਰ ਚੁੱਪ ਕਰ ਗਈ। ਅਜ ਕਲ ਸੁਰਜਨ ਸਿੰਘ ਦਾ ਸੁਭਾਅ ਜ਼ਰਾ ਬੌਸੀ ਜਿਹਾ ਹੋ ਗਿਆ ਸੀ। ਉਸ ਦੇ ਉਠ ਕੇ ਜਾਣ ਤੋਂ ਬਾਅਦ ਪਰਕਾਸ਼ ਕੋਰ ਆਈ ਤੇ ਸੁਰਿੰਦਰ ਦੇ ਮੋਢ੍ਹੇ 'ਤੇ ਹੱਥ ਰਖਦੀ ਬੋਲੀ,

"ਚਲ ਰੋ ਨਾ ਮੇਰੀ ਧੀ, ਆਪੇ ਜੁਆਲਾ ਸ਼ਾਹ ਕੋਈ ਰਾਹ ਕੱਢੂ, ਤੇਰੇ ਪਿਓ ਨੇ ਤੇ ਵੀਰਾਂ ਨੇ ਰਲ਼ ਕੇ ਭੈਰ ਮਿੱਟੀ ਚੁੱਕੀ ਪਈ ਐ!"

ਜਿਵੇਂ ਜਿਵੇਂ ਵਕਤ ਲੰਘ ਰਿਹਾ ਸੀ ਗੁਲਵੰਤ ਅੰਦਰੋਂ ਖੁਰ ਰਿਹਾ ਸੀ। ਕਮਜ਼ੋਰ ਪੈ ਰਿਹਾ ਸੀ। ਡਰ ਰਿਹਾ ਸੀ ਕਿ ਸੁਰਿੰਦਰ ਸਦਾ ਲਈ ਉਸ ਦੀ ਜ਼ਿੰਦਗੀ ਵਿਚੋਂ ਜਾ ਰਹੀ ਹੈ ਤੇ ਨਾਲ ਹੀ ਉਸ ਦੀ ਧੀ ਵੀ ਪਰ ਬਾਹਰੋਂ ਪੂਰਾ ਕਾਇਮ ਸੀ। ਸ਼ਰਾਬ ਨੇ ਉਸ ਨੂੰ ਇਕ ਕਿਸਮ ਨਾਲ ਆਸਰਾ ਦੇ ਦਿਤਾ ਸੀ। ਉਸ ਦੇ ਟੋਲੇ ਦੇ ਵਿਜੇ, ਮੁਸ਼ਤਾਕ, ਰਣਬੀਰ, ਐਲਨ; ਸਭ ਖਰੂਦੀ ਜਿਹੇ ਗਿਣੇ ਜਾਂਦੇ ਸਨ। ਗੁਲਵੰਤ ਵੀ ਓਹਨਾਂ ਵਰਗਾ ਬਣਿਆਂ ਫਿਰਦਾ ਸੀ। ਇਕ ਦਿਨ ਚਮਨ ਲਾਲ ਨੇ ਬਲਦੇਵ ਸਿੰਘ ਨੂੰ ਕਿਹਾ,

"ਸੁਰਜਨ ਨੇ ਇਹ ਪਰੋਫੈਸਰ ਜਵਾਈ ਆਪਣੇ ਭਰਾ ਦੇ ਪਰੋਫੈਸਰ ਜਵਾਈ ਦਾ ਮੁਕਾਬਲਾ ਕਰਨੇ ਨੂੰ ਲੱਭਿਆ ਸੀ ਪਰ ਦੇਖ ਕਿੱਦਾਂ ਸ਼ਰਾਬੀ ਹੋਇਆ ਆਪਣੀ ਪਰੋਫੈਸਰੀ ਰੋਲ਼ਦਾ ਫਿਰਦੈ!"

"ਚਮਨ ਲਾਲ, ਚਾਹਲ ਆਪਣਾ ਦੋਸਤ ਐ, ਏਸ ਲਈ ਅਸੀਂ ਉਹਦੀ ਸਾਈਡ ਲੈਣੀ ਈ ਹੋਈ ਪਰ ਤੂੰ ਸੋਚ ਜ਼ਰਾ, ਇਹ ਮੁੰਡਾ ਪਹਿਲਾਂ ਏਦਾਂ ਦਾ ਤਾਂ ਨਹੀਂ ਸੀ, ਚਾਹਲ ਨੇ ਏਹਨੂੰ ਵਿਗਾੜਿਆ, ਹੁਣ ਇਹ ਵੀ ਜ਼ਿੱਦੀਆ ਬਣਿਆਂ ਬੈਠਾ, ਤੈਨੂੰ ਇਕ ਹੋਰ ਗੱਲ ਵੀ ਦਸ ਦੇਵਾਂ, ਕਿਤੇ ਮੁੰਡਿਆਂ ਦਾ ਇਹ ਗਰੁੱਪ ਚਾਹਲ ਨੂੰ ਕੁਝ ਕਹਿ ਈ ਨਾ ਦੇਵੇ, ਇਹ ਮੁੰਡੇ ਕਿਤੇ ਬੇਇਜ਼ਤੀ ਈ ਨਾ ਕਰ ਦੇਣ, ਕੀ ਪਤਾ ਕੋਈ ਧੱਕਾ ਮਾਰ ਦੇਵੇ ਜਾਂ ਕੁਝ ਹੋਰ...।"

"ਨਾ ਬਈ ਬਲਦੇਵ ਸਿੰਘ, ਇਹ ਨਹੀਂ ਅਸੀਂ ਹੋਣ ਦੇਣਾਂ, ਫਿਰ ਵੀ ਪੁਰਾਣੀ ਦੋਸਤੀ ਐ, ਅਸੀਂ ਤਾਂ ਪੇਂਡੂੰ ਵੀ ਆਂ।"

"ਗੱਲ ਤਾਂ ਤੇਰੀ ਠੀਕ ਐ ਪਰ ਮਹੌਲ ਦਿਨੋ ਦਿਨ ਵਿਗੜ ਰਿਹੈ।"

ਬਲਦੇਵ ਸਿੰਘ ਨੇ ਆਪਣੇ ਡਰ ਦਾ ਇਜ਼ਹਾਰ ਕਰਦਿਆਂ ਕਿਹਾ। ਸੁਰਜਨ ਸਿੰਘ ਵੀ ਅਜਿਹਾ ਡਰ ਪਾਲ਼ੀ ਫਿਰਦਾ ਸੀ ਪਰ ਉਹ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਤਿਆਰ ਸੀ। ਉਹ ਗੁਲਵੰਤ ਦਾ ਹਰ ਤਰ੍ਹਾਂ ਨਾਲ ਮੁਕਾਬਲਾ ਕਰਨ ਲਈ ਤਿਆਰ ਸੀ ਪਰ ਅਜਿਹਾ ਕੁਝ ਨਹੀਂ ਹੋਇਆ। ਗੁਲਵੰਤ ਨੇ ਅਜਿਹਾ ਕਦੇ ਸੋਚਿਆ ਵੀ ਨਹੀਂ ਸੀ। ਉਹ ਤਾਂ ਆਪ ਤੜਫ ਰਿਹਾ ਸੀ। ਸੁਰਿੰਦਰ ਉਸ ਨੂੰ ਹਰ ਰੋਜ਼ ਫੋਨ ਕਰਦੀ ਤੇ ਨਾਲ ਹੀ ਅੰਮ੍ਰਿਤ ਤੋਂ ਤੋਤਲੀਆਂ ਜਿਹੀਆਂ ਗੱਲਾਂ ਵੀ ਕਰਾਉਂਦੀ। ਬਾਹਰ ਵੀ ਮਿਲਦੇ ਰਹਿੰਦੇ ਸਨ। ਗੁਲਵੰਤ ਉਸ ਦੀ ਸ਼ੌਪਿੰਗ ਵੀ ਕਰਾ ਦਿੰਦਾ। ਦੋਵੇਂ ਹੀ ਇਕ ਦੂਜੇ ਉਪਰ ਜਜ਼ਬਾਤੀ ਦਬਾਅ ਪਾ ਰਹੇ ਸਨ ਪਰ ਇਕ ਦੂਜੇ ਸਾਹਮਣੇ ਕਮਜ਼ੋਰ ਨਹੀਂ ਸਨ ਪੈਣਾ ਚਾਹੁੰਦੇ।

ਗੁਲਵੰਤ ਜਿਥੇ ਇਹ ਡਰ ਰਿਹਾ ਸੀ ਕਿ ਰਾਜੂ ਵਾਪਸ ਇੰਡੀਆ ਮੁੜ ਜਾਵੇਗਾ ਉਥੇ ਹੀ ਉਸ ਨੂੰ ਆਪਣੀ ਪਤਨੀ, ਬੱਚੀ, ਘਰ-ਬਾਰ ਖੁਸਣ ਦਾ ਭੈਅ ਵੀ ਸੀ। ਇਕ ਦਿਨ ਤਾਂ ਉਹ ਇੰਨਾ ਓਦਰਿਆ ਕਿ ਉਸ ਨੇ ਆਪਣੇ ਪਿਓ ਨੂੰ ਚਿੱਠੀ ਲਿਖੀ ਕਿ ਸਰਦੂਲ ਰਾਹੀਂ ਸੁਰਜਨ ਉਪਰ ਦਬਾਅ ਪੁਆਇਆ ਜਾਵੇ। ਸਰਦੂਲ ਨੇ ਸੁਰਜਨ ਨੂੰ ਚਿੱਠੀ ਲਿਖੀ ਵੀ ਪਰ ਇਸ ਦਾ ਸੁਰਜਨ ਸਿੰਘ ਉਪਰ ਉਲਟਾ ਅਸਰ ਹੀ ਹੋਇਆ। ਉਹ ਸੋਚਣ ਲਗ ਪਿਆ ਕਿ ਗੁਲਵੰਤ ਟੁੱਟਣ ਕੰਢੇ ਹੈ। ਉਸ ਨੂੰ ਪਤਾ ਚਲ ਚੁੱਕਿਆ ਸੀ ਕਿ ਸੁਰਿੰਦਰ ਉਸ ਨੂੰ ਮਿਲਦੀ ਹੈ, ਉਹ ਅੰਮ੍ਰਿਤ ਦੇ ਗਲ਼ ਲਗ ਕੇ ਰੋਂਦਾ ਵੀ ਹੈ। ਸਾਫ ਸੀ ਕਿ ਗੁਲਵੰਤ ਕਮਜ਼ੋਰ ਪੈ ਰਿਹਾ ਹੈ। ਉਸ ਨੇ ਆਪਣਾ ਆਖਰੀ ਫੈਸਲਾ ਲੈ ਲਿਆ ਹੋਇਆ ਸੀ ਕਿ ਸੁਖਵੀਰ ਨੂੰ ਵਾਪਸ ਨਹੀਂ ਭੇਜੇਗਾ। ਗੁਲਵੰਤ ਹੁਣ ਨਹੀਂ ਤਾਂ ਹੋਰ ਮਹੀਨਾ ਠਹਿਰ ਕੇ ਸੁਰਿੰਦਰ ਨੂੰ ਲੈ ਜਾਵੇਗਾ। ਨਹੀਂ ਤਾਂ ਘਰ ਨੂੰ ਸੇਲ 'ਤੇ ਲਗਵਾ ਦਿਤਾ ਜਵੇਗਾ।

www.PunjabiLibrary.com

ਇਕ ਦਿਨ ਐਲਨ ਗੁਲਵੰਤ ਨਾਲ ਉਸ ਦੇ ਘਰ ਆਇਆ। ਕਦੇ ਕਦੇ ਉਹ ਆ ਜਾਇਆ ਕਰਦਾ ਸੀ। ਰਲ਼ ਕੇ ਉਹ ਕੱਰੀ ਬਣਾਉਂਦੇ। ਐਲਨ ਨੂੰ ਭਾਰਤੀ ਖਾਣੇ ਖਾਣ ਦਾ ਬਹੁਤ ਸ਼ੌਂਕ ਸੀ। ਉਸ ਰਾਤ ਗੁਲਵੰਤ ਸ਼ਰਾਬੀ ਹੋਇਆ ਐਲਨ ਦੇ ਗਲ਼ ਲਗ ਕੇ ਰੋਣ ਲਗਿਆ। ਐਲਨ ਨੂੰ ਉਸ ਵਲ ਦੇਖ ਕੇ ਬਹੁਤ ਤਰਸ ਆਇਆ। ਸਵੇਰੇ ਉਠਦਿਆਂ ਹੀ ਉਸ ਨੇ ਕਿਹਾ,

"ਗੁੱਲ, ਹੌਂਸਲਾ ਰੱਖ, ਮਰਦ ਬਣ। ਜੇ ਤੈਨੂੰ ਸੁਰਿੰਦਰ ਨਾਲ ਏਨਾ ਈ ਪਿਆਰ ਐ ਤਾਂ ਲੈ ਆ।"

"ਮੇਰੇ ਭਰਾ ਦਾ ਕੀ ਬਣੂੰ ਐਲਨ, ਅਸੀਂ ਇੰਡੀਅਨ ਲੋਕ ਉਸ ਦੇ ਵਾਪਸ ਮੁੜਨੇ ਨੂੰ ਬਹੁਤ ਬੇਇਜ਼ਤੀ ਵਾਲਾ ਕੰਮ ਮੰਨਦੇ ਆਂ।"

"ਇਹਦਾ ਹੱਲ ਮੈਂ ਲੱਭ ਦਿੰਨਾਂ, ਮੇਰੇ ਸਪੰਰਕ ਵਿਚ ਇਕ ਕੁੜੀ ਹੈਗੀ ਐ, ਜਿਹਦਾ ਬੁਆਏ ਫਰੈਂਡ ਉਹਨੂੰ ਛੱਡ ਗਿਐ, ਇਹ ਕੁੜੀ ਮੇਰੇ ਪਿੰਡ ਦੀ ਈ ਐ, ਭੋਲ਼ੀ ਜਿਹੀ ਕੁੜੀ ਐ, ਜੇ ਉਹਦੇ ਨਾਲ ਦੋਸਤੀ ਰੱਖੇਂਗਾ ਤਾਂ ਕਦੇ ਤੇਰੇ ਕੰਮ ਵੀ ਆ ਸਕੇਗੀ।"

"ਕੀ ਮਤਲਬ?"

"ਮਤਲਬ ਕਿ ਤੇਰੇ ਭਰਾ ਦਾ ਇਧਰੋਂ ਤਲਾਕ ਤੇ ਓਸ ਕੁੜੀ ਨਾਲ ਵਿਆਹ।"

"ਇਵੇਂ ਮੰਨ ਜਾਏਗੀ?"

"ਉਸ ਨੂੰ ਮਨਾਉਣਾ ਤੇਰਾ ਕੰਮ ਐ ਪਰ ਮੈਨੂੰ ਯਕੀਨ ਐ ਕਿ ਤੇਰਾ ਕੰਮ ਹੋ ਜਾਏਗਾ, ਇਕ ਵਾਰ ਮਿਲ ਤਾਂ ਲੈ, ਉਹਨੂੰ ਬਾਹਰ ਲੈ ਕੇ ਜਾਹ, ਦੋਸਤੀ ਪਾ, ਘੁੰਮ ਫਿਰ। ਰਾਤਾਂ ਉਹਦੇ ਨਾਲ ਗੁਜ਼ਾਰ...।"

"ਪਰ ਸੁਰਿੰਦਰ?"

"ਸੁਰਿੰਦਰ ਤਾਂ ਤੈਨੂੰ ਛੱਡ ਕੇ ਜਾ ਚੁੱਕੀ ਐ, ਤੈਨੂੰ ਪਤਾ ਕਿ ਅਜ ਕਲ ਕੁੜੀਆਂ ਨਵਾਂ ਬੰਦਾ ਲੱਭਣ ਨੂੰ ਮਿੰਟ ਨਹੀਂ ਲਾਉਂਦੀਆਂ! ..ਹੁਣ ਸੁਰਿੰਦਰ ਉਪਰ ਵੀ ਕਿਵੇਂ ਯਕੀਨ ਕਰੇਂਗਾ?"

ਐਲਨ ਨੇ ਨਿਹੋਰਾ ਮਾਰਦਿਆਂ ਕਿਹਾ। ਗੁਲਵੰਤ ਤਾਅ ਖਾ ਗਿਆ ਤੇ ਬੋਲਿਆ,

"ਠੀਕ ਐਲਨ, ਮੈਨੂੰ ਗਰਲ ਫਰੈਂਡ ਲੱਭ ਦੇ, ਸ਼ਾਇਦ ਇਹੋ ਸੁਰਿੰਦਰ ਦੀ ਸਜ਼ਾ ਐ, ਮੈਂ ਬਹੁਤ ਹੀ ਇਮਾਨਦਾਰ ਪਤੀ ਜਦ ਕਿਸੇ ਹੋਰ ਔਰਤ ਨਾਲ਼ ਸੌਂਵਾਂਗਾ ਤਾਂ ਉਸ 'ਤੇ ਹੱਸਾਂਗਾ।"

"ਗੁੱਲ, ਆਪਣਾ ਇਹ ਇੰਡੀਅਨ ਸਦਾਚਾਰ ਆਪਣੇ ਤਕ ਈ ਰੱਖ, ਇਸ ਸਮਾਜ ਵਿਚ ਇਹ ਗੱਲ ਬਹੁਤ ਛੋਟੀ ਐ, ਹਰ ਕੋਈ ਆਪਣੇ ਬਾਰੇ ਸੋਚਦੈ।"

ਅਗਲੀ ਸ਼ਾਮ ਨਾ ਐਲਨ ਨੇ ਓਵਰ ਟਾਈਮ ਲਗਾਇਆ ਤੇ ਨਾ ਹੀ ਗੁਲਵੰਤ ਨੇ। ਉਸ ਦੋਵੇਂ ਹੀ ਏਂਜਲ ਚਲੇ ਗਏ। ਜਿਸ ਫਲੈਟ ਵਿਚ ਐਲਨ ਰਹਿੰਦਾ ਸੀ ਉਥੇ ਹੀ ਉਸ ਦੀ ਇਹ ਪੇਂਡੂ ਕੁੜੀ ਵੀ ਰਹਿੰਦੀ ਸੀ। ਐਲਨ ਨੇ ਤੁਆਰਫ ਕਰਾਉਂਦਿਆਂ ਕਿਹਾ,

"ਗੁੱਲ, ਇਹ ਬੀਟਰਸ। ...ਬੀਟਰਸ ਇਹ ਗੁੱਲ, ਮੇਰਾ ਦੋਸਤ, ਮੇਰੇ ਨਾਲ ਈ ਕੰਮ ਕਰਦੈ। ...ਬਾਕੀ ਗੱਲਾਂ ਤੁਸੀਂ ਆਪਸ ਵਿਚ ਕਰ ਲਿਓ ਪਰ ਤੁਹਾਡੇ ਦੋਹਾਂ ਵਿਚਲੀ ਸਾਂਝ ਦਸ ਦੇਵਾਂ ਕਿ ਤੁਹਾਡੀ ਦੋਹਾਂ ਦੀ ਹੀ ਆਪੋ ਆਪਣੇ ਪਾਰਟਰਨ ਨਾਲੋਂ ਨਵਾਂ ਨਵਾਂ ਤੋੜ-ਵਿਛੋੜਾ ਹੋਇਐ, ਸ਼ਾਇਦ ਤੁਸੀਂ ਇਕ ਦੂਜੇ ਦੇ ਕੰਮ ਆ ਸਕੋਂ।"

ਬੀਟਰਸ ਨਜ਼ਦੀਕ ਹੀ ਕਿਸੇ ਦਫਤਰ ਵਿਚ ਕੰਮ ਕਰਦੀ ਸੀ। ਗੁਲਵੰਤ ਨੂੰ ਉਸ ਨਾਲ ਗੱਲਾਂ ਕਰਨੀਆ ਬਹੁਤ ਚੰਗਾ ਲਗਿਆ। ਉਸ ਕਿਸੇ ਓਪਰੀ ਕੁੜੀ ਨਾਲ ਪਹਿਲੀ ਵਾਰ ਗੱਲ ਕਰ ਰਿਹਾ ਸੀ। ਉਹ ਦੋਵੇਂ ਸਵੇਰੇ ਵੇਲੇ ਸਿਰ ਤਕ ਉਹ ਸ਼ਰਾਬ ਪੀਂਦੇ ਰਹੇ। ਉਹਨਾਂ ਦੀ ਦੋਸਤੀ ਜੰਮਣ ਲਗੀ। ਅਗਲੇ ਦਿਨ ਗੁਲਵੰਤ ਨੇ ਕੰਮ ਤੋਂ ਛੁੱਟੀ ਕਰ ਲਈ ਤੇ ਇਹ ਦਿਨ ਬੀਟਰਸ ਨਾਲ ਹੀ ਗੁਜ਼ਾਰਿਆ। ਉਸ ਦਿਨ ਤੋਂ ਬਾਅਦ ਉਹ ਬਹੁਤੀ ਵਾਰ ਘਰ ਜਾਣ ਦੀ ਥਾਂ ਬੀਟਰਸ ਕੋਲ ਚਲੇ ਜਾਂਦਾ। ਕਈ ਵਾਰ ਬੀਟਰਸ ਉਸ ਦੇ ਘਰ ਵੀ ਆ ਜਾਂਦੀ। ਉਸ ਲਈ ਖਾਣਾ ਵੀ ਬਣਾ ਜਾਂਦੀ ਤੇ ਘਰ ਦੀ ਸਫਾਈ ਵੀ ਕਰ ਜਾਂਦੀ।

ਬੀਟਰਸ ਨਾਲ ਦੋਸਤੀ ਤੋਂ ਬਾਅਦ ਗੁੱਲ ਬਦਲਣ ਤੁਰਿਆ। ਸੁਰਿੰਦਰ ਵਾਲੀ ਟੀਸ ਮੱਧਮ ਪੈਣ ਲਗੀ। ਉਹ ਖੁਸ਼ ਰਹਿਣ ਲਗਿਆ। ਐਲਨ ਤੇ ਵਿਜੇ ਤੋਂ ਬਿਨਾਂ ਬੀਟਰਸ ਵਾਲੀ ਕਹਾਣੀ ਦਾ ਕਿਸੇ ਨੂੰ ਨਹੀਂ ਸੀ ਪਤਾ। ਉਸ ਨੇ ਸੁਰਿੰਦਰ ਨੂੰ ਫੋਨ ਕਰਨੇ ਵੀ ਘੱਟ ਕਰ ਦਿਤੇ। ਉਹ ਸੋਚਣ ਲਗਿਆ ਕਿ ਜੋ ਹੋਏਗਾ ਦੇਖਿਆ ਜਾਏਗਾ। ਹੁਣ ਤਕ ਇਹ ਗੱਲ ਵੀ ਸਮਝ ਆਉਣ ਲਗੀ ਸੀ ਕਿ ਰਾਜੂ ਨੂੰ ਵਾਪਸ ਮੋੜ ਸਕਣਾ ਇੰਨਾ ਸੌਖਾ ਨਹੀਂ ਸੀ। ਇਸ ਦੇ ਹਾਲੇ ਬਹੁਤ ਸਾਰੇ ਪੜਾਅ ਪਏ ਸਨ।...

ਇਕ ਦਿਨ ਸੁਰਿੰਦਰ ਨੇ ਸੁਰਜਨ ਸਿੰਘ ਦੇ ਕਹਿਣ 'ਤੇ ਗੁਲਵੰਤ ਨੂੰ ਕਿਹਾ,

"ਡਾਰਲਿੰਗ, ਮੈਨੂੰ ਸਾਰੇ ਕਹਿ ਰਹੇ ਆ ਬਈ ਜੇ ਗੁੱਲ ਤੈਨੂੰ ਨਹੀਂ ਲਿਜਾਂਦਾ ਤਾਂ ਘਰ ਸੇਲ 'ਤੇ ਲਾ ਦੇ।"

"ਲਾ ਦੇ ਫਿਰ, ਇਹ ਦਿਨ ਤਾਂ ਮੈਨੂੰ ਸਾਹਮਣੇ ਦਿਸ ਈ ਰਿਹਾ, ਜਦ ਤੂੰ ਘਰੋਂ ਈ ਚਲੇ ਗਈ ਤਾਂ ਸਾਰੀ ਸਕੀਮ ਬਣਾ ਕੇ ਈ ਗਈ ਹੋਵੇਂਗੀ, ਹੁਣ ਘਰ ਤਾਂ ਸੇਲ ਤੇ ਲਗਣਾ ਈ ਐ, ਜਦ ਤੇਰਾ ਦਿਲ ਕਰਦੈ ਲਾ ਦੇ।"

ਗੁਲਵੰਤ ਨੇ ਪੂਰੀ ਬੇਫਿਕਰੀ ਨਾਲ ਆਖਿਆ। ਸੁਰਿੰਦਰ ਕਾਹਲੀ ਨਾਲ ਬੋਲੀ,

"ਤੈਨੂੰ ਮੇਰਾ ਕੋਈ ਫਿਕਰ ਨਹੀਂ, ਆਪਣੀ ਧੀ ਦਾ ਕੋਈ ਫਿਕਰ ਨਹੀਂ?"

"ਜੇ ਤੈਨੂੰ ਨਹੀਂ ਮੇਰਾ ਤਾਂ ਮੈਨੂੰ ਵੀ ਨਹੀਂ ਤੇਰਾ, ਮੈਂ ਵੀ ਹੁਣ ਸੋਚਣ ਲਗ ਪਿਆਂ ਕਿ ਮੈਂ ਆਪਣਾ ਟਾਈਮ ਤੇਰੀ ਖਾਤਰ ਕਿਉਂ ਵੇਸਟ ਕਰ ਰਿਹਾਂ, ਕਿਉਂ ਨਾ ਨਵੀਂ ਜ਼ਿੰਦਗੀ ਸ਼ੁਰੂ ਕਰਾਂ।"

ਆਖਦਿਆਂ ਗੁਲਵੰਤ ਨੇ ਫੋਨ ਰੱਖ ਦਿਤਾ। ਸੁਰਿੰਦਰ ਨੇ ਉਸ ਦੀ ਇਹ ਬੇਰੁਖੀ ਪਹਿਲੀ ਵਾਰ ਦੇਖੀ ਸੀ। ਉਹ ਰੋਣ ਲਗ ਪਈ ਤੇ ਮਨ ਹੀ ਮਨ ਰਾਜੂ ਨੂੰ ਗਾਲ੍ਹਾਂ ਦੇਣ ਲਗੀ।

ਰਾਜੂ ਨੂੰ ਵਾਪਸ ਮੁੜ ਜਾਣ ਦਾ ਇਕ ਸਹਿਮ ਜਿਹਾ ਤਾਂ ਸੀ ਪਰ ਉਹ ਸਭ ਕੁਝ ਗੁਲਵੰਤ ਉਪਰ ਸੁੱਟ ਕੇ ਬੈਠਾ ਸੀ। ਉਸ ਨੂੰ ਪਤਾ ਸੀ ਕਿ ਉਸ ਦਾ ਭਰਾ ਕੋਈ ਨਾ ਕੋਈ ਰਸਤਾ ਜ਼ਰੂਰ ਕੱਢ ਲਵੇਗਾ। ਉਹ ਸਵੇਰੇ ਉਠਦਾ, ਕੰਮ ਤੇ ਚਲੇ ਜਾਂਦਾ। ਵਾਪਸ ਆਉਂਦਾ ਹੀ ਕਾਰਾਂ ਦੁਆਲੇ ਹੋ ਜਾਂਦਾ। ਦਿਨ ਦਾ ਖਾਣਾ ਉਹ ਕੰਮ 'ਤੇ ਹੀ ਖਾਂਦਾ ਸੀ। ਰਾਤ ਨੂੰ ਬਾਹਰੋਂ ਚਿਪਸ ਆਦਿ ਲੈ ਆਉਂਦਾ। ਕਈ ਵਾਰ ਗੁਲਵੰਤ ਦੇ ਦੋਸਤ ਆ ਜਾਂਦੇ ਤਾਂ ਘਰ ਵੀ ਕੁਝ ਬਣਾ ਲੈਂਦੇ। ਘਰ ਦੀ ਸਫਾਈ ਦਾ ਕੰਮ ਰਾਜੂ ਦੇ ਜ਼ਿੰਮੇ ਹੁੰਦਾ ਸੀ ਪਰ ਜਦ ਤੋਂ ਗੁਲਵੰਤ ਦੀ ਬੀਟਰਸ ਨਾਲ ਦੋਸਤੀ ਪਈ ਸੀ, ਘਰ ਦੇ ਬਹੁਤ ਸਾਰੇ ਕੰਮ ਉਹੀ ਕਰ ਜਾਂਦੀ ਸੀ।

ਪਹਿਲਾਂ ਤਾਂ ਗੁਲਵੰਤ ਸਰੂਪ ਵਲ ਜਾਂਦਾ ਹੀ ਰਹਿੰਦਾ ਸੀ। ਉਹ ਰਲ਼ ਕੇ ਨਵੀਆਂ ਨਵੀਆਂ ਸਕੀਮਾਂ ਲੜਾਉਂਦੇ, ਸੁਰਜਨ ਸਿੰਘ ਨੂੰ ਕਾਬੂ ਕਰਨ ਦੇ ਤਰੀਕੇ ਸੋਚਦੇ। ਸਰੂਪ ਖੁਸ਼ ਸੀ ਕਿ ਗੁਲਵੰਤ ਨੇ ਸੁਰਿੰਦਰ ਉਪਰ ਲਗਾਤਾਰ ਦਬਾਅ ਬਣਾਇਆ ਹੋਇਆ ਹੈ। ਹੁਣ ਜਦ ਤੋਂ ਉਸ ਦੀ ਬੀਟਰਸ ਨਾਲ ਦੋਸਤੀ ਪਈ ਸੀ ਉਸ ਨੂੰ ਉਸ ਵਲ ਜਾਣ ਦਾ ਵਕਤ ਨਹੀਂ ਸੀ ਮਿਲ ਰਿਹਾ। ਫਿਰ ਵੀ ਫੋਨ ਜ਼ਰੂਰ ਕਰਦਾ। ਗੁਲਵੰਤ ਨੇ ਉਸ ਨੂੰ ਬੀਟਰਸ ਵਾਲੇ ਬਦਲ ਬਾਰੇ ਨਹੀਂ ਸੀ ਦਸਿਆ। ਉਸ ਵਿਚ ਇੰਨੀ ਹਿੰਮਤ ਨਹੀਂ ਸੀ ਕਿ ਬੀਟਰਸ ਨਾਲ ਆਪਣੀ ਦੋਸਤੀ ਬਾਰੇ ਸਰੂਪ ਨਾਲ ਗੱਲ ਕਰ ਸਕੇ। ਸਰੂਪ ਨੂੰ ਰਾਜੂ ਦਾ ਗੁਲਵੰਤ ਨਾਲੋਂ ਵੀ ਜ਼ਿਆਦਾ ਫਿਕਰ ਸੀ। ਸਤਨਾਮੀ ਕਹਿੰਦੀ,

"ਜੀ, ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋ, ਜਿਹਦਾ ਏਨਾ ਫਿਕਰ ਕਰਦੇ ਓ, ਉਹ ਕਦੇ ਤੁਹਾਨੂੰ ਮਿਲਣ ਵੀ ਨਹੀਂ ਆਇਆ।"

"ਮੈਨੂੰ ਮਿਲਣ ਆਉਣਾ ਜਾਂ ਨਾ ਆਉਣਾ ਰਾਜੂ ਦੀ ਪਰੌਬਲਮ ਐਂ ਪਰ ਜਿਹੜਾ ਮੇਰਾ ਫਿਕਰ ਐ ਉਹ ਮੇਰਾ ਐ, ...ਸੁਰਜਨ ਸੂੰਹ ਦਾ ਕੋਈ ਤੋੜ ਲੱਭਣਾ ਈ ਪੈਣਾਂ।"

ਇਹਨਾਂ ਦਿਨਾਂ ਵਿਚ ਹੀ ਦਿਲਬਾਗ ਦਾ ਪਿਓ ਕਾਮਰੇਡ ਬਿਸ਼ੰਭਰ ਸਿੰਘ ਭਾਰਤ ਤੋਂ ਦੋ ਮਹੀਨੇ ਲਈ ਆ ਗਿਆ। ਦਿਲਬਾਗ ਉਸ ਨੂੰ ਰਿਸ਼ਤੇਦਾਰਾਂ ਨੂੰ ਮਿਲਾਉਂਦਾ ਫਿਰ ਰਿਹਾ ਸੀ। ਇਕ ਦਿਨ ਸਰੂਪ ਨੂੰ ਵੀ ਫੋਨ ਆ ਗਿਆ ਕਿ ਉਹ ਮਿਲਣ ਆਉਣਾ ਚਾਹੁੰਦੇ ਹਨ। ਸਰੂਪ ਕੁਝ ਸੋਚਦਾ ਹੋਇਆ ਸਤਨਾਮੀ ਨੂੰ ਕਹਿਣ ਲਗਿਆ,

"ਲੈ ਬਈ ਬਣ ਗਈ ਗੱਲ, ਸੁਰਜਨ ਸੂੰਹ ਦਾ ਤੋੜ ਲੱਭ ਪਿਆ, ਬਾਗੇ ਦਾ ਪਿਓ ਆਇਆ ਹੋਇਐ, ਮਿਲਣ ਆ ਰਿਹੈ, ਉਹਦੇ ਨਾਲ ਗੱਲ ਕਰਦੇ ਆਂ, ਉਹਨੂੰ ਵਰਤਦੇ ਆਂ।"

"ਜੀ, ਉਹ ਕੁਝ ਨਹੀਂ ਕਰਨ ਜੋਗਾ, ਉਹ ਤਾਂ ਗੱਪੀ ਆਦਮੀ ਐਂ, ਨਿਰਾ ਲਿਫਾਫੇ ਬਾਜ਼!"

"ਬਸ ਇਹੋ ਜਿਹੇ ਬੰਦੇ ਦਾ ਈ ਕੰਮ ਐਂ ਇਹ, ਲਿਫਾਫੇਬਾਜ਼ ਈ ਇਹ ਕੰਮ ਕਰ ਸਕਦੈ।"

ਉਸ ਨੇ ਗੁਲਵੰਤ ਨੂੰ ਸੱਦਿਆ ਤੇ ਨਾਲ ਹੀ ਰਾਜੂ ਨੂੰ ਵੀ। ਆਪਣੀ ਸਾਰੀ ਵਿਉਂਤ ਸਮਝਾਈ। ਗੁਲਵੰਤ ਨੂੰ ਬਹੁਤੀ ਆਸ ਤਾਂ ਨਹੀਂ ਸੀ ਪਰ ਸੋਚਦਾ ਸੀ ਕਿ ਫਿਰ ਵੀ ਕੋਸ਼ਿਸ਼ ਕਰਨ ਵਿਚ ਕੀ ਹਰਜ਼ ਹੈ। ਸਰੂਪ ਨੇ ਰਾਜੂ ਨੂੰ ਕਿਹਾ,

"ਦੇਖ, ਤੇਰੀ ਇਕ ਗਲਤੀ ਨੇ ਸਾਨੂੰ ਸਭ ਨੂੰ ਕਿੱਦਾਂ ਟੰਗਿਆ ਪਿਐ, ਜੇ ਤਾਂ ਤੂੰ ਸੁਖਵੀਰ ਨਾਲ ਚੰਗੀ ਤਰ੍ਹਾਂ ਰਹਿਣਾ ਤਾਂ ਅਸੀਂ ਗੱਲ ਅਗੇ ਤੋਰੀਏ, ਜੇ ਪਹਿਲਾਂ ਵਾਂਗੂੰ ਈ ਕਰਨਾ ਤਾਂ ਫਿਰ ਰਹਿਣ ਦਿੰਨੇ ਆਂ।"

"ਸੌਰੀ ਭਾਜੀ, ਮੈਨੂੰ ਮਹਿਸੂਸ ਹੋ ਰਿਹੈ ਕਿ ਤੁਸੀਂ ਸਾਰੇ ਈ ਤੰਗ ਹੋਏ ਪਏ ਓ, ਹੁਣ ਮੈਂ ਉਹਦੇ ਨਾਲ ਪੂਰੀ ਤਰ੍ਹਾਂ ਐਡਜਸਟ ਕਰੂੰ, ਕਿਸੇ ਕਿਸਮ ਦੀ ਸ਼ਿਕਾਇਤ ਨਹੀਂ ਆਉਣ ਦਿੰਦਾ।"

ਰਾਜੂ ਵੀ ਹੁਣ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਪੱਕਾ ਹੋ ਜਾਵੇ। ਇਵੇਂ ਸਹਿਮ ਜਿਹੇ ਵਿਚ ਰਹਿਣਾ ਉਸ ਨੂੰ ਚੰਗਾ ਨਹੀਂ ਸੀ ਲਗ ਰਿਹਾ। ਉਹ ਦਿਲੋਂ ਸੋਚ ਰਿਹਾ ਸੀ ਕਿ ਜੋ ਹੋ ਗਿਆ ਸੋ ਹੋ ਗਿਆ, ਹੁਣ ਸਭ ਕੁਝ ਭੁੱਲ ਕੇ ਸੁਖਵੀਰ ਨਾਲ ਰਹਿਣ ਦੀ ਕੋਸ਼ਿਸ਼ ਕਰੇਗਾ।

ਦਿਲਬਾਗ ਆਪਣੇ ਪਿਓ ਨੂੰ ਲੈ ਕੇ ਸਰੂਪ ਨੂੰ ਮਿਲਣ ਆ ਗਿਆ। ਸਰੂਪ ਨੇ ਉਸ ਦੀ ਵਿਸ਼ੇਸ਼ ਆਓ ਭਗਤ ਦਾ ਇੰਤਜ਼ਾਮ ਕੀਤਾ ਹੋਇਆ ਸੀ। ਵਧੀਆ ਖਾਣੇ ਤੋਂ ਬਿਨਾਂ ਕੁਝ ਤੋਹਫਿਆਂ ਦਾ ਵੀ ਇੰਤਜ਼ਾਮ ਸੀ। ਬਿਸ਼ੰਭਰ ਸਿੰਘ ਕੋਲ ਰਾਜੂ ਦੇ ਰੌਲ਼ੇ ਬਾਰੇ ਪਤਾ ਚਲ ਚੁਕਿਆ ਸੀ। ਰਾਜ਼ੀ ਖੁਸ਼ੀ ਤੋਂ ਬਾਅਦ ਸਰੂਪ ਨੇ ਕਹਿਣਾ ਸ਼ੁਰੂ ਕੀਤਾ,

"ਅੰਕਲ ਜੀ, ਸਾਨੂੰ ਤਾਂ ਆਹ ਤੁਹਾਡੇ ਕੁੜਮਾਂ ਨੇ ਲੋਹੇ ਦੇ ਚਣੇ ਚਬਾਏ ਪਏ ਆ, ਅਖੇ ਮੁੰਡਾ ਮੋੜ ਦੇਣਾਂ!"

"ਏਹਨਾਂ ਦੇ ਬਾਪ ਦਾ ਰਾਜ ਚਲਦੈ! ...ਜਿਹਦਾ ਚਾਹੇ ਮੁੰਡਾ ਮੋੜ ਦੇਣ, ਜਿਹਦਾ ਚਾਹੇ ਖੋਹ ਲੈਣ।"

ਆਖਦਿਆਂ ਉਸ ਨੇ ਦਿਲਬਾਗ ਵਲ ਦੇਖਿਆ। ਸਰੂਪ ਸਮਝਦਾ ਸੀ ਪਰ ਫਿਰ ਵੀ ਉਸ ਨੇ ਪੁੱਛਿਆ,

"ਖੋਹ ਲੈਣ ਤੋਂ ਕੀ ਭਾਵ...?"

"ਨੌਜੁਆਨ, ਝੱਗਾ ਚੁੱਕਿਆਂ ਆਪਣਾ ਈ ਢਿੱਡ ਨੰਗਾ ਹੁੰਦਾ ਪਰ ਤੇਰੇ ਤੋਂ ਲੁਕਿਆ ਵੀ ਕੀ ਐ, ...ਬਾਗਾ ਹੁਣ ਇਹਨਾਂ ਨੇ ਸਾਡੇ ਤੋਂ ਖੋਹ ਈ ਲਿਆ। ਸਾਡੇ ਜੋਗਾ ਤਾਂ ਇਹ ਰਿਹਾ ਈ ਨਹੀਂ, ਏਹਨੂੰ ਤਾਂ ਭੁੱਲ ਈ ਗਿਆ ਬਈ ਏਹਦੇ ਮਾਂ ਪਿਓ ਹੈਗੇ, ਦੋ ਭੈਣਾਂ ਵੀ ਹੈਗੀਆਂ।"

ਬਿਸ਼ੰਭਰ ਸਿੰਘ ਗੱਲ ਕਰਦਾ ਦਿਲਬਾਗ ਵਲ ਦੇਖਦਾ ਜਾ ਰਿਹਾ ਸੀ। ਉਹ ਇਕ ਪਲ ਲਈ ਰੁਕ ਕੇ ਬੋਲਿਆ,

"ਮੈਂ ਤਾਂ ਕਹਿਨਾਂ ਪੁੱਤਰੋ, ਸਾਡੀ ਲੰਘ ਗਈ, ਹੁਣ ਤੁਸੀਂ ਬੱਚੇ ਪਾਲ਼ੋ, ਸਾਡਾ ਕੀ ਐ, ਅਸੀਂ ਤਾਂ ਨਦੀ ਕਿਨਾਰੇ ਰੁਖੜੇ ਆਂ, ਜੇ ਹੋ ਸਕੇ ਤਾਂ ਆਪਣੀ ਮਾਂ ਨੂੰ ਬਾਗਾ ਬੱਚੇ ਦਿਖਾ ਲਿਆਵੇ ਨਹੀਂ ਤਾਂ ਏਹਦੀ ਮਰਜ਼ੀ।"

ਦਿਲਬਾਗ ਨੀਵੀਂ ਪਾਈ ਬੈਠਾ ਸੀ। ਜਿੱਦਣ ਦਾ ਬਿਸ਼ੰਭਰ ਸਿੰਘ ਆਇਆ ਸੀ ਇਹੋ ਗੱਲ ਕਈ ਵਾਰ ਚਿਤਾਰ ਚੁੱਕਿਆ ਸੀ, ਦਿਲਬਾਗ ਅਗਿਓਂ ਹੱਸ ਛੱਡਦਾ। ਬਿਸ਼ੰਭਰ ਸਿੰਘ ਹੁਣ ਇੰਗਲੈਂਡ ਵੀ ਆਪਣੇ ਭਰਾ ਫੁੰਮਣ ਸਿੰਘ ਦੇ ਸੱਦੇ 'ਤੇ ਆਇਆ ਸੀ, ਉਸ ਨੇ ਹੀ ਟਿਕਟ ਭੇਜਿਆ ਸੀ। ਸਰੂਪ ਆਪਣੀ ਗੱਲ ਕਰਨੀ ਚਾਹੁੰਦਾ ਸੀ ਪਰ ਕਾਮਰੇਡ ਆਪਣੀ ਕਹਾਣੀ ਲੈ ਕੇ ਬਹਿ ਗਿਆ। ਪਹਿਲੇ ਹਾੜੇ ਤੋਂ ਬਾਅਦ ਹੀ ਕਾਮਰੇਡ ਪੂਰੇ ਜਲੌਅ ਵਿਚ ਸੀ। ਉਹ ਕਹਿਣ ਲਗਿਆ,

"ਆਪਣੇ ਇਲਾਕੇ 'ਚ ਆਪਣੀ ਪੂਰੀ ਧਾਂਕ ਐ, ਕੋਈ ਵੀ ਆਪਣੀ ਸਲਾਹ ਬਿਨਾਂ ਪੈਰ ਨਈਂ ਪੁੱਟਦਾ। ਕਦੇ ਮੈਂ ਕਿਸੇ ਨਾਲ਼ ਵਧੀਕੀ ਨਈਂ ਹੋਣ ਦਿਤੀ। ...ਆਪਣੇ ਇਲਾਕੇ 'ਚ ਮਜ਼ਦੂਰ ਦੀ ਉਜਰਤ ਉਹਦਾ ਪਸੀਨਾ ਸੁੱਕਣ ਤੋਂ ਪਹਿਲਾਂ ਪਹਿਲਾਂ ਦਵਾਉਂ'ਨਾ ਮੈਂ ਪਰ ਸੁਰਜਨ ਸੂੰਹ ਸਾਡੇ ਨਾਲ਼ ਈ ਵਧੀਕੀ ਕਰ ਗਿਆ, ਸਾਡੀ ਔਲਾਦ ਨੂੰ ਈ ਸਾਡੇ ਤੋਂ ਬੇਮੁੱਖ ਕਰ ਦਿਤੀ!"

ਉਸ ਨੇ ਨਮੋਸ਼ੀ ਜਿਹੀ ਵਿਚ ਸਿਰ ਮਾਰਿਆ। ਸਰੂਪ ਨੇ ਸੋਚਿਆ ਕਿ ਪਹਿਲਾਂ ਇਹ ਆਪਣਾ ਗੁਭ-ਗੁਲ਼ਾਟ ਕੱਢ ਲਵੇ ਫਿਰ ਹੀ ਉਹ ਆਪਣੀ ਗੱਲ ਕਰੇਗਾ। ਉਹ ਚੁੱਪ ਕਰਕੇ ਉਸ ਦੀ ਗੱਲ ਸੁਣਦਾ ਰਿਹਾ। ਕਾਮਰੇਡ ਨੇ ਮੁੜ ਕਹਿਣ ਸ਼ੁਰੂ ਕੀਤਾ,

"ਪਰ ਜਦ ਆਪਣਾ ਈ ਪੈਸਾ ਖੋਟਾ ਹੋਵੇ ਤਾਂ ਬਾਣੀਏਂ ਨੂੰ ਕਾਹਦਾ ਦੋਸ਼! ਜੇ ਬਾਗੇ ਵਿਚ ਦਮ ਹੁੰਦਾ ਤਾਂ ਏਸ ਵੱਡੇ ਚਾਹਲ ਨੂੰ ਇਹ ਨੱਕ ਰਾਹੀਂ ਪਾਣੀ ਪਲਾਉਂਦਾ! ...ਏਹ ਬੇਘਰਾ ਸਾਲ਼ਾ ਚਾਹਲ, ਇਕ ਮਰਲਾ ਪਿੰਡ 'ਚ ਜ਼ਮੀਨ ਨਈਂ, ਸੁਹਰਿਆਂ ਨੇ ਘਰ ਪਾਉਣ ਲਈ ਥਾਂ ਦਿਤਾ ਏਹਨੂੰ। ਸਾਡੇ ਨਾਲ ਰਿਸ਼ਤਾ ਜੋੜ ਕੇ ਏਹਦੀ ਇਜ਼ਤ ਵਧੀ ਐ ਪਰ ਇਹਨੂੰ ਕੋਈ ਵੁੱਕਤ ਨਈਂ!"

ਬਿਸ਼ੰਭਰ ਸਿੰਘ ਪਲ ਕੁ ਲਈ ਖਾਮੋਸ਼ ਹੋਇਆ ਤਾਂ ਸਰੂਪ ਨੇ ਆਪਣੀ ਗੱਲ ਸ਼ੁਰੂ ਕੀਤੀ,

"ਅੰਕਲ ਜੀ, ਤੁਸੀਂ ਦੁਨੀਆਂ ਦੇਖੀ ਐ, ਵੱਡੇ ਵੱਡੇ ਮਸਲੇ ਹੱਲ ਕੀਤੇ ਆ, ਸਾਡਾ ਵੀ ਮਸਲਾ ਹੱਲ ਕਰੋ, ਏਸ ਲੋਹੇ ਦੇ ਥਣ ਚਾਹਲ ਨੂੰ ਜ਼ਰਾ ਪਸਮਾਓ।"

"ਨਾ ਬਈ, ਮੈਂ ਏਸ ਬੰਦੇ ਨੂੰ ਬੁਲਾ ਕੇ ਖੁਸ਼ ਨਈਂ। ਮੈਂ ਤਾਂ ਰਸਮੋ-ਰਸਮੀ ਮਿਲਣ ਵੀ ਗਿਆਂ ਪਰ ਮੇਰਾ ਦਿਲ ਨਹੀਂ ਸੀ ਕਰਦਾ।"

"ਇਹ ਵੀ ਗੱਲ ਠੀਕ ਐ, ਮਾੜੇ ਬੰਦੇ ਨਾਲ ਬੋਲਣ ਨੂੰ ਵੀ ਦਿਲ ਨਹੀਂ ਕਰਦਾ ਹੁੰਦਾ ਪਰ ਤੁਸੀਂ ਸਿਆਸਤਦਾਨ ਓ, ਸਿਆਸਤ ਵਿਚ ਵਿਰੋਧੀ ਨੂੰ ਪਛਾੜਨ ਦੇ ਤਰੀਕਿਆਂ ਤੋਂ ਵਾਕਫ ਓ, ਕੋਈ ਲੜਾਓ ਪੈਂਤੜਾ।"

ਸਰੂਪ ਨੇ ਨਾਲ ਹੀ ਇਕ ਪੈੱਗ ਹੋਰ ਪਾ ਦਿਤਾ। ਬਿਸ਼ੰਭਰ ਨੇ ਪੈੱਗ ਚੁੱਕਿਆ ਤੇ ਬੋਲਿਆ,

"ਜਮਾਤੀ ਦੁਸ਼ਮਣ ਨਾਲ ਤਾਂ ਅਸੀਂ ਸਿੱਧੀ ਟੱਕਰ ਲੈਨੇ ਆਂ ਪਰ ਇਹਦਾ ਕੁਝ ਹੋਰ ਸੋਚਣਾ ਪੈਣਾਂ।"

"ਸੋਚੋ ਅੰਕਲ ਜੀ, ਕਰੋ ਸਾਡੇ ਦੁੱਖ ਦੂਰ।"

"ਲਿਆ ਫੇਰ, ਨੰਬਰ ਘੁਮਾ ਕੇ ਮੈਨੂੰ ਫੋਨ ਫੜਾ ਜ਼ਰਾ।"

ਬਿਸ਼ੰਭਰ ਸਿੰਘ ਬੋਲਿਆ। ਦਿਲਬਾਗ ਜੋ ਹੁਣ ਤਕ ਮੂਕ ਦਰਸ਼ਕ ਬਣਿਆਂ ਬੈਠਾ ਸੀ ਕਹਿਣ ਲਗਿਆ,

"ਭਾਪਾ, ਦਿਨੇ ਗੱਲ ਕਰ ਲਵਾਂਗੇ, ਹੁਣ ਡਰਿੰਕ ਪੀ ਕੇ ਗੱਲ ਕਰਦੇ ਚੰਗੇ ਨਹੀਂ ਲਗਦੇ।"

"ਨਗਮਿਆਂ, ਤੂੰ ਚੁੱਪ ਰਹਿ, ਤੈਨੂੰ ਕਿਹਾ ਸੀ ਕੁਝ ਕਰ ਪਰ ਤੂੰ ਤਾਂ ਕੀਤਾ ਨਹੀਂ ਹੁਣ ਅੰਕਲ ਨੂੰ ਕਰਨ ਦੇ।"

"ਨਗਮਿਆਂ, ਤੈਨੂੰ ਨਹੀਂ ਪਤਾ, ਭਾਪਾ ਤਾਂ ਪਹਿਲਾਂ ਈ ਬਹਾਨਾ ਲੱਭਦਾ ਫਿਰਦਾ ਪੰਗਾ ਲੈਣ ਦਾ।"

ਦਿਲਬਾਗ ਨੇ ਆਪਣੇ ਦਿਲ ਦੇ ਡਰ ਦੇ ਡਰ ਬਾਰੇ ਦੱਸਿਆ। ਬਿਸ਼ੰਭਰ ਸਿੰਘ ਨੇ ਕਿਹਾ,

"ਬਾਗਿਆ, ਤੂੰ ਫਿਕਰ ਨਾ ਕਰ, ਸਾਡੇ ਨਾਲ਼ ਤਾਂ ਜੋ ਹੋਣਾ ਸੀ ਹੋ ਗਿਆ ...ਪਰ ਮੇਰਾ ਫੁੱਲਾਂ ਵਰਗੇ ਬੱਚੇ ਦੇਖ ਕੇ ਮਨ ਖੁਸ਼ ਹੋ ਗਿਆ ਹੁਣ, ...ਮੈਂ ਉਹ ਨੂੰ ਕੁਝ ਨਹੀਂ ਕਹਿੰਦਾ, ਬਸ ਇਹਨਾਂ ਮੁੰਡਿਆਂ ਦੀ ਗੱਲ ਈ ਕਰੂੰ।"

ਸਰੂਪ ਨੇ ਘੜੀ ਦੇਖੀ ਕਿ ਇਸ ਵੇਲੇ ਸੁਰਜਨ ਸਿੰਘ ਘਰ ਹੀ ਹੋਵੇਗਾ। ਉਸ ਨੇ ਉਸ ਦਾ ਫੋਨ ਨੰਬਰ ਘੁਮਾਇਆ ਤੇ ਰਸੀਵਰ ਬਿਸ਼ੰਭਰ ਸਿੰਘ ਨੂੰ ਫੜਾ ਦਿਤਾ। ਉਸ ਨੇ ਰਸਮੀ 'ਹੈਲੋ' ਤੋਂ ਬਾਅਦ ਅਸਲੀ ਗੱਲ ਅਰੰਭੀ,

"ਸਰਦਾਰ ਜੀ, ਆਹ ਮੁੰਡਿਆਂ ਕਾਰਨ ਆਪਾਂ ਕਿਹੜੀ ਮੁਸੀਬਤ ਵਿਚ ਫਸੇ ਫਿਰਦੇ ਆਂ, ਮੈਂ ਚੱਠਿਆਂ ਦੇ ਸਾਰੇ ਖਾਨਦਾਨ ਨੂੰ ਜਾਣਦਾਂ, ਏਦਾਂ ਦੇ ਬੰਦੇ ਨਹੀਂ ਇਹ, ਕਿਤੇ ਕੋਈ ਗਲਤ ਫਹਿਮੀ ਪਈ ਲਗਦੀ ਐ।"

"ਕਾਮਰੇਡ ਜੀ, ਗਲਤ ਫਹਿਮੀ ਕੋਈ ਨਹੀਂ, ਜੋ ਵੀ ਉਹਨਾਂ ਕੀਤਾ ਸਭ ਸੱਚ ਐ।"

"ਏਦਾਂ ਨਹੀਂ, ਆਪਾਂ ਸਾਰਿਆਂ ਨੂੰ ਮਿਲ਼ ਕੇ ਏਹਦਾ ਹੱਲ ਲੱਭਣਾ ਚਾਹੀਦੈ।"

"ਹੱਲ ਤਾਂ ਇਹਦਾ ਹੁਣ ਲੱਭ ਚੁੱਕਾ ਹੁਣ, ਜੋ ਹੋਣਾ ਸੀ ਹੋ....।"

"ਮੁੰਡੇ ਨੂੰ ਮੋੜਨਾ ਕੋਈ ਹੱਲ ਨਹੀਂ ਸਰਦਾਰ ਜੀ। ਤੁਸੀਂ ਸਿਆਣੇ ਓ, ਮੁੰਡਾ ਮੁੜਦਾ ਜਾਂ ਨਹੀਂ ਮੁੜਦਾ ਇਹ ਕੋਰਟਾਂ ਦੇ ਹੱਥ 'ਚ ਐ, ...ਫਿਰ ਆਪਣਾ ਮਕਸਦ ਤਾਂ ਜ਼ਿੰਦਗੀਆਂ ਜੋੜਨਾ ਐ, ਤੋੜਨਾ ਨਹੀਂ, ਸੋ ਰਲ਼ ਕੇ ਆਪਾਂ ਸਾਰੇ ਜੋੜਨ ਬਾਰੇ ਸੋਚੀਏ, ਸਿਆਣਪ ਇਸੇ 'ਚ ਐ।"

"ਕਾਮਰੇਡ ਜੀ, ਕਿਹੜਾ ਮਾਪਾ ਚਾਹੇਗਾ ਆਪਣੀ ਧੀ ਦੇ ਰਿਸ਼ਤੇ ਤੋੜਨਾ ਪਰ ਛੋਟੇ ਦਾ ਮਕਸਦ ਈ ਇਥੇ ਪੱਕਾ ਹੋਣੈ, ਏਹਨੂੰ ਪਿੰਡ ਦੀ ਕੋਈ ਅਨਪੜ੍ਹ ਜਿਹੀ ਕੁੜੀ ਚਾਹੀਦੀ ਸੀ ਜਿਹਨੂੰ ਜਦ ਮਰਜ਼ੀ ਕੁੱਟ ਲਵੇ, ਜਦ ਮਰਜ਼ੀ ਗਾਲ਼ਾਂ ਕੱਢ ਲਵੇ, ...ਸਾਡੀ ਕੁੜੀ ਦੀ ਤਾਂ ਏਹਨੇ ਜ਼ਿੰਦਗੀ ਨਰਕ ਬਣਾ ਛੱਡੀ ਐ।"

"ਕੋਈ ਗੱਲ ਨਹੀਂ ਸਰਦਾਰ ਜੀ, ਆਪਾਂ ਸਾਰੇ ਈ ਧੀਆਂ-ਪੁੱਤਾਂ ਵਾਲ਼ੇ ਆਂ ਪਰ ਗੋਰਿਆਂ ਦੇ ਮੁਲਕ ਵਿਚ ਆ ਕੇ ਆਪਾਂ ਗੋਰੇ ਨਹੀਂ ਬਣ ਜਾਣਾਂ ਕਿ ਜਦ ਚਾਹੇ ਵਿਆਹ ਹੋ ਜਾਏ ਤੇ ਜਦ ਚਾਹੇ ਛੱਡ-ਛੱਡਾਈ। ...ਆਪਾਂ ਤਾਂ ਏਦਾਂ ਦੇ ਬੰਦੇ ਆਂ ਕਿ ਇਕ ਵਾਰ ਕਿਸੇ ਦੀ ਬਾਂਹ ਫੜ ਲਈਏ ਤਾਂ ਧੁਰ ਤਕ ਉਹਦੇ ਨਾਲ ਨਿਭੀਏ, ...ਕਿਸੇ ਦਿਨ ਆਪਾਂ ਸਾਰੇ ਬੈਠਦੇ ਆਂ, ਮੈਂ ਉਹਨਾਂ ਮੁੰਡਿਆਂ ਨਾਲ਼ ਵੀ ਗੱਲ ਕਰਦਾਂ ਤੇ ਸਰੂਪ ਨਾਲ਼ ਵੀ, ...ਭਲਾ ਏਹ ਸਾਡੇ ਤੋਂ ਕਿਥੇ ਭੱਜ ਜਾਣਗੇ, ਆਪਣੀ ਪੂਰੇ ਇਲਾਕੇ ਵਿਚ ਚਲਦੀ ਐ।"

ਐਤਵਾਰ ਸ਼ਾਮ ਦਾ ਸਮਾਂ ਨੀਯਤ ਕਰ ਲਿਆ ਗਿਆ। ਦਿਲਬਾਗ ਤੇ ਬਿਸ਼ੰਭਰ ਸਿੰਘ ਆ ਗਏ, ਸਰੂਪ ਤੇ ਸਤਨਾਮੀ ਵੀ। ਅਰਜਨ ਸਿੰਘ ਤੇ ਗੁਰਬੰਸ ਕੋਰ ਪਹਿਲਾਂ ਹੀ ਆਏ ਬੈਠੇ ਸਨ। ਅਰਜਨ ਸਿੰਘ ਨੇ ਸੁਰਜਨ ਸਿੰਘ ਨਾਲ ਫੋਨ ਉਪਰ ਕੁਝ ਗੱਲਾਂ ਕੀਤੀਆਂ ਵੀ ਸਨ ਇਸੇ ਲਈ ਉਸ ਨੇ ਸਰੂਪ ਨੂੰ ਫੋਨ ਕਰਕੇ ਦਸ ਦਿਤਾ ਸੀ ਕਿ ਸੁਰਜਨ ਸਿੰਘ ਕੁਝ ਨਰਮ ਹੈ ਸੋ ਲੋਹਾ ਗਰਮ ਹੈ ਪਰ ਸੱਟ ਹਿਸਾਬ ਨਾਲ ਮਾਰਿਓ। ਸੁਰਜਨ ਸਿੰਘ ਨੇ ਸਭ ਦਾ ਸਵਾਗਤ ਖਿੜੇ ਮੱਥੇ ਕੀਤਾ। ਸਾਰੇ ਫਰੰਟ ਰੂਮ ਵਿਚ ਹੀ ਬੈਠ ਗਏ। ਪਹਿਲਾਂ ਹੀ ਕੁਝ ਵਾਧੂ ਕੁਰਸੀਆਂ ਰੱਖ ਦਿਤੀਆਂ ਗਈਆਂ ਸਨ। ਪਰਕਾਸ਼ ਕੋਰ, ਸੁਰਿੰਦਰ ਤੇ ਸੁਖਵੀਰ ਵੀ ਉਹਨਾਂ ਦੇ ਵਿਚ ਹੀ ਆ ਬੈਠੀਆਂ। ਸੁਰਜਨ ਸਿੰਘ ਨੇ ਸਾਰੀ ਗੱਲ ਸੰਖੇਪ ਰੂਪ ਵਿਚ ਸਭ ਦੇ ਸਾਹਮਣੇ ਰੱਖੀ। ਉਹ ਸਭ ਤੋਂ ਵੱਧ ਦੋਸ਼ ਗੁਲਵੰਤ ਨੂੰ ਦੇ ਰਿਹਾ ਸੀ ਕਿ ਉਹ ਸੁਰਿੰਦਰ ਨੂੰ ਛੱਡੀ ਬੈਠਾ ਸੀ।

ਬਿਸ਼ੰਭਰ ਸਿੰਘ ਨੇ ਗੱਲ ਕਰਨ ਜੋਗੀ ਦਾਰੂ ਘਰੋਂ ਹੀ ਲਾਈ ਹੋਈ ਸੀ। ਉਹ ਸੋਫੇ ਤੋਂ ਜ਼ਰਾ ਮੂਹਰ ਨੂੰ ਹੁੰਦਾ ਬੋਲਿਆ,

"ਸਰਦਾਰ ਜੀ, ਮੈਂ ਦੋਨਾਂ ਮੁੰਡਿਆਂ ਨੂੰ ਮਿਲਿਆਂ। ਵੱਡਾ ਤਾਂ ਬਹੁਤ ਦੀ ਬੀਬਾ ਐ, ਛੋਟਾ ਵੀ ਮੂਹਰੇ ਨਹੀਂ ਬੋਲਦਾ। ਜਿਹੜਾ ਛੋਟੇ ਨੇ ਕੁੜੀ 'ਤੇ ਹੱਥ ਚੁਕਿਐ ਏਹਦੇ ਤਾਂ ਮੈਂ ਵੀ ਬਹੁਤ ਖਿਲਾਫ ਆਂ। ਵੈਸੇ ਉਹ ਇਹਦੇ ਬਾਰੇ ਮੁਆਫੀ ਵੀ ਮੰਗਦੈ। ...ਜਿਹੜੀ ਗੱਲ ਤੁਸੀਂ ਵੱਡੇ ਦੀ ਕਰਦੇ ਓ ਇਹ ਤਾਂ ਕਰਮ ਦਾ ਪ੍ਰਤੀਕਰਮ ਐ, ...ਤੁਸੀਂ ਵੀ ਇਹ ਗੱਲ ਜਾਣਦੇ ਈ ਓ ਕਿ ਨਹੀਂ ਤਾਂ ਉਹ ਏਦਾਂ ਦਾ ਮੁੰਡਾ ਨਹੀਂ। ...ਛੋਟੇ ਦੀ ਮੈਂ ਗਰੰਟੀ ਲੈਂਨਾ ਕਿ ਹੁਣ ਸੁਧਰ ਜਾਊ, ਮੈਂ ਓਹਦੇ ਨਾਲ ਦੋ ਘੰਟੇ ਗੱਲਾਂ ਕੀਤੀਆਂ।"

"ਕਾਮਰੇਡ ਜੀ, ਹੁਣ ਤਾਂ ਉਹਨੇ ਸੁਧਰਨਾ ਈ ਹੋਇਆ, ਵਾਪਸ ਜਿਉਂ ਮੁੜ ਰਿਹੈ।"

"ਸਰਦਾਰ ਜੀ, ਜਿਹੜੀ ਵਾਪਸ ਮੁੜਨ ਵਾਲੀ ਗੱਲ ਐ ਤੁਸੀਂ ਵੀ ਜਾਣਦੇ ਓ ਕਿ ਏਨੀ ਸੌਖੀ ਨਹੀਂ ਹੁੰਦੀ, ਲੰਮੀ ਗੱਲ ਐ, ਵਕੀਲ ਹੋਰ ਪੰਜਾਹ ਰਾਹ ਦੱਸ ਦਿੰਦੇ ਆ ਪਰ ਆਪਾਂ ਏਦਾਂ ਦੀਆਂ ਗੱਲਾਂ ਵਿਚ ਪਈਏ ਈ ਕਿਉਂ? ...ਤੁਸੀਂ ਇਸੇ ਗੱਲ ਤੋਂ ਡਰਦੇ ਓ ਕਿ ਪੱਕਾ ਹੋ ਕੇ ਕੁੜੀ ਛੱਡ ਦੇਊ, ਮੈਂ ਏਸ ਦੀ ਗਰੰਟੀ ਲੈਨਾਂ, ...ਕਿਸੇ ਦੀ ਕੁੜੀ ਛੱਡਣੀ ਕੋਈ ਖੇਲ੍ਹ ਨਹੀਂ ਹੁੰਦੀ, ਮੈਂ ਸਾਰੀ ਉਮਰ ਸਿਆਸਤ 'ਚ ਗਾਲ਼ ਦਿਤੀ, ਜਿਹੜਾ ਬੰਦਾ ਏਦਾਂ ਦਾ ਕੰਮ ਕਰੇ ਅਸੀਂ ਤਾਂ ਉਸ ਨੂੰ ਥਾਂ ਥਾਂ ਬਦਨਾਮ ਕਰ ਕੇ ਰੱਖ ਦਿਆਂਗੇ, ਅਗਲਾ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਾ ਰਹੂ।"

"ਕਾਮਰੇਡ ਜੀ, ਏਥੇ ਏਸ ਮੁਲਕ 'ਚ ਬਦਨਾਮੀ ਨੂੰ ਕੋਈ ਨਹੀਂ ਪੁੱਛਦਾ, ਇਕ ਵਾਰੀ ਪੱਕਾ ਹੋ ਕੇ ਭਾਵੇਂ ਕਿਸੇ ਮਿਨਿਸਟਰ ਦੀ ਕੁੜੀ ਵਿਆਹ ਲਿਆਵੇ, ਇੰਗਲੈਂਡ ਦੇ ਨਾਂ ਨੂੰ ਪੰਜਾਹ....।"

"ਕੀ ਗੱਲ ਕਰਦੇ ਓ ਸਰਦਾਰ ਜੀ, ਸਾਡੇ ਹੁੰਦੇ ਹੋਏ ਭਲਾ ਏਦਾਂ ਦੇ ਗਲਤ ਬੰਦੇ ਨਾਲ ਕੌਣ ਵਰਤ ਲਊ, ਤੁਸੀਂ ਕਹਿੰਦੇ ਓ ਕਿ ਏਸ ਮੁਲਕ ਵਿਚ ਬਦਨਾਮੀ ਨੂੰ ਕੋਈ ਨਈਂ ਪੁੱਛਦਾ ਪਰ ਤੁਹਾਡੀਆਂ ਜੜ੍ਹਾਂ ਤਾਂ ਓਥੇ ਈ ਐ, ਉਥੇ ਹੋਈ ਬਦਨਾਮੀ ਏਥੇ ਨਾਲ਼ੋਂ ਜ਼ਿਆਦਾ ਮਹਿਨੇ ਰਖਦੀ ਐ। ...ਮੈਂ ਫੇਰ ਉਹੋ ਗੱਲ ਕਹਿੰਨਾਂ, ਮੈਂ ਮੁੰਡੇ ਨੂੰ ਸਾਰੇ ਤਰ੍ਹਾਂ ਪਰਖ ਲਿਆ, ਤੁਸੀਂ ਮੇਰੀ ਗਰੰਟੀ 'ਤੇ ਕੁੜੀ ਭੇਜ ਦਿਓ।"

www.PunjabiLibrary.com

ਕਾਮਰੇਡ ਨੇ ਦੋਵੇਂ ਹੱਥ ਖੜੇ ਕਰਕੇ ਆਪਣੀ ਜ਼ਿੰਮੇਵਾਰੀ ਦਾ ਪ੍ਰਗਟਾਵਾ ਕੀਤਾ। ਸੁਰਜਨ ਸਿੰਘ ਪਰਕਾਸ਼ ਕੋਰ ਤੇ ਸੁਰਿੰਦਰ ਵਲ ਦੇਖਣ ਲਗਿਆ। ਸੁਰਿੰਦਰ ਦੀਆਂ ਅੱਖਾਂ ਵਿਚ ਚਮਕ ਸੀ। ਸਰੂਪ ਮੌਕਾ ਸੰਭਾਲਦਾ ਸੁਰਜਨ ਸਿੰਘ ਨੂੰ ਆਖਣ ਲਗਿਆ,

''ਮਾਸੜ ਜੀ, ਮੈਂ ਵੀ ਪੂਰੀ ਜ਼ਿੰਮੇਵਾਰੀ ਲੈਂਨਾ। ਪਹਿਲਾਂ ਤਾਂ ਮੈਂ ਕਦੇ ਬੌਂਦਰ ਨਹੀਂ ਕੀਤੀ, ਦੁਕਾਨ ਵਿਚ ਈ ਬੀਜ਼ੀ ਰਿਹਾਂ। ਸੋਚਦਾ ਸੀ ਕਿ ਚੰਗੀ ਭਲੀ ਨਿਭੀ ਜਾਂਦੀ ਐ, ਆਪਣੇ ਘਰ ਖੁਸ਼ ਹੈਗੇ ਆ। ਮੈਨੂੰ ਕਿਸੇ ਗੱਲ ਦਾ ਪਤਾ ਵੀ ਨਹੀਂ ਸੀ ਪਰ ਹੁਣ ਮੈਂ ਆਪ ਧਿਆਨ ਰੱਖੂੰ। ਸਾਰੀ ਗੱਲ ਦਾ ਜਵਾਬਦੇਹ ਮੈਂ ਹੋਊਂ।''

ਸਤਨਾਮੀ ਨੇ ਪਰਕਾਸ਼ ਕੋਰ ਦੀ ਬਾਂਹ ਫੜ ਕੇ ਪਤੀ ਦੀ ਕਹੀ ਗੱਲ ਉਪਰ ਸਹੀ ਪਾਈ। ਪਰਕਾਸ਼ ਕੋਰ ਬੋਲੀ,

''ਪਰ ਉਹਨਾਂ ਨੇ ਤਾਂ ਇਕ ਵਾਰੀ ਵੀ ਸਾਡੇ ਤਕ ਪਹੁੰਚ ਨਹੀਂ ਕੀਤੀ, ਗੁਲਵੰਤ ਫੋਨ ਕਰਦਾ ਸੁਰਿੰਦਰ ਨੂੰ ਬਸ ਧਮਕੀਆਂ ਜਿਹੀਆਂ ਦਿੰਦਾ ਰਹਿੰਦਾ।''

''ਮਾਸੀ ਜੀ, ਤੁਸੀਂ ਵੀ ਜਾਣਦੇ ਓ ਕਿ ਗੁੱਲ ਸੁਰਿੰਦਰ ਨਾਲ ਕਿੰਨਾ ਪਿਆਰ ਕਰਦੈ, ਇਸੇ ਲਈ ਤਾਂ ਦਿਨ ਵਿਚ ਕਿੰਨੀ ਕਿੰਨੀ ਵਾਰ ਫੋਨ ਕਰਦੈ, ਜਿਹੜੀ ਉਹਨਾਂ ਦੇ ਆਉਣ ਦੀ ਗੱਲ ਕਰਦੇ ਓ, ਆਏ ਤਾਂ ਉਹ ਅੱਜ ਵੀ ਐ ਪਰ ਸ਼ਰਮਿੰਦੇ ਹੋਏ ਬਾਹਰ ਕਾਰ 'ਚ ਈ ਬੈਠੇ ਆ।''

ਸਤਨਾਮੀ ਦੱਸ ਰਹੀ ਸੀ। ਉਸ ਦੇ ਮਗਰ ਹੀ ਬਿਸ਼ੰਭਰ ਸਿੰਘ ਬਾਜ਼ੀ ਜਿੱਤੀ ਦਿਸਦੀ ਦੇਖ ਮੁੱਛਾਂ ਨੂੰ ਵਟਾ ਦਿੰਦਾ ਬੋਲਿਆ,

''ਭੈਣ ਜੀ, ਜਦ ਤਕ ਅਸੀਂ ਬੀਬੀਆਂ ਦਾਹੜੀਆਂ ਵਾਲ਼ੇ ਬੈਠੇ ਆਂ ਤਦ ਤਕ ਤੁਹਾਨੂੰ ਕਾਹਦੀ ਚਿੰਤਾ।''

ਸੁਰਜਨ ਸਿੰਘ ਨੇ ਆਪਣਾ ਆਖਰੀ ਹਥਿਆਰ ਵਰਤਦਿਆਂ ਆਖਿਆ,

''ਤੁਸੀਂ ਸਾਰੇ ਸੁਖਵੀਰ ਨੂੰ ਪੁੱਛ ਲਓ, ਏਹਦੀ ਜ਼ਿੰਦਗੀ ਦਾ ਸਵਾਲ ਐ।''

ਸੁਖਵੀਰ ਸਮਝ ਗਈ ਕਿ ਸਾਰੇ ਉਸ ਦੇ ਖਿਲਾਫ ਜਾ ਰਹੇ ਹਨ। ਉਹ ਰਾਜੂ ਨਾਲ ਮੁੜ ਕੇ ਰਹਿਣਾ ਨਹੀਂ ਸੀ ਚਾਹੁੰਦੀ। ਉਹ ਡੁਸਕਦੀ ਹੋਈ ਉਠ ਦੂਜੇ ਕਮਰੇ ਵਿਚ ਚਲੇ ਗਈ। ਉਸ ਦੇ ਮਗਰ ਹੀ ਪਰਕਾਸ਼ ਕੋਰ, ਸੁਰਿੰਦਰ ਤੇ ਸੁਰਜਨ ਸਿੰਘ ਵੀ। ਬਾਕੀ ਸਾਰੇ ਇਕ ਦੂਜੇ ਵਲ ਦੇਖਦੇ ਰਹਿ ਗਏ। ਸਰੂਪ ਤੇ ਬਿਸ਼ੰਭਰ ਸਿੰਘ ਦੀਆਂ ਅੱਖਾਂ ਮਿਲੀਆਂ। ਉਹ ਖੁਸ਼ ਸਨ।

ਦੂਜੇ ਕਮਰੇ ਵਿਚ ਜਾ ਕੇ ਸੁਰਿੰਦਰ ਨੇ ਸੁਖਵੀਰ ਦੇ ਮੋਢ੍ਹੇ ਫੜ ਕੇ ਕਿਹਾ,

''ਵੌਟ'ਜ਼ ਰੌਂਗ ਵਿਦ ਯੂ?''

''ਆਏ ਡੌਂਟ ਟਰੱਸਟ ਹਿੰਮ, ਆਏ ਡੌਂਟ ਵੌਨਾ ਗੋ!''

''ਬੱਟ ਆਏ ਟਰੱਸਟ ਗੁੱਲ, ਉਹਨੇ ਮੈਨੂੰ ਰਾਜੂ ਬਾਰੇ ਦੱਸਿਆ ਕਿ ਹੁਣ ਠੀਕ ਐ। ਵੀਰਾਂ, ਤੂੰ ਮੇਰੇ ਬਾਰੇ ਕਿਉਂ ਨਹੀਂ ਕੁਝ ਸੋਚਦੀ, ਤੂੰ ਅੰਮ੍ਰਿਤ ਬਾਰੇ ਕੁਝ ਕਿਉਂ ਨਹੀਂ ਸੋਚਦੀ, ਸਾਡੀ ਵੀ ਲਾਈਫ ਹੈੱਲ ਬਣੀ ਪਈ ਐ!''

ਪਰਕਾਸ਼ ਕੋਰ ਦੋਹਾਂ ਧੀਆਂ ਵਲ ਦੇਖਦੀ ਜਾ ਰਹੀ ਸੀ। ਕੁਝ ਮਿੰਟ ਪਹਿਲਾਂ ਉਸ ਨੂੰ ਸੁਰਿੰਦਰ ਦੇ ਚਿਹਰੇ 'ਤੇ ਲੋਹੜੇ ਦੀ ਖੁਸ਼ੀ ਝਲਕਦੀ ਦਿਸੀ ਸੀ ਪਰ ਸੁਖਵੀਰ ਦੀ ਇਸ ਨਾਂਹ ਕਾਰਨ ਉਸ ਨੂੰ ਇਹ ਮੁੜ ਗਵਾਚਣ ਦਾ ਡਰ ਬਣਨ ਲਗਿਆ। ਉਸ ਨੂੰ ਆਪਣੀ ਛੋਟੀ ਧੀ ਦੀ ਜ਼ਿਦ ਚੰਗੀ ਨਾ ਲਗੀ। ਉਹ ਬੋਲੀ,

''ਵੀਰਾਂ, ਤੂੰ 'ਕੱਲੀ ਇਕ ਪਾਸੇ ਖੜੀ ਐਂ, ਔਹ ਦੇਖ, ਸਿਆਣੇ ਬੰਦਿਆਂ ਦਾ ਵੀ ਸੋਚ।''

''ਮੰਮੀ, ਲਾਈਫ ਉਹਨਾਂ ਦੀ ਐ ਕਿ ਮੇਰੀ?''

ਸੁਖਵੀਰ ਸੁਰਜਨ ਸਿੰਘ ਵਲ ਦੇਖਣ ਲਗੀ। ਉਹ ਬੋਲਿਆ,

''ਮੈਨੂੰ ਤਾਂ ਰਾਜੂ 'ਤੇ ਭੋਰਾ ਯਕੀਨ ਨਹੀਂ ਪਰ ਜੇ ਤੂੰ ਸੁਰਿੰਦਰ ਖਾਤਰ ਚਾਂਸ ਲੈਣਾ ਤਾਂ ਦੇਖ ਲੈ।''

ਸੁਖਵੀਰ ਨੇ ਫਿਰ ਨਾਂਹ ਵਿਚ ਸਿਰ ਮਾਰ ਦਿਤਾ। ਪਹਿਲਾਂ ਸੁਰਿੰਦਰ ਨੂੰ ਲਗਣ ਲਗਿਆ ਸੀ ਕਿ ਉਹ ਅਜ ਹੀ ਗੁਲਵੰਤ ਨਾਲ ਘਰ ਚਲੇ ਜਾਵੇਗੀ ਪਰ ਸੁਖਵੀਰ ਉਸ ਦੀ ਖੁਸ਼ੀ ਦਾ ਜਿਵੇਂ ਗਲ਼ਾ ਘੁੱਟਣ ਲਗੀ ਸੀ। ਉਸ ਨੇ ਕਿਹਾ,

''ਵੀਰਾਂ, ਪਲੀਜ਼ ਮੇਰੀ ਖਾਤਰ ਮੰਨ ਜਾ, ਮੇਰੀ ਖਾਤਰ ਚੱਲ। ਮੈਂ ਪਰੌਮਿਜ਼ ਕਰਦੀ ਆਂ ਕਿ ਜੇ ਤੈਨੂੰ ਰਾਜੂ ਨੇ ਕੁਝ ਕਿਹਾ ਤਾਂ ਮੈਂ ਇਹਦਾ ਜਵਾਬ ਗੁੱਲ ਤੋਂ ਮੰਗੂ ਤੇ ਜੇ ਪੱਕਾ ਹੋ ਕੇ ਰਾਜੂ ਨੇ ਤੈਨੂੰ ਛੱਡਿਆ ਤਾਂ ਮੈਂ ਗੁੱਲ ਨੂੰ ਛੱਡ ਦੇਊਂ, ਸਾਰੀ ਉਮਰ ਇਕੱਲੀ ਕੱਢ ਲਊਂ, ਬਲੀਵ ਮੀ, ਆਏ ਪਰੌਮਿਜ। ਜਿੰਦਾਂ ਗੁੱਲ ਕਹਿੰਦੈ 'ਕੱਠੀਆਂ ਆਓ, ਹੁਣ ਮੈਂ ਉਹਨੂੰ ਕਲੀਅਰ ਕਰ ਦੇਣਾਂ ਕਿ ਅਸੀਂ ਰਹਿਣਾ ਵੀ 'ਕੱਠੀਆਂ ਨੇ ਆਂ ਤੇ ਜੇ ਵਾਪਸ ਵੀ ਗਈਆਂ ਤਾਂ 'ਕੱਠੀਆਂ ਨੇ ਜਾਣਾਂ।''

ਬਲਦੇਵ ਸਿੰਘ ਇਹਨਾਂ ਦਿਨਾਂ ਵਿਚ ਹੀ ਇੰਡੀਆ ਤੋਂ ਵਾਪਸ ਆਇਆ ਸੀ। ਬਹੁਤ ਹੀ ਉਦਾਸ ਤੇ ਮਸੋਸਿਆ ਹੋਇਆ। ਸੁਰਜਨ ਸਿੰਘ ਦੇ ਧੀ-ਜਵਾਈ ਦੀ ਸੁਲਾਹ ਹੋਣ ਦਾ ਪਤਾ ਚਲਿਆ ਤਾਂ ਉਸ ਨੂੰ ਵਧਾਈਆਂ ਦੇਣ ਉਸ ਕੋਲ ਆਇਆ। ਉਸ ਨੇ ਕਿਹਾ,

"ਚਾਹਲ ਯਾਰ, ਗੁੱਸਾ ਨਾ ਕਰੀਂ, ਮੁੰਡੇ ਕੁੜੀ ਦੀ ਗੱਲ ਵਿਚ ਬਹੁਤਾ ਦਖਲ ਨਾ ਦੇਈਂ। ਉੱਨੀ-ਇੱਕੀ ਹੁੰਦੀ ਈ ਰਹਿੰਦੀ ਐ। ਕੁੜੀ ਨੂੰ ਆਪਣੀ ਲੜਾਈ ਆਪੇ ਲੜਨ ਦੇ, ...ਮੁੰਡੇ ਕਿਤੇ ਧਰੇ ਪਏ ਆ!"

ਸੁਰਜਨ ਸਿੰਘ ਨੂੰ ਉਸ ਦੀ ਇਹ ਗੱਲ ਬਹੁਤ ਬੁਰੀ ਲਗੀ ਪਰ ਉਸ ਨੂੰ ਲਗਿਆ ਜਿਵੇਂ ਬਲਦੇਵ ਸਿੰਘ ਆਪਣੇ ਕਿਸੇ ਤਜੁਰਬੇ ਵਿਚੋਂ ਬੋਲ ਰਿਹਾ ਹੋਵੇ। ਉਸ ਨੂੰ ਪਤਾ ਸੀ ਕਿ ਉਹ ਆਪਣੀ ਛੋਟੀ ਕੁੜੀ ਦਾ ਵਿਆਹ ਕਰਨ ਇੰਡੀਆ ਗਿਆ ਹੋਇਆ ਸੀ। ਉਸ ਨੇ ਪੁੱਛਿਆ,

"ਕਿੱਦਾਂ ਰਿਹਾ ਇੰਡੀਆ ਸਭ?"

"ਪੁੱਛ ਨਾ ਕੁਝ ਯਾਰ! ਸਾਡੇ ਨਾਲ ਤਾਂ ਬਹੁਤ ਬੁਰੀ ਹੋਈ।"

"ਅੱਛਾ! ਕੀ ਹੋਇਆ?"

"ਅਸੀਂ ਗੱਜ-ਵੱਜ ਕੇ ਕੁੜੀ ਦਾ ਵਿਆਹ ਕੀਤਾ। ਮੁੰਡੇ ਦਾ ਪਿਓ ਨਵੇਂ ਸ਼ਹਿਰ ਦਾ ਮੰਨਿਆਂ ਹੋਇਆ ਵਕੀਲ ਐ, ਇਲਾਕੇ ਦੇ ਵੱਡੇ ਵੱਡੇ ਲੋਕ ਵਿਆਹ ਵਿਚ ਸ਼ਾਮਲ ਹੋਏ, ਪਰ ਬਹੁਤ ਬੁਰੀ ਹੋ ਗਈ।"

"ਕੀ?"

"ਮੁੰਡਾ ਸਾਲ਼ਾ ਵਿਆਹ ਦੇ ਕਾਬਲ ਈ ਨਹੀਂ ਸੀ। ਵਿਚੋਲੇ ਨੇ ਵੀ ਤੇ ਮੁੰਡੇ ਦੇ ਮਾਂਪੇ ਨੇ ਵੀ ਲਕੋਅ ਰੱਖਿਆ। ਅਸੀਂ ਔਖੇ-ਫਿੱਕੇ ਹੋਏ ਤਾਂ ਕਹਿਣ ਲਗੇ ਕਿ ਮੁੰਡੇ ਨੂੰ ਇੰਗਲੈਂਡ ਲੈ ਜਾਓ ਤੇ ਇਲਾਜ ਕਰਾ ਲਓ।"

"ਇਹ ਤਾਂ ਬਈ ਕੁੜੀ ਨਾਲ ਬਹੁਤ ਧੱਕਾ ਹੋਇਆ!"

"ਧੱਕੇ ਜਿਹਾ ਧੱਕਾ ਯਾਰ! ਕੁੜੀ ਨੂੰ ਗਸ਼ੀਆ ਪੈ ਪੈ ਜਾਣ, ...ਕਹੇ ਸੁਆਸਾਈਡ ਕਰ ਲੈਣਾ।"

"ਫੇਰ?"

"ਫੇਰ ਕੀ! ਅਸੀਂ ਕਿਹੜੀ ਉਹਨਾਂ ਦੇ ਗੋਲ਼ੀ ਮਾਰ ਦੇਣੀ ਸੀ! ...ਉਹ ਚਲਦੇ-ਪੁਰਜੇ ਲੋਕ। ...ਦੋ ਮਹੀਨੇ ਲਈ ਗਏ ਸਾਂ ਪਰ ਚਾਰ ਹਫਤੇ 'ਚ ਮੁੜ ਆਏ। ...ਕੁੜੀ ਕਮਰੇ 'ਚੋਂ ਨਈਂ ਨਿਕਲ ਰਹੀ। ਕਹਿੰਦੀ; ਕੰਮ 'ਤੇ ਨਈਂ ਜਾਣਾਂ। ਅਰੇਂਜਡ ਮੈਰਿਜ ਦੇ ਸਿਸਟਮ ਨੂੰ ਕੋਸੀ ਜਾਂਦੀ ਐ।"

"ਸੌਰੀ ਬਲਦੇਵ! ਇਹ ਤਾਂ ਬਹੁਤ ਈ ਦੁੱਖ ਦੀ ਗੱਲ ਐ! ...ਕੁੜੀ ਨੂੰ ਇਮੋਸ਼ਨਲ ਆਸਰਾ ਦਿਓ, ਸੰਭਾਲੋ, ...ਵਕਤ ਨਾਲ ਜ਼ਖਮ ਹੀਲ ਹੋ ਜਾਣਗੇ।"

"ਬਸ ਯਾਰ, ਏਨਾ ਮਨ ਖਰਾਬ ਐ, ਮੈਂ ਵੀ ਦੋ ਵੀਕ ਵਾਧੂ ਸਿੱਕ ਮਾਰ ਕੇ ਕੰਮ 'ਤੇ ਆਇਆਂ।"

"ਗੱਲ ਈ ਐਸੀ ਐ, ਹੌਸਲਾ ਰੱਖ ਹੌਸਲਾ।"

"ਹੌਸਲੇ ਬਿਨਾਂ ਕਰ ਵੀ ਕੀ ਸਕਦੇ ਆਂ। ...ਮੁੰਡੇ ਵਾਲ਼ੇ ਹਾਲੇ ਵੀ ਤੰਗ ਕਰੀ ਜਾਂਦੇ ਆ, ਅਖੇ ਮੁੰਡੇ ਨੂੰ ਮੰਗਾਓ। ਉਹਦਾ ਪਿਓ ਕੋਰਟ ਵਿਚ ਲੈਜਾਣ ਦੀਆਂ ਧਮਕੀਆਂ ਦੇਈ ਜਾਂਦੈ, ਕਦੇ ਮਿੰਨਤਾਂ ਕਰਨ ਲਗਦੈ। ਇੰਡੀਆ ਵਾਲ਼ਿਆਂ ਨੂੰ ਤੰਗ ਕਰੀ ਜਾਂਦੇ ਆ।"

"ਇਹ ਲੋਕ ਸਾਲ਼ੇ ਹਰਾਮੀ ਆਂ।"

"ਇਸੇ ਲਈ ਮੈਂ ਕਹਿਨਾਂ ਬਈ ਜੇ ਮੁੰਡਾ ਜ਼ਰਾ ਅੜ੍ਬ ਵੀ ਐ ਤਾਂ ਕੋਈ ਗੱਲ ਨਈਂ, ਹੌਲੀ ਹੌਲੀ ਠੀਕ ਹੋ ਜਾਊ।"

ਬਲਦੇਵ ਸਿੰਘ ਸੁਰਜਨ ਸਿੰਘ ਦੀ ਸਮੱਸਿਆ ਨੂੰ ਆਪਣੇ ਮਸਲੇ ਨਾਲ ਜੋੜ ਕੇ ਦੇਖ ਰਿਹਾ ਸੀ। ਸੁਰਜਨ ਸਿੰਘ ਨੇ ਕਿਹਾ,

"ਕੀ ਕਰੀਏ ਯਾਰ, ਜਦ ਗਲਤ ਬੰਦਿਆਂ ਨਾਲ ਵਾਹ ਪੈ ਜਾਵੇ ਤਾਂ ਏਦਾਂ ਈ ਹੁੰਦਾ। ...ਹੁਣ ਫੈਸਲਾ ਮੈਂ ਇਸੇ ਕਰਕੇ ਈ ਕਰ ਲਿਆ ਕਿ ਧੀ ਸੁਖੀ ਰਹੇ ਪਰ ਕੱਲ ਦਾ ਕੀ ਪਤਾ ਨੂੰ ਕੀ ਹੋਣਾਂ, ਜੇ ਮੁੰਡਾ ਅੜ੍ਬ ਹੋਵੇ ਤਾਂ ਚੱਲ ਜਾਂਦੈ ਪਰ ਮੁੰਡਾ ਧੋਖੇਬਾਜ਼ੀ ਕਰਦਾ ਸੀ।"

ਉਸ ਨੂੰ ਹਾਲੇ ਵੀ ਰਾਜੂ ਉਪਰ ਯਕੀਨ ਨਹੀਂ ਸੀ ਭਾਵੇਂ ਸੁਖਵੀਰ ਰੋਜ਼ ਫੋਨ ਕਰਕੇ ਦਸਦੀ ਕਿ ਰਾਜੂ ਹੁਣ ਠੀਕ ਹੈ। ਉਸ ਨੂੰ ਕੋਈ ਤੰਗੀ ਨਹੀਂ ਸੀ ਦੇ ਰਿਹਾ। ਸੁਰਿੰਦਰ ਤਾਂ ਖੁਸ਼ ਹੈ ਹੀ ਸੀ। ਉਸ ਨੂੰ ਲਗ ਰਿਹਾ ਸੀ ਕਿ ਦੋ-ਢਾਈ ਮਹੀਨੇ ਮੰਮੀ ਦੇ ਘਰ ਰਹਿ ਕੇ ਜਿਵੇਂ ਉਸ ਨੇ ਨਰਕ ਭਗਿਆ ਹੋਵੇ। ਸੁਰਜਨ ਸਿੰਘ ਨੂੰ ਕਦੇ ਕਦੇ ਲਗਣ ਲਗਦਾ ਕਿ ਇਹ ਸਮਝੌਤਾ ਵਧੀਆ ਕਦਮ ਹੈ ਪਰ ਗੁਲਵੰਤ ਨੂੰ ਉਹ ਮੁਆਫ ਨਹੀਂ ਸੀ ਕਰ ਸਕਿਆ। ਇਕ ਦਿਨ ਗੁਲਵੰਤ ਨੇ ਇਸ ਸਮਝੌਤੇ ਕਾਰਨ ਕੰਮ ਉਪਰ ਪਾਰਟੀ ਵੀ ਕੀਤੀ। ਉਸ ਦੇ ਦੋਸਤਾਂ ਨੇ ਰਲ਼ ਕੇ ਖੂਬ ਸ਼ਰਾਬ ਪੀਤੀ। ਸੁਰਜਨ ਉਸ ਦਿਨ ਬਹੁਤ ਦੁਖੀ ਰਿਹਾ। ਉਸ ਨੂੰ ਜਾਪਿਆ ਕਿ ਇਹ ਸਮਝੌਤਾ ਗੁਲਵੰਤ ਦੀ ਜਿੱਤ ਤੇ ਉਸ ਦੀ ਹਾਰ ਹੈ।

ਸਵੇਰੇ ਦਸ ਕੁ ਵਜੇ ਦਿਲਬਾਗ ਅਵਤਾਰ ਨੂੰ ਮਿਲਣ ਚਲੇ ਗਿਆ। ਉਹ ਹਾਲੇ ਵੀ ਬਨਾਰਸੀ ਦਾਸ ਦੇ ਘਰ ਹੀ ਰਹਿੰਦਾ ਸੀ। ਦਿਲਬਾਗ ਹੁਣ ਜ਼ਰਾ ਦੂਰ ਹੋਣ ਕਰਕੇ ਘੱਟ ਮਿਲਣ ਆਉਂਦਾ ਪਰ ਅਜ ਉਹ ਬੱਚੇ ਲੈ ਕੇ ਸੁਹਰੀਂ ਆਇਆ ਹੋਇਆ ਸੀ। ਉਸ ਨੇ ਸੋਚਿਆ ਕਿ ਕਿਉਂ ਨਾ ਅਵਤਾਰ ਨੂੰ ਮਿਲ ਆਵੇ। ਉਸ ਨੂੰ ਪਤਾ ਸੀ ਕਿ ਆਹ ਹਫਤਾ ਅਵਤਾਰ ਦੀਆਂ ਛੁੱਟੀਆਂ ਸਨ। ਉਸ ਨੇ ਜਾ ਕੇ ਘਰ ਦੀ ਡੋਰ-ਬੈੱਲ ਕੀ। ਲਾਜਵੰਤੀ ਨੇ ਦਰਵਾਜ਼ਾ ਖੋਹਲਿਆ। ਉਸ ਨੇ ਦੱਸਿਆ ਕਿ ਅਵਤਾਰ ਹਾਲੇ ਆਪਣੇ ਕਮਰੇ ਵਿਚ ਹੀ ਸੀ। ਦਿਲਬਾਗ ਨੇ ਫਰੰਟ ਰੂਮ ਵਿਚ ਬੈਠੇ ਬਨਾਰਸੀ ਦਾਸ ਨੂੰ 'ਹੈਲੋ ਕਹੀ ਤੇ ਅਵਤਾਰ ਦੇ ਕਮਰੇ ਵਿਚ ਚਲੇ ਗਿਆ। ਅਵਤਾਰ ਹਾਲੇ ਸੁੱਤਾ ਪਿਆ ਸੀ। ਦਿਲਬਾਗ ਬੋਲਿਆ,

"ਕਿਉਂ ਬਈ, ਰਾਤੀਂ ਨੱਕੇ ਮੋੜਦਾ ਰਿਹੈਂ?"

"ਨਈਂ ਯਾਰ, ਉਂਕਾਰ ਵਲ ਚਲੇ ਗਿਆ ਸੀ, ਬਹੁਤ ਲੇਟ ਮੁੜਿਆਂ, ...ਨਾਲ਼ੇ ਰੋਜ਼ ਤਾਂ ਜਲਦੀ ਉਠੀਦੈ, ਆਹ ਹਫਤਾ ਜ਼ਰਾ ਰੱਜ ਕੇ ਸੌਂ ਲਈਏ।"

"ਕੱਲਾ ਈ ਸੌਨਾਂ ਕਿ ਬਾਹਮਣੀ ਆ ਜਾਂਦੀ ਹੁੰਦੀ ਐ?"

ਦਿਲਬਾਗ ਨੇ ਧੀਮੀ ਆਵਾਜ਼ ਵਿਚ ਪੁੱਛਿਆ। ਅਵਤਾਰ ਉਸ ਦੇ ਅਜਿਹੇ ਮਜ਼ਾਕਾਂ ਦਾ ਕਈ ਵਾਰ ਜਵਾਬ ਨਹੀਂ ਸੀ ਦਿਆ ਕਰਦਾ। ਉਹ ਵਾਲ਼ ਵਾਹੁੰਦਾ ਹੋਇਆ ਬੋਲਿਆ,

"ਕੰਮ 'ਤੇ ਨਈਂ ਗਿਆ?"

"ਇਕ ਤਾਂ ਸਾਲ਼ੀ ਠੰਡ ਬਹੁਤ ਐ ਦੂਜੇ ਘਰ ਵਾਲ਼ੀ ਨੂੰ ਏਧਰ ਬੁੜੀ ਤਾਈਂ ਕੋਈ ਕੰਮ ਸੀ, ਨਿਆਣਿਆਂ ਨੂੰ ਛੁੱਟੀ ਸੀ ਕਿਹਾ ਗੇੜਾ ਮਾਰ ਆਵਾਂ।"

"ਏਦਾਂ ਦੀ ਠੰਡ ਵਿਚ ਬਾਹਰ ਕਿਉਂ ਨਿਕਲਦਾ ਹੁੰਨਾ, ਘਰ 'ਚ ਰਹਿ ਕੇ ਬੈੱਡ ਨਿੱਘਾ ਕਰਿਆ ਕਰ, ਇਕ ਅੱਧਾ ਨਿਆਣਾ ਹੋਰ ਘੜ ਕੇ ਗੌਰਮਿੰਟ ਨੂੰ ਜ਼ਰਾ ਅਕਲ ਦੇਹ, ...ਇਹ ਸਾਲ਼ੇ ਦੁਨੀਆਂ ਦੀ ਪਾਵਰ ਬਣੇ ਫਿਰਦੇ ਆ, ਇਹਨਾਂ ਨੂੰ ਤਾਂ ਅਸੀਂ ਨਿਆਣੇ ਪੈਦਾ ਕਰ ਕਰ ਕੇ ਈ ਮਾਰ ਦੇਣਾਂ।"

"ਲੰਮਿਆਂ, ਜੇ ਮੈਂ ਨਿਆਣਾ ਘੜੂੰ ਤਾਂ ਆਪਣੀ ਮਸ਼ੀਨ ਨਾਲ, ਤੇਰੇ ਵਾਂਗੂੰ ਨਹੀਂ ਕਿ ਬੇਗਾਨੇ ਤੰਦੂਰ 'ਤੇ ਈ ਪਰੌਂਠੇ ਲਾਹੀ ਜਾਮਾਂ!"

"ਤੂੰ ਕੰਮ ਦੀ ਗੱਲ ਕਰ, ਅੱਜ ਦਾ ਕੀ ਪਰੋਗਰਾਮ ਐਂ?"

"ਮੈਂ ਸੋਚਿਆ ਸੀ ਕਿ ਜੇ ਤੂੰ ਵਿਹਲਾ ਹੋਇਆ ਤਾਂ ਤੇਰੇ ਤੋਂ ਬੀਅਰ ਪੀਨਾਂ ਨਹੀਂ ਤਾਂ ਮੈਂ ਸਰੂਪ ਵਲਾਂ ਚਲੇ ਜਾਣਾਂ। ਆਹ ਓਹਦੇ ਚਾਚੇ ਦੇ ਮੁੰਡਿਆਂ ਦੇ ਝਗੜੇ ਕਾਰਨ ਓਹਦੇ ਨਾਲ਼ ਮੇਲ਼ਜੋਲ਼ ਵੀ ਘਟਿਆ ਹੋਇਆ ਸੀ। ਮੈਨੂੰ ਤਾਂ ਕਈ ਵਾਰ ਡਰ ਲਗਦਾ ਸੀ ਕਿ ਮੂੰਹ-ਮੱਥੇ ਲਗਣੋਂ ਵੀ ਜਾਵਾਂਗੇ।"

"ਮੁੰਡੇ ਕਰਦੇ ਵੀ ਤਾਂ ਜ਼ਿਆਦਤੀ ਸੀ, ਭਲਾ ਏਦਾਂ ਵੀ ਘਰ ਵਸਦੇ ਹੁੰਦੇ ਆ!"

"ਤੈਨੂੰ ਨਹੀਂ ਪਤਾ, ਕਸੂਰ ਸਾਡੇ ਸੌਹਰਾ ਸਾਬ ਤੇ ਬੁੜ੍ਹੀ ਦਾ ਐ। ਅਗਲੇ ਨੂੰ ਏਨਾ ਚੁੱਕ ਦੇਣਗੇ ਕਿ ਉਹ ਆਪਣੇ ਆਪ ਨੂੰ ਖੁਦਾ ਸਮਝਣ ਲਗੇ।"

"ਏਹ ਮੁੰਡੇ ਤਾਂ ਉਹਨਾਂ ਦੇ ਘਰ ਗਏ ਈ ਘੱਟ ਸੀ, ...ਹਾਂ, ਤੇਰੇ ਜ਼ਰੂਰ ਬਾਂਸ ਦੇ ਰੱਖਿਆ ਸੀ, ਮਲਵਈ ਦੇ ਆਏ 'ਤੇ ਤੂੰ ਮੂੰਹ ਪਰਨੇ ਡਿਗਿਐਂ।"

"ਉਹਦੇ ਸਾਲ਼ੇ ਦੇ ਤਾਂ ਮੈਂ ਓਦਾਂ ਈ ਫੱਟੇ ਚੁੱਕ ਦੇਉਂ।"

"ਤੂੰ ਤਾਂ ਓਹਤੋਂ ਡਰਦਾ ਓਦਾਂ ਈ ਇਲਾਕਾ ਛੱਡ ਗਿਆਂ, ਫੱਟੇ ਕੀ ਚੁੱਕਣੇ ਆਂ।"

"ਲੰਮਿਆਂ, ਕਦੇ ਜ਼ਿੰਦਗੀ 'ਚ ਮੌਕਾ ਆਇਆ ਤਾਂ ਦੇਖੀਂ, ਸਾਲ਼ੇ ਨੂੰ ਚਿੱਤ ਨਾ ਕਰ 'ਤਾ ਤਾਂ ਮੈਨੂੰ ਦਿਲਬਾਗ ਬਾਸੀ ਕਿਹਨੇ ਕਹਿਣਾਂ!"

ਗੱਲ ਕਰਦਾ ਦਿਲਬਾਗ ਜੋਸ਼ ਵਿਚ ਆ ਗਿਆ। ਜਦ ਤਕ ਹੇਠੋਂ ਬਨਾਰਸੀ ਦਾਸ ਦੀ ਅਵਾਜ਼ ਆਈ ਕਿ ਚਾਹ ਬਣ ਗਈ ਹੈ ਆ ਕੇ ਪੀ ਲਵੋ। ਦਿਲਬਾਗ ਬੋਲਿਆ,

"ਪੰਡਤ ਤਾਂ ਹਰ ਵੇਲੇ ਹੁਣ ਘਰ ਈ ਬੈਠਾ ਰਹਿੰਦੈ।"

"ਉਮਰ ਹੋ ਗਈ, ਹੁਣ ਜਾਵੇ ਵੀ ਕਿਥੇ?"

"ਫੇਰ ਤੇਰਾ ਦਾਅ ਕਿਥੇ ਲਗਦਾ ਹੋਊ!"

"ਮਾਂ ਦਿਆ ਬਾਗਿਆ, ਤੈਨੂੰ ਕੀ ਪਤਾ ਕਿ ਡੱਡੂ ਕਿਹੜੇ ਵੇਲੇ ਪਾਣੀ ਪੀਂਦੇ ਆ!"

ਕਹਿੰਦਾ ਅਵਤਾਰ ਤੌਲੀਆ ਚੁੱਕ ਕੇ ਗੁਸਲਖਾਨੇ ਜਾ ਵੜਿਆ ਤੇ ਦਿਲਬਾਗ ਹੇਠਾਂ ਬਨਾਰਸੀ ਦਾਸ ਕੋਲ ਗੈਸ ਫਾਇਰ ਮੂਹਰੇ ਆ ਬੈਠਾ। ਲਾਜਵੰਤੀ ਨੇ ਉਸ ਦੇ ਹੱਥ ਵਿਚ ਚਾਹ ਦਾ ਕੱਪ ਫੜਾ ਦਿਤਾ। ਬਨਾਰਸੀ ਦਾਸ ਪੁੱਛਣ ਲਗਿਆ,

"ਕੀ ਹਾਲ ਐ ਬਈ ਸਾਡੇ ਮਿੱਤਰ ਸੁਰਜਨ ਸੂੰਹ ਦਾ?"

"ਠੀਕ ਐ ਅੰਕਲ।"

"ਕਦੇ ਜਾ ਈ ਨਈਂ ਹੋਇਆ, ਓਹਨੇ ਵੀ ਗੇੜਾ ਨਈਂ ਮਾਰਿਆ। ਲਾਜਵੰਤੀ ਦਸਦੀ ਸੀ ਬਈ ਥੋੜੀ ਗੜਬੜ ਹੋ ਗਈ ਸੀ, ਹੁਣ ਕਿੱਦਾਂ ਔਲਰੈਟ ਐ?"

"ਆਹੋ ਅੰਕਲ, ਹੁਣ ਠੀਕ ਐ।"

"ਚਲੋ ਪ੍ਰਮਾਤਮਾ ਦਾ ਸ਼ੁਕਰ ਐ, ...ਕਹੀਂ ਸੁਰਜਨ ਸੂੰਹ ਨੂੰ, ਕਦੇ ਗੇੜਾ ਈ ਮਾਰ ਜਾਵੇ, ਆਹ ਨਾਲ਼ ਦੀ ਤਾਂ ਰੋਡ ਐ।"

"ਤੂੰ ਵੀ ਅੰਕਲ, ਜ਼ਰਾ ਘੁੰਮਿਆਂ ਕਰ, ਪੱਬ-ਸ਼ੱਬ ਜਾਇਆ ਕਰ, ਗੋਡੇ ਸਿੱਧੇ ਰਹਿਣ।"

"ਪੱਬ ਜਾਣਾਂ ਤਾਂ ਪੱਬ ਵੀ ਲੈ ਚਲਦੇ ਆਂ, ਬਸ ਖੁਲ੍ਹਣ ਈ ਵਾਲ਼ਾ ਹੋਣੈਂ।"

"ਮੈਂ ਤੇਰੀ ਗੱਲ ਕਰਦਾਂ, ਅੰਦਰ ਬੈਠੇ ਨੂੰ ਸੇਂਕ ਨਾ ਲਗ ਜਾਏ!"

"ਮੈਂ ਤਾਂ ਆਹ ਖੂੰਜੇ ਵਾਲ਼ੇ ਪੱਬ 'ਚ ਦੋ ਗਲਾਸ ਗੀਨਸ ਦੇ ਰੋਜ਼ ਮਾਰ ਕੇ ਆਉਂਨਾਂ। ...ਇਹ ਤਾਂ ਸੁਰਜਨ ਈ ਆ ਚੌਵੀ ਘੰਟੇ ਡਾਕਖਾਨੇ 'ਚ ਵੜਿਆ ਰਹਿੰਦੈ।"

ਜਦ ਤਕ ਅਵਤਾਰ ਵੀ ਨਹਾ ਕੇ ਆ ਗਿਆ। ਲਾਜਵੰਤੀ ਰੋਟੀ ਬਾਰੇ ਪੁੱਛਣ ਲਗੀ। ਅਵਤਾਰ ਨੇ ਮਨ੍ਹਾਂ ਕਰ ਦਿਤਾ ਕਿਉਂਕਿ ਹੁਣ ਉਹਨਾਂ ਪੱਬ ਵਿਚ ਹੀ ਕੁਝ ਖਾ ਪੀ ਲੈਣਾ ਸੀ। ਘਰੋਂ ਨਿਕਲਦਿਆਂ ਹੀ ਦਿਲਬਾਗ ਨੇ ਆਖਿਆ,

"ਪੰਡਤ ਤਾਂ ਮੂਲ਼ੋਂ ਈ ਰਹਿ ਗਿਆ!"

"ਹੁਣ ਉਹ ਗੱਲ ਨਹੀਂ ਨਾ ਰਹਿ ਗਈ, ...ਸੁਰਜਨ ਭਾਜੀ ਤੋਂ ਦਸ ਪੰਦਰਾਂ ਸਾਲ਼ ਵੱਡਾ ਹੋਣੈਂ।"

"ਪਰ ਤੇਰੀ ਲਾਜਵੰਤੀ ਤਾਂ ਘੋੜੀ ਵਾਂਗੂੰ ਫਿੱਟ ਫਿਰਦੀ ਐ, ਕੀ ਚਾਰਦਾ ਹੁੰਨੈ?"

## ਤੇਈ

ਸੂਰਜ ਚੜ੍ਹੇ ਜਾਂ ਨਾ ਪਰ ਇਹ ਦਿਨ ਗਰਮੀਆਂ ਦੇ ਹੀ ਕਹਾਉਂਦੇ ਸਨ। ਵੈਸੇ ਮੌਸਮ ਆਮ ਨਾਲੋਂ ਚੰਗਾ ਚਲਿਆ ਆ ਰਿਹਾ ਸੀ। ਹਿੰਮਤ ਸਿੰਘ ਨੂੰ ਇੰਗਲੈਂਡ ਆਏ ਨੂੰ ਕਈ ਦਿਨ ਹੋ ਗਏ ਸਨ। ਉਸ ਨੂੰ ਇਥੋਂ ਦੀ ਨਿਯਮਬੱਧ ਜ਼ਿੰਦਗੀ ਬਹੁਤ ਚੰਗੀ ਲਗ ਰਹੀ ਸੀ। ਗੁਰਜੰਟ ਤੇ ਬਲਜਿੰਦਰ ਸਵੇਰੇ ਹੀ ਕੰਮ 'ਤੇ ਨਿਕਲ ਜਾਂਦੇ ਤੇ ਸ਼ਾਮ ਨੂੰ ਮੁੜਦੇ। ਉਸ ਲਈ ਖਾਣਾ ਬਣਾਇਆ ਹੁੰਦਾ, ਉਹ ਆਪ ਹੀ ਗਰਮ ਕਰ ਕੇ ਖਾ ਲੈਂਦਾ। ਰਸੋਈ ਵਿਚ ਗੈਸ ਕੁੱਕਰ, ਫਰਿੱਜ, ਭਾਂਡੇ ਧੋਣ ਵਾਲੀ ਮਸ਼ੀਨ, ਕਪੜੇ ਧੋਣ ਵਾਲੀ ਮਸ਼ੀਨ ਦੇਖ ਦੇਖ ਕੇ ਉਹ ਸੋਚਦਾ ਕਿ ਇਥੋਂ ਦਾ ਜੀਵਨ ਕਿੰਨਾ ਆਸਾਨ ਹੈ। ਉਹ ਆਪਣੀ ਪਤਨੀ ਬਾਰੇ ਸੋਚਦਾ, ਜਿਹਨੇ ਸਾਰੀ ਉਮਰ ਚੁੱਲ੍ਹੇ ਵਿਚ ਫੂਕਾਂ ਮਾਰ ਮਾਰ ਕੇ ਅੱਖਾਂ ਗੰਵਾ ਲਈਆਂ ਸਨ, ਕਿ ਉਹ ਨਾਲ ਹੁੰਦੀ ਤਾਂ ਕਿੰਨੀ ਖੁਸ਼ ਹੁੰਦੀ। ਉਥੋਂ ਦੇ ਮੁਕਾਬਲੇ ਇਹ ਜੀਵਨ ਕਿੰਨਾ ਵਧੀਆ ਸੀ। ਚੰਗੇ ਵੇਲੇ ਗੁਰਜੰਟ ਦਾ ਰਿਸ਼ਤਾ ਹੋ ਗਿਆ ਤੇ ਉਹ ਇਧਰ ਨਿਕਲ ਆਇਆ।

ਘਰ ਦੇ ਨਾਲ ਹੀ ਪਾਰਕ ਸੀ। ਦਿਨ ਵੇਲੇ ਉਹ ਪਾਰਕ ਵਿਚ ਘੁੰਮਣ ਚਲੇ ਜਾਂਦਾ। ਜੇ ਧੁੱਪ ਹੁੰਦੀ ਤਾਂ ਪਾਰਕ ਲੋਕਾਂ ਨਾਲ ਭਰ ਜਾਂਦਾ। ਲੋਕ ਕਪੜੇ ਲਾਹ ਕੇ ਧੁੱਪ ਸੇਕ ਰਹੇ ਹੁੰਦੇ। ਉਹ ਸੋਚਦਾ ਕਿ ਵਾਪਸ ਭਾਰਤ ਗਏ ਨੂੰ ਜੇ ਕੋਈ ਪੁੱਛੇਗਾ ਕਿ ਇੰਗਲੈਂਡ ਤੇ ਭਾਰਤ ਵਿਚ ਕੀ ਫਰਕੇ ਹੈ ਤਾਂ ਉਹ ਕਹੇਗਾ ਕਿ ਭਾਰਤ ਵਿਚ ਲੋਕ ਸਰਦੀਆਂ ਨੂੰ ਧੁੱਪ ਸੇਕਦੇ ਹਨ ਤੇ ਇੰਗਲੈਂਡ ਵਿਚ ਗਰਮੀਆਂ ਨੂੰ। ਪਾਰਕ ਵਿਚ ਲੋਕ ਸਵੇਰੇ ਸ਼ਾਮ ਦੌੜ ਲਾਉਣ ਆਉਂਦੇ। ਹੋਰ ਵਰਜ਼ਿਸ ਕਰਦੇ ਵੀ ਦਿਖਾਈ ਦੇ ਜਾਂਦੇ। ਉਸ ਨੂੰ ਬਹੁਤ ਖੁਸ਼ੀ ਹੁੰਦੀ। ਆਪ ਪੀ.ਟੀ. ਮਾਸਟਰ ਰਿਹਾ ਹੋਣ ਕਰਕੇ ਵਰਜਿਸ਼ ਦਾ ਉਸ ਨੂੰ ਬਹੁਤ ਸ਼ੌਂਕ ਸੀ। ਗੁਰਜੰਟ ਨੂੰ ਵਰਜਿਸ਼ ਦਾ ਸ਼ੌਂਕ ਉਸ ਨੇ ਬਚਪੱਨ ਵਿਚ ਹੀ ਪਾ ਦਿਤਾ ਹੋਇਆ ਸੀ ਜੋ ਕਿ ਹਾਲੇ ਤਕ ਕਾਇਮ ਸੀ। ਉਹ ਹਰ ਰੋਜ਼ ਪਾਰਕ ਦੇ ਜੌਗਿੰਗ ਟਰੈਕ ਉਪਰ ਪੰਜ ਚਕਰ ਲਗਾਉਂਦਾ ਸੀ। ਹਿੰਮਤ ਸਿੰਘ ਨੂੰ ਗੁੱਸਾ ਆਉਂਦਾ ਕਿ ਜੌਗਿੰਗ ਟਰੈਕ ਵਿਚ ਇੰਡੀਅਨ ਲੋਕ ਇੰਨੇ ਘੱਟ ਕਿਉਂ ਦਿਖਾਈ ਦਿੰਦੇ ਹਨ। ਗੋਰੇ ਕਾਲੇ ਹੀ ਜ਼ਿਆਦਾ ਉਥੇ ਹੁੰਦੇ। ਉਹ ਸੋਚਦਾ ਕਿ ਸਾਡਾ ਸੁਭਾਅ ਹੀ ਦੇਹ-ਰੱਖ ਜਿਹਾ ਹੈ। ਉਸ ਨੂੰ ਯਾਦ ਸੀ ਕਿ ਸਕੂਲ ਸਮੇਂ ਵੀ ਬਹੁਤੇ ਵਿਦਿਆਰਥੀਆਂ ਦੇ ਮਾਂਪੇ ਨਹੀਂ ਸਨ ਚਾਹੁੰਦੇ ਕਿ ਉਹਨਾਂ ਦੇ ਬੱਚੇ ਕਿਸੇ ਖੇਡ ਵਿਚ ਹਿੱਸਾ ਲੈਣ।

ਹਿੰਮਤ ਸਿੰਘ ਨੇ ਲੰਡਨ ਦੀਆਂ ਕਈ ਥਾਵਾਂ ਦੇਖ ਲਈਆਂ ਸਨ। ਬਹੁਤੇ ਪੰਜਾਬੀਆਂ ਵਾਂਗ ਉਸ ਦੀ ਵੀ ਵੱਡੀ ਦਿਲਚਸਪੀ ਕੋਹੇਨੂਰ ਹੀਰਾ ਜਾਂ ਮਹਾਂਰਾਜਾ ਰਣਜੀਤ ਸਿੰਘ ਦੇ ਤਖਤ ਦੇਖਣ ਵਿਚ ਹੀ ਸੀ। ਕੁਝ ਵਿਸ਼ੇਸ਼ ਥਾਵਾਂ ਉਸ ਨੂੰ ਗੁਰਜੰਟ ਨੇ ਦਿਖਾ

www.PunjabiLibrary.com

ਦਿਤੀਆਂ ਸਨ। ਵਿਕਟੋਰੀਆ-ਅਲਬਰਟ ਮਿਊਜ਼ਮ ਦਾ ਚੱਕਰ ਸੁਰਜਨ ਸਿੰਘ ਨੇ ਟਿਊਬ ਰਾਹੀਂ ਲਵਾ ਦਿਤਾ ਸੀ। ਸੁਰਜਨ ਸਿੰਘ ਦਾ ਉਸ ਵਲ ਰਵੱਈਆ ਕੁਝ ਠੰਡਾ ਜਿਹਾ ਹੀ ਸੀ। ਛੁੱਟੀ ਵਾਲੇ ਦਿਨ ਸ਼ਿਵਰਾਜ ਵੀ ਉਸ ਨੂੰ ਘੁਮਾ ਦਿੰਦਾ। ਇਕ ਦਿਨ ਹਿੰਮਤ ਸਿੰਘ ਨੇ ਉਸ ਨੂੰ ਪੁੱਛਿਆ,

"ਸੁਰਜਨ ਸਿੰਘ ਦਾ ਵਤੀਰਾ ਕੁਝ ਅਜੀਬ ਐ, ਖੁਸ਼ਕ ਜਿਹਾ!"

"ਤੇਰੇ ਨਾਲ ਕੋਈ ਗੱਲ ਨਹੀਂ ਕੀਤੀ ਉਹਨੇ?"

"ਨਹੀਂ ਤਾਂ।"

"ਅਸਲ 'ਚ ਗੱਲ ਇਹ ਐ ਕਿ ਗੁਰਜੰਟ ਉਹਨੂੰ ਕੋਈ ਸਤਿਕਾਰ ਨਹੀਂ ਦਿੰਦਾ, ਕੁੜੀ ਨੂੰ ਵੀ ਬਹੁਤਾ ਉਧਰ ਨਹੀਂ ਜਾਣ ਦਿੰਦਾ, ਆਪ ਤਾਂ ਜਾਂਦਾ ਈ ਨਈਂ। ਮੈਂ ਇਹਨੂੰ ਕਈ ਵਾਰ ਸਮਝਾਇਆ ਪਰ ਤੈਨੂੰ ਪਤਾ ਹਿੰਮਤ ਸਿਆਂ, ਅਜਕੱਲ ਦੇ ਮੁੰਡੇ ਕਦੋਂ ਕਿਸੇ ਦੀ ਸੁਣਦੇ ਆ!"

"ਸ਼ਿਵਰਾਜ ਸਿੰਘ, ਯਾਰ, ਇਹ ਗੱਲ ਤਾਂ ਮਾੜੀ ਐ, ਸੁਰਜਨ ਸਿੰਘ ਤਾਂ ਏਹਦੇ ਪਿਓ ਵਾਂਗ ਐ, ਅਗਲੇ ਨੇ ਕੁੜੀ ਵਿਆਹੀ ਐ, ਉਹਦਾ ਸਤਿਕਾਰ ਨਹੀਂ ਕਰਨਾ ਤਾਂ ਕਿਹਦਾ ਕਰਨੈਂ!"

ਹਿੰਮਤ ਸਿੰਘ ਹੈਰਾਨ ਹੋਇਆ ਗੱਲ ਕਰ ਰਿਹਾ ਸੀ। ਪਤਾ ਤਾਂ ਉਸ ਨੂੰ ਸਭ ਸੀ ਪਰ ਹੁਣ ਉਹ ਦੂਰ ਦੀ ਸੋਚਦਾ ਇਹ ਗੱਲ ਕਰ ਰਿਹਾ ਸੀ। ਸ਼ਿਵਰਾਜ ਸਿੰਘ ਬੋਲਿਆ,

"ਮੈਂ ਤਾਂ ਸੋਚਿਆ ਕਿ ਸੁਰਜਨ ਸੂੰਹ ਨੇ ਗੱਲ ਕੀਤੀ ਹੋਊ।"

"ਉਹਨੇ ਤਾਂ ਕੁਝ ਨਹੀਂ ਦੱਸਿਆ, ਦਸਦਾ ਤਾਂ ਮੈਂ ਗੁਰਜੰਟ ਦੇ ਕੰਨ ਨਾ ਖਿਚਦਾ।"

"ਸੁਰਜਨ ਸੂੰਹ ਜ਼ਰਾ ਅੜ੍ਹਬ ਜ਼ਰੂਰ ਐ ਪਰ ਬੰਦਾ ਚੰਗਾ ਬਹੁਤ, ਪਿਆਰ ਨਾਲ ਉਹਤੋਂ ਕੋਈ ਵੀ ਕੰਮ ਕਰਾ ਲਓ।"

"ਉਹ ਤਾਂ ਠੀਕ ਐ ਪਰ ਇਹ ਬਿਨਾਂ ਮਤਲਬ ਕਿਉਂ ਤਿੜਿਆ ਬੈਠਾ ਏ!"

"ਇਹਦੀ ਸਾਂਢੂਆਂ ਨਾਲ਼ ਨਈਂ ਬਣਦੀ ਪਰ ਏਹਦੇ ਵਿਚ ਸੁਰਜਨ ਸੂੰਹ ਦਾ ਕੀ ਕਸੂਰ! ...ਉਹ ਵਿਚਾਰਾ ਬਹੁਤ ਦੁਖੀ ਐ, ਕੋਈ ਏਦਾਂ ਵੀ ਕਰਦਾ ਕਿ ਕੁੜੀ ਨੂੰ ਈ ਮਿਲਣ ਨਾ ਜਾਣ ਦੇਵੇ, ...ਹੁਣ ਆਹ ਦੇਖ ਤੀਜੇ ਨੰਬਰ ਆਲ਼ਾ ਜੁਆਈ, ਚੰਗਾ ਬਣ ਕੇ ਆਪਣੇ ਭਰਾ ਲਈ ਰਿਸ਼ਤਾ ਲੈ ਗਿਆ ਸੀ।"

ਸ਼ਿਵਰਾਜ ਨੇ ਗੁਲਵੰਤ ਹੋਰਾਂ ਦੀ ਕਹਾਣੀ ਛੇੜ ਲਈ। ਹਿੰਮਤ ਸਿੰਘ ਇਹ ਕਹਾਣੀ ਪਹਿਲਾਂ ਵੀ ਸੁਣ ਚੁਕਿਆ ਸੀ ਇਸੇ ਲਈ ਉਸ ਵਿਚੋਂ ਨਵੇਂ ਅਰਥ ਕੱਢ ਰਿਹਾ ਸੀ। ਉਸ ਨੇ ਸ਼ਾਮ ਨੂੰ ਹੀ ਗੁਰਜੰਟ ਨੂੰ ਘੇਰ ਲਿਆ ਤੇ ਪੁੱਛਣ ਲਗਿਆ,

"ਸੁਹਰਿਆਂ ਨਾਲ ਕਾਕਾ, ਤੇਰੀ ਕਾਹਦੀ ਲੜ੍ਹਾਈ ਐ?"

"ਕੁਝ ਨਹੀਂ ਬਾਪੂ ਜੀ, ਇਹ ਸਾਰੇ ਦਬਾਬੀਏ ਮੂੰਹ 'ਤੇ ਕੁਝ ਹੋਰ ਤੇ ਢਿੱਡ 'ਚ ਕੁਝ ਹੋਰ ਹੁੰਦੇ ਨੇ।"

"ਇਹਦੇ 'ਚ ਦੁਬਾਬੀਆਂ ਵਾਲੀ ਕਿਹੜੀ ਗੱਲ ਹੋਈ? ਸਾਰੀ ਗੱਲ ਤਾਂ ਸਹੂਲਤ ਦੀ ਏ, ਸੁਰਜਨ ਮੇਰਾ ਫਰੈਂਡ ਸੀ ਤਾਂ ਤੇਰਾ ਰਿਸ਼ਤਾ ਹੋ ਗਿਆ ਤੇ ਤੂੰ ਏਧਰ ਆ ਗਿਆ। ...ਤੈਨੂੰ ਪਤਾ ਏ ਕਿ ਤੇਰਾ ਰਿਸ਼ਤਾ ਕਰਨ ਲਈ ਮੈਂ ਕਿੰਨੇ ਪਾਪੜ ਵੇਲੇ ਨੇ, ਕਿੰਨਾ ਪਿੱਛੇ ਪੈ ਕੇ ਰਿਸ਼ਤਾ ਕੀਤਾ ਸੀ! ...ਹੁਣ ਤੇਰਾ ਫਰਜ਼ ਸੀ ਕਿ ਤੂੰ ਪਰਤਾਪ ਦਾ ਰਿਸ਼ਤਾ ਕਰਦਾ ਪਰ ਤੂੰ ਆਪਣੇ ਭਰਾ ਬਾਰੇ ਕੀ ਸੋਚਣਾ ਸੀ ਤੂੰ ਤਾਂ ਆਪਣੇ ਈ ਮੁਹਾਜ਼ ਖੋਹਲ ਕੇ ਬਹਿ ਗਿਆਂ!"

"ਬਾਪੂ ਜੀ, ਮੈਂ ਕਿਸੇ ਦੀ ਜੀ-ਹਜੂਰੀ ਨਈਂ ਕਰ ਸਕਦਾ।"

"ਮੈਂ ਤੇਰੇ ਲਈ ਕੀਤੀ ਐ, ਤਾਂ ਹੀ ਤਾਂ ਤੂੰ ਏਥੇ ਬੈਠਾਂ ਏਂ।"

"ਬਾਪੂ ਜੀ, ਤੁਸੀਂ ਡੈਡੀ ਨੂੰ ਨਈਂ ਜਾਣਦੇ, ਉਹ ਮਿੰਟ 'ਚ ਅਗਲੇ ਨੂੰ ਲਾਹ ਕੇ ਰੱਖ ਦਿੰਦੇ ਆ।"

"ਮੈਂ ਨਈਂ ਮੰਨਦਾ ਏਸ ਗੱਲ ਨੂੰ, ਹਰ ਗੱਲ ਦਾ ਤਰੀਕਾ ਹੁੰਦਾ ਏ ਪਰ ਜਦ ਤੂੰ ਬਲਜਿੰਦਰ ਨੂੰ ਉਹਨਾਂ ਨੂੰ ਮਿਲਣ ਈ ਨਈਂ ਜਾਣ ਦਿੰਦਾ ਤਾਂ ਕੀ ਆਸ ਰੱਖਦਾ ਏਂ, ...ਸ਼ੁਕਰ ਕਰ ਕਿ ਉਹ ਹਾਲੇ ਵੀ ਤੇਰੇ ਨਾਲ ਸ਼ਰਾਫਤ ਦਿਖਾ ਰਹੇ ਨੇ, ਜੇ ਮੈਂ ਸੁਰਜਨ ਸਿੰਘ ਦੀ ਥਾਂ ਹੁੰਦਾ ਤਾਂ ਪਤਾ ਨਈਂ ਕੀ ਕਰ ਬੈਠਦਾ।"

ਗੁਰਜੰਟ ਨੀਵੀਂ ਪਾਈ ਪਿਓ ਦੀ ਗੱਲ ਸੁਣਦਾ ਜਾ ਰਿਹਾ ਸੀ। ਉਸ ਨੇ ਤਾਂ ਇਵੇਂ ਕਦੇ ਸੋਚਿਆ ਹੀ ਨਹੀਂ ਸੀ। ਉਸ ਨੂੰ ਇਹ ਬੰਦੇ ਬਕਵਾਸ ਲਗਦੇ ਸਨ ਤੇ ਭਰਾ ਦਾ ਰਿਸ਼ਤਾ ਇਥੇ ਕਰਨ ਦਾ ਸੁਫਨਾ ਵੀ ਨਹੀਂ ਸੀ ਲੈ ਸਕਦਾ। ਹਿੰਮਤ ਸਿੰਘ ਨੇ ਫਿਰ ਕਿਹਾ,

"ਕੀ ਤੂੰ ਪਰਤਾਪ ਨੂੰ ਕਿਸੇ ਤਰ੍ਹਾਂ ਇੰਗਲੈਂਡ ਸੱਦ ਸਕਦਾਂ?"

"ਨਹੀਂ ਜੀ।"

"ਫਿਰ ਇਹ ਸਭ ਤੋਂ ਸੌਖਾ ਤਰੀਕਾ ਸੀ, ਸੁਰਜਨ ਸਿੰਘ ਦੀ ਛੋਟੀ ਕੁੜੀ ਪਰਤਾਪ ਦੇ ਹਾਣ ਦੀ ਸੀ, ਤੈਨੂੰ ਤਾਂ ਇਸ ਗੱਲ ਦਾ ਬਹੁਤ ਪਹਿਲਾਂ ਧਿਆਨ ਰੱਖਣਾ ਚਾਹੀਦਾ ਸੀ, ...ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਈਂ ਵਿਗੜਿਆ।"

"ਬਾਪੂ ਜੀ, ਮੇਰਾ ਨਈਂ ਖਿਆਲ ਕਿ ਉਹ ਮੰਨਣਗੇ।"

"ਕਿਉਂ ਨਈਂ ਮੰਨਣਗੇ, ਤੂੰ ਭਰਾ ਲਈ ਰਿਸ਼ਤਾ ਮੰਗਣਾ ਏਂ ਕੋਈ ਭੀਖ ਨਈਂ! ਤੇਰਾ ਹੱਕ ਬਣਦਾ ਏ ਭਾਈ। ...ਓਹ ਦੇਖ ਚੱਠੇ ਕੀ ਕਰ ਗਏ, ਪਹਿਲਾਂ ਮੁੰਡੇ ਨੇ ਆਪਣੇ ਭਰਾ ਨੂੰ ਰਿਸ਼ਤਾ ਕਰਾਇਆ ਤੇ ਫੇਰ ਦੇਖ ਕਿਵੂੰ ਦੁਬਾਰਾ ਜੁੱਤੀ ਦੇ ਜ਼ੋਰ ਨਾਲ ਘਰ ਵਸਾਇਆ, ...ਦੇਖ ਮੁੰਡੇ ਦੀ ਹਿੰਮਤ, ਭਰਾ ਦੀ ਖਾਤਰ ਉਹਨੇ ਅਗਲੇ ਦੀ ਕੁੜੀ ਘਰ ਬੈਠਾ ਦਿਤੀ, ਇਹ ਹੁੰਦੀ ਏ ਸਮਝਦਾਰੀ! ... ਤੇ ਤੂੰ ਸੁਰਜਨ ਸਿੰਘ ਦਾ ਬਾਈਕਾਟ ਕਰੀ ਬੈਠਾਂ! ...ਹੁਣ ਵੀ ਮਿੱਠਾ ਪਿਆਰਾ ਹੋ ਕੇ ਅਗਲੇ ਦੇ ਵਿਚ ਜਾ ਵੜ।"

"ਸੌਰੀ ਬਾਪੂ ਜੀ, ਮੈਂ ਕਦੇ ਏਨੀ ਦੂਰ ਤਕ ਸੋਚਿਆ ਨਹੀਂ ਸੀ।"

"ਪਰਤਾਪ ਨੂੰ ਏਧਰ ਸੱਦ, ਉਥੇ ਤਾਂ ਹੁਣ ਅੰਨੀ ਪੀਂਹਦੀ ਏ ਕੁਤੀ ਘੜੀਸਦੀ ਏ, ਨਾ ਕੋਈ ਨੌਕਰੀ ਮਿਲਦੀ ਏ, ਨਾ ਕੁਝ ਹੋਰ। ਰਿਸ਼ਵਤ ਬਿਨਾਂ ਪੱਤਾ ਨਹੀਂ ਹਿਲਦਾ!"

ਪਿਓ-ਪੁੱਤਰ ਨੇ ਸਾਰੀ ਸਲਾਹ ਕੀਤੀ ਤੇ ਅਗਲੇ ਹਫਤੇ ਹੀ ਸੁਰਜਨ ਸਿੰਘ ਦੇ ਟੱਬਰ ਨੂੰ ਆਪਣੇ ਘਰ ਰੋਟੀ 'ਤੇ ਸੱਦ ਲਿਆ। ਸੁਰਜਨ ਸਿੰਘ ਹੈਰਾਨ ਵੀ ਸੀ। ਪਰਕਾਸ਼ ਕੋਰ ਹੈਰਾਨ ਨਾਲੋਂ ਖੁਸ਼ ਜ਼ਿਆਦਾ ਸੀ। ਬਲਜਿੰਦਰ ਨੇ ਉਸ ਨੂੰ ਫੋਨ ਕਰਕੇ ਦਸ ਦਿਤਾ ਸੀ ਕਿ ਦੋਵੇਂ ਪਿਓ-ਪੁੱਤਰ ਹਰ ਵੇਲੇ ਕੋਈ ਸਲਾਹਾਂ ਜਿਹੀਆਂ ਕਰਦੇ ਰਹਿੰਦੇ ਹਨ ਪਰ ਕੀ ਇਹ ਨਹੀਂ ਪਤਾ। ਪਰਕਾਸ਼ ਕੋਰ ਕਈ ਵਾਰ ਆਪਣੇ ਪਤੀ ਨੂੰ ਕਹਿ ਚੁੱਕੀ ਸੀ ਕਿ ਗੁਰਜੰਟ ਦੀ ਸ਼ਿਕਾਇਤ ਉਹਦੇ ਪਿਓ ਕੋਲ ਕੀਤੀ ਜਾਵੇ ਪਰ ਸੁਰਜਨ ਸਿੰਘ ਆਪਣੇ ਹੀ ਗੁੱਸੇ ਵਿਚ ਸੀ ਕਿ ਹਿੰਮਤ ਸਿੰਘ ਨੂੰ ਇੰਨੇ ਦਿਨ ਹੋ ਗਏ ਆਏ ਨੂੰ, ਉਹ ਨੂੰ ਆਪ ਵੀ ਤਾਂ ਸਭ ਕੁਝ ਦਿਸਦਾ ਹੀ ਸੀ। ਪਰਕਾਸ਼ ਕੋਰ ਨੇ ਕਿਹਾ,

"ਜੀ, ਹੁਣ ਤੁਸੀਂ ਕੋਈ ਉਲਟੀ ਸਿੱਧੀ ਗੱਲ ਨਾ ਕਰ ਮਾਰਿਓ, ...ਅਗੇ ਵੀ ਪਤਾ ਨਈਂ ਮੁੰਡੇ ਨੂੰ ਕੀ ਕਹਿ ਕੇ ਗੁੱਸੇ ਕੀਤਾ ਹੋਇਐ!"

"ਬੁੜ੍ਹੀਏ, ਤੂੰ ਆਪਣੇ ਘੋੜੇ ਪਹਿਲਾਂ ਈ ਦੁੜਾ ਦਿੰਨੀ ਐਂ! ...ਪਹਿਲਾਂ ਤਾਂ ਇਹ ਸੋਚ ਕਿ ਜਾਣਾਂ ਵੀ ਐ ਕਿ ਨਈਂ।"

"ਜਾਣਾ ਕਿਉਂ ਨਈਂ, ਜੁਆਈ ਨੇ ਆਪਣੇ ਘਰ ਰੋਟੀ 'ਤੇ ਸੱਦਿਐ, ਉਹਨੇ ਆਪ ਫੋਨ ਕੀਤਾ ਤੇ ਫੇਰ ਭਾਜੀ ਨੇ ਵੀ, ਜਾਣਾ ਕਿਉਂ ਨਈਂ।"

ਪਰਕਾਸ਼ ਕੋਰ ਗੁਰਜੰਟ ਦੇ ਘਰ ਜਾਣ ਲਈ ਕਾਹਲੀ ਪੈ ਰਹੀ ਸੀ ਪਰ ਸੁਰਜਨ ਸਿੰਘ ਸੋਚ ਰਿਹਾ ਸੀ ਕਿ ਜਾ ਕੇ ਚਾਲ-ਢਾਲ ਦੇਖ ਕੇ ਈ ਬਦਲੇ ਹੋਏ ਹਾਲਾਤ ਦਾ ਪਤਾ ਚਲੇਗਾ।

ਸ਼ਨਿਚਰਵਾਰ ਸ਼ਾਮ ਨੂੰ ਉਹ ਗੁਰਜੰਟ ਦੇ ਘਰ ਪੁੱਜ ਗਏ। ਰਣਜੀਤ ਨੂੰ ਵੀ ਨਾਲ ਹੀ ਲੈ ਗਏ ਸਨ। ਗੁਰਜੰਟ ਤੇ ਹਿੰਮਤ ਸਿੰਘ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ। ਹਿੰਮਤ ਸਿੰਘ ਸੁਰਜਨ ਸਿੰਘ ਨੂੰ ਜੱਫੀ ਪਾ ਕੇ ਮਿਲਿਆ। ਰਣਜੀਤ ਦੇ ਸਿਰ ਉਪਰ ਵੀ ਹੱਥ ਫੇਰਿਆ ਤੇ ਉਸ ਨੂੰ ਕਲ਼ਾਵੇ ਵਿਚ ਵੀ ਲਿਆ। ਉਹਨਾਂ ਕਈ ਕਿਸਮ ਦੇ ਖਾਣੇ ਤਿਆਰ ਕੀਤੇ ਹੋਏ ਸਨ। ਸੁਰਜਨ ਸਿੰਘ ਲਈ ਵਿਸ਼ੇਸ਼ ਵਾਈਨ ਵੀ ਲਿਆ ਰੱਖੀ ਸੀ। ਗੁਰਜੰਟ ਨੇ ਸੁਰਜਨ ਸਿੰਘ ਨੂੰ ਖੁਸ਼ ਕਰਨ ਲਈ ਵਾਈਨ ਹੀ ਪੀਤੀ ਨਹੀਂ ਤਾਂ ਉਹ ਵਿਸਕੀ ਦਾ ਸ਼ੌਕੀਨ ਸੀ। ਗੁਰਜੰਟ ਕੁਝ ਕਰਨ ਉਠ ਕੇ ਚਲੇ ਗਿਆ ਤਾਂ ਹਿੰਮਤ ਸਿੰਘ ਨੇ ਗੱਲ ਸ਼ੁਰੂ ਕੀਤੀ,

"ਸਰਦਾਰ ਸੁਰਜਨ ਸਿੰਘ ਜੀ, ਮੈਂ ਤਾਂ ਸਦਾ ਈ ਤੁਹਾਡਾ ਰਿਣੀ ਰਿਹਾਂ ਕਿ ਤੁਸੀਂ ਪੁਰਾਣੀ ਦੋਸਤੀ ਨੂੰ ਚੇਤੇ ਰਖਿਆ ਸੀ ਤੇ ਇਹ ਰਿਸ਼ਤਾ ਮਨਜ਼ੂਰ ਕਰ ਲਿਆ ਸੀ। ਮੈਨੂੰ ਹੁਣ ਸ਼ਿਵਰਾਜ ਸਿੰਘ ਨੇ ਦਸਿਆ ਕਿ ਗੁਰਜੰਟ ਤੁਹਾਡੇ ਵਲ ਆਉਂਦਾ ਜਾਂਦਾ ਘੱਟ ਏ, ਮੈਂ ਤਾਂ ਇਹ ਸੁਣ ਕੇ ਹੈਰਾਨ ਹੋ ਗਿਆ ਕਿ ਇਹ ਕੀਕਣ ਹੋ ਸਕਦਾ ਏ, ਸੁਣ ਕੇ ਮੈਨੂੰ ਤਾਂ ਬਹੁਤ ਹੀ ਸ਼ਰਮ ਆਈ।"

ਸੁਰਜਨ ਸਿੰਘ ਉਸ ਵਲ ਦੇਖਦਾ ਜਾ ਰਿਹਾ ਸੀ। ਇਕ ਪਲ ਲਈ ਤਾਂ ਉਸ ਨੂੰ ਲਗਿਆ ਕਿ ਉਹ ਉਸ 'ਤੇ ਯਕੀਨ ਕਰ ਲਵੇ। ਉਸ ਦੇ ਬੋਲਣ ਤੋਂ ਪਹਿਲਾਂ ਹੀ ਪਰਕਾਸ਼ ਕੋਰ ਕਹਿਣ ਲਗੀ,

"ਭਰਾ ਜੀ, ਇਹ ਨਿਆਣੇ ਆਂ, ਆਪੇ ਠੀਕ ਹੋ ਜਾਣਗੇ।"

"ਭੈਣ ਜੀ, ਇਹ ਗੱਲ ਐਕਣ ਨਹੀਂ, ...ਗੱਲ ਏਕੂੰ ਐ ਕਿ ਤੁਸੀਂ ਇਹਨਾਂ ਦੇ ਮਾਂਪੇ ਓ, ਤੁਹਾਡਾ ਇਹਨਾਂ ਉਪਰ ਸਾਡੇ ਨਾਲੋਂ ਜ਼ਿਆਦਾ ਹੱਕ ਏ, ਤੁਹਾਡੇ ਕਰਕੇ ਤਾਂ ਅਸੀਂ ਬੇਫਿਕਰ ਬੈਠੇ ਵਾਂ।"

"ਭਰਾ ਜੀ, ਅਸੀਂ ਤਾਂ ਇਹਨਾਂ ਤੇ ਹੋਰਨਾਂ ਬੱਚਿਆਂ ਵਿਚ ਕੋਈ ਫਰਕ ਨਈਂ ਕੀਤਾ ਕਦੇ।"

"ਮੈਨੂੰ ਪਤਾ ਤੁਸੀਂ ਨਈਂ ਕੀਤਾ ਪਰ ਇਹਨਾਂ ਵਲੋਂ ਗਲਤੀ ਹੋਏ ਏ, ਮੈਂ ਤੁਹਾਡੇ ਦੋਵਾਂ ਤੋਂ ਈ ਹੱਥ ਜੋੜ ਕੇ ਮੁਆਫ ਮੰਗਦਾਂ। ਮੁੜ ਕੇ ਇਹ ਗੱਲ ਕਦੇ ਨਹੀਂ ਹੋਏਗੀ, ਮੈਂ ਇਹਦੇ ਕੰਨ ਖਿੱਚੇ ਨੇ ਪੂਰੀ ਤਰ੍ਹਾਂ।"

ਮੁਆਫੀ ਵਾਲੀ ਗੱਲ ਤੋਂ ਸੁਰਜਨ ਸਿੰਘ ਜ਼ਰਾ ਨਰਮ ਹੋ ਗਿਆ ਤੇ ਕਹਿਣ ਲਗਿਆ,

"ਹਿੰਮਤ ਸਿੰਘ ਜੀ, ਸਾਡਾ ਕੰਮ ਏ ਇਹਨਾਂ ਦਾ ਭਲਾ ਸੋਚਣਾਂ, ਇਹਨਾਂ ਨੂੰ ਨੇਕ ਸਲਾਹ ਦੇਣੀ, ਇਹਨਾਂ ਨੇ ਲੈਣੀ ਜਾਂ ਨਹੀਂ, ਇਹਨਾਂ ਦੀ ਮਰਜ਼ੀ ਪਰ ਜ਼ਮਾਨਾ ਬਦਲ ਗਿਐ, ਤੁਹਾਡੇ-ਸਾਡੇ ਵਾਲਾ ਸਮਾਂ ਤਾਂ ਹੁਣ ਹੈ ਨਈਂ।"

"ਠੀਕ ਏ ਸੁਰਜਨ ਸਿੰਘ ਜੀ ਪਰ ਜ਼ਮਾਨਾ ਏਨਾ ਵੀ ਨਈਂ ਬਦਲਿਆ ਕਿ ਮਾਂਬਾਪ ਦੀ ਇਜ਼ਤ ਹੀ ਨਾ ਕੀਤੀ ਜਾਵੇ! ...ਹੁਣੇ ਆਏਗਾ ਤੁਹਾਡੇ ਤੋਂ ਮੁਆਫੀ ਮੰਗੇਗਾ ਆਪਣੇ ਕੀਤੇ ਦੀ।"

"ਨਈਂ ਭਰਾ ਜੀ, ਸਾਨੂੰ ਮੁਆਫੀ ਨਈਂ ਚਾਹੀਦੀ, ਅਸੀਂ ਤਾਂ ਇਹਨਾਂ ਦੀ ਬੇਹਤਰੀ ਚਾਹੁੰਨੇ ਆਂ ਹੋਰ ਕੁਝ ਨਈਂ।"

ਪਰਕਾਸ਼ ਕੌਰ ਤਾਂ ਪਿਘਲੀ ਪਈ ਸੀ। ਕੁੜਮ ਦੀਆਂ ਗੱਲਾਂ ਨੇ ਉਸ ਦਾ ਦਿਲ ਜਿੱਤ ਲਿਆ ਸੀ। ਤਸੱਲੀ ਤਾਂ ਸੁਰਜਨ ਸਿੰਘ ਨੂੰ ਵੀ ਸੀ ਪਰ ਉਸ ਨੂੰ ਕਿਧਰੇ ਕੁਝ ਦਾਲ਼ ਵਿਚ ਕਾਲ਼ਾ ਵੀ ਦਿਸ ਰਿਹਾ ਸੀ। ਹਿੰਮਤ ਸਿੰਘ ਵਾਰ ਵਾਰ ਰਣਜੀਤ ਵਲ ਦੇਖਦਾ ਜਾ ਰਿਹਾ ਸੀ ਤੇ ਮਨ ਹੀ ਮਨ ਉਸ ਦੀ ਆਪਣੇ ਪੁੱਤ ਪਰਤਾਪ ਨਾਲ ਜੋੜੀ ਬਣਾ ਕੇ ਦੇਖ ਰਿਹਾ ਸੀ। ਉਹ ਦੇਰ ਰਾਤ ਤਕ ਬੈਠੇ ਗੱਲਾਂ ਕਰਦੇ ਰਹੇ। ਵਾਪਸ ਮੁੜਦਿਆਂ ਹਿੰਮਤ ਸਿੰਘ ਨੇ ਵੀਹ ਪੌਂਡ ਰਣਜੀਤ ਨੂੰ ਪਿਆਰ ਦੇ ਵੀ ਦਿਤੇ ਕਿਉਂਕਿ ਉਹ ਪਹਿਲੀ ਵਾਰ ਭੈਣ ਦੇ ਘਰ ਆਈ ਸੀ। ਵਾਪਸ ਮੁੜਦਿਆਂ ਪਰਕਾਸ਼ ਕੌਰ ਨੇ ਆਖਿਆ,

"ਸਿਆਣਾ ਬੰਦਾ ਫੇਰ ਵੀ ਸਿਆਣਾ ਹੁੰਦੈ, ਦੇਖੋ ਨਾ ਭਰਾ ਜੀ ਨੇ ਆਉਂਦਿਆਂ ਈ ਮੁੰਡੇ ਨੂੰ ਸਮਝਾ ਦਿਤਾ, ਕਹਿੰਦਾ ਕਿ ਕੋਈ ਵੀ ਗੱਲ ਹੋਵੇ ਤਾਂ ਮੈਨੂੰ ਦਸਿਓ, ਮੈਂ ਇਹਦੀ ਖਬਰ ਲਊਂ।"

ਪਰਕਾਸ਼ ਕੌਰ ਨੇ ਸਾਰੀ ਗੱਲ ਇਕੋ ਸਾਹੇ ਕਹਿ ਮਾਰੀ। ਸੁਰਜਨ ਚੁੱਪ ਕਰਕੇ ਕਾਰ ਚਲਾਉਂਦਾ ਰਿਹਾ। ਪਰਕਾਸ਼ ਕੌਰ ਕੁਝ ਪਲ ਰੁਕੀ ਕਿ ਪਤੀ ਕੁਝ ਕਹੇਗਾ ਪਰ ਫਿਰ ਬੋਲੀ,

"ਅਸਲ 'ਚ ਮੈਨੂੰ ਤਾਂ ਪਹਿਲਾਂ ਈ ਲਗਦਾ ਸੀ ਕਿ ਮੁੰਡਾ ਏਨਾ ਮਾੜਾ ਨਹੀਂ, ਬਥੇਰੇ ਗੁਣ ਹੈਗੇ, ਚਲੋ ਉਹ ਜਾਣੇਂ, ...ਨਿਆਣੇ ਏਦਾਂ ਈ ਕਰਦੇ ਹੁੰਦੇ ਆ, ਹੁਣ ਰੱਬ ਨੇ ਸਾਡੀ ਸੁਣ ਲਈ, ਸਭ ਠੀਕ ਹੋ ਗਿਆ।"

"ਬੁੜ੍ਹੀਏ, ਕਾਹਲ਼ੇ ਨਹੀਂ ਪਈਦਾ, ਤੇਲ ਦੇਖੋ, ਤੇਲ ਦੀ ਧਾਰ ਦੇਖੋ।"

ਪਤੀ ਨੂੰ ਜ਼ਰਾ ਗੁੱਸੇ ਵਿਚ ਦੇਖ ਉਹ ਮੁੜ ਨਾ ਬੋਲੀ। ਘਰ ਪੁੱਜੇ ਤਾਂ ਬਲਜਿੰਦਰ ਦਾ ਫੋਨ ਆ ਗਿਆ। ਉਹ ਪੁੱਛ ਰਹੀ ਸੀ ਕਿ ਠੀਕ ਠਾਕ ਘਰ ਪੁੱਜ ਗਏ ਹੋ ਨਾ। ਸੁਰਜਨ ਸਿੰਘ ਸੋਚਦਾ ਜਾ ਰਿਹਾ ਸੀ ਕਿ ਕਿਧਰੇ ਕੁਝ ਗਲਤ ਜ਼ਰੂਰ ਹੈ, ਇੰਨੀ ਛੇਤੀ ਦੁਨੀਆਂ ਨਹੀਂ ਬਦਲਿਆ ਕਰਦੀ।

ਅਗਲੇ ਹਫਤੇ ਹੀ ਗੁਰਜੰਟ ਨੇ ਪਿਓ ਨੂੰ ਲੈ ਕੇ ਮਿਡਲੈਂਡ ਜਾਣਾ ਸੀ। ਉਹ ਬਲਜਿੰਦਰ ਨੂੰ ਮੰਮੀ ਕੋਲ ਛੱਡ ਗਿਆ। ਬਲਜਿੰਦਰ ਆਪਣਾ ਘਰ ਲੈਣ ਤੋਂ ਬਾਅਦ ਪਹਿਲੀ ਵਾਰ ਮੰਮੀ ਦੇ ਘਰ ਰਹਿਣ ਆਈ ਸੀ। ਪਰਕਾਸ਼ ਕੌਰ ਬਹੁਤ ਖੁਸ਼ ਸੀ। ਸੁਰਜਨ ਸਿੰਘ ਵੀ ਖੁਸ਼ ਸੀ। ਉਸ ਨੇ ਪਰਕਾਸ਼ ਕੌਰ ਨੂੰ ਕਿਹਾ,

"ਚਲ ਬੁੜ੍ਹੀਏ, ਤੂੰ ਖੁਸ਼ ਤਾਂ ਹੋਈ ਪਰ ਇਹ ਖੁਸ਼ੀ ਕਿੰਨੇ ਚਿਰ ਦੀ ਐ ਇਹਦਾ ਕੁਝ ਨਹੀਂ ਪਤਾ।"

"ਤੁਹਾਨੂੰ ਤਾਂ ਨੱਕ ਚੋਂ ਨੂੰਹੇਂ ਸੁਟਣ ਦੀ ਆਦਤ ਈ ਪਈ ਹੋਈ ਐ, ਚੰਗੇ ਭਲੇ ਬੰਦੇ ਨੂੰ ਨਿੰਦਣ ਲਗਦੇ ਓ।"

ਇਹਨਾਂ ਦਿਨਾਂ ਵਿਚ ਹੀ ਸ਼ਿਵਰਾਜ ਸਿੰਘ ਨੇ ਆਪਣੇ ਛੋਟੇ ਮੁੰਡੇ ਦਾ ਵਿਆਹ ਕੀਤਾ; ਪੂਰੀ ਧੂਮ-ਧਾਮ ਨਾਲ। ਸਾਰੇ ਹੀ ਪੁਰਾਣੇ ਨਵੇਂ ਦੋਸਤ ਬੁਲਾਏ। ਹਿੰਮਤ ਸਿੰਘ ਵੀ ਗੁਰਜੰਟ ਤੇ ਬਲਜਿੰਦਰ ਨਾਲ ਗਿਆ। ਇੰਨਾ ਸ਼ਾਨਦਾਰ ਵਿਆਹ ਦੇਖ ਕੇ ਸੁਰਜਨ ਸਿੰਘ ਦੇ ਮਨ ਵਿਚ ਇਕ ਸੁਫਨਾ ਉਡਣ ਲਗਿਆ ਕਿ ਰਣਜੀਤ ਦਾ ਵਿਆਹ ਉਹ ਇਸ ਤਰੀਕੇ ਨਾਲ ਹੀ ਕਰੇਗਾ। ਆਪਣੇ ਸਭ ਬੇਲੀਆਂ ਨੂੰ ਸੱਦੇਗਾ। ਸਰਦੂਲ ਨੂੰ ਵੀ ਇੰਡੀਆ ਤੋਂ ਬੁਲਾਏਗਾ। ਪਹਿਲੇ ਚਾਰ ਵਿਆਹ ਉਸ ਨੇ ਬਹੁਤ ਹੀ ਸਾਦੇ ਕੀਤੇ ਸਨ ਹੁਣ ਆਖਰੀ ਵਿਆਹ ਉਪਰ ਸਾਰੀ ਕਸਰ ਕੱਢੇਗਾ। ਰਣਜੀਤ ਹਾਲੇ ਪੜ੍ਹਦੀ ਸੀ ਤੇ ਪੜ੍ਹਨ ਵਿਚ ਚੰਗੀ ਵੀ ਸੀ। ਉਹ ਚਾਹੁੰਦਾ ਸੀ ਕਿ ਕੋਈ ਡਿਗਰੀ ਕਰ ਲਵੇ ਤਾਂ ਹੀ ਉਸ ਦਾ ਵਿਆਹ ਕਰੇਗਾ। ਉਸ ਦੇ ਕਈ ਦੋਸਤਾਂ ਦੇ ਬੱਚੇ ਡਿਗਰੀਆਂ ਲੈ ਰਹੇ ਸਨ, ਉਸ ਦਾ ਵੀ ਦਿਲ ਕਰਦਾ ਸੀ ਕਿ ਉਸ ਦਾ ਵੀ ਕੋਈ ਬੱਚਾ ਡਿਗਰੀ ਲਵੇ।

ਗੁਰਜੰਟ ਤੇ ਬਲਜਿੰਦਰ ਦੇ ਗੇੜੇ ਹੁਣ ਵਧ ਗਏ ਸਨ। ਬਲਜਿੰਦਰ ਅਕਸਰ ਕੰਮ ਤੋਂ ਬਾਅਦ ਮੰਮੀ ਦੇ ਘਰ ਆ ਜਾਂਦੀ ਤੇ ਸ਼ਾਮ ਨੂੰ ਕੰਮ ਤੋਂ ਮੁੜਦਾ ਗੁਰਜੰਟ ਉਸ ਨੂੰ ਲੈ ਜਾਂਦਾ। ਜੇ ਸੁਰਜਨ ਸਿੰਘ ਘਰ ਹੁੰਦਾ ਤਾਂ ਹਿੰਮਤ ਸਿੰਘ ਸੈਰ ਨੂੰ ਨਿਕਲਿਆ ਹੀ ਆ ਕੇ ਉਸ ਨਾਲ ਚਾਹ ਪੀ ਜਾਂਦਾ। ਸੁਰਜਨ ਸਿੰਘ ਨੂੰ ਜਿਥੇ ਇਹ ਕਿਸੇ ਖਤਰੇ ਦੀ ਘੰਟੀ ਵਾਂਗ ਲਗਦਾ ਉਥੇ ਚੰਗਾ ਵੀ ਲਗਦਾ। ਉਹ ਸੋਚਦਾ ਕਿ ਜੇ ਕੋਈ ਖੁਸ਼ੀ ਤੁਹਾਡੇ ਤਕ ਪਹੁੰਚ ਕਰ ਰਹੀ ਹੈ ਤਾਂ ਇਹਦੇ ਵਿਚ ਕਿਹੜੀ ਬੁਰੀ ਗੱਲ ਹੈ, ਆਉਣ ਦਿਓ। ਕਿਸ ਖੁਸ਼ੀ ਦੀ ਕਿੰਨੀ ਉਮਰ ਹੈ ਇਸ ਦਾ ਕਿਸ ਨੂੰ ਪਤਾ ਹੈ। ਕਈ ਵਾਰ ਬੰਦਾ ਨਿਕੀਆਂ ਨਿਕੀਆਂ ਖੁਸ਼ੀਆਂ ਇਕੱਠੀਆਂ ਕਰਦਾ ਹੀ ਉਮਰ ਕੱਢ ਦਿੰਦਾ ਹੈ। ਰਾਜੂ ਵਲੋਂ ਵੀ ਉਹ ਬਹੁਤਾ ਨਿਰਾਸ਼ ਨਹੀਂ ਸੀ। ਰਾਜੂ ਪੱਕਾ ਹੋ ਗਿਆ ਸੀ। ਜਿਹੜਾ ਡਰ ਸੀ ਕਿ ਪੱਕਾ ਹੋ ਕੇ ਰਾਜੂ ਸੁਖਵੀਰ ਨੂੰ ਛੱਡ ਦੇਵੇਗਾ, ਨਿਰਮੂਲ ਨਿਕਲਿਆ ਸੀ। ਅਜਿਹਾ ਕੁਝ ਨਾ ਹੋਇਆ। ਸੁਰਜਨ ਖੁਦ ਨੂੰ ਕਹਿਣ ਲਗਦਾ ਕਿ ਇਹ ਕਈ ਸ਼ੁੰਕੇ ਇਕੱਠੇ ਹੋਰ ਰਹੇ ਹਨ, ਇਹ ਖਤਰੇ ਦੀ ਨਿਸ਼ਾਨੀ ਹਨ; ਰਾਜੂ ਸੁਖਵੀਰ ਤੋਂ ਖੁਸ਼ ਹੈ, ਗੁਰਜੰਟ ਸੁਧਰ ਗਿਆ ਹੈ, ਦਿਲਬਾਗ ਨੇ ਆਪਣਾ ਭਾਰ ਆਪ ਚੁੱਕ ਲਿਆ ਹੈ। ਉਸ ਨੇ ਅਮਾਂਡਾ ਨੂੰ ਲੰਮੀ ਚਿੱਠੀ ਲਿਖੀ; ਇੰਨੀਆਂ ਖੁਸ਼ੀਆਂ ਤੰਗ ਕਰ ਰਹੀਆਂ ਹਨ, ਕਿਸੇ ਵੱਡੇ ਤੁਫਾਨ ਦੀਆਂ ਸੂਚਕ ਜਾਪ ਰਹੀਆਂ ਹਨ ਫਿਰ ਵੀ ਉਹ ਇਸ ਪਲ ਵਿਚ ਜੀਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮੁੰਡੇ ਦੇ ਵਿਆਹ ਤੋਂ ਬਾਅਦ ਸ਼ਿਵਰਾਜ ਇੰਡੀਆ ਗਿਆ; ਆਪਣੇ ਪਿੰਡ, ਆਪਣੇ ਭਾਈਚਾਰੇ ਨਾਲ ਆਪਣੀ ਖੁਸ਼ੀ ਸਾਂਝੀ ਕਰਨ। ਉਹ ਜਾਂਦਾ ਹੋਇਆ ਸੁਰਜਨ ਸਿੰਘ ਨੂੰ ਮਿਲ ਕੇ ਗਿਆ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਇਹ ਸ਼ਿਵਰਾਜ ਸਿੰਘ ਦੀ ਹੀ ਨਹੀਂ ਬਲਕਿ ਹਰ ਉਸ ਬੰਦੇ ਦੀ ਤਮੰਨਾ ਸੀ ਜਿਹੜਾ ਆਪਣਾ ਭਾਈਚਾਰਾ ਛੱਡ ਕੇ ਬੇਗਾਨੇ ਮੁਲਕ ਵਿਚ ਆ ਕੇ ਸੈੱਟਲ ਹੋਇਆ ਸੀ। ਬੰਦੇ ਨੂੰ ਅਸਲੀ ਖੁਸ਼ੀ ਆਪਣੇ ਲੋਕਾਂ ਵਿਚ, ਆਪਣੇ ਭਾਈਚਾਰੇ ਵਿਚ ਵੱਡਾ ਬਣ ਕੇ ਹੀ ਮਿਲਦੀ ਹੈ। ਸੁਰਜਨ ਸਿੰਘ ਦੀ ਵੀ ਇਹੋ ਦਿਲੀ ਖਾਹਸ਼ ਸੀ ਕਿ ਇਕ ਦਿਨ ਆਪਣੇ ਪਿੰਡ ਚੱਕ ਜਾਵੇਗਾ ਤੇ ਸਾਰੇ ਪਿੰਡ ਨੂੰ ਇਕ ਪਾਰਟੀ ਕਰੇਗਾ। ਪਾਠ ਆਦਿ ਖੁਲਵਾਉਣ ਵਿਚ ਤਾਂ ਉਸ ਦਾ ਯਕੀਨ ਨਹੀਂ ਸੀ, ਵੈਸੇ ਹੀ ਸਾਰੇ ਪਿੰਡ ਨੂੰ ਇਕੱਠਾ ਕਰਕੇ ਰੋਟੀ ਖਵਾਏਗਾ। ਸ਼ਿਵਰਾਜ ਸਿੰਘ ਇਸ ਗੱਲੋਂ ਤਾਂ ਖੁਸ਼ ਮੁੜਿਆ ਕਿ ਉਸ ਨੇ ਆਪਣੇ ਮੁੰਡੇ ਦੀ ਵੱਡੀ ਪਾਰਟੀ ਕਰ ਦਿਤੀ ਹੈ ਪਰ ਕਈ ਹੋਰ ਗੱਲਾਂ ਵਿਚ ਬਹੁਤ ਨਿਰਾਸ਼ ਹੋ ਕੇ ਪ੍ਰਤਿਆ। ਉਸ ਨੇ ਆਪਣੀ ਜ਼ਮੀਨ 'ਤੇ ਆਪਣੀ ਮਾਸੀ ਦਾ ਮੁੰਡਾ ਗੁਰਤੇਜ ਬੈਠਾ ਦਿਤਾ ਸੀ। ਉਸ ਨੂੰ ਡਰ ਸੀ ਕਿ ਜੇ ਕੋਈ ਓਪਰਾ ਬੰਦਾ ਬਹਿ ਗਿਆ ਤਾਂ ਜ਼ਮੀਨ ਉਪਰ ਕਬਜ਼ਾ ਵੀ ਕਰ ਸਕਦਾ ਹੈ। ਗੁਰਤੇਜ ਕੋਲ ਆਪਣੇ ਪਿੰਡ ਵਿਚ, ਆਪਣੇ ਹਿੱਸੇ ਦੀ ਤਾਂ ਜ਼ਮੀਨ ਹੈ ਨਹੀਂ ਸੀ, ਸ਼ਿਵਰਾਜ ਸਿੰਘ ਦੀ ਜ਼ਮੀਨ ਨਾਲ ਉਸ ਦਾ ਵਧੀਆ ਗੁਜ਼ਾਰਾ ਹੋ ਸਕਦਾ ਸੀ। ਗੁਰਤੇਜ ਸਿੰਘ ਨੇ ਸਾਰੀ ਜ਼ਮੀਨ ਠੇਕੇ 'ਤੇ ਲੈ ਲਈ। ਸਾਰਾ ਹਿਸਾਬ ਇਕ ਕਾਪੀ ਵਿਚ ਲਿਖੀ ਜਾਂਦਾ ਤੇ ਸਾਰਾ ਹਿਸਾਬ-ਕਿਤਾਬ ਕਰਕੇ ਸ਼ਿਵਰਾਜ ਸਿੰਘ ਦੇ ਬਣਦੇ ਪੈਸੇ ਉਸ ਦੇ ਬੈਂਕ ਵਿਚ ਜਮ੍ਹਾਂ ਕਰਾ ਦਿੰਦਾ। ਫਿਰ ਹੌਲੀ ਹੌਲੀ ਪੂਰਾ ਠੇਕਾ ਦੇਣ ਤੋਂ ਆਨਾ-ਕਾਨੀ ਕਰਨ ਲਗਿਆ। ਕੋਈ ਨਾ ਕੋਈ ਬਹਾਨਾ ਲੱਭ ਲੈਂਦਾ। ਕਦੇ ਮੀਂਹ ਜ਼ਿਆਦਾ ਪੈ ਜਾਂਦਾ ਤੇ ਕਦੇ ਪੈਂਦਾ ਹੀ ਨਾ। ਕਦੇ ਟਿਊਬਲ ਦੀ ਖੂਹੀ ਡਿਗ ਪੈਂਦੀ ਤੇ ਕਦੇ ਮੋਟਰ ਸੜ ਗਈ ਹੁੰਦੀ। ਸ਼ਿਵਰਾਜ ਸਿੰਘ ਇਸ ਵਾਰ ਇਵੇਂ ਗਿਆ ਸੀ ਕਿ ਪੂਰਾ ਠੇਕਾ ਮੰਗੇਗਾ ਨਹੀਂ ਤਾਂ ਜ਼ਮੀਨ ਛੁਡਵਾ ਲਵੇਗਾ। ਪਿੰਡ ਵਿਚ ਪੰਜਾਹ ਹੋਰ ਸਨ ਜਿਹੜੇ ਜ਼ਮੀਨ ਠੇਕੇ 'ਤੇ ਲੈਣ ਨੂੰ ਤਿਆਰ ਸਨ। ਉਸ ਨੇ ਗੁਰਤੇਜ ਤੋਂ ਪੈਸੇ ਮੰਗੇ ਤਾਂ ਗੁਰਤੇਜ ਨੇ ਸਾਫ ਕਹਿ ਦਿਤਾ ਕਿ ਕੁਝ ਨਹੀਂ ਬਚ ਰਿਹਾ, ਖੂਹ ਦੀ ਮਿੱਟੀ ਖੂਹ ਨੂੰ ਲਗ ਰਹੀ ਹੈ। ਜ਼ਮੀਨ ਵਾਪਸ ਮੰਗੀ ਤਾਂ ਗੁਰਤੇਜ ਦੇ ਦੋਨੋਂ ਮੁੰਡੇ ਕਹੀਆਂ ਲੈ ਕੇ ਉਸ ਨੂੰ ਆ ਪਏ। ਸ਼ਿਵਰਾਜ ਸਿੰਘ ਨੇ ਭੱਜ ਕੇ ਜਾਨ ਬਚਾਈ। ਗੁਰਤੇਜ ਇਲਾਕੇ ਦੇ ਐਮ. ਐਲ. ਏ. ਦਾ ਦੋਸਤ ਵੀ ਸੀ। ਸ਼ਿਵਰਾਜ ਸਿੰਘ ਪੰਚਾਇਤ ਕੋਲ ਗਿਆ ਤਾਂ ਇਕ ਵੀ ਬੰਦਾ ਗੁਰਤੇਜ ਦੇ ਖਿਲਾਫ ਨਾ ਬੋਲ ਸਕਿਆ। ਪੁਲੀਸ ਸਟੇਸ਼ਨ ਗਿਆ ਤਾਂ ਠਾਣੇਦਾਰ ਉਲਟਾ ਸ਼ਿਵਰਾਜ ਸਿੰਘ ਨੂੰ ਕੈਦ ਕਰਨ ਦੀਆਂ ਗੱਲਾਂ ਕਰਨ ਲਗਿਆ। ਵਕੀਲਾਂ-ਕਚਿਹਰੀਆਂ ਦਾ ਚੱਕਰ ਤਾਂ ਹੈ ਹੀ ਬਹੁਤ ਲੰਮਾ ਸੀ। ਪੈਸੇ ਵੀ ਖਰਚ ਹੋ ਰਹੇ ਸਨ ਤੇ ਗੁਰਤੇਜ ਵਲੋਂ ਧਮਕੀਆਂ ਵੀ ਮਿਲਦੀਆਂ ਸਨ। ਉਹ ਮਾਨਸਿਕ ਦਬਾਅ ਹੇਠ ਰਹਿਣ ਲਗਿਆ। ਉਹ ਕਚਿਹਰੀ ਵਿਚ ਕੇਸ ਤਾਂ ਕਰ ਆਇਆ ਸੀ ਪਰ ਇਹ ਨਹੀਂ ਸੀ ਪਤਾ ਕਿ ਕੋਈ ਇਨਸਾਫ ਵੀ ਮਿਲੇਗਾ ਕਿ ਨਹੀਂ।

ਅਰਜਨ ਸਿੰਘ ਨਾਲ ਵੀ ਅਜਿਹਾ ਹੀ ਕੁਝ ਵਾਪਰਿਆ ਸੀ। ਉਸ ਦੇ ਭਰਾਵਾਂ ਨੇ ਜ਼ਮੀਨ ਆਪਸ ਵਿਚ ਵੰਡ ਲਈ ਸੀ। ਅਰਜਨ ਸਿੰਘ ਨੂੰ ਇਵੇਂ ਅਣਗੌਲ ਦਿਤਾ ਸੀ ਜਿਵੇਂ ਉਹ ਉਸ ਘਰ ਜੰਮਿਆਂ ਹੀ ਨਾ ਹੋਵੇ। ਜਦ ਅਰਜਨ ਸਿੰਘ ਨੇ ਹਿੱਸਾ ਮੰਗਿਆ ਤਾਂ ਭਰਾਵਾਂ ਨੇ ਬਥੇਰਾ ਕਿਹਾ ਕਿ ਉਹ ਇੰਗਲੈਂਡ ਰਹਿੰਦਾ ਹੈ ਤੇ ਰੱਬ ਨੇ ਬਥੇਰੇ ਦਿਤਾ ਹੋਇਆ ਹੈ, ਜਦ ਅਰਜਨ ਸਿੰਘ ਨਾ ਹਟਿਆ ਤਾਂ ਉਹਨਾਂ ਕੁੱਟ ਧਰਿਆ। ਇਥੇ ਕਾਮਰੇਡ ਬਿਸ਼ੰਭਰ ਸਿੰਘ ਕੰਮ ਆ ਗਿਆ ਸੀ। ਉਸ ਨੇ ਕਾਂਗਰਸੀਏ ਐਮ. ਐਲ. ਏ. ਨਾਲ ਕੋਈ ਗੱਲ ਕੀਤੀ। ਕੋਈ ਲੈਣ ਦੇਣ ਹੋਇਆ। ਅਰਜਨ ਸਿੰਘ ਪੂਰਾ ਨਾ ਮਿਲੇ, ਅੱਧਾ ਹੀ ਮਿਲੇ ਵਿਚ ਸੰਤੁਸ਼ਟ ਸੀ। ਅਰਜਨ ਸਿੰਘ ਫਿਰ ਵੀ ਉਥੋਂ ਕੁਝ ਨਾ ਕੁਝ ਲੈ ਆਇਆ ਸੀ।

ਅਜਿਹੀ ਹੀ ਕਹਾਣੀ ਬਲਦੇਵ ਸਿੰਘ ਦੀ ਸੀ। ਬੰਗੇ ਸ਼ਹਿਰ ਵਿਚ ਖਰੀਦੀਆਂ ਦੁਕਾਨਾਂ ਉਪਰ ਉਸ ਦੇ ਸਾਲ਼ਿਆਂ ਨੇ ਕਬਜ਼ਾ ਕਰ ਲਿਆ ਸੀ। ਰੁਆਇਲ ਡੀਨ ਵਿਚ ਜਦ ਵੀ ਪੰਜਾਬੀ ਇਕੱਠੇ ਹੁੰਦੇ ਤਾਂ ਹਰ ਇਕ ਕੋਲ ਸੁਣਾਉਣ ਲਈ ਅਜਿਹੀ ਕੋਈ ਕਹਾਣੀ ਹੁੰਦੀ। ਸੁਰਜਨ ਆਪਣੇ ਆਪ ਨੂੰ ਆਖਦਾ ਕਿ ਇਹਨਾਂ ਸਭ ਨਾਲੋਂ ਉਹ ਚੰਗਾ ਰਹਿ ਗਿਆ ਹੈ ਕਿ ਆਪਣੇ ਹੱਥੀਂ ਹੀ ਸਭ ਕੁਝ ਨਿਰਮਲ ਨੂੰ ਫੜਾ ਦਿਤਾ ਪਰ ਫਿਰ ਹੱਸਣ ਲਗਦਾ ਕਿ ਉਸ ਪਾਸ ਹੈ ਹੀ ਕੀ ਸੀ ਕਿ ਜਿਸ ਦੇ ਖੁਸਣ ਦਾ ਗਮ ਹੁੰਦਾ।

ਇਹਨੀਂ ਦਿਨੀਂ ਬਲਦੇਵ ਸਿੰਘ ਉਸ ਨਾਲ ਬਹੁਤ ਸਲਾਹੀਂ ਪਿਆ ਰਹਿੰਦਾ। ਉਸ ਦੀ ਛੋਟੀ ਕੁੜੀ ਦਾ ਇਕ ਵਾਰ ਫਿਰ ਰਿਸ਼ਤਾ ਖਰਾਬ ਹੋ ਗਿਆ ਸੀ। ਉਸ ਨੇ ਕੁੜੀ ਦਾ ਦੁਬਾਰਾ ਰਿਸ਼ਤਾ ਇੰਡੀਆ ਵਿਚ ਹੀ ਕਰ ਦਿਤਾ ਸੀ। ਕਿਸੇ ਕਾਰਨਵਸ ਮੁੰਡੇ ਨੂੰ ਵੀਜ਼ਾ ਮਿਲਣ ਵਿਚ ਵਕਤ ਲਗ ਰਿਹਾ ਸੀ ਪਰ ਮੁੰਡਾ ਇੰਗਲੈਂਡ ਆਉਣ ਲਈ ਕਾਹਲਾ ਸੀ। ਕੁੜੀ ਨੇ ਅਪੀਲ ਕਰ ਦਿਤੀ। ਇਸ ਨੂੰ ਕਈ ਮਹੀਨੇ ਲਗ ਜਾਣੇ ਸਨ। ਮੁੰਡਾ ਇੰਨੀ ਜਲਦੀ ਵਿਚ ਸੀ ਕਿ ਉਹ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਜਾ ਪੁੱਜਿਆ। ਉਥੇ ਜਾ ਕੇ ਉਸ ਨੇ ਰਿਸ਼ਤੇ ਲਈ ਜਵਾਬ ਦੇ ਦਿਤਾ ਕਿ ਉਸ ਨੂੰ ਛੁੱਟੜ ਕੁੜੀ ਨਹੀਂ ਚਾਹੀਦੀ। ਇਸੇ ਕਾਰਨ ਬਲਦੇਵ ਡਿਪਰੈੱਸ਼ਨ ਵਿਚ ਰਹਿਣ ਲਗਿਆ। ਉਸ ਨੂੰ ਇਸ ਗੱਲ ਦਾ ਵੀ ਬਹੁਤ ਗੁੱਸਾ ਆਉਂਦਾ ਕਿ ਉਸ ਦੀ ਜਾਤ ਸੈਣੀ ਸੀ ਤੇ ਸੈਣੀ ਬਰਾਦਰੀ ਦੇ ਬਹੁਤੇ ਲੋਕ ਨਹੀਂ ਸਨ ਇੰਗਲੈਂਡ ਵਿਚ। ਸੁਰਜਨ ਸਿੰਘ ਨੇ ਇਕ ਦਿਨ ਕਿਹਾ,

''ਯਾਰ, ਜਾਤ ਬਰਾਦਰੀ ਦੇ ਪਿੱਛੇ ਨਾ ਪੈ, ਮੁੰਡਾ ਚੰਗਾ ਚਾਹੀਦੈ, ਕਿਸੇ ਵੀ ਜਾਤ ਦਾ ਹੋਇਆ।''

''ਤੇਰੀ ਗੱਲ ਠੀਕ ਐ, ਮੈਂ ਤਾਂ ਕੱਲ ਈ ਸੋਚ ਰਿਹਾ ਸੀ ਕਿ ਕੁੜੀ ਨੂੰ ਕਹਾਂ ਕਿ ਆਪ ਹੀ ਮੁੰਡਾ ਲੱਭ ਲੈ, ਕਿਸੇ ਵੀ ਜ਼ਾਤ ਦਾ ਹੋਵੇ, ਗੋਰਾ-ਕਾਲ਼ਾ ਕੋਈ ਵੀ, ਹੁਣ ਮਾਈਂਡ ਕਰਨ ਦਾ ਵੇਲਾ ਨਹੀਂ, ਹੁਣ ਤਾਂ ਬੱਚੇ ਦੀ ਖੁਸ਼ੀ ਦੇਖਣੀ ਚਾਹੀਦੀ ਐ।''

ਗੁਰਜੰਟ ਹੁਣ ਬਹੁਤ ਹੀ ਬਦਲ ਗਿਆ ਸੀ। ਉਹ ਤਕਰੀਬਨ ਹਰ ਰੋਜ਼ ਹੀ ਸੁਹਰੇ ਘਰ ਗੇੜਾ ਮਾਰਦਾ। ਸ਼ਨਿਚਰਵਾਰ ਵਾਲੇ ਦਿਨ ਪਰਕਾਸ਼ ਕੋਰ ਦੀ ਟੈਸਕੋ ਵਿਚੋਂ ਸ਼ੌਪਿੰਗ ਕਰਾ ਦਿੰਦਾ। ਕਈ ਵਾਰ ਉਹ ਸੁਰਜਨ ਸਿੰਘ ਨਾਲ ਹੀ ਰੋਟੀ ਖਾਂਦਾ। ਸੁਰਜਨ ਸਿੰਘ ਵਾਲੀ ਵਾਈਨ ਪੀਣ ਦੀ ਹੀ ਉਸ ਨੇ ਆਦਤ ਪਾ ਲਈ ਸੀ। ਉਸ ਦਾ ਰਣਜੀਤ ਨਾਲ ਜ਼ਿਆਦਾਂ ਗੱਲਾਂ ਕਰਨ ਤੋਂ ਸੁਰਜਨ ਨੇ ਅੰਦਾਜ਼ਾ ਲਗਾ ਲਿਆ। ਉਸ ਨੇ ਆਪਣੀ ਪਤਨੀ ਨੂੰ ਕਿਹਾ,

''ਬੁੜ੍ਹੀਏ, ਇਹ ਸਾਰਾ ਡਰਾਮਾ ਰਾਣੀ ਦੇ ਰਿਸ਼ਤੇ ਲਈ ਹੋ ਰਿਹੈ।''

''ਜੀ, ਮੈਨੂੰ ਤਾਂ ਬਲਜਿੰਦਰ ਨੇ ਪਹਿਲੇ ਦਿਨ ਈ ਦਸ ਦਿਤਾ ਸੀ ਕਿ ਛੋਟੇ ਮੁੰਡੇ ਲਈ ਰਾਣੀ ਦਾ ਰਿਸ਼ਤਾ ਮੰਗਣਾ ਚਾਹੁੰਦੇ ਆ, ਮੈਂ ਤਾਂ ਤੁਹਾਨੂੰ ਦੱਸਿਆ ਨਹੀਂ ਕਿ ਭੱਜ ਕੇ ਪਵੋਂਗੇ।''

''ਇਹ ਸਾਰੀ ਹਿੰਮਤ ਸੁੰਹ ਦੀ ਚਾਲ ਐ, ਇਹਨੂੰ ਬੁਧੂ ਨੂੰ ਏਨੀ ਅਕਲ ਹੁੰਦੀ ਤਾਂ ਪਹਿਲੇ ਦਿਨ ਤੋਂ ਈ ਏਦਾਂ ਚਲਦਾ।''

''ਆਪਾਂ ਵੀ ਕੁੜੀ ਤਾਂ ਵਿਆਹੁਣ ਈ ਐ, ਜੇ ਇਹਨਾਂ ਦਾ ਮੁੰਡਾ ਸੂਤ ਆ ਗਿਆ ਤਾਂ ਉਹੋ ਸਹੀ।''

''ਕੁੜੀ ਹਾਲੇ ਨਈਂ ਵਿਆਹੁਣੀ, ਹਾਲੇ ਕੁੜੀ ਨੂੰ ਪੜ੍ਹਨ ਦੇਣਾਂ, ਦੇਖਦੇ ਆਂ ਕਿ ਕਿੱਦਾਂ ਨਿਕਲਦੀ ਐ।''

ਉਸ ਨੂੰ ਗੁਰਜੰਟ ਹੁਣ ਬਹੁਤ ਹੀ ਭੈੜਾ ਲਗਣ ਲਗਿਆ। ਉਸ ਨੂੰ ਉਸ ਦੀ ਹਰ ਗੱਲ ਐਕਟਿੰਗ ਲਗਦੀ; ਬਿਨਾਂ ਮਤਲਬ ਘਰ ਆਉਣਾ, ਡੈਡੀ ਕਹਿਣਾ, ਹੱਸਣਾ ਆਦਿ। ਫਿਰ ਬਲਜਿੰਦਰ ਨੂੰ ਖੁਸ਼ ਦੇਖ ਕੇ ਜ਼ਰਾ ਤਸੱਲੀ ਵੀ ਹੁੰਦੀ। ਇਕ ਦਿਨ ਇੰਡੀਆ ਤੋਂ ਪਰਤਾਪ ਦੀਆਂ ਕਾਫੀ ਸਾਰੀਆਂ ਤਸਵੀਰਾਂ ਆ ਗਈਆਂ। ਗੁਰਜੰਟ ਇਕ ਇਕ ਕਰਕੇ ਫੋਟੋ ਸੁਰਜਨ ਸਿੰਘ ਨੂੰ ਦਿਖਾਉਣ ਲਗਿਆ। ਸੁਰਜਨ ਸਿੰਘ ਨੇ ਦੇਖਿਆ ਮੁੰਡਾ ਤਾਂ ਸੁਹਣਾ ਸੀ ਪਰ ਉਹ ਹਾਲੇ ਰਿਸ਼ਤਾ ਨਹੀਂ ਸੀ ਕਰਨਾ ਚਾਹੁੰਦਾ। ਗੁਰਜੰਟ ਚਾਹੁੰਦਾ ਸੀ ਕਿ ਸੁਰਜਨ ਸਿੰਘ ਜਾਂ ਪਰਕਾਸ਼ ਕੋਰ ਗੱਲ ਤੋਰੇ ਪਰ ਕਿਸੇ ਨੇ ਨਾ ਤੋਰੀ। ਪਰਕਾਸ਼ ਕੋਰ ਨੇ ਬਲਜਿੰਦਰ ਨੂੰ ਦਸ ਦਿਤਾ ਸੀ ਕਿ ਡੈਡੀ ਹਾਲੇ ਰਾਣੀ ਦੇ ਵਿਆਹ ਲਈ ਤਿਆਰ ਨਹੀਂ ਪਰ ਬਲਜਿੰਦਰ ਨੇ ਅਗੇ ਗੁਰਜੰਟ ਨਹੀਂ ਇਹ ਗੱਲ ਨਹੀਂ ਸੀ ਦਸੀ। ਕੁਝ ਦਿਨ ਉਡੀਕ ਕੇ ਗੁਰਜੰਟ ਨੇ ਆਪ ਪਰਕਾਸ਼ ਕੋਰ ਨਾਲ ਗੱਲ ਕਰਦਿਆਂ ਕਿਹਾ,

''ਮੰਮੀ, ਪਰਤਾਪ ਦੀਆਂ ਫੋਟੋ ਤਾਂ ਤੁਸੀਂ ਦੇਖੀਆਂ ਈ ਨੇ, ਮੇਰੇ ਨਾਲੋਂ ਵੀ ਆਕਰਾ ਏ, ਕਿਉਂ ਨਾ ਆਪਾਂ ਰਾਣੀ ਦਾ ਰਿਸ਼ਤਾ ਉਹਦੇ ਨਾਲ਼ ਕਰ ਦੇਈਏ।''

''ਮੁੰਡਾ ਤਾਂ ਬਹੁਤ ਸੁਹਣਾਂ ਪਰ ਡੈਡੀ ਕਹਿੰਦੇ ਕਿ ਹਾਲੇ ਰਾਣੀ ਦਾ ਵਿਆਹ ਨਹੀਂ ਕਰਨਾ।''

''ਤੁਸੀਂ 'ਹਾਂ' ਕਰ ਦਿਓ, ...ਵਿਆਹ ਆਪਾਂ ਹਾਲੇ ਦੋ ਸਾਲ ਠਹਿਰ ਕੇ ਕਰ ਲਵਾਂਗੇ।''

''ਗੁਰਜੰਟ ਪੁੱਤ, ਕਾਹਲੀ ਕਾਹਦੀ ਐ, ਆਪਾਂ ਕਿਤੇ ਭੱਜ ਚੱਲੇ ਆਂ। ...ਨਾਲ਼ੇ ਕੁੜੀ ਹਾਲੇ ਪੜ੍ਹਦੀ ਐ। ਡੈਡੀ ਕਹਿੰਦੇ; ਕੁੜੀ ਪੜ੍ਹਾਉਣੀ ਐਂ ਜਿੰਨਾ ਵੀ ਮਰਜ਼ੀ ਪੜ੍ਹ ਲਵੇ।''

ਪਰਕਾਸ਼ ਕੋਰ ਦਾ ਕਹਿਣਾ ਗੁਰਜੰਟ ਦੇ ਸਿਰ ਵਿਚ ਹਥੌੜੇ ਵਾਂਗ ਵੱਜਿਆ। ਉਸ ਨੂੰ ਨਹੀਂ ਸੀ ਆਸ ਕਿ ਬੁੜ੍ਹੀ ਉਸ ਦੀ ਗੱਲ ਨੂੰ ਇਵੇਂ ਟਰਕਾ ਜਾਵੇਗੀ। ਇਕ ਵਾਰ ਤਾਂ ਉਸ ਨੂੰ ਲਗਿਆ ਕਿ ਇੰਨੇ ਚਿਰ ਦੀ ਕੀਤੀ 'ਲੋਲੋ-ਪੋਪੋ' ਐਵੇਂ ਹੀ ਗਈ। ਉਸ ਨੇ ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖਿਆ ਤੇ ਬਲਜਿੰਦਰ ਨੂੰ ਇਕ ਵਾਰ ਫਿਰ ਕੋਸ਼ਿਸ਼ ਕਰਨ ਲਈ ਕਿਹਾ। ਬਲਜਿੰਦਰ ਕੋਲੋਂ ਗੱਲ ਠੀਕ ਨਾ ਬੈਠਦੀ ਦੇਖ ਉਸ ਨੇ ਸੁਰਜਨ ਸਿੰਘ ਨੂੰ ਆਪ ਹੀ ਕਹਿ ਦਿਤਾ,

''ਡੈਡੀ, ਤੁਸੀਂ ਪਰਤਾਪ ਦੀਆਂ ਫੋਟੋ ਤਾਂ ਦੇਖ ਹੀ ਲਈਆਂ ਨੇ, ਜੇ ਤੁਹਾਨੂੰ ਮੁੰਡਾ ਪਸੰਦ ਏ ਤਾਂ...।''

ਸੁਰਜਨ ਸਿੰਘ ਉਸ ਦੀ ਗੱਲ ਟੋਕਦਾ ਹੋਇਆ ਬੋਲਿਆ,

''ਤੁਹਾਡੀ ਮੰਮੀ ਨੇ ਮੈਨੂੰ ਸਾਰੀ ਗੱਲ ਦਸੀ ਸੀ, ਮੁੰਡਾ ਠੀਕ ਐ ਪਰ ਕਾਹਲ਼ੀ ਕਾਹਦੀ ਐ, ਹਾਲੇ ਦੋਨੋਂ ਈ ਨਿਆਣੇ ਆਂ।''

''ਮੈਂ ਕਿਹਾ ਅਗਾਂਹ ਨੂੰ ਮੁੰਡੇ ਈ ਆਉਣ ਬੰਦ ਨਾ ਹੋ ਜਾਣ।''

''ਨਹੀਂ ਹੁੰਦੇ, ਜੈਨੁਅਨ ਕੇਸਾਂ ਨੂੰ ਕਿਸੇ ਨੇ ਨਾਂਹ ਨਈਂ ਕਰਨੀ, ...ਫੇਰ ਆਪਾਂ ਇਹ ਵੀ ਦੇਖਣਾ ਕਿ ਕੁੜੀ ਦੇ ਗਰੇਡ ਕਿੱਦਾਂ ਦੇ ਆਉਂਦੇ ਆ, ਜੇ ਯੂਨੀਵਰਸਟੀ ਜਾਣ ਜੋਗੀ ਹੋਈ ਤਾਂ ਹਾਲੇ ਵਿਆਹ ਨਹੀਂ ਕਰਨਾ, ...ਫਿਰ ਕੁੜੀ ਦੀ ਮਰਜ਼ੀ ਦੇਖਣੀ ਵੀ ਤਾਂ ਜ਼ਰੂਰੀ ਐ।''

ਸੁਰਜਨ ਸਿੰਘ ਦੀ ਅਵਾਜ਼ ਵਿਚੋਂ ਇਨਾਕਰ ਝਲਕ ਰਿਹਾ ਸੀ। ਗੁਰਜੰਟ ਨੇ ਗੁੱਸੇ ਭਰੀਆਂ ਨਜ਼ਰਾਂ ਨਾਲ ਉਸ ਵਲ ਦੇਖਿਆ ਪਰ ਚੁੱਪ ਰਿਹਾ। ਉਸ ਦੇ ਜਾਣ ਤੋਂ ਬਾਅਦ ਪਰਕਾਸ਼ ਕੋਰ ਬੋਲੀ,

''ਤੁਸੀਂ ਤਾਂ ਮੁੰਡੇ ਨੂੰ ਝਾੜ ਜਿਹਾ ਦਿਤਾ।''

"ਹੋਰ ਮੈਂ ਲਾਰਾ ਲਾਉਂਦਾ!"
"ਜੀ, ਉਹ ਵੀ ਤਾਂ ਏਸ ਘਰ ਦਾ ਜਵਾਈ ਐ, ਉਹਦਾ ਵੀ ਤਾਂ ਗੁਲਵੰਤ ਜਿੰਨਾ ਈ ਹੱਕ ਬਣਦੈ।"
"ਕਾਹਦਾ ਹੱਕ ਬਣਦੈ! ਅਸੀਂ ਖ਼ੁਸ਼ ਨਹੀਂ, ਕੁੜੀ ਖ਼ੁਸ਼ ਨਹੀਂ, ...ਇਹਦਾ ਕਾਹਦਾ ਹੱਕ?"
"ਜੀ, ਜ਼ਰਾ ਧਿਆਨ ਨਾਲ ਦੇਖੋ, ਬਲਜਿੰਦਰ ਦੁਖੀ ਵੀ ਤਾਂ ਨਹੀਂ, ਗਹਿਣਿਆਂ ਦਾ ਓਹਦੇ ਕੋਲ ਘਾਟਾ ਨਹੀਂ ਤੇ ਨਾ ਈ ਸੂਟਾਂ ਦਾ, ਉਹਦੇ ਪਿਛਲੇ ਬਰਥਡੇ 'ਤੇ ਓਹਦੇ ਕਿੰਨੇ ਚਾਅ-ਮਲ੍ਹਾਰ ਕੀਤੇ ਸੀ, ਯਾਦ ਐ ਨਾ! ਮੈਂ ਤਾਂ ਕਹਿੰਨੀ ਆਂ ਗੁਰਜੰਟ ਦੂਜਿਆਂ ਨਾਲੋਂ ਕਈ ਗੱਲਾਂ ਵਿਚ ਬੇਹਤਰ ਐ।"
"ਕਾਹਦਾ ਬੇਹਤਰ ਐ! ...ਗਹਿਣਿਆਂ ਨਾਲ਼ ਕਿਹੜੀ ਖ਼ੁਸ਼ੀ ਮਿਲ਼ ਜਾਂਦੀ ਐ, ...ਓਧਰ ਦੇਖ ਅੰਮ੍ਰਿਤ ਦੌੜੀ ਫਿਰਦੀ ਐ ਤੇ ਇਧਰ...।"
"ਜੀ ਇਹ ਗੱਲ ਤਾਂ ਮੈਂ ਕਈ ਵਾਰੀ ਕਰ ਚੁੱਕੀ ਆਂ, ਬਲਜਿੰਦਰ ਕਹਿੰਦੀ; ਪਹਿਲਾਂ ਗੁਰਜੰਟ ਇਹ ਘਰ ਬਿਲਕੁਲ ਫਰੀ ਕਰ ਲੈਣਾਂ ਚਾਹੁੰਦਾ ਤਾਂ ਈ ਬੇਬੀ ਲੈਣਗੇ, ...ਤੁਸੀਂ ਮੁੰਡੇ ਨੂੰ ਏਦਾਂ ਨਈਂ ਸੀ ਕਹਿਣਾ।"
"ਮੈਂ ਉਹਨੂੰ ਕਿਹੜੀ ਨਾਂਹ ਕੀਤੀ ਐ ਪਰ ਉਹ ਤਾਂ ਤੱਤਾ ਚੱਟਣਾ ਚਾਹੁੰਦੈ। ...ਅਗਲੇ ਸਾਲ ਇੰਡੀਆ ਜਾਵਾਂਗੇ, ਰਾਣੀ ਦੇ ਰਜ਼ੱਲਟ ਵੀ ਆ ਜਾਣਗੇ।"

ਸੁਰਜਨ ਸਿੰਘ ਨੇ ਕੁਝ ਢਿੱਲੇ ਪੈਂਦਿਆਂ ਕਿਹਾ। ਉਸ ਨੂੰ ਪਤਨੀ ਦੀਆਂ ਗੱਲਾਂ ਕੁਝ ਕੁਝ ਸਹੀ ਵੀ ਲਗ ਰਹੀਆਂ ਸਨ। ਦੂਜੇ ਜਵਾਈ ਕਿਹੜਾ ਉਸ ਨੂੰ ਪੰਘੂੜੇ ਝੂਟਾ ਰਹੇ ਸਨ। ਇਥੋਂ ਮੁੰਡੇ ਮਿਲਣੇ ਜ਼ਰਾ ਮੁਸ਼ਕਲ ਸਨ ਤੇ ਇੰਡੀਆ ਤੋਂ ਆਏ ਮੁੰਡੇ ਤਾਂ ਰਾਜੂ ਤੇ ਗੁਰਜੰਟ ਹੀ ਮਿਲਣੇ ਸਨ, ਗੁਲਵੰਤ ਵਰਗੇ ਮਿਲਣੇ ਤਾਂ ਬਹੁਤ ਹੀ ਕਿਸਮਤ ਦੀ ਗੱਲ ਹੁੰਦੀ ਹੈ।। ਉਸ ਨੂੰ ਇਹ ਵੀ ਸੀ ਕਿ ਹੁਣ ਤਾਂ ਹਿੰਮਤ ਸਿੰਘ ਕੋਲ ਵੀ ਸ਼ਿਕਾਇਤ ਕੀਤੀ ਜਾ ਸਕਦੀ ਸੀ।

ਗੁਰਜੰਟ ਨੂੰ ਇਸ ਗੱਲ ਦਾ ਬਲਜਿੰਦਰ ਰਾਹੀਂ ਪਤਾ ਚਲ ਗਿਆ ਨਹੀਂ ਤਾਂ ਉਹ ਮੁੜ ਕੇ ਇਹਨਾਂ ਦਾ ਬਾਈਕਾਟ ਕਰਨ ਬਾਰੇ ਸੋਚਣ ਲਗ ਪਿਆ ਸੀ। ਉਸ ਨੇ ਆਪਣਾ ਉਹੀ ਨਰਮ ਰਵੱਈਆ ਰੱਖਿਆ। ਸਹੁਰੇ ਘਰ ਉਹ ਭਰਵੀਂ ਹਾਜ਼ਰੀ ਲਗਵਾਉਂਦਾ ਰਿਹਾ। ਕਦੇ ਕਦੇ ਉਹ ਰਣਜੀਤ ਨੂੰ ਪੁੱਛਣ ਲਗਦਾ,
"ਯੂ ਵੌਂਟ ਟੂ ਗੈੱਟ ਮੈਰੀਡ?"
"ਨੋਅ ਵੇਅ, ਆਏ ਡੌਂਟ ਲਾਈਕ ਮੈਰਿਜ!"

ਆਖਦੀ ਰਣਜੀਤ ਸ਼ਰਮਾ ਜਾਂਦੀ। ਗੁਰਜੰਟ ਉਸ ਨੂੰ ਵਿਆਹ ਦੇ ਗੁਣ ਦੱਸਣ ਲਗਦਾ ਪਰ ਰਣਜੀਤ ਮੁਹਰਿਓਂ ਹੱਸੀ ਜਾਂਦੀ। ਇਵੇਂ ਸਾਲ ਲੰਘ ਗਿਆ। ਉਹਨਾਂ ਦਾ ਇੰਡੀਆ ਜਾਣ ਦਾ ਪਰੋਗਰਾਮ ਬਣਨ ਲਗਿਆ। ਇਹਨਾਂ ਦਿਨਾਂ ਵਿਚ ਹੀ ਰਣਜੀਤ ਦੇ ਨਤੀਜੇ ਆ ਗਏ। ਗਰੇਡ ਬਹੁਤੇ ਚੰਗੇ ਨਹੀਂ ਸਨ ਫਿਰ ਵੀ ਏ ਲੈਵਲ ਵਿਚ ਦਾਖਲੇ ਜੋਗੇ ਸਨ। ਸੁਰਜਨ ਸਿੰਘ ਸੋਚ ਰਿਹਾ ਸੀ ਇਹਨਾਂ ਗਰੇਡਾਂ ਨਾਲ ਉਹ ਸ਼ਾਇਦ ਹੀ ਯੂਨੀਵਰਸਟੀ ਜਾ ਸਕੇ ਪਰ ਫਿਰ ਵੀ ਹਾਲੇ ਸੁਧਰਨ ਦੇ ਮੌਕੇ ਸਨ। ਉਸ ਦੇ ਮਨ ਵਿਚ ਇਹ ਗੱਲ ਵੀ ਸੀ ਕਿ ਜੇ ਰਾਣੀ ਨੂੰ ਮੁੰਡਾ ਪਸੰਦ ਆ ਗਿਆ ਤਾਂ ਵਿਆਹ ਕਰਕੇ ਵਿਹਲਾ ਹੋ ਜਾਵੇਗਾ। ਆਪੇ ਵਿਆਹ ਤੋਂ ਬਾਅਦ ਰਾਣੀ ਕੋਈ ਕੋਰਸ ਬਗੈਰਾ ਕਰ ਲਵੇਗੀ। ਜੋ ਵੀ ਹੋਵੇ, ਦੋ ਸਾਲ ਤਾਂ ਉਸ ਨੇ ਰੁਕਣਾ ਹੀ ਸੀ।

ਇੰਡੀਆ ਜਾ ਕੇ ਸਾਰੇ ਹੀ ਰਿਸ਼ਤੇਦਾਰਾਂ ਨੂੰ ਮਿਲੇ। ਗੁਰਜੰਟ ਦੇ ਪਿੰਡ ਵੀ ਗਏ। ਹਿੰਮਤ ਸਿੰਘ ਦਾ ਪਿੰਡ ਵਿਚ ਹੀ ਨਹੀਂ ਇਲਾਕੇ ਵਿਚ ਹੀ ਵਾਹਵਾ ਟੌਹਰ ਸੀ। ਸੁਹਣਾ ਘਰ ਬਣਾਇਆ ਹੋਇਆ ਸੀ। ਇਕ ਮੋਟਰ ਸਾਈਕਲ ਤੇ ਇਕ ਸਕੂਟਰ ਖੜੇ ਸਨ। ਹੁਣ ਕਾਰ ਲੈਣ ਦੀਆਂ ਗੱਲਾਂ ਵੀ ਹੋ ਰਹੀਆਂ ਸਨ। ਪਰਤਾਪ ਵੀ ਉਹਨਾਂ ਨੂੰ ਪਸੰਦ ਸੀ। ਰਣਜੀਤ ਨੂੰ ਵੀ ਪਰਤਾਪ ਚੰਗਾ ਲਗਿਆ ਪਰ ਉਹ ਹਾਲੇ ਵਿਆਹ ਲਈ ਤਿਆਰ ਨਹੀਂ ਸੀ। ਜਦ ਉਹ ਦੂਜੀ ਵਾਰ ਹਿੰਮਤ ਸਿੰਘ ਨੂੰ ਮਿਲਣ ਗਏ ਤਾਂ ਪਰਤਾਪ ਦੀ ਮਾਂ ਜੁਗਿੰਦਰ ਕੋਰ ਪਰਕਾਸ਼ ਕੋਰ ਨੂੰ ਬੋਲੀ,
"ਭੈਣ ਜੀ, ਕੀ ਵਿਚਾਰ ਏ ਤੁਹਾਡਾ?"
"ਸਭ ਠੀਕ ਏ ਪਰ ਅਸੀਂ ਹਾਲੇ ਤਿਆਰ ਨਹੀਂ ਆਂ, ਕੁੜੀ ਨੇ ਵੀ ਹਾਲੇ ਅਗੇ ਪੜ੍ਹਨਾਂ।"
"ਉਹ ਤੇ ਭੈਣ ਜੀ ਸਭ ਠੀਕ ਏ ਪਰ ਤੁਸੀਂ ਮੁੰਡੇ ਨੂੰ ਰੋਕ ਜਾਓ, ਏਕਣ ਸਾਨੂੰ ਵੀ ਤਸੱਲੀ ਰਹੇਗੀ।"
"ਭੈਣ ਜੀ, ਜਦ ਤੁਹਾਨੂੰ ਕਹਿ ਦਿਤਾ ਤਾਂ ਕਿਹੜੀ ਗੱਲ ਐ।"
"ਦੇਖੋ ਭੈਣ ਜੀ, ਦੁਨੀਆਂਦਾਰੀ ਆਪਣੀ ਜਗਾਹ ਏ, ਮੁੰਡਾ ਰੋਕਿਆ ਹੋਏਗਾ ਤਾਂ ਸਾਨੂੰ ਵੀ ਤੇ ਤੁਹਾਨੂੰ ਵੀ ਪਤਾ ਹੋਵੇਗਾ ਕਿ ਕਿਸੇ ਹੋਰ ਪਾਸੇ ਨਹੀਂ ਝਾਕਣਾ, ...ਅਜਕੱਲ ਦੇ ਜ਼ਮਾਨੇ ਦਾ ਤਾਂ ਤੁਹਾਨੂੰ ਪਤਾ ਈ ਏ!"
"ਭੈਣ ਜੀ, ਹੁਣ ਇਹਨਾਂ ਨੂੰ ਈ ਪੁੱਛੋ।"

ਪਰਕਾਸ਼ ਕੋਰ ਨੂੰ ਅਗਿਓਂ ਕੋਈ ਗੱਲ ਨਹੀਂ ਸੀ ਆ ਰਹੀ। ਇਵੇਂ ਹਿੰਮਤ ਸਿੰਘ ਵੀ ਸੁਰਜਨ ਸਿੰਘ ਦੇ ਖਹਿੜੇ ਹੀ ਪੈ ਗਿਆ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਅਗਲੀ ਵਾਰ ਆਵੇਗਾ ਤੇ ਸਰਦੂਲ ਨੂੰ ਨਾਲ ਲੈ ਕੇ ਚੰਗੀ ਤਰ੍ਹਾਂ ਰਿਸ਼ਤਾ ਕਰ ਕੇ

www.PunjabiLibrary.com

ਜਾਵੇਗਾ ਪਰ ਹਿੰਮਤ ਸਿੰਘ ਦੀਆਂ ਚਲਾਕੀਆਂ ਮੂਹਰੇ ਸੁਰਜਨ ਸਿੰਘ ਬਹੁਤਾ ਕੁਝ ਨਾ ਕਰ ਸਕਿਆ। ਉਹ ਸੁਰਜਨ ਸਿੰਘ ਨੂੰ ਵਾਰ ਵਾਰ ਕਹਿ ਰਿਹਾ ਸੀ ਕਿ ਪਰਤਾਪ ਉਹਨਾਂ ਦਾ ਸਕੇ ਪੁੱਤਾਂ ਨਾਲੋਂ ਵੀ ਵੱਧ ਇੱਜ਼ਤ-ਮਾਣ ਕਰੇਗਾ। ਅੰਤ ਸੁਰਜਨ ਸਿੰਘ ਨੇ ਸੋਚਿਆ ਕਿ ਰਿਸ਼ਤਾ ਤਾਂ ਕਰਨਾ ਹੀ ਸੀ, ਉਸ ਨੇ ਸੌ ਰੁਪਏ ਜੇਬ੍ਹ ਵਿਚੋਂ ਕੱਢ ਕੇ ਪਰਤਾਪ ਨੂੰ ਪਿਆਰ ਦੇ ਦਿਤਾ। ਹਿੰਮਤ ਸਿੰਘ ਨੇ ਲੱਡੂ ਮੰਗਵਾ ਕੇ ਆਂਢ-ਗਵਾਂਢ ਵੰਡ ਦਿਤੇ। ਲੋਕ ਉਹਨੂੰ ਵਧਾਈਆਂ ਦੇਣ ਲਗੇ। ਉਸ ਨੇ ਵੀ ਰਣਜੀਤ ਨੂੰ ਪਿਆਰ ਦੇ ਦਿਤਾ ਤੇ ਰਿਸ਼ਤਾ ਪੱਕਾ ਹੋ ਗਿਆ।

ਰਿਸ਼ਤੇ ਤੋਂ ਬਾਅਦ ਗੁਰਜੰਟ ਬਹੁਤ ਖੁਸ਼ ਸੀ। ਸੁਹਰਿਆਂ ਦੀ ਕੀਤੀ ਚਾਪਲੂਸੀ ਕੰਮ ਆ ਗਈ ਸੀ। ਹੁਣ ਉਸ ਨੂੰ ਰਣਜੀਤ ਦਾ ਬਹੁਤ ਮੋਹ ਆਉਂਦਾ। ਖਿਆਲਾਂ ਵਿਚ ਉਹ ਰਣਜੀਤ ਨੂੰ ਪਰਤਾਪ ਦੀ ਪਤਨੀ ਬਣੀ ਦੇਖਦਾ ਤਾਂ ਉਸ ਨੂੰ ਬਹੁਤ ਚੰਗਾ ਲਗਦਾ। ਰਣਜੀਤ ਬਲਜਿੰਦਰ ਤੋਂ ਵੀ ਸੁਹਣੀ ਸੀ। ਬਲਜਿੰਦਰ ਵੀ ਖੁਸ਼ ਸੀ ਕਿ ਉਸ ਦੀ ਭੈਣ ਘਰ ਵਿਚ ਆਵੇਗੀ ਤਾਂ ਉਸ ਨਾਲ ਕੋਈ ਤਾਂ ਦੁਖ-ਸੁਖ ਕਰਨ ਵਾਲਾ ਹੋਵੇਗਾ। ਸੁਰਿੰਦਰ ਤੇ ਸੁਖਵੀਰ ਦੀ ਉਦਾਹਰਣ ਉਸ ਦੇ ਸਾਹਮਣੇ ਸੀ। ਦੋਵੇਂ ਇਕੱਠੀਆਂ ਰਹਿੰਦੀਆਂ ਸਨ ਤੇ ਇਕ ਦੂਜੇ ਦੇ ਨਾਲ ਕੰਧ ਵਾਂਗ ਖੜਦੀਆਂ ਸਨ ਪਰ ਕਈ ਵਾਰ ਉਸ ਨੂੰ ਡਰ ਵੀ ਲਗਣ ਲਗਦਾ ਕਿ ਜਿਵੇਂ ਉਹ ਦੋਵੇਂ ਇਕ ਦੂਜੇ ਨਾਲ ਬੱਝ ਕੇ ਰਹਿ ਗਈਆਂ ਹਨ ਕਿਤੇ ਇਵੇਂ ਹੀ ਨਾ ਹੋਵੇ।

ਪਰਕਾਸ਼ ਕੋਰ ਇਸ ਰਿਸ਼ਤੇ ਤੋਂ ਬਹੁਤ ਖੁਸ਼ ਸੀ। ਜਦੋਂ ਤੋਂ ਗੁਰਜੰਟ ਉਹਨਾਂ ਦੇ ਘਰ ਆਉਣ ਲਗਿਆ ਸੀ, ਉਸ ਦਾ ਉਹ ਬਹੁਤ ਮੋਹ ਕਰਨ ਲਗੀ ਸੀ। ਇਕ ਦਿਨ ਉਸ ਨੇ ਬਲਜਿੰਦਰ ਨੂੰ ਕਿਹਾ,

"ਦੇਖ ਬੱਲੀ, ਅੰਮ੍ਰਿਤ ਤਿੰਨ ਸਾਲ ਦੀ ਹੋ ਗਈ, ਵਿਆਹ ਤੁਹਾਡੇ ਤੋਂ ਬਾਅਦ ਵਿਚ ਹੋਇਆ ਸੀ।"

"ਮੰਮੀ, ਜਾਂ ਤਾਂ ਵੱਡਾ ਘਰ ਲੈਣਾ ਜਾਂ ਇਕ ਹੋਰ ਫੇਰ...।"

"ਘਰ ਵੀ ਨਾਲ਼ ਨਾਲ਼ ਲੈ ਹੁੰਦੇ ਰਹਿਣੈ ਆਂ ਪਰ ਬੱਚੇ ਰੁੱਤ ਰੁੱਤ ਦੇ ਮੇਵੇ ਹੁੰਦੇ ਆ।"

"ਲੈ ਤਾਂ ਮੰਮੀ! ...ਅਸੀਂ ਭਲਾ ਬੁੱਢੇ ਹੋ ਗਏ ਆਂ!"

"ਦੇਖੋ, ਜਿੰਨਾ ਚਿਰ ਤੁਹਾਡੇ ਵਲੋਂ ਕੋਈ ਖਬਰ ਨਹੀਂ ਆਉਂਦੀ ਅਸੀਂ ਮੁੰਡਾ ਨਈਂ ਸੱਦਣਾਂ।"

ਮਾਂ ਦੀ ਗੱਲ 'ਤੇ ਬਲਜਿੰਦਰ ਹੱਸਣ ਲਗੀ। ਉਹਨੇ ਜਾ ਕੇ ਪਤੀ ਨੂੰ ਦਸਿਆ ਤਾਂ ਉਹ ਬੋਲਿਆ,

"ਚੱਲ, ਆਪਾਂ ਬੁੜ੍ਹੀ ਨੂੰ ਵੀ ਖੁਸ਼ ਕਰ ਈ ਦਿੰਨੇ ਆਂ, ਉਹਨੂੰ ਕਹਿ ਦੇ ਅਗਲੇ ਸਾਲ ਬੇਬੀ ਸਾਂਭਣ ਲਈ ਤਿਆਰ ਹੋ ਜਾਹ।"

ਗੁਰਜੰਟ ਨੂੰ ਤਾਂ ਹਰ ਵੇਲੇ ਇਹੋ ਹਿਸਾਬ ਲਾਉਂਦਾ ਰਹਿੰਦਾ ਸੀ ਪਰਤਾਪ ਆਵੇਗਾ ਤਾਂ ਉਹ ਇਕ ਤਨਖਾਹ ਸਹਿਜੇ ਹੀ ਬਚਾ ਲੈਣਗੇ ਤੇ ਪੈਸੇ ਜੋੜ ਕੇ ਲੁਧਿਆਣੇ ਕੋਠੀ ਪਾਉਣਗੇ। ਗੁਰਦੇਵ ਨਗਰ ਵਿਚ ਉਸ ਦੇ ਇਕ ਦੋਸਤ ਦੀ ਕੋਠੀ ਹੁੰਦੀ ਸੀ। ਕਦੇ ਕਦੇ ਉਹ ਆਪਣੇ ਦੋਸਤ ਨੂੰ ਮਿਲਣ ਜਾਂਦਾ ਤਾਂ ਉਸ ਦਾ ਬਹੁਤ ਦਿਲ ਕਰਦਾ ਕਿ ਉਸ ਦੀ ਵੀ ਅਜਿਹੀ ਕੋਠੀ ਹੋਵੇ। ਹੁਣ ਉਹ ਆਪਣੀ ਇਹ ਤਮੰਨਾ ਵੀ ਪੂਰੀ ਕਰ ਸਕੇਗਾ।

ਪਰਤਾਪ ਤੇ ਰਣਜੀਤ ਦੇ ਰਿਸ਼ਤੇ ਦੀ ਜੇ ਕਿਸੇ ਨੂੰ ਤਕਲੀਫ ਸੀ ਤਾਂ ਉਹ ਸੀ ਦਿਲਬਾਗ। ਉਹ ਕਈ ਦਿਨ ਤਕ ਈਰਖਾ ਵਿਚ ਭੁੱਜਦਾ ਰਿਹਾ। ਕਦੇ ਕਦੇ ਆਪਣਾ ਦੁੱਖ ਫਰੋਲਣ ਸਰੂਪ ਵਲ ਚਲੇ ਜਾਂਦਾ। ਸਰੂਪ ਉਸ ਨਾਲ ਪੱਬ ਨਾ ਜਾ ਸਕਦਾ, ਉਹ ਦੁਕਾਨ ਵਿਚ ਹੀ ਬੀਅਰ ਦਾ ਡੱਬਾ ਪਿਲਾ ਦਿੰਦਾ। ਦਿਲਬਾਗ ਉਸ ਵਲੋਂ ਉਠ ਰਾਜੂ ਕੋਲ ਆ ਜਾਂਦਾ, ਕਹਿੰਦਾ,

"ਦੇਖ, ਸਾਲ਼ਿਆਂ ਨੇ ਭੰਡ ਦੇ ਭਰਾ ਨੂੰ ਰਿਸ਼ਤਾ ਕਰ ਦਿਤਾ, ...ਇਹ ਬੁੜ੍ਹਾ-ਬੁੜ੍ਹੀ ਭਲੇਮਾਣਸਾਂ ਦੇ ਨਹੀਂ ਕੁਪੱਤਿਆਂ ਦੇ ਮਿੱਤ ਐ, ਉਹਨੇ ਭੰਡ ਨੇ ਇਹਨਾਂ ਨਾਲ਼ ਏਨੀ ਕੀਤੀ, ਹੁਣ ਓਹਦੇ ਈ ਮੌਰੀਂ ਚੜ੍ਹਦੇ ਆ!"

ਰਾਜੂ ਉਸ ਦੀ ਗੱਲ ਵਿਚ ਬਹੁਤਾ ਹੁੰਗਾਰਾ ਨਾ ਦਿੰਦਾ। ਇਕ ਉਸ ਦਾ ਸੁਭਾਅ ਵੀ ਚੁੱਪ ਜਿਹਾ ਸੀ ਤੇ ਦੂਜਾ ਉਹ ਆਪਣੇ ਤੋਂ ਵੱਡਿਆਂ ਮੂਹਰੇ ਬਹੁਤਾ ਨਹੀਂ ਸੀ ਖੁਲ੍ਹਦਾ। ਦਿਲਬਾਗ ਉਸ ਦਾ ਮੋਢ੍ਹਾ ਥਾਪੜਦਾ ਆਖਦਾ,

"ਸ਼ਾਬਾਸ਼ੇ ਤੇਰੇ, ਅਸਲ 'ਚ ਤਾਂ ਤੂੰ ਏਹਨਾਂ ਦੀ ਚੰਗੀ ਤਰ੍ਹਾਂ ਘੀਸੀ ਕਰਾਈ ਐ, ਏਦਾਂ ਈ ਸੂਤ ਔਂਦੇ ਆ ਇਹ।"

ਬੀਅਰ ਦੀ ਲੋਰ ਵਿਚ ਆ ਕੇ ਉਹ ਕਹਿਣ ਲਗਦਾ,

"ਛੋਟੇ ਭਾਈ, ਬੁੜ੍ਹੀ ਹੁਣ ਸਾਡੇ ਨਾਲ਼ ਤਾਂ ਸਿੱਧੇ ਮੂੰਹ ਗੱਲ ਈ ਨਈਂ ਕਰਦੀ, ...ਏਹ ਸਭ ਭੰਡ ਕਰਕੇ ਈ ਐ, ਮੇਰਾ ਦਿਲ ਕਰਦਾ; ਕਦੇ ਭੰਡ ਸਾਲ਼ੇ ਦੇ ਚਾਰ ਜੜਾਂ।"

ਜਦ ਉਹ ਜ਼ਿਆਦਾ ਸ਼ਰਾਬੀ ਹੋ ਜਾਂਦਾ ਤਾਂ ਬੋਲਣ ਲਗਦਾ,

"ਮੇਰਾ ਨਾਂ ਐ ਦਿਲਬਾਗ ਬਾਸੀ, ਕਾਮਰੇਡ ਬਿਸ਼ੰਭਰ ਸੂੰਹ ਦਾ ਮੁੰਡਾਂ, ...ਕਸਮ ਦੀ ਗੱਲ ਐ ਬਈ ਜਿੱਦਣ ਇਹ ਮੇਰੀ ਦਾੜ੍ਹ ਹੇਠ ਆ ਗਿਆ ਤਾਂ ਰਗੜ ਕੇ ਰੱਖ ਦਊਂ, ਪਰੌਮਿਜ਼...!"

www.PunjabiLibrary.com

ਰੁਆਇਲ ਡੀਨ ਵਿਚ ਬਹੁਤਾ ਕੁਝ ਆਮ ਜਿਹਾ ਸੀ ਪਰ ਕੁਝ ਕੁ ਗੱਲਾਂ ਬਦਲੀਆਂ ਸਨ। ਗੁਲਵੰਤ ਤੇ ਸੁਰਜਨ ਸਿੰਘ ਆਪਸ ਵਿਚ ਮਿਣਵੀਂ ਜਿਹੀ ਗੱਲ ਹੀ ਕਰਦੇ। ਟੁੱਟੇ ਸ਼ੀਸ਼ੇ ਵਾਂਗ ਤ੍ਰੇੜ ਸਾਫ ਦਿਖਾਈ ਦਿੰਦੀ ਸੀ। ਗੁਲਵੰਤ ਨੂੰ ਸੁਰਜਨ ਸਿੰਘ ਦੀ ਕੋਈ ਗੱਲ ਗਲਤ ਲਗਦੀ ਤਾਂ ਟੋਕ ਵੀ ਦਿੰਦਾ। ਸਿਆਸੀ ਮਸਲਿਆਂ ਉਪਰ ਦੋਨਾਂ ਦੇ ਕਾਫੀ ਅੱਡਰੇ ਵਿਚਾਰ ਸਨ। ਗੁਲਵੰਤ ਦੇ ਦੋਸਤਾਂ ਵਿਚ ਵੀ ਸੁਰਜਨ ਸਿੰਘ ਦੀ ਪਹਿਲੇ ਜਿਹੀ ਗੱਲ ਨਹੀਂ ਸੀ ਰਹੀ। ਮੁਸ਼ਤਾਕ ਕਹਿਣ ਲਗਦਾ,

“ਓ ਬਈ ਚੱਠੇ, ਤੇਰੇ ਬੁੜ੍ਹੇ ਦੇ ਪੈਰ ਦੁਖਦੇ ਸਾਊ? ...ਦੇਖ ਕਿਵੇਂ ਤੁਰਸੀ ਜਿਵੇਂ ਜੁੱਤੀ ਨੂੰ ਗਲੂ ਲਗਾ ਹੋਸੀ।”

ਨਵਤੇਜ ਕਹਿੰਦਾ,

“ਸਾਰਾ ਰੁਆਇਲ ਡੀਨ ਦੇਖ ਲੈ, ਲੋਕਾਂ ਦੀ ਨੁਹਾਰ ਸਮੇਂ ਨਾਲ ਬਦਲਦੀ ਰਹਿੰਦੀ ਐ ਪਰ ਤੇਰੇ ਸੌਹਰੇ ਦੀ ਉਹੋ ਪੱਗ, ਉਹੋ ਛੋਟੀ ਛੋਟੀ ਦਾਹੜੀ, ਏਨੀ ਕੁ ਕਿਸੇ ਦੇ ਹੱਥ ਨਾ ਆ ਸਕੇ।”

ਉਸ ਦੀ ਗੱਲ ‘ਤੇ ਸਾਰੇ ਹੱਸਦੇ। ਨਾਲ ਹੀ ਵਿਜੇ ਟੌਣਾ ਲਾਉਂਦਾ ਕਹਿੰਦਾ,

“ਐਨਕਾਂ ਵੀ, ਉਹੋ; ਬਾਬੇ ਆਦਮ ਦੇ ਵੇਲੇ ਦੀਆਂ, ਭਲਾ ਏਨਾ ਚਿਰ ਹੋ ਗਿਆ ਸ਼ੀਸ਼ੇ ਦਾ ਨੰਬਰ ਨਾ ਬਦਲਿਆ ਹੋਊ!”

ਗੁਲਵੰਤ ਵੀ ਉਹਨਾਂ ਨਾਲ ਮਿੰਨਾ ਮਿੰਨਾ ਮੁਸਕ੍ਰਾਉਂਦਾ ਪਰ ਉਸ ਨੂੰ ਇਹ ਗੱਲਾਂ ਚੰਗੀਆਂ ਨਾ ਲਗਦੀਆਂ ਜਿਵੇਂ ਕਿ ਹੁੰਦਾ ਹੀ ਹੈ ਕਿ ਆਪਣੇ ਬੰਦੇ ਨੂੰ ਤੁਸੀਂ ਆਪ ਲੱਖ ਬੁਰਾ ਕਹਿ ਲਵੋ ਪਰ ਜਦ ਕੋਈ ਹੋਰ ਕਹੇ ਤਾਂ ਦੁੱਖ ਲਗਦਾ ਹੈ।

ਸੁਰਜਨ ਸਿੰਘ ਨੂੰ ਵੀ ਗੁਲਵੰਤ ਹੁਣ ਚੰਗਾ ਲਗਣੋਂ ਹਟ ਗਿਆ ਸੀ। ਭਾਵੇਂ ਸੁਖਵੀਰ ਸੁਖੀ ਸੀ ਤੇ ਸੁਰਿੰਦਰ ਵੀ ਪਰ ਗੁਲਵੰਤ ਨੂੰ ਜਿਵੇਂ ਉਸ ਨੇ ਹਾਲੇ ਮੁਆਫ ਨਹੀਂ ਸੀ ਕੀਤਾ। ਇਕ ਤਾਂ ਉਸ ਨੂੰ ਗੁਲਵੰਤ ਦਾ ਜ਼ਿਆਦਾ ਸ਼ਰਾਬ ਪੀਣਾ ਚੰਗਾ ਨਹੀਂ ਸੀ ਲਗਦਾ ਤੇ ਦੂਜੇ ਜੋ ਉਸ ਦਾ ਨਾਂ ਕਿਸੇ ਗੋਰੀ ਔਰਤ ਨਾਲ ਜੁੜਨ ਲਗਿਆ ਸੀ ਉਹ ਵੀ ਡਰਾ ਰਿਹਾ ਸੀ। ਬੀਟਰਸ ਬਾਰੇ ਰੁਆਇਲ ਡੀਨ ਵਿਚ ਬਹੁਤ ਘੱਟ ਲੋਕਾਂ ਨੂੰ ਪਤਾ ਸੀ ਪਰ ਫਿਰ ਵੀ ਅਫਵਾਹ ਜਿਹੜੀ ਉਡ ਗਈ ਸੀ ਕਿ ਗੁਲਵੰਤ ਦੇ ਕਿਸੇ ਗੋਰੀ ਨਾਲ ਸਬੰਧ ਹਨ। ਉਸ ਨੇ ਕਈ ਵਾਰ ਗੱਲਾਂ ਗੱਲਾਂ ਵਿਚ ਸੁਰਿੰਦਰ ਨੂੰ ਟੋਹ ਕੇ ਦੇਖਿਆ ਸੀ ਕਿ ਸ਼ਾਇਦ ਉਹ ਕੁਝ ਜਾਣਦੀ ਹੋਵੇ। ਪਤਨੀ ਸੀ, ਪਤਾ ਚਲ ਹੀ ਜਾਂਦਾ ਹੈ ਪਰ ਸੁਰਿੰਦਰ ਨੂੰ ਕਿਸੇ ਗੱਲ ਦਾ ਨਹੀਂ ਸੀ ਪਤਾ। ਇਸ ਲਈ ਉਸ ਸੋਚਦਾ ਕਿ ਸ਼ਾਇਦ ਅਫਵਾਹ ਹੀ ਹੋਵੇ।

ਬਾਕੀ ਰੁਆਇਲ ਡੀਨ ਵਿਚ ਸਭ ਉਵੇਂ ਸੀ। ਉਹੋ ਓਵਰਟਾਈਮ, ਉਹੋ ਪੱਬ, ਉਹੋ ਬ੍ਰੇਕਾਂ, ਮੀਟ ਦੇ ਪਤੀਲੇ, ਵਿਸਕੀ ਦੀਆਂ ਬੋਤਲਾਂ। ਗੁਲਵੰਤ ਨੇ ਤਾਂ ਸ਼ਿਫਟ ਵੀ ਹਾਲੇ ਤਕ ਉਹੋ ਹੀ ਰੱਖੀ ਹੋਈ ਸੀ। ਦੁਪਿਹਰ ਦੋ ਤੋਂ ਲੈ ਕੇ ਰਾਤ ਦਸ ਛੱਤੀ ਤਕ। ਰਾਤ ਨੂੰ ਚਾਰ ਘੰਟੇ ਓਵਰ ਟਾਈਮ ਲਾ ਲੈਂਦਾ। ਰਾਤ ਦੇ ਖਾਣੇ ਦੀ ਬ੍ਰੇਕ ਉਹਨਾਂ ਨੂੰ ਅੱਠ ਤੋਂ ਨੌਂ ਵਜੇ ਤਕ ਹੁੰਦੀ ਪਰ ਆਮ ਤੌਰ ਤੇ ਲੋਕ ਨੌਂ ਵਜੇ ਤੋਂ ਵੀ ਪੰਜ ਮਿੰਟ ਬਾਅਦ ਤਕ ਬੈਠੇ ਰਹਿੰਦੇ। ਕੁਝ ਦਿਨਾਂ ਤੋਂ ਗੁਲਵੰਤ ਨੌਂ ਵਜਣ ਤੋਂ ਦਸ ਮਿੰਟ ਪਹਿਲਾਂ ਹੀ ਉਠ ਖੜਦਾ। ਹੌਲੀ ਹੌਲੀ ਸਾਰੇ ਹੀ ਉਸ ਦਾ ਨੋਟਿਸ ਲੈਣ ਲਗੇ। ਇਕ ਦਿਨ ਰਣਬੀਰ ਬੋਲਿਆ,

“ਕਿਉਂ ਬਈ, ਬੜੀ ਕਾਹਲ਼ੀ ‘ਚ ਐਂ, ਘੜੇ ਤਾਂ ਨਈਂ ਪਾਏ ਹੋਏ ਕਿ ਹੱਥ ਫੇਰਨਾਂ!”

“ਏਦਾਂ ਈ ਸਮਝ ਲੈ ਬਈ ਘੜੇ ਪਾਏ ਹੋਏ ਆ, ਪੂਰੀ ਸ਼ਰਾਬ ਬਣੀ ਤਾਂ ਦੱਸੂੰ।”

ਨੌਂ ਵਜੇ ਰੋਜ਼ਾਨਾ ਗੁਲਵੰਤ ਦੀ ਡਿਊਟੀ ਪਲੇਟ ਫਾਰਮ ਤੇ ਹੁੰਦੀ ਸੀ ਜਿਥੋਂ ਡਾਕ ਦੇ ਥੈਲੇ ਵੈਨਾਂ ਵਿਚ ਲੱਦੇ ਜਾਂਦੇ ਸਨ। ਇਹਨਾਂ ਵਿਚ ਕੁਝ ਥੈਲਿਆਂ ਦੀ ਖਾਸ ਡਿਸਪੈਚ ਏਅਰਪੋਰਟ ਪੁੱਜਣੀ ਹੁੰਦੀ ਸੀ। ਇਹ ਡਾਕ ਹਵਾਈ ਜਹਾਜ਼ ਰਾਹੀਂ ਨੇੜੇ ਹੀ ਪੈਂਦੇ ਇਕ ਜ਼ਜੀਰੇ ਜਰਸੀ ਜਾਣੀ ਹੁੰਦੀ। ਇਸ ਡਾਕ ਦੀ ਵਿਸ਼ੇਸ਼ ਗੱਲ ਇਹ ਹੁੰਦੀ ਕਿ ਦੂਜੇ ਪਾਸੇ ਫੋਨ ਕਰਕੇ ਦੱਸਣਾ ਹੁੰਦਾ ਸੀ ਕਿ ਕਿੰਨੇ ਨਗ ਆ ਰਹੇ ਹਨ। ਦੂਜੇ ਪਾਸੇ ਦੇ ਕਰਮਚਾਰੀ ਨੇ ਇਹ ਗੱਲ ਆਪਣੇ ਰਿਕ੍ਰਾਡ ਵਿਚ ਲਿਖਣੀ ਹੁੰਦੀ ਸੀ। ਗੁਲਵੰਤ ਦਾ ਇਹ ਵਿਹਲਾ ਜਿਹਾ ਸਮਾਂ ਹੁੰਦਾ ਸੀ। ਦੂਜੇ ਪਾਸੇ ਬੈਠਾ ਕਰਮਚਾਰੀ ਵੀ ਖਾਲੀ ਜਿਹਾ ਹੁੰਦਾ। ਹੁਣ ਕੁਝ ਸਮੇਂ ਤੋਂ ਉਥੇ ਹੈਲਨ ਨਾਂ ਦੀ ਕੋਈ ਔਰਤ ਆ ਗਈ ਸੀ। ਹੈਲਨ ਦੀ ਅਵਾਜ਼ ਵਿਚ ਬਹੁਤ ਕਸ਼ਿਸ਼ ਸੀ। ਗੁਲਵੰਤ ਦਾ ਦਿਲ ਕਰਦਾ ਕਿ ਉਸ ਨਾਲ ਹੋਰ ਗੱਲਾਂ ਕਰੇ। ਕੰਮ ਦੀਆਂ ਗੱਲਾਂ ਮੁਕਾ ਕੇ ਉਹ ਜਰਸੀ ਦੇ ਮੌਸਮ ਦੀਆਂ ਗੱਲਾਂ ਕਰਨ ਲਗਦਾ, ਜਰਸੀ ਦੇ ਲੋਕਾਂ ਦੀਆਂ, ਜਰਸੀ ਦੇ ਸਮੁੰਦਰੀ ਤੱਟਾਂ ਦੀਆਂ। ਇਵੇਂ ਹੀ ਹੈਲਨ ਵੀ ਲੰਡਨ ਵਿਚ ਡੂੰਘੀ ਦਿਲਚਸਪੀ ਰੱਖਦੀ। ਉਸ ਨੇ ਕਦੇ ਵੀ ਲੰਡਨ ਨਹੀਂ ਸੀ ਦੇਖਿਆ। ਇਵੇਂ ਹੀ ਉਹ ਵੀਹ-ਪੱਚੀ ਮਿੰਟ ਗੱਲਾਂ ਕਰਦੇ ਰਹਿੰਦੇ। ਫਿਰ ਅਜਿਹਾ ਹੋਇਆ ਕਿ ਇਹ ਗੱਲਬਾਤ ਜਿਵੇਂ ਉਹਨਾਂ ਦੀ ਜ਼ਰੂਰਤ ਬਣ ਗਈ ਹੋਵੇ। ਗੁਲਵੰਤ ਬ੍ਰੇਕ ਵਿਚੋਂ ਵੀ ਜਲਦੀ ਇਸੇ ਕਰਕੇ ਉਠ ਆਉਂਦਾ ਕਿ ਕੰਮ ਮੁਕਾ ਕੇ ਜ਼ਿਆਦਾ ਸਮਾਂ ਗੱਲਾਂ ਕਰ ਸਕੇ। ਹੌਲੀ ਹੌਲੀ ਉਹ ਬਹੁਤ ਹੀ ਨਿੱਜੀ ਜਿਹੀਆਂ ਗੱਲਾ ਕਰਨ ਲਗੇ ਸਨ। ਗੁਲਵੰਤ ਪੁੱਛਦਾ,

“ਸਵੀਟੀ, ਅੱਜ ਕਿਹੜੇ ਰੰਗਾ ਦੇ ਕਪੜੇ ਪਾਏ ਆ?”

“ਭੁੱਲ ਗਿਐਂ, ਪੋਸਟ ਔਫਿਸ ਦੀ ਯੂਨੀਫਾਰਮ ਐ, ਕੱਲ ਡਾਂਸ ‘ਤੇ ਜਾ ਰਹੀ ਆਂ, ਨੀਲੇ ਰੰਗ ਦੀ ਮੈਕਸੀ ਪਹਿਨਾਂਗੀ।”

“ਮੈਕਸੀ ਨਾਲ ਹੋਣ ਕੀ ਪਹਿਨਣੈਂ?”

"ਹੋਰ ਕੁਝ ਨਹੀਂ, ...ਹਾਂ ਸਫੈਦ ਬਰਾ।"

"ਅੰਡੀ ਨਈਂ?"

"ਨਈਂ ਮੈਕਸੀ ਨਾਲ ਅੰਡੀ ਨਈਂ ਪਹਿਨਦੀ, ਲਾਈਨ ਬਣਨ ਲਗਦੀ ਐ।"

ਆਖਦੀ ਹੈਲਨ ਹੱਸਣ ਲਗਦੀ। ਫਿਰ ਆਖਦੀ,

"ਕਦੇ ਜਰਸੀ ਆ, ਬਹੁਤ ਪਿਆਰੀ ਜਗਾਹ ਐ।"

"ਹਾਂ ਹੈਲਨ, ਮੈਂ ਇਹਦੇ ਬਾਰੇ ਸੁਣ ਰੱਖਿਐ।"

"ਆਜਾ ਫਿਰ, ਐਸ਼ ਕਰਾਵਾਂਗੀ।"

"ਤੇਰੇ ਘਰਵਾਲੇ ਰੇਅ ਦਾ ਕੀ ਬਣੂੰ?"

"ਉਹ ਤਾਂ ਬਿਲਕੁਲ ਨਿਕੰਮਾ ਐਂ, ਸ਼ਰਾਬ ਪੀ ਕੇ ਸੁੱਤਾ ਰਹਿੰਦੈ, ਬਹੁਤ ਤੰਗ ਕਰਦੈ, ਜੇ ਮੈਂ ਕੈਥੋਲਿਕ ਨਾ ਹੁੰਦੀ ਤਾਂ ਕਦੋਂ ਦੀ ਤਲਾਕ ਦੇ ਚੁੱਕੀ ਹੁੰਦੀ, ਤੂੰ ਆ ਜਾ, ਓਹਦੀ ਪਰਵਾਹ ਨਾ ਕਰ।"

ਕਦੇ ਕਦੇ ਗੁਲਵੰਤ ਵੀ ਉਸ ਨੂੰ ਲੰਡਨ ਆਉਣ ਦਾ ਸੱਦਾ ਦਿੰਦਾ। ਉਹ ਪੁੱਛਦੀ,

"ਤੇਰੀ ਪਤਨੀ ਮੈਨੂੰ ਦੇਖ ਕੇ ਤੈਨੂੰ ਕੁਝ ਨਹੀਂ ਕਹੇਗੀ?"

"ਉਹਨੂੰ ਦੱਸੇਗਾ ਹੀ ਕੌਣ? ...ਮੈਂ ਤੈਨੂੰ ਹੋਟਲ ਵਿਚ ਰਖਾਂਗਾ।"

ਹੈਲਨ ਸੱਚ ਹੀ ਲੰਡਨ ਆਉਣ ਬਾਰੇ ਸੋਚਣ ਲਗ ਪਈ। ਗੱਲਾਂ ਕਰਦੇ ਉਹ ਗੰਦੇ ਗੰਦੇ ਲਤੀਫੇ ਸੁਣਾਉਣ ਲਗਦੇ, ਆਪਣੇ ਬੈੱਡਰੂਮ ਦੀਆਂ ਸਾਰੀਆਂ ਗੱਲਾਂ ਵੀ ਸਾਂਝੀਆਂ ਕਰ ਲੈਂਦੇ। ਕਈ ਵਾਰ ਹੈਲਨ ਉਸ ਨੂੰ ਕੋਈ ਗੀਤ ਸੁਣਾਉਂਦੀ। ਉਸ ਦੀ ਅਵਾਜ਼ ਬਹੁਤ ਪਿਆਰੀ ਸੀ। ਫੋਨ ਉਪਰ ਚਲਦੇ ਇਸ਼ਕ ਬਾਰੇ ਵਿਜੇ ਨੂੰ ਪਤਾ ਚਲਿਆ ਤਾਂ ਉਹ ਕਹਿਣ ਲਗਿਆ,

"ਕਿਸੇ ਪੰਗੇ 'ਚ ਨਾ ਫਸ ਜਾਈਂ ਯਾਰ, ਹਾਲੇ ਬੀਟਰਸ ਤੇਰੇ ਤੋਂ ਛੱਡੀ ਨਈਂ ਗਈ!"

"ਯਾਰ, ਬੀਟਰਸ ਵੀ ਕੋਈ ਛੱਡਣ ਵਾਲ਼ੀ ਚੀਜ਼ ਐ, ਹੁਣ ਉਹਦਾ ਬਹੁਤਾ ਫਿਕਰ ਨਈਂ, ਉਹਨੇ ਬੁਆਏ ਫਰੈਂਡ ਲੱਭ ਲਿਆ ਤੇ ਕਦੇ ਕਦੇ ਮੇਰਾ ਓਵਰ ਟਾਈਮ ਵੀ ਲਗ ਜਾਂਦਾ।"

ਗੁਲਵੰਤ ਨੇ ਹੱਸਦੇ ਹੋਏ ਕਿਹਾ। ਉਸ ਦੇ ਟੈਲੀਫੋਨ ਉਪਰਲੇ ਇਸ਼ਕ ਬਾਰੇ ਸਾਰੇ ਹੀ ਦੋਸਤਾਂ ਨੂੰ ਪਤਾ ਚਲ ਗਿਆ। ਉਸ ਨੂੰ ਛੇੜਦੇ ਹੋਏ ਕਹਿੰਦੇ,

"ਹੋ ਗਿਆ ਬਈ ਤੇਰਾ ਟਾਈਮ, ਆਪਣਾ ਗਲਾਸ ਖਤਮ ਕਰ ਦੇ ਦੌੜ, ਤੇਰੀ ਹੈਲਨ ਉਡੀਕਦੀ ਹੋਊ।"

ਮੁਸ਼ਤਾਕ ਮਜ਼ੇ ਲੈਂਦਾ ਆਖਦਾ,

"ਯਾਰ ਚੱਠੇ, ਇਹ ਫੋਨਾਂ ਦਾ ਇਸ਼ਕ ਕੀ ਹੋਸੀ, ਇਹ ਤਾਂ ਬੁੱਢੇ ਬੰਦਿਆਂ ਦਾ ਕੰਮ ਊ, ਚਾਲੀ ਟੱਪੋ ਤਾਂ ਦੂਰੋਂ ਦੂਰੋਂ ਇਸ਼ਾਰੇ ਕਰੋ, ਤੂੰ ਤਾਂ ਮਾਸ਼ਾ ਅੱਲਾ! ਹਾਲੇ ਜਵਾਨ ਐ ਯਾਰਾ, ਕੋਈ ਨੇੜੇ ਦਾ ਪਟੋਲਾ ਪੁੱਟ।"

"ਮੀਆਂ, ਏਸ ਦਿਲ ਦਾ ਪਤਾ ਨਈਂ ਚਲਦਾ ਕਿ ਕਿਹੜੇ ਵੇਲੇ ਕਿਹਦੇ 'ਤੇ ਆ ਜਾਣਾਂ।"

ਗੁਲਵੰਤ ਆਖਦਾ। ਉਸ ਨੂੰ ਲਗਦਾ ਕਿ ਸੱਚ ਮੁੱਚ ਹੀ ਉਸ ਨੂੰ ਹੈਲਨ ਨਾਲ ਇਸ਼ਕ ਹੋ ਗਿਆ ਹੈ। ਉਸ ਨੇ ਮਨ ਹੀ ਮਨ ਹੈਲਨ ਦੀ ਤਸਵੀਰ ਵੀ ਘੜ ਲਈ ਹੋਈ ਸੀ। ਬੀਟਰਸ ਤੋਂ ਕਿਤੇ ਵੱਧ ਸੁਹਣੀ ਔਰਤ, ਪਿੰਨੀਆਂ ਤਕ ਸਕਰੱਟ ਵਿਚ ਨਿੱਗਰ ਦਿਸਦੀਆਂ ਲੱਤਾਂ, ਭਰਵੀਆਂ ਛਾਤੀਆਂ ਤੇ ਛੋਟੇ ਛੋਟੇ ਕੱਟੇ ਹੋਏ ਵਾਲ। ਜਿਵੇਂ ਹੈਲਨ ਸਮੁੰਦਰ ਦੇ ਕੰਢੇ ਖੜੀ ਲਹਿਰਾਂ ਵਲ ਦੇਖ ਰਹੀ ਹੋਵੇ ਤੇ ਗੁਲਵੰਤ ਉਸ ਦੇ ਪਿੱਛੇ ਖੜਾ ਉਸ ਨੂੰ ਤਕ ਰਿਹਾ ਹੋਵੇ। ਕਈ ਵਾਰ ਉਸ ਨੂੰ ਲਗਦਾ ਕਿ ਹੈਲਨ ਗਾ ਰਹੀ ਹੈ ਤੇ ਉਹ ਉਸ ਦੇ ਗਲ਼ੇ ਵਲ ਦੇਖ ਰਿਹਾ ਹੈ ਜਿਸ ਵਿਚੋਂ ਇਹ ਖੂਬਸੂਰਤ ਅਵਾਜ਼ ਨਿਕਲ ਰਹੀ ਹੈ।

ਇਕ ਦਿਨ ਗੁਲਵੰਤ ਪੂਰੀ ਬ੍ਰੇਕ ਦੋਸਤਾਂ ਨਾਲ ਬੈਠਾ ਰਿਹਾ। ਰਣਬੀਰ ਨੇ ਹੈਰਾਨ ਹੁੰਦਿਆਂ ਪੁੱਛਿਆ,

"ਤੂੰ ਜਾਣਾ ਨਈਂ ਸੀ? ...ਤੇਰੀ ਹੈਲਨ ਉਡੀਕਦੀ ਹੋਊ।"

"ਨਈਂ ਯਾਰ ਆਸ਼ਕੀ ਦਾ ਉਬਾਲ਼ ਠੰਡਾ ਪੈ ਗਿਆ।"

"ਤੂੰ ਤੇ ਕਹਿ ਰਿਹਾ ਸੀ ਕਿ ਉਹ ਕ੍ਰਿਸਮਸ 'ਤੇ ਆ ਰਹੀ ਐ ਤੇ ਤੂੰ ਉਹਦੇ ਲਈ ਹੋਟਲ ਬੁੱਕ ਕਰਾ ਰਿਹੈਂ।"

"ਉਹ ਸਭ ਤਾਂ ਠੀਕ ਸੀ ਆ ਹੀ ਰਹੀ ਸੀ ਪਰ ਕੱਲ ਉਹਦੀ ਫੋਟੋ ਮਿਲ਼ੀ ਆ, ਕਹਿੰਦੀ ਤੂੰ ਮੈਨੂੰ ਏਅਰ ਪੋਰਟ 'ਤੇ ਪੱਛਾਣੇਗਾ ਕਿੱਦਾਂ।"

"ਸੁਹਣੀ ਐਂ?"

"ਉਮਰ ਪੰਜਤਾਲੀ-ਪੰਜਾਹ ਤੇ ਸਿਹਤ ਏਦਾਂ ਦੀ ਜਿੱਦਾਂ ਪਿੰਡ 'ਚ ਕਿਸੇ ਨੇ ਕੰਧਾਂ ਢਾਹੁਣ ਨੂੰ ਬੰਦਾ ਰੱਖਿਆ ਹੁੰਦੈ।"

www.PunjabiLibrary.com

# ਚੌਵ੍ਹੀ

ਸੁਰਜਨ ਸਿੰਘ ਦਾ ਇਕ ਸਾਲ ਪੂਰਾ ਆਰਾਮ ਦਾ ਨਿਕਲਿਆ। ਕਿਸੇ ਪਾਸਿਓਂ ਕੋਈ ਬੁਰੀ ਖਬਰ ਨਾ ਆਈ ਪਰ ਸਹਿਮ ਜ਼ਰੂਰ ਬਣਿਆਂ ਰਹਿੰਦਾ ਸੀ। ਉਹ ਇਸ ਬਾਰੇ ਅਮਾਂਡਾ ਨੂੰ ਚਿੱਠੀਆਂ ਲਿਖਦਾ। ਅਮਾਂਡਾ ਅਜਕਲ ਬਹੁਤ ਗਮਜ਼ਦਾ ਸੀ। ਉਹ ਆਪਣਾ ਮਨ ਹਲਕਾ ਕਰਨ ਲਈ ਲੰਮੀਆਂ ਲੰਮੀਆਂ ਚਿੱਠੀਆਂ ਲਿਖਦੀ। ਪਰਕਾਸ਼ ਕੋਰ ਨੂੰ ਚਿੱਠੀ ਦੇ ਰੰਗ ਤੋਂ ਸਭ ਪਤਾ ਚਲ ਜਾਂਦਾ ਪਰ ਉਹ ਚੁੱਪ ਰਹਿੰਦੀ ਤੇ ਅੰਦਰੋ ਅੰਦਰ ਕੁੜਦੀ ਰਹਿੰਦੀ।

ਫਿਰ ਅਚਾਨਕ ਸੁਰਜਨ ਸਿੰਘ ਦੇ ਸਾਹਮਣੇ ਸੁਲਝੀ ਤਾਣੀ ਮੁੜ ਉਲਝਣ ਲਗੀ। ਰਾਜੂ ਦੀਆਂ ਸ਼ਿਕਾਇਤਾਂ ਫਿਰ ਆਉਣ ਲਗੀਆਂ। ਸੁਖਵੀਰ ਮੰਮੀ ਨੂੰ ਫੋਨ ਕਰਦੀ ਰੋਣ ਲਗਦੀ। ਇਕ ਦਿਨ ਸੁਰਜਨ ਸਿੰਘ ਨੇ ਸੁਰਿੰਦਰ ਨਾਲ ਗੱਲ ਕੀਤੀ। ਉਹ ਬੋਲੀ,

"ਡੈਡ, ਫਿਕਰ ਨਾ ਕਰੋ, ਮੈਂ ਗੁੱਲ ਨੂੰ ਸਾਫ ਕਹਿ ਦਿਤਾ ਕਿ ਮੇਰੀ ਭੈਣ ਦੀ ਹਰ ਤਕਲੀਫ ਮੇਰੀ ਐ, ਰਾਜੂ ਉਹਨੂੰ ਤੰਗ ਨਹੀਂ ਕਰ ਰਿਹਾ ਮੈਨੂੰ ਕਰ ਰਿਹੈ।"

ਸੁਰਜਨ ਸਿੰਘ ਨੂੰ ਧੀ ਦੀ ਇਹ ਗੱਲ ਬਹੁਤ ਚੰਗੀ ਲਗੀ ਪਰ ਉਹ ਸੋਚ ਰਿਹਾ ਸੀ ਕਿ ਇਹ ਮਸਲਾ ਦੁਬਾਰਾ ਉਠੇ ਹੀ ਕਿਉਂ। ਉਹ ਸੋਚ ਰਿਹਾ ਸੀ ਕਿ ਗੁਲਵੰਤ ਨਾਲ ਗੱਲ ਕਰੇ ਪਰ ਗੁਲਵੰਤ ਹਰ ਵੇਲੇ ਢਾਣੀ ਜਿਹੀ ਵਿਚ ਘਿਰਿਆ ਰਹਿੰਦਾ ਤੇ ਉਹ ਬੈਠੇ ਸ਼ਰਾਬ ਪੀ ਰਹੇ ਹੁੰਦੇ।

ਘਰ ਦੇ ਸਾਰੇ ਫੈਸਲੇ ਭਾਵੇਂ ਗੁਲਵੰਤ ਦੇ ਹੱਥ ਵਿਚ ਹੀ ਸਨ ਪਰ ਹੁਣ ਰਾਜੂ ਕੁਝ ਆਪ ਕਰਨ ਲਗਿਆ ਸੀ। ਸੁਖਵੀਰ ਨੂੰ ਮੁੜ ਪਹਿਲੇ ਵਾਲਾ ਕੰਮ ਮਿਲ ਗਿਆ ਸੀ। ਰਾਜੂ ਉਸ ਨੂੰ ਖਰਚਣ ਜੋਗੇ ਪੈਸੇ ਦੇ ਕੇ ਬਾਕੀ ਦੀ ਸਾਰੀ ਤਨਖਾਹ ਫੜ ਲੈਂਦਾ। ਸੁਰਿੰਦਰ ਘਰ ਦੇ ਖਰਚ ਲਈ ਜਿੰਨੇ ਪੈਸੇ ਮੰਗਦੀ ਦੇ ਦਿੰਦਾ ਤੇ ਬਾਕੀ ਦੇ ਜਮ੍ਹਾਂ ਕਰਾ ਦਿੰਦਾ। ਸੁਖਵੀਰ ਹਰ ਵੇਲੇ ਖਰਚ ਵਲੋਂ ਔਖੀ ਰਹਿੰਦੀ। ਉਸ ਦੇ ਮੁਕਾਬਲੇ ਸੁਰਿੰਦਰ ਕੰਮ ਵੀ ਨਹੀਂ ਸੀ ਕਰਦੀ ਪਰ ਫਿਰ ਵੀ ਉਸ ਕੋਲ ਹਰ ਵੇਲੇ ਪੈਸੇ ਹੁੰਦੇ। ਸੁਖਵੀਰ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਲੋੜਾਂ ਲਈ ਪੈਸੇ ਭੈਣ ਤੋਂ ਲੈਣੇ ਪੈਂਦੇ। ਸੁਰਿੰਦਰ ਨੂੰ ਜਨਮ ਦਿਨ 'ਤੇ ਵੀ ਕ੍ਰਿਸਮਸ 'ਤੇ ਵੀ ਤੋਹਫੇ ਮਿਲਦੇ ਪਰ ਸੁਖਵੀਰ ਖਾਲੀ ਬੈਠੀ ਹੁੰਦੀ। ਗੁਲਵੰਤ ਕਹਿ ਕਹਿ ਕੇ ਰਾਜੂ ਤੋਂ ਉਸ ਲਈ ਤੋਹਫੇ ਮੰਗਾਉਂਦਾ। ਸੁਖਵੀਰ ਨੂੰ ਇਹ ਚੰਗਾ ਨਾ ਲਗਦਾ।

ਗੁਲਵੰਤ ਰਾਜੂ ਬਾਰੇ ਫਿਕਰਵੰਦ ਰਹਿੰਦਾ। ਉਹ ਸੋਚਦਾ ਕਿ ਜੇ ਉਹਨਾਂ ਦੇ ਇਕ ਬੱਚਾ ਹੋ ਜਾਵੇ ਤਾਂ ਸਭ ਠੀਕ ਹੋ ਜਾਵੇ। ਉਹ ਇਕ ਦੂਜੇ ਨਾਲ ਹੋਰ ਜੁੜ ਜਾਣਗੇ। ਕਦੇ ਉਹ ਸੋਚਦਾ ਕਿ ਇਹਨਾਂ ਦੋਨਾਂ ਦੇ ਨਾਂ 'ਤੇ ਕੋਈ ਵਿਓਪਾਰ ਲੈ ਦਿਤਾ ਜਾਵੇ ਤਾਂ ਜੋ ਇਕ ਦੂਜੇ ਨਾਲ ਬੱਝ ਸਕਣ, ਇਕ ਦੂਜੇ ਦੀ ਲੋੜ ਮਹਿਸੂਸ ਕਰ ਸਕਣ। ਇਕ ਦੂਜੇ ਦਾ ਮਹੱਤਵ ਵੀ ਸਮਝਣ। ਇਕ ਦਿਨ ਉਸ ਨੇ ਸੁਰਿੰਦਰ ਨੂੰ ਕਿਹਾ,

"ਕਿਉਂ ਨਾ ਆਪਾਂ ਇਹਨਾਂ ਨੂੰ ਅਲੱਗ ਘਰ ਲੈ ਦੇਈਏ, ਦੋਨਾਂ ਦੇ ਨਾਂ 'ਤੇ ਹੋਵੇ, ਕਿਸੇ ਚੀਜ਼ ਨੂੰ ਤਾਂ ਸਾਂਝੀ ਸਮਝਣ।"

"ਨਹੀਂ ਗੁੱਲ, ਜੇ ਆਪਾਂ ਏਹਨਾਂ ਤੋਂ ਪਰਾਂਹ ਹੋ ਗਏ ਤਾਂ ਏਹਨਾਂ ਦੀ ਦੂਜੇ ਦਿਨ ਈ ਵਿਗੜ ਜਾਣੀ ਆਂ, ਮੈਨੂੰ ਰਾਜੂ ਦਾ ਕੋਈ ਭਰੋਸਾ ਨਈਂ, ...ਮੈਂ ਸੁਖਵੀਰ ਨਾਲ ਵਾਅਦਾ ਕੀਤਾ ਹੋਇਆ ਕਿ ਜੇ ਰਾਜੂ ਉਹਨੂੰ ਛੱਡੇਗਾ ਤਾਂ ਮੈਂ ਵੀ ਉਹਦੇ ਨਾਲ਼ ਈ ਜਾਵਾਂਗੀ, ਚੇਤੇ ਆ ਨਾ!"

"ਤੂੰ ਆਪਣੀਆਂ ਈ ਸੁਰਲੀਆਂ ਛੱਡੀ ਜਾਇਆ ਕਰ, ਤੈਨੂੰ ਛੱਡੀਦਾ ਮੱਝ ਥੱਲੇ ਆ ਤੇ ਜਾ ਵੜਦੀ ਐਂ ਝੋਟੇ ਹੇਠ!"

ਗੁਲਵੰਤ ਨੇ ਗੁੱਸੇ ਵਿਚ ਆਉਂਦਿਆਂ ਕਿਹਾ। ਇਹ ਗੱਲ ਸੁਰਿੰਦਰ ਪਹਿਲਾਂ ਵੀ ਕਹਿਣ ਲਗਦੀ ਸੀ। ਉਸ ਨੂੰ ਯਕੀਨ ਸੀ ਕਿ ਸੁਰਿੰਦਰ ਅਜਿਹਾ ਨਹੀਂ ਕਰੇਗੀ ਪਰ ਫਿਰ ਵੀ ਉਸ ਨੂੰ ਸੁਰਿੰਦਰ ਨਾਲ ਪਹਿਲੇ ਜਿਹਾ ਮੋਹ ਨਹੀਂ ਸੀ। ਹੁਣ ਉਹ ਉਸ ਨੂੰ 'ਮਾਈ ਟੈੱਨ ਬਾਈ ਟੈੱਨ' ਬਹੁਤ ਘੱਟ ਕਹਿੰਦਾ ਸੀ। ਕਦੇ ਕਦੇ ਬੀਟਰਸ ਵਲ ਚਲੇ ਜਾਇਆ ਕਰਦਾ ਸੀ ਪਰ ਕਦੇ ਵੀ ਗੁਨਾਹ-ਭਾਵਨਾ ਮਹਿਸੂਸ ਨਹੀਂ ਸੀ ਹੋਈ। ਦਿਲ ਦੀ ਕਿਸੇ ਤਹਿ ਵਿਚ ਹਾਲੇ ਵੀ ਉਸ ਪ੍ਰਤੀ ਗੁੱਸਾ ਪਿਆ ਸੀ। ਸੁਰਿੰਦਰ ਦੀ ਸੁਖਵੀਰ ਨਾਲ ਹੀ ਚਲੇ ਜਾਣ ਵਾਲੀ ਗੱਲ ਉਸ ਨੂੰ ਵੰਗਾਰ ਜਿਹੀ ਲਗਦੀ। ਉਹ ਪੈਰ ਪੈਰ 'ਤੇ ਰਾਜੂ ਨੂੰ ਟੋਕਦਾ, ਸਮਝਾਉਂਦਾ।

ਇਹਨਾਂ ਦਿਨਾਂ ਵਿਚ ਨਵੀਂ ਖਰੀਦੀ ਗੈਰਜ ਨੂੰ ਲੈ ਕੇ ਰਾਜੂ ਤੇ ਸੁਖਵੀਰ ਵਿਚ ਨਵੀਂ ਤਕਰਾਰ ਸ਼ੁਰੂ ਹੋ ਗਈ। ਰਾਜੂ ਨੇ ਆਪਣਾ ਕੰਮ ਛੱਡ ਕੇ ਛੇ ਮਹੀਨੇ ਕਿਸੇ ਕਾਰ-ਗੈਰਜ ਵਿਚ ਕੰਮ ਕਰ ਲਿਆ ਸੀ ਤਾਂ ਜੋ ਇਸ ਕੰਮ ਬਾਰੇ ਹੋਰ ਜਾਣ ਸਕੇ। ਫਿਰ ਉਹ ਆਪਣੀ ਗੈਰਜ ਖੋਹਲਣੀ ਚਾਹੁੰਦਾ ਸੀ। ਹੁਣ ਉਸ ਨੂੰ ਟਿਕਾਣੇ ਦੀ ਜਗਾਹ ਮਿਲ ਗਈ ਤੇ ਉਥੇ ਉਸ ਨੇ ਗੈਰਜ ਖੋਹਲ ਲਈ। ਸੁਖਵੀਰ ਉਸ ਨੂੰ ਗੈਰਜ ਖੋਹਲਣ ਤੋਂ ਵਰਜਦੀ ਆ ਰਹੀ ਸੀ। ਉਸ ਦੇ ਕਪੜਿਆਂ ਵਿਚੋਂ ਹਰ ਵੇਲੇ ਆਉਂਦਾ ਮੁਸ਼ਕ ਉਸ ਨੂੰ ਬਹੁਤ ਬੁਰਾ ਲਗਦਾ ਸੀ। ਕਾਲੇ ਹੋਏ ਕਪੜੇ ਚੀਜ਼ਾਂ ਨੂੰ ਵੀ ਕਾਲੇ ਕਰ ਦਿੰਦੇ ਸਨ। ਕਈ ਦਿਨ ਬਹਿਸ ਹੁੰਦੀ ਰਹੀ ਅਖੀਰ ਜਦ ਗੁਲਵੰਤ ਨੇ ਉਹਨਾਂ ਵਿਚ ਦਖਲ ਦੇ ਕੇ ਸੁਖਵੀਰ ਨੂੰ ਮਨਾ ਲਿਆ। ਗੈਰਜ ਲੈਣ 'ਤੇ ਗੁਲਵੰਤ ਬਹੁਤ ਖੁਸ਼ ਸੀ। ਇਸੇ ਖੁਸ਼ੀ ਨੂੰ

www.PunjabiLibrary.com

ਸਾਂਝੀ ਕਰਨ ਲਈ ਉਸ ਨੇ ਦੋਸਤਾਂ ਨੂੰ ਪਾਰਟੀ ਵੀ ਕੀਤੀ। ਉਸੇ ਦਿਨ ਹੀ ਉਸ ਦੀ ਡਿਊਟੀ ਸੁਰਜਨ ਸਿੰਘ ਨਾਲ ਜਨਰਲ ਸੌਰਟਿੰਗ ਉਪਰ ਪੈ ਗਈ। ਉਹ ਹੁੱਬ ਕੇ ਉਸ ਨੂੰ ਦੱਸਣ ਗਿਆ,

"ਡੈਡੀ, ਰਾਜੂ ਨੇ ਗੈਰਜ ਦਾ ਸੌਦਾ ਮਾਰਿਐ, ਬਹੁਤ ਟਿਕਾਣੇ ਦੀ ਜਗਾਹ ਐ।"

"ਵੀਰਾਂ ਦੀ ਤਾਂ ਕੋਈ ਸਲਾਹ ਨਹੀਂ ਲਈ ਓਹਨੇ।"

ਚਿੱਠੀਆਂ ਛਾਂਟਦਾ ਸੁਰਜਨ ਸਿੰਘ ਵਿਅੰਗ ਭਰੇ ਲਹਿਜ਼ੇ ਵਿਚ ਬੋਲਿਆ। ਗੁਲਵੰਤ ਨੂੰ ਖਿਝ ਚੜ ਗਈ, ਉਸ ਨੇ ਆਖਿਆ,

"ਡੈਡੀ, ਤੁਸੀਂ ਵੀ ਵਨ-ਸਾਈਡਡ ਸੋਚੀ ਜਾ ਰਹੇ ਓ, ਭਲਾ ਗੈਰਜ ਖੋਹਲਣ ਵਿਚ ਸੁਖਵੀਰ ਦੀ ਸਲਾਹ ਕਿਥੋਂ ਆਣ ਵੜੀ! ...ਉਹਨੂੰ ਗੈਰਜ ਦੀ ਕੀ ਸਮਝ ਐ! ...ਉਹਨੂੰ ਕੀ, ਤੁਹਾਨੂੰ-ਮੈਨੂੰ ਵੀ ਗੈਰਜ ਦਾ ਕੀ ਪਤਾ? ...ਕੁਝ ਵੀ ਨਹੀਂ। ...ਜਿਸ ਗੱਲ ਦੀ ਨੌਲਜ ਈ ਨਈਂ ਉਹਦੇ ਵਿਚ ਕੈਸੀ ਸਲਾਹ!"

ਆਪਣੀ ਗੱਲ ਕਰ ਗੁਲਵੰਤ ਗੁੱਸੇ ਦਾ ਭਰਿਆ ਤੁਰ ਗਿਆ। ਸੁਰਜਨ ਸਿੰਘ ਨੇ ਉਸ ਵਲ ਬਹੁਤ ਹੀ ਭੈੜੀ ਤੱਕਣੀ ਸੁਟੀ ਪਰ ਜਦ ਤਕ ਗੁਲਵੰਤ ਫਰੇਮ ਦੇ ਓਹਲੇ ਹੋ ਗਿਆ ਸੀ। ਸੁਰਜਨ ਸਿੰਘ ਨੂੰ ਪਤਾ ਸੀ ਕਿ ਸੁਖਵੀਰ ਗੈਰਜ ਲੈਣ ਦੇ ਹੱਕ ਵਿਚ ਹੀ ਨਹੀਂ ਸੀ ਪਰ ਗੁਲਵੰਤ ਸੋਚ ਰਿਹਾ ਸੀ ਕਿ ਸ਼ਾਇਦ ਸੁਰਜਨ ਸਿੰਘ ਦਾ ਮਤਲਬ ਹੈ ਕਿ ਗੈਰਜ ਦੀ ਸਮਰਥਾ ਬਾਰੇ ਸੁਖਵੀਰ ਦੀ ਸਲਾਹ ਨਹੀਂ ਲਈ। ਇਹ ਪਹਿਲੀ ਵਾਰ ਸੀ ਕਿ ਉਹਨਾਂ ਵਿਚ ਹਲਕੀ ਜਿਹੀ ਗਰਮੋ-ਗਰਮੀ ਹੋ ਗਈ ਸੀ। ਸੁਰਜਨ ਸਿੰਘ ਇਹ ਵੀ ਸੋਚਦਾ ਸੀ ਕਿ ਰਾਜੂ ਹੁਣ ਸਵੇਰ ਦਾ ਗਿਆ ਰਾਤ ਨੂੰ ਘਰ ਮੁੜੇਗਾ। ਸੁਖਵੀਰ ਇਕੱਲੀ ਘਰ ਬੈਠੀ ਰਹੇਗੀ।

ਕਾਰ-ਮਕੈਨਕੀ ਰਾਜੂ ਦਾ ਰਾਜੂ ਨੂੰ ਜਿਵੇਂ ਜਨੂੰਨ ਹੋਵੇ। ਉਸ ਨੇ ਗੈਰਜ ਖੋਹਲੀ ਤਾਂ ਇਕ ਦਮ ਹੀ ਚਲ ਪਈ। ਕਿਸੇ ਵੇਲੇ ਇਹ ਗੈਰਜ ਬਹੁਤ ਚਲਦੀ ਸੀ। ਫਿਰ ਕਿਸੇ ਗੱਲੋਂ ਬੰਦ ਹੋ ਗਈ। ਲੋਕਾਂ ਨੇ ਮੁੜ ਕੇ ਇਸ ਨੂੰ ਖੁਲ੍ਹਦਿਆਂ ਦੇਖ ਕੇ ਆਉਣਾ ਸ਼ੁਰੂ ਕਰ ਦਿਤਾ। ਪਹਿਲੇ ਹਫਤੇ ਹੀ ਇੰਨਾ ਕੰਮ ਆ ਗਿਆ ਕਿ ਰਾਜੂ ਤੋਂ ਇਕੱਲੇ ਤੋਂ ਸਾਂਭਿਆ ਨਹੀਂ ਸੀ ਜਾ ਰਿਹਾ। ਰਾਤ ਦੇ ਦਸ ਵਜੇ ਤਕ ਉਹ ਕੰਮ ਵਿਚ ਫਸਿਆ ਰਹਿੰਦਾ। ਉਸ ਨੇ ਛੇਤੀ ਇਕ ਮਹਿਮੂਦ ਨਾਂ ਦੇ ਪਕਿਸਤਾਨੀ ਨੂੰ ਕੰਮ ਤੇ ਰੱਖ ਲਿਆ। ਕੰਮ ਇੰਨਾ ਵਧ ਗਿਆ ਕਿ ਦੋ ਬੰਦਿਆਂ ਤੋਂ ਵੀ ਨਹੀਂ ਸੀ ਸਾਂਭ ਹੋ ਰਿਹਾ। ਉਸ ਨੇ ਜੈਰੀ ਨਾਂ ਦਾ ਇਕ ਹੋਰ ਮਕੈਨਿਕ ਵੀ ਰੱਖ ਲਿਆ। ਜੈਰੀ ਉਸ ਨਾਲ ਪਿਛਲੀ ਗੈਰਜ ਵਿਚ ਕੰਮ ਕਰਦਾ ਰਿਹਾ ਸੀ। ਇਹੀ ਨਹੀਂ ਉਸ ਨੇ ਨਾਲ ਦੀ ਗੈਰਜ ਵੀ ਖਰੀਦ ਲਈ। ਜੈਰੀ ਨੇ ਕੰਧਾਂ ਉਪਰ ਨੰਗੀਆਂ ਔਰਤਾਂ ਦੀਆਂ ਤਸਵੀਰਾਂ ਲਾ ਲਈਆਂ। ਮਹਿਮੂਦ ਤੇ ਜੈਰੀ ਕੰਮ ਕਰਦੇ ਮਜ਼ਾਕ ਵਿਚ ਇਕ ਦੂਜੇ ਨੂੰ ਗੰਦੀਆਂ ਗਾਲ਼ਾਂ ਕੱਢਣੇ ਫਿਰਦੇ ਰਹਿੰਦੇ। ਇਕ ਦਿਨ ਸੁਖਵੀਰ ਗੈਰਜ ਵਿਚ ਆ ਗਈ। ਉਹ ਰਾਜੂ ਦੀ ਉਡੀਕ ਕਰ ਕਰ ਕੇ ਅੱਕ ਗਈ ਸੀ। ਉਸ ਨੂੰ ਦੇਖਦਿਆਂ ਹੀ ਰਾਜੂ ਉਸ ਨੂੰ ਝਹੀ ਲੈ ਕੇ ਪਿਆ,

"ਤੂੰ ਏਥੇ ਕੀ ਕਰਨ ਆਈ ਐਂ? ...ਏਥੇ ਰੰਗ ਬਰੰਗੇ ਬੰਦੇ ਆਉਂਦੇ ਆ, ਕੋਈ ਕੀ ਕਹੂ!"

"ਪਰ ਤੂੰ ਘਰ ਕਦੋਂ ਆਉਣਾਂ?"

"ਰਾਤ ਨੂੰ ਮੈਂ ਘਰੇ ਈ ਆਉਣਾਂ।"

"ਰਾਜੂ, ਕਿਉਂ ਮੇਰੀ ਲਾਈਫ ਹੈੱਲ ਬਣਾਈ ਜਾਨੈਂ?"

"ਪਲੀਜ਼, ਘਰ ਜਾਹ, ਰਾਤ ਨੂੰ ਗੱਲ ਕਰਾਂਗੇ।"

ਸੁਖਵੀਰ ਪੈਰ ਪਟਕਦੀ ਮੁੜ ਗਈ। ਉਸ ਦੇ ਮਨ ਵਿਚ ਗੁੱਸੇ ਵੀ ਜਵਾਲਾ ਖੌਲ ਰਹੀ ਸੀ। ਰਾਜੂ ਤਾਂ ਪਹਿਲਾਂ ਹੀ ਉਸ ਨੂੰ ਅਣਗੌਲ ਜਿਹਾ ਰਿਹਾ ਸੀ ਤੇ ਹੁਣ ਉਸ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰਨ ਲਈ ਗੈਰਜ ਖੋਹਲ ਲਈ ਸੀ। ਰਾਤ ਨੂੰ ਰਾਜੂ ਘਰ ਆਇਆ ਤਾਂ ਉਸ ਨੇ ਦੇਖਿਆ ਕਿ ਸੁਖਵੀਰ ਦਾ ਮੂਡ ਬਹੁਤ ਖਰਾਬ ਹੈ। ਉਸ ਨੇ ਸਮਝਾਉਂਦੇ ਹੋਏ ਕਿਹਾ,

"ਇਹ ਜੋ ਗੈਰਜ ਐ ਇਥੇ ਰੰਗ ਬਰੰਗੇ ਲੋਕ ਔਂਦੇ ਆ, ਮੈਂ ਨਹੀਂ ਚਾਹੁੰਦਾ ਕਿ ਸਾਡੀ ਔਰਤ ਉਥੇ ਆਵੇ।"

"ਜਿਥੇ ਆਦਮੀ ਜਾ ਸਕਦਾ ਉਥੇ ਔਰਤ ਕਿਉਂ ਨਈਂ ਜਾ ਸਕਦੀ?"

"ਤੂੰ ਕਿਸੇ ਗੋਰੇ ਦੇ ਘਰ ਨਹੀਂ ਜੰਮੀ ਜਿਹੜੀ ਤੈਨੂੰ ਏਸ ਗੱਲ ਦੀ ਸਮਝ ਨਈਂ। ਜੇ ਨਹੀਂ ਸਮਝ ਤਾਂ ਫੋਨ ਕਰਕੇ ਆਪਣੀ ਮਾਂ ਨੂੰ ਪੁੱਛ ਲੈ ਕਿ ਜਿਥੇ ਆਦਮੀ ਹੋਣ ਉਥੇ ਔਰਤ ਨੂੰ ਕਿਉਂ ਨਈਂ ਜਾਣਾ ਚਾਹੀਦਾ।"

"ਰਾਜੂ, ਤੂੰ ਮੇਰੀ ਮੰਮੀ ਨੂੰ ਵਿਚ ਕਿਉਂ ਲਿਆਓਨੈ?"

ਆਖਦੀ ਸੁਖਵੀਰ ਰੋਣ ਲਗੀ। ਰਾਜੂ ਉਸ ਨੂੰ ਪਤਿਆਉਣ ਲਗਿਆ। ਉਸ ਨੂੰ ਪਤਾ ਸੀ ਕਿ ਸੁਰਿੰਦਰ ਹੁਣੇ ਉਠ ਕੇ ਆ ਜਾਵੇਗੀ, ਆਪਣੀ ਭੈਣ ਦਾ ਪੱਖ ਲੈਂਦੀ ਗੱਲ ਨੂੰ ਵਧਾ ਦੇਵੇਗੀ। ਫਿਰ ਗੁਲਵੰਤ ਕੋਲ ਉਹਦੀ ਪੇਸ਼ੀ ਹੋ ਜਾਵੇਗੀ ਤੇ ਮੁੜ ਉਹੋ ਸਿਖਿਆਦਾਰੀ ਸ਼ੁਰੂ ਹੋ ਜਾਵੇਗੀ। ਉਸ ਨੇ ਸੁਖਵੀਰ ਨੂੰ ਬਾਹਾਂ ਵਿਚ ਲੈਣਾ ਚਾਹਿਆ ਤਾਂ ਸੁਖਵੀਰ ਇਕ ਦਮ ਬੋਲੀ,

"ਮੇਰੇ ਤੋਂ ਪਰ੍ਹੇ ਰਹਿ, ਤੇਲ ਦਾ ਮੁਸ਼ਕ ਆਉਂਦੈ।"
"ਮੈਂ ਤਾਂ ਨਹਾ ਕੇ ਆਇਆਂ, ਕੰਮ ਵਾਲ਼ੇ ਕਪੜੇ ਕੰਮ 'ਤੇ ਛੱਡ ਆਇਆਂ, ਫੇਰ ਵੀ ਮੁਸ਼ਕ...।"
"ਹਾਂ, ਆ ਰਿਹੈ।"
"ਫੇਰ ਤਾਂ ਹੁਣ ਤੂੰ ਏਸ ਮੁਸ਼ਕ ਦੀ ਆਦਤ ਪਾ ਲੈ, ਇਹ ਤਾਂ ਸਾਰੀ ਉਮਰ ਈ ਆਉਣੈ, ਮੈਂ ਹੁਣ ਇਹੋ ਕੰਮ ਕਰਨੈਂ।"
"ਚੰਗੀ ਭਲੀ ਜੌਬ ਛੱਡ ਕੇ ਕੀ ਆਹ ਗੈਰਜ ਖੋਹਲ ਲਈ?"
"ਦੇਖ, ਏਹਦੇ ਵਿਚੋਂ ਚਾਰ ਪੈਸੇ ਜੋੜਾਂਗੇ, ਜੇ ਰੱਬ ਨੇ ਸਾਥ ਦਿਤਾ ਤਾਂ ਕਾਰਾਂ ਦਾ ਸ਼ੋਅ ਰੂਮ ਖੋਹਲਾਂਗੇ, ਆਪਣਾ ਅਲੱਗ ਘਰ ਲਵਾਗੇ।"
"ਮੈਂ ਨਈਂ ਲੈਣਾ ਅਲੱਗ ਘਰ।"
"ਫੇਰ ਤੂੰ ਕੀ ਚਾਹੁੰਨੀ ਆਂ?"
"ਮੈਂ ਚਾਹੁੰਨੀ ਆਂ ਕਿ ਤੂੰ ਚਾਲ਼ੀ ਘੰਟੇ ਕੰਮ ਕਰੇਂ ਤੇ ਬਾਕੀ ਟਾਈਮ ਅਸੀਂ ਇੱਕਠੇ ਗੁਜਾਰੀਏ।"
"ਉਧਰ ਦੇਖ, ਡੈਡੀ ਵੀ ਤੇ ਏਧਰ ਵੱਡਾ ਭਰਾ ਵੀ ਰੋਜ਼ ਚੌਦ੍ਹਾਂ ਚੌਦ੍ਹਾਂ ਘੰਟੇ ਕੰਮ ਕਰਦੇ ਆ, ਕੰਮ ਤਾਂ ਕਰਨਾ ਈ ਪੈਣਾਂ।"
"ਇਹਨਾਂ ਦੀ ਗੱਲ ਇਹਨਾਂ ਨਾਲ਼ ਤੇ ਮੇਰੀ ਮੇਰੇ ਨਾਲ਼।"
"ਚੱਲ ਸੌਂ ਜਾਹ, ਸਵੇਰੇ ਉਠਨੈਂ ਜਲਦੀ।"

ਆਖਦਾ ਰਾਜੂ ਸੌਣ ਦੀ ਕੋਸ਼ਿਸ਼ ਕਰਨ ਲਗਿਆ। ਅਜਿਹੀ ਬਹਿਸ ਰੋਜ਼ ਦਾ ਕੰਮ ਹੋ ਗਿਆ ਸੀ। ਕਦੇ ਰੁਸ ਜਾਂਦੇ ਕਦੇ ਮੰਨ ਜਾਂਦੇ। ਕਈ ਵਾਰ ਦੋਵੇਂ ਰਲ਼ ਕੇ ਕਸ਼ਮਕਸ਼ ਨੂੰ ਘਟਾਉਣ ਦੀ ਕੋਸ਼ਿਸ਼ ਵੀ ਕਰਦੇ। ਕਦੇ ਕਦੇ ਸੁਖਵੀਰ ਨੂੰ ਲਗਣ ਲਗਦਾ ਕਿ ਰਾਜੂ ਇਵੇਂ ਤੰਗ ਕਰ ਕਰ ਕੇ ਉਸ ਤੋਂ ਪਿੱਛਾ ਛੁਡਵਾਉਣਾ ਚਾਹੁੰਦਾ ਹੈ।

ਸੁਖਵੀਰ ਨੂੰ ਅਚਾਨਕ ਰਾਜੂ ਵਿਚ ਤਬਦੀਲੀ ਮਹਿਸੂਸ ਹੋਣ ਲਗੀ। ਉਹ ਕੰਮ ਤੋਂ ਮੁੜਦਾ ਹੀ ਘੂਕ ਸੌਂ ਜਾਦਾਂ। ਸੁਖਵੀਰ ਉਸ ਨੂੰ ਜਗਾਉਣ ਦੀ ਕੋਸ਼ਿਸ਼ ਕਰਦੀ ਤਾਂ ਝਿੜਕਾਂ ਲੈ ਕੇ ਪੈਂਦਾ। ਉਸ ਨੇ ਸੁਰਿੰਦਰ ਕੋਲ ਸ਼ਿਕਾਇਤ ਕੀਤੀ। ਸੁਰਿੰਦਰ ਗੁਲਵੰਤ ਨੂੰ ਕਹਿਣ ਲਗੀ,

"ਲਗਦੈ, ਰਾਜੂ ਕੋਲ਼ ਬਾਹਰ ਕੋਈ ਔਰਤ ਐ।"
"ਕਿਥੋਂ ਆ ਗਈ ਉਹਦੇ ਕੋਲ਼ ਔਰਤ? ...ਔਰਤ ਤਾਂ ਮੇਰੇ ਕੋਲ਼ ਨਾ ਆਈ, ਜਦੋਂ ਕਿ ਮੈਂ ਉਹਦੇ ਨਾਲੋਂ ਲੱਖ ਦਰਜੇ ਬਣਦਾਂ-ਤਣਦਾਂ। ...ਤੂੰ ਆਪ ਦਸ ਬਈ ਏਹਨੂੰ ਮੀਣੇ ਜਿਹੇ ਨੂੰ ਕਿਹੜੀ ਔਰਤ ਪਸੰਦ ਕਰ ਲਊ, ਵਿਆਹ ਹੋ ਗਿਆ ਥੋੜੈ!"

ਗੁਲਵੰਤ ਵਲੋਂ ਗੱਲ ਹਾਸੇ ਵਿਚ ਪਾਉਣ ਕਰਕੇ ਸੁਰਿੰਦਰ ਹੋਰ ਵੀ ਖਿਝ ਗਈ। ਉਹ ਬੋਲੀ,

"ਗੁੱਲ, ਬੀ ਸੀਰੀਅਸ! ...ਕਾਰਾਂ ਰਿਪੇਅਰ ਕਰਾਉਣ ਬਥੇਰੀਆਂ ਆਉਂਦੀਆਂ ਹੋਣਗੀਆਂ।"
"ਤੈਨੂੰ ਕਿਸੇ ਗੱਲ ਦਾ ਪਤੈ, ਕੋਈ ਔਰਤ ਦੇਖੀ ਐ ਉਹਦੀ ਗੈਰਜ ਵਿਚ ਜਾਂ ਅਟੇ-ਸਟੇ ਈ ਲਾਈ ਜਾਂਨੀ ਐਂ?"
"ਮੈਂ ਐਵੇਂ ਨਈਂ ਕਹਿੰਦੀ।"
"ਕੈਵੇਂ ਕਹਿੰਨੀ ਐਂ, ਦਸ ਜ਼ਰਾ!"
"ਵੀਰਾਂ ਨੂੰ ਉਹ ਕਦੇ ਤਾਂ ਹਫਤਾ ਹਫਤਾ ਨਈਂ ਬੁਲਾਉਂਦਾ ਤੇ ਕਦੇ ਸਾਰੀ ਸਾਰੀ ਰਾਤ...।"
"ਤੂੰ ਵੀ ਦੱਸ ਕਿੱਦਾਂ ਦੀਆਂ ਗੱਲਾਂ ਕਰਦੀ ਐਂ, ਉਹੋ ਜਿਹੀ ਮੂਰਖ ਸੁਖਵੀਰ ਐ ਜਿਹੜੀ ਤੈਨੂੰ ਪ੍ਰਾਈਵੇਟ ਦਸਦੀ ਐ ਤੇ ਤੂੰ ਅਗੇ ਮੈਨੂੰ...।"
"ਗੁੱਲ, ਤੂੰ ਮੈਨੂੰ ਅੰਡਰਸਟੈਂਡ ਕਿਉਂ ਨਈਂ ਕਰਦਾ? ਜੇ ਰਾਜੂ ਉਹਨੂੰ ਚੰਗੀ ਤਰ੍ਹਾਂ ਨਹੀਂ ਬੁਲਾਉਂਦਾ ਤਾਂ ਜ਼ਰੂਰ ਕਿਤੇ ਬਾਹਰ ਜਾਂਦਾ ਹੋਊ।"
"ਲਓ ਜੀ, ਪੱਟਿਆ ਪਹਾੜ ਤੇ ਨਿਕਲਿਆ ਚੂਹਾ! ਬਈ ਓ ਬੰਦਾ ਬੰਦਾ ਐ ਕੋਈ ਮਸ਼ੀਨ ਨਈਂ। ...ਜਿਹੜਾ ਬੰਦਾ ਹੁੰਦੈ ਇਹ ਥੱਕਦਾ ਵੀ ਐ, ਕਦੇ ਰੁਮਾਂਟਿਕ ਵੀ ਹੋ ਜਾਂਦੈ, ...ਜਿੱਦਾਂ ਹੁਣ ਮੈਂ ਹੋ ਰਿਹਾਂ।"

ਕਹਿੰਦਾ ਗੁੱਲ ਉਸ ਨੂੰ ਆਪਣੇ ਵਲ ਖਿਚਣ ਲਗਿਆ। ਸੁਰਿੰਦਰ ਇਕਦਮ ਪਰਾਂਹ ਹੋ ਗਈ ਤੇ ਬੋਲੀ,

"ਗੁੱਲ, ਲਾਈਟਲੀ ਨਾ ਲੈ, ਤੈਨੂੰ ਪਤਾ ਜੇ ਮੇਰੀ ਭੈਣ ਨਾ ਵਸੀ ਤਾਂ ਮੈਂ ਵੀ ਤੇਰੇ ਨਾਲ਼ ਨਈਂ ਰਹਿਣਾਂ।"

ਉਸ ਦੀ ਆਵਾਜ਼ ਇੰਨੀ ਉੱਚੀ ਸੀ ਕਿ ਸੁੱਤੀ ਪਈ ਅੰਮ੍ਰਿਤ ਵੀ ਜਾਗ ਪਈ। ਗੁਲਵੰਤ ਉਸ ਨੂੰ ਢਿੱਡ ਤੇ ਪਾ ਕੇ ਸੁਲਾਉਣ ਦੀ ਕੋਸ਼ਿਸ਼ ਕਰਨ ਲਗਿਆ। ਉਹ ਆਖਣ ਲਗਿਆ,

"ਤੂੰ ਆਏ ਦਿਨ ਇਹ ਧਮਕੀ ਦਿੰਨੀ ਆਂ, ਮੈਨੂੰ ਲਗਦਾ ਤੂੰ ਸੁਖਵੀਰ ਤੋਂ ਵੀ ਕਾਹਲ਼ੀ ਫਿਰਦੀ ਐਂ, ...ਚੋਰ ਨਾਲ਼ੋਂ ਪੰਡ ਕਾਹਲ਼ੀ!"

ਹਾਲਾਤ ਦਿਨੋ ਦਿਨ ਵਿਗੜਨ ਲਗੇ। ਲੜਦੇ ਰਾਜੂ ਤੇ ਸੁਖਵੀਰ ਪਰ ਸਾਰਾ ਅਸਰ ਗੁਲਵੰਤ ਤੇ ਸੁਰਿੰਦਰ 'ਤੇ ਪੈਂਦਾ। ਗੁਲਵੰਤ ਰਾਜੂ ਦਾ ਵਕੀਲ ਬਣ ਜਾਂਦਾ ਤੇ ਸੁਰਿੰਦਰ ਸੁਖਵੀਰ ਦੀ। ਕਈ ਵਾਰ ਗੁਲਵੰਤ ਨੂੰ ਲਗਦਾ ਕਿ ਸੁਰਿੰਦਰ ਜਾਣ ਬੁੱਝ ਕੇ ਉਸ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਸੁਰਿੰਦਰ ਨੂੰ ਕਹਿੰਦਾ,

''ਮਲਵੈਣੇ, ਮੈਨੂੰ ਡਰ ਐ ਕਿ ਆਪਾਂ ਇਕ ਦੂਜੇ ਤੋਂ ਦੂਰ ਜਾ ਰਹੇ ਆਂ।''

''ਗੁੱਲ, ਮੈਂ ਤੈਨੂੰ ਪੰਜਾਹ ਵਾਰੀ ਦੱਸ ਚੁੱਕੀ ਆਂ ਕਿ ਮੈਂ ਸੁਖਵੀਰ ਨਾਲ ਬੱਝੀ ਹੋਈ ਆਂ, ਤੂੰ ਰਾਜੂ ਨੂੰ ਸਮਝਾ ਜੇ ਸਮਝਾ ਸਕਦਾਂ।''

ਸੁਰਿੰਦਰ ਦ੍ਰਿੜ ਆਵਾਜ਼ ਵਿਚ ਕਹਿੰਦੀ। ਗੁਲਵੰਤ ਛਟਪਟਾ ਕੇ ਰਹਿ ਜਾਂਦਾ। ਉਸ ਨੂੰ ਲਗਦਾ ਕਿ ਰਾਜੂ ਦੇ ਖਿਲਾਫ ਵਿੱਢੀ ਜਾ ਰਹੀ ਲੜਾਈ ਵਿਚ ਸੁਰਿੰਦਰ ਮੋਹਰੀ ਬਣ ਰਹੀ ਹੈ।

ਕੰਮ ਉਪਰ ਵੀ ਸੁਰਜਨ ਸਿੰਘ ਨਾਲ ਉਸ ਦਾ ਵਖਰੇਵਾਂ ਤਾਂ ਪਹਿਲਾਂ ਹੀ ਸੀ। ਜਿਥੇ ਸੁਰਜਨ ਸਿੰਘ ਬੈਠਾ ਹੁੰਦਾ ਗੁਲਵੰਤ ਉਥੋਂ ਦੂਰ ਹੀ ਰਹਿੰਦਾ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਰਾਜੂ ਗੁਲਵੰਤ ਦਾ ਹਰ ਕਹਿਣਾ ਮੰਨਦਾ ਹੈ ਪਰ ਗੁਲਵੰਤ ਉਸ ਨੂੰ ਕੁਝ ਕਹਿਣਾ ਹੀ ਨਹੀਂ ਚਾਹੁੰਦਾ। ਉਹ ਵੀ ਸੁਖਵੀਰ ਨੂੰ ਇਵੇਂ ਤੰਗ ਕਰਨਾ ਚਾਹੁੰਦਾ ਹੈ ਕਿ ਉਹ ਚਲੇ ਜਾਵੇ। ਇਕ ਦਿਨ ਵਿਜੇ ਮਿਸਟਰ ਸ਼ਰਮਾ ਕੋਲ ਬੈਠਾ ਸੀ, ਗੁਲਵੰਤ ਵੀ ਉਥੇ ਹੀ ਚਲੇ ਗਿਆ। ਉਸ ਨੇ ਦੇਖਿਆ ਕਿ ਅਚਾਨਕ ਸੁਰਜਨ ਸਿੰਘ ਸਾਹਮਣਿਓਂ ਚਲਿਆ ਆ ਰਿਹਾ ਸੀ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਉਠ ਕੇ ਤਰੁ ਜਾਵੇ ਪਰ ਇਵੇਂ ਕਰਨਾ ਉਸ ਨੂੰ ਜਾਇਜ਼ ਨਾ ਲਗਿਆ। ਸਰਸਰੀ ਜਿਹੀਆਂ ਗੱਲਾਂ ਹੋਈਆਂ। ਮਿਸਟਰ ਸ਼ਰਮਾ ਉਠ ਕੇ ਚਲੇ ਗਿਆ। ਵਿਜੇ ਵੀ ਸਮਝ ਗਿਆ ਕਿ ਉਹ ਦੋਵੇਂ ਕੋਈ ਗੱਲ ਕਰਨੀ ਚਾਹ ਰਹੇ ਹਨ, ਉਹ ਵੀ ਪੈਰ ਜਿਹੇ ਮਲ਼ਦਾ ਤੁਰ ਪਿਆ। ਸੁਰਜਨ ਸਿੰਘ ਆਪਣੀ ਰੋਅਬਾਨਾ ਸੁਰ ਵਿਚ ਬੋਲਿਆ,

''ਗੁਲਵੰਤ, ਤੂੰ ਰਾਜੂ ਨੂੰ ਸਮਝਾ, ਨਹੀਂ ਤਾਂ ਨਤੀਜੇ ਬਹੁਤ ਬੁਰੇ ਨਿਕਲਣਗੇ।''

''ਡੈਡੀ, ਹਰ ਗੱਲ ਦੀ ਲਿਮਿਟ ਐ, ਮੈਂ ਦੋਨਾਂ ਨੂੰ ਈ ਲਿਮਿਟ ਵਿਚ ਸਮਝਾ ਸਕਦਾਂ। ਤੁਸੀਂ ਵੀ ਸੁਖਵੀਰ ਨੂੰ ਸਮਝਾਓ, ਰਾਜੂ ਦੀਆਂ ਵੀ ਕੁਝ ਗੱਲਾਂ ਵਿਚ ਦਮ ਹੈਗਾ, ਹੁਣ ਗੈਰਜ ਖਰੀਦਣ ਵਾਲ਼ੀ ਗੱਲ ਕਿਧਰੋਂ ਗੱਲਤ ਐ।''

''ਗੈਰਜ ਤਾਂ ਬਹਾਨਾ ਐਂ, ਉਹ ਤਾਂ ਹੁਣ ਸੁਖਵੀਰ ਨੂੰ ਬਿਲਕੁਲ ਈ ਇਗਨੋਅਰ ਕਰਨ ਲਗ ਪਿਐ ਜਿੱਦਾਂ ਵਾਈਫ ਹੁੰਦੀ ਈ ਨਈਂ।''

''ਡੈਡੀ, ਮੈਂ ਵੀ ਉਸੇ ਘਰ ਵਿਚ ਰਹਿੰਨਾਂ, ਉਹਨਾਂ ਨੂੰ ਦੇਖਦਾ ਵੀ ਰਹਿੰਨਾਂ, ਮੈਨੂੰ ਨਈਂ ਲਗਦਾ ਕਿ ਰਾਜੂ ਉਹਨੂੰ ਇਗਨੋਅਰ ਕਰਦੈ, ਅਸਲ ਵਿਚ ਮਹੌਲ ਹੀ ਗੁਸੈਲ਼ਾ ਹੋਇਆ ਪਿਐ, ਕਿਸੇ ਦੀ ਨਿਕੀ ਜਿਹੀ ਗੱਲ ਵੀ ਵੱਡੀ ਲਗਦੀ ਐ।''

''ਮਹੌਲ ਕਿਹਨੇ ਗੁਸੈਲ਼ਾ ਕੀਤਾ; ਰਾਜੂ ਨੇ। ਤੈਨੂੰ ਸਭ ਪਤੈ, ਜੇ ਉਹ ਨਾ ਸੁਧਰਿਆ ਤਾਂ ਚੇਤੇ ਰੱਖ ਤੂੰ ਵੀ ਘਰੋਂ ਬੇਘਰ ਹੋ ਜਾਏਂਗਾ, ਆਪਣੀ ਧੀ ਨੂੰ ਮਿਲਣ ਨੂੰ ਵੀ ਤਰਸੇਂਗਾ।''

ਸੁਰਜਨ ਸਿੰਘ ਗੱਲ ਕਰ ਕੇ ਲਗਾਤਾਰ ਗੁਲਵੰਤ ਵਲ ਦੇਖਣ ਲਗਿਆ। ਧੀ ਦੇ ਨਾਂ 'ਤੇ ਗੁਲਵੰਤ ਦੇ ਸੀਨੇ ਵਿਚ ਇਕ ਹੂਕ ਜਿਹੀ ਉਠੀ ਪਰ ਉਹ ਠਰ੍ਹੰਮੇ ਨਾਲ ਬੋਲਿਆ,

''ਡੈਡੀ, ਆਪਾਂ ਦੋਨੋਂ ਹੀ ਰੱਬ ਨੂੰ ਨਈਂ ਮੰਨਦੇ ਪਰ ਤੁਸੀਂ ਰੱਬ ਹੋਣ ਦਾ ਭਰਮ ਜ਼ਰੂਰ ਪਾਲ਼ੀ ਫਿਰਦੇ ਓ।''

ਗੱਲ ਕਹਿ ਕੇ ਗੁਲਵੰਤ ਉਠ ਕੇ ਚਲੇ ਗਿਆ। ਸੁਰਜਨ ਸਿੰਘ ਗੁੱਸੇ ਵਿਚ ਭਰਿਆ ਉਸ ਦੀ ਪਿੱਠ ਵਲ ਦੇਖਦਾ ਰਿਹਾ। ਇਕ ਵਾਰ ਤਾਂ ਉਸ ਦਾ ਦਿਲ ਕੀਤਾ ਕਿ ਉਠ ਕੇ ਗੁਲਵੰਤ ਨੂੰ ਢਾਹ ਲਵੇ ਤੇ ਹੱਡੀ-ਪਸਲੀ ਇਕ ਕਰ ਦੇਵੇ। ਅਜ ਉਸ ਨੂੰ ਪਹਿਲੀ ਵਾਰ ਕਿਸੇ ਨੇ ਅਜਿਹੀ ਸਖਤ ਗੱਲ ਕਹੀ ਸੀ। ਉਸ ਨੇ ਕੰਮ ਉਪਰ ਬਾਕੀ ਦਾ ਸਮਾਂ ਬਹੁਤ ਮੁਸ਼ਕਲ ਨਾ ਕੱਢਿਆ। ਘਰ ਆ ਕੇ ਇਹ ਗੱਲ ਪਰਕਾਸ਼ ਕੋਰ ਨਾਲ ਕੀਤੀ। ਘਰਵਾਲੀ ਵਾਲੀ ਥੋੜੇ ਕੀਤੇ ਉਹ ਅਜਿਹੀਆਂ ਗੱਲਾਂ ਕਰਿਆ ਨਹੀਂ ਸੀ ਕਰਦਾ। ਪਰਕਾਸ਼ ਕੋਰ ਨੇ ਅਗੇ ਇਹ ਗੱਲ ਗੁਰਜੰਟ ਨੂੰ ਦਸ ਦਿਤੀ। ਇਹਨਾਂ ਦਿਨਾਂ ਵਿਚ ਗੁਰਜੰਟ ਆਪਣੇ ਭਰਾ ਲਈ ਰਣਜੀਤ ਤੋਂ ਰਾਹਦਾਰੀ ਪੁਆਉਣ ਦੇ ਚੱਕਰ ਵਿਚ ਸੀ ਪਰ ਰਣਜੀਤ ਪੜ੍ਹ ਰਹੀ ਹੋਣ ਕਰਕੇ ਤਿਆਰ ਨਹੀਂ ਸੀ। ਗੁਰਜੰਟ ਜ਼ਿਆਦਾ ਹੀ ਹੇਜ ਦਿਖਾਉਂਦਾ ਬੋਲਿਆ,

''ਡੈਡੀ, ਕਹੋਂ ਤਾਂ ਮੈਂ ਰਾਜੂ ਦੇ ਚਾਰ ਲਾ ਦਿੰਨਾਂ ਜਾਂ ਫੇਰ ਗੁਲਵੰਤ ਦੀ ਪਰੋਫੈਸਰੀ ਕੱਢ ਮਾਰਦਾਂ, ਇਹ ਸਾਲ਼ੇ ਚੀਜ਼ਾਂ ਈ ਕੀ ਨੇ!''

ਸੁਰਜਨ ਸਿੰਘ ਨੂੰ ਇਹੋ ਬਹੁਤ ਲਗਿਆ ਕਿ ਗੁਰਜੰਟ ਉਸ ਨਾਲ ਖੜ੍ਹ ਰਿਹਾ ਹੈ। ਉਹ ਗੁਲਵੰਤ ਨਾਲ ਲੜ੍ਹਾਈ ਨਹੀਂ ਸੀ ਲੈਣੀ ਚਾਹੁੰਦਾ। ਉਸ ਦੀਆਂ ਬਾਹਾਂ ਲੰਮੀਆਂ ਸਨ। ਉਹ ਦੋ ਭਰਾ ਸਨ ਤੇ ਨਾਲ ਸਰੂਪ ਵੀ। ਫਿਰ ਕੰਮ ਉਪਰਲੇ ਗੁਲਵੰਤ ਦੇ ਦੋਸਤਾਂ ਨੂੰ ਵੀ ਸੁਰਜਨ ਸਿੰਘ ਜਾਣਦਾ ਸੀ ਕਿ ਕਿਵੇਂ ਉਸ ਦਾ ਸਾਥ ਦਿੰਦੇ ਹਨ। ਲੜ੍ਹਾਈ ਦਾ ਕੋਈ ਨਤੀਜਾ ਵੀ ਨਹੀਂ ਸੀ ਨਿਕਲਣਾ। ਉਹ ਤਾਂ ਹੁਣ ਇਥੋਂ ਤਕ ਸੋਚਣ ਲਗਿਆ ਕਿ ਕੁੜੀਆਂ ਨੂੰ ਵਾਪਸ ਘਰ ਸੱਦ ਲਿਆ ਜਾਵੇ, ਜੇ ਉਹ ਮੁੜ ਕੇ ਮਿੰਨਤ-ਤਰਲਾ ਕਰਨ ਤਾਂ ਕੁੜੀਆਂ ਭੇਜੀਆਂ ਜਾਣ ਨਹੀਂ ਤਾਂ ਗੁਲਵੰਤ ਵਾਲਾ ਘਰ ਵਿਕਵਾ ਦਿਤਾ ਜਾਵੇ ਤੇ ਦੋਨਾਂ ਲਈ ਇਧਰ ਹੋਰ ਘਰ ਖਰੀਦ ਲਿਆ ਜਾਵੇ।

ਇਸ ਗੱਲ ਦਾ ਦਿਲਬਾਗ ਨੂੰ ਵੀ ਪਤਾ ਚਲ ਗਿਆ। ਗੱਲ ਵਿਗੜਦੀ ਵਿਗੜਦੀ ਉਸ ਤਕ ਇਵੇਂ ਪੁੱਜੀ ਕਿ ਗੁਲਵੰਤ ਨੇ ਕੰਮ ਉਪਰ ਸੁਰਜਨ ਸਿੰਘ ਨੂੰ ਗਾਲ਼ਾਂ ਕੱਢੀਆਂ ਹਨ। ਭਾਵੇਂ ਕੁਝ ਵੀ ਹੋਵੇ ਉਸ ਨੂੰ ਇਹ ਗੱਲ ਬਹੁਤ ਬੁਰੀ ਲਗੀ। ਸੁਰਜਨ ਸਿੰਘ

www.PunjabiLibrary.com

ਫਿਰ ਵੀ ਉਹਨਾਂ ਦੇ ਪਿਓ ਦੀ ਥਾਂ ਸੀ। ਉਹ ਸਿੱਧਾ ਸਰੂਪ ਨੂੰ ਮਿਲਣ ਚਲੇ ਗਿਆ। ਗੁਲਵੰਤ ਹੁਣ ਹਰ ਗੱਲ ਦੀ ਖਬਰ ਸਰੂਪ ਨੂੰ ਦਿੰਦਾ ਰਹਿੰਦਾ ਸੀ। ਜਦੋਂ ਦਾ ਰਾਜੂ ਪੱਕਾ ਹੋ ਗਿਆ ਸੀ ਸਰੂਪ ਨੇ ਫਿਕਰ ਕਰਨਾ ਛੱਡ ਦਿਤਾ ਹੋਇਆ ਸੀ ਪਰ ਫਿਰ ਵੀ ਉਸ ਦਾ ਧਿਆਨ ਉਹਨਾਂ ਵਲ ਹੀ ਰਹਿੰਦਾ। ਸਰੂਪ ਕਹਿਣ ਲਗਿਆ,

"ਨਗਮਿਆਂ, ਕੋਈ ਸੀਰੀਅਸ ਗੱਲ ਨਹੀਂ ਹੋਈ, ਗੁੱਲ ਮੈਨੂੰ ਉਸੇ ਦਿਨ ਈ ਦੱਸ ਗਿਆ ਸੀ, ਸਾਧਾਰਣ ਗੱਲ ਹੋਈ ਪਰ ਤੁਹਾਡੇ ਬੁੜ੍ਹੇ ਦਾ ਇਹ ਕਹਿ ਦੇਣਾ ਕਿ ਘਰ ਵਿਕਵਾ ਦੇਊਂ, ਜੇਹ ਕਰ ਦਊਂ, ਵੋਹ ਕਰ ਦੇਊਂ; ਕੋਈ ਅਕਲ ਦੀ ਗੱਲ ਨਹੀਂ!"

"ਨਗਮਿਆਂ, ਯਾਰ ਜੋ ਵੀ ਐ ਇਹਨਾਂ ਦੀ ਸੁਲਾਹ ਕਰਾ, ਇਹ ਸਾਲ਼ੀ ਚੂੰ ਚੂੰ ਮੈਨੂੰ ਚੰਗੀ ਨਈਂ ਲਗਦੀ, ਮੈਂ ਕਹਿੰਨਾਂ; ਕਿਸੇ ਤਰ੍ਹਾਂ ਗਲਾਸ ਪੀਂਦੇ ਰਹਿ ਜਾਈਏ।"

ਸਰੂਪ ਨੂੰ ਆਪਣਾ ਆਪ ਵੱਡਾ ਵੱਡਾ ਲਗਣ ਲਗਿਆ। ਦਿਲਬਾਗ ਵਾਂਗ ਥੋੜੀ ਫੂਕ ਦੀ ਉਸ ਦੀ ਵੀ ਆਦਤ ਹੈ ਹੀ ਸੀ। ਉਸ ਨੇ ਸਮਝੌਤਾ ਕਰਾਉਣ ਦੇ ਮਕਸਦ ਨਾਲ ਸਭ ਨੂੰ ਆਪਣੇ ਘਰ ਬੁਲਾ ਲਿਆ। ਇਧਰੋਂ ਗੁਲਵੰਤ ਤੇ ਰਾਜੂ ਆਪਣੀਆਂ ਪਤਨੀਆਂ ਨਾਲ ਆ ਗਏ। ਦੂਜੇ ਪਾਸਿਓਂ ਸੁਰਜਨ ਸਿੰਘ ਤੇ ਪਰਕਾਸ਼ ਕੋਰ। ਉਹੋ ਇਲਜ਼ਾਮਬਾਜ਼ੀ, ਦੂਸ਼ਣਬਾਜ਼ੀ ਸ਼ੁਰੂ ਹੋ ਗਈ। ਉਹੋ ਮੁੜ ਪੁਰਾਣੀਆਂ ਗੱਲਾਂ ਜਿਹੜੀਆਂ ਨਿੱਤ ਹੁੰਦੀਆਂ ਆਈਆਂ ਸਨ। ਗੱਲ ਨਿਬੇੜਦਿਆਂ ਸੁਰਜਨ ਸਿੰਘ ਨੇ ਆਖਿਆ,

"ਸਰੂਪ, ਮੈਂ ਤਾਂ ਤੇਰੀ ਜ਼ਿੰਮੇਵਾਰੀ 'ਤੇ ਕੁੜੀਆਂ ਭੇਜੀਆਂ ਸੀ, ...ਮੈਨੂੰ ਤਾਂ ਪਹਿਲਾਂ ਈ ਪਤਾ ਸੀ ਕਿ ਮੁੰਡਾ ਪੱਕਾ ਕਰਾ ਕੇ ਤੁਸੀਂ ਇਹੋ ਕੁਝ ਕਰਨੈਂ। ...ਅਸੀਂ ਸ਼ਰਾਫਤ ਦੇ ਮਾਰੇ ਤੁਹਾਡੀਆਂ ਗੱਲਾਂ ਵਿਚ ਆ ਗਏ!"

ਸੁਰਜਨ ਸਿੰਘ ਨੇ ਚਲਾਕੀ ਨਾਲ ਸਾਰੀ ਗੱਲ ਸਰੂਪ ਉਪਰ ਸੁੱਟ ਦਿਤੀ। ਸਰੂਪ ਗੁੱਸੇ ਵਿਚ ਆਇਆ ਰਾਜੂ ਉਪਰ ਵਰ੍ਹਨ ਲਗਿਆ,

"ਇਹ ਗੱਲ ਮਾਸੜ ਜੀ ਦੀ ਸੋਲ੍ਹਾਂ ਆਨੇ ਠੀਕ ਐ, ਜਦੋਂ ਰਾਜੂ ਤੂੰ ਮੁੜਦਾ ਸੀ ਤਾਂ ਚੀਕਦਾ ਸੀ ਬਈ ਕਿਸੇ ਤਰ੍ਹਾਂ ਰੱਖੋ। ...ਜੇ ਮੁੜ ਜਾਂਦਾ ਤਾਂ ਹੁਣ ਨੂੰ ਝੋਨੇ ਨੂੰ ਪਾਣੀ ਲਾਉਂਦਾ ਹੁੰਦਾ! ...ਏਨਾ ਚਿਰ ਚੰਗਾ ਭਲਾ ਰਹਿ ਕੇ ਤੈਨੂੰ ਕੀ ਬਿਮਾਰੀ ਪੈ ਗਈ?"

"ਭਾਜੀ, ਬਿਮਾਰੀ ਸਾਰੀ ਮੇਰੀ ਗੈਰਜ ਐ, ਜਿੱਦਣ ਦੀ ਮੈਂ ਲਈ ਐ ਓਦਣ ਦਾ ਈ ਪੰਗਾ ਪਿਆ ਹੋਇਐ। ...ਪਹਿਲਾਂ ਤਾਂ ਏਹਨੂੰ ਮੇਰੇ ਤੋਂ ਤੇਲ ਦਾ ਮੁਸ਼ਕ ਆਉਂਦਾ ਸੀ ਤੇ ਫੇਰ ਕਿਸੇ ਔਰਤ ਦਾ ਵੀ ਆਉਣ ਲਗ ਪਿਆ, ...ਹੁਣ ਤੁਸੀਂ ਦੱਸੋ ਕਿ ਗੈਰਜ ਚਾਰ ਪੈਸੇ ਛੱਡ ਰਹੀ ਐ, ਇਹਦੇ ਵਿਚ ਕੀ ਬੁਰਾਈ ਐ! ਗੈਰਜ ਕਿਸੇ ਨੂੰ ਕੀ ਦੰਦੀਆਂ ਵੱਢਦੀ ਐ, ਪੈਸੇ ਹੋਣਗੇ ਤਾਂ ਅਸੀਂ ਘਰ ਵੀ ਲੈ ਸਕਦੇ ਆਂ।"

"ਮੈਂ ਨਈਂ ਲੈਣਾ ਘਰ-ਘੁਰ।"

ਸੁਖਵੀਰ ਕਾਹਲੀ ਨਾਲ ਬੋਲੀ। ਕੋਲ ਬੈਠੀ ਪਰਕਾਸ਼ ਕੋਰ ਨੇ ਕਿਹਾ,

"ਓਨਾ ਚਿਰ ਘਰ ਨਈਂ ਲੈਣਾਂ ਜਿੰਨਾ ਚਿਰ ਸਾਨੂੰ ਯਕੀਨ ਨਹੀਂ ਹੁੰਦਾ ਕਿ ਇਹ ਸਾਡੀ ਕੁੜੀ ਨੂੰ ਠੀਕ ਵੀ ਰੱਖੂ।"

ਗੁਲਵੰਤ ਚੁੱਪ ਬੈਠਾ ਦੇਖਦਾ ਜਾ ਰਿਹਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਕੁਝ ਬੋਲੇ। ਉਸ ਨੇ ਸਾਰੀ ਗੱਲ ਸਰੂਪ 'ਤੇ ਛੱਡ ਦਿਤੀ ਹੋਈ ਸੀ। ਉਸ ਦੇ ਮਨ ਵਿਚ ਇਹ ਜ਼ਰੂਰ ਸੀ ਕਿ ਜੇ ਸੁਰਜਨ ਸਿੰਘ ਦੀ ਕਿਸੇ ਗੱਲ ਦਾ ਜਵਾਬ ਦੇਣਾ ਹੋਇਆ ਤਾਂ ਦੇਵੇਗਾ। ਹੁਣ ਸਾਰੇ ਰਾਜੂ ਵਲ ਦੇਖ ਰਹੇ ਸਨ ਕਿ ਕੀ ਕਹਿੰਦਾ ਹੈ। ਉਹ ਬੋਲਿਆ,

"ਭਾਜੀ, ਸਿਰਫ ਗੈਰਜ ਈ ਸਾਡੀ ਮੈਰਿਡ ਲਾਈਫ ਲਈ ਖਤਰਾ ਬਣੀ ਹੋਈ ਐ, ਪਤਾ ਨਈਂ ਇਹਨਾਂ ਸਭ ਨੂੰ ਮੇਰੀ ਗੈਰਜ ਨਾਲ ਕਾਹਦੀ ਈਰਖਾ ਐ!"

"ਈਰਖਾ ਕੋਈ ਨਈਂ, ਗੈਰਜ ਨੇ ਤੁਹਾਡੀ ਲਾਈਫ ਨੂੰ ਨੌਰਮਲ ਨਈਂ ਰਹਿਣ ਦਿਤਾ ਹੋਇਆ, ਜੇ ਤੂੰ ਏਨਾ ਸੋਚਦਾਂ ਕਿ ਤੁਹਾਡੀ ਮੈਰਿਡ ਲਾਈ ਬਚ ਜਾਵੇ ਤਾਂ ਗੈਰਜ ਵੇਚ ਦੇ।"

ਸੁਰਜਨ ਸਿੰਘ ਨੂੰ ਜਿਵੇਂ ਨੁਕਤਾ ਮਿਲ ਗਿਆ ਹੋਵੇ। ਸਰੂਪ ਨੂੰ ਇਹ ਜ਼ਿੱਦ ਚੰਗੀ ਨਾ ਲਗੀ ਤੇ ਉਹ ਬੋਲਿਆ,

"ਮਾਸੜ ਜੀ, ਦੇਖੋ, ਤੁਸੀਂ ਵੀ ਤੇ ਮੈਂ ਵੀ, ਹੋਰ ਸਾਰੇ ਵੀ ਇਥੇ ਕੰਮ ਕਰਨ ਆਏ ਆਂ। ਲੋਕ ਤਾਂ ਟੁਆਇਲਟਾਂ ਸਾਫ ਕਰਨ ਤਕ ਜਾਂਦੇ ਆ, ਗੈਰਜ ਖੋਹਲਣੀ ਕੋਈ ਮਾੜੀ ਗੱਲ ਤਾਂ ਨਹੀਂ!"

ਸੁਰਜਨ ਸਿੰਘ ਨੇ ਹੱਥ ਉਪਰ ਲਕੀਰ ਵਾਹੁੰਦਿਆਂ ਕਿਹਾ,

"ਏਹਨੂੰ ਕਹਿ ਦਿਤਾ ਕਿ ਗੈਰਜ ਵੇਚ ਕੇ ਕੋਈ ਹੋਰ ਕੰਮ ਕਰੇ, ਬੱਸ!"

"ਮਾਸੜ ਜੀ, ਏਨੀ ਜ਼ਿੱਦ ਵੀ ਠੀਕ ਨਈਂ, ਆਪਾਂ ਕਿਸੇ ਨੂੰ ਏਥੋਂ ਤਕ ਵੀ ਡਿਕਟੇਟ ਨਹੀਂ ਕਰ ਸਕਦੇ।"

"ਬੱਲੇ ਓਏ ਸਰੂਪ ਸਿਆਂ, ਰਲ਼ ਗਿਆਂ ਭਰਾਵਾਂ ਨਾਲ਼! ਓਦਣ ਤਾਂ ਬੜੀ ਹਿੱਕ ਥਾਪੜ ਕੇ ਕਹਿੰਦਾ ਸੀ ਕਿ ਮੈਂ ਕੁੜੀ ਵਸਾ ਕੇ ਦਿਖਾਊਂ!"

ਸੁਰਜਨ ਸਿੰਘ ਦੇ ਬੋਲ ਸਰੂਪ ਦੀ ਅਣਖ ਨੂੰ ਵੰਗਾਰ ਗਏ। ਉਸ ਨੇ ਰਾਜੂ ਦੇ ਮੋਢੇ 'ਤੇ ਹੱਥ ਰਖਿਆ ਤੇ ਬੋਲਿਆ,

"ਦੇਖ ਰਾਜੂ, ਮੈਂ ਤੇਰਾ ਵੱਡਾ ਭਰਾ, ਤੈਨੂੰ ਹੁਕਮ ਦਿੰਨਾ ਕਿ ਗੈਰਜ ਵੇਚ ਦੇਹ, ...ਜੇ ਮਾਸੜ ਜੀ ਇਸੇ ਗੱਲ ਨੂੰ ਸਹੀ ਮੰਨਦੇ ਤਾਂ ਏਦਾਂ ਈ ਸਹੀ। ਗੈਰਜ ਕੱਲ ਈ ਸੇਲ 'ਤੇ ਲਾ ਦੇਹ, ਜੇ ਏਦਾਂ ਨਹੀਂ ਕਰਨਾ, ਮੇਰਾ ਕਹਿਣਾ ਨਈਂ ਮੰਨਣਾਂ ਤਾਂ ਸਮਝ ਲੈ; ਮੈਂ ਤੇਰੇ ਲਈ ਮਰ ਗਿਆ!"

ਰਾਜੂ ਨੇ ਉਠ ਕੇ ਸਰੂਪ ਨੂੰ ਜੱਫੀ ਵਿਚ ਲੈ ਲਿਆ ਤੇ ਅੱਖਾਂ ਭਰ ਕੇ ਕਿਹਾ,

"ਜਿੱਦਾਂ ਤੁਸੀਂ ਕਹੋਂਗੇ ਭਾਜੀ।"

ਸਾਰੇ ਹੀ ਖੁਸ਼ ਹੋ ਗਏ। ਸਭ ਤੋਂ ਵੱਧ ਖੁਸ਼ੀ ਸਰੂਪ ਨੂੰ ਸੀ ਜਿਸ ਦੀ ਰਾਜੂ ਨੇ ਰੱਖ ਦਿਖਾਈ ਸੀ। ਗੁਲਵੰਤ ਸੁਰਜਨ ਸਿੰਘ ਦੀ ਅੜ੍ਹਬਾਈ ਉਪਰ ਹੈਰਾਨ ਹੋਈ ਜਾ ਰਿਹਾ ਸੀ ਜਿਵੇਂ ਗੈਰਜ ਵੇਚਣੀ ਹੀ ਉਸ ਦੀ ਜ਼ਿੰਦਗੀ ਦਾ ਮਕਸਦ ਰਹਿ ਗਿਆ ਹੋਵੇ।

ਰਾਜੂ ਨੇ ਅਗਲੇ ਦਿਨ ਹੀ ਗੈਰਜ ਵੇਚਣ ਦੀਆਂ ਗੱਲਾਂ ਸ਼ੁਰੂ ਕਰ ਦਿਤੀਆਂ। ਉਸ ਨਾਲ ਕੰਮ ਕਰਦੇ ਪਾਕਿਸਤਾਨੀ ਮਹਿਮੂਦ ਨੇ ਹੀ ਗੈਰਜ ਖਰੀਦ ਲਈ। ਗੈਰਜ ਟਿਕਾਣੇ ਦੀ ਸੀ, ਸੰਦ ਵੀ ਸਾਰੇ ਬਣੇ ਹੋਏ ਸਨ। ਮਹਿਮੂਦ ਨੂੰ ਪਤਾ ਵੀ ਸੀ ਕਿ ਕਿੰਨੀ ਕੁ ਆਮਦਨ ਕਰ ਰਹੀ ਹੈ। ਉਸ ਨੇ ਸਹੀ ਜਿਹੀ ਪਗੜੀ ਤੇ ਸੰਦਾਂ ਦੇ ਪੈਸੇ ਦੇ ਕੇ ਗੈਰਜ ਆਪਣੇ ਨਾਂ ਕਰਾ ਲਈ।

ਗੈਰਜ ਵੇਚ ਕੇ ਰਾਜੂ ਇਕ ਦਮ ਵਿਹਲਾ ਹੋ ਗਿਆ। ਕੁਝ ਦਿਨ ਵਿਹਲੇ ਰਹਿਣਾ ਔਖਾ ਲਗਿਆ ਪਰ ਫਿਰ ਆਦਤ ਪੈ ਗਈ। ਉਹ ਸਾਰਾ ਦਿਨ ਬੈਠਾ ਫਿਲਮਾਂ ਦੇਖਦਾ ਰਹਿੰਦਾ। ਘਰ ਦੀ ਸ਼ੌਪਿੰਗ ਕਰਾ ਦਿੰਦਾ। ਸ਼ਾਮ ਨੂੰ ਪੱਬ ਵਲ ਜਾ ਨਿਕਲਦਾ ਜਾਂ ਸਰੂਪ ਨੂੰ ਮਿਲਣ ਚਲੇ ਜਾਂਦਾ। ਸਰੂਪ ਹੁਣ ਉਹਦਾ ਬਹੁਤਾ ਹੀ ਪਿਆਰ ਕਰਨ ਲਗਿਆ ਸੀ। ਘਰ ਹੁੰਦਾ ਤਾਂ ਦੁਪਿਹਰ ਦੀ ਰੋਟੀ ਉਹ ਗੁਲਵੰਤ ਨਾਲ ਬੈਠ ਕੇ ਖਾ ਲੈਂਦਾ, ਅੰਮ੍ਰਿਤ ਨਾਲ ਖੇਡ ਲੈਂਦਾ। ਸੁਰਿੰਦਰ ਨਾਲ ਹੁਣ ਉਸ ਦੀ ਕੋਈ ਬੋਲਚਾਲ ਨਹੀਂ ਸੀ। ਕਦੇ ਚਾਹ ਪੀਣ ਦਾ ਮਨ ਹੁੰਦਾ, ਸੁਖਵੀਰ ਘਰ ਨਾ ਹੁੰਦੀ ਤਾਂ ਆਪ ਬਣਾ ਲੈਂਦਾ। ਕਈ ਵਾਰ ਉਹ ਸੁਖਵੀਰ ਨੂੰ ਘੁਮਾ ਵੀ ਲਿਆਉਂਦਾ। ਸੁਖਵੀਰ ਪੂਰੀ ਤਰ੍ਹਾਂ ਖੁਸ਼ ਹਾਲੇ ਵੀ ਨਹੀਂ ਸੀ ਪਰ ਕੋਈ ਸ਼ਿਕਾਇਤ ਵੀ ਨਹੀਂ ਸੀ ਲਗਾ ਰਹੀ।

ਗੁਲਵੰਤ ਇਸ ਸਾਰੀ ਘਟਨਾ ਤੋਂ ਬਹੁਤ ਦੁਖੀ ਸੀ। ਗੈਰਜ ਤੋਂ ਉਸ ਨੂੰ ਬਹੁਤ ਆਸਾਂ ਸਨ ਕਿ ਇਕ ਦਿਨ ਕੋਈ ਵੱਡਾ ਕਾਰੋਬਾਰ ਵੀ ਕੀਤਾ ਜਾ ਸਕਦਾ ਹੈ। ਜਿਵੇਂ ਕਈ ਵਾਰ ਰਾਜੂ ਕਾਰਾਂ ਦਾ ਸ਼ੋਅ ਰੂਮ ਖੋਹਲਣ ਦੀਆਂ ਗੱਲਾਂ ਕਰਿਆ ਕਰਦਾ, ਉਹ ਵੀ ਸ਼ੋਅ ਰੂਮ ਦੇ ਸੁਫਨੇ ਲੈਣ ਲਗਦਾ। ਕਈ ਵਾਰ ਉਹ ਸਰੂਪ ਕੋਲ ਚਲੇ ਜਾਂਦਾ। ਸਰੂਪ ਕਹਿਣ ਲਗਦਾ,

"ਯਾਰ, ਰਾਜੂ ਨਾਲ ਜ਼ਿਆਦਤੀ ਹੋ ਗਈ, ਅਸੀਂ ਉਹਨੂੰ ਜ਼ਿਆਦਾ ਹੀ ਦਬਾ ਲਿਆ ਪਰ ਇਕ ਗੱਲ ਚੰਗੀ ਹੋਈ, ਘਰ ਵਸ ਗਿਆ।"

"ਪਰ ਇਹਨਾਂ ਨੇ ਗੈਰਜ ਵਿਕਵਾ ਕੇ ਗਲਤੀ ਕੀਤੀ, ਹੁਣ ਰਾਜੂ ਨੂੰ ਕੋਈ ਹੋਰ ਕੰਮ ਆਉਂਦਾ ਵੀ ਨਹੀਂ ਤੇ ਉਹਦੇ ਤੋਂ ਕਰ ਵੀ ਨਈਂ ਹੋਣਾਂ।"

"ਕੋਈ ਦੁਕਾਨ ਦੇਖ ਲਓ।"

"ਦੇਖਦੇ ਆਂ ਪਰ ਹਾਲੇ ਤਾਂ ਕੁਝ ਵੀ ਕਰਨ ਨੂੰ ਦਿਲ ਨਈਂ ਕਰਦਾ।"

ਗੁਲਵੰਤ ਦਾ ਕੰਮ ਉਪਰ ਵੀ ਦਿਲ ਨਹੀਂ ਸੀ ਲਗਦਾ। ਸੁਰਜਨ ਸਿੰਘ ਨੂੰ ਦੇਖਦਿਆਂ ਹੀ ਉਸਦੇ ਮਨ ਨੂੰ ਕੁਝ ਹੋਣ ਲਗਦਾ ਸੀ। ਉਹ ਕਈ ਵਾਰ ਸੋਚਦਾ ਕਿ ਕੰਮ ਛੱਡ ਕੇ ਕੁਝ ਹੋਰ ਕਰ ਲਵੇ।

ਇਸੇ ਦੌਰਾਨ ਇਕ ਰਾਤ ਰਾਜੂ ਘਰ ਨਾ ਮੁੜਿਆ। ਤਿੰਨ ਮਹੀਨੇ ਦੀ ਬਣੀ ਸ਼ਾਂਤੀ ਫਿਰ ਭੰਗ ਹੋ ਗਈ, ਸਗੋਂ ਘਰ ਵਿਚ ਘੜਮੱਸ ਪੈ ਗਿਆ। ਅੱਧੀ ਰਾਤ ਤਕ ਬੈਠੀ ਸੁਖਵੀਰ ਰਾਜੂ ਨੂੰ ਉਡੀਕਦੀ ਰਹੀ। ਰਾਜੂ ਨੂੰ ਨਾ ਆਉਂਦੇ ਦੇਖ ਕੇ ਸੁਰਿੰਦਰ ਉਸ ਨੂੰ ਹੌਂਸਲਾ ਦਿੰਦੀ ਉਸ ਦੇ ਨਾਲ ਹੀ ਪੈ ਗਈ। ਤੜਕਸਾਰ ਗੁਲਵੰਤ ਕੰਮ ਤੋਂ ਓਵਰ ਟਾਈਮ ਲਗਾ ਕੇ ਮੁੜਿਆ ਤਾਂ ਸੁਰਿੰਦਰ ਖੜਕਾ ਸੁਣ ਕੇ ਉਠ ਗੁਲਵੰਤ ਨਾਲ ਸੌਂ ਗਈ। ਗੁਲਵੰਤ ਨੇ ਸੰਖੇਪ ਜਿਹੀ ਸ਼ਿਕਾਇਤ ਸੁਣੀ ਪਰ ਨੀਂਦ ਦਾ ਭੰਨਿਆਂ ਹੋਣ ਕਰਕੇ ਛੇਤੀ ਹੀ ਸੌਂ ਗਿਆ। ਦੋ ਕੁ ਘੰਟੇ ਬਾਅਦ ਸੁਖਵੀਰ ਨੇ ਉਹਨਾਂ ਦੇ ਕਮਰੇ ਦਾ ਦਰਵਾਜ਼ਾ ਆ ਖੜਕਾਇਆ ਤੇ ਚੀਕਦੀ ਹੋਈ ਬੋਲੀ,

"ਸੁਰਿੰਦਰ, ਯੂ ਬਿੱਚ! ਤੂੰ ਆਪਣੇ ਹਸਬੈਂਡ ਨਾਲ ਜੱਫੀ ਪਾ ਕੇ ਸੁੱਤੀ ਪਈ ਐਂ, ਮੈਨੂੰ ਏਸ ਨਰਕ ਵਿਚ ਦੁਬਾਰਾ ਲਿਆ ਕੇ ਮੇਰੀ ਲਾਈਫ ਹੈੱਲ ਬਣਾ ਦਿਤੀ, ...ਸ਼ੇਮ ਔਨ ਯੂ!"

ਰਾਜੂ ਹੁਣ ਸਰੂਪ ਨੂੰ ਫੋਨ ਕਰਦਾ ਰਹਿੰਦਾ ਸੀ। ਵਿਹਲ ਹੋਣ ਕਰਕੇ ਉਸ ਦੀ ਦੁਕਾਨ ਵਿਚ ਮੱਦਦ ਕਰਨ ਚਲੇ ਜਾਂਦਾ। ਉਸ ਦਿਨ ਉਹ ਸਰੂਪ ਕੋਲ ਹੀ ਸੀ। ਦੁਕਾਨ ਬੰਦ ਕਰਕੇ ਉਹ ਸ਼ਰਾਬ ਪੀਣ ਲਗੇ ਸਨ। ਰਾਜੂ ਅਜਿਹਾ ਸ਼ਰਾਬੀ ਹੋਇਆ ਕਿ ਕਾਰ ਚਲਾਉਣ ਜੋਗਾ ਨਹੀਂ ਸੀ ਰਿਹਾ ਇਸ ਲਈ ਉਥੇ ਹੀ ਸੌਂ ਗਿਆ ਸੀ ਪਰ ਉਹ ਘਰ ਨੂੰ ਫੋਨ ਨਹੀਂ ਸੀ ਕਰ ਸਕਿਆ। ਸਵੇਰੇ ਜਦ ਉਸ ਘਰ ਆਇਆ ਤਾਂ ਸੋਚਦਾ ਆ ਰਿਹਾ ਸੀ ਕਿ ਸੁਖਵੀਰ ਹੁਣ ਕੰਮ ਤੇ ਚਲੇ ਗਈ ਹੋਵੇਗੀ ਪਰ ਉਹ ਘਰ ਬੈਠੀ ਉਸ ਨੂੰ

www.PunjabiLibrary.com

ਉਡੀਕ ਰਹੀ ਸੀ; ਗੁੱਸੇ ਵਿਚ ਉਬਲਦੀ ਹੋਈ। ਉਹ ਸੋਚ ਰਹੀ ਸੀ ਕਿ ਰਾਜੂ ਜ਼ਰੂਰ ਕਿਸੇ ਔਰਤ ਕੋਲ ਚਲੇ ਗਿਆ ਹੋਵੇਗਾ। ਉਸ ਨੇ ਸੁਰਿੰਦਰ ਨੂੰ ਵੀ ਰਾਜੂ ਕਾਰਨ ਬੁਰਾ-ਭਲਾ ਬੋਲਿਆ ਤੇ ਆਪਣੀ ਮੰਮੀ ਨੂੰ ਵੀ ਅੱਧੀ ਰਾਤ ਨੂੰ ਹੀ ਫੋਨ ਕਰ ਕੇ ਰਾਜੂ ਦੇ ਘਰੋਂ ਬਾਹਰ ਰਾਤ ਰਹਿਣ ਬਾਰੇ ਦੱਸ ਦਿਤਾ ਸੀ ਤੇ ਇਹ ਵੀ ਦੋਸ਼ ਲਾਇਆ ਸੀ ਕਿ ਉਹਨਾਂ ਨੇ ਜ਼ਬਰਦਸਤੀ ਦੁਬਾਰਾ ਰਾਜੂ ਨਾਲ ਰਹਿਣ ਲਈ ਮਜ਼ਬੂਰ ਕੀਤਾ ਸੀ। ਰਾਜੂ ਦੇ ਘਰ ਵੜਦਿਆਂ ਹੀ ਉਹ ਬੋਲੀ,

"ਯੂ ਬਾਸਟ੍ਰਡ, ਕਿਥੋਂ ਆਇਆਂ?"

ਰਾਜੂ ਤਾਂ ਮਜ਼ਾਕ ਕਰਨ ਦੇ ਮੂਡ ਵਿਚ ਸੀ ਤੇ ਹੌਲੀ ਹੌਲੀ ਦਸਣਾ ਚਾਹੁੰਦਾ ਸੀ ਕਿ ਉਹ ਰਾਤ ਸਰੂਪ ਕੋਲ ਰਹਿ ਗਿਆ ਸੀ ਪਰ ਜਦ ਉਸ ਨੂੰ ਸੁਖਵੀਰ ਨੇ ਗਾਲ਼ ਕੱਢ ਮਾਰੀ ਤਾਂ ਉਸ ਦਾ ਵੀ ਪਾਰਾ ਚੜ੍ਹਨ ਲਗਿਆ। ਉਹ ਨੇ ਕਿਹਾ,

"ਬੋਲਣ ਦੀ ਅਕਲ ਐ ਕਿ ਨਹੀਂ!"

"ਬੋਲਣ ਦੀ ਅਕਲ! ...ਯੂ ਆਰ ਬਾਸਟ੍ਰਡ!"

ਉਸ ਨੇ ਬੋਲ ਮੂੰਹੋਂ ਹੀ ਕੱਢੇ ਸਨ ਕਿ ਰਾਜੂ ਨੇ ਸੁਖਵੀਰ ਦੇ ਮੂੰਹ ਉਪਰ ਜ਼ੋਰਦਾਰ ਥੱਪੜ ਦੇ ਮਾਰਿਆ। ਸੁਖਵੀਰ ਵੀ ਉਸ ਦੇ ਮਾਰਨ ਲਗੀ। ਜਦ ਤਕ ਸੁਰਿੰਦਰ ਵੀ ਆ ਗਈ ਤੇ ਰਾਜੂ ਨੂੰ ਪੈ ਗਈ। ਰਾਜੂ ਨੇ ਉਸ ਨੂੰ ਵੀ ਧੱਕਾ ਮਾਰ ਕੇ ਦੂਰ ਸੁੱਟ ਦਿਤਾ। ਜਦ ਤਕ ਗੁਲਵੰਤ ਵੀ ਉਠ ਆਇਆ। ਉਸ ਨੇ ਆ ਕੇ ਲੜਾਈ ਰੋਕੀ। ਰਾਜੂ ਜਿਹਨੀਂ ਪੈਰੀਂ ਆਇਆ ਸੀ ਵਾਪਸ ਮੁੜ ਗਿਆ। ਗੁਲਵੰਤ ਨੇ ਸੁਰਿੰਦਰ ਤੇ ਸੁਖਵੀਰ ਨੂੰ ਬੜੀ ਮੁਸ਼ਕਲ ਨਾਲ ਸ਼ਾਂਤ ਕੀਤਾ। ਸ਼ਾਂਤ ਹੋਈ ਵੀ ਸੁਰਿੰਦਰ ਕਹਿੰਦੀ ਜਾ ਰਹੀ ਸੀ,

"ਗੰਦ ਗੰਦ ਈ ਰਹਿੰਦੈ!"

ਰਾਜੂ ਵਾਪਸ ਸਰੂਪ ਵਲ ਚਲੇ ਗਿਆ। ਉਸ ਨੇ ਬੈਂਕ ਵਿਚੋਂ ਸਾਰੇ ਪੈਸੇ ਕਢਾ ਲਏ। ਕੁਝ ਜੇਬ੍ਹ ਵਿਚ ਪਾਏ ਤੇ ਬਾਕੀ ਦੇ ਸਰੂਪ ਨੂੰ ਫੜਾ ਦਿਤੇ ਤੇ ਚੁੱਪ ਚਾਪ ਇੰਡੀਆ ਨੂੰ ਚੜ੍ਹ ਗਿਆ। ਇੰਡੀਆ ਪੁੱਜ ਕੇ ਉਸ ਨੇ ਗੁਲਵੰਤ ਨੂੰ ਫੋਨ ਕਰ ਦਿਤਾ ਕਿ ਉਹ ਹੁਣ ਥੋੜ੍ਹੇ ਕੀਤੇ ਵਾਪਸ ਆਉਣ ਵਾਲਾ ਨਹੀਂ।

ਰਾਜੂ ਦੇ ਵਾਪਸ ਜਾਣ ਦੀ ਖਬਰ ਸੁਣ ਕੇ ਸਭ ਦੇ ਖਾਨਿਓਂ ਗਈ। ਭਾਵੇਂ ਹੁਣ ਤਕ ਪਤਾ ਚਲ ਚੁਕਿਆ ਸੀ ਕਿ ਰਾਜੂ ਰਾਤ ਸਰੂਪ ਵਲ ਹੀ ਠਹਿਰਿਆ ਸੀ ਪਰ ਇਸ ਨਾਲ ਕਿਸੇ ਦਾ ਗੁੱਸਾ ਨਹੀਂ ਸੀ ਘਟਿਆ। ਸੁਰਜਨ ਸਿੰਘ ਤੇ ਪਰਕਾਸ਼ ਕੌਰ ਉਹਨਾਂ ਦੇ ਘਰ ਆਏ। ਗੁਲਵੰਤ ਵੀ ਘਰ ਹੀ ਸੀ। ਸੁਰਜਨ ਸਿੰਘ ਨੇ ਗੁਲਵੰਤ ਨੂੰ ਬਿਲਕੁਲ ਨਾ ਬੁਲਾਇਆ। ਉਸ ਨੇ ਸੁਖਵੀਰ ਨੂੰ ਕਿਹਾ,

"ਸੌਰੀ ਵੀਰਾਂ, ਅਸੀਂ ਤੇਰੇ ਗੁਨਾਹਗਾਰ ਆਂ, ਪਤਾ ਵੀ ਸੀ ਫੇਰ ਵੀ ਤੈਨੂੰ ਭੇਜ ਦਿਤਾ, ...ਹੁਣ ਤੂੰ ਜਿੱਦਾਂ ਤੂੰ ਕਹੇਂਗੀ, ਅਸੀਂ ਕਰਾਂਗੇ।"

"ਡੈਡ, ਮੈਂ ਨਈਂ ਰਹਿਣਾ ਏਥੇ, ਚਾਹੇ ਕੁਝ ਵੀ ਹੋ ਜਾਵੇ।"

ਕਹਿ ਕੇ ਉਸ ਨੇ ਸੁਰਿੰਦਰ ਵਲ ਦੇਖਿਆ। ਸੁਰਿੰਦਰ ਬੋਲੀ,

"ਮੈਂ ਵੀ ਨਹੀਂ...।"

"ਸੁਰਿੰਦਰ, ਹਾਲੇ ਸਮਾਂ ਹੈਗਾ, ਸੋਚ ਲੈ ਪਰ ਰਾਜੂ ਨਈਂ ਹੁਣ ਮੁੜਨ ਲਗਿਆ, ਪਾਸਪੋਰਟ 'ਤੇ ਪੱਕੀ ਸਟੈਂਪ ਲਗ ਗਈ, ਬੈਂਕ ਸਾਰਾ ਖਾਲੀ ਕਰ ਗਿਆ, ਕੁਝ ਸੋਚ ਕੇ ਈ ਕੀਤਾ, ਹੋ ਸਕਦਾ ਦੋਵਾਂ ਭਰਾਵਾਂ ਦੀ ਸਲਾਹ ਈ ਹੋਵੇ।"

ਸੁਰਜਨ ਸਿੰਘ ਨੂੰ ਲਗ ਰਿਹਾ ਸੀ ਕਿ ਇੰਡੀਆ ਜਾਣ ਵਿਚ ਗੁਲਵੰਤ ਦੀ ਰਾਜੂ ਨਾਲ ਪੂਰੀ ਸਲਾਹ ਹੋਵੇਗੀ। ਗੁਲਵੰਤ ਨੇ ਹੀ ਉਸ ਨੂੰ ਸਾਰੇ ਪੈਸੇ ਕਢਾ ਲੈਣ ਲਈ ਕਿਹਾ ਹੋਵੇਗਾ। ਸੁਰਿੰਦਰ ਆਖਣ ਲਗੀ,

"ਡੈਡ, ਮੈਂ ਤਾਂ ਗੁੱਲ ਨੂੰ ਸਾਫ ਕਿਹਾ ਹੋਇਆ, ਹੁਣ ਇਹਦਾ ਇਹੀ ਹੱਲ ਐ ਕਿ ਘਰ ਸੇਲ 'ਤੇ ਲਾ ਦੇਈਏ ਤੇ ਸਭ ਖਤਮ ਕਰ ਦੇਈਏ।"

"ਇਹ ਤਾਂ ਆਖਰੀ ਰਾਹ ਹੈ ਈ ਪਰ ਚੰਗੀ ਤਰ੍ਹਾਂ ਸੋਚ ਲੈ, ਤੇਰੀ ਧੀ ਐ, ਹਸਬੈਂਡ, ਘਰ...।"

"ਡੈਡ, ਟਰੱਸਟ ਮੀ, ਮੈਂ ਸਭ ਸੋਚ ਲਿਆ ਤੇ ਮੈਂ ਹਰ ਤਰ੍ਹਾਂ ਦੇ ਹਾਲਾਤ ਨੂੰ ਫੇਸ ਕਰ ਸਕਦੀ ਆਂ।"

"ਫਿਰ ਬੀ ਬਰੇਵ, ਔਖਾ ਸਮਾਂ ਮੂਹਰੇ ਆਉਣ ਵਾਲ਼ੈ, ਹੁਣ ਡੋਲਣਾ ਨਹੀਂ।"

ਸੁਰਜਨ ਸਿੰਘ ਨੇ ਧੀਆਂ ਨੂੰ ਹੌਂਸਲਾ ਦਿੰਦਿਆਂ ਕਿਹਾ। ਉਹਨਾਂ ਦੇ ਜਾਣ ਤੋਂ ਬਾਅਦ ਸੁਰਿੰਦਰ ਪਤੀ ਨੂੰ ਆਖਣ ਲਗੀ,

"ਗੁੱਲ, ਹੁਣ ਟਾਈਮ ਆ ਗਿਆ ਕਿ ਆਪਾਂ ਸੈਪੇਰੇਟ ਹੋ ਜਾਣਾਂ, ਮੈਂ ਕਿਹਾ ਸੀ ਨਾ!"

"ਤੇਰੇ ਦਿਮਾਗ 'ਚ ਫਰਕ ਪੈ ਗਿਆ, ਚੰਗੇ ਭਲੇ ਵਸਦੇ ਘਰ ਨੂੰ ਉਜਾੜਨ ਦੀ ਗੱਲ ਕਰ ਰਹੀ ਐਂ।"

"ਤੈਨੂੰ ਸਾਰੀ ਗੱਲ ਮੈਂ ਉਦੋਂ ਦੱਸੀ ਸੀ, ਜੇ ਤੈਨੂੰ ਨਹੀਂ ਸਮਝ ਲਗੀ ਤਾਂ ਮੈਂ ਕੀ ਕਰ ਸਕਦੀ ਆਂ।"

ਗੁਲਵੰਤ ਸੋਚਾਂ ਵਿਚ ਪੈ ਗਿਆ। ਉਸ ਨੂੰ ਪਤਾ ਸੀ ਕਿ ਸੁਰਿੰਦਰ ਆਪਣੇ ਪਿਓ ਵਾਂਗ ਹੀ ਜ਼ਿੱਦੀ ਹੈ, ਜੋ ਕਹਿੰਦੀ ਹੈ ਉਹੋ ਹੀ ਕਰੇਗੀ। ਉਹ ਬੋਲਿਆ,

"ਕਾਹਲ਼ੀ ਕਾਹਦੀ ਐ?"
"ਕਾਹਲ਼ੀ ਤਾਂ ਹੁਣ ਹੈ ਈ ਨਹੀਂ, ਬਸ ਘਰ ਸੇਲ ਤੇ ਲਗਾਉਣਾ, ਜਦ ਵਿਕ ਗਿਆ ਤਾਂ ਤੂੰ ਆਪਣੇ ਰਾਹ, ਮੈਂ ਆਪਣੇ।"
"ਰਾਜੂ ਨੂੰ ਵਾਪਸ ਆ ਲੈਣ ਦੇ, ਸਭ ਠੀਕ ਹੋ ਜਾਣੈਂ।"
"ਹੁਣ ਠੀਕ ਨਈਂ ਹੋਣਾਂ, ਜੇ ਹੋਣਾਂ ਵੀ ਹੋਇਆ ਤਾਂ ਅਸੀਂ ਨਈਂ ਕਰਨਾਂ।"

ਗੁਲਵੰਤ ਕੁਝ ਨਾ ਬੋਲਿਆ। ਸੁਰਿੰਦਰ ਉਠ ਕੇ ਘਰ ਦੇ ਕੰਮ ਨੂੰ ਲਗ ਗਈ। ਉਸ ਗੁਲਵੰਤ ਲਈ ਦੋ ਪਰਾਂਉਠੇ ਬਣਾ ਲਿਆਈ ਤੇ ਨਾਲ ਹੀ ਲੱਸੀ ਦਾ ਗਲਾਸ ਜੋ ਕਿ ਉਸ ਦੇ ਮਨ ਭਾਉਂਦੇ ਸਨ। ਗੁਲਵੰਤ ਰੋਟੀ ਖਾ ਰਿਹਾ ਸੀ ਤਾਂ ਕੋਲ ਬੈਠਦੀ ਉਹ ਬੋਲੀ,

"ਹੁਣ ਘਰ ਸੇਲ 'ਤੇ ਲਾਉਣੈਂ, ਏਜੰਟ ਨੂੰ ਤੂੰ ਫੋਨ ਕਰੇਂਗਾ ਕਿ ਮੈਂ ਕਰਾਂ?"

ਗੁਲਵੰਤ ਫਿਰ ਵੀ ਚੁੱਪ ਰਿਹਾ। ਸੁਰਿੰਦਰ ਡਾਇਰੈਕਟਰੀ ਵਿਚੋਂ ਕਿਸੇ ਇਸਟੇਟ ਏਜੰਟ ਦਾ ਫੋਨ ਨੰਬਰ ਲੱਭਣ ਲਗੀ। ਜਦੋਂ ਨੰਬਰ ਲੱਭ ਪਿਆ ਤਾਂ ਇਕ ਵਾਰ ਫਿਰ ਗੁਲਵੰਤ ਕੋਲ ਆ ਕੇ ਕਹਿਣ ਲਗੀ,

"ਆਹ ਲੈ ਨੰਬਰ, ਫੋਨ ਕਰ।"
"ਇਥੇ ਆ ਬੈਠ ਮੇਰੇ ਕੋਲ, ...ਹਾਲੇ ਠਹਿਰ, ਹਾਲੇ ਸੋਚ ਜ਼ਰਾ, ਸ਼ਾਇਦ ਕੋਈ ਹੋਰ ਰਾਹ ਨਿਕਲ ਆਵੇ।"
"ਨਹੀਂ ਗੁੱਲ, ਹੋਰ ਹੁਣ ਕਿਹੜਾ ਰਾਹ ਨਿਕਲਣੈ! ...ਹੁਣ ਅਸੀਂ ਹੀ ਤੁਹਾਡੇ ਨਾਲ ਨਹੀਂ ਰਹਿਣਾ ਚਾਹੁੰਦੀਆਂ, ਖੇਡ ਖਤਮ!"
"ਪਰ ਆਪਣੇ ਵਿਚ ਤਾਂ ਕੁਝ ਨਹੀਂ ਵਾਪਰਿਆਂ ਨਾ...।"
"ਸਭ ਕੁਝ ਆਪਣੇ ਵਿਚ ਈ ਵਾਪਰਿਐ, ...ਯਾਦ ਐ ਇਕ ਦਿਨ ਤੂੰ ਮੈਨੂੰ ਇਸੇ ਸ਼ਰਤ ਨਾਲ ਲਿਆਇਆ ਸੀ ਕਿ ਦੋਵੇਂ ਘਰ ਹੀ ਵਸਣਗੇ, ਇਕ ਇਕੱਲਾ ਨਹੀਂ।"
"ਕਿਉਂ ਨਾ ਆਪਾਂ ਇਹ ਘਰ ਸੁਖਵੀਰ ਨੂੰ ਛੱਡ ਦੇਈਏ, ਆਪਾਂ ਕਿਤੇ ਹੋਰ ਰਹਿ ਲੈਨੇ ਆਂ।"

ਗੁਲਵੰਤ ਦੀ ਗੱਲ ਸੁਣ ਕੇ ਸੁਰਿੰਦਰ ਗੁੱਸੇ ਵਿਚ ਆ ਗਈ। ਉਹ ਉਠ ਕੇ ਖੜੀ ਹੋ ਗਈ ਤੇ ਉਸ ਵਲ ਬਾਂਹ ਕੱਢਦੀ ਬੋਲੀ,

"ਤੂੰ ਮੇਰੀ ਭੈਣ ਦੀ ਕੀਮਤ ਦੇਣੀ ਚਾਹੁੰਨੈ?"
"ਅੰਮ੍ਰਿਤ ਦਾ ਈ ਕੁਝ ਸੋਚ।"
"ਇਹ ਤਾਂ ਤੂੰ ਈ ਸੋਚਣਾ ਸੀ, ਹੁਣ ਅਗਾਂਹ ਤੋਂ ਮੈਂ ਸੋਚੂੰ, ਡੌਂਟ ਯੂ ਵੱਰੀ!"

ਸੁਰਿੰਦਰ ਬਹੁਤ ਹੀ ਠਰ੍ਹੰਮੇ ਨਾਲ ਕਹਿ ਰਹੀ ਸੀ। ਗੁਲਵੰਤ ਗੁੱਸੇ ਵਿਚ ਕੰਬਣ ਲਗਿਆ। ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ ਤੇ ਕੀ ਕਹੇ। ਉਸ ਨੇ ਅੰਮ੍ਰਿਤ ਨੂੰ ਚੁਕ ਕੇ ਚੁੰਮਿਆਂ ਤੇ ਅੱਖਾਂ ਭਰ ਲਈਆਂ। ਉਸ ਨੇ ਕੰਮ 'ਤੇ ਫੋਨ ਕਰ ਦਿਤਾ ਕਿ ਉਹ ਬਿਮਾਰ ਹੋ ਗਿਆ ਹੈ ਤੇ ਸਰੂਪ ਵਲ ਚਲੇ ਗਿਆ। ਸਰੂਪ ਨੇ ਉਸ ਵਲ ਦੇਖ ਕੇ ਕਿਹਾ,

"ਮੂੰਹ ਏਨਾ ਕਿਉਂ ਉਤਰਿਆ ਹੋਇਐ, ਜਿੰਦਾਂ ਕੁੜੀ ਦੱਬ ਕੇ ਆਇਆ ਹੁੰਨੈ!"
"ਭਾਜੀ, ਸੁਰਿੰਦਰ ਨੇ ਘਰ ਸੇਲ 'ਤੇ ਲਾ 'ਤਾ।"

ਕਹਿੰਦਾ ਗੁਲਵੰਤ ਰੋਣ ਲਗ ਪਿਆ। ਸਰੂਪ ਗੁੱਸੇ ਵਿਚ ਆਉਂਦਾ ਬੋਲਿਆ,

"ਤੂੰ ਬੰਦਾਂ ਕਿ ਜਨਾਨੀ!"
"ਨਈਂ ਭਾਜੀ, ਕਰੋ ਕੁਝ।"
"ਯਾਰ, ਤੂੰ ਮੇਰਾ ਭਰਾ ਐਂ, ਜ਼ਰਾ ਆਕੜ ਰੱਖ, ਚੱਠਿਆਂ ਦੇ ਨਾਂ ਨੂੰ ਲਾਜ ਨਾ ਲਾ।"

ਗੁਲਵੰਤ ਹਾਲੇ ਵੀ ਅੱਖਾਂ ਭਰੀ ਖੜਾ ਸੀ। ਸਰੂਪ ਨੇ ਉਸ ਲਈ ਇਕ ਪੈੱਗ ਬਣਾਇਆ ਤੇ ਬੋਲਿਆ,

"ਦੇਖ, ਸੁਰਿੰਦਰ ਔਰਤ ਹੋ ਕੇ ਤੇਰੇ 'ਤੇ ਰੋਅਬ ਪਾਈ ਜਾ ਰਹੀ ਐ, ਤੈਨੂੰ ਡੌਮੀਨੇਟ ਕਰ ਰਹੀ ਐ, ...ਤੂੰ ਉਹਦੇ ਪੈਰਾਂ 'ਚ ਡਿਗੀ ਜਾਨੈਂ, ਸਗੋਂ ਤੂੰ ਵੀ ਉਹਨੂੰ ਦੋ ਉਂਗਲਾਂ ਦਿਖਾ, ਉਹਨੂੰ ਕਹਿ ਕਰ ਲੈ ਜੋ ਕਰਨੈ।"
"ਭਾਜੀ, ਮੈਂ ਆਪਣੀ ਧੀ ਬਾਰੇ ਸੋਚਦਾਂ ਤੇ ਆਪਣੇ ਘਰ ਬਾਰੇ ਵੀ।"
"ਦੇਖ, ਗੱਲ ਤਾਂ ਤੇਰੀ ਠੀਕ ਐ ਪਰ ਹੁਣ ਜਦ ਗੱਲ ਵਿਗੜ ਈ ਗਈ ਤਾਂ ਜ਼ਰਾ ਹੌਸਲਾ ਰੱਖ, ...ਜਦ ਇੱਟ ਖੂਹ 'ਚ ਡਿਗਦੀ ਐ ਤਾਂ ਸੁੱਕੀ ਨਈਂ ਨਿਕਲ਼ਦੀ। ...ਤੂੰ ਏਦਾਂ ਕਰ ਘਰ ਹੋਰ ਲੈ ਲਾ, ਰਾਜੂ ਦੇ ਪੈਸੇ ਮੇਰੇ ਕੋਲ ਪਏ ਆ, ਮੈਂ ਵੀ ਮੱਦਦ ਕਰ ਦੇਊਂ, ਜਾਂ ਕੋਈ ਬਿਜ਼ਨਸ ਕਰ ਲੈ, ਸਭ ਠੀਕ ਹੋ ਜਾਊ, ਜ਼ਰਾ ਟਾਈਮ ਲਗਣੈਂ।"
"ਭਾਜੀ, ਸੁਰਿੰਦਰ ਇਕ ਵਾਰੀ ਗਈ ਤਾਂ ਗਈ!"

"ਓ, ਐਵੇਂ ਨਾ ਦਿਲ ਛੋਟਾ ਕਰ, ਇਸ ਵੇਲੇ ਉਹ ਗੁੱਸੇ ਵਿਚ ਐ, ਸਾਰਾ ਟੱਬਰ ਈ। ਘਰ ਵੇਚ ਕੇ ਇਹਨਾਂ ਦਾ ਗੁੱਸਾ ਨਿਕਲ ਜਾਣੈਂ। ...ਛੋਟੀ ਦਾ ਤਾਂ ਜੋ ਹੋਊ ਸੋ ਹੋਊ ਪਰ ਵੱਡੀ ਨੂੰ ਕਿੰਨੇ ਦਿਨ ਘਰ ਬੈਠਾਲਣਗੇ! ...ਥੋੜੇ ਦਿਨਾਂ ਦੀ ਗੱਲ ਐ, ਯਕੀਨ ਰੱਖ, ਸਭ ਠੀਕ ਹੋ ਜਾਊ।"

ਗੁਲਵੰਤ ਨੂੰ ਵੀ ਇਹ ਜਾਪਿਆ ਕਿ ਸੁਰਿੰਦਰ ਦਾ ਕੁਝ ਦਿਨ ਦਾ ਗੁੱਸਾ ਹੈ। ਇਹ ਘਰ ਵਿਕ ਵੀ ਜਾਵੇ ਤਾਂ ਹੋਰ ਲੈ ਹੋ ਜਾਵੇਗਾ। ਸੁਰਿੰਦਰ ਕੁਝ ਦੇਰ ਮਾਂ ਦੇ ਘਰ ਰਹਿ ਕੇ ਪਹਿਲਾਂ ਵਾਂਗ ਹੀ ਅੱਕ ਜਾਵੇਗੀ ਤੇ ਮੁੜ ਕੇ ਉਸ ਕੋਲ ਆ ਜਾਵੇਗੀ।

ਘਰ ਮਾਰਕਿਟ ਵਿਚ ਲੱਗ ਗਿਆ। ਗੁਲਵੰਤ ਚਾਹੁੰਦਾ ਸੀ ਕਿ ਕੋਈ ਅਜਿਹਾ ਕਾਨੂੰਨ ਹੋਵੇ ਕਿ ਘਰ ਨੂੰ ਵਿਕਣ ਤੋਂ ਰੋਕ ਲਵੇ ਪਰ ਅੱਧਾ ਘਰ ਸੁਰਿੰਦਰ ਦੇ ਨਾਂ ਸੀ ਤੇ ਜੇ ਉਹ ਵੇਚਣਾ ਚਾਹੇ ਤਾਂ ਉਸ ਨੂੰ ਕੋਈ ਨਹੀਂ ਸੀ ਰੋਕ ਸਕਦਾ। ਘਰ ਦੇ ਖਰੀਦਦਾਰ ਘਰ ਦੇਖਣ ਆਉਣ ਲਗੇ। ਗੁਲਵੰਤ ਤੇ ਸੁਰਿੰਦਰ ਪਹਿਲਾਂ ਵਾਂਗ ਹੀ ਰਹਿੰਦੇ ਰਹੇ। ਗੁਲਵੰਤ ਅੰਮ੍ਰਿਤ ਨੂੰ ਸਕੂਲ ਛੱਡਣ ਜਾਂਦਾ। ਸੁਰਿੰਦਰ ਨੂੰ ਲੈ ਕੇ ਸ਼ੌਪਿੰਗ ਕਰਨ ਜਾਦਾ। ਸੁਰਿੰਦਰ ਉਸ ਦੇ ਕਪੜੇ ਧੋਂਦੀ, ਖਾਣਾ ਬਣਾਉਂਦੀ। ਰਾਤ ਨੂੰ ਸੌਂਦੀ ਵੀ ਉਸ ਦੇ ਨਾਲ ਹੀ। ਕਈ ਵਾਰ ਸੁਖਵੀਰ ਸੁਰਿੰਦਰ ਨਾਲ ਲੜ੍ਹਨ ਵੀ ਲਗਦੀ ਕਿ ਉਹ ਗੁਲਵੰਤ ਨਾਲ ਸੌਂਦੀ ਕਿਉਂ ਹੈ। ਆਮ ਤੌਰ ਤੇ ਰਾਤ ਨੂੰ ਗੁਲਵੰਤ ਸ਼ਰਾਬੀ ਹੁੰਦਾ ਤੇ ਸੁਰਿੰਦਰ ਨੂੰ ਫੜ ਕੇ ਆਪਣੇ ਕਮਰੇ ਵਿਚ ਲੈ ਜਾਂਦਾ, ਉਹ ਕੋਈ ਉਜਰ ਨਾ ਕਰਦੀ। ਬਾਹਰੋਂ ਦੇਖਣ ਵਾਲੇ ਨੂੰ ਕਿਸੇ ਨੂੰ ਲਗਦਾ ਹੀ ਨਹੀਂ ਸੀ ਕਿ ਉਹ ਅਲੱਗ ਹੋਣ ਵਾਲੇ ਹਨ। ਦਿਨ ਵਿਚ ਗੁਲਵੰਤ ਕਈ ਵਾਰ ਸੁਰਿੰਦਰ ਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਪਰ ਉਹ ਆਪਣੇ ਫੈਸਲੇ 'ਤੇ ਅਟੱਲ ਸੀ।

ਘਰ ਦਾ ਖਰੀਦਦਾਰ ਮਿਲ ਗਿਆ। ਵਿਕਣ ਦੀ ਕਿਰਿਆ ਚਲਣ ਲਗੀ। ਕਾਗਜ਼ੀ ਕਾਰਵਾਈ ਸ਼ੁਰੂ ਹੋ ਗਈ। ਨਵੇਂ ਮਾਲਕ ਨੂੰ ਚਾਬੀ ਦੇਣ ਦੀ ਤਾਰੀਕ ਬੰਨ ਦਿਤੀ ਗਈ। ਗੁਲਵੰਤ ਕੰਮ 'ਤੇ ਬਿਮਾਰੀ ਦੀਆਂ ਅਰਜ਼ੀਆਂ ਭੇਜੀ ਜਾ ਰਿਹਾ ਸੀ। ਉਸ ਦਾ ਮਨ ਕੰਮ 'ਤੇ ਜਾਣ ਨੂੰ ਹੁਣ ਨਹੀਂ ਸੀ ਕਰਦਾ। ਸਰੂਪ ਕੋਲ ਜਾ ਕੇ ਦਿਲ ਹਲਕਾ ਕਰ ਆਉਂਦਾ। ਸਰੂਪ ਨੇ ਪਿੱਛੇ ਜਿਹੇ ਹੀ ਹੈਰੋ ਵਿਚ ਇਕ ਘਰ ਖਰਦਿਆ ਸੀ, ਜਿਹੜਾ ਕਿ ਖਾਲੀ ਪਿਆ ਸੀ। ਗੁਲਵੰਤ ਨੇ ਆਪਣੇ ਘਰ ਵਿਕਣ ਤੋਂ ਬਾਅਦ ਇਥੇ ਹੀ ਮੂਵ ਹੋ ਜਾਣਾ ਸੀ। ਘਰ ਦੀ ਚਾਬੀ ਦੇਣ ਦੀ ਤੈਅ ਕੀਤੀ ਤਰੀਕ ਤੋਂ ਦੋ ਕੁ ਦਿਨ ਪਹਿਲਾਂ ਸੁਰਿੰਦਰ ਕਹਿਣ ਲਗੀ,

"ਗੁੱਲ ਚਲ ਘਰ ਦਾ ਸਮਾਨ ਵੰਡ ਲਈਏ।"

"ਏਹਦਾ ਕੀ ਵੰਡਣਾਂ, ਲੈ ਜਾ ਸਾਰਾ ਈ।"

"ਨਾ ਬਈ, ਕੱਲ ਕਹੇਂਗਾ ਕਿ ਮੇਰਾ ਹਿੱਸਾ ਮਾਰ ਗਈ।"

ਆਖਦੀ ਸੁਰਿੰਦਰ ਹੱਸਣ ਲਗੀ। ਗੁਲਵੰਤ ਬੋਲਿਆ,

"ਤੂੰ ਬਹੁਤ ਖੁਸ਼ ਲਗ ਰਹੀ ਐ!"

"ਹੋਰ ਕੀ ਕਰਾਂ! ...ਜੇ ਮੈਂ ਉਦਾਸ ਹੋਵਾਂ ਤਾਂ ਲੋਕ ਹੱਸਣਗੇ, ਸਭ ਤੋਂ ਪਹਿਲਾਂ ਤਾਂ ਤੂੰ ਈ ਹੱਸੇਂਗਾ।"

ਅਮਾਂਡਾ ਦੀ ਚਿੱਠੀ ਆਈ। ਉਹ ਬਹੁਤ ਉਦਾਸ ਸੀ। ਉਸ ਦਾ ਪੁੱਤਰ ਜੌਰਜ ਉਸ ਨੂੰ ਛੱਡ ਕੇ ਅਮਰੀਕਾ ਚਲੇ ਗਿਆ ਸੀ। ਉਸ ਨੂੰ ਆਪਣਾ ਬੁਆਏ ਫਰੈਂਡ ਵੀ ਘਰੋਂ ਕੱਢਣਾ ਪਿਆ ਸੀ। ਬੁਆਏ ਫਰੈਂਡ ਨੂੰ ਜੂਏ ਦੀ ਆਦਤ ਤਾਂ ਪਹਿਲਾਂ ਹੀ ਸੀ, ਹੁਣ ਚੋਰੀ ਵੀ ਕਰਨ ਲਗ ਪਿਆ ਸੀ। ਉਹ ਬਹੁਤ ਇਕੱਲੀ ਰਹਿ ਗਈ ਸੀ। ਚਿੱਠੀ ਵਿਚ ਉਸ ਨੇ ਆਪਣੇ ਪੁੱਤਰ ਨਾਲ ਹੋਈ ਸਾਰੀ ਗੱਲਬਾਤ ਲਿਖੀ ਹੋਈ ਸੀ ਕਿਵੇਂ ਉਸ ਨੇ ਪੁੱਤਰ ਨੂੰ ਜਾਣੋ ਰੋਕਣ ਲਈ। ਸਾਰਾ ਫਾਰਮ ਹੀ ਉਸ ਦੇ ਨਾਂ ਕਰ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਮੁੰਡਾ ਨਹੀਂ ਸੀ ਰੁਕਿਆ। ਚਿੱਠੀ ਵਿਚ ਉਸ ਨੇ ਆਪਣੇ ਫਾਰਮ ਬਾਰੇ, ਅਸਟਰੇਲੀਆ ਦੀ ਸਿਆਸਤ ਬਾਰੇ ਵੀ ਕਿੰਨਾ ਕੁਝ ਲਿਖਿਆ ਹੋਇਆ ਸੀ। ਸੁਰਜਨ ਸਿੰਘ ਚਿੱਠੀ ਦਾ ਜਵਾਬ ਲਿਖਣ ਲਈ ਆਪਣੇ ਬੈੱਡਰੂਮ ਵਿਚ ਜਾ ਵੜਿਆ। ਜਵਾਬ ਵਿਚ ਉਸ ਨੇ ਅਮਾਂਡਾ ਨਾਲ ਹਮਦਰਦੀ ਦਿਖਾਈ ਤੇ ਆਪਣੀਆਂ ਦੋਨਾਂ ਧੀਆਂ ਦੇ ਵਾਪਸ ਮੁੜ ਆਉਣ ਬਾਰੇ ਵੀ ਤਫਸੀਲ ਵਿਚ ਲਿਖਿਆ। ਇਹ ਵੀ ਲਿਖਿਆ ਕਿ ਜਿਸ ਗੁਲਵੰਤ, ਜਿਸ ਨੂੰ ਉਹ ਸਭ ਤੋਂ ਵਧੀਆ ਮੰਨਦਾ ਸੀ ਉਹੀ ਸਭ ਤੋਂ ਕਮੀਨਾ ਨਿਕਲਿਆ। ਚਿੱਠੀ ਦੇ ਅਖੀਰ ਵਿਚ ਮੋਟਾ ਕਰਕੇ ਲਿਖਿਆ; ਅਮਾਂਡਾ, ਨੋ ਯੂ-ਟਰਨ।

ਚਿੱਠੀ ਮੁਕਾ ਕੇ ਉਹ ਹੇਠਾਂ ਲੈਂਡਿੰਗ ਵਿਚ ਆ ਗਿਆ। ਪਰਕਾਸ਼ ਕੌਰ ਰਸੋਈ ਵਿਚ ਭਾਂਡੇ ਧੋ ਰਹੀ ਸੀ। ਉਹ ਭਾਂਡਿਆਂ ਨੂੰ ਜਾਣ ਬੁੱਝ ਕੇ ਖੜਕਾ ਰਹੀ ਸੀ। ਸੁਰਜਨ ਸਿੰਘ ਸਮਝਦਾ ਸੀ ਕਿ ਇਹ ਉਸ ਦੇ ਗੁੱਸੇ ਦਾ ਇਜ਼ਹਾਰ ਕਰਨ ਦਾ ਤਰੀਕਾ ਹੈ। ਅਜ ਹੀ ਨੀਲੇ ਰੰਗਾ ਦੀ ਆਈ ਚਿੱਠੀ ਉਸ ਨੇ ਹੀ ਸੁਰਜਨ ਸਿੰਘ ਨੂੰ ਫੜਾਈ ਸੀ। ਉਹ ਕਿਵੇਂ ਨਾ ਕਿਵੇਂ ਆਪਣੇ ਗੁੱਸੇ ਦਾ ਪ੍ਰਗਟਾਵਾ ਕਰ ਲੈਂਦੀ ਸੀ ਪਰ ਮੂੰਹੋਂ ਬਹੁਤ ਘੱਟ ਕੁਝ ਕਹਿੰਦੀ ਸੀ। ਸਾਲਾਂ ਦੇ ਸਾਲ ਇਵੇਂ ਨਿਕਲ ਗਏ ਸਨ। ਸੁਰਜਨ ਸਿੰਘ ਨੇ ਪਤਨੀ ਦਾ ਗਲਤ ਮੂਡ ਦੇਖ ਕੇ ਸੁਰਿੰਦਰ ਨੂੰ ਕਿਹਾ,

"ਲੈ ਸੁਰਿੰਦਰ, ਅਜ ਤੂੰ ਰੋਟੀ ਬਣਾ, ਕਈ ਵਾਰ ਤੇਰੀ ਮਾਂ ਗਲਤੀ ਨਾਲ ਮਿਰਚਾਂ ਜ਼ਿਆਦਾ ਪਾ ਬੈਠਦੀ ਐ।"

ਕਹਿੰਦਾ ਉਹ ਹੱਸਣ ਲਗਿਆ। ਉਹ ਫਰੰਟ ਰੂਮ ਵਿਚ ਆਇਆ ਤਾਂ ਗੁਰਜੰਟ ਬੈਠਾ ਸੀ। ਗੁਰਜੰਟ ਨੂੰ ਸੁਰਜਨ ਸਿੰਘ ਦਾ ਹੱਸਣਾ ਚੰਗਾ ਨਾ ਜਾਪਿਆ। ਉਹ ਸੋਚਦਾ ਕਿ ਦੋ ਧੀਆਂ ਘਰ ਆ ਬੈਠੀਆਂ ਤੇ ਇਹ ਹਾਲੇ ਵੀ ਹੱਸ ਰਿਹਾ ਹੈ। ਉਹ ਜਦ ਵੀ ਸੁਹਰੇ ਘਰ ਆਉਂਦਾ ਤਾਂ ਅਕਸਰ ਹਾਸੇ ਦੀ ਛਣਕਾਰ ਜਿਹੀ ਸੁਣਨ ਨੂੰ ਮਿਲਦੀ ਸੀ। ਉਸ ਨੂੰ ਬਹੁਤ ਗੁੱਸਾ ਆਉਂਦਾ ਕਿ ਇਹਨਾਂ ਲੋਕਾਂ ਨੂੰ ਕੋਈ ਸ਼ਰਮ ਹੀ ਨਹੀਂ ਪਰ ਉਹ ਕਹਿੰਦਾ ਕੁਝ ਨਹੀਂ ਸੀ। ਹਾਲੇ ਉਸ ਦਾ ਭਰਾ ਇੰਗਲੈਂਡ ਨਹੀਂ ਸੀ ਆਇਆ। ਉਹ ਸੁਰਿੰਦਰ ਤੇ ਸੁਖਵੀਰ ਦੇ ਘਰ ਆਉਣ ਬਾਰੇ ਬਹੁਤਾ ਹੀ ਫਿਕਰ ਦਿਖਾ ਰਿਹਾ ਸੀ। ਉਹ ਕਹਿਣ ਲਗਿਆ,

"ਡੈਡੀ, ਏਕਣ ਆਪਾਂ ਚੁੱਪ ਬੈਠ 'ਗੇ ਤਾਂ ਚੱਠੇ ਸੋਚਣਗੇ ਕਿ ਆਪਾਂ ਡਰ ਗਏ ਆਂ।"

"ਪਰ ਗੁਰਜੰਟ, ਆਪਾਂ ਕਿਉਂ ਡਰਾਂਗੇ! ...ਜੇ ਅਸੀਂ ਜ਼ਖਮੀ ਆਂ ਤਾਂ ਫੱਟਾਂ ਦੀ ਤਾਬ ਝੱਲਣੀ ਉਹਨਾਂ ਲਈ ਵੀ ਸੌਖੀ ਨਈਂ।"

"ਡੈਡੀ, ਮੈਂ ਸੋਚਦਾਂ ਕਿ ਗੁਲਵੰਤ ਨੂੰ ਅਕਲ ਦੇਣ ਲਈ ਡਾਇਵੋਰਸ ਦੇਣਾ ਜ਼ਰੂਰੀ ਐ।"

ਸੁਰਜਨ ਸਿੰਘ ਨੇ ਗੁਰਜੰਟ ਵਲ ਦੇਖਿਆ। ਉਸ ਨੂੰ ਉਹ ਬਹੁਤ ਬੁਰਾ ਲਗਿਆ ਪਰ ਇਸ ਗੱਲ ਦਾ ਕੋਈ ਜਵਾਬ ਨਾ ਦਿਤਾ। ਗੁਰਜੰਟ ਨੇ ਆਪਣੀ ਗੱਲ ਫਿਰ ਦੁਹਰਾਈ ਤਾਂ ਸੁਰਜਨ ਸਿੰਘ ਨੇ ਕਿਹਾ,

"ਖੈਰ, ਇਹ ਕੰਮ ਤਾਂ ਹੁਣ ਹੋਣਾਂ ਈ ਐ, ਅਗੇ ਜਾਂ ਪਿੱਛੇ ਪਰ ਕਾਹਲੀ ਵੀ ਕਾਹਦੀ ਐ!"

"ਕਾਹਲ਼ੀ ਦੀ ਗੱਲ ਨਈਂ ਡੈਡੀ, ਗੱਲ ਇਹ ਵੇ ਕਿ ਗੁਲਵੰਤ ਹਾਲੇ ਵੀ ਮੋਢ੍ਹਿਆਂ ਉਪਰ ਦੀ ਥੁੱਕਦਾ ਫਿਰਦਾ, ...ਮੈਨੂੰ ਕਿਸੇ ਨੇ ਦਸਿਆ ਬਈ ਆਪਣੇ ਬਾਰੇ ਉਹ ਬਹੁਤ ਗਲਤ-ਮਲਤ ਬੋਲਦਾ ਏ।"

"ਜਦ ਦੁਸ਼ਮਣੀ ਈ ਪੈ ਗਈ ਤਾਂ ਬੋਲਣਾ ਈ ਹੋਇਆ, ...ਸੋਚਦੇ ਆਂ, ਸੁਰਿੰਦਰ ਨੂੰ ਵੀ ਪੁੱਛ ਲੈਨੇ ਆਂ।"

ਉਹਨਾਂ ਦੇ ਗੱਲਾਂ ਕਰਦਿਆਂ ਸੁਰਿੰਦਰ ਵੀ ਆ ਗਈ। ਗੁਰਜੰਟ ਨੇ ਢੁਕਵਾਂ ਮੌਕਾ ਦੇਖਦਿਆਂ ਕਿਹਾ,

"ਸੁਰਿੰਦਰ, ਤੇਰਾ ਕੀ ਖਿਆਲ ਐ, ਡਾਇਵੋਰਸ ਬਾਰੇ? ...ਜੇ ਅਪਲਾਈ ਕਰਨਾ ਹੋਇਆ ਤਾਂ ਇਕ ਸੋਲਿਸਟਰ ਮੇਰਾ ਦੋਸਤ ਹੈ ਵੇ।"

"ਦੇਖ ਲਓ, ਭਾਜੀ, ਜਿੱਦਾਂ ਕਹੋਂ।"

ਸੁਰਿੰਦਰ ਨੇ ਸੰਖੇਪ ਜਿਹਾ ਜਵਾਬ ਦਿਤਾ। ਉਸ ਨੂੰ ਪਤਾ ਸੀ ਕਿ ਗੁਰਜੰਟ ਅਜ ਕਲ ਮੰਮੀ-ਡੈਡੀ ਦਾ ਭਾਵੁਕ ਸਹਾਰਾ ਬਣਿਆਂ ਹੋਇਆ ਸੀ। ਫਿਰ ਉਹ ਗੁਲਵੰਤ ਨੂੰ ਲੈ ਕੇ ਕਿਸੇ ਤਰ੍ਹਾਂ ਵੀ ਕਮਜ਼ੋਰ ਨਹੀਂ ਸੀ ਪੈਣਾ ਚਾਹੁੰਦੀ। ਉਹ ਸੁਖਵੀਰ ਦੀਆਂ ਨਜ਼ਰਾਂ ਵਿਚ ਜਾਂ ਮੰਮੀ-ਡੈਡੀ ਦੀ ਨਜ਼ਰ ਵਿਚ ਨੀਵੀਂ ਨਹੀਂ ਸੀ ਹੋਣਾ ਚਾਹੁੰਦੀ। ਉਹ ਸਭ ਨੂੰ ਯਕੀਨ ਦੁਆਉਣਾ ਚਾਹੁੰਦੀ ਸੀ ਕਿ ਗੁਲਵੰਤ ਨੂੰ ਛੱਡਣ ਦਾ ਉਸ ਦਾ ਫੈਸਲਾ ਸਹੀ ਹੈ। ਗੁਰਜੰਟ ਨੇ ਅਗਲੇ ਦਿਨ ਵਕੀਲ ਨੂੰ ਮਿਲਣ ਦਾ ਸਮਾਂ ਲੈ ਲਿਆ। ਉਹ ਆਪ ਸੁਰਿੰਦਰ ਨੂੰ ਵਕੀਲ ਦੇ ਦਫਤਰ ਲੈ ਕੇ ਗਿਆ। ਆਪ ਹੀ ਤਲਾਕ ਦੇ ਅਧਾਰ ਅਣਮਨੁੱਖੀ ਵਿਵਹਾਰ ਨੀਯਤ ਕਰਦਾ ਦਸਣ ਲਗਿਆ ਕਿ ਉਸ ਦਾ ਪਤੀ ਗਾਹਲਾਂ ਕੱਢਦਾ ਸੀ, ਰਿਸ਼ਤੇਦਾਰਾਂ ਨੂੰ ਨਹੀਂ ਸੀ ਮਿਲਣ ਦਿੰਦਾ, ਟੈਲੀਵੀਯਨ ਨਹੀਂ ਸੀ ਦੇਖਣ ਦਿੰਦਾ, ਨਹਾਉਣ ਲਈ ਗਰਮ ਪਾਣੀ ਨਹੀਂ ਸੀ ਵਰਤਣ ਦਿੰਦਾ, ਸ਼ਰਾਬ ਪੀਂਦਾ ਸੀ ਤੇ ਸ਼ਰਾਬੀਆਂ ਨੂੰ ਘਰ ਲਿਆਉਂਦਾ ਸੀ। ਵਕੀਲ ਨੇ ਸੁਰਿੰਦਰ ਨਾਲ ਤਫਸੀਲ ਵਿਚ ਗੱਲ ਕਰਕੇ ਅਰਜ਼ੀ ਤਿਆਰ ਕਰ ਲਈ। ਸੁਰਿੰਦਰ ਨੇ ਦਸਤਖਤ ਕਰ ਦਿਤੇ। ਅਰਜ਼ੀ ਅਦਾਲਤ ਦੇ ਰਾਹ ਪੈ ਗਈ।

ਘਰ ਆ ਕੇ ਸੁਰਿੰਦਰ ਗੁਸਲਖਾਨੇ ਵਿਚ ਜਾ ਕੇ ਬਹੁਤ ਰੋਈ। ਭਾਵੇਂ ਉਹ ਮੂੰਹ ਧੋ ਕੇ ਬਾਹਰ ਨਿਕਲੀ ਪਰ ਪਰਕਾਸ਼ ਕੋਰ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਦੱਸਿਆ। ਸੁਰਜਨ ਸਿੰਘ ਨੇ ਸੁਰਿੰਦਰ ਨੂੰ ਆਪਣੇ ਕੋਲ ਬੈਠਾ ਕੇ ਕਿਹਾ,

"ਬੇਟਾ, ਮੈਂ ਵੀ ਨਹੀਂ ਚਾਹੁੰਦਾ ਕਿ ਤਾਲਾਕ ਲੈਣ ਵਿਚ ਕਾਹਲ਼ੀ ਕੀਤੀ ਜਾਵੇ ਪਰ ਗੁਰਜੰਟ ਨਈਂ ਹਟਿਆ, ...ਮੈਂ ਚਾਹੁੰਨਾ ਕਿ ਆਪਾਂ ਹੋਰ ਦੇਖ ਲਈਏ, ਸ਼ਾਇਦ ਕੋਈ ਰਾਹ ਲੱਭ ਪਏ, ...ਵਕੀਲ ਨੂੰ ਕਹੀਏ ਕਿ ਹਾਲੇ ਹੋਲਡ ਕਰ ਲਵੇ।"

"ਡੈਡ, ਹੁਣ ਕਿਹੜਾ ਰਾਹ ਲੱਭੇਗਾ! ...ਰਾਜੂ ਚਾਹੇ ਵੀ ਤਾਂ ਸੁਖਵੀਰ ਨਈਂ ਜਾਣ ਲਗੀ, ...ਗੁਰਜੰਟ ਭਾਜੀ ਠੀਕ ਈ ਤਾਂ ਕਹਿੰਦੈ।"

"ਮੈਨੂੰ ਗੁਰਜੰਟ ਦੀ ਚਿੰਤਾ ਨਹੀਂ ਕਿ ਉਹ ਕੀ ਕਹਿੰਦਾ ਪਰ ਤੂੰ ਕੀ ਕਹਿੰਨੀ ਐਂ ਇਹ ਦੇਖ।"

"ਮੈਂ ਵੀ ਕਹਿੰਨੀ ਆਂ ਕਿ ਤਲਾਕ ਤਾਂ ਲੈਣਾਂ ਈ ਐ, ਕੱਲ ਲਈਏ ਜਾਂ ਪਰਸੋਂ।"

ਸੁਰਿੰਦਰ ਨੇ ਸੀਨੇ ਤੇ ਪੱਥਰ ਰੱਖ ਕੇ ਗੱਲ ਸਾਫ ਕਰ ਦਿਤੀ ਨਹੀਂ ਤਾਂ ਉਸ ਨੂੰ ਯਕੀਨ ਸੀ ਕਿ ਇਕ ਦਿਨ ਸਭ ਦਾ ਗੁੱਸਾ ਠੰਡਾ ਹੋ ਜਾਵੇਗਾ ਤੇ ਫਿਰ ਗੁਲਵੰਤ ਆਵੇਗਾ ਤੇ ਡੈਡੀ ਦੀ ਮਿੰਨਤ ਕਰਕੇ ਉਸ ਨੂੰ ਲੈ ਜਾਵੇਗਾ। ਡੈਡੀ ਵੀ ਨਾਂਹ ਨਹੀਂ ਕਰਨਗੇ। ਉਹ ਤਾਲਾਕ ਲਵੇਗੀ ਇਹ ਤਾਂ ਉਸ ਨੇ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ। ਉਸ ਦੇ ਮਨ ਵਿਚ ਇਹ ਵੀ ਵਿਚਾਰ ਆਉਣ ਲਗੇ ਕਿ ਤਾਲਾਕ ਦੀ ਅਰਜ਼ੀ ਦੇਖ ਕੇ ਗੁਲਵੰਤ ਤੜਫੇਗਾ ਤੇ ਭੱਜਿਆ ਆਵੇਗਾ ਤੇ ਮੁੜ ਸਭ ਪਹਿਲਾਂ ਵਾਂਗ ਹੀ ਹੋ ਜਾਵੇਗਾ। ਗੁਲਵੰਤ ਹਾਲੇ ਵੀ ਕਦੇ ਕਦੇ ਉਸ ਨੂੰ ਫੋਨ ਕਰ ਲੈਂਦਾ ਸੀ। ਗੁਲਵੰਤ ਦਾ ਫੋਨ ਆਉਂਦਾ ਤਾਂ ਸੁਰਜਨ ਸਿੰਘ ਦੇ ਅੰਦਰ ਵੀ ਕੋਈ ਆਸ ਦੀ ਕਿਰਨ ਜਗਣ ਲਗਦੀ ਪਰ ਉਹ ਕਹਿੰਦਾ ਕੁਝ ਨਾ।

www.PunjabiLibrary.com

ਗੁਲਵੰਤ ਨੂੰ ਤਾਲਾਕ ਦੇ ਪੇਪਰ ਉਸ ਦੇ ਹੈਰੋ ਵਾਲੇ ਸਿਰਨਾਵੇਂ ਉਪਰ ਪੁੱਜ ਗਏ। ਭਾਰੀ ਜਿਹੀ ਚਿੱਠੀ ਦੇਖ ਕੇ ਉਹ ਹੈਰਾਨ ਹੋਇਆ ਸੋਚਣ ਲਗਿਆ ਕਿ ਇਹ ਚਿੱਠੀ ਕਿਥੋਂ ਆਈ ਹੋਈ। ਤਾਲਾਕ ਦਾ ਸੁਫਨਾ ਉਸ ਨੇ ਵੀ ਨਹੀਂ ਸੀ ਲਿਆ। ਚਿੱਠੀ ਖੋਹਲੀ। ਦੇਖ ਕੇ ਉਹ ਛਟਪਟਾ ਕੇ ਰਹਿ ਗਿਆ। ਉਹ ਕੰਧ ਵਿਚ ਮੁੱਕੇ ਮਾਰਦਾ ਰੋਣ ਲਗਿਆ ਤੇ ਸੁਰਿੰਦਰ ਨੂੰ ਗਾਲ੍ਹਾਂ ਕੱਢਣ ਲਗਿਆ। ਰਾਜੂ ਹਾਲੇ ਇੰਡੀਆ ਤੋਂ ਹੀ ਨਹੀਂ ਸੀ ਆਇਆ। ਉਹ ਚਿੱਠੀ ਲੈ ਕੇ ਸਰੂਪ ਕੋਲ ਚਲੇ ਗਿਆ। ਚਿੱਠੀ ਦਿਖਾਉਂਦਾ ਉਹ ਕਹਿਣ ਲਗਿਆ,

"ਆਹ ਦੇਖ ਭਾਜੀ, ਦੇਖ ਕੀ ਐ!"

ਸਰੂਪ ਨੇ ਚਿੱਠੀ ਦੇਖੀ ਤੇ ਬੋਲਿਆ,

"ਕੀ ਐ! ...ਤਾਲਾਕ ਦੇ ਪੇਪਰ ਈ ਐ, ਹੋਰ ਕੀ! ...ਮੋਕ ਕਿਉਂ ਮਾਰੀ ਜਾਨੈਂ!"

"ਭਾਜੀ, ਮੈਂ ਤਾਲਾਕ ਨਹੀਂ ਲੈਣਾ ਚਾਹੁੰਦਾ।"

"ਉਹ ਲੈਣਾ ਚਾਹੁੰਦੀ ਐ ਤਾਂ ਤੂੰ ਕੀ ਕਰ ਲਵੇਂਗਾ?"

"ਨਹੀਂ, ਉਹ ਵੀ ਤਾਲਾਕ ਨਹੀਂ ਚਾਹੁੰਦੀ ਹੋਣੀਂ, ਸ਼ੀ ਲਵਜ਼ ਮੀ, ਜ਼ਰੂਰ ਕਿਸੇ ਦੀ ਸਾਜ਼ਿਸ਼ ਐ, ਏਹ ਸਾਰੀ ਬੁੜ੍ਹੇ ਦੀ ਕਰਤੂਤ ਐ।"

"ਉਹ ਕਿਹੜੀ ਨਿਆਣੀ ਐਂ, ਤੈਨੂੰ ਛੱਡ ਕੇ ਗਈ ਐ, ਤਾਲਾਕ ਤਾਂ ਲੈਣਾ ਈ ਹੋਇਆ, ਜੇ ਤੈਨੂੰ ਉਹ ਲਵ ਕਰਦੀ ਹੁੰਦੀ ਤਾਂ ਜਾਂਦੀ ਈ ਕਿਉਂ ਜਾਂਦੀ!"

"ਨਈਂ ਭਾਜੀ, ਸ਼ੀ ਲਵਜ਼ ਮੀ, ਆਈ ਲਵ ਹਰ!"

"ਸਾਲ਼ਿਆ ਲਵ ਦਿਆ! ਜਿਹੜੀ ਤੀਵੀਂ ਤੈਨੂੰ ਸ਼ਰੇਆਮ ਬੇਇੱਜ਼ਤ ਕਰਕੇ ਛੱਡ ਕੇ ਚਲੇ ਗਈ, ਘਰ ਵਿਕਵਾ ਦਿਤਾ, ਪੈਸੇ ਲੈ ਗਈ, ਉਹਦੇ ਨਾਲ ਸਾਲ਼ਾ ਕਾਹਦਾ ਲਵ?"

ਸਰੂਪ ਨੇ ਗੁਲਵੰਤ ਲਈ ਇੰਨੇ ਸਖਤ ਸ਼ਬਦ ਪਹਿਲਾਂ ਕਦੇ ਨਹੀਂ ਸਨ ਵਰਤੇ। ਉਸ ਨੇ ਉਸ ਨੂੰ ਕਲ਼ਾਵੇ ਵਿਚ ਲਿਆ ਤੇ ਪਿਆਰ ਨਾਲ ਬੋਲਿਆ,

"ਦੇਖ ਮੇਰੀ ਭਰਾ, ਚੱਠਾ ਬਣ, ਜਨਾਨੜਾ ਨਈਂ। ...ਤਾਲਾਕ ਤੋਂ ਡਰਨ ਦੀ ਲੋੜ ਨਈਂ। ਮੈਂ ਤੇਰਾ ਗੱਜ ਵੱਜ ਕੇ ਵਿਆਹ ਕਰੂੰ, ਏਹਦੇ ਤੋਂ ਦਸ ਗੁਣਾਂ ਵਧੀਆ ਰੰਨ ਲੱਭ ਕੇ ਦੇਊਂ!"

"ਮੇਰੀ ਅੰਮ੍ਰਿਤ!"

"ਤੀਵੀਂ ਹੋਵੇ ਤਾਂ ਭਾਵੇਂ ਅੰਮ੍ਰਿਤਾਂ ਦੀ ਲੈਨ ਲਾ ਲਈਂ, ...ਠੀਕ ਐ, ਸਮਝਦਾਂ ਤੇਰਾ ਦਿਲ ਦੁਖੀ ਐ ਪਰ ਹੁਣ ਆਪਾਂ ਕਰ ਵੀ ਕੀ ਸਕਦੇ ਆਂ, ਜਦ ਉਹ ਚਲੇ ਈ ਗਈ, ਤਾਲਾਕ ਈ ਮੰਗਣ ਲਗ ਪਈ ਤਾਂ ਤੂੰ ਢਹਿੰਦੀ ਕਲਾ ਵਿਚ ਕਿਉਂ ਜਾਨੈਂ। ਮਰਦ ਦਾ ਕੰਮ ਐ ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿਣੈ।"

"ਭਾਜੀ, ਗੱਲ ਤਾਂ ਤੁਹਾਡੀ ਠੀਕ ਐ ਪਰ ਇਹ ਸਦਮਾ ਝੱਲਿਆ ਨਹੀਂ ਜਾ ਰਿਹਾ।"

"ਏਸ ਵੇਲੇ ਤਾਂ ਇਹੋ ਈ ਸੁਰਜਨ ਸੂੰਹ ਚਾਹੂਗਾ ਬਈ ਤੂੰ ਡਿਗ ਪਵੇਂ, ਡਿਪਰੈੱਸ਼ਨ 'ਚ ਚਲਾ ਜਾਏਂ ਪਰ ਸੋਚ ਜੇ ਸੁਰਿੰਦਰ ਨੂੰ ਕੋਈ ਗਮ ਨਹੀਂ ਤਾਂ ਤੂੰ ਕਿਉਂ ਕਮਜ਼ੋਰ ਪਵੇਂ ਸਗੋਂ ਤੂੰ ਉਹਨਾਂ ਨੂੰ ਦਿਖਾ ਦੇ ਕਿ ਉਹ ਤੈਨੂੰ ਡੇਗ ਨਹੀਂ ਸਕਦੇ।"

ਸਰੂਪ ਦੀਆਂ ਗੱਲਾਂ ਨਾਲ ਗੁਲਵੰਤ ਨੂੰ ਕੁਝ ਕੁ ਹੌਸਲਾ ਮਿਲਣ ਲਗਿਆ। ਉਸ ਨੂੰ ਯਾਦ ਆਇਆ ਕਿ ਸੁਰਿੰਦਰ ਕਿਵੇਂ ਸਾਰਾ ਸਮਾਂ ਹਸਦੀ ਰਹੀ ਸੀ। ਜੇ ਉਹ ਖੁਸ਼ ਰਹਿ ਸਕਦੀ ਹੈ ਤਾਂ ਉਹ ਕਿਉਂ ਨਹੀਂ ਰਹਿ ਸਕਦਾ। ਵਿਸਕੀ ਨੇ ਵੀ ਉਸ ਨੂੰ ਹਲਾਸ਼ੇਰੀ ਦੇ ਦਿਤੀ ਸੀ। ਉਸ ਨੇ ਵਿਜੇ ਨੂੰ ਫੋਨ ਕਰ ਕੇ ਸਾਰੀ ਗੱਲ ਦਸੀ। ਪਹਿਲਾਂ ਤਾਂ ਉਹ ਵੀ ਉਦਾਸ ਹੋਇਆ ਪਰ ਫਿਰ ਚਹਿਕਦਾ ਹੋਇਆ ਕਹਿਣ ਲਗਿਆ,

"ਦੇਖ, ਤਾਲਾਕ ਦਾ ਗਮ ਵੀ ਹੁੰਦੈ ਪਰ ਮਾੜੇ ਬੰਦਿਆਂ ਤੋਂ ਪਿੱਛਾ ਛੁੱਟਣ ਦੀ ਖੁਸ਼ੀ ਵੀ ਤਾਂ ਹੁੰਦੀ ਐ, ਮੈਨੂੰ ਤਾਂ ਸੁਰਜਨ ਸੂੰਹ ਦੀ ਅੱਖ ਈ ਖਤਰਨਾਕ ਲਗਦੀ ਐ, ਸਗਾਂ ਤੂੰ ਏਹਨਾਂ ਤੋਂ ਪਰ੍ਹੇ ਰਹਿ। ...ਤੀਵੀਂ ਦਾ ਗਮ ਭੁਲਾਉਣ ਲਈ ਤੇਰੇ ਕੋਲ ਬੀਟਰਸ ਹੈਗੀ ਆ, ਦੋ ਚਾਰ ਵਾਰੀ ਮਿਲਣ ਜਾਏਂਗਾ ਤਾਂ ਉਹਦੇ ਬੁਆਏ ਫਰੈਂਡ ਨੇ ਆਪੇ ਭਜ ਜਾਣਾਂ।"

"ਮੈਂ ਸੋਚਦਾਂ ਕਿ ਤਾਲਾਕ ਦਾ ਕੇਸ ਲੜਾਂ ਤੇ ਉਹਦੇ ਲਈ ਤਾਲਾਕ ਏਨਾ ਸੌਖਾ ਨਾ ਬਣਨ ਦੇਵਾਂ।"

"ਸੋਚ ਲੈ ਪਰ ਕੋਈ ਫਰਕ ਨਈਂ ਪੈਣਾ, ਵਧੀਆ ਗੱਲ ਤਾਂ ਇਹ ਐ ਕਿ ਤੂੰ ਖੁਸ਼ ਰਹਿ, ਕੋਈ ਰੋਗ ਨਾ ਲਵਾ ਲਈ। ...ਚੇਤਾ; ਪਿਛਲੀ ਵਾਰੀ ਮਾਈਲਡ ਜਿਹਾ ਹਾਰਟ ਅਟੈਕ ਕਰਾ ਬੈਠਾ ਸੈਂ।"

ਵਿਜੇ ਨੇ ਉਸ ਨੂੰ ਰੁਆਇਲ ਡੀਨ ਵਿਚ ਵਾਪਰੀ ਘਟਨਾ ਚੇਤੇ ਕਰਾਉਂਦਿਆਂ ਕਿਹਾ। ਗੁਲਵੰਤ ਨੇ ਫੈਸਲਾ ਕਰ ਲਿਆ ਕਿ ਉਹ ਖੁਸ਼ ਰਹੇਗਾ। ਕਿਸੇ ਵੀ ਮਸਲੇ ਨੂੰ ਆਪਣੇ ਉਪਰ ਹਾਵੀ ਨਹੀਂ ਹੋਣ ਦੇਵੇਗਾ। ਇਵੇਂ ਸੋਚਦੇ ਸੋਚਦੇ ਉਸ ਦਾ ਮਨੋਬਲ ਉੱਚਾ ਉਠਣ ਲਗਿਆ। ਉਸ ਨੇ ਆਪਣੇ ਪਰਸ ਵਿਚੋਂ ਸੁਰਿੰਦਰ ਦੀ ਫੋਟੋ ਕੱਢੀ। ਹਸਦੀ ਹੋਈ ਸੁਰਿੰਦਰ ਉਸ ਵਲ ਦੇਖੀ ਜਾ ਰਹੀ ਸੀ। ਉਸ ਦੇ ਨੱਕ ਦਾ ਕੋਕਾ ਚਮਕ ਰਿਹਾ ਸੀ। ਗੁਲਵੰਤ ਮੂੰਹ ਵਿਚ ਹੌਲੀ ਹੌਲੀ ਗੁਣਗੁਣਾਉਣ ਲਗਿਆ,
"ਤੇਰੇ ਨੱਕ ਦਾ ਕੋਕਾ, ਦਸਦਾ ਏ ਤੂੰ ਦੇਣਾਂ ਈ ਧੋਖਾ।"

## ਪੱਚੀ

ਅਪਰੈਲ ਬਹੁਤ ਠੰਡਾ ਗਿਆ ਪਰ ਮਈ ਜੂਨ ਵਿਚ ਕਾਫੀ ਗਰਮੀ ਪੈਣ ਲਗੀ। ਕਈ ਗੋਰੇ ਮਜ਼ਾਕ ਵਿਚ ਕਹਿਣ ਲਗਦੇ ਕਿ ਜਿਵੇਂ ਜਿਵੇਂ ਇੰਗਲੈਂਡ ਵਿਚ ਏਸ਼ੀਅਨ ਲੋਕ ਵਧ ਰਹੇ ਹਨ ਤਿਵੇਂ ਤਿਵੇਂ ਗਰਮੀ ਵੀ ਵਧ ਪੈਣ ਲਗੀ ਹੈ। ਹਾਲੇ ਪਿਛਲੇ ਸਾਲ ਤਕ ਪੱਖਿਆਂ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਬਲਕਿ ਇੰਗਲੈਂਡ ਵਿਚ ਪੱਖਿਆਂ ਦੀ ਧਾਰਣਾ ਹੀ ਨਹੀਂ ਸੀ। ਇਸ ਸਾਲ ਦੁਕਾਨਾਂ ਉਪਰ ਪੱਖੇ ਦਿਸਣ ਲਗੇ ਸਨ। ਤੇਜ਼ ਦੁਕਾਨਦਾਰਾਂ ਨੇ ਮੌਸਮ ਦੇ ਹਿਸਾਬ ਨਾਲ ਪੱਖੇ ਪਹਿਲਾਂ ਹੀ ਲਿਆ ਰੱਖੇ ਸਨ। ਪੱਖੇ ਦੇਖ ਕੇ ਸੁਰਜਨ ਸਿੰਘ ਨੂੰ ਜ਼ਰਾ ਹੈਰਾਨੀ ਤਾਂ ਹੋਈ ਸੀ ਪਰ ਉਸੇ ਹੀ ਪਲ ਇਹ ਵੀ ਸੋਚਣ ਲਗਿਆ ਕਿ ਦੋ ਕੁ ਪੱਖੇ ਉਸ ਨੂੰ ਵੀ ਖਰੀਦ ਹੀ ਲੈਣੇ ਚਾਹੀਦੇ ਹਨ।

ਘਰ ਦੇ ਅੰਦਰ ਵੜਦਿਆਂ ਹੀ ਰਸੋਈ ਵਿਚੋਂ ਆ ਰਹੀ ਖੁਸ਼ਬੂ ਉਸ ਦੇ ਨੱਕ ਨੂੰ ਆ ਚੁੰਬੜੀ। ਰਸੋਈ ਵਿਚੋਂ ਹੀ ਸੁਰਿੰਦਰ ਤੇ ਸੁਖਵੀਰ ਦੇ ਇਕ ਦੂਜੇ ਨੂੰ ਹਾਸਾ ਮਜ਼ਾਕ ਕਰਨ ਦੀ ਆਵਾਜ਼ ਆ ਰਹੀ ਸੀ। ਇਵੇਂ ਉਹ ਅਕਸਰ ਕਰਦੀਆਂ ਰਹਿੰਦੀਆਂ ਸਨ। ਉਹਨਾਂ ਬਾਰੇ ਸੋਚਦਾ ਸੁਰਜਨ ਸਿੰਘ ਕਈ ਵਾਰ ਉਦਾਸ ਵੀ ਹੋ ਜਾਂਦਾ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਅੰਦਰਲਾ ਸਭ ਕੁਝ ਦਬਾਉਣ ਲਈ ਉਸ ਦੀਆਂ ਧੀਆਂ ਇਵੇਂ ਹਸਦੀਆਂ ਰਹਿੰਦੀਆਂ ਸਨ। ਉਸ ਨੂੰ ਦੇਖਦਿਆਂ ਹੀ ਸੁਖਵੀਰ ਬੋਲੀ,
"ਯੋਅਰ ਫੇਵਰਿਟ ਡੈਡ, ਪੂਰੀਆਂ!"
"ਦੈਟ 'ਜ਼ ਬੈਟਰ।"

ਆਖਦਾ ਉਹ ਫਰੰਟ ਰੂਮ ਵਿਚ ਚਲੇ ਗਿਆ ਜਿਥੇ ਪਰਕਾਸ਼ ਕੋਰ ਅੰਮ੍ਰਿਤ ਨੂੰ ਦੁੱਧ ਮਿਲਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਉਹ ਦੁੱਧ ਵਾਲੇ ਗਲਾਸ ਨੂੰ ਨੇੜੇ ਨਹੀਂ ਸੀ ਲਗਣ ਦੇ ਰਹੀ। ਸੁਰਜਨ ਸਿੰਘ ਨੂੰ ਦੇਖ ਕੇ ਉਹ ਉਸ ਵਲ ਭੱਜੀ। ਸੁਰਜਨ ਸਿੰਘ ਨੇ ਉਸ ਨੂੰ ਗੋਦੀ ਚੁੱਕ ਲਿਆ। ਅੰਮ੍ਰਿਤ ਉਸ ਦੀਆਂ ਜੇਬ੍ਹਾਂ ਵਿਚੋਂ ਚਾਕਲੇਟ ਲੱਭਣ ਲਗੀ। ਉਹ ਹਰ ਰੋਜ਼ ਕੁਝ ਨਾ ਕੁਝ ਉਸ ਲਈ ਲੈ ਆਇਆ ਕਰਦਾ ਸੀ। ਉਸ ਨੇ ਅੰਮ੍ਰਿਤ ਲਈ ਗੁਲਵੰਤ ਵਾਲੀ ਜਗਾਹ ਲੈ ਲਈ ਸੀ। ਉਸ ਨੇ ਅੰਮ੍ਰਿਤ ਨੂੰ ਗੋਦੀ ਵਿਚੋਂ ਉਤਾਰਿਆ ਹੀ ਸੀ ਕਿ ਫੋਨ ਦੀ ਘੰਟੀ ਵੱਜ ਉਠੀ। ਸੁਰਜਨ ਸਿੰਘ ਨੇ ਰਸੀਵਰ ਉਠਾਇਆ। ਦੂਜੇ ਪਾਸਿਓਂ ਇਕ ਠਹਿਰੀ ਜਿਹੀ ਆਵਾਜ਼ ਵਿਚ ਇਕ ਆਦਮੀ ਬੋਲਿਆ,
"ਸਤਿ ਸ੍ਰੀ ਆਕਾਲ ਜੀ।"
"ਸਤਿ ਸ੍ਰੀ ਆਕਾਲ।"
"ਮੈਂ ਸਰਦਾਰ ਸੁਰਜਨ ਸਿੰਘ ਨਾਲ ਗੱਲ ਕਰਨੀ ਚਾਹੁੰਨਾ ਵਾਂ ਜੀ।"
"ਮੈਂ ਬੋਲ ਰਿਹਾਂ ਜੀ, ਦੱਸੋ?"
"ਮੇਰਾ ਨਾਂ ਹੈ ਜੀ; ਇਕਬਾਲ ਸਿੰਘ ਬੱਲ। ਵੈਸੇ ਤਾਂ ਮੇਰੀ ਪੱਛਾਣ ਇਹ ਐ ਜੀ ਕਿ ਮੈਂ ਵੈੱਸਟ ਹੈਮ ਬੌਰੋ ਵਿਚ ਕੌਂਸਲਰ ਆਂ ਪਰ ਮੈਂ ਤੇ ਮੇਰੀ ਵਾਈਫ ਤੁਹਾਨੂੰ ਤੇ ਤੁਹਾਡੀ ਵਾਈਫ ਨੂੰ ਮਿਲਣਾ ਚਾਹੁੰਨੇ ਆਂ।"
"ਕਿਸ ਮਾਮਲੇ ਵਿਚ ਜੀ?"
"ਇਟ ਵਿਲ ਬੀ ਜਸਟ ਸੋਸ਼ਲ ਵਿਜ਼ਿਟ, ...ਮੈਨੂੰ ਪਤਾ ਐ ਕਿ ਤੁਸੀਂ ਬਹੁਤ ਬੀਜ਼ੀ ਓ, ਅਸੀਂ ਤੁਹਾਡਾ ਬਹੁਤਾ ਟਾਈਮ ਨਹੀਂ ਲਵਾਂਗੇ, ਦੱਸੋ ਕਦੋਂ ਆਈਏ?"
"ਕਿਹੜੀ ਗੱਲੋਂ ਆਉਣਾ ਚਾਹੁਦੇ ਓ?"
"ਸਰਦਾਰ ਜੀ, ਕੋਈ ਗੰਭੀਰ ਗੱਲ ਨਹੀਂ ਏ, ਤੁਸੀਂ ਸਾਨੂੰ ਟਾਈਮ ਦਿਓ, ਅਸੀਂ ਆਵਾਂਗੇ ਤੇ ਬੈਠ ਕੇ ਗੱਲਾਂ ਕਰਾਂਗੇ।"

ਉਸ ਬੰਦੇ ਨੇ ਕਿਹਾ। ਸੁਰਜਨ ਸਿੰਘ ਹੈਰਾਨੀ ਵਿਚ ਸੋਚ ਰਿਹਾ ਸੀ ਕਿਉਂ ਮਿਲਣਾ ਚਾਹੁੰਦਾ ਹੋਇਆ ਇਹ ਬੰਦਾ। ਉਸ ਨੇ ਇਹ ਨਾਂ ਤਾਂ ਸੁਣਿਆਂ ਹੋਇਆ ਸੀ। ਉਸ ਨੇ ਕਿਹਾ,

"ਕਦੇ ਵੀ ਆ ਜਾਵੋ, ਤੁਸੀਂ ਦੱਸੋ ਕਿ ਤੁਹਾਡੇ ਪਾਸ ਕਦੋਂ ਵਕਤ ਐ?"
"ਜੇ ਤੁਹਾਨੂੰ ਮਾਈਂਡ ਨਈਂ ਤਾਂ ਅੱਜ ਈ ਅੱਠ ਵਜੇ ਆ ਜਾਈਏ, ਅਸੀਂ ਤੁਹਾਡੇ ਪੰਦਰਾਂ ਮਿੰਟ ਤੋਂ ਜ਼ਿਆਦਾ ਨਹੀਂ ਲਵਾਂਗੇ।"
"ਠੀਕ ਐ, ਅੱਜ ਈ ਆ ਜਾਵੋ, ਐਡਰੈੱਸ ਲਿਖ ਲਓ।"
"ਐਡਰੈੱਸ ਸਾਡੇ ਪਾਸ ਹੈ ਵੇ।"

ਸੁਰਜਨ ਸਿੰਘ ਹੋਰ ਵੀ ਹੈਰਾਨ ਹੋ ਗਿਆ ਕਿ ਉਹਦੇ ਕੋਲ ਉਸ ਦਾ ਸਿਰਨਾਵਾਂ ਵੀ ਹੈ। ਉਹਨੇ ਪਰਕਾਸ਼ ਕੋਰ ਨੂੰ ਗੱਲ ਦੱਸੀ ਤਾਂ ਉਹ ਬੋਲੀ,
"ਸੁਖ ਹੋਵੇ! ...ਗੁਲਵੰਤ ਵਲੋਂ ਹੋਊ ਕੋਈ।"

ਪਰਕਾਸ਼ ਕੋਰ ਫਰੰਟ ਰੂਮ ਦੀ ਸਫਾਈ ਕਰਨ ਲਗੀ। ਸੁਰਜਨ ਸਿੰਘ ਸੋਚਾਂ ਦੇ ਘੋੜੇ ਦੁੜਾਉਣ ਲਗਿਆ ਕਿ ਕੌਣ ਹੋਵੇਗਾ। ਗੱਲਾਂ ਤੋਂ ਬੰਦਾ ਬਹੁਤ ਤੇਜ਼-ਤਰਾਰ ਜਾਪਦਾ ਸੀ। ਉਹ ਘੜੀ ਦੇਖਦਾ ਅੱਠ ਵੱਜਣ ਦੀ ਉਡੀਕ ਕਰਨ ਲਗਿਆ।

ਠੀਕ ਅੱਠ ਵਜੇ ਚਿੱਟੇ ਰੰਗ ਦੀ ਵੱਡੀ ਸਾਰੀ ਮਰਸਡੀਜ਼ ਉਹਨਾਂ ਦੇ ਦਰਵਾਜ਼ੇ ਦੇ ਅਗੇ ਆ ਕੇ ਰੁਕੀ। ਅਨਾਭੀ ਰੰਗ ਦੀ ਪੱਗ ਤੇ ਨਸਵਾਰੀ ਸੂਟ ਵਾਲਾ ਆਦਮੀ ਵਿਚੋਂ ਨਿਕਲਿਆ ਤੇ ਨਾਲ ਹੀ ਚਮਕੀਲੇ ਸੂਟ ਵਾਲੀ ਔਰਤ। ਸੁਰਜਨ ਸਿੰਘ ਪਰਦੇ ਪਿਛਿਓਂ ਦੇਖ ਰਿਹਾ ਸੀ। ਇੰਨੇ ਰੋਅਬ ਵਾਲਾ ਬੰਦਾ ਉਸ ਨੇ ਪਹਿਲਾਂ ਘੱਟ ਹੀ ਦੇਖਿਆ ਸੀ। ਸੁਰਿੰਦਰ ਨੇ ਦਰਵਾਜ਼ਾ ਖੋਹਲਿਆ ਤੇ ਦੋਨਾਂ ਨੂੰ ਫਰੰਟ ਰੂਮ ਤਕ ਲੈ ਗਈ। ਸੁਰਜਨ ਸਿੰਘ ਨੇ ਅਗੇ ਵਧ ਕੇ ਹੱਥ ਮਿਲਾਇਆ ਤੇ ਪਰਕਾਸ਼ ਕੋਰ ਨੇ ਆਈ ਮਹਿਮਾਨ ਔਰਤ ਨੂੰ ਗਲ਼ ਨਾਲ ਲਾ ਕੇ ਸਵਾਗਤ ਕੀਤਾ। ਸੁਰਜਨ ਸਿੰਘ ਨੇ ਸੋਫੇ 'ਤੇ ਬੈਠ ਜਾਣ ਦਾ ਇਸ਼ਾਰਾ ਕੀਤਾ। ਬੈਠਦਿਆਂ ਹੀ ਉਹ ਬੰਦਾ ਬੋਲਿਆ,
"ਜਿਵੇਂ ਮੈਂ ਦਸਿਆ ਸੀ ਕਿ ਮੇਰਾ ਨਾਂ ਇਕਬਾਲ ਸਿੰਘ ਬੱਲ ਐ, ਇਹ ਮੇਰੀ ਪਤਨੀ ਜਗੀਰ ਕੋਰ ਬੱਲ, ...ਗਰੀਨ ਸਰਟ੍ਰੀਟ ਉਪਰ ਮੇਰੀ ਲੈੱਟਿੰਗ ਏਜੰਸੀ ਐ, ਤਿੰਨ ਦੁਕਾਨਾਂ ਹੋਰ ਵੀ ਨੇ। ...ਲੇਬਰ ਪਾਰਟੀ ਦਾ ਇਲੈਕਟਿਡ ਕੌਂਸਲਰ ਵੀ ਆਂ। ਪਿੱਛਿਓਂ ਸਾਡਾ ਪਿੰਡ ਸਠਿਆਲ਼ਾ ਐ, ਅੰਮ੍ਰਿਤਸਰ ਡਿਸਟ੍ਰਿਕ...।"

ਆਪਣੀ ਗੱਲ ਮੁਕਾ ਕੇ ਉਸ ਨੇ ਸੁਰਜਨ ਸਿੰਘ ਤੇ ਪਰਕਾਸ਼ ਕੋਰ ਵਲ ਦੇਖਿਆ। ਉਹ ਹਾਲੇ ਵੀ ਸਵਾਲੀ ਨਜ਼ਰਾਂ ਨਾਲ ਉਸ ਵਲ ਦੇਖੀ ਜਾ ਰਹੇ ਸਨ। ਉਹ ਬੰਦਾ ਫਿਰ ਬੋਲਿਆ,
"ਪਹਿਲਾਂ ਅਸੀਂ ਚਾਹੁੰਦੇ ਸਾਂ ਕਿ ਕਿਸੇ ਹੋਰ ਨੂੰ ਤੁਹਾਡੇ ਵਲ ਭੇਜੀਏ ਪਰ ਫਿਰ ਅਸੀਂ ਹਿੰਮਤ ਕਰਕੇ ਸੋਚਿਆ ਕਿ ਕਿਉਂ ਨਾ ਸਿੱਧੀ ਗੱਲ ਹੀ ਕਰੀਏ।"

ਉਹ ਪਲ ਕੁ ਲਈ ਫਿਰ ਰੁਕਿਆ ਤੇ ਕਹਿਣ ਲਗਿਆ,
"ਵਿਦ ਡਿਊ ਰਿਸਪੈਕਟ, ਸਰਦਾਰ ਜੀ, ਮੈਂ ਤਾਂ ਅਸੀਂ ਤਾਂ ਤੁਹਾਡੇ ਤਕ ਬਹੁਤ ਹੀ ਖਾਸ ਕੰਮ ਆਏ ਆਂ, ਇਕ ਰਿਕੁਐਸਟ ਕਰਨ ਆਏ ਆਂ, ਬਲਕਿ ਕੁਝ ਮੰਗਣ ਆਏ ਆਂ।"
"ਦੱਸੋ ਬੱਲ ਸਾਹਿਬ, ਅਸੀਂ ਤੁਹਾਡੇ ਲਈ ਕੀ ਕਰ ਸਕਦੇ ਆਂ?"
"ਗੱਲ ਇਹ ਚਾਹਲ ਸਾਹਿਬ ਕਿ ਤੁਹਾਡੀ ਲੜਕੀ ਰਣਜੀਤ ਤੇ ਸਾਡਾ ਲੜਕਾ ਪਰਮਜੀਤ ਇਕੱਠੇ ਪੜ੍ਹਦੇ ਆ, ਇਕ ਦੂਜੇ ਨੂੰ ਜਾਣਦੇ ਵੀ ਐ, ਹੁਣ ਤੁਸੀਂ ਸਮਝ ਗਏ ਹੋਵੋਂਗੇ ਕਿ ਅਸੀਂ ਕੀ ਮੰਗਣ ਆਏ ਆਂ।"

ਸੁਰਜਨ ਸਿੰਘ ਤੇ ਪਰਕਾਸ਼ ਕੋਰ ਇਕ ਦੂਜੇ ਵਲ ਦੇਖਣ ਲਗੇ। ਜੂਸ ਲੈ ਕੇ ਆਈ ਸੁਖਵੀਰ ਹੈਰਾਨ ਹੋਈ ਖੜੀ ਸੀ। ਸੁਰਜਨ ਸਿੰਘ ਨੂੰ ਉਹਨਾਂ ਦਾ ਇੰਨਾ ਹੌਸਲਾ ਚੰਗਾ ਵੀ ਲਗਿਆ ਪਰ ਅਜੀਬ ਵੀ। ਉਸ ਨੇ ਆਖਿਆ,
"ਬੱਲ ਸਾਹਿਬ, ਸਾਡੀ ਕੁੜੀ ਤਾਂ ਮੰਗੀ ਹੋਈ ਐ।"
"ਸਾਨੂੰ ਪਤਾ ਐ ਭਰਾ ਜੀ।"

ਇਸ ਵਾਰ ਜਗੀਰ ਕੋਰ ਬੋਲੀ। ਸੁਰਜਨ ਸਿੰਘ ਸਮਝ ਗਿਆ ਕਿ ਗੱਲ ਜ਼ਰੂਰ ਕੋਈ ਖਾਸ ਹੋਵੇਗੀ ਜਿਹੜਾ ਇਹਨਾਂ ਨੇ ਇਥੇ ਤਕ ਪਹੁੰਚ ਕੀਤੀ ਹੈ। ਉਹ ਬੋਲਿਆ,
"ਫਿਰ ਵੀ ਤੁਸੀਂ..., ਮੇਰਾ ਮਤਲਬ ਕਿ ਮੰਗੀ ਹੋਈ ਸਾਡੀ ਕੁੜੀ ਦੇ ਰਿਸ਼ਤੇ ਲਈ ਕਿਉਂ ਆਏ ਹੋ?"
"ਇਹਦਾ ਕਾਰਣ ਐ ਜੀ ਕਿ ਕੁੜੀ-ਮੁੰਡਾ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਆ, ਪਰਮਜੀਤ ਸਾਡਾ ਇਕਲੌਤਾ ਪੁੱਤਰ ਐ, ਉਹਦੀ ਖੁਸ਼ੀ ਲਈ ਅਸੀਂ ਕੁਝ ਵੀ ਕਰ ਸਕਦੇ ਆਂ।"

ਇਕਬਾਲ ਸਿੰਘ ਨੇ ਸਹਿਜ ਨਾਲ ਕਿਹਾ। ਉਸ ਤੋਂ ਬਾਅਦ ਜਗੀਰ ਕੋਰ ਬੋਲੀ,
"ਸਾਨੂੰ ਪਤੈ ਕਿ ਤੁਹਾਨੂੰ ਸਾਡਾ ਇਵੇਂ ਆਉਣਾ ਚੰਗਾ ਨਹੀਂ ਲਗਿਆ ਹੋਣਾਂ ਪਰ ਕੀ ਕਰੀਏ, ਪੁੱਤਰ ਦੀ ਖਾਤਰ ਸਾਨੂੰ ਆਪ ਹੀ ਆਉਣਾ ਪਿਆ, ਅਸਲ ਵਿਚ ਇਹ ਮੁੰਡੇ-ਕੁੜੀ ਦਾ ਸਾਂਝਾ ਫੈਸਲਾ ਐ।"

www.PunjabiLibrary.com

ਸੁਰਜਨ ਸਿੰਘ ਤੇ ਪਰਕਾਸ਼ ਕੋਰ ਹਾਲੇ ਵੀ ਝਟਕੇ ਦੇ ਅਸਰ ਹੇਠ ਸਨ। ਇਕਬਾਲ ਸਿੰਘ ਨੇ ਜੇਬ੍ਹ ਵਿਚੋਂ ਇਕ ਕਾਰਡ ਕੱਢਿਆ ਤੇ ਸੁਰਜਨ ਸਿੰਘ ਨੂੰ ਦਿੰਦਿਆਂ ਕਿਹਾ,

"ਇਹ ਮੇਰਾ ਕਾਰਡ ਐ, ਉਸ ਇਲਾਕੇ ਵਿਚੋਂ ਕਿਸੇ ਤੋਂ ਵੀ ਸਾਡੇ ਬਾਰੇ, ਸਾਡੇ ਮੁੰਡੇ ਬਾਰੇ ਪੁੱਛ ਸਕਦੇ ਓ, ਕਾਰਡ ਦੇ ਪਿੱਛੇ ਮੈਂ ਆਪਣਾ ਇੰਡੀਆ ਦਾ ਪਤਾ ਵੀ ਲਿਖ ਦਿਤਾ ਐ, ਕੋਈ ਕਿਸੇ ਕਿਸਮ ਦੀ ਪੁੱਛਗਿੱਛ ਕਰਨੀ ਹੋਵੇ ਤਾਂ...।"

ਆਪਣੀ ਗੱਲ ਮੁਕਾ ਕੇ ਉਸ ਨੇ ਆਪਣੀ ਪਤਨੀ ਵਲ ਦੇਖਿਆ ਤੇ ਆਪ ਉਠਣ ਦੀ ਤਿਆਰੀ ਕਰਨ ਲਗਿਆ। ਜਗੀਰ ਕੋਰ ਪਰਕਾਸ਼ ਕੋਰ ਨੂੰ ਕਹਿਣ ਲਗੀ,

"ਭੈਣ ਜੀ, ਅਸੀਂ ਐਵੇਂ ਨਹੀਂ ਉਠ ਕੇ ਆਏ, ਸਾਨੂੰ ਪਤਾ ਸੀ ਕਿ ਤੁਹਾਡੀ ਬੇਟੀ ਸ਼ਾਇਦ ਹੀ ਤੁਹਾਡੇ ਨਾਲ ਆਪ ਗੱਲ ਕਰ ਸਕੇ। ...ਤੁਸੀਂ ਰਣਜੀਤ ਨੂੰ ਕੋਲ ਬੈਠਾ ਕੇ ਸਾਰੀ ਗੱਲ ਕਰੋ, ਫਿਰ ਜੋ ਵੀ ਤੁਹਾਡਾ ਇਰਾਦਾ ਹੋਵੇ ਸਾਨੂੰ ਫੋਨ ਕਰ ਦਿਓ।"

ਉਹ ਦੋਵੇਂ ਉਠ ਖੜੇ ਤੇ ਸਤਿ ਸ੍ਰੀ ਆਕਾਲ ਬੁਲਾ ਕੇ ਤੁਰਦੇ ਬਣੇ। ਸੁਰਜਨ ਸਿੰਘ ਉਹਨਾਂ ਨੂੰ ਬਾਹਰ ਤਕ ਛੱਡਣ ਗਿਆ ਪਰ ਹਾਲੇ ਵੀ ਉਸ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਉਹ ਵਾਪਸ ਫਰੰਟ ਰੂਮ ਵਿਚ ਆਇਆ ਤਾਂ ਪਰਕਾਸ਼ ਕੋਰ, ਸੁਖਵੀਰ ਤੇ ਸੁਰਿੰਦਰ ਬੈਠੀਆਂ ਉਸ ਵਲ ਸਵਾਲੀਆ ਨਜ਼ਰਾਂ ਨਾਲ ਦੇਖ ਰਹੀਆਂ ਸਨ। ਸੁਰਜਨ ਸਿੰਘ ਨੇ ਕੜਕਵੀਂ ਆਵਾਜ਼ ਵਿਚ ਕਿਹਾ,

"ਰਾਣੀ ਨੂੰ ਸੱਦੋ ਜ਼ਰਾ।"

ਸੁਰਿੰਦਰ ਤੇ ਸੁਖਵੀਰ ਡਰ ਗਈਆਂ। ਪਰਕਾਸ਼ ਕੋਰ ਬੋਲੀ,

"ਜੀ, ਜੁਆਨ ਕੁੜੀ ਐ, ਜ਼ਰਾ ਸ਼ਾਂਤੀ ਤੋਂ ਕੰਮ ਲਓ।"

ਸੁਰਿੰਦਰ ਰਣਜੀਤ ਨੂੰ ਸੱਦ ਲਿਆਈ। ਉਹ ਡਰਦੀ ਡਰਦੀ ਬਾਹਾਂ ਛਾਤੀ ਵਿਚ ਦੇਈ ਫਰੰਟ ਰੂਮ ਵਿਚ ਆਈ। ਸੁਰਜਨ ਸਿੰਘ ਨੇ ਦਬਕਾ ਮਾਰ ਕੇ ਪੁੱਛਿਆ,

"ਇਹ ਸਭ ਕੀ ਐ?"

"ਡੈਡ, ਆਏ ਵਿਲ ਡੂ ਵੱਟਐਵਰ ਯੂ ਸੇ, ...ਬੱਟ ਆਏ ਡੌਂਟ ਲਾਏਕ ਬੁਆਏ ਫਰੌਮ ਇੰਡੀਆ!"

ਗੱਲ ਮੁਕਾ ਉਸ ਸਿਸਕਣ ਲਗ ਪਈ। ਪਰਕਾਸ਼ ਕੋਰ ਨੇ ਕਿਹਾ,

"ਤੈਨੂੰ ਪਤਾ, ਤੇਰੀ ਮੰਗਣੀ ਹੋ ਚੁਕੀ ਐ!"

"ਹਾਂ ਮੰਮੀ, ਬੱਟ ਮੈਂ ਓਨੂੰ ਨਈਂ ਜਾਨਦੀ, ਮੈਨੂੰ ਨਹੀਂ ਪਸੰਦ ਓਹ...।"

ਕਹਿੰਦੀ ਉਹ ਮਾਂ ਦੇ ਗਲ਼ ਲਗ ਕੇ ਰੋਣ ਲਗ ਪਈ। ਉਸ ਨੂੰ ਰੋਂਦਿਆਂ ਦੇਖ ਕੇ ਸੁਰਜਨ ਸਿੰਘ ਦਾ ਗੁੱਸਾ ਕਿਧਰੇ ਦਾ ਕਿਧਰ ਹਵਾ ਹੋ ਗਿਆ। ਉਹ ਖਿਝਦਾ ਜਿਹਾ ਬੋਲਿਆ

"ਚੁੱਪ ਕਰ ਹੁਣ, ਡੌਂਟ ਕਰਾਈ, ਪਹਿਲਾਂ ਕਿਉਂ ਨਈਂ ਕਿਹਾ? ...ਜਾਹ ਵੀਰਾਂ ਏਹਨੂੰ ਉਪਰ ਈ ਲੈ ਜਾ।"

ਆਖ ਕੇ ਸੁਰਜਨ ਸਿੰਘ ਨੇ ਅੱਖਾਂ ਮੀਟ ਲਈਆਂ। ਪਰਕਾਸ਼ ਕੋਰ ਉਸ ਦੇ ਨੇੜੇ ਹੁੰਦੀ ਬੋਲੀ,

"ਜੀ, ਹੁਣ?"

"ਹੁਣ ਕੀ! ...ਪਹਿਲਾਂ ਮਰਦੀ, ਬੋਲਦੀ ਤਾਂ ਗੱਲ ਏਥੇ ਤਕ ਨਾ ਪਹੁੰਚਦੀ, ਹੁਣ ਗੁਰਜੰਟ ਨੂੰ ਕਿਹੜੇ ਮੂੰਹ ਨਾਲ ਜਵਾਬ ਦੇਵਾਂਗੇ।"

"ਡੈਡ, ਉਹਨੂੰ ਸਿੱਧਿਆਂ ਕਹਿ ਦਿੰਨੇ ਆਂ, ਅਸੀਂ ਗੁਰਜੰਟ ਭਾਜੀ ਦੇ ਗੁਲਾਮ ਆਂ ਕੋਈ?"

ਪਿਓ ਦਾ ਬਦਲਿਆ ਰੌਂਅ ਦੇਖ ਕੇ ਸੁਰਿੰਦਰ ਹੁਣ ਹੁਸ਼ਿਆਰ ਹੋ ਗਈ। ਰਣਜੀਤ ਨਾਲ ਉਸ ਨੂੰ ਹਮਦਰਦੀ ਸੀ। ਗੁਰਜੰਟ ਤੋਂ ਤਾਂ ਉਹ ਤਾਲਾਕ ਲਈ ਕਾਹਲੀ ਕਰਨ ਕਰਕੇ ਔਖੀ ਵੀ ਸੀ। ਜਦ ਤਕ ਸੁਖਵੀਰ ਵੀ ਵਾਪਸ ਆ ਕੇ ਉਹਨਾਂ ਵਿਚ ਸ਼ਾਮਲ ਹੋ ਗਈ ਤੇ ਬੋਲੀ,

"ਟੈੱਲ ਹਿੰਮ ਸਟਰੇਟਵੇਅ, ...ਰਾਣੀ ਖੁਸ਼, ਅਸੀਂ ਖੁਸ਼।"

ਸੁਰਜਨ ਸਿੰਘ ਚੁੱਪ ਬੈਠਾ ਸੀ। ਪਰਕਾਸ਼ ਕੋਰ ਨੇ ਪਤੀ ਨੂੰ ਸੋਚਾਂ ਵਿਚ ਪਏ ਦੇਖ ਕੇ ਧੀਆਂ ਨੂੰ ਕਿਹਾ,

"ਕੁੜੀਏ, ਮੁਕਾਓ ਕੰਮ, ਨਾਲ਼ੇ ਦੇਖੋ ਅੰਮ੍ਰਿਤ ਢੰਗ ਨਾਲ਼ ਸੁਤੀ ਐ ਕਿ ਨਈਂ।"

ਸੁਰਜਨ ਸਿੰਘ ਇਕ ਅਜੀਬ ਜਿਹੇ ਸਕੂਨ ਵਿਚ ਦੀ ਲੰਘ ਰਿਹਾ ਸੀ। ਰਣਜੀਤ ਦਾ ਆਪਣੇ ਲਈ ਇਵੇਂ ਮੁੰਡਾ ਲੱਭ ਲੈਣਾ ਉਹ ਨੂੰ ਚੰਗਾ ਲਗ ਰਿਹਾ ਸੀ। ਉਸ ਨੇ ਇਕਬਾਲ ਸਿੰਘ ਬਾਰੇ ਸਭ ਪਤਾ ਲਗਾ ਲਿਆ। ਸ਼ਿਵਰਾਜ ਦਾ ਉਹ ਚੰਗੀ ਤਰ੍ਹਾਂ ਜਾਣੂ ਸੀ। ਸ਼ਿਵਰਾਜ ਦੀ ਭੈਣ ਸਠਿਆਲੇ ਵਿਆਹੀ ਹੋਣ ਕਰਕੇ ਉਹ ਉਸ ਦੇ ਸਾਰੇ ਪਰਿਵਾਰ ਦਾ ਹੀ ਵਾਕਫ ਸੀ। ਸੁਰਿੰਦਰ ਤੇ ਸੁਖਵੀਰ ਕਾਲਜ ਦੇ ਬਾਹਰ ਖੜ ਕੇ ਪਰਮਜੀਤ ਨੂੰ ਦੇਖ ਆਈਆਂ ਸਨ। ਉਹ ਮੁੰਡੇ ਦੀਆਂ ਬਹੁਤ ਤਰੀਫਾਂ ਕਰ ਰਹੀਆਂ ਸਨ। ਸੁਰਜਨ

ਸਿੰਘ ਨੂੰ ਸਕੂਨ ਇਸ ਗੱਲ ਦਾ ਸੀ ਕਿ ਪਰਮਜੀਤ ਇਥੇ ਹੀ ਪਲ਼ਿਆ, ਵੱਡਾ ਹੋਇਆ ਸੀ ਇਸ ਕਰਕੇ ਉਸ ਨੂੰ ਔਰਤ ਦੇ ਬਰਾਬਰ ਦੇ ਹੱਕਾਂ ਦਾ ਅਹਿਸਾਸ ਹੋਵੇਗਾ। ਉਸ ਵਿਚ ਇੰਡੀਅਨ ਮੁੰਡਿਆਂ ਵਾਲੇ ਨੁਕਸ ਨਹੀਂ ਹੋਣਗੇ। ਕੁਝ ਕੁ ਦਿਨ ਹੀ ਲੰਘੇ ਸਨ ਕਿ ਇਕਬਾਲ ਸਿੰਘ ਬੱਲ ਦਾ ਫੋਨ ਆ ਗਿਆ। ਪੁੱਛਣ ਲਗਿਆ,

"ਚਾਹਲ ਸਾਹਿਬ, ਕੀ ਫੈਸਲਾ ਕੀਤੈ?"

"ਬੱਲ ਸਾਹਿਬ, ਬੱਚਿਆਂ ਦੇ ਫੈਸਲੇ ਤੋਂ ਵੱਡਾ ਫੈਸਲਾ ਕਿਹੜਾ ਹੋ ਸਕਦੈ ਪਰ ਅਸੀਂ ਜ਼ਰਾ ਮੁਸੀਬਤ ਵਿਚ ਦੀ ਲੰਘ ਰਹੇ ਆਂ ਕਿ ਕੁੜੀ ਸਾਡੇ ਜੁਆਈ ਦੇ ਭਰਾ ਨੂੰ ਹੀ ਮੰਗੀ ਸੀ।"

"ਸਾਨੂੰ ਪਤਾ ਐ ਜੀ, ਸਾਨੂੰ ਫੀਲ ਹੋ ਰਿਹੈ ਕਿ ਇਹ ਮਾਮਲਾ ਬਹੁਤ ਨਾਜ਼ਕ ਐ, ਇਸ ਲਈ ਅਸੀਂ ਤੁਹਾਡੇ ਤਕ ਪਹੁੰਚ ਨਹੀਂ ਸੀ ਕਰਨੀ ਚਾਹੁੰਦੇ ਪਰ ਅਸੀਂ ਇਹ ਵੀ ਸਮਝਦੇ ਆਂ ਕਿ ਦੋਵੇਂ ਬੱਚੇ ਇਕ ਦੂਜੇ ਨਾਲ਼ ਬਹੁਤ ਖੁਸ਼ ਹੈਗੇ ਆ...।"

"ਬੱਲ ਸਾਹਿਬ, ਅਸੀਂ ਇਸ ਉਪਰ ਵਰਕ ਕਰ ਰਹੇ ਆਂ, ਅਸੀਂ ਕੋਈ ਰਾਹ ਲੱਭ ਰਹੇ ਆਂ ਕਿ ਜਵਾਬ ਕਿਵੇਂ ਦਿਤਾ ਜਾਵੇ।"

"ਠੀਕ, ਜੇ ਮੇਰੀ ਕੋਈ ਲੋੜ ਹੋਈ ਤਾਂ ਦੱਸਣਾ।"

ਸੁਰਜਨ ਸਿੰਘ ਨੇ ਫਤਿਹ ਬੁਲਾ ਕੇ ਫੋਨ ਰੱਖ ਦਿਤਾ। ਗੁਰਜੰਟ ਨੂੰ ਰਿਸ਼ਤੇ ਤੋਂ ਜਵਾਬ ਦੇਣਾ ਸੱਚ ਹੀ ਉਸ ਸਾਹਮਣੇ ਬਹੁਤ ਵੱਡਾ ਮਸਲਾ ਸੀ। ਹਰ ਸ਼ਾਮ ਸਾਰਾ ਟੱਬਰ ਇਕੱਠਾ ਹੋ ਜਾਂਦਾ ਤੇ ਇਸ ਬਾਰੇ ਵਿਚਾਰ ਕਰਨ ਲਗਦਾ। ਪਰਕਾਸ਼ ਕੋਰ ਕਹਿੰਦੀ,

"ਰਾਣੀ ਮਰਜਾਣੀ ਨੇ ਨਵੀਂ ਈ ਮੁਸੀਬਤ ਖੜੀ ਕਰ ਦਿਤੀ, ਹੁਣ ਕੀ ਕਰੀਏ?"

ਸੁਖਵੀਰ ਰਣਜੀਤ ਨਾਲ ਖੜ੍ਹਦੀ ਹੋਈ ਬੋਲਦੀ,

"ਠੀਕ ਕੀਤਾ ਰਾਣੀ ਨੇ, ਜੇ ਮੈਂ ਵੀ ਨਾਂਹ ਕਰ ਦਿਤੀ ਹੁੰਦੀ ਤਾਂ ਆਹ ਦਿਨ ਨਾ ਦੇਖਣ ਨੂੰ ਮਿਲਦੇ।"

"ਪਹਿਲਾਂ ਮਰਦੀ, ਦਸਦੀ!"

"ਹੁਣ ਵੀ ਕੀ ਵਿਗੜਿਆ! ...ਘੱਟੋ-ਘੱਟੇ ਰਾਣੀ ਤਾਂ ਖੁਸ਼ ਰਹੂ।"

ਸੁਰਿੰਦਰ ਆਪਣੀ ਰਾਏ ਦਿੰਦੀ। ਪਰਕਾਸ਼ ਕੋਰ ਸੁਰਜਨ ਸਿੰਘ ਨੂੰ ਕਹਿੰਦੀ,

"ਜੀ, ਦੇਖੋ ਤਾਂ ਉਹ ਹਰੇ ਵੇਲੇ ਕਿੱਦਾਂ ਤੁਹਾਡਾ ਦਮ ਭਰਦਾ ਰਹਿੰਦੈ।"

"ਸਭ ਰਿਸ਼ਤੇ ਕਰਕੇ ਈ ਐ, ਪਹਿਲਾਂ ਨਈਂ ਕਦੇ ਭਰਿਆ, ਇਹ ਤਾਂ ਇਹਦਾ ਪਿਓ ਆ ਕੇ ਇਹਦੇ ਕੰਨ ਵਿਚ ਫੂਕ ਮਾਰ ਗਿਆ ਸੀ। ਹੁਣ ਜਦੋਂ ਰਿਸ਼ਤੇ ਨੂੰ ਜਵਾਬ ਦੇਣਾਂ ਤਾਂ ਉਹਦੇ ਤੇਵਰ ਦੇਖੀਂ!"

"ਤੇਵਰ ਕੀ ਦੇਖਣੇ ਆਂ ਡੈਡ, ਸਾਡੀ ਕੁੜੀ, ਜਿਥੇ ਮਰਜ਼ੀ ਰਿਸ਼ਤਾ ਕਰੀਏ।"

ਸੁਰਿੰਦਰ ਆਖਦੀ। ਵੱਡੀ ਗੁਰਿੰਦਰ ਨੂੰ ਇਸ ਦਾ ਪਤਾ ਚਲਿਆ ਤਾਂ ਉਹ ਵੀ ਸਭ ਨਾਲ ਸਹਿਮਤ ਸੀ। ਗੁਰਿੰਦਰ ਰਾਹੀਂ ਹੀ ਗੱਲ ਦਿਲਬਾਗ ਤਕ ਵੀ ਪੁੱਜ ਗਈ। ਉਹ ਭੱਜਿਆ ਹੋਇਆ ਆਇਆ ਤੇ ਸਲਾਹ ਦੇਣ ਲਗਿਆ,

"ਮੰਮੀ, ਇਹ ਕੁੜੀਆਂ ਮੇਰੀਆਂ ਭੈਣਾਂ ਐ ਭੈਣਾਂ, ਰਣਜੀਤ ਨੂੰ ਤਾਂ ਮੈਂ ਨਿਕੀ ਜਿਹੀ ਨੂੰ ਖਿਡਾਇਐ, ਇਹਦੀ ਮਰਜ਼ੀ ਤੋਂ ਬਿਨਾਂ ਕਿਤੇ ਰਿਸ਼ਤਾ ਨਈਂ ਹੋਣਾ ਚਾਹੀਦਾ, ਜੇ ਉਹ ਸਾਲ਼ਾ ਭੰਡ ਤੁਹਾਨੂੰ ਕੁਝ ਕਹੇ ਤਾਂ ਮੈਨੂੰ ਇਕ ਦਮ ਫੋਨ ਕਰ ਦਿਓ, ਮੈਂ ਆਪੇ ਦੇਖ ਲਊਂ ਓਹਨੂੰ।"

ਦਿਲਬਾਗ ਦੀ ਗੱਲ ਨਾਲ ਸੁਰਿੰਦਰ ਤੇ ਸੁਖਵੀਰ ਹੌਂਸਲੇ ਵਿਚ ਆ ਗਈਆਂ। ਸੁਰਜਨ ਸਿੰਘ ਨੂੰ ਪਤਾ ਚਲਿਆ ਤਾਂ ਬੋਲਿਆ,

"ਦਿਲਬਾਗ ਨੂੰ ਏਸ ਮਾਮਲੇ ਤੋਂ ਬਾਹਰ ਈ ਰੱਖੋ, ਉਹਨੇ ਗੱਲ ਹੋਰ ਵਿਗਾੜ ਦੇਣੀ ਐਂ।"

"ਜੀ, ਬਲਜਿੰਦਰ ਨੂੰ ਬਹੁਤ ਔਖਾ ਹੋ ਜਾਣੈਂ, ਏਸ ਨਿਕਰਮੇ ਨੇ ਫੇਰ ਪਹਿਲੇ ਵਾਲੀਆਂ ਹਰਕਤਾਂ ਕਰਨ ਲਗ ਪੈਣਾਂ।"

"ਬੁੜ੍ਹੀਏ, ਹੁਣ ਕਰੀਏ ਵੀ ਕੀ, ਜਾਂ ਬਲਜਿੰਦਰ ਔਖੀ ਹੋਊ ਜਾਂ ਫੇਰ ਰਾਣੀ, ਅਸੀਂ ਤਾਂ ਹੋਣਾ ਹੀ ਹੋਇਆ।"

ਸੁਰਜਨ ਸਿੰਘ ਨੇ ਸੋਚਾਂ ਵਿਚੋਂ ਨਿਕਲਦਿਆਂ ਆਖਿਆ। ਅਜ ਗੁਰਜੰਟ ਆਇਆ ਤਾਂ ਉਹ ਉਸ ਕੋਲ ਪਹਿਲਾਂ ਵਾਂਗ ਬਹੁਤੀ ਦੇਰ ਬੈਠ ਨਹੀਂ ਸੀ ਸਕਿਆ। ਉਹ ਕੀ ਕਿਸੇ ਨੇ ਵੀ ਗੁਰਜੰਟ ਨਾਲ ਪਹਿਲਾਂ ਜਿਹੀ ਗੱਲ ਨਹੀਂ ਸੀ ਕੀਤੀ। ਉਹ ਆਇਆ ਤਾਂ ਫਰੰਟ ਰੂਮ ਵਿਚ ਬੈਠ ਗਿਆ। ਪਹਿਲਾਂ ਕੋਈ ਨਾ ਕੋਈ ਉਸ ਕੋਲ ਜਾ ਬੈਠਿਆ ਕਰਦਾ ਸੀ ਪਰ ਅਜ ਕੋਈ ਨਾ ਆਇਆ ਤੇ ਉਹ ਇਕੱਲਾ ਹੀ ਬੈਠਾ ਟੈਲੀ ਦੇਖਦਾ ਰਿਹਾ। ਕੁਝ ਦੇਰ ਬਾਅਦ ਪਰਕਾਸ਼ ਕੋਰ ਆਈ ਪਰ ਉਸ ਦੀਆਂ ਗੱਲਾਂ ਵੀ ਰੁੱਖੀਆਂ ਸਨ। ਦੋ ਕੁ ਵਾਰ ਇਵੇਂ ਹੀ ਹੋਇਆ ਤਾਂ ਗੁਰਜੰਟ ਦਾ ਚਲਾਕ ਦਿਮਾਗ ਕੁਝ ਕੁਝ ਸਮਝਣ ਲਗ ਪਿਆ। ਉਸ ਨੇ ਬਲਜਿੰਦਰ ਨਾਲ ਗੱਲ ਕੀਤੀ ਪਰ ਬਲਜਿੰਦਰ ਨੇ ਕਿਸੇ ਵੀ ਗੱਲ ਤੋਂ ਜਾਣੂ ਹੋਣ ਤੋਂ ਇਨਕਾਰ ਕਰ ਦਿਤਾ।

ਬਲਜਿੰਦਰ ਨੂੰ ਤਾਂ ਪਹਿਲੇ ਦਿਨ ਹੀ ਸਾਰੀ ਗੱਲ ਦਾ ਪਤਾ ਚਲ ਗਿਆ ਸੀ। ਜਦ ਪਰਕਾਸ਼ ਕੋਰ ਨੇ ਉਸ ਦਾ ਫਿਕਰ ਕੀਤਾ ਸੀ ਤਾਂ ਉਹ ਨੇ ਕਿਹਾ ਸੀ,

www.PunjabiLibrary.com

"ਮੰਮੀ, ਮੇਰਾ ਫਿਕਰ ਨਾ ਕਰ, ਮੈਨੂੰ ਪਤੈ ਮੈਨੂੰ ਇਹਨੇ ਬਹੁਤ ਤੰਗ ਕਰਨੈ ਪਰ ਮੈਂ ਰਾਣੀ ਦੀਆਂ ਖੁਸ਼ੀਆਂ ਦੀ ਕੀਮਤ 'ਤੇ ਆਪਣੀ ਖੁਸ਼ੀ ਨਹੀਂ ਖਰੀਦਣੀ ਚਾਹੁੰਦੀ।"

ਗੁਰਜੰਟ ਦਾ ਚੰਗਾ ਜਿਹਾ ਮਿਜ਼ਾਜ ਦੇਖ ਇਕ ਦਿਨ ਬਲਜਿੰਦਰ ਨੇ ਕਿਹਾ,

"ਮੈਨੂੰ ਲਗਦਾ ਕਿ ਰਾਣੀ ਇਸ ਰਿਸ਼ਤੇ ਲਈ ਮੰਨ ਨਈਂ ਰਹੀ।"

ਗੱਲ ਸੁਣ ਕੇ ਗੁਰਜੰਟ ਇਕ ਦਮ ਚੁੱਪ ਕਰ ਗਿਆ। ਪਿਛਲੇ ਦਿਨਾਂ ਵਿਚ ਸੁਹਰੇ ਘਰ ਵਿਚ ਅਣਗੌਲੇ ਜਾਣ ਦਾ ਕਾਰਣ ਵੀ ਹੁਣ ਸਾਫ ਹੋ ਰਿਹਾ ਸੀ। ਕੁਝ ਦੇਰ ਬਾਅਦ ਉਸ ਨੇ ਪੁੱਛਿਆ,

"ਤੈਨੂੰ ਕਿਹਨੇ ਕਿਹਾ?"

"ਮੰਮੀ ਨੇ।"

"ਦੇਅ 'ਰ ਬਾਸਟ੍ਰਡਜ਼!"

"ਤੁਸੀਂ ਉਹਨਾਂ ਨੂੰ ਗਾਲ੍ਹ ਕਿਉਂ ਦਿੰਨੇ ਆਂ?"

"ਹੋਰ ਮੈਂ ਉਹਨਾਂ ਨੂੰ ਦੁੱਧ ਦਾ ਗਲਾਸ ਦੇਵਾਂ?"

ਕਹਿੰਦਾ ਉਹ ਉਠ ਖੜਿਆ ਤੇ ਕਮਰੇ ਵਿਚ ਘੁੰਮਣ ਲਗਿਆ। ਉਸ ਨੇ ਫਿਰ ਪੁੱਛਿਆ,

"ਮੰਨਦੀ ਕਿਉਂ ਨਈਂ?"

"ਪਤਾ ਨਈਂ, ...ਸ਼ਾਇਦ ਕਹਿੰਦੀ ਹੋਵੇ ਕਿ ਇੰਡੀਆ ਦੇ ਮੁੰਡੇ ਰਾਜੂ ਵਰਗੇ ਈ ਹੁੰਦੇ ਆ।"

"ਵੌਟ ਏ ਨੌਨਸੈਂਸ! ...ਹੁਣ ਏਨੀ ਦੇਰ ਬਾਅਦ ਇਹ ਗੱਲ ਚੇਤੇ ਆਈ। ...ਪਹਿਲਾਂ ਕਿੱਥੇ ਗਈ ਹੋਈ ਸੀ ਜਦ ਰਿਸ਼ਤਾ ਹੋਇਆ! ...ਏਹਦੇ ਪਿੱਛੇ ਕੋਈ ਸਾਜ਼ਿਸ਼ ਏ।"

"ਕਾਹਦੀ ਸਾਜ਼ਿਸ਼, ਜੇ ਕੁੜੀ ਨਈਂ ਮੰਨਦੀ ਤਾਂ ਕੋਈ ਕੀ ਕਰ ਸਕਦੈ!"

"ਕੁੜੀ ਨੇ ਨਈਂ ਸੀ ਮੰਨਣਾਂ ਤਾਂ ਪਹਿਲਾਂ ਨਾਂਹ ਕਰਦੀ, ਐਨੀ ਦੇਰ ਬਾਅਦ ਕਿਉਂ, ...ਐਕਣ ਨਈਂ ਹੋਣ ਦਿੰਦਾ ਮੈਂ, ਮੈਂ ਦੇਖਦਾਂ ਕਿਕੂੰ ਮੁਕਰਦੇ ਨੇ ਸਾਲ਼ੇ!"

ਉਹ ਗਾਲ਼ਾਂ ਕੱਢਦਾ ਉਠ ਕੇ ਤੁਰ ਪਿਆ। ਉਸ ਦੇ ਕਾਰ ਵਿਚ ਬੈਠਣ ਤਕ ਬਲਜਿੰਦਰ ਨੇ ਫੋਨ ਕਰਕੇ ਮੰਮੀ ਨੂੰ ਸਾਰੀ ਗੱਲ ਦਸ ਦਿਤੀ ਸੀ। ਜਦ ਪਤਾ ਚਲਿਆ ਕਿ ਉਹ ਬਹੁਤ ਗੁੱਸੇ ਵਿਚ ਆ ਰਿਹਾ ਹੈ ਤਾਂ ਪਰਕਾਸ਼ ਕੋਰ ਡਰਦੀ ਹੋਈ ਸੁਰਿੰਦਰ ਨੂੰ ਕਹਿਣ ਲਗੀ,

"ਤੇਰੇ ਡੈਡੀ ਵੀ ਘਰ ਨਈਂ, ਗੁਰਜੰਟ ਕਿਤੇ ਰਾਣੀ ਨੂੰ ਈ ਕੁਝ ਨਾ ਕਹੇ।"

"ਹੂ 'ਜ ਹੀ? ...ਉਹ ਕੌਣ ਹੁੰਦੈ ਰਾਣੀ ਨੂੰ ਕੁਝ ਕਹਿਣ ਵਾਲ਼ਾ? ਔਣ ਦੇ ਜ਼ਰਾ, ਮੈਂ ਦੇਖਦੀ ਆਂ ਉਹਨੂੰ! ...ਲੋਕ ਵੀ ਡਰਦਿਆਂ ਨੂੰ ਡਰਾਉਂਦੇ ਆ।"

ਸੁਰਿੰਦਰ ਪੂਰੇ ਗੁੱਸੇ ਵਿਚ ਬੋਲੀ। ਫਿਰ ਉਹ ਸੁਖਵੀਰ ਨੂੰ ਆਖਣ ਲਗੀ,

"ਜੇ ਗੁਰਜੰਟ ਭਾਜੀ ਕਿਸੇ 'ਤੇ ਵੀ ਹੱਥ ਚੁੱਕੇ ਤਾਂ ਇਕ ਦਮ ਪੈ ਜਾਣਾ, ਸਿੱਧੀਆਂ ਮੂੰਹ ਤੇ ਚੁਪੇੜਾਂ...।"

ਸੁਖਵੀਰ ਨੇ 'ਹਾਂ' ਵਿਚ ਸਿਰ ਮਾਰਿਆ। ਰਾਜੂ ਨਾਲ ਦੋ ਕੁ ਵਾਰ ਲੜ੍ਹ ਕੇ ਉਹਨਾਂ ਦਾ ਤਜੁਰਬਾ ਹੋ ਚੁੱਕਿਆ ਸੀ। ਉਹਨਾਂ ਨੇ ਰਣਜੀਤ ਨੂੰ ਉਸ ਦੇ ਕਮਰੇ ਵਿਚ ਭੇਜ ਦਿਤਾ ਤੇ ਆਪ ਫਰੰਟ ਰੂਮ ਵਿਚ ਕੇ ਗੁਰਜੰਟ ਦੀ ਉਡੀਕ ਕਰਨ ਲਗੀਆਂ।

ਗੁਰਜੰਟ ਘਰੋਂ ਤਾਂ ਬਹੁਤ ਚੜ੍ਹਾਈ ਨਾਲ ਨਿਕਲਿਆ ਸੀ ਪਰ ਕਾਰ ਵਿਚ ਬੈਠ ਕੇ ਸੋਚਣ ਲਗਿਆ ਕਿ ਉਸ ਦਾ ਗੁੱਸਾ ਤਾਂ ਗੱਲ ਨੂੰ ਹੋਰ ਵੀ ਖਰਾਬ ਕਰ ਦੇਵੇਗਾ। ਹਾਲੇ ਤਾਂ ਕੁੜੀ ਹੀ ਇਨਕਾਰ ਕਰ ਰਹੀ ਹੈ, ਸੁਰਜਨ ਸਿੰਘ ਨੇ ਤਾਂ ਹਾਲੇ ਕੁਝ ਨਹੀਂ ਕਿਹਾ। ਜੇ ਉਹ ਸ਼ਾਂਤੀ ਰੱਖੇਗਾ ਤਾਂ ਸ਼ਾਇਦ ਹਾਲੇ ਵੀ ਸਭ ਠੀਕ ਹੋ ਜਾਵੇ। ਉਹ ਆਪਣੇ ਨੂੰ ਸ਼ਾਂਤ ਕਰਨ ਲਗਿਆ। ਉਸ ਨੂੰ ਹੈਰਾਨੀ ਸੀ ਕਿ ਦੋ ਸਾਲ ਬਾਅਦ ਰਣਜੀਤ ਨੂੰ ਨਾਂਹ ਕਰਨ ਦੀ ਕੀ ਸੁੱਝੀ। ਦੋ ਸਾਲ ਤਕ ਉਹ ਚੁੱਪ ਕਿਉਂ ਰਹੀ। ਪਿਛਲੇ ਦੋ ਸਾਲ ਵਿਚ ਉਸ ਨੇ ਰਣਜੀਤ ਨੂੰ ਖੁਸ਼ ਰੱਖਣ ਲਈ ਲੋਹੜੇ ਦੇ ਪੈਸੇ ਖਰਚੇ। ਕਦੇ ਉਸ ਦੇ ਜਨਮ ਦਿਨ 'ਤੇ ਤੋਹਫੇ ਲੈ ਕੇ ਦੇ, ਕਦੇ ਕ੍ਰਿਸਮਸ 'ਤੇ ਤੇ ਕਦੇ ਦਿਵਾਲੀ 'ਤੇ। ਜਿਹੜੇ ਇੰਡੀਆ ਤੋਂ ਸੂਟ ਆਦਿ ਆਉਂਦੇ ਸਨ ਉਹ ਅਲੱਗ। ਉਸ ਨੇ ਸੁਹਰੇ ਘਰ ਦੇ ਗੇੜੇ ਮਾਰਨ 'ਤੇ ਹੀ ਬੇਹਿਸਾਬ ਤੇਲ ਖਰਚ ਕੀਤਾ ਹੋਵੇਗਾ।

ਕਾਰ ਚਲਾਉਂਦਾ ਉਹ ਸੋਚਦਾ ਜਾ ਰਿਹਾ ਸੀ ਕਿ ਹੁਣ ਉਸ ਨੂੰ ਕੀ ਕਰਨਾ ਚਾਹੀਦਾ ਹੈ; ਪਹਿਲਾ ਹੱਲ ਤਾਂ ਸਭ ਨਾਲ ਨਰਮੀ ਵਰਤੇ, ਪਿਆਰ ਨਾਲ ਗੱਲ ਕਰੇ, ਦੂਜਾ ਹੱਲ ਡਰਾਵੇ, ਰੋਅਬ ਪਾਵੇ ਤੇ ਜੇ ਹੋ ਸਕੇ ਤਾਂ ਗੁਲਵੰਤ ਵਾਲਾ ਦਾਅ ਵਰਤੇ, ਬਲਜਿੰਦਰ ਨੂੰ ਛੱਡਣ ਦੀ ਧਮਕੀ ਦੇਵੇ, ਤੀਜਾ ਹੱਲ...। ਤੀਜਾ ਹੱਲ ਕਿ ਉਹਨਾਂ ਨੂੰ ਅਜਿਹਾ ਸਬਕ ਦੇਵੇ ਕਿ ਮੁੜ ਕੇ ਕਿਸੇ ਨਾਲ

ਇਵੇਂ ਨਾ ਕਰਨ, ਕਿਸੇ ਦੇ ਮੁੰਡੇ ਨੂੰ ਦੋ ਸਾਲ ਮੰਗ ਕੇ ਰਿਸ਼ਤਾ ਨਾ ਤੋੜਨ। ਸੋਚਾਂ ਵਿਚ ਡੁੱਬਿਆ ਉਹ ਬਾਰਕਲੇ ਰੋਡ 'ਤੇ ਪੁੱਜ ਗਿਆ। ਕਾਰ ਖੜੀ ਕਰ ਡੋਰ-ਬੈੱਲ ਕਰ ਦਿਤੀ। ਸੁਰਿੰਦਰ ਨੇ ਦਰਵਾਜ਼ਾ ਖੋਹਲਿਆ। ਗੁਰਜੰਟ ਚੁੱਪ ਕਰਕੇ ਅੰਦਰ ਲੰਘ ਆਇਆ। ਫਰੰਟ ਰੂਮ ਵਿਚ ਜਾ ਸੋਫੇ 'ਤੇ ਬੈਠ ਪਰਕਾਸ਼ ਕੋਰ ਨੂੰ ਪਿਆਰ ਨਾਲ ਪੁੱਛਿਆ,

"ਕੀ ਗੱਲ ਹੋ ਗਈ? ...ਬਲਜਿੰਦਰ ਕੁਝ ਕਹਿੰਦੀ ਸੀ ਰਾਣੀ ਬਾਰੇ।"

"ਗੁਰਜੰਟ ਪੁੱਤ, ਰਾਣੀ ਕਹਿੰਦੀ, ਮੈਨੂੰ ਇਹ ਰਿਸ਼ਤਾ ਪਸੰਦ ਨਈਂ।"

"ਮੰਮੀ, ਦੋ ਸਾਲ ਤਾਂ ਹੋ ਗਏ ਰਿਸ਼ਤਾ ਕੀਤੇ ਨੂੰ, ਏਕਣ ਤਾਂ ਨਈਂ ਹੁੰਦਾ ਕਿ ਜਦੋਂ ਮਰਜ਼ੀ ਰਿਸ਼ਤਾ ਕਰ ਲੋ ਤੇ ਮਰਜ਼ੀ ਤੋੜ ਦੋ, ...ਸਮਝਾਉਣਾ ਸੀ ਉਹਨੂੰ।"

ਗੁਰਜੰਟ ਦੀ ਅਵਾਜ਼ ਵਿਚ ਬਹੁਤ ਨਰਮੀ ਸੀ, ਉਸ ਦੇ ਬਿਲਕੁਲ ਉਲਟ ਜਿਵੇਂ ਕਿ ਉਸ ਆਸ ਰੱਖਦੀਆਂ ਸਨ। ਇਸ ਉਪਰ ਉਹ ਹੈਰਾਨ ਵੀ ਸਨ ਕਿਉਂਕਿ ਬਲਜਿੰਦਰ ਦੇ ਫੋਨ ਮੁਤਾਬਕ ਗੁਰਜੰਟ 'ਆਦਮ-ਬੋ, ਆਦਮ-ਬੋ' ਕਰਦਾ ਆ ਰਿਹਾ ਹੈ। ਪਰਕਾਸ਼ ਕੋਰ ਵਿਚਾਰੀ ਜਿਹੀ ਬਣਦੀ ਬੋਲੀ,

"ਅਸੀਂ ਤਾਂ ਬਥੇਰਾ ਸਮਝਾਇਆ ਪਰ ਨਹੀਂ ਸਮਝਦੀ।"

"ਡੈਡੀ ਨੇ ਗੱਲ ਕੀਤੀ ਸੀ?"

"ਡੈਡੀ ਤੇਰੇ ਨੇ ਵੀ ਬਹੁਤ ਕਿਹਾ।"

"ਮੈਂ ਗੱਲ ਕਰਕੇ ਦੇਖ ਲਵਾਂ, ਰਾਣੀ ਨਾਲ?"

ਗੁਰਜੰਟ ਨੇ ਆਗਿਆ ਮੰਗਣ ਵਾਂਗ ਹੀ ਆਖਿਆ। ਪਰਕਾਸ਼ ਕੋਰ ਚਾਹੁੰਦੀ ਸੀ ਕਿ ਕਹਿ ਦੇਵੇ ਕਿ ਰਣਜੀਤ ਘਰ ਨਹੀਂ ਹੈ ਪਰ ਉਸ ਤੋਂ ਪਹਿਲਾਂ ਹੀ ਸੁਰਿੰਦਰ ਨੇ ਰਣਜੀਤ ਨੂੰ ਆਵਾਜ਼ ਮਾਰ ਦਿਤੀ। ਸੁਰਿੰਦਰ ਨੂੰ ਆਸ ਹੋ ਗਈ ਸੀ ਕਿ ਅਵੱਲ ਤਾਂ ਹੁਣ ਗੁਰਜੰਟ ਰਣਜੀਤ ਨੂੰ ਕੁਝ ਨਹੀਂ ਆਖੇਗਾ ਪਰ ਜੇ ਆਖੇਗਾ ਤਾਂ ਉਹ ਮੁਕਾਬਲਾ ਕਰ ਸਕਦੀਆਂ ਹਨ, ਨਹੀਂ ਤਾਂ ਪੁਲੀਸ ਨੂੰ ਫੋਨ ਤਾਂ ਕੀਤਾ ਹੀ ਜਾ ਸਕਦਾ ਹੈ। ਰਣਜੀਤ ਹੌਲੀ ਹੌਲੀ ਗੁਨਾਹਗਾਰਾਂ ਵਾਂਗ ਆ ਗਈ। ਗੁਰਜੰਟ ਉਸ ਦੇ ਸਿਰ ਉਪਰ ਹੱਥ ਰੱਖਦਾ ਕਹਿਣ ਲਗਿਆ,

"ਰਾਣੀ ਕੀ ਗੱਲ ਹੋ ਗਈ, ਤੂੰ ਮੰਗਣੀ ਕਿਉਂ ਤੋੜਨਾ ਚਾਹੁੰਨੀ ਏਂ?"

"ਬਿਕੌਜ਼, ...ਆਇ ਡੌਂਟ ਨੋਅ ਹਿੰਮ।"

"ਲੁਕ ਰਾਣੀ, ਦੇਅਰ 'ਜ਼ ਨੱਥਿੰਗ ਰੌਂਗ ਵਿਦ ਪ੍ਰਤਾਪ, ...ਰਾਜੂ ਵਾਂਗੂੰ ਉਹ ਕਰੇਜ਼ੀ ਨਈਂ, ਡੌਂਟ ਵੱਰੀ, ਆਇ ਪ੍ਰੌਮਿਜ਼।"

"ਪਾ ਜੀ, ਆਇ ਡੌਂਟ ਨੋਅ ਹਿੰਮ, ਆਇ ਡੌਂਟ ਮੈਰੀ ਦ ਪਰਸਨ ਹੂਮ ਆਇ ਡੌਂਟ ਨੋਅ।"

"ਰਾਣੀ, ਤੈਨੂੰ ਪਤਾ ਏ ਕਿ ਦੋ ਸਾਲ ਦੀ ਤੂੰ ਉਹਦੇ ਨਾਲ਼ ਮੰਗੀ ਹੋਈ ਏਂ, ਹੁਣ ਤੂੰ ਕਹਿ ਰਹੀ ਏਂ ਕਿ ਯੂ ਡੌਂਟ ਨੋਅ ਹਿੰਮ!"

"ਪਾ ਜੀ, ਆਇ ਵੌਜ਼ ਵੈਰੀ ਯੰਗ ਐਟ ਦੈਟ ਟਾਈਮ।"

"ਹੁਣ ਦੋ ਸਾਲ ਵਿਚ ਤੂੰ ਬਹੁਤ ਸਮਝਦਾਰ ਹੋ ਗਈ ਏਂ?"

"ਪਾ ਜੀ, ਆਇ ਡੌਂਟ ਵੌਂਟ ਅਰੇਂਜਡ ਮੈਰਿਜ।"

"ਸਭ ਦੇ ਅਰੇਂਜਡ ਮੈਰਿਜ ਹੋਏ ਨੇ, ਤੈਨੂੰ ਕੀ ਹੁੰਦਾ ਏ? ਇਹਦੇ ਵਿਚ ਬੁਰਾਈ ਵੀ ਕੀ ਏ?"

"ਆਇ ਹੈਵ ਏ ਬੁਆਏ ਫਰੈਂਡ!"

ਆਖ ਰਣਜੀਤ ਉਠ ਕੇ ਚਲੇ ਗਈ। ਗੁਰਜੰਟ ਸਿਰ ਫੜ ਕੇ ਬੈਠ ਗਿਆ। ਉਸ ਲਈ ਇਹ ਬਹੁਤ ਵੱਡੀ ਗੱਲ ਸੀ। ਰਣਜੀਤ ਬੁਆਏ ਫਰੈਂਡ ਕਿਵੇਂ ਰੱਖ ਸਕਦੀ ਸੀ। ਉਹ ਤਾਂ ਉਸ ਦੇ ਭਰਾ ਦੀ ਮੰਗ ਸੀ, ਉਹਨਾਂ ਦੇ ਖਾਨਦਾਨ ਦੀ ਇੱਜ਼ਤ। ਉਸ ਨੇ ਪਰਕਾਸ਼ ਕੋਰ ਵਲ ਦੇਖਿਆ। ਉਹ ਬੋਲੀ,

"ਪੁੱਤ, ਰਾਣੀ ਆਪਣੇ ਨਾਲ ਪੜ੍ਹਦੇ ਕਿਸੇ ਮੁੰਡੇ ਨੂੰ ਪਸੰਦ ਕਰਦੀ ਐ।"

"ਪਤਾ ਨਈਂ ਕਿਹੜਾ ਚੂੜ੍ਹਾ-ਚਮਾਰ ਹੋਏਗਾ!"

"ਪੁੱਤ ਚੂੜ੍ਹੇ-ਚਮਾਰ ਵੀ ਤਾਂ ਬੰਦੇ ਈ ਹੁੰਦੇ ਆ ਪਰ ਇਹਨਾਂ ਦਾ ਗੋਤ ਬੱਲ ਐ, ...ਮੁੰਡਾ ਚੰਗੇ ਖਾਨਦਾਨ ਵਿਚੋਂ ਐ।"

"ਇਹਦਾ ਮਤਲਬ ਸਾਰੀ ਬੁਣਤ ਬੁਣੀ ਪਈ ਏ!"

"ਹੁਣ ਕੀ ਕਰੀਏ, ਕੁੜੀ ਤਾਂ ਨਈਂ ਹੱਥੋਂ ਗਵਾ ਲੈਣੀ।"

"ਤੁਹਾਨੂੰ ਕੁੜੀ ਦਾ ਫਿਕਰ ਏ, ਮੁੰਡੇ ਦਾ ਨਈਂ, ਮੇਰਾ ਨਈਂ, ਆਪਣੀ ਦੂਜੀ ਕੁੜੀ ਬਲਜਿੰਦਰ ਦਾ ਨਈਂ।"

ਗੁਰਜੰਟ ਦੀ ਸੁਰ ਹੁਣ ਕੁਝ ਉੱਚੀ ਹੋਣ ਲਗ ਪਈ ਸੀ। ਉਹ ਬਲਜਿੰਦਰ ਵਾਲਾ ਡਰਾਵਾ ਹਾਲੇ ਨਹੀਂ ਸੀ ਦੇਣਾ ਚਾਹੁੰਦਾ ਪਰ ਉਸ ਤੋਂ ਰੁਕ ਨਹੀਂ ਹੋਇਆ। ਪਰਕਾਸ਼ ਕੋਰ ਵੀ ਇਸ ਲਈ ਤਿਆਰ ਬੈਠੀ ਸੀ, ਆਖਣ ਲਗੀ,

"ਪੁੱਤ, ਹਰ ਇਕ ਨੇ ਆਪੋ ਆਪਣੀ ਕਿਸਮਤ ਖਾਣੀ ਐਂ, ਆਹ ਦੇਖ, ਆਹ ਦੋ ਆ ਬੈਠੀਆਂ, ਇਹ ਵੀ ਤਾਂ ਝੱਲ ਰਹੇ ਆਂ, ਹੋਰ ਵੀ ਜਿਹੜਾ ਦੁੱਖ ਪੈਣਾਂ ਪੈ ਲਵੇ, ਰੱਬ ਮੂਹਰੇ ਕਿਹਦਾ ਜ਼ੋਰ!"

ਗੁਰਜੰਟ ਦੀ ਬਲਜਿੰਦਰ ਛੱਡਣ ਵਾਲੀ ਧਮਕੀ ਜਿਵੇਂ ਫੁਸ ਹੋ ਗਈ ਹੋਵੇ। ਉਸ ਬੋਲਿਆ,

"ਦੇਖੋ, ਕਿੰਨੇ ਸਾਲ ਹੋ ਗਏ, ਮੈਂ ਕੁੱਤੇ ਵਾਂਗੂੰ ਤੁਹਾਡੇ ਪਿੱਛੇ ਪੂਛ ਹਿਲਾਉਂਦਾ ਫਿਰਦਾਂ, ਇਸੇ ਲਈ ਕਿ ਮੇਰਾ ਭਰਾ ਲੰਘ ਆਏਗਾ। ...ਏਨੇ ਸਾਲਾਂ ਬਾਅਦ ਤੁਸੀਂ ਮੈਨੂੰ ਅੂਹਰਲ ਦਿਖਾ ਰਹੇ ਓ, ਇਹ ਤਾਂ ਮੈਂ ਨਈਂ ਹੋਣ ਦੇਣਾਂ।"

"ਦੇਖ ਪੁੱਤ, ਅਸੀਂ ਤਾਂ ਨਹੀਂ ਚਾਹੁੰਦੇ ਕਿ ਰਾਣੀ ਕਿਤੇ ਹੋਰ ਵਿਆਹ ਕਰਾਵੇ ਪਰ ਜਦ ਇਹ ਨਕਰਮੀ...., ਸਾਡੀ ਮਜ਼ਬੂਰੀ ਸਮਝ।"

"ਮਜਬੂਰੀ ਕਿ ਚਲਾਕੀ! ...ਇਕ ਗੱਲ ਮੇਰੀ ਕੰਨ ਖੋਹਲ ਕੇ ਸੁਣ ਲਓ, ਰਾਣੀ ਮੇਰੇ ਭਰਾ ਦੀ ਮੰਗ ਏ, ਜੇ ਇਹਦਾ ਰਿਸ਼ਤਾ ਕਿਤੇ ਹੋਰ ਹੋਇਆ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਣਾਂ!"

ਉਸ ਨੇ ਉੱਚੀ ਆਵਾਜ਼ ਵਿਚ ਕਿਹਾ ਤੇ ਕਾਹਲੀ ਨਾਲ ਉਠ ਕੇ ਤੁਰ ਪਿਆ। ਜਾਂਦਾ ਹੋਇਆ ਬਾਹਰਲਾ ਦਰਵਾਜ਼ਾ ਇੰਨੇ ਜ਼ੋਰ ਨਾਲ ਬੰਦ ਕਰ ਕੇ ਗਿਆ ਕਿ ਟੁੱਟਣ ਤੋਂ ਮਸਾਂ ਹੀ ਬਚਿਆ। ਸੁਰਿੰਦਰ ਤੇ ਸੁਖਵੀਰ ਅੱਗ-ਬਬੂਲਾ ਹੋ ਉਠੀਆਂ। ਸੁਰਿੰਦਰ ਬੋਲੀ,

"ਹੂ ਦਾ ਹੈੱਲ ਹੀ ਇਜ਼? ਹਾਓ ਹੀ ਡੇਅਰ ਟੂ ਥਰੈੱਟ? ਸਾਡੀ ਕੁੜੀ ਜਿਥੇ ਮਰਜ਼ੀ ਰਿਸ਼ਤਾ ਕਰੀਏ।"

ਉਸ ਦੇ ਮਗਰ ਹੀ ਸੁਖਵੀਰ ਵੀ ਗੁਰਜੰਟ ਨੂੰ ਭਲਾ-ਬੁਰਾ ਬੋਲਦੀ ਰਹੀ। ਪਰਕਾਸ਼ ਕੋਰ ਵੀ ਘੱਟ ਨਹੀਂ ਸੀ। ਉਹ ਵੀ ਕੁਝ ਨਾ ਕੁਝ ਬੋਲੀ ਜਾ ਰਹੀ ਸੀ। ਗੁਰਜੰਟ ਆਪਣਾ ਸੱਚ ਆਪ ਹੀ ਦੱਸ ਗਿਆ ਸੀ ਕਿ ਸਿਰਫ ਰਿਸ਼ਤੇ ਕਰਕੇ ਹੀ ਇੰਨਾ ਚਿਰ ਉਹਨਾਂ ਦੇ ਮਗਰ ਘੁੰਮਦਾ ਰਿਹਾ ਸੀ। ਕਾਫੀ ਕੁਝ ਬੋਲ ਕੇ ਜਦ ਉਹਨਾਂ ਤਿੰਨਾਂ ਦਾ ਗੁੱਸਾ ਕੁਝ ਘਟਿਆ ਤਾਂ ਉਹ ਬੱਲ ਖਾਨਦਾਨ ਦਾ ਮੁਕਾਬਲਾ ਗੁਰਜੰਟ ਦੇ ਖਾਨਦਾਨ ਨਾਲ ਕਰ ਕੇ ਦੇਖਣ ਲਗੀਆਂ। ਬੱਲ ਦੇ ਮੁਕਾਬਲੇ ਉਹ ਪਾਂ-ਪਾਸਕ ਵੀ ਨਹੀਂ ਸਨ। ਉਹਨਾਂ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਰਣਜੀਤ ਨੇ ਆਪਣੇ ਲਈ ਸਹੀ ਮੁੰਡਾ ਚੁਣਿਆਂ ਹੈ।

ਕੁਝ ਚਿਰ ਬਾਅਦ ਸੁਰਜਨ ਸਿੰਘ ਕੰਮ ਤੋਂ ਮੁੜ ਆਇਆ। ਸਭ ਦੇ ਚਿਹਰੇ ਲਾਲ ਦੇਖ ਕੇ ਉਹ ਸਮਝ ਗਿਆ ਕਿ ਕੋਈ ਤੂਫਾਨ ਲੰਘ ਕੇ ਗਿਆ ਹੈ। ਸੁਰਿੰਦਰ ਨੇ ਗੁਰਜੰਟ ਦੇ ਆਉਣ ਵਾਲੀ ਸਾਰੀ ਗੱਲ ਦੱਸ ਦਿਤੀ। ਸੁਰਜਨ ਸਿੰਘ ਨੇ ਕਿਸੇ ਸਾਰਜੈਂਟ ਵਾਂਗ ਕਿਹਾ,

"ਤਿਆਰ ਹੋ ਜਾਓ, ਲੜ੍ਹਾਈ ਦਾ ਇਕ ਹੋਰ ਮੁਹਾਜ਼ ਖੁਲ੍ਹ ਰਿਹੈ।"

ਰਮਫੋਰਡ ਕਾਲਜ। ਵੱਡੇ ਸਾਰੇ ਪਾਰਕ ਵਿਚ ਬਣੀ ਵਿਕਟੋਰੀਅਨ ਇਮਾਰਤ। ਰਣਜੀਤ ਨੇ ਸਕੂਲ ਤੋਂ ਬਾਅਦ ਇਥੇ ਆ ਦਾਖਲਾ ਲਿਆ। ਬਹੁਤੇ ਸਕੂਲਾਂ ਵਿਚ ਹੀ ਏ ਲੈਵਲ ਤਕ ਦੀ ਪੜ੍ਹਾਈ ਦਾ ਇੰਤਜ਼ਾਮ ਸੀ ਪਰ ਲੇਅਟਨ ਸਟੋਨ ਦੇ ਸਕੂਲ ਵਿਚ ਨਾ ਹੋਣ ਕਰਕੇ ਉਸ ਨੂੰ ਕਾਲਜ ਆਉਣਾ ਪਿਆ। ਰਣਜੀਤ ਨੂੰ ਕਾਲਜ ਵਿਚ ਬਹੁਤ ਸਾਰੇ ਮੁੰਡੇ ਮਿਲੇ, ਪਰਮਜੀਤ ਨਾਲ ਪਹਿਲੀ ਮੁਲਾਕਾਤ ਕਦੋਂ ਹੋਈ ਉਸ ਨੂੰ ਯਾਦ ਨਹੀਂ ਸੀ ਪਰ ਇੰਨਾ ਯਾਦ ਸੀ ਕਿ ਜਦ ਉਸ ਦੀ ਬਾਂਹ ਵਿਚ ਕੜਾ ਦੇਖਿਆ ਤਾਂ ਉਹ ਸਮਝ ਗਈ ਕਿ ਉਹ ਸਿੱਖ ਹੈ। ਰਣਜੀਤ ਆਪ ਵੀ ਹਮੇਸ਼ਾ ਕੜਾ ਪਾ ਕੇ ਰਖਦੀ। ਭਾਵੇਂ ਉਹ ਗੁਰਦਵਾਰੇ ਘੱਟ ਹੀ ਜਾਂਦੀ ਸੀ ਪਰ ਉਸ ਦੀ ਮੰਮੀ ਨੇ ਇੰਡੀਆ ਤੋਂ ਸਾਰੇ ਟੱਬਰ ਲਈ ਹੀ ਕੜੇ ਲਿਆਂਦੇ ਸਨ। ਰਣਜੀਤ ਇਹਨੂੰ ਸਦਾ ਪਾ ਕੇ ਰੱਖਦੀ।

ਪਰਮਜੀਤ ਦਾ ਲੰਮਾ ਕੱਦ ਉਸ ਨੂੰ ਸਾਰੀ ਕਲਾਸ ਤੋਂ ਅਲੱਗ ਬਣਾਉਂਦਾ। ਉਹਨਾਂ ਦੇ ਸਾਰੇ ਵਿਸ਼ੇ ਸਾਂਝੇ ਨਹੀਂ ਸਨ ਪਰ ਜਦ ਵੀ ਉਹਨਾਂ ਦੀ ਸਾਂਝੀ ਕਲਾਸ ਲਗਦੀ ਤਾਂ ਇਕ ਦੂਜੇ ਵਲ ਜ਼ਰੂਰ ਦੇਖਦੇ। ਬਹੁਤੇ ਜਮਾਤੀ ਗੋਰੇ ਸਨ, ਬਾਕੀ ਦੇ ਕਾਲੇ ਤੇ ਏਸ਼ੀਅਨ। ਏਸ਼ੀਅਨ ਵਿਚ ਵੀ ਕਈ ਪਾਕਿਸਤਾਨੀ ਸਨ ਤੇ ਕਈ ਇੰਡੀਅਨ। ਕਿਸੇ ਮੁੰਡੇ ਨਾਲ ਗੱਲ ਕਰਨ ਦਾ ਸੁਭਾਅ ਰਣਜੀਤ ਦਾ ਨਹੀਂ ਸੀ। ਪਰਮਜੀਤ ਵੀ ਸ਼ਰਮਾਕਲ਼ ਜਿਹਾ ਸੀ। ਬਾਕੀ ਸਭ ਦੇ ਦੋਸਤ ਬਣ ਗਏ ਪਰ ਉਹ ਦੋਵੇਂ ਹਾਲੇ ਇਕੱਲੇ ਸਨ ਜਿਵੇਂ ਇਕ ਦੂਜੇ ਦੀ ਹੀ ਉਡੀਕ ਕਰ ਰਹੇ ਹੋਣ। ਕਦੇ ਕਦੇ ਉਹਨਾਂ ਦੀ ਕੋਈ ਗੱਲ ਸਾਂਝੀ ਹੋਣ ਲਗੀ। ਲਾਇਬ੍ਰੇਰੀ ਵਿਚ ਮਿਲ ਪੈਂਦੇ। ਇਕ ਦੋ ਵਾਰ ਉਹ ਕਲਾਸ ਵਿਚ ਵੀ ਇਕੱਠੇ ਬੈਠ ਗਏ ਸਨ ਪਰ ਹਾਲੇ ਤਕ ਉਹਨਾਂ ਦੇ ਦਿਲ ਵਿਚ ਅਜਿਹੀ ਕੋਈ ਗੱਲ ਨਹੀਂ ਸੀ ਆਈ ਜਿਹੜੀ ਇਕ ਦੂਜੇ ਨੂੰ ਜੋੜ ਸਕੇ। ਇਕ ਦਿਨ ਰਣਜੀਤ ਕਿਸੇ ਗੱਲੋਂ ਕਾਲਜ ਨਾ ਆਈ। ਇਕ ਵਿਦਿਆਰਥੀ ਪਰਮਜੀਤ ਨੂੰ ਪੁੱਛਣ ਲਗਿਆ,

"ਵੇਅਰ 'ਜ਼ ਯੋਅਰ ਗਰਲ ਫਰੈਂਡ?"

"ਸ਼ੀ ਇਜ਼ੰਟ ਮਾਈ....।"

www.PunjabiLibrary.com

ਕਹਿੰਦਾ ਕਹਿੰਦਾ ਪਰਮਜੀਤ ਰੁਕ ਗਿਆ। ਉਸ ਦੇ ਅੰਦਰ ਖੋਹ ਜਿਹੀ ਪੈਣ ਲਗੀ। ਸਵੇਰ ਦਾ ਉਸ ਨੂੰ ਮਹਿਸੂਸ ਤਾਂ ਹੋ ਰਿਹਾ ਸੀ ਕਿਧਰੇ ਕੁਝ ਗਲਤ ਹੈ ਪਰ ਕੀ ਹੈ ਇਸ ਦਾ ਪਤਾ ਨਹੀਂ ਸੀ ਚਲ ਰਿਹਾ। ਦਿਨ ਵਿਚ ਕਿੰਨਾ ਸਮਾਂ ਤਾਂ ਉਹ ਇਕੱਠੇ ਲੰਘਾਉਂਦੇ ਸਨ। ਇਕ ਦੂਜੇ ਦੇ ਨਾਂ ਜਾਣਦੇ ਸਨ ਤੇ ਇਹ ਵੀ ਜਾਣਦੇ ਸਨ ਕਿ ਉਹ ਦੋਵੇਂ ਕਿਹੜੀ ਕਿਹੜੀ ਰੋਡ 'ਤੇ ਰਹਿੰਦੇ ਸਨ। ਇਕ ਦੂਜੇ ਦੇ ਟੱਬਰ ਦੇ ਜੀਆਂ ਬਾਰੇ ਵੀ ਥੋੜਾ-ਬਹੁਤ ਜਾਣ ਚੁੱਕੇ ਸਨ। ਪਰਮਜੀਤ ਨੇ ਲੰਡਨ ਦੀ 'ਏ ਟੂ ਜ਼ੈਡ' ਦੇਖਦਿਆਂ ਰਣਜੀਤ ਦੀ ਰੋਡ ਦੀ ਨਿਸ਼ਾਨਦੇਹੀ ਵੀ ਕਰ ਲਈ ਸੀ। ਉਸ ਨੂੰ ਰਣਜੀਤ ਦੀ ਯਾਦ ਆਉਣ ਲਗੀ, ਬਲਕਿ ਤੜਫਾਉਣ ਲਗੀ। ਉਸ ਦਾ ਰਣਜੀਤ ਨੂੰ ਮਿਲਣ ਲਈ ਦਿਲ ਕਾਹਲਾ ਪੈਣ ਲਗਿਆ। ਪਰਮਜੀਤ ਸੋਚ ਰਿਹਾ ਸੀ ਕਿ ਬਾਕੀ ਤਾਂ ਉਸ ਬਾਰੇ ਸਭ ਕੁਝ ਜਾਣ ਲਿਆ ਪਰ ਉਸ ਦਾ ਫੋਨ ਨੰਬਰ ਤਾਂ ਲਿਆ ਹੀ ਨਹੀਂ। ਉਹ ਚਾਹੁੰਦਾ ਸੀ ਕਿ ਰਣਜੀਤ ਜਲਦੀ ਉਸ ਨੂੰ ਮਿਲੇ ਤੇ ਉਸ ਨੂੰ ਉਹ ਸਭ ਕੁਝ ਦਸ ਦੇਵੇ ਜੋ ਵੀ ਉਹ ਮਹਿਸੂਸ ਕਰ ਰਿਹਾ ਸੀ।

ਉਸ ਦਿਨ ਰਣਜੀਤ ਸਿਰ ਦੁਖਣ ਕਰਕੇ ਕਾਲਜ ਨਹੀਂ ਸੀ ਜਾ ਸਕੀ। ਬਿਸਤਰ ਵਿਚ ਪਈ ਪਈ ਨੂੰ ਪਰਮਜੀਤ ਦੀ ਯਾਦ ਇੰਨਾ ਸਤਾਉਣ ਲਗੀ ਕਿ ਉਸ ਦਾ ਸਿਰ ਦਰਦ ਦੂਣ-ਸਵਾਇਆ ਹੋ ਗਿਆ। ਉਸ ਲਈ ਵੀ ਇਹ ਅਹਿਸਾਸ ਬਿਲਕੁਲ ਨਵਾਂ ਸੀ। ਉਸ ਨੇ ਸੋਚਿਆ ਕਿ ਕਾਲਜ ਜਾਵੇਗੀ ਤਾਂ ਇਸ ਬਾਰੇ ਪਰਮਜੀਤ ਨਾਲ ਗੱਲ ਜ਼ਰੂਰ ਕਰੇਗੀ।

ਦੋ ਦਿਨ ਬਾਅਦ ਉਹ ਕਾਲਜ ਦੇ ਗੇਟ 'ਤੇ ਹੀ ਮਿਲ ਗਏ। ਪਰਮਜੀਤ ਨੇ ਕਿਹਾ,

"ਆਏ ਗੌਟ ਸਮਥਿੰਗ ਟੂ ਟੈੱਲ ਯੂ।"

"ਵੌਹ?"

"ਆਏ ਥਿੰਕ ਆਏ 'ਮ ਇਨ ਲਵ ਵਿਦ ਯੂ।"

ਪਰਮਜੀਤ ਇਕੋ ਸਾਹੇ ਕਹਿ ਗਿਆ। ਰਣਜੀਤ ਸ਼ਰਮਾ ਗਈ ਪਰ ਮੂੰਹੋਂ ਕੁਝ ਨਾ ਬੋਲੀ।

ਉਸੇ ਦਿਨ ਤੋਂ ਹੀ ਉਹਨਾਂ ਦੀ ਪ੍ਰੇਮ-ਕਹਾਣੀ ਸ਼ੁਰੂ ਹੋ ਗਈ। ਉਸ ਸਾਰਾ ਦਿਨ ਇਕੱਠੇ ਰਹਿੰਦੇ ਤੇ ਅੰਗਰੇਜ਼ ਮੁੰਡੇ-ਕੁੜੀਆਂ ਅਕਸਰ ਵਾਂਗ ਖੁਲ੍ਹਾਂ ਵੀ ਲੈ ਲੈਂਦੇ। ਰਣਜੀਤ ਤਾਂ ਹਵਾ ਵਿਚ ਉਡੀ ਫਿਰਦੀ ਸੀ। ਪਰਮਜੀਤ ਨੂੰ ਵੀ ਹੁਣ ਦੁਨੀਆਂ ਵਿਚ ਰਣਜੀਤ ਤੋਂ ਬਿਨਾਂ ਕੁਝ ਨਹੀਂ ਸੀ ਦਿਸ ਰਿਹਾ। ਉਹਨਾਂ ਦਾ ਪਿਆਰ ਦਿਨੋ ਦਿਨ ਉਚੀਆਂ ਉਡਾਨਾਂ ਭਰਨ ਲਗਿਆ। ਰਣਜੀਤ ਨੂੰ ਪਤਾ ਸੀ ਕਿ ਉਸ ਦੇ ਘਰਦਿਆਂ ਨੂੰ ਉਸ ਦੇ ਪਿਆਰ ਦਾ ਪਤਾ ਚਲ ਗਿਆ ਤਾਂ ਉਸ ਦੀ ਸ਼ਾਮਤ ਆ ਸਕਦੀ ਹੈ ਪਰ ਉਸ ਨੂੰ ਲਗਦਾ ਸੀ ਕਿ ਇਹ ਕਾਲਜ ਘਰ ਤੋਂ ਬਹੁਤ ਦੂਰ ਸੀ, ਦੋ ਬੱਸਾਂ ਬਦਲ ਕੇ ਆਉਣਾ ਪੈਂਦਾ ਸੀ, ਇਧਰ ਕੌਣ ਆਵੇਗਾ। ਉਸ ਨੂੰ ਇਹ ਵੀ ਪਤਾ ਸੀ ਕਿ ਉਸ ਦੀ ਮੰਗਣੀ ਹੋ ਚੁੱਕੀ ਹੈ ਪਰ ਇਸ ਮੰਗਣੀ ਬਾਰੇ ਉਸ ਨੂੰ ਕੋਈ ਵੀ ਮਹਿਸੂਸਣਾ ਨਹੀਂ ਸੀ। ਉਸ ਦੀ ਆਪਣੇ ਮੰਗੇਤਰ ਨਾਲ ਕੋਈ ਵੀ ਜਜ਼ਬਾਤੀ ਸਾਂਝ ਨਹੀਂ ਸੀ ਬਣ ਸਕੀ। ਉਸ ਨੂੰ ਆਪਣੀਆਂ ਸਾਰੀਆਂ ਹੀ ਭੈਣਾਂ ਦੇ ਪਤੀ ਬੁਰੇ ਲਗਦੇ ਸਨ ਜਿਹੜੇ ਉਸ ਦੀਆਂ ਭੈਣਾਂ ਨੂੰ ਵੀ ਤੰਗ ਕਰਦੇ ਸਨ ਤੇ ਮੰਮੀ-ਡੈਡੀ ਨੂੰ ਵੀ। ਇਹ ਗੱਲ ਉਸ ਨੂੰ ਵਿਦਰੋਹੀ ਜਿਹੀ ਵੀ ਬਣਾ ਰਹੀ ਸੀ।

ਪਰਮਜੀਤ ਦੇ ਅਗਲੇ ਜਨਮ ਦਿਨ 'ਤੇ ਉਸ ਦੇ ਡੈਡੀ ਨੇ ਤੋਹਫੇ ਵਜੋਂ ਉਸ ਨੂੰ ਕਾਰ ਲੈ ਦਿਤੀ। ਉਹ ਰਣਜੀਤ ਨੂੰ ਨਾਲ ਬੈਠਾ ਕੇ ਲੰਮਾ ਗੇੜਾ ਲਾਉਣ ਗਿਆ। ਲੰਡਨ ਤੋਂ ਬਾਹਰ ਨਿਕਲ ਕੇ ਇਕ ਪੱਬ ਵਿਚ ਬੈਠ ਉਹਨਾਂ ਵਾਈਨ ਪੀਤੀ। ਪਰਮਜੀਤ ਤਾਂ ਆਪਣੇ ਡੈਡੀ ਨਾਲ ਕਈ ਵਾਰ ਪੱਬ ਵਿਚ ਆ ਚੁੱਕਿਆ ਸੀ ਪਰ ਰਣਜੀਤ ਪਹਿਲੀ ਵਾਰ ਆਈ ਸੀ, ਵਾਈਨ ਵੀ ਪਹਿਲੀ ਵਾਰ ਹੀ ਪੀਤੀ ਸੀ। ਉਸ ਨੂੰ ਸਭ ਚੰਗਾ ਚੰਗਾ ਲਗਿਆ। ਰਣਜੀਤ ਬਹੁਤ ਖੁਸ਼ ਸੀ। ਉਸ ਦਾ ਦਿਲ ਕਰਦਾ ਕਿ ਕਿਸੇ ਨਾਲ ਆਪਣੀ ਇਹ ਖੁਸ਼ੀ ਸਾਂਝੀ ਕਰੇ। ਘਰ ਵਿਚ ਸੁਖਵੀਰ ਹੀ ਉਸ ਦੇ ਨੇੜੇ ਸੀ ਪਰ ਉਹ ਆਪਣੇ ਸੁਹਰੀਂ ਰਹਿੰਦੀ ਸੀ। ਬਾਅਦ ਵਿਚ ਜਦ ਉਹ ਆਪਣੇ ਪਤੀ ਨੂੰ ਛੱਡ ਆਈ ਤਾਂ ਉਸ ਨੂੰ ਦੁਖੀ ਦੇਖ ਕੇ ਹੀ ਰਣਜੀਤ ਨੇ ਕੋਈ ਗੱਲ ਨਾ ਕੀਤੀ।

ਹੁਣ ਪਰਮਜੀਤ ਕਾਰ ਵਿਚ ਹੀ ਕਾਲਜ ਆਉਂਦਾ। ਜਦ ਕਦੇ ਵਕਤ ਮਿਲਦਾ ਤਾਂ ਕਿਸੇ ਪਾਸੇ ਘੁੰਮ ਵੀ ਆਉਂਦੇ। ਕਈ ਵਾਰੀ ਪਰਮਜੀਤ ਰਣਜੀਤ ਨੂੰ ਕਾਰ ਚਲਾਉਣੀ ਸਿਖਾਉਣ ਲਗਦਾ। ਉਸ ਨੂੰ ਘਰ ਤਕ ਛੱਡਣ ਜਾਣ ਦੀ ਜ਼ਿੱਦ ਵੀ ਕਰਦਾ ਪਰ ਉਹ ਸਟਰੈਟਫੋਰਡ ਹੀ ਉੱਤਰ ਜਾਂਦੀ ਜਿਥੋਂ ਅਗੇ ਲੇਅਟਨ ਸਟੋਨ ਨੂੰ ਸਿੱਧੀ ਬਸ ਜਾਂਦੀ ਸੀ। ਇਕ ਦਿਨ ਪਰਮਜੀਤ ਰਣਜੀਤ ਨੂੰ ਆਪਣੇ ਘਰ ਲੈ ਗਿਆ। ਉਸ ਨੇ ਆਪਣੀ ਮਾਂ ਨੂੰ ਪਹਿਲਾਂ ਹੀ ਦੱਸ ਦਿਤਾ ਹੋਇਆ ਸੀ। ਜਗੀਰ ਕੋਰ ਨੂੰ ਰਣਜੀਤ ਬੇਹੱਦ ਪਸੰਦ ਆਈ। ਉਸ ਨੇ ਰਾਣੀ ਦੀ ਜ਼ਾਤ-ਗੋਤ ਪੁੱਛ ਕੇ ਮੱਥਾ ਚੁੰਮਿਆਂ। ਫਿਰ ਇਕਬਾਲ ਸਿੰਘ ਨੇ ਵੀ ਰਣਜੀਤ ਨੂੰ ਇਕ ਨਜ਼ਰ ਦੇਖ ਲਿਆ ਸੀ। ਇਕਬਾਲ ਸਿੰਘ ਨੇ ਆਪਣੀ ਪਤਨੀ ਨੂੰ ਕਿਹਾ,

"ਕੁੜੀ ਤਾਂ ਠੀਕ ਐ, ਸਾਡੇ ਮੁੰਡੇ ਨੂੰ ਕੁੜੀਆਂ ਦਾ ਘਾਟਾ ਨਈਂ ਪਰ ਕਾਹਲੀ ਕਾਹਦੀ ਐ, ਹਾਲੇ ਮੈਂ ਮੁੰਡੇ ਦਾ ਵਿਆਹ ਨਈਂ ਕਰਨਾਂ।"

"ਵਿਆਹ ਕਰਨ ਨੂੰ ਕੌਣ ਕਹਿੰਦਾ ਜੀ, ਤੁਸੀਂ ਕੁੜੀ ਪਸੰਦ ਕਰੋ।"

"ਦੇਖ ਭਾਗਵਾਨੇ, ਮੈਂ ਮੁੰਡੇ ਦੇ ਵਿਆਹ ਤੋਂ ਕੋਈ ਸਿਆਸੀ ਫਾਇਦਾ ਲੈਣਾ ਚਾਹੁੰਨਾਂ, ਐਸੇ ਬੰਦਿਆਂ ਨਾਲ ਜੁੜਨਾਂ ਚਾਹੁੰਨਾਂ ਜਿਹਦੇ ਨਾਲ ਮੁੰਡੇ ਦਾ ਭਵਿੱਖ ਸੰਵਰੇ, ਏਹੋ ਜਿਹੇ ਐਰੇ-ਗੈਰੇ, ਨੱਥੂ-ਖੈਰੇ ਦੇ ਘਰ ਮੁੰਡਾ ਨਈਂ ਵਿਆਹੁਣਾ।"
"ਪਰ ਤੁਹਾਡੇ ਮੁੰਡੇ ਨੂੰ ਤਾਂ ਓਸ ਕੁੜੀ ਤੋਂ ਬਿਨਾਂ ਕੁਝ ਦੀਹੰਦਾ ਈ ਨਹੀਂ।"
"ਕੋਈ ਗੱਲ ਨਈਂ, ਇਹ ਜਵਾਨੀ ਦੀਆਂ ਐਨਕਾਂ ਐਂ, ...ਟਾਈਮ ਨਾਲ ਆਪੇ ਇਹਨਾਂ ਦਾ ਨੰਬਰ ਬਦਲ ਜਾਊ।"

ਇਵੇਂ ਹੀ ਸਾਲ ਭਰ ਤੋਂ ਵੱਧ ਸਮਾਂ ਨਿਕਲ ਗਿਆ। ਏ ਲੈਵਲ ਦੇ ਇਮਤਿਹਾਨ ਆਉਣ ਵਾਲੇ ਹੋ ਗਏ। ਇਕਬਾਲ ਸਿੰਘ ਨੂੰ ਲਗਿਆ ਕਿ ਮੁੰਡਾ ਨਹੀਂ ਪੜ੍ਹੇਗਾ, ਕੁੜੀ ਦੇ ਚੱਕਰ ਵਿਚ ਪੈ ਕੇ ਫੇਹਲ ਹੋ ਜਾਵੇਗਾ। ਇਹਨਾਂ ਦਿਨਾਂ ਵਿਚ ਹੀ ਇਲਾਕੇ ਵਿਚ ਕੁਝ ਕੇਸ ਅਜਿਹੇ ਹੋਏ ਕਿ ਮੁੰਡੇ-ਕੁੜੀਆਂ ਘਰੋਂ ਦੌੜ ਗਏ। ਗੌਰਮਿੰਟ ਨੇ ਘਰੋਂ ਦੌੜੇ ਯੁਵਕਾਂ ਲਈ ਖਾਸ ਕੇਂਦਰ ਖੋਹਲੇ ਹੋਏ ਸਨ। ਅਜਿਹੇ ਕੇਂਦਰਾਂ ਦੀ ਇਕਬਾਲ ਸਿੰਘ ਵੀ ਪ੍ਰੋੜਤਾ ਕਰਦਾ ਰਿਹਾ ਸੀ। ਇਕ ਦਿਨ ਜਗੀਰ ਕੋਰ ਬੋਲੀ,
"ਤੁਸੀਂ ਕਿਉਂ ਜ਼ਿੱਦ ਕਰਦੇ ਓ, ਇਕ ਤਾਂ ਪੁੱਤਰ ਐ ਸਾਡਾ, ਜੇ ਅਸੀਂ ਉਹਦੀ ਇੰਨੀ ਕੁ ਇਛਿਆ ਨਾ ਪੂਰੀ ਕਰ ਸਕੇ ਤਾਂ ਅਸੀਂ ਕਾਹਦੇ ਮਾਂਪੇ ਹੋਏ। ...ਫਿਰ ਕੁੜੀ ਵੀ ਚੰਗੀ ਐ ਤੇ ਬੰਦਿਆਂ ਬਾਰੇ ਤੁਸੀਂ ਆਪ ਪਤਾ ਕਰ ਲਵੋ।"

ਕਾਫੀ ਕੁਝ ਸੋਚਣ ਤੋਂ ਬਾਅਦ ਇਕਬਾਲ ਸਿੰਘ ਸੁਰਜਨ ਸਿੰਘ ਨੂੰ ਮਿਲਣ ਚਲੇ ਗਿਆ ਸੀ।

ਗੁਰਜੰਟ ਸੁਹਰੇ ਘਰ ਤੋਂ ਤਪਿਆ ਹੋਇਆ ਨਿਕਲਿਆ। ਉਸ ਨੇ ਕਾਰ ਭਜਾ ਲਈ ਤੇ ਉਸੇ ਤੇਜ਼ ਸਪੀਡ ਨਾਲ ਸੋਚਦਾ ਜਾ ਰਿਹਾ ਸੀ ਕਿ ਕੀ ਕਰੇ। ਉਸ ਨੇ ਤਾਂ ਪਰਤਾਪ ਦੇ ਰਣਜੀਤ ਨਾਲ ਵਿਆਹ ਦੇ ਬਹੁਤ ਸਾਰੇ ਸੁਫਨੇ ਸਜਾਏ ਹੋਏ ਸਨ। ਉਹ ਰਣਜੀਤ ਨੂੰ ਕਿਸੇ ਹੋਰ ਦੀ ਪਤਨੀ ਬਣਦੀ ਦੇਖ ਹੀ ਨਹੀਂ ਸੀ ਸਕਦਾ। ਕਿਸੇ ਹੋਰ ਵਲੋਂ ਰਣਜੀਤ ਨੂੰ ਵਿਆਹ ਲੈ ਜਾਣ ਦਾ ਮਤਲਬ ਸੀ ਕਿ ਕੋਈ ਉਹਨਾਂ ਦੀ ਇੱਜ਼ਤ ਉਧਾਲ ਕੇ ਲੈ ਗਿਆ ਹੈ। ਇਹ ਕਿਸੇ ਵੀ ਹਾਲਤ ਵਿਚ ਨਹੀਂ ਹੋਵੇਗਾ। ਇਸ ਸਾਰੇ ਕੰਮ ਵਿਚ ਜ਼ਰੂਰ ਸੁਰਜਨ ਸਿੰਘ ਦਾ ਹੱਥ ਹੋਵੇਗਾ, ਨਹੀਂ ਤਾਂ ਕੁੜੀ ਦੀ ਕੀ ਮਜ਼ਾਲ ਹੈ ਕਿ ਕੋਈ ਬੁਆਏ ਫਰੈਂਡ ਲੱਭ ਲਵੇ। ਇਕ ਥੱਪੜ ਦੀ ਮਾਰ ਸੀ ਰਾਣੀ! ਇਕ ਵਾਰ ਕਿਸੇ ਤਰ੍ਹਾਂ ਪਰਤਾਪ ਲੰਘ ਆਵੇ ਫਿਰ ਉਹਨਾਂ ਨੂੰ ਲੋਹੇ ਦੇ ਚਣੇ ਚਬਾਏਗਾ, ਨੱਕ ਰਾਹੀਂ ਪਾਣੀ ਪਿਆਏਗਾ। ਅਚਾਨਕ ਉਸ ਦੇ ਮਨ ਵਿਚ ਸ਼ਿਵਰਾਜ ਸਿੰਘ ਦਾ ਨਾਂ ਘੁੰਮਣ ਲਗਿਆ। ਸ਼ਾਇਦ ਉਹ ਸੁਰਜਨ ਸਿੰਘ ਉਪਰ ਕੋਈ ਅਸਰ ਪਾ ਸਕੇ। ਉਹ ਸਿੱਧਾ ਸ਼ਿਵਰਾਜ ਸਿੰਘ ਦੇ ਘਰ ਚਲੇ ਗਿਆ। ਸ਼ਿਵਰਾਜ ਸਿੰਘ ਘਰ ਹੀ ਸੀ। ਗੁਰਜੰਟ ਨੇ ਸਾਰੀ ਗੱਲ ਦੱਸੀ ਤੇ ਕਹਿਣ ਲਗਿਆ,
"ਅੰਕਲ ਜੀ, ਕਰੋ ਕੁਝ, ਮੇਰੇ ਬਾਪੂ ਜੀ ਨੂੰ ਪਤਾ ਲਗਿਆ ਤਾਂ ਉਹਨਾਂ ਨੇ ਤਾਂ ਓਦਾਂ ਈ ਗਮ ਨਾਲ਼ ਈ ਮਰ ਜਾਣਾ ਏਂ।"
"ਗੁਰਜੰਟ, ਜੇ ਕੁੜੀ ਨੇ ਮੁੰਡਾ ਲੱਭ ਲਿਆ, ਜੇ ਕੁੜੀ ਈ ਓਹਨਾਂ ਤੋਂ ਬਾਹਰੀ ਹੋ ਗਈ ਤਾਂ ਕੀ ਕਰ ਸਕਦੇ ਆਂ!"
"ਅੰਕਲ ਜੀ, ਕੁੜੀ ਕਿਕੁੰ ਬਾਹਰੀ ਹੋ ਜਾਏਗੀ? ਜ਼ਰਾ ਉਹਨੂੰ ਦਬਕਣ, ਨਹੀਂ ਤਾਂ ਟੁਕੜੇ ਕਰ ਦੇਣ, ਇਹੋ ਜਿਹੀ ਔਲਾਦ ਖੁਣੋਂ ਕੀ ਖੜਾ ਏ!"
"ਗੁਰਜੰਟ, ਤੂੰ ਏਨਾ ਗਰਮ ਨਾ ਹੋ, ਮੈਂ ਸੁਰਜਨ ਸਿੰਘ ਨੂੰ ਫੋਨ ਕਰਕੇ ਪੁੱਛਦਾਂ।"
"ਅੰਕਲ ਜੀ, ਫੋਨ ਨਹੀਂ ਤੁਸੀਂ ਜਾ ਕੇ ਮਿਲੋ।"
"ਚੰਗਾ, ਮੈਂ ਕਿਸੇ ਦਿਨ ਜਾ ਕੇ ਆਉਂਨਾ।"
"ਕਿਸੇ ਦਿਨ ਨਈਂ ਕੱਲ ਹੀ ਜਾ ਕੇ ਆਓ।"
"ਚਲ ਠੀਕ ਐ, ਮੈਂ ਕੱਲ ਈ ਜਾਨਾਂ, ਤੂੰ ਜ਼ਰਾ ਧੀਰਜ ਰੱਖ।"

ਸ਼ਿਵਰਾਜ ਸਿੰਘ ਨੇ ਗੁਰਜੰਟ ਨੂੰ ਤਸੱਲੀ ਦੇ ਕੇ ਭੇਜ ਦਿਤਾ। ਸ਼ਿਵਰਾਜ ਸਿੰਘ ਨਾਲ ਤਾਂ ਪਹਿਲਾਂ ਹੀ ਸੁਰਜਨ ਸਿੰਘ ਨੇ ਸਾਰੀ ਗੱਲ ਕਰ ਲਈ ਹੋਈ ਸੀ। ਉਸ ਦੀਆਂ ਗੱਲਾਂ ਨਾਲ ਗੁਰਜੰਟ ਦੀ ਤਸੱਲੀ ਬਿਲਕੁਲ ਨਹੀਂ ਸੀ ਹੋਈ। ਆਪਣੇ ਘਰ ਨੂੰ ਮੁੜਦਿਆਂ ਉਹ ਸੋਚਣ ਲਗਿਆ ਕਿ ਸੁਰਜਨ ਸਿੰਘ ਕੁੜੀ ਨੂੰ ਮਨਾ ਸਕਦਾ ਹੈ ਪਰ ਜਾਣ ਬੁੱਝ ਕੇ ਅਜਿਹਾ ਨਹੀਂ ਕਰ ਰਿਹਾ। ਉਸ ਨੇ ਕਾਰ ਸੁਹਰੇ ਘਰ ਵਲ ਮੋੜ ਲਈ। ਉਸ ਨੂੰ ਕੋਈ ਫਿਕਰ ਨਹੀਂ ਸੀ ਕਿ ਕੀ ਵਕਤ ਹੋ ਰਿਹਾ ਹੈ। ਸੁਰਜਨ ਸਿੰਘ ਦਾ ਪਰਿਵਾਰ ਸੌਣ ਦੀ ਤਿਆਰੀ ਕਰ ਰਿਹਾ ਸੀ। ਦਰਵਾਜ਼ੇ ਦੀ ਘੰਟੀ ਤੋਂ ਹੀ ਸਭ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਗੁਰਜੰਟ ਹੀ ਹੋਵੇਗਾ। ਇਹ ਵੀ ਆਸ ਸੀ ਕਿ ਲੜ੍ਹਾਈ ਕਰਨ ਹੀ ਆਇਆ ਹੋਵੇਗਾ। ਇਸ ਲਈ ਉਹ ਤਿਆਰ ਵੀ ਸਨ। ਸੁਰਜਨ ਸਿੰਘ ਨੇ ਦਰਵਾਜ਼ਾ ਖੋਹਲਿਆ ਪਰ ਸੁਰਿੰਦਰ ਤੇ ਸੁਖਵੀਰ ਸਿਪਾਹੀਆਂ ਵਾਂਗ ਪਿੱਛੇ ਖੜੀਆਂ ਸਨ। ਸੁਰਿੰਦਰ ਕੁਝ ਜ਼ਿਆਦਾ ਹੀ ਗੁੱਸੇ ਵਿਚ ਸੀ। ਗੁਰਜੰਟ ਨੇ ਸਹਿਜ ਨਾਲ ਕਿਹਾ,
"ਡੈਡੀ, ਆਹ ਮੈਂ ਕੀ ਸੁਣ ਰਿਹਾਂ, ਰਾਣੀ ਨੇ ਕੋਈ ਬੁਆਏ ਫਰੈਂਡ ਲੱਭ ਲਿਆ ਏ!"
"ਗੁਰਜੰਟ, ਆਹ ਵੇਲਾ ਕੋਈ ਗੱਲ ਕਰਨ ਦਾ ਨਹੀਂ, ਸਵੇਰੇ ਆਵੀਂ ਬੈਠ ਕੇ ਗੱਲ ਕਰਾਂਗੇ।"

"ਡੈਡੀ, ਪਰਤਾਪ ਵਿਚ ਕੀ ਨੁਕਸ ਏ? ਉਹਨੂੰ ਤੁਸੀਂ ਕਿਹੜੀ ਗੱਲੋਂ ਰਿਜੈਕਟਰ ਕਰ ਰਹੇ ਓ? ...ਰਾਣੀ ਆਪ ਜਾ ਕੇ ਉਹਨੂੰ ਦੇਖ ਕੇ ਆਈ ਸੀ, ਹੁਣ ਕਿਹੜੀ ਬਿੱਲੀ ਛਿੱਕ ਗਈ!"
"ਪਰਤਾਪ ਵਿਚ ਕੋਈ ਨੁਕਸ ਨਹੀਂ, ਤੂੰ ਕੱਲ ਨੂੰ ਵੇਲੇ ਸਿਰ ਆਵੀਂ, ਮੈਂ ਸਵੇਰੇ ਕੰਮ 'ਤੇ ਜਾਣਾਂ।"
"ਮੇਰੀ ਦੁਨੀਆਂ ਉਜੜੀ ਪਈ ਏ, ਤੁਹਾਨੂੰ ਕੰਮ ਸੁਝ ਰਹੇ ਨੇ?"

ਉਹ ਦਰਵਾਜ਼ੇ ਵਿਚ ਖੜੇ ਹੀ ਗੱਲਾਂ ਕਰ ਰਹੇ ਸਨ। ਸੁਰਜਨ ਨੇ ਉਸ ਦਾ ਅੰਦਰ ਆਉਣਾ ਵੀ ਠੀਕ ਨਹੀਂ ਸੀ ਸਮਝਿਆ। ਗੁਰਜੰਟ ਕਿਸੇ ਦੀ ਗੱਲ ਸੁਣੇ ਬਿਨਾਂ ਆਪਣੀ ਕਹਿਣ ਦੀ ਕੋਸ਼ਿਸ਼ ਕਰੀ ਜਾ ਰਿਹਾ ਸੀ,
"ਇਹ ਸਭ ਕਿਉਂ? ...ਤੁਸੀਂ ਆਪ ਮੁੰਡਾ ਰੋਕਿਆ ਸੀ, ਨਹੀਂ ਤਾਂ ਉਸ ਨੂੰ ਪੰਜਾਹ ਰਿਸ਼ਤੇ ਹੁੰਦੇ ਸਨ, ਕੋਈ ਅਮਰੀਕਾ ਤੋਂ, ਕੋਈ ਕੈਨੇਡਾ ਤੋਂ, ...ਜਵਾਬ ਦੇਣਾ ਸੀ ਤਾਂ ਪਹਿਲਾਂ ਦਿੰਦੇ।"
"ਗੁਰਜੰਟ, ਅਸੀਂ ਰਿਸ਼ਤਾ, ਰਿਸ਼ਤੇ ਲਈ ਹੀ ਕੀਤਾ ਸੀ ਪਰ ਜੇ ਕੁੜੀ ਨਈਂ ਮੰਨਦੀ ਤਾਂ ਕੀ ਕਰੀਏ?"
"ਡੈਡੀ, ਕੁੜੀ ਨੂੰ ਮਨਾਓ, ਜੇ ਬਾਹਰ ਕਿਸੇ ਮੁੰਡੇ ਨਾਲ਼ ਫਸ ਗਈ ਐ ਤਾਂ ਏਹਦਾ ਗੱਲ਼ਾ ਘੁੱਟ ਦਿਓ, ਨਈਂ ਘੁੱਟ ਹੁੰਦਾ ਤਾਂ ਇਧਰ ਕਰੋ ਮੈਂ ਘੁੱਟ ਦਿੰਨਾਂ।"

ਗੁਰਜੰਟ ਨੇ ਬਾਭਰ ਕੇ ਆਖਿਆ। ਹੁਣ ਸੁਰਜਨ ਸਿੰਘ ਨੂੰ ਵੀ ਗੁੱਸਾ ਆ ਗਿਆ। ਉਸ ਅਗੇ ਵਧਦਾ ਬੋਲਿਆ,
"ਜ਼ੁਬਾਨ ਸੰਭਾਲ ਕੇ ਗੱਲ ਕਰ ਗੁਰਜੰਟ, ਮੇਰੀ ਕੁੜੀ ਨੂੰ ਗਲਤ ਬੋਲੇਂਗਾ ਤਾਂ ਮੇਰੇ ਤੋਂ ਬੁਰਾ ਕੋਈ ਨਈਂ ਹੋਣਾਂ।"
"ਡੈਡੀ, ਹਾਲੇ ਵੀ ਵਕਤ ਐ, ਆਪਣੇ ਖਾਨਦਾਨ ਨੂੰ ਕਲੰਕਤ ਹੋਣ ਤੋਂ ਬਚਾਓ, ਆਪਣੇ ਘਰ ਦੀ ਇੱਜ਼ਤ ਸੰਭਾਲੋ।"
"ਗੁਰਜੰਟ, ਭਲਾ ਏਹਦੇ ਵਿਚ ਈ ਐ ਕਿ ਚੁੱਪ ਕਰਕੇ ਇਥੋਂ ਚਲੇ ਜਾਹ ਤੇ ਸਵੇਰੇ ਆਵੀਂ।"
"ਹੁਣ ਮੈਂ ਨਈਂ ਆਉਣਾ, ਤੁਸੀਂ ਆਵੋਂਗੇ, ਕੰਨ ਖੋਹਲ ਕੇ ਸੁਣ ਲਵੋ, ਰਾਣੀ ਮੇਰੇ ਭਰਾ ਦੀ ਮੰਗ ਏ, ਮੇਰੇ ਭਰਾ ਦੀ ਮੰਗ ਕਿਤੇ ਹੋਰ ਨਈਂ ਵਿਆਹੀ ਜਾ ਸਕਦੀ, ਕਿਤੇ ਲਿਖ ਲਓ।"

ਗੁਰਜੰਟ ਇੰਨੀ ਉੱਚੀ ਆਵਾਜ਼ ਵਿਚ ਗੱਲ ਕਰ ਰਿਹਾ ਸੀ ਕਿ ਗਵਾਂਢੀ ਬਾਹਰ ਨਿਕਲ ਆਏ। ਉਸ ਨੇ ਆਲਾ ਦੁਆਲਾ ਦੇਖਿਆ, ਦੋ ਗੰਦੀਆਂ ਗਾਲ਼ਾਂ ਕੱਢੀਆਂ ਤੇ ਤੁਰ ਪਿਆ। ਉਸ ਨੂੰ ਪਤਾ ਸੀ ਕਿ ਆਸ ਦੀ ਜਗਦੀ ਮਾੜੀ ਮੋਟੀ ਕਿਰਨ ਵੀ ਉਹ ਬੁਝਾ ਬੈਠਾ ਹੈ।

ਸੁਰਜਨ ਸਿੰਘ ਨੇ ਦਰਵਾਜ਼ਾ ਬੰਦ ਕੀਤਾ ਤੇ ਸਭ ਨੂੰ ਬੋਲਿਆ,
"ਜੇ ਮੁੜ ਕੇ ਇਹ ਇਥੇ ਆਵੇ ਤਾਂ ਇਕ ਦਮ ਪੁਲੀਸ ਨੂੰ ਫੋਨ ਕਰ ਦਿਓ, ਬਲਜਿੰਦਰ ਨੂੰ ਵੀ ਕਹਿ ਦਿਓ ਕਿ ਜੇ ਉਹਨੂੰ ਹੱਥ ਲਾਵੇ ਤਾਂ ਪੁਲੀਸ ਬੁਲਾ ਲਵੇ, ...ਜਿਹੜਾ ਹਰਾਮੀ ਉਠਦੈ ਰੋਅਬ ਪਾਉਣ ਲਗਦੈ!"

ਸੁਰਿੰਦਰ ਆਪਣੇ ਪਿਓ ਨੂੰ ਹੌਂਸਲਾ ਦਿੰਦੀ ਕਹਿਣ ਲਗੀ,
"ਡੈਡੀ, ਜੇ ਤੁਸੀਂ ਘਰ ਨਾ ਹੁੰਦੇ ਤਾਂ ਅਸੀਂ ਤਾਂ ਇਹਨੂੰ ਵਾਲ਼ੋਂ ਫੜ ਕੇ ਅੰਦਰ ਖਿਚ ਲੈਣਾ ਸੀ, ਪਹਿਲਾਂ ਕੁੱਟਣਾ ਸੀ ਤੇ ਫਿਰ ਪੁਲੀਸ ਸੱਦ ਲੈਣੀ ਸੀ।"

## ਛੱਬੀ

ਅਵਤਾਰ ਨੇ ਆਪਣੇ ਜੀਵਨ ਦਾ ਪੈਂਤੜਾ ਇਕ ਦਮ ਬਦਲ ਲਿਆ। ਜਿਵੇਂ ਕੋਈ ਖਿਡਾਰੀ ਫਾਊਲ ਖੇਡਦਾ ਖੇਡਦਾ ਇਕ ਦਮ ਤ੍ਰਬਕ ਜਾਂਦਾ ਹੈ ਅਜਿਹਾ ਹੀ ਕੁਝ ਉਸ ਨਾਲ ਹੋਇਆ। ਇਕ ਦਿਨ ਬਨਾਰਸੀ ਦਾਸ ਨੇ ਗੱਲ ਤੋਰੀ,
"ਯੰਗਮੈਨ, ਬਹੁਤ ਕਰ ਲਈ ਖਰਮਸਤੀ, ਦੇਖ ਪੁੜਪੁੜੀਆਂ 'ਚ ਚਿੱਟੋਂ ਉਗਣ ਡਹਿ ਪਈ ਐ, ਹੁਣ ਸੈੱਟਲ ਹੋ ਜਾਹ, ਘਰ ਲੈ ਲਾ।"
"ਆਹ ਘਰ ਈ ਐ ਅੰਕਲ।"
"ਇਹ ਵੀ ਘਰ ਐ, ਆਪਣੇ ਸੋਲਾਂ ਸਤਾਰਾਂ ਸਾਲ ਵਧੀਆ ਨਿਕਲ਼ ਗਏ। ਤੂੰ ਪੁੱਤਾਂ ਵਾਂਗੂੰ, ਭਰਾਵਾਂ ਵਾਂਗੂੰ ਰਿਹਾਂ, ਸਾਡੀ ਹੈੱਲਪ ਵੀ ਕੀਤੀ।"
"ਤੁਸੀਂ ਵੀ ਤਾਂ ਮੈਨੂੰ ਸਦਾ ਪਨਾਹ ਦਿਤੀ ਐ।"

"ਓ, ਕੋਈ ਕਿਸੇ ਨੂੰ ਪਨਾਹ ਨਈਂ ਦਿੰਦਾ, ਮੈਂ ਤਾਂ ਕਹਿੰਨਾ ਬਈ ਹੁਣ ਸਾਡੇ ਨਿਆਣੇ ਉਡਾਰ ਹੋਣ ਲਗੇ ਆ, ਏਹਨਾਂ ਨੇ ਵੀ ਆਪੋ ਆਪਣਾ ਰੂਮ ਮੰਗਣਾਂ, ...ਆਪਣੀ ਸੁਹਣੀ ਨਿਭੀ ਐ ਪਰ ਇਹ ਪਤਾ ਨਈਂ ਕਿਹੋ ਜਿਹੇ ਨਿਕਲਣ।"

ਅਵਤਾਰ ਸਮਝ ਗਿਆ ਕਿ ਬਨਾਰਸੀ ਦਾਸ ਕਮਰਾ ਖਾਲੀ ਕਰਨ ਲਈ ਕਹਿ ਰਿਹਾ ਹੈ। ਉਸ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਉਸ ਨੂੰ ਇਹ ਕਮਰਾ ਵੀ ਛੱਡਣਾ ਪੈ ਸਕਦਾ ਹੈ। ਉਸ ਨੇ ਜ਼ਰਾ ਹਿਰਖ ਵਿਚ ਆਖਿਆ,

"ਜਦੋਂ ਕਹੋਂ ਮੈਂ ਰੂਮ ਲੱਭ ਲਊਂ ਕਿਤੇ ਹੋਰ, ਫਿਕਰ ਨਾ ਕਰੋ।"

"ਓ, ਮੈਂ ਤੈਨੂੰ ਰੂਮ ਲੱਭਣ ਲਈ ਨਈਂ ਕਹਿੰਦਾ, ਮੈਂ ਕਹਿੰਨਾ ਕਿ ਘਰ ਲੈ ਲਾ, ਕਿਸੇ ਵਿਚ ਕਿਰਾਏ 'ਤੇ ਤੂੰ ਨਈਂ ਰਹਿ ਸਕਣਾਂ। ਨਾਲ਼ੇ ਬਥੇਰਾ ਦੌੜ ਲਿਆ, ਘਰ ਲੈ ਲਵੇਂਗਾ ਤਾਂ ਬੱਝ ਜਾਵੇਂਗਾ, ਤੇਰੀ ਲੈਫ 'ਚ ਜ਼ਰਾ ਟਕਾਅ ਵੀ ਆ ਜਾਊ।"

"ਟਿਕਾਅ ਸ਼ਾਇਦ ਮੇਰੀ ਕਿਸਮਤ 'ਚ ਹੈ ਨਈਂ।"

"ਇਹ ਤੇਰਾ ਵਹਿਮ ਐ, ਹਰ ਸੁਭਾਅ ਦੀ ਇਕ ਉਮਰ ਹੁੰਦੀ ਐ, ਹੁਣ ਤੇਰੀ ਉਮਰ ਹੋ ਗਈ ਕਿ ਬਦਲੇਂ, ...ਫੇਰ ਘਰ ਲੈਣ ਵਿਚ ਨੁਕਸਾਨ ਵੀ ਕੀ ਐ, ਦੋ ਆਪਣੇ ਅਰਗੇ ਲਫੰਡਰ ਨਾਲ ਰੱਖ ਲਈਂ, ਤੇਰੀ ਕਿਸ਼ਤ ਨਿਕਲੀ ਜਾਣੀਂ ਐਂ।"

"ਕੋਈ ਫਲੈਟ ਬਗੈਰਾ ਦੇਖ ਲੈਨਾਂ।"

"ਓ, ਫਲੈਟ ਨਾਲ਼ੋਂ ਘਰ ਲੈ। ਘਰ ਦੀ ਕੀਮਤ ਵੀ ਜਾਅਦਾ ਵਧਦੀ ਐ ਤੇ ਵੇਚਣਾ ਵੀ ਸੌਖਾ...।"

ਬਨਾਰਸੀ ਦਾਸ ਦਾ ਤਜੁਰਬਾ ਬੋਲ ਰਿਹਾ ਸੀ। ਅਵਤਾਰ ਸੋਚਣ ਲਗਿਆ ਕਿ ਗੱਲ ਤਾਂ ਉਹ ਸ਼ਾਇਦ ਠੀਕ ਹੀ ਕਰ ਰਿਹਾ ਸੀ। ਬਨਾਰਸੀ ਦਾਸ ਦੇ ਘਰ ਵਿਚ ਤਾਂ ਉਹ ਆਪਣੇ ਘਰ ਵਾਂਗ ਹੀ ਰਹਿੰਦਾ ਸੀ, ਕਿਸੇ ਹੋਰ ਘਰ ਦੀਆਂ ਬੰਦਸ਼ਾਂ ਉਹਦੇ ਕੋਲੋਂ ਨਹੀਂ ਸਨ ਝੱਲੀਆਂ ਜਾਣੀਆਂ। ਕੁਝ ਦੇਰ ਸੋਚ ਕੇ ਉਹ ਬੋਲਿਆ,

"ਨਈਂ ਅੰਕਲ, ਘਰ ਵੀ ਮੇਰੇ ਸੁਭਾਅ ਨੂੰ ਸੂਟ ਨਈਂ ਕਰਦਾ, ਜੇ ਮੈਂ ਛੇ ਮਹੀਨੇ ਲਈ ਕਿਸੇ ਪਾਸੇ ਨਿਕਲ਼ ਗਿਆ ਤਾਂ ਘਰ ਤਾਂ ਬੈਂਕ ਨੇ ਹਜ਼ਮ ਕਰ ਲੈਣਾ ਹੋਇਆ ਨਾ।"

"ਓ, ਹਰ ਗੱਲ ਦਾ ਤੋੜ ਹੁੰਦਾ, ...ਤੇਰੇ ਹੱਥ 'ਚ ਕਿਸਬ ਹੈਗਾ, ਪੈਸੇ ਕਮਾ ਸਕਦਾਂ, ਕਿਸ਼ਤ ਜੋਗੇ ਪੈਸੇ ਤੂੰ ਲਾਜਵੰਤੀ ਕੋਲ਼ ਰੱਖੀ ਜਾਹ, ਜਿੰਨਾ ਚਿਰ ਮੈਂ ਹੈਗਾਂ ਤੇਰਾ ਘਰ ਸੰਭਾਲ਼ੀ ਜਾਊਂ, ...ਪਰ ਲਈਂ ਕਿਤੇ ਨੇੜੇ ਤੇੜੇ।"

ਅਵਤਾਰ ਦੀ ਸੋਚ ਇਕ ਦਮ ਬਦਲ ਗਈ। ਘਰ ਦਾ ਕੀ ਹੈ ਜਦ ਮਰਜ਼ੀ ਬਦਲ ਲਓ, ਇਸ ਦੀ ਕੀਮਤ ਤਾਂ ਵਧਣੀ ਹੀ ਹੋਈ। ਦਿਲਬਾਗ ਨੇ ਪਹਿਲਾਂ ਕਿੰਨੇ ਦਾ ਘਰ ਲਿਆ ਤੇ ਕਿੰਨੇ ਦਾ ਵੇਚ ਕੇ ਹੋਰ ਲੈ ਲਿਆ, ਜਦ ਉਹ ਹਿਸਾਬ ਲਾਉਣ ਲਗਿਆ ਤਾਂ ਉਸ ਨੂੰ ਬਹੁਤ ਪਛਤਾਵਾ ਹੋਇਆ ਕਿ ਉਸ ਨੇ ਘਰ ਪਹਿਲਾਂ ਕਿਉਂ ਨਈਂ ਲੈ ਲਿਆ। ਉਸ ਨੇ ਲਾਜਵੰਤੀ ਦੇ ਨਾਂ 'ਤੇ ਅਲੱਗ ਖਾਤਾ ਖੁਲ੍ਹਵਾ ਦਿਤਾ। ਬੱਝਵੇਂ ਪੈਸੇ ਹਰ ਹਫਤੇ ਉਸ ਨੂੰ ਦੇਣ ਲਗਿਆ। ਉਸ ਨੂੰ ਪਤਾ ਸੀ ਕਿ ਜੇ ਪੈਸੇ ਉਸ ਕੋਲ ਪਏ ਹੋਏ ਤਾਂ ਖਰਚ ਹੋ ਜਾਣੇ ਸਨ। ਜਲਦੀ ਹੀ ਉਸ ਕੋਲ ਡਿਪੌਜ਼ਟ ਜੋਗੇ ਪੈਸੇ ਹੋ ਗਏ। ਉਸ ਨੇ ਘਰ ਦੇਖਣਾ ਸ਼ੁਰੂ ਕਰ ਦਿਤਾ।

ਬਨਾਰਸੀ ਦਾਸ ਵਾਂਗ ਅਵਤਾਰ ਵੀ ਚਾਹੁੰਦਾ ਸੀ ਕਿ ਹਾਰਵੇ ਰੋਡ 'ਤੇ ਹੀ ਘਰ ਮਿਲ ਜਾਵੇ ਪਰ ਹਾਰਵੇ ਰੋਡ 'ਤੇ ਕੋਈ ਘਰ ਸੇਲ 'ਤੇ ਨਹੀਂ ਸੀ ਲਗਿਆ। ਉਸ ਨੇ ਕੁਝ ਦੇਰ ਉਡੀਕ ਕਰਨੀ ਬਿਹਤਰ ਸਮਝੀ। ਹਾਰਵੇ ਰੋਡ ਉਪਰ ਰਹਿੰਦਿਆਂ ਉਸ ਨੂੰ ਰੋਟੀ ਪੱਕੀ ਪਕਾਈ ਮਿਲੀ ਜਾਣੀ ਸੀ ਤੇ ਕਪੜਿਆਂ ਦੀ ਵੀ ਕੋਈ ਚਿੰਤਾ ਨਹੀਂ ਸੀ ਹੋਣੀ। ਉਹ ਸੋਚਦਾ ਸੀ ਕਿ ਘਰ ਦੀ ਇਕ ਚਾਬੀ ਹੀ ਬਨਾਰਸੀ ਦਾਸ ਨੂੰ ਦੇ ਦੇਵਗਾ ਤੇ ਲਾਜਵੰਤੀ ਆਪ ਹੀ ਘਰ ਦਾ ਕੰਮ ਕਰ ਜਾਇਆ ਕਰੇਗੀ। ਦਿਲਬਾਗ ਵਰਗੇ ਦੋਸਤ ਲੱਖ ਮਜ਼ਾਕ ਕਰੀ ਜਾਣ ਪਰ ਉਸ ਨੇ ਕਦੇ ਵੀ ਲਾਜਵੰਤੀ ਵਲ ਗਲਤ ਨਜ਼ਰ ਨਾਲ ਨਹੀਂ ਸੀ ਦੇਖਿਆ, ਲਾਜਵੰਤੀ ਨੇ ਵੀ ਸਦਾ ਉਸ ਨੂੰ ਭਰਾ ਸਮਝ ਕੇ ਹੀ ਵਰਤਿਆ ਸੀ। ਬਨਾਰਸੀ ਦਾਸ ਹੀ ਨਹੀਂ ਉਸ ਉਪਰ ਸਾਰੇ ਦੋਸਤ ਹੀ ਭਰੋਸਾ ਕਰਦੇ ਸਨ। ਉਹ ਆਪਣੇ ਲਈ ਭਾਵੇਂ ਬੁਰਾ ਹੋਵੇਗਾ ਪਰ ਦੋਸਤਾਂ ਲਈ ਉਹ ਖਰਾ ਦੋਸਤ ਸੀ। ਉਸ ਦੀਆਂ ਬਹੁਤ ਸਾਰੀਆਂ ਔਰਤਾਂ ਦੋਸਤ ਰਹੀਆਂ ਸਨ ਪਰ ਕਦੇ ਵੀ ਕਿਸੇ ਨੂੰ ਘਰ ਨਹੀਂ ਸੀ ਲਿਆਇਆ। ਔਰਤਾਂ ਤਾਂ ਇਕ ਪਾਸੇ ਦਿਲਬਾਗ ਤੋਂ ਬਿਨਾਂ ਉਸ ਦਾ ਕੋਈ ਹੋਰ ਦੋਸਤ ਵੀ ਬਨਾਰਸੀ ਦਾਸ ਦੇ ਘਰ ਨਹੀਂ ਸੀ ਆਇਆ।

ਦਿਲਬਾਗ ਨਾਲ ਉਸ ਦੀ ਦਿਲੀ ਸਾਂਝ ਚਲੀ ਆ ਰਹੀ ਸੀ। ਉਹ ਦਿਲਬਾਗ ਦੀ ਵਿਆਹੁਤਾ ਜ਼ਿੰਦਗੀ ਤੋਂ ਬਹੁਤ ਮੁਤਾਸਰ ਸੀ। ਉਸ ਵਲ ਦੇਖ ਕੇ ਕਦੇ ਕਦੇ ਉਸ ਦਾ ਵੀ ਦਿਲ ਕਰਨ ਲਗਦਾ ਕਿ ਹੁਣ ਵਿਆਹ ਕਰਾ ਲਵੇ। ਉਹ ਸੋਚਣ ਵਿਚ ਬਹੁਤ ਵਕਤ ਖਰਾਬ ਕਰਦਾ ਪਰ ਕਰਦਾ ਕੁਝ ਨਾ। ਕਈ ਵਾਰ ਬੰਬਈ ਜਾ ਆਇਆ ਸੀ ਪਰ ਆਪਣੇ ਪਿੰਡ ਗਏ ਨੂੰ ਉਸ ਨੂੰ ਦਸ ਸਾਲ ਹੋ ਗਏ ਸਨ।

ਗੁਲਵੰਤ ਦੇ ਰੁਆਇਲ ਡੀਨ ਵਿਚੋਂ ਕੰਮ ਛਡਦਿਆਂ ਹੀ ਉਥੋਂ ਦਾ ਮਹੌਲ ਇਕਦਮ ਬਦਲ ਗਿਆ। ਇਹ ਸਮਾਂ ਹੀ ਅਜਿਹਾ ਸੀ। ਥੈਚਰ ਗੌਰਮਿੰਟ ਆਮ ਕਾਮੇ ਦਾ ਹਰ ਪਾਸਿਓਂ ਸਕੰਜਾ ਕੱਸਣ ਲਗੀ ਸੀ। ਤਨਖਾਹਾਂ ਵਲੋਂ ਵੀ, ਓਵਰ ਟਾਈਮ ਵਲੋਂ

ਵੀ। ਕਾਮਿਆਂ ਦੀਆਂ ਬ੍ਰੇਕਾਂ ਵੀ ਘਟਾ ਦਿਤੀਆਂ। ਡਿਨਰ ਬ੍ਰੇਕ ਘੰਟੇ ਤੋਂ ਚਾਲੀ ਮਿੰਟ ਦੀ ਕਰ ਦਿਤੀ ਗਈ। ਚਾਲੀ ਮਿੰਟ ਦਾ ਮਤਲਬ ਠੀਕ ਚਾਲੀ ਮਿੰਟ। ਇਵੇਂ ਹੀ ਟੀ-ਬ੍ਰੇਕ ਵੀਹ ਮਿੰਟ ਦੀ। ਕੋਈ ਵੀ ਇਕ ਮਿੰਟ ਲੇਟ ਹੋ ਜਾਂਦਾ ਤਾਂ ਵਾਰਨਿੰਗ ਦੇ ਦਿਤੀ ਜਾਂਦੀ ਜਿਸ ਨੂੰ ਸਕਿੱਨ ਕਹਿੰਦੇ। ਇਹ ਸਕਿੱਨ ਤੁਹਾਡੇ ਰਿਕਾਡ ਵਿਚ ਅੰਕਿਤ ਹੋ ਜਾਂਦੀ ਜਿਸ ਦਾ ਬਾਅਦ ਵਿਚ ਨੌਕਰੀ ਉਪਰ ਅਸਰ ਪੈਣਾ ਹੁੰਦਾ। ਇਵੇਂ ਹੀ ਡਿਊਟੀ ਦੇ ਅਖੀਰ ਵਿਚ ਹੱਥ ਧੋਣ ਲਈ ਮਿਲਦਾ ਅੱਧਾ ਘੰਟਾ ਘਟਾ ਕੇ ਪੰਦਰਾਂ ਮਿੰਟ ਕਰ ਦਿਤਾ ਗਿਆ। ਚਿੱਠੀਆਂ ਛਾਂਟਣ ਲਈ ਮਸ਼ੀਨਾਂ ਲਗ ਗਈਆਂ। ਇਕ ਮਸ਼ੀਨ ਕਈ ਕਈ ਬੰਦਿਆਂ ਦਾ ਕੰਮ ਕਰਨ ਲਗੀ। ਯੂਨੀਅਨਾਂ ਵੀ ਕੁਝ ਕਰਨ ਜੋਗੀਆਂ ਨਾ ਰਹੀਆਂ। ਕੋਇਲਾ-ਖਾਣ ਮਜ਼ਦੂਰਾਂ ਦੀ ਸਾਲਾਂ ਬੱਧੀ ਚੱਲੀ ਹੜਤਾਲ ਅਜਿਹੀ ਫੇਹਲ ਹੋਈ ਕਿ ਯੂਨੀਅਨਾਂ ਦੇ ਹੌਸਲੇ ਹੀ ਪਸਤ ਹੋ ਗਏ।

ਪਹਿਲਾਂ ਵਾਂਗ ਮੀਟ ਦੇ ਪਤੀਲੇ ਰਿੱਝਣੇ ਬੰਦ ਹੋ ਗਏ। ਕੋਈ ਵੀ ਕਾਮਾ ਸ਼ਰਾਬੀ ਦੇਖ ਲਿਆ ਜਾਂਦਾ ਤਾਂ ਉਸ ਨਾਲ ਸਖਤੀ ਨਾਲ ਵਰਤਿਆ ਜਾਂਦਾ। ਨਵਤੇਜ ਇਵੇਂ ਹੀ ਆਪਣੀ ਨੌਕਰੀ ਤੋਂ ਹੱਥ ਧੋ ਬੈਠਾ ਸੀ। ਉਸ ਤੋਂ ਸਬਕ ਸਿਖਦੇ ਲੋਕ ਧਿਆਨ ਨਾਲ ਚੱਲਣ ਲਗੇ।

ਗੁਲਵੰਤ ਨੇ ਜਦੋਂ ਕੰਮ ਤੋਂ ਸਿੱਕ ਮਾਰੀ ਤਾਂ ਮੁੜ ਕੇ ਰੁਆਇਲ ਡੀਨ ਵਿਚ ਕੰਮ ਕਰਨ ਨੂੰ ਉਸ ਦਾ ਦਿਲ ਹੀ ਨਹੀਂ ਕੀਤਾ। ਸੁਰਿੰਦਰ ਦੇ ਛੱਡ ਜਾਣ ਤੇ ਫਿਰ ਤਲਾਕ ਦਾ ਮੁਕੱਦਮ ਚਲ ਪੈਣ ਕਾਰਨ ਉਸ ਨੂੰ ਸ਼ਰਮ ਮਹਿਸੂਸ ਹੋਣ ਲਗੀ ਸੀ। ਉਸ ਦੇ ਨੌਕਰੀ ਛੱਡਣ ਤੋਂ ਬਾਅਦ ਉਸ ਦਾ ਸਾਰਾ ਗਰੁੱਪ ਹੀ ਖਿੰਡਰ ਗਿਆ। ਐਲਨ ਵਿਆਹ ਕਰਾ ਕੇ ਆਇਰਲੈਂਡ ਚਲੇ ਗਿਆ। ਰਣਬੀਰ ਮੁੜ ਇੰਡੀਆ ਜਾ ਵਸਿਆ। ਵਿਜੇ ਨੇ ਦੁਕਾਨ ਲੈ ਲਈ। ਮੁਸ਼ਤਾਕ ਨੇ ਵੀ ਕੰਮ ਬਦਲ ਲਿਆ।

ਸੁਰਜਨ ਸਿੰਘ ਦੇ ਸਾਰੇ ਦੋਸਤ ਕਾਇਮ ਸਨ। ਬਹੁਤਿਆਂ ਦੀ ਉਹੋ ਇੰਡੋ-ਪਾਕ ਸ਼ਿਫਟ ਸੀ। ਉਹਨਾਂ ਵਿਚੋਂ ਗੁਰਨਾਮ ਸਿੰਘ ਇਨਸਪੈਕਟਰ ਬਣ ਗਿਆ ਸੀ ਤੇ ਚਮਨ ਲਾਲ ਪੱਕੀਆਂ ਰਾਤਾਂ 'ਤੇ ਚਲੇ ਗਿਆ ਸੀ। ਸੁਰਜਨ ਸਿੰਘ ਦੇ ਘਰ ਵਿਚ ਜੋ ਵੀ ਜਵਾਰ-ਭਾਟਾ ਆ ਰਿਹਾ ਸੀ, ਕਿਸੇ ਨਾਲ ਸਾਂਝਾ ਨਹੀਂ ਸੀ ਕਰਦਾ। ਸਰੂਪ ਦਾ ਰਿਸ਼ਤੇਦਾਰ ਹੋਣ ਕਰਕੇ ਅਰਜਨ ਸਿੰਘ ਨਾਲ ਉਹ ਮਤਲਬ ਦੀ ਗੱਲ ਹੀ ਕਰਦਾ। ਸੁਰਜਨ ਸਿੰਘ ਦਾ ਸੁਭਾਅ ਵੀ ਹੁਣ ਚੁੱਪ ਜਿਹਾ ਰਹਿਣ ਦਾ ਹੋ ਗਿਆ ਸੀ।

ਗੁਲਵੰਤ ਦੀ ਕਹਾਣੀ ਨੂੰ ਰੁਆਇਲ ਡੀਨ ਵਿਚ ਮਸਾਲੇ ਲਾ ਲਾ ਦੁਹਰਾਇਆ ਜਾਂਦਾ। ਕੋਈ ਕਹਿੰਦਾ; ਭਰਾ ਨੇ ਭਰਾ ਨੂੰ ਡੋਬ ਦਿਤਾ, ਕੋਈ ਕਹਿੰਦਾ; ਭਰਾ ਨੇ ਭਰਾ ਲਈ ਕੁਰਬਾਨੀ ਦਿਤੀ ਹੈ। ਕੋਈ ਸੁਰਜਨ ਸਿੰਘ ਨੂੰ ਦੋਸ਼ ਦਿੰਦਾ ਕਹਿੰਦਾ ਕਿ ਉਹ ਜੱਟਾਂ ਵਾਂਗ ਊਤ ਹੀ ਨਿਕਲਿਆ ਜਿਸ ਨੇ ਜ਼ਿੱਦ ਵਿਚ ਆ ਕੇ ਵੱਡੀ ਕੁੜੀ ਦਾ ਜੀਵਨ ਵੀ ਖਰਾਬ ਕਰ ਦਿਤਾ। ਉਸ ਦੇ ਮੂੰਹ 'ਤੇ ਕੋਈ ਕੁਝ ਨਾ ਕਹਿੰਦਾ।

ਪੰਜਾਬ ਦੀ ਬਦਲਦੀ ਸਿਆਸਤ ਤੋਂ ਵੀ ਰੁਆਇਲ ਡੀਨ ਅਭਿੱਜ ਨਹੀਂ ਸੀ। ਖਾਲਿਸਤਾਨ ਹਰ ਮਹਿਫਲ ਦਾ ਭੱਖਵਾਂ ਵਿਸ਼ਾ ਹੁੰਦਾ। ਲੋਕਾਂ ਉਪਰ ਇਸ ਲਹਿਰ ਦਾ ਵਾਹਵਾ ਅਸਰ ਪੈ ਰਿਹਾ ਸੀ। ਭਊ ਪ੍ਰਗਟ ਸਿੰਘ ਨੇ ਦਾਹੜੀ ਪਰਕਾਸ਼ ਕਰ ਲਈ ਸੀ। ਕਈ ਹੋਰ ਲੋਕ ਵੀ ਸਿੰਘ ਸਜ ਗਏ ਸਨ। ਜਦ ਕੋਈ ਕਾਮਾ ਅਚਾਨਕ ਪੱਗ ਬੰਨ ਕੇ ਕੰਮ 'ਤੇ ਆਉਂਦਾ ਤਾਂ ਅੰਗੇਰਜ਼ ਤੇ ਕਾਲੇ ਕਾਮੇ ਹੈਰਾਨ ਹੋਏ ਦੇਖਣ ਲਗਦੇ। ਖਾਲਿਸਤਾਨ ਬਾਰੇ ਗੱਲਾਂ ਕਰਦੇ ਵੇਦ ਪ੍ਰਕਾਸ਼ ਤੇ ਦਲੀਪ ਸਿੰਘ ਸੱਗੂ ਆਪਸ ਵਿਚ ਫੱਸ ਹੀ ਪਏ ਸਨ। ਕਾਮਰੇਡ ਕਿਸਮ ਦੇ ਲੋਕ ਖਾਲਿਸਤਾਨੀਆਂ ਨੂੰ ਲੰਮੇ ਹੱਥੀ ਲੈਂਦੇ। ਪਾਕਿਸਤਾਨੀ ਖਲਿਸਤਾਨ ਦੇ ਹੱਕ ਵਿਚ ਬੋਲਦੇ ਸਿੱਖਾਂ ਦੀਆਂ ਤਾਰੀਫਾਂ ਕਰਦੇ। ਕਈ ਵਾਰ ਚਿੱਠੀਆਂ ਛਾਂਟਦੇ ਛਾਂਟਦੇ ਖਹਿਬੜਨ ਲਗਦੇ। ਰੁਆਇਲ ਡੀਨ ਦੀ ਮੈਨਜਮੈਂਟ ਇਕ ਵਾਰ ਫਿਰ ਸਤੱਰਕ ਹੋ ਗਈ ਕਿ ਕਿਧਰੇ ਕੋਈ ਲੜ੍ਹਾਈ ਹੀ ਨਾ ਹੋ ਜਾਵੇ।

ਡੈਰਕ, ਜਿਸ ਦੀ ਸੁਰਜਨ ਸਿੰਘ ਨਾਲ ਪਹਿਲੀਆਂ ਵਿਚ ਹੀ ਦੋਸਤੀ ਪੈ ਗਈ ਸੀ ਹੁਣ ਰਿਟਾਇਰ ਹੋਣ ਵਾਲਾ ਸੀ। ਉਸ ਨੇ ਪੱਕੀ ਹੀ ਸਵੇਰ ਦੀ ਅੱਠ ਤੋਂ ਚਾਰ ਛੁੱਟੀ ਵਾਲੀ ਸ਼ਿਫਟ ਰੱਖੀ ਹੋਈ ਸੀ। ਓਵਰ ਟਾਈਮ ਤਾਂ ਹੋਰਨਾਂ ਅੰਗਰੇਜ਼ਾਂ ਵਾਂਗ ਉਹ ਕਦੇ ਲਾਉਂਦਾ ਹੀ ਨਹੀਂ ਸੀ। ਲੰਡਨ ਘੁੰਮਣ ਦੀ ਉਸ ਦੀ ਖੱਬਤ ਹਾਲੇ ਘਟੀ ਨਹੀਂ ਸੀ ਪਰ ਉਸ ਦੇ ਮੁਕਾਬਲੇ ਸੁਰਜਨ ਸਿੰਘ ਨੂੰ ਹੁਣ ਜਿਵੇਂ ਲੰਡਨ ਦਾ ਕੋਈ ਚਿੱਤ-ਚੇਤਾ ਵੀ ਨਹੀਂ ਸੀ। ਉਸ ਨੂੰ ਹੋਰ ਹੀ ਮਸਲੇ ਨਹੀਂ ਸਨ ਟਿਕਣ ਦਿੰਦੇ ਪਰ ਜਦ ਵੀ ਡੈਰਕ ਨੂੰ ਵਕਤ ਲਗਦਾ ਜਾਂ ਉਸ ਦੇ ਮਨ ਵਿਚ ਕੋਈ ਗੱਲ ਸਾਂਝੀ ਕਰਨ ਵਾਲੀ ਹੁੰਦੀ ਤਾਂ ਸੁਰਜਨ ਸਿੰਘ ਪਾਸ ਆ ਬੈਠਦਾ। ਇਕ ਦਿਨ ਜਨਰਲ-ਸੌਰਟਿੰਗ ਤੇ ਬੈਠਾ ਕਹਿਣ ਲਗਿਆ,

"ਚੈਹਲ, ਮੇਰਾ ਤਾਂ ਕੁਝ ਦਿਨਾਂ ਦਾ ਮਨ ਬਹੁਤ ਖਰਾਬ ਐ।"

"ਕੀ ਗੱਲ ਹੋ ਗਈ ਡੈਰਕ?"

"ਆਹ ਦੇਖ ਟੈਕਸੀਆਂ ਦੀ ਕੀ ਬੁਰੀ ਹਾਲਤ ਕੀਤੀ ਐ, ਕਾਲੇ ਰੰਗ ਦੀਆਂ ਟੈਕਸੀਆਂ ਲੰਡਨ ਦੀ ਵਿਲੱਖਣਤਾ ਸੀ ਪਰ ਨਵੇਂ ਕਾਨੂੰਨ ਮੁਤਾਬਕ ਹੋਰਨਾਂ ਰੰਗਾਂ ਦੀਆਂ ਟੈਕਸੀਆਂ ਵੀ ਲੰਡਨ ਦੀਆਂ ਸੜਕਾਂ 'ਤੇ ਦੌੜਨ ਲਗੀਆਂ, ਹੋਰ ਤੇ ਹੋਰ ਟੈਕਸੀਆਂ ਉਪਰ ਇਸ਼ਤਿਹਾਰਬਾਜ਼ੀ ਵੀ ਸ਼ੁਰੂ ਕਰ ਦਿਤੀ, ਮੈਨੂੰ ਇਹ ਗੱਲ ਬਹੁਤ ਤੰਗ ਕਰ ਰਹੀ ਐ।"

"ਡੈਰਕ, ਸਭ ਕੁਝ ਬਦਲ ਰਿਹੈ, ਲੰਡਨ ਨੇ ਵੀ ਬਦਲਣਾ ਹੀ ਹੋਇਐ।"

"ਮੈਂ ਈਵਨਿੰਗ ਸਟੈਂਡ੍ਰਡ ਨੂੰ ਚਿੱਠੀ ਲਿਖੀ ਐ ਏਹਦੇ ਬਾਰੇ, ਕੱਲ ਐਲ.ਬੀ.ਸੀ. ਰੇਡੀਓ ਦੇ ਟਾਕ-ਸ਼ੋਅ ਵਿਚ ਵੀ ਗੱਲ ਕੀਤੀ ਸੀ।"

"ਡੈਰਕ, ਇਸ ਥੈਚਰ ਸਰਕਾਰ ਨੇ ਲੰਡਨ ਕੀ ਦੇਸ਼ ਦਾ ਚਿਹਰਾ-ਮੁਹਰਾ ਬਦਲ ਕੇ ਰੱਖ ਦਿਤਾ। ਆਹ ਦੇਖ ਲੰਡਨ ਟਰਾਂਸਪ੍ਰੋਟ ਪ੍ਰਾਵੇਟਾਈਜ਼ ਕਰਨ ਨੂੰ ਫਿਰਦੀ ਐ, ਟੈਲੀਫੋਨ ਮਹਿਕਮਾ ਪਹਿਲਾਂ ਹੀ ਵੇਚ ਦਿਤੈ, ਹੋਰ ਪਤਾ ਨਈਂ ਕੀ ਕੀ ਵੇਚੇਗੀ ਇਹ ਸਰਕਾਰ!"

"ਚੈਹਲ, ਕਿਸੇ ਦਿਨ ਲੰਡਨ ਘੁੰਮਣ ਚੱਲੀਏ, ਦੇਖੀਏ ਕਿ ਕੀ ਕੀ ਬਦਲ ਗਿਐ।"

"ਡੈਰਕ, ਮੈਂ ਹੁਣ ਪਰਿਵਾਰ ਵਿਚ ਬੁਰੀ ਤਰ੍ਹਾਂ ਫਸ ਗਿਆਂ, ਨਿਕਲ਼ ਨਹੀਂ ਹੁੰਦਾ, ...ਉਮਰ ਦੇ ਨਾਲ਼ ਨਾਲ਼ ਪਹਿਲਾਂ ਵਰਗਾ ਉਤਸ਼ਾਹ ਵੀ ਨਈਂ ਰਿਹਾ।"

"ਬੱਸ ਵਿਚ ਚਲਾਂਗੇ, ਤੁਰਾਂਗੇ ਨਹੀਂ।"

"ਦੇਖ ਲਵਾਂਗੇ, ਛੁੱਟੀ ਵਾਲ਼ੇ ਦਿਨ ਬੱਚਿਆਂ ਵਿਚ ਬੈਠਣ ਦਾ ਲਾਲਚ ਹੋ ਜਾਂਦੈ।"

"ਮੇਰੀ ਇਕ ਦੋਸਤ ਐ; ਮੈਰੀ ਓਵਨ। ਉਹਨੇ ਲੰਡਨ ਦੇ ਪੈਦਲ-ਤੁਰਨ ਦੇ ਰੂਟਾਂ ਉਪਰ ਇਕ ਕਿਤਾਬ ਲਿਖੀ ਐ।"

"ਸੱਚ! ...ਦਿਖਾਈਂ ਤਾਂ ਕਦੇ।"

"ਚੈਹਲ, ਹਾਲੇ ਛਪਾਈ ਅਧੀਨ ਐਂ, ਜੇ ਕਹੇਂ ਤਾਂ ਐਤਵਾਰ ਨੂੰ ਤੈਨੂੰ ਓਹਦੇ ਘਰ ਲੈ ਚੱਲਾਂਗਾ।"

"ਐਤਵਾਰ ਤਾਂ ਕੁਝ ਮਹਿਮਾਨ ਆ ਰਹੇ ਆ, ਫਿਰ ਕਦੇ ਸਹੀ।"

ਸੁਰਜਨ ਸਿੰਘ ਨੇ ਉਸ ਨੂੰ ਟਰਕਾ ਦਿਤਾ। ਉਹ ਇਵੇਂ ਹੀ ਕਰਦਾ ਸੀ, ਜਦ ਵੀ ਡੈਰਕ ਉਸ ਨੂੰ ਕਿਧਰੇ ਚੱਲਣ ਦਾ ਸੱਦਾ ਦਿੰਦਾ, ਉਹ ਕੋਈ ਬਹਾਨਾ ਬਣਾ ਕੇ ਟਾਲ਼ ਦਿੰਦਾ। ਕਦੇ ਕਦੇ ਉਸ ਨੂੰ ਜਾਪਣ ਲਗਦਾ ਕਿ ਦੁਨੀਆਂ ਵਿਚ ਤਬਦੀਲੀ ਇੰਨੀ ਤੇਜ਼ੀ ਨਾਲ ਆ ਰਹੀ ਹੈ ਕਿ ਉਹ ਇਸ ਦੇ ਸਾਹਮਣੇ ਸੁਸਤ ਪੈ ਰਿਹਾ ਹੈ। ਉਸ ਨੇ ਆਪਣੇ ਬਹੁਤ ਸਾਰੇ ਸ਼ੌਂਕ ਸੀਮਤ ਕਰ ਲਏ ਸਨ, ਇਕ ਸ਼ੌਂਕ ਤੋਂ ਬਿਨਾਂ; ਵਾਈਨ ਪੀਣ ਤੋਂ ਬਿਨਾਂ। ਜਦ ਵੀ ਅਮਾਂਡਾ ਦੀ ਚਿੱਠੀ ਆਉਂਦੀ ਜਾਂ ਉਸ ਨੂੰ ਲਿਖਣੀ ਹੁੰਦੀ ਤਾਂ ਉਸ ਨੇ ਵਾਈਨ ਪੀਣੀ ਹੀ ਹੁੰਦੀ।

ਸੁਰਜਨ ਸਿੰਘ ਤੇ ਪਰਕਾਸ਼ ਕੋਰ ਦੋ ਵਾਰ ਇਕਬਾਲ ਸਿੰਘ ਦੇ ਘਰ ਜਾ ਆਏ ਸਨ, ਬਹੁਤ ਖੁਸ਼ ਸਨ। ਘਰ-ਬਾਰ, ਇਕਲੌਤਾ ਪੁੱਤਰ ਸਭ ਕੁਝ ਬਹੁਤ ਵਧੀਆ ਸੀ। ਇਸ ਤੋਂ ਚੰਗਾ ਰਿਸ਼ਤਾ ਰਣਜੀਤ ਨੂੰ ਮਿਲ ਹੀ ਨਹੀਂ ਸੀ ਸਕਦਾ। ਇਕਬਾਲ ਸਿੰਘ ਨੂੰ ਪਤਾ ਚਲ ਚੁੱਕਿਆ ਸੀ ਕਿ ਉਸ ਦਾ ਜਵਾਈ ਉਹਨਾਂ ਨਾਲ ਨਾਰਾਜ਼ ਹੋ ਗਿਆ ਹੈ। ਇਸ ਲਈ ਉਸ ਨੇ ਕਿਹਾ,

"ਸਰਦਾਰ ਜੀ, ਅਸੀਂ ਆਪਣੇ ਪੁੱਤਰ ਦੀ ਜ਼ਿੱਦ ਤੋਂ ਮਜਬੂਰ ਹਾਂ ਵਰਨਾ ਅਸੀਂ ਨਹੀਂ ਜੇ ਚਾਹੁੰਦੇ ਕਿ ਤੁਹਾਡੇ ਘਰ ਵਿਚ ਕੋਈ ਲੜ੍ਹਾਈ ਪਏ।"

"ਸਰਦਾਰ ਜੀ, ਮੈਂ ਤਾਂ ਪਹਿਲਾਂ ਵੀ ਵਿਆਹ ਤੋਂ ਪਹਿਲਾਂ ਧੀਆਂ ਦੀ ਪੂਰੀ ਸਲਾਹ ਲਈ ਸੀ, ਹੁਣ ਵੀ ਜਿਥੇ ਸਾਡੀ ਕੁੜੀ ਖੁਸ਼ ਉਥੇ ਅਸੀਂ।"

"ਬਿਲਕੁਲ, ਮੈਂ ਵੀ ਬੱਚਿਆਂ ਨੂੰ ਖੁਸ਼ ਦੇਖ ਕੇ ਖੁਸ਼ ਹੋ ਜਾਨਾਂ।"

ਇਕਬਾਲ ਸਿੰਘ ਨੂੰ ਇਸ ਰਿਸ਼ਤੇ ਤੋਂ ਨਾ-ਖੁਸ਼ ਹੋ ਕੇ ਵੀ ਇਵੇਂ ਕਹਿਣਾ ਪੈ ਰਿਹਾ ਸੀ। ਜਿਸ ਦਿਨ ਦੀ ਇਸ ਰਿਸ਼ਤੇ ਦੀ ਗੱਲ ਤੁਰੀ ਸੀ ਪਰਮਜੀਤ ਆਪਣੇ ਪਿਓ ਨਾਲ ਦਫਤਰ ਵਿਚ ਜਾ ਕੇ ਵੀ ਮੱਦਦ ਕਰਾਉਣ ਲਗਿਆ ਸੀ। ਕਿਤਾਬ ਲੈ ਕੇ ਵੀ ਹਰ ਵੇਲੇ ਬੈਠਾ ਰਹਿੰਦਾ। ਇਸ ਰਿਸ਼ਤੇ ਤੋਂ ਉਸ ਨੂੰ ਇਕ ਹੋਰ ਫਾਇਦਾ ਵੀ ਹੋ ਰਿਹਾ ਸੀ ਕਿ ਲੋਕ ਉਸ ਦੀ ਪ੍ਰਸੰਸਾ ਕਰ ਰਹੇ ਸਨ ਕਿ ਉਹ ਆਪਣੇ ਪੁੱਤ ਦਾ ਰਿਸ਼ਤਾ ਇਕ ਸਾਧਾਰਣ ਪਰਿਵਾਰ ਵਿਚ ਕਰ ਰਿਹਾ ਹੈ।...

ਸੁਰਜਨ ਸਿੰਘ ਇਸ ਰਿਸ਼ਤੇ ਦੀ ਕੀਮਤ ਚੁੱਕਾ ਰਿਹਾ ਸੀ; ਗੁਰਜੰਟ ਦੀ ਨਾਰਾਜ਼ਗੀ। ਜਦ ਗੁਰਜੰਟ ਰਿਸ਼ਤਾ ਲੈਣ ਉਪਰ ਜ਼ੋਰ ਪਾਉਣ ਲਈ ਬਲਜਿੰਦਰ ਨੂੰ ਛੱਡ ਦੇਣ ਦੀ ਗੱਲ ਕਰਦਾ ਤਾਂ ਸੁਰਜਨ ਸਿੰਘ ਬੁੜਬੜਾਉਣ ਲਗਦਾ; 'ਕਿਆ ਡਰਾਮਾ ਹੈ ਸਾਲ਼ਾ! ਇਹ ਬੇਵਕੂਫ ਲੋਕ ਪਤਾ ਨਹੀਂ ਮੈਨੂੰ ਕੀ ਸਮਝੀ ਬੈਠੇ ਆ।'

ਸੁਰਜਨ ਸਿੰਘ ਦੇ ਘਰ ਦਾ ਮਹੌਲ ਕੁਝ ਅਜੀਬ ਹੋ ਗਿਆ ਸੀ। ਇਕ ਡਰ ਜਿਹਾ ਬਣਿਆਂ ਰਹਿੰਦਾ ਕਿ ਬਲਜਿੰਦਰ ਵਾਪਸ ਘਰ ਅਜ ਆਈ ਜਾਂ ਕੱਲ ਆਈ। ਸਭ ਕੁਝ ਦੇਖਦੇ ਸਾਰਾ ਪਰਿਵਾਰ ਇਕ ਦੂਜੇ ਨਾਲ ਹੋਰ ਜੁੜ ਗਿਆ, ਖਾਸ ਤੌਰ ਤੇ ਸੁਰਿੰਦਰ ਤੇ ਸੁਰਜਨ ਸਿੰਘ। ਉਹ ਦੋਵੇਂ ਹੀ ਹਰ ਵੇਲੇ ਕੋਈ ਨਾ ਕੋਈ ਸਲਾਹ ਕਰਦੇ ਰਹਿੰਦੇ। ਸੁਰਿੰਦਰ ਨੇ ਹੁਣ ਆਪਣੇ ਕਪੜੇ ਪਾਉਣ ਦਾ ਅੰਦਾਜ਼ ਵੀ ਬਦਲ ਲਿਆ ਸੀ। ਉਸ ਨੇ ਸਲਵਾਰ ਸੂਟ ਤੇ ਸਕੱਰਟ ਪਾਉਣੇ ਬੰਦ ਕਰ ਦਿਤੇ ਸਨ। ਹੁਣ ਉਹ ਟਰਾਉਜ਼ਰ ਤੇ ਟੌਪ ਹੀ ਪਾ ਕੇ ਰੱਖਦੀ। ਜਿਸ ਦਿਨ ਗੁਰਜੰਟ ਉਹਨਾਂ ਦੇ ਘਰ ਆ ਕੇ ਗਲਤ ਬੋਲ ਕੇ ਗਿਆ ਸੀ, ਉਸ ਦਿਨ ਹੀ ਉਸ ਦੇ ਮਨ ਵਿਚ ਇਹ ਗੱਲ ਆਈ ਸੀ ਕਿ ਜੇ ਲੜਨਾ ਪਵੇ ਤਾਂ ਚੁਸਤ ਕਪੜੇ ਪਾਏ ਹੋਣੇ ਚਾਹੀਦੇ ਹਨ। ਸੁਰਿੰਦਰ ਦੇ ਦਿਲ ਦੇ

www.PunjabiLibrary.com

ਧੁਰ-ਅੰਦਰ ਕਿਤੇ ਗੁਰਜੰਟ ਪ੍ਰਤੀ ਇਹ ਗੁੱਸਾ ਵੀ ਪਿਆ ਸੀ ਕਿ ਉਸ ਨੇ ਹੀ ਜ਼ੋਰ ਪਾ ਕੇ ਤਾਲਾਕ ਦਾ ਕੇਸ ਸ਼ੁਰੂ ਕਰਾਇਆ ਸੀ, ਨਹੀਂ ਤਾਂ ਉਸ ਨੂੰ ਤਾਲਾਕ ਦੀ ਕੋਈ ਕਾਹਲੀ ਨਹੀਂ ਸੀ। ਹੁਣ ਤਾਲਾਕ ਦੇ ਨਾਲ ਨਾਲ ਹੋਰ ਕੇਸ ਵੀ ਚੱਲ ਪਏ ਸਨ; ਖਰਚੇ ਦਾ ਕੇਸ, ਅੰਮ੍ਰਿਤ ਨੂੰ ਮਿਲਣ ਦੇ ਐਕਸੈੱਸ ਦਾ ਕੇਸ। ਕਚਿਹਰੀ ਵਿਚ ਉਹ ਮਿਲਦੇ ਤਾਂ ਗੁਲਵੰਤ ਉਸ ਨੂੰ ਕੇਸ ਵਾਪਸ ਲੈਣ ਤੇ ਵਾਪਸ ਆ ਜਾਣ ਬਾਰੇ ਕਹਿੰਦਾ। ਘਰ ਆ ਕੇ ਉਹ ਪਿਓ ਨੂੰ ਦਸਦੀ। ਸੁਰਜਨ ਸਿੰਘ ਉਸ ਨੂੰ ਆਖਦਾ,

"ਜੇ ਤੇਰਾ ਦਿਲ ਕਰਦਾ ਤਾਂ ਸੋਚ ਲੈ, ਮੈਨੂੰ ਪਤਾ ਗੁਲਵੰਤ ਚਾਹੁੰਦੈ ਪਰ ਰਾਜੂ ਵੀ ਤਾਂ ਉਸੇ ਘਰ ਵਿਚ ਹੋਣਾਂ, ...ਹੁਣ ਪਹਿਲੇ ਜਿਹੀ ਕਦਰ ਨਹੀਂ ਹੋਣੀਂ ਤੇਰੀ।"

ਗੱਲ ਕਰਦਾ ਸੁਰਜਨ ਸਿੰਘ ਡਰਦਾ ਕਿ ਕਿਤੇ ਸੱਚੀ ਹੀ ਸੁਰਿੰਦਰ ਵਾਪਸ ਨਾ ਚਲੀ ਜਾਵੇ। ਇਸ ਵੇਲੇ ਉਸ ਨੂੰ ਸੁਰਿੰਦਰ ਦੀ ਸਖਤ ਲੋੜ ਸੀ। ਘਰ ਵਿਚ ਇਕ ਉਹ ਹੀ ਸੀ ਜਿਸ ਨਾਲ ਉਹ ਕੋਈ ਸਲਾਹ ਕਰ ਸਕਦਾ ਸੀ। ਉਸ ਦੀ ਗੱਲ 'ਤੇ ਸੁਰਿੰਦਰ ਬੋਲਦੀ,

"ਮੈਨੂੰ ਪਤਾ ਡੈਡ, ਗੁਲਵੰਤ ਵੀ ਹੁਣ ਬਦਲ ਗਿਆ ਹੋਣੈਂ, ਮੈਂ ਹੁਣ ਨਹੀਂ ਜਾਣਾਂ।"

ਉਸ ਨੂੰ ਜਾਪਦਾ ਕਿ ਉਹ ਝੂਠ ਬੋਲ ਰਹੀ ਹੈ। ਜਦ ਵੀ ਗੁਲਵੰਤ ਉਸ ਨੂੰ ਕੋਰਟ ਵਿਚ ਮਿਲਦਾ ਤਾਂ ਬਹੁਤ ਪਿਆਰ ਨਾਲ। ਕੇਸ ਦੀ ਸੁਣਵਾਈ ਤੋਂ ਬਾਅਦ ਦੋਵੇਂ ਇਕੱਠੇ ਰੈਸਟੋਰੈਂਟ ਵੀ ਚਲੇ ਜਾਂਦੇ। ਬਹੁਤ ਸਾਰੀਆਂ ਗੱਲਾਂ ਕਰਦੇ। ਗੁਲਵੰਤ ਜਦ ਉਸ ਨੂੰ ਵਾਪਸ ਆ ਜਾਣ ਲਈ ਕਹਿ ਰਿਹਾ ਹੁੰਦਾ ਤਾਂ ਉਸ ਦੀਆਂ ਅੱਖਾਂ ਨਮ ਹੁੰਦੀਆਂ।

ਪਰਕਾਸ਼ ਕੋਰ ਕੁਝ ਦੇਰ ਵਿਹਲੀ ਰਹਿ ਕੇ ਦੁਬਾਰਾ ਕੰਮ 'ਤੇ ਜਾਣ ਲਗੀ ਸੀ। ਸੁਖਵੀਰ ਨੂੰ ਵੀ ਹੁਣ ਇਕ ਫੈਕਟਰੀ ਵਿਚ ਕੰਮ ਮਿਲ ਗਿਆ। ਸੁਰਿੰਦਰ ਘਰ ਸੰਭਾਲਦੀ, ਨਾਲ ਹੀ ਅੰਮ੍ਰਿਤ ਨੂੰ।

ਦਿਲਬਾਗ ਦੇ ਹੁਣ ਸੁਹਰੇ ਘਰ ਦੇ ਗੇੜੇ ਵਧ ਗਏ। ਕਦੇ ਉਹ ਇਕੱਲਾ ਹੀ ਆ ਜਾਂਦਾ ਤੇ ਕਦੇ ਗੁਰਿੰਦਰ ਤੇ ਬੱਚੇ ਉਸ ਦੇ ਨਾਲ ਹੁੰਦੇ। ਹਰ ਵਾਰ ਉਹ ਕਹਿਣ ਲਗਦਾ,

"ਮੰਮੀ, ਮੈਂ ਤੁਹਾਡਾ ਪੁੱਤ ਆਂ, ਘਬਰਾਉਣ ਦੀ ਕੋਈ ਲੋੜ ਨਈਂ, ਏਸ ਭੰਡ ਨਾਲ਼ ਮੈਂ ਨਿਪਟੂੰ।"

"ਪੁੱਤ, ਸਾਨੂੰ ਓਹਨੇ ਕੀ ਕਹਿਣਾਂ, ਜੇਹੋ ਜਿਹਾ ਤੂੰ, ਓਹੋ ਜਿਹਾ ਓਹ।"

"ਮੰਮੀ, ਕਿਉਂ ਸਭ ਕੁਝ ਦੇਖ ਕੇ ਅੱਖਾਂ ਮੀਟੀ ਜਾਂਦੇ ਓ, ਉਹ ਤੁਹਾਡੀ ਜਾਨ ਦਾ ਪਿਆਸਾ ਬਣਿਐਂ ਫਿਰਦੈ ਪਰ ਫਿਕਰ ਨਾ ਕਰੋ, ਮੈਂ ਆਪੇ ਸਮਝੂੰ ਉਹਦੇ ਨਾਲ਼।"

ਦਿਲਬਾਗ ਕਹਿੰਦਾ। ਪਰਕਾਸ਼ ਕੋਰ ਡਰਨ ਲਗਦੀ ਕਿ ਜੇ ਕੋਈ ਨਹੀਂ ਵੀ ਗੜਬੜ ਹੋਣੀ ਤਾਂ ਦਿਲਬਾਗ ਜ਼ਰੂਰ ਕਰ ਦੇਵੇਗਾ। ਸੁਰਜਨ ਸਿੰਘ ਨੂੰ ਇਹ ਗੱਲ ਚੰਗੀ ਲਗਦੀ। ਉਹ ਸੋਚਦਾ ਕਿ ਜੇ ਗੁਰਜੰਟ ਹਿੰਸਕ ਹੁੰਦਾ ਹੋਇਆ ਤਾਂ ਉਹਨਾਂ ਨੂੰ ਦਿਲਬਾਗ ਦੀ ਲੋੜ ਪੈ ਸਕਦੀ ਹੈ।

ਕੁਝ ਦਿਨ ਲੰਘ ਗਏ। ਗੁਰਜੰਟ ਸ਼ਾਂਤ ਰਿਹਾ। ਅਸਲ ਵਿਚ ਉਹ ਸੁਰਜਨ ਸਿੰਘ ਦੇ ਦੋਸਤਾਂ ਵਲ ਭੱਜਿਆ ਫਿਰਦਾ ਸੀ ਕਿ ਸ਼ਾਇਦ ਕੋਈ ਦਖਲ ਦੇਵੇ, ਸੁਰਜਨ ਸਿੰਘ ਨੂੰ ਮਨਾ ਲਵੇ ਪਰ ਕੋਈ ਵੀ ਉਸ ਦੇ ਕੰਮ ਨਾ ਆਇਆ। ਕਿਸੇ ਨੇ ਵੀ ਸੁਰਜਨ ਸਿੰਘ ਤਕ ਇਸ ਬਾਰੇ ਪਹੁੰਚ ਨਾ ਕੀਤੀ। ਸਭ ਨੂੰ ਹੀ ਪਤਾ ਸੀ ਕਿ ਸੁਰਜਨ ਸਿੰਘ ਆਪਣੀ ਮਰਜ਼ੀ ਦਾ ਮਾਲਕ ਹੈ, ਕਿਸੇ ਦੀ ਗੱਲ ਨਹੀਂ ਮੰਨਣ ਲਗਿਆ। ਸ਼ਿਵਰਾਜ ਸਿੰਘ ਦੇ ਰਿਸ਼ਤੇਦਾਰ ਬਖਸ਼ੀ ਦੇ ਸਸਕਾਰ ਸਮੇਂ ਸੁਰਜਨ ਸਿੰਘ ਵੀ ਗਿਆ ਸੀ। ਉਥੇ ਸ਼ਿਵਰਾਜ ਸਿੰਘ ਉਸ ਨੂੰ ਕਹਿਣ ਲਗਿਆ,

"ਗੁਰਜੰਟ ਆਇਆ ਸੀ ਮੇਰੇ ਕੋਲ, ਬਹੁਤ ਗੁੱਸੇ ਵਿਚ ਫਿਰਦੈ।"

"ਫਿਰਦਾ ਤਾਂ ਹੈ ਪਰ ਮੈਂ ਕੀ ਕਰ ਸਕਦਾਂ, ਕਦੇ ਚੱਠੇ ਗੁੱਸੇ 'ਚ ਫਿਰਦੇ ਆ ਤੇ ਕਦੇ ਇਹ। ਕਿਹਨੂੰ ਕਿਹਨੂੰ ਸੰਭਾਲਾਂ!"

ਅਗਲੀ ਵਾਰ ਗੁਰਜੰਟ ਦਾ ਫੋਨ ਆਇਆ ਤਾਂ ਸ਼ਿਵਰਾਜ ਨੇ ਸਾਫ ਕਹਿ ਦਿਤਾ ਕਿ ਉਹ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦਾ। ਗੁਰਜੰਟ ਹੁਣ ਹਰ ਵੇਲੇ ਹੀ ਸੋਚਦਾ ਰਹਿੰਦਾ ਕਿ ਉਹ ਕੀ ਕਰੇ। ਉਸ ਦੇ ਬਹੁਤੇ ਦੋਸਤ ਵੀ ਨਹੀਂ ਸਨ ਕਿ ਸਲਾਹ ਕਰ ਸਕੇ। ਇੰਡੀਆ ਤੋਂ ਉਸ ਦੇ ਪਿਓ ਦੀ ਚਿੱਠੀ ਆਉਂਦੀ ਕਿ ਸ਼ਾਂਤ ਰਹੇ। ਇਹ ਕਿਹੜਾ ਦੁਨੀਆਂ ਦਾ ਅੰਤ ਹੋ ਗਿਆ। ਮੁੰਡਾ ਹਾਲੇ ਜਵਾਨ ਹੈ, ਪੰਜਾਹ ਰਿਸ਼ਤੇ ਹੋ ਜਾਣਗੇ। ਇੰਨਾ ਜ਼ਰੂਰ ਹੈ ਕਿ ਕੁਝ ਬੇਇਜ਼ਤੀ ਜ਼ਰੂਰ ਹੋਵੇਗੀ। ਗੁਰਜੰਟ ਬਲਜਿੰਦਰ ਉਪਰ ਤਰ੍ਹਾਂ ਤਰ੍ਹਾਂ ਨਾਲ ਦਬਾਅ ਪਾਉਂਦਾ ਪਰ ਉਸ ਨੇ ਕਦੇ ਹੱਥ ਨਹੀਂ ਸੀ ਚੁੱਕਿਆ। ਉਸ ਨੂੰ ਪਤਾ ਸੀ ਕਿ ਪੁਲੀਸ ਆਉਣ ਨੂੰ ਪੰਜ ਮਿੰਟ ਵੀ ਨਹੀਂ ਲਗਦੇ। ਜਿਹੜੀ ਗੱਲ ਉਸ ਦੇ ਸਿਰ ਵਿਚ ਬੁਰੀ ਤਰ੍ਹਾਂ ਫਸੀ ਹੋਈ ਸੀ ਉਹ ਇਹ ਸੀ ਕਿ ਰਣਜੀਤ ਉਸ ਦੇ ਭਰਾ ਦੀ ਮੰਗ ਹੈ ਤੇ ਉਹ ਹੁਣ ਕਿਤੇ ਹੋਰ ਨਹੀਂ ਵਿਆਹੀ ਜਾ ਸਕਦੀ। ਉਸ ਨੇ ਇਕ ਵਾਰ ਫਿਰ ਸ਼ਾਂਤ ਮਹੌਲ ਵਿਚ ਸੁਰਜਨ ਸਿੰਘ ਨੂੰ ਮਿਲਣਾ ਚਾਹਿਆ, ਸ਼ਾਇਦ ਸੁਰਜਨ ਸਿੰਘ ਉਸ ਦੀ ਗੱਲ ਸਮਝ ਸਕੇ।

ਜਦ ਬਲਜਿੰਦਰ ਦਾ ਫੋਨ ਆਇਆ ਕਿ ਗੁਰਜੰਟ ਇਕ ਵਾਰ ਫਿਰ ਮਿਲਣਾ ਚਾਹੁੰਦਾ ਹੈ ਤਾਂ ਸੁਰਜਨ ਸਿੰਘ ਸੋਚਣ ਲਗਿਆ ਕਿ ਕੀ ਕਰਨਾ ਚਾਹੀਦਾ ਹੈ। ਸੁਰਿੰਦਰ ਬੋਲੀ,

www.PunjabiLibrary.com

"ਡੈਡ, ਅਸੀਂ ਜੋ ਕਹਿਣਾ ਸੀ ਕਹਿ ਚੁੱਕੇ ਆਂ, ਮੁੜ ਮੁੜ ਕੇ ਕੀ ਉਹੀ ਜਾਬ੍ਹਾਂ ਦਾ ਭੇੜ ਕਰੀ ਜਾਣਾ!"
"ਗੱਲ ਤਾਂ ਤੇਰੀ ਠੀਕ ਐ ਪਰ ਹੋ ਸਕਦਾ ਸ਼ਾਇਦ ਕੁਝ ਹੋਰ ਕਹਿਣਾ ਚਾਹੁੰਦਾ ਹੋਵੇ।"
"ਨਹੀਂ ਡੈਡ, ਕੱਲ ਬਲਜਿੰਦਰ ਨਾਲ ਮੇਰੀ ਗੱਲ ਹੋਈ ਸੀ, ਹਾਲੇ ਉਹੀ ਗੀਤ ਗਾਈ ਜਾ ਰਿਹੈ।"
"ਚੱਲ ਇਕ ਵਾਰ ਗੱਲ ਕਰ ਕੇ ਦੇਖ ਲੈਨੇਂ ਆਂ, ਦਿਲਬਾਗ ਵੀ ਆ ਜਾਏਗਾ, ਉਹਨੂੰ ਫਾਈਨਲ ਗੱਲ ਕਹਿ ਦਿੰਨੇ ਆਂ।"

ਸੁਰਜਨ ਸਿੰਘ ਕਹਿਣ ਲਗਿਆ। ਉਹ ਸੋਚ ਰਿਹਾ ਸੀ ਇਕ ਵਾਰ ਗੱਲ ਸਪੱਸ਼ਟ ਹੋ ਜਾਵੇ ਕਿ ਰਣਜੀਤ ਤੇ ਪਰਮਜੀਤ ਦੇ ਰਿਸ਼ਤੇ ਦੀ ਗੱਲ ਦੂਰ ਤਕ ਪੁੱਜ ਚੁੱਕੀ ਹੈ ਤੇ ਕੁੜੀ ਦੇ ਏ ਲੈਵਲ ਦੇ ਨਤੀਜੇ ਤੋਂ ਬਾਅਦ ਵਿਆਹ ਦੀ ਤਰੀਕ ਵੀ ਰੱਖ ਦਿਤੀ ਜਾਵੇਗੀ। ਐਤਵਾਰ ਸ਼ਾਮ ਉਹਨਾਂ ਗੁਰਜੰਟ ਨੂੰ ਘਰ ਸੱਦ ਲਿਆ ਤੇ ਨਾਲ ਹੀ ਦਿਲਬਾਗ ਵੀ ਆ ਗਿਆ। ਦਿਲਬਾਗ ਨੂੰ ਤਾਂ ਜਿਵੇਂ ਕੋਈ ਕੰਮ ਲੱਭ ਪਿਆ ਹੋਵੇ। ਉਹ ਬਾਹਾਂ ਚਾੜ੍ਹੀ ਫਿਰ ਰਿਹਾ ਸੀ। ਗੁਰਜੰਟ ਆਇਆ। ਪਹਿਲਾਂ ਵਾਂਗ ਹੀ ਸਾਰੇ ਫਰੰਟ ਰੂਮ ਵਿਚ ਬੈਠ ਗਏ। ਗੁਰਜੰਟ ਬੋਲਿਆ,

"ਡੈਡੀ, ਤੁਸੀਂ ਜਾਣਦੇ ਓ, ਬਾਪੂ ਜੀ ਸਰਪੰਚ ਨੇ, ਇਲਾਕੇ ਵਿਚ ਉਹਨਾਂ ਦੀ ਇੱਜ਼ਤ ਏ, ਏਸ ਰਿਸ਼ਤੇ ਦੇ ਟੁੱਟਣ ਨਾਲ ਉਹਨਾਂ ਦੀ ਕਿੰਨੀ ਬੇਇਜ਼ਤੀ ਹੋਏਗੀ।"
"ਗੁਰਜੰਟ, ਮੈਂ ਸਾਰੀ ਗੱਲ ਸਮਝਦਾਂ ਪਰ ਏਸ ਪਾਸੇ ਸਾਡੀ ਇੱਜ਼ਤ ਵੀ ਤਾਂ ਦਾਅ 'ਤੇ ਐ, ...ਅਸੀਂ ਕੁੜੀ ਨੂੰ ਹਰ ਤਰ੍ਹਾਂ ਮਨਾ ਕੇ ਦੇਖ ਲਿਆ, ਨਹੀਂ ਮੰਨਦੀ, ਜੇ ਕੁੜੀ ਘਰੋਂ ਚਲੇ ਗਈ ਤਾਂ ਸਾਡੀ ਕੀ ਇੱਜ਼ਤ ਰਹਿ ਜਾਊ।"
"ਜੱਟ ਦਾ ਪੁੱਤ ਜਦ ਇਕ ਵਾਰੀ ਜ਼ੁਬਾਨ ਦੇ ਦਿੰਦਾ ਤਾਂ ਉਹਦੀ ਖਾਤਰ ਉਹਦੀ ਜਾਨ ਈ ਜਾਂਦੀ ਐ, ਉਹ ਜ਼ੁਬਾਨ ਤੋਂ ਮੁਕਰਦਾ ਨਈਂ ਪਰ ਤੁਸੀਂ ਤਾਂ...।"

ਗੁਰਜੰਟ ਨੇ ਗੱਲ ਅਧੂਰੀ ਛੱਡ ਦਿਤੀ। ਸੁਰਜਨ ਸਿੰਘ ਸਮਝ ਤਾਂ ਗਿਆ ਕਿ ਉਹ ਕੀ ਕਹਿਣਾ ਚਾਹੁੰਦਾ ਹੈ ਪਰ ਉਸ ਨੇ ਕਿਹਾ,

"ਮੈਂ ਰਾਣੀ ਨਾਲ ਏਹਦੇ ਬਾਰੇ ਸਾਰੀ ਗੱਲ ਕੀਤੀ ਐ ਪਰ ਉਹ ਨਈਂ ਮੰਨਦੀ।"
"ਤੁਸੀਂ ਉਹਨੂੰ ਕਹਿੰਦੇ ਈ ਨਈਂ।"
"ਬਹੁਤ ਸਮਝਾਇਆ।"
"ਸਮਝਾਓ ਨਾ, ਹੁਕਮ ਦਿਓ ਜਿਕਣ ਪਿਓ ਧੀ ਨੂੰ ਹੁਕਮ ਦਿੰਦਾ ਈ ਹੰਦਾ ਏ।"
"ਗੁਰਜੰਟ, ਇਹ ਇੰਗਲੈਂਡ ਐ, ਇੰਡੀਆ ਨਈਂ।"
"ਤੁਹਾਡੇ 'ਚ ਈ ਹੁਕਮ ਦੇਣ ਦਾ ਦਮ ਹੈ ਨਈਂ, ਲਿਆਓ ਮੈਂ ਹੁਕਮ ਦੇ ਕੇ ਦਿਖਾਉਨਾਂ।"
"ਤੈਨੂੰ ਮੇਰੇ ਘਰ ਵਿਚ ਦਖਲ ਦੇਣ ਦਾ ਕੋਈ ਹੱਕ ਨਈਂ।"
"ਮੇਰਾ ਹੱਕ ਏ, ਪੂਰਾ ਹੱਕ ਏ, ਜਿਸ ਦਿਨ ਤੁਸੀਂ ਰਿਸ਼ਤਾ ਕਰ ਕੇ ਆਏ ਸੀ, ਮੇਰਾ ਹੱਕ ਉਸ ਦਿਨ ਹੀ ਬਣ ਗਿਆ ਸੀ।"
"ਅਸੀਂ ਰਣਜੀਤ ਦਾ ਰਿਸ਼ਤਾ ਨਵੀਂ ਥਾਂ ਪੱਕਾ ਕਰ ਦਿਤੈ।"
"ਤੁਹਾਡੀ ਭੈਣ...।"

ਗੁਰਜੰਟ ਗਾਲ਼ ਕੱਢਦਾ ਕੱਢਦਾ ਰੁਕ ਗਿਆ। ਉਸੇ ਵੇਲੇ ਦਿਲਬਾਗ ਉਸ ਉਪਰ ਹਮਲਾ ਕਰਨ ਲਈ ਉਠ ਖੜਿਆ ਤੇ ਗੁਰਜੰਟ ਵੀ। ਸੁਰਜਨ ਉਹਨਾਂ ਦੇ ਵਿਚਕਾਰ ਆ ਗਿਆ ਤੇ ਗੁਰਜੰਟ ਨੂੰ ਬੋਲਿਆ,

"ਤੂੰ ਹੁਣ ਇਥੋਂ ਚਲੇ ਜਾਹ, ਤੇ ਜਾ ਕੇ ਜੋ ਕਰਨਾ ਕਰ।"
"ਮੈਂ ਕਰਨਾ ਕੁਝ ਨਈਂ ਬਸ ਆਪਣਾ ਹੱਕ ਲੈਣਾਂ ਤੇ ਲੈਣਾਂ ਵੀ ਜੁੱਤੀ ਦੇ ਜ਼ੋਰ ਨਾਲ ਐ, ਤੁਸੀਂ ਕੁੜੀ ਵਿਆਹ ਕੇ ਦਿਖਾਓ, ਕਿਕੂੰ ਵਿਆਹੁਨੇ ਓਂ।।"

ਸੁਹਰੇ ਘਰੋਂ ਗੁਰਜੰਟ ਚੁੱਪ ਕਰਕੇ ਨਿਕਲ ਆਇਆ। ਘਰ ਆ ਕੇ ਵੀ ਚੁੱਪ ਚੱਪ ਰਿਹਾ। ਕੁਝ ਦੇਰ ਬਾਅਦ ਟਰੇਨਿੰਗ ਸੂਅ ਪਾ ਕੇ ਪਾਰਕ ਵਿਚ ਜੌਗਿੰਗ ਕਰਨ ਚਲੇ ਗਿਆ। ਜੌਗਿੰਗ ਕਰਨ ਉਹ ਹਰ ਰੋਜ਼ ਹੀ ਜਾਂਦਾ ਸੀ ਪਰ ਅਜ ਉਹ ਇੰਨੀ ਤੇਜ਼ ਭੱਜਿਆ ਕਿ ਜੌਗਿੰਗ ਕਰ ਰਹੇ ਹੋਰ ਲੋਕ ਵੀ ਹੈਰਾਨ ਹੋ ਕੇ ਉਸ ਵਲ ਦੇਖਣ ਲਗੇ। ਜਦ ਥੱਕ ਗਿਆ ਤਾਂ ਉਹ ਮੁੜ ਆਇਆ। ਆ ਕੇ ਸ਼ਾਵਰ ਲੈ ਸੋਫੇ 'ਤੇ ਬੈਠ ਗਿਆ। ਉਸ ਨੇ ਵਿਸਕੀ ਦਾ ਪੈੱਗ ਕਾਹਲੀ ਨਾਲ ਪੀਤਾ ਤੇ ਸੁਰਜਨ ਸਿੰਘ ਤੇ ਪਰਕਾਸ਼ ਕੋਰ ਨੂੰ ਗਾਲ਼ਾਂ ਕੱਢਣ ਲਗਿਆ। ਕੁਝ ਦੇਰ ਤਾਂ ਬਲਜਿੰਦਰ ਸੁਣਦੀ ਰਹੀ ਪਰ ਫਿਰ ਬੋਲੀ,

"ਤੁਸੀਂ ਮੰਮੀ-ਡੈਡੀ ਨੂੰ ਕਿਉਂ ਗਾਲ਼ਾਂ ਕੱਢੀ ਜਾਂਦੇ ਓ?"

www.PunjabiLibrary.com

"ਤਾਂ ਗੁਆਂਢੀਆਂ ਨੂੰ ਗਾਲ਼ਾਂ ਕੱਢਾਂ! ...ਮੇਰੀ ਜ਼ਿੰਦਗੀ ਵਿਚ ਜ਼ਹਿਰ ਤੇਰੇ ਮਾਂਪਿਓ ਨੇ ਘੋਲ਼ਿਆ ਏ ਤੇ ਗਾਲ਼ਾਂ ਕਿਸੇ ਹੋਰ ਨੂੰ ਕੱਢਾਂ?"

"ਉਹ ਕੀ ਕਰਨ ਜਦ ਕੁੜੀ ਈ ਨਈਂ ਮੰਨਦੀ।"

"ਇਹ ਪਰੌਸ, ਓਦਣ ਮੰਨਦੀ ਸੀ ਜਿੱਦਣ ਰਿਸ਼ਤਾ ਹੋਇਆ ਸੀ! ...ਬਿੱਚ ਓਦਣ ਦਸਦੀ ਕਿ ਯਾਰ ਹੈਗਾ ਉਹਦੇ ਕੋਲ!"

"ਖਬਰਦਾਰ ਜੇ ਮੇਰੀ ਭੈਣ ਨੂੰ ਪਰੌਸ ਕਿਹਾ!"

ਬਲਜਿੰਦਰ ਨੇ ਮੂੰਹੋਂ ਲਫਜ਼ ਕੱਢੇ ਹੀ ਸਨ ਕਿ ਗੁਰਜੰਟ ਨੇ ਉਸ ਨੂੰ ਬਾਹੋਂ ਫੜਿਆ ਤੇ ਖਿੱਚਦਾ ਹੋਇਆ ਦਰਵਾਜ਼ੇ ਤੋਂ ਬਾਹਰ ਲੈ ਆਇਆ। ਧੱਕਾ ਦੇ ਕੇ ਘਰੋਂ ਕੱਢਦਾ ਹੋਇਆ ਬੋਲਿਆ,

"ਜਿੰਨਾ ਚਿਰ ਮੇਰਾ ਭਰਾ ਨਈਂ ਲੱਭਦਾ ਤੂੰ ਆਪਣੇ ਕੰਜਰ ਪਿਓ ਦੇ ਘਰ ਈ ਰਹਿ, ...ਇਹ ਵੀ ਦੱਸ ਦੇਈਂ ਕੰਜਰ ਨੂੰ ਕਿ ਜੇ ਕਿਤੇ ਹੋਰ ਕੁੜੀ ਵਿਆਹੀ ਤਾਂ ਮੇਰੇ ਤੋਂ ਬੁਰਾ ਕੋਈ ਨਹੀਂ ਹੋਣ ਲਗਿਆ।"

ਬਲਜਿੰਦਰ ਉਹਨਾਂ ਹੀ ਹਲਕੇ ਜਿਹੇ ਕਪੜਿਆਂ ਤੇ ਚਪਲਾਂ ਵਿਚ ਆਪਣੇ ਡੈਡੀ ਦੇ ਘਰ ਨੂੰ ਤੁਰ ਪਈ। ਖਾਲੀ ਹੱਥ ਹੋਣ ਕਰਕੇ ਉਹ ਟੈਕਸੀ ਵੀ ਨਾ ਸੱਦ ਸਕੀ ਤੇ ਨਾ ਹੀ ਮੰਮੀ ਨੂੰ ਫੋਨ ਕਰ ਹੋਇਆ ਕਿ ਕੋਈ ਆ ਕੇ ਲੈ ਜਾਵੋ। ਡੇੜ ਘੰਟਾ ਮਨਫੀ ਤਾਪਮਾਨ ਵਿਚ ਪੈਦਲ ਤੁਰ ਕੇ ਉਹ ਘਰ ਪੁੱਜੀ। ਸੁਰਿੰਦਰ ਨੇ ਦਰਵਾਜ਼ਾ ਖੋਹਲਿਆ। ਬਲਜਿੰਦਰ ਉਸ ਨੂੰ ਦੇਖ ਕੇ ਧਾਹਾਂ ਮਾਰਨ ਲਗੀ। ਪਰਕਾਸ਼ ਕੋਰ ਦੌੜੀ ਆਈ। ਉਸ ਨੇ ਧੀ ਨੂੰ ਅੰਦਰ ਵਾੜਿਆ। ਸੁਖਵੀਰ ਨੇ ਉਸ ਨੂੰ ਗਰਮ ਗਰਮ ਚਾਹ ਦਾ ਕੱਪ ਲਿਆ ਕੇ ਦਿਤਾ। ਸਾਰਾ ਟੱਬਰ ਹੀ ਬਲਜਿੰਦਰ ਦੁਆਲੇ ਇਕੱਠਾ ਹੋ ਗਿਆ। ਸੁਰਜਨ ਸਿੰਘ ਨੇ ਬੋਲਿਆ,

"ਇਹ ਪਤਾ ਈ ਸੀ, ...ਇਹ ਸਭ ਹਰਾਮੀ 'ਕੱਠੇ ਹੋਏ ਓਏ ਆ। ਫਿਕਰ ਦੀ ਲੋੜ ਨਈਂ, ਏਦਾਂ ਤਾਂ ਏਦਾਂ ਈ ਸਹੀ!"

ਪਰਕਾਸ਼ ਕੋਰ ਰੋਣ ਲਗ ਪਈ। ਫਿਰ ਉਸ ਨੇ ਵੈਣ ਜਿਹੇ ਪਾਉਣੇ ਸ਼ੁਰੂ ਕਰ ਦਿਤੇ,

"ਮੈਂ ਤਾਂ ਵਿਆਹ ਕੇ ਭੇਜੀਆਂ ਸੀ ਪਰ ਇਹ ਤਾਂ ਇਕ ਇਕ ਕਰਕੇ ਵਾਪਸ ਆਉਣ ਲਗ ਪਈਆਂ...।"

ਸੁਰਿੰਦਰ ਉਸ ਨੂੰ ਚੁੱਪ ਕਰਾਉਣ ਲਗ ਪਈ। ਅਚਾਨਕ ਪਰਕਾਸ਼ ਕੋਰ ਉਠੀ ਤੇ ਰਣਜੀਤ ਵਲ ਇਵੇਂ ਵਧੀ ਜਿਵੇਂ ਉਸ ਨੂੰ ਮਾਰਨ ਲਗੀ ਹੋਵੇ, ਬੋਲੀ,

"ਚੰਦਰੀਏ, ਇਹ ਸਭ ਤੇਰੇ ਕਰਕੇ ਈ ਹੋਇਐ, ਤੈਨੂੰ ਕਿਹੜੀ ਐਡੀ ਅੱਗ ਲਗੀ ਸੀ?"

"ਚੁੱਪ ਕਰ ਬੁੜ੍ਹੀਏ, ਡਰਾਮਾ ਨਾ ਦਿਖਾ! ...ਕੁੜੀ ਨੂੰ ਕੁਝ ਕਿਹਾ ਤਾਂ ਦੇਖ ਲਈਂ!"

ਸੁਰਜਨ ਸਿੰਘ ਨੇ ਦਬਕਾ ਮਾਰ ਕੇ ਕਿਹਾ। ਰਣਜੀਤ ਰੋਂਦੀ ਹੋਈ ਆਪਣੇ ਕਮਰੇ ਵਿਚ ਚਲੇ ਗਈ। ਸੁਰਜਨ ਸਿੰਘ ਸਭ ਵਲ ਉਂਗਲ ਮਾਰਦਾ ਬੋਲਿਆ,

"ਇਹ ਕਿਸੇ ਨੂੰ ਬਲੇਮ ਦੇਣ ਦਾ ਵਕਤ ਨਈਂ, ਇਹ ਸਟਰੌਂਗ ਹੋਣ ਦਾ ਟਾਈਮ ਐ, ਸਾਨੂੰ ਇਕੱਠੇ ਹੋ ਕੇ ਲੜ੍ਹਨ ਦੀ ਲੋੜ ਐ, ਕਿਤੇ ਇਹੀ ਨਾ ਸੋਚੀ ਜਾਣ ਕਿ ਕੁੜੀਆਂ ਵਾਲ਼ਾ ਘਰ ਐ ਤੇ ਜੋ ਮਰਜ਼ੀ ਕਰੀ ਜਾਈਏ! ਹਰੇਕ ਨੂੰ ਮੂੰਹ ਤੋੜ-ਜਵਾਬ ਦੇਣਾ ਹੋਏਗਾ।"

ਸੁਰਜਨ ਸਿੰਘ ਗੱਲ ਕਰਦਾ ਭਾਵੁਕ ਹੋ ਗਿਆ। ਸੁਰਿੰਦਰ ਉਠ ਕੇ ਉਸ ਦੇ ਗਲ਼ ਨੂੰ ਚੁੰਬੜ ਗਈ, ਮਗਰੇ ਹੀ ਬਲਜਿੰਦਰ ਵੀ ਤੇ ਸੁਖਵੀਰ ਵੀ। ਸਭ ਦੀਆਂ ਅੱਖਾਂ ਨਮ ਹੋ ਗਈਆਂ।

ਇਕ ਲੜ੍ਹਾਈ ਤਾਂ ਉਹ ਸਾਰੇ ਇਕੱਠੇ ਹੋ ਕੇ ਲੜ੍ਹ ਰਹੇ ਸਨ ਤੇ ਇਕ ਲੜ੍ਹਾਈ ਉਹਨਾਂ ਦੇ ਅੰਦਰ ਵੀ ਜਾਰੀ ਸੀ। ਇਸ ਸਭ ਦਾ ਹਰ ਕਿਸੇ ਉਪਰ ਆਪਣੇ ਹੀ ਤਰੀਕੇ ਨਾਲ ਅਸਰ ਸੀ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਹੁਣ ਕੋਈ ਵੀ ਨਤੀਜਾ ਨਿਕਲੇ ਉਹ ਆਪਣੇ ਕਿਸੇ ਵੀ ਫੈਸਲੇ ਤੋਂ ਪਿੱਛੇ ਨਹੀਂ ਹਟੇਗਾ। ਪਰਕਾਸ਼ ਕੋਰ ਦੇ ਮਨ ਵਿਚ ਸੀ ਕਿ ਨਿਕੀ ਜਿਹੀ ਗੱਲ ਕਾਰਨ ਏਡੀ ਵੱਡੀ ਮੁਸੀਬਤ ਗਲ਼ ਆ ਪਈ। ਹਾਲੇ ਵੀ ਰਣਜੀਤ ਮੰਨ ਜਾਵੇ ਤਾਂ ਕਿਹੜੀ ਗੱਲ ਸੀ। ਬਲਜਿੰਦਰ ਆਪਣੇ ਘਰ ਨਾਲੋਂ ਇਥੇ ਜ਼ਿਆਦਾ ਖੁਸ਼ ਸੀ। ਉਥੇ ਗੁਰਜੰਟ ਹਰ ਵੇਲੇ ਪੰਗਾ ਪਾਈ ਰੱਖਦਾ ਸੀ, ਹਰ ਵੇਲੇ ਦਬਕਾ-ਝਿੜਕ, ਇਥੇ ਘੱਟੋ-ਘੱਟ ਸ਼ਾਂਤੀ ਤਾਂ ਸੀ। ਸੁਰਿੰਦਰ ਗੁਰਜੰਟ ਤੇ ਗੁਲਵੰਤ ਦਾ ਮੁਕਾਬਲਾ ਕੇ ਦੇਖਦੀ ਤਾਂ ਗੁਲਵੰਤ ਉਸ ਨੂੰ ਬਹੁਤ ਚੰਗਾ ਲਗਦਾ। ਉਹ ਹਾਲੇ ਤਕ ਵੀ ਕਿੰਨੇ ਪਿਆਰ ਨਾਲ ਪੇਸ਼ ਆਉਂਦਾ ਸੀ। ਜਦ ਰਾਜੂ ਦੇ ਮਾਮਲੇ ਵਿਚ ਜ਼ਿੱਦ ਵੀ ਕਰ ਰਿਹਾ ਸੀ ਤਾਂ ਵੀ ਪਿਆਰ ਨਾਲ ਕਰਦਾ। ਹਾਲੇ ਵੀ ਤਰੀਕੇ 'ਤੇ ਮਿਲਦਾ ਤਾਂ ਕਿਵੇਂ ਮੋਹ ਨਾਲ ਆਖਦਾ ਕਿ ਵਾਪਸ ਆ ਜਾ। ਸੁਖਵੀਰ ਸੋਚ ਰਹੀ ਸੀ ਕਿ ਕਿਤੇ ਰਣਜੀਤ ਨੂੰ ਵੀ ਉਹਦੇ ਵਾਂਗ ਹੀ ਬਲੀ ਦਾ ਸਮਾਨ ਨਾ ਬਣਾ ਦਿਤਾ ਜਾਵੇ। ਨਾਲ ਹੀ ਇਹ ਲੋਚਦੀ ਵੀ ਕਿ ਕਾਸ਼ ਉਹਨੂੰ ਵੀ ਪਰਮਜੀਤ ਵਰਗਾ ਕੋਈ ਮੁੰਡਾ ਮਿਲ ਜਾਂਦਾ। ਰਣਜੀਤ ਆਪਣੇ ਥਾਂ ਦ੍ਰਿੜ ਬੈਠੀ ਸੀ; ਕੁਝ ਵੀ ਹੋਵੇ ਉਹ ਪਰਮਜੀਤ ਤੋਂ ਬਿਨਾਂ ਕਿਸੇ ਹੋਰ ਮੁੰਡੇ ਨਾਲ ਵਿਆਹ ਨਹੀਂ ਕਰਾਏਗੀ।

www.PunjabiLibrary.com

ਪਰਮਜੀਤ ਨੂੰ ਉਹ ਘਰ ਦੇ ਸਾਰੇ ਹਾਲਾਤ ਤੋਂ ਜਾਣੂੰ ਕਰਾਉਂਦੀ ਰਹਿੰਦੀ ਸੀ। ਜਦ ਪਰਮਜੀਤ ਉਸ ਨੂੰ ਬਾਹਾਂ ਵਿਚ ਲੈਂਦਾ ਤਾਂ ਉਸ ਨੂੰ ਸਾਰੇ ਗਮ ਭੁੱਲ ਜਾਂਦੇ। ਪਰਮਜੀਤ ਨੇ ਆਪਣੇ ਮਾਂਪੇ ਉਪਰ ਨਿਰੰਤਰ ਦਬਾਅ ਬਣਾਇਆ ਹੋਇਆ ਸੀ। ਇਕਬਾਲ ਸਿੰਘ ਦੋ ਵਾਰ ਸੁਰਜਨ ਸਿੰਘ ਨੂੰ ਫੋਨ ਕਰਕੇ ਪੁੱਛ ਚੁੱਕਿਆ ਸੀ ਕਿ ਜੇ ਉਹ ਕੁਝ ਕਰ ਸਕਦਾ ਹੋਵੇ ਤਾਂ ਦੱਸਣਾ।

ਹਫਤਾ-ਦਸ ਦਿਨ ਲੰਘ ਗਏ ਪਰ ਗੁਰਜੰਟ ਮੁੜ ਨਾ ਦਿਸਿਆ, ਜਿਵੇਂ ਸ਼ਹਿਰ ਵਿਚੋਂ ਹੀ ਗੈਰ-ਹਾਜ਼ਰ ਹੋਵੇ। ਉਸ ਨੇ ਬਲਜਿੰਦਰ ਨਾਲ ਜਾਂ ਕਿਸੇ ਹੋਰ ਨਾਲ ਕੋਈ ਰਾਬਤਾ ਨਾ ਕੀਤਾ। ਬਲਜਿੰਦਰ ਕੰਮ 'ਤੇ ਜਾਈ ਜਾ ਰਹੀ ਸੀ। ਉਸ ਨੇ ਦੋ ਕੁ ਵਾਰ ਗੁਰਜੰਟ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਗੁਰਜੰਟ ਨੇ ਫੋਨ ਨਾ ਚੁਕਿਆ। ਸ਼ਾਇਦ ਉਹ ਘਰ ਹੀ ਨਹੀਂ ਸੀ ਜਾਂ ਜਾਣ ਬੁੱਝ ਕੇ ਨਹੀਂ ਸੀ ਚੁੱਕ ਰਿਹਾ। ਸੁਰਜਨ ਸਿੰਘ ਕਹਿਣ ਲਗਦਾ,

"ਉਹ ਮਾਈਂਡ ਗੇਮ ਖੇਲ ਰਿਹੈ, ਸੋਚਦੈ ਕਿ ਅਸੀਂ ਫੋਨ ਕਰਕੇ ਕਹਾਂਗੇ ਕਿ ਆ ਜਾ, ਤੇਰੀਆਂ ਸਾਰੀਆ ਸ਼ਰਤਾਂ ਮਨਜ਼ੂਰ, ... ਇਹ ਲੋਕ ਮੈਨੂੰ ਕੀ ਸਮਝੀ ਬੈਠੇ ਆ!"

ਇਸ ਸਭ ਦੇ ਬਾਵਜੂਦ ਘਰ ਵਿਚ ਹਰ ਵੇਲੇ ਹਾਸਾ-ਮਜ਼ਾਕ ਚਲਦਾ ਰਹਿੰਦਾ। ਸੁਰਜਨ ਸਿੰਘ ਸਮਝ ਰਿਹਾ ਸੀ ਕਿ ਇਹ ਸਭ ਅੰਦਰਲੇ ਖੌਰੂ ਨੂੰ ਦਬਾਉਣ ਲਈ ਹੈ, ਉਹ ਆਪ ਵੀ ਧੀਆਂ ਵਿਚ ਰਲ਼ ਜਾਂਦਾ। ਸੁਖਵੀਰ ਪਹਿਲਾਂ ਤਾਂ ਇਕੱਲੇ ਰਾਜੂ ਦੀਆਂ ਹੀ ਨਕਲਾਂ ਲਾ ਕੇ ਦਿਖਾਇਆ ਕਰਦੀ ਸੀ, ਹੁਣ ਉਹ ਗੁਰਜੰਟ ਤੇ ਗੁਲਵੰਤ ਵਾਂਗੂੰ ਹੱਸ ਕੇ ਗੁੱਸਾ ਕਰ ਕਰ ਕੇ ਦਿਖਾਉਂਦੀ ਤੇ ਸਭ ਨੂੰ ਹਸਾਉਂਦੀ। ਪਰਕਾਸ਼ ਕੋਰ ਖਿਝਦੀ ਹੋਈ ਆਖਦੀ ਕਿ ਤੁਹਾਨੂੰ ਰੱਬ ਲੈਣ ਆਇਆ ਹੋਇਐ ਪਰ ਉਸ ਦੀ ਕੋਈ ਨਾ ਸੁਣਦਾ। ਕਈ ਵਾਰੀ ਸਾਰੀਆਂ ਰਲ਼ ਕੇ ਰਣਜੀਤ ਨੂੰ ਵੀ ਟਿੱਚਰਾਂ ਕਰਨ ਲਗਦੀਆਂ। ਰਣਜੀਤ ਲਗਾਤਾਰ ਕਾਲਜ ਜਾਂਦੀ ਸੀ। ਹੁਣ ਉਸ ਦੇ ਇਮਤਿਹਾਨ ਵੀ ਆਉਣ ਵਾਲੇ ਸਨ ਪਰ ਉਸ ਤੋਂ ਕੋਈ ਪੜ੍ਹਾਈ ਨਹੀਂ ਸੀ ਕਰ ਹੁੰਦੀ।

ਇਕ ਦਿਨ ਰਣਜੀਤ ਕਾਲਜ ਤੋਂ ਵਾਪਸ ਨਾ ਆਈ। ਆਮ ਤੌਰ ਤੇ ਉਹ ਚਾਰ ਕੁ ਵਜੇ ਘਰ ਆ ਜਇਆ ਕਰਦੀ ਪਰ ਅਜ ਛੇ ਵਜ ਰਹੇ ਸਨ। ਸੁਰਜਨ ਘਰ ਆਇਆ ਤਾਂ ਸਭ ਨੂੰ ਫੋਨ ਘੁਮਾਉਣ ਲਗਿਆ। ਉਹ ਸੋਚ ਰਿਹਾ ਸੀ ਕਿ ਕਿਤੇ ਪਰਮਜੀਤ ਨਾਲ ਚਲੇ ਹੀ ਨਾ ਗਈ ਹੋਵੇ। ਉਹਨੇ ਇਕਬਾਲ ਸਿੰਘ ਨੂੰ ਫੋਨ ਕੀਤਾ। ਪਰਮਜੀਤ ਨਾਲ ਗੱਲ ਹੋਈ ਤਾਂ ਪਤਾ ਚਲਿਆ ਕਿ ਉਹ ਤਾਂ ਅਜ ਕਾਲਜ ਵੀ ਨਹੀਂ ਆਈ। ਉਲਟੇ ਉਹ ਵੀ ਹੈਰਾਨ ਹੋਏ ਪਏ ਸਨ। ਸਭ ਡਰਨ ਲਗੇ। ਬਲਜਿੰਦਰ ਨੇ ਆਪਣੇ ਘਰ ਨੂੰ ਫੋਨ ਕਰਕੇ ਦੇਖਿਆ ਪਰ ਕਿਸੇ ਨੇ ਫੋਨ ਨਾ ਚੁੱਕਿਆ। ਗੁਰਜੰਟ ਨੂੰ ਤਾਂ ਬਹੁਤ ਦਿਨ ਤੋਂ ਕਿਸੇ ਨੇ ਦੇਖਿਆ ਵੀ ਨਹੀਂ ਸੀ।

ਦਿਲਬਾਗ ਨੂੰ ਫੋਨ ਕੀਤਾ। ਉਹ ਇਕ ਦਮ ਭਜਦਾ ਹੋਇਆ ਪੁੱਜ ਗਿਆ। ਸਭ ਤੋਂ ਪਹਿਲਾਂ ਉਹ ਪੁਲੀਸ ਸਟੇਸ਼ਨ ਗਏ। ਪੁਲੀਸ ਨੂੰ ਗੁਰਜੰਟ ਬਾਰੇ ਸਾਰੀ ਕਹਾਣੀ ਵੀ ਦਸੀ। ਫਿਰ ਗੁਰਜੰਟ ਦੇ ਘਰ ਵੀ ਗਏ। ਉਥੇ ਘਰ ਅੰਦਰ ਬਿਲਕੁਲ ਹਨੇਰਾ ਸੀ, ਜਿਵੇਂ ਇਥੇ ਕੋਈ ਰਹਿੰਦਾ ਹੀ ਨਾ ਹੋਵੇ। ਦਿਲਬਾਗ, ਸੁਰਜਨ ਤੇ ਸੁਰਿੰਦਰ ਕਾਰ ਵਿਚ ਮਾਰੇ ਮਾਰੇ ਇਧਰ-ਓਧਰ ਭੱਜੇ ਫਿਰਨ ਲਗੇ। ਰਣਜੀਤ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ ਮਿਲ ਰਿਹਾ।

ਸਾਰੀ ਰਾਤ ਕੋਈ ਨਾ ਸੁੱਤਾ। ਤਰ੍ਹਾਂ ਤਰ੍ਹਾਂ ਦੇ ਡਰ ਮਨਾਂ ਵਿਚ ਪੈਦਾ ਹੋ ਰਹੇ ਸਨ। ਰਣਜੀਤ ਅਜਿਹੀ ਕੁੜੀ ਨਹੀਂ ਸੀ ਜਿਹੜੀ ਕਦੇ ਘਰੋਂ ਰਾਤ ਬਾਹਰ ਰਹੀ ਹੋਵੇ। ਕਿਧਰੇ ਬਹੁਤ ਵੱਡੀ ਗੜਬੜ ਸੀ। ਉਹ ਥੋੜੀ ਥੋੜੀ ਦੇਰ ਬਾਅਦ ਪੁਲੀਸ ਨੂੰ ਫੋਨ ਕਰਕੇ ਦੇਖਦੇ। ਪੁਲੀਸ ਸਤੱਰਕ ਹੋ ਚੁੱਕੀ ਸੀ। ਗੁਰਜੰਟ ਦੇ ਘਰ ਵੀ ਪੁਲੀਸ ਚੱਕਰ ਮਾਰ ਆਈ ਸੀ ਪਰ ਕਿਸੇ ਨੇ ਦਰਵਾਜ਼ਾ ਨਹੀਂ ਸੀ ਖੋਹਲਿਆ। ਦਿਲਬਾਗ ਵੀ ਗੁਰਜੰਟ ਦੇ ਘਰ ਦੇ ਦੋ ਚੱਕਰ ਮਾਰ ਆਇਆ ਸੀ।

ਸਵੇਰ ਪੈਂਦਿਆਂ ਹੀ ਸੁਖਵੀਰ ਤੇ ਸੁਰਿੰਦਰ ਰਣਜੀਤ ਦੀ ਫੋਟੋ ਲੈ ਕੇ ਉਸ ਦੇ ਕਾਲਜ ਪੁੱਜ ਗਈਆਂ ਕਿ ਜੇ ਕਿਸੇ ਨੇ ਉਸ ਨੂੰ ਦੇਖਿਆ ਹੋਵੇ। ਦੋ ਘੰਟੇ ਦੀ ਖੱਜਲ-ਖੁਆਰੀ ਤੋਂ ਬਾਅਦ ਉਹ ਮੁੜ ਆਈਆਂ।

ਸੂਰਜ ਥੋੜਾ ਕੁ ਉਪਰ ਹੋਇਆ ਤਾਂ ਰਣਜੀਤ ਘਰ ਪੁੱਜ ਗਈ। ਘਰ ਦੇ ਸਾਰੇ ਜੀਅ ਫਰੰਟ ਰੂਮ ਵਿਚ ਬੈਠੇ ਸਨ। ਰਣਜੀਤ ਕਿਸੇ ਨਾਲ ਬੋਲੇ ਬਿਨਾਂ ਪਹਿਲਾਂ ਗੁਸਲ ਗਈ ਤੇ ਫਿਰ ਆਪਣੇ ਕਮਰੇ ਵਿਚ ਚਲੇ ਗਈ। ਕੁਝ ਦੇਰ ਬਾਅਦ ਉਹ ਰਸੋਈ ਵਿਚ ਆ ਗਈ। ਪਰਕਾਸ਼ ਕੋਰ ਨੇ ਉਸ ਦੇ ਮੋਢ੍ਹੇ 'ਤੇ ਹੱਥ ਰਖਿਆ ਤਾਂ ਉਹ ਧਾਹ ਮਾਰ ਕੇ ਮਾਂ ਦੇ ਗਲ਼ ਨਾਲ ਚੁੰਬੜ ਗਈ।

## ਸਤਾਈ

ਕਈ ਦਿਨਾਂ ਤੋਂ ਮੀਂਹ ਚਲ ਰਿਹਾ ਸੀ। ਕਦੇ ਤੇਜ਼ ਹੋ ਜਾਂਦਾ ਤੇ ਕਦੇ ਮੱਧਮ। ਰਾਣੀ ਕਾਲਜ ਜਾਣ ਲਈ ਨਿਕਲੀ। ਉਸ ਨੇ ਹੁੱਡ ਵਾਲੀ ਜੈਕਟ ਪਾਈ ਹੋਈ ਸੀ। ਮੀਂਹ ਤੋਂ ਪੂਰੀ ਤਰ੍ਹਾਂ ਬਚਾਅ ਕਰ ਰੱਖਿਆ ਸੀ। ਉਸ ਨੇ ਨਿੱਤ ਵਾਂਗ ਲੇਅਟਨ ਹਾਈ ਸਟ੍ਰੀਟ ਤੋਂ ਸਟਰੈਟਫੋਰਡ ਲਈ ਬੱਸ ਫੜੀ। ਸਟਰੈਟਫੋਰਡ ਤੋਂ ਅਗੇ ਰਮਫੋਰਡ ਕਾਲਜ ਲਈ ਬੱਸ ਲੈਣੀ ਸੀ। ਕਦੇ ਕਦੇ ਤਾਂ

www.PunjabiLibrary.com

ਪਰਮਜੀਤ ਹੀ ਇਥੇ ਮਿਲ ਜਾਇਆ ਕਰਦਾ ਪਰ ਅਜ ਉਹ ਕੁਝ ਜਲਦੀ ਆ ਗਈ ਸੀ। ਬਸ ਸਟੌਪ ਦੀ ਸ਼ੈੱਡ ਦੀ ਸਮਰਥਾ ਤੋਂ ਜ਼ਿਆਦਾ ਸਵਾਰੀਆਂ ਸਨ। ਰਾਣੀ ਸ਼ੈੱਡ ਤੋਂ ਬਾਹਰ ਲਾਈਨ ਵਿਚ ਲਗੀ ਮੀਂਹ ਵਿਚ ਖੜੀ ਸੀ। ਮੀਂਹ ਵੀ ਕੁਝ ਤੇਜ਼ ਹੋ ਗਿਆ ਸੀ। ਅਚਾਨਕ ਇਕ ਓਪਰੀ ਜਿਹੀ ਕਾਰ ਉਸ ਦੇ ਬਰਾਬਰ ਆ ਕੇ ਰੁਕੀ। ਉਸ ਵਿਚੋਂ ਗੁਰਜੰਟ ਨਿਕਲਿਆ। ਉਹ ਮਿੱਠੀ ਜਿਹੀ ਮੁਸਕ੍ਰਾਹਟ ਦਿੰਦਾ ਬਹੁਤ ਹੀ ਪਿਆਰ ਨਾਲ ਬੋਲਿਆ,

"ਰਾਣੀ, ਸੌਰੀ ਅਬਾਊਟ ਐਵਰੀਥਿੰਗ! ...ਮੈਂ ਬਲਜਿੰਦਰ ਨੂੰ ਲੈਣ ਚਲਿਆਂ, ਜੇ ਕਹੇਂ ਤਾਂ ਪਹਿਲਾਂ ਤੈਨੂੰ ਕਾਲਜ ਛੱਡ ਦਿੰਨਾਂ।"

"ਨੋ ਥੈਂਕਸ ਭਾਜੀ।"

ਰਣਜੀਤ ਨੇ ਕਿਹਾ। ਉਹ ਸਦਾ ਹੀ ਗੁਰਜੰਟ ਨੂੰ ਵੱਡੇ ਭਰਾਵਾਂ ਵਾਲਾ ਆਦਰ ਦਿੰਦੀ ਆਈ ਸੀ, ਉਸ ਨਾਲ ਜਾਣ ਵਿਚ ਕੋਈ ਇਤਰਾਜ਼ ਨਹੀਂ ਸੀ ਪਰ ਉਸ ਦੇ ਪਿਛਲੇ ਦਿਨਾਂ ਦੇ ਦੁਰ-ਵਿਵਹਾਰ ਕਾਰਨ ਉਸ ਨੇ ਨਾਂਹ ਕਰ ਦਿਤੀ। ਗੁਰਜੰਟ ਨੇ ਫਿਰ ਕਿਹਾ,

"ਲੁੱਕ ਐਟ ਦਿਸ ਰੇਨ, ਆਜਾ, ਆਈ ਵਿੱਲ ਡਰੌਪ ਯੂ।"

ਸਾਰੀਆਂ ਸਵਾਰੀਆਂ ਉਹਨਾਂ ਵਲ ਦੇਖ ਰਹੀਆਂ ਸਨ। ਇਸ ਵਾਰ ਰਣਜੀਤ ਇਨਕਾਰ ਨਾ ਕਰ ਸਕੀ। ਗੁਰਜੰਟ ਨੇ ਦਰਵਾਜ਼ਾ ਖੋਹਲਿਆ ਤੇ ਉਹ ਝਿਜਕਦੀ ਝਿਜਕਦੀ ਬੈਠ ਗਈ। ਕਾਰ ਸਟ੍ਹਾਟ ਕਰਦਾ ਗੁਰਜੰਟ ਬੋਲਿਆ,

"ਆਈ ਐਮ ਸੌਰੀ ਰਾਣੀ, ਸਾਰੀ ਪਰੌਬਲਮ ਮੇਰੇ ਕਾਰਨ ਖੜੀ ਹੋਈ, ਘਬਰਾ ਨਾ, ਜਿਥੇ ਤੂੰ ਚਾਹੇਂਗੀ ਤੇਰਾ ਵਿਆਹ ਹੋਏਗਾ, ਆਏ ਐਮ ਹੈਪੀ ਵਿਦ ਦੈਟ।"

ਰਾਣੀ ਕੁਝ ਨਾ ਬੋਲੀ। ਕਾਰ ਵਿਚ ਮਾਈਕਲ ਜੈਕਸਨ ਦਾ ਨਵਾਂ ਗੀਤ ਚਲ ਰਿਹਾ ਸੀ। ਰਣਜੀਤ ਇਸੇ ਗੀਤ ਨੂੰ ਹੀ ਜ਼ਿਆਦਾ ਸੁਣਿਆਂ ਕਰਦੀ। ਡੈਸ਼ਬੋਰਡ 'ਤੇ ਕੋਕ ਦਾ ਡੱਬਾ ਪਿਆ ਸੀ। ਗੁਰਜੰਟ ਨੇ ਡੱਬਾ ਰਣਜੀਤ ਵਲ ਕਰਦਿਆਂ ਕਿਹਾ,

"ਹੈਵ ਏ ਸਿੱਪ।"

"ਨੋ ਥੈਂਕਸ ਭਾਜੀ।"

"ਕੋਕ ਈ ਏ, ਪੁਆਇਜ਼ਨ ਤਾਂ ਨਹੀਂ।"

ਗੁਰਜੰਟ ਨੇ ਹੱਸਦਿਆਂ ਕਿਹਾ। ਰਣਜੀਤ ਨੇ ਕੋਕ ਦਾ ਕੈਨ ਫੜ ਕੇ ਇਕ ਘੁੱਟ ਭਰ ਲਿਆ। ਥੋੜੀ ਦੇਰ ਬਾਅਦ ਗੁਰਜੰਟ ਨੇ ਜ਼ੋਰ ਪਾ ਕੇ ਉਸ ਨੂੰ ਦੋ ਘੁੱਟ ਹੋਰ ਪਿਲਾ ਦਿਤੇ। ਰਣਜੀਤ ਨੂੰ ਨੀਂਦ ਜਿਹੀ ਆਉਣ ਲਗੀ। ਸਰੀਰ ਝੂਠਾ ਜਿਹਾ ਪੈਣ ਲਗਿਆ। ਗੁਰਜੰਟ ਨੇ ਕਾਰ ਆਪਣੀ ਮੰਜ਼ਲ ਵਲ ਤੋਰ ਲਈ।

ਗੁਰਜੰਟ ਨੇ ਪੂਰੀ ਯੋਜਨਾ ਬਣਾਈ ਹੋਈ ਸੀ। ਇਕ ਮਹੀਨੇ ਲਈ ਇਹ ਕਾਰ ਕਿਰਾਏ 'ਤੇ ਲਈ ਹੋਈ ਸੀ ਤੇ ਇਵੇਂ ਹੀ ਇਕ ਘਰ ਵੀ ਕਿਰਾਏ 'ਤੇ ਲੈ ਰੱਖਿਆ ਸੀ। ਘਰ ਅਜਿਹੀ ਜਗਾਹ ਸੀ ਜਿਥੇ ਕਿ ਆਮ ਬੰਦੇ ਦਾ ਲਾਂਘਾ ਨਾ ਹੋਵੇ। ਟਿਕਾਣੇ ਪੁੱਜਦੀ ਪੁੱਜਦੀ ਰਣਜੀਤ ਬੇਹੋਸ਼ ਹੋ ਗਈ। ਗੁਰਜੰਟ ਨੇ ਕਾਰ ਗੈਰਜ ਵਿਚ ਖੜੀ ਕੀਤੀ। ਗੈਰਜ ਦੇ ਵਿਚੋਂ ਹੀ ਘਰ ਵਿਚ ਨੂੰ ਦਰਵਾਜ਼ਾ ਖੁਲ੍ਹਦਾ ਸੀ। ਗੁਰਜੰਟ ਨੇ ਰਣਜੀਤ ਨੂੰ ਚੁੱਕਿਆ ਤੇ ਉਪਰ ਬੈਡਰੂਮ ਵਿਚ ਲੈ ਗਿਆ। ਬਿਸਤਰ ਵਿਚ ਲਿਟਾ ਕੇ ਪਹਿਲਾਂ ਹੀ ਫਿੱਟ ਕੀਤਾ ਵੀਡਿਓ ਕੈਮਰਾ ਚਲਾ ਦਿਤਾ। ਆਪਣੇ ਅੰਦਰਲੇ ਡਰ ਲਈ ਉਸ ਨੇ ਵਿਸਕੀ ਦਾ ਵੱਡਾ ਸਾਰਾ ਪੈੱਗ ਲਾਇਆ ਤੇ ਇਕ ਇਕ ਕਰਕੇ ਰਣਜੀਤ ਦੇ ਕਪੜੇ ਉਤਾਰਨ ਲਗਿਆ। ਉਸ ਦੇ ਕਪੜੇ ਉਤਾਰ ਕੇ ਆਪਣੇ ਉਤਾਰੇ। ਰਣਜੀਤ ਨੂੰ ਥੋੜੀ ਥੋੜੀ ਹੋਸ਼ ਸੀ ਪਰ ਉਸ ਦੇ ਸਾਰੇ ਅੰਗ ਇਵੇਂ ਢਿੱਲੇ ਪੈ ਚੁੱਕੇ ਸਨ ਕਿ ਕੁਝ ਵੀ ਕਰਨ ਦੇ ਕਾਬਲ ਨਹੀਂ ਸੀ। ਗੁਰਜੰਟ ਨੇ ਹੋਰ ਦਵਾਈ ਪਿਲਾ ਕੇ ਉਸ ਦੀ ਅਵਾਜ਼ ਵੀ ਨਹੀਂ ਸੀ ਨਿਕਲ ਰਹੀ। ਗੁਰਜੰਟ ਬਲਾਤਕਾਰ ਕਰਨ ਲਈ ਇਕ ਦਮ ਤਿਆਰ ਨਾ ਹੋ ਸਕਿਆ। ਉਸ ਨੂੰ ਹੋਰ ਸ਼ਰਾਬ ਦਾ ਸਹਾਰਾ ਲੈਣਾ ਪਿਆ। ਹੌਲੀ ਹੌਲੀ ਉਸ ਨੂੰ ਰਣਜੀਤ ਦਾ ਜਿਸਮ ਮੋਮ ਦੇ ਬੁੱਤ ਜਿਹਾ ਦਿਸਣ ਲਗਿਆ। ਉਸ ਵਿਚੋਂ ਖੁਸ਼ਬੂ ਆਉਣ ਲਗੀ। ਉਹ ਰਣਜੀਤ ਦੇ ਜਿਸਮ ਨਾਲ ਮਨ-ਆਈਆਂ ਕਰਨ ਲਗਿਆ। ਪੂਰਾ ਦਿਨ, ਸ਼ਾਮ ਤੇ ਫਿਰ ਰਾਤ ਭਰ ਉਸ ਨੇ ਜੋ ਚਾਹਿਆ ਕੀਤਾ। ਨਾਲ ਦੀ ਨਾਲ ਉਹ ਵੀਡਿਓ ਬਣਾਉਂਦਾ ਗਿਆ।

ਅਗਲੇ ਤੜਕਸਾਰ ਰਣਜੀਤ ਨੂੰ ਹੋਸ਼ ਆਈ। ਉਸ ਦਾ ਸਿਰ ਦਰਦ ਨਾਲ ਫਟ ਰਿਹਾ ਸੀ। ਸਾਰਾ ਸਰੀਰ ਥਕਾਵਟ ਨਾਲ ਚੂਰ ਚੂਰ ਹੋਇਆ ਪਿਆ ਸੀ। ਉਸ ਨੂੰ ਇਕ ਦਮ ਕੋਈ ਸਮਝ ਨਾ ਪਈ। ਹਨੇਰੇ ਵਿਚ ਕੁਝ ਦਿਸਿਆ ਵੀ ਨਾ। ਉਸ ਨੇ ਆਪਣੇ ਨਾਲ ਪਏ ਗੁਰਜੰਟ ਨੂੰ ਦੇਖਿਆ ਤੇ ਫਿਰ ਆਪਣੀ ਹਾਲਤ, ਉਹ ਜ਼ੋਰ ਜ਼ੋਰ ਦੀ ਚੀਕਾਂ ਮਾਰਨ ਲਗੀ। ਗੁਰਜੰਟ ਵੀ ਉਠ ਖੜਿਆ। ਉਸ ਨੇ ਬੱਤੀ ਜਗਾਈ। ਗੁਰਜੰਟ ਉਸ ਨੂੰ ਕਪੜੇ ਫੜਾਉਂਦਾ ਬੋਲਿਆ,

"ਰਾਣੀ, ਕੁਝ ਨਹੀਂ ਹੋਇਆ, ਐਵੇਂ ਨਾ ਘਬਰਾ, ...ਤੂੰ ਮੇਰੇ ਭਰਾ ਦੀ ਮੰਗ ਏਂ। ...ਜੱਟਾਂ ਵਿਚ ਭਰਾ ਦੀ ਪਤਨੀ ਨਾਲ ਸੌਣਾ ਆਮ ਗੱਲ ਹੁੰਦੀ ਏ, ਆਪਾਂ ਕੋਈ ਗਲਤ ਕੰਮ ਨਈਂ ਕਰਿਆ।"

ਰਣਜੀਤ ਕਮਲ਼ੀਆਂ ਜਿਹੀਆਂ ਨਜ਼ਰਾਂ ਨਾਲ ਉਸ ਵਲ ਦੇਖਦੀ ਜਾ ਰਹੀ ਸੀ। ਗੁਰਜੰਟ ਨੇ ਉਸ ਦੀ ਗੱਲ੍ਹ ਤੇ ਹੱਥ ਫੇਰਦਿਆਂ ਕਿਹਾ,

www.PunjabiLibrary.com

"ਆਈ ਐਮ ਸ਼ੋਅਰ, ਮਾਈ ਬਰੱਦਰ ਵੌਂਟ ਮਾਈਂਡ ਦਿਸ, ...ਲੁਕ ਰਾਣੀ, ਤੇਰੇ ਕੋਲ ਹੁਣ ਦੋ ਔਪਸ਼ਨਜ਼ ਨੇ; ਇਕ ਤਾਂ ਤੂੰ ਚੁੱਪ ਕਰਕੇ ਮੇਰੇ ਭਰਾ ਨਾਲ ਵਿਆਹ ਕਰਾ ਲੈ ਤੇ ਏਸ ਗੱਲ ਨੂੰ ਐਕਣ ਏਥੇ ਹੀ ਰਹਿਣ ਦੇ, ਸਭ ਕੁਝ ਠੀਕ ਹੋ ਜਾਏਗਾ, ਐਵਰੀ ਬੌਡੀ ਵਿਲ ਬੀ ਹੈਪੀ। ਦੂਜੀ ਔਪਸ਼ਨ ਤੂੰ ਪੁਲੀਸ ਕੋਲ ਮੇਰੀ ਰਿਪ੍ਰੋਟ ਵੀ ਕਰ ਸਕਦੀ ਏਂ। ਪੁਲੀਸ ਕੋਲ ਗੱਲ ਜਾਏਗੀ, ਮੀਡੀਏ ਵਿਚ ਖਬਰਾਂ ਆਉਣਗੀਆਂ, ਤੇਰੀ ਫੈਮਲੀ ਦੀ ਰਿਸਪੈਕਟ ਫਿਨਿਸ਼ ਹੋ ਜਾਏਗੀ, ਤੇਰੇ ਨਾਲ਼ ਕੋਈ ਵੀ ਵਿਆਹ ਨਈਂ ਕਰਾਏਗਾ, ਮੇਰਾ ਕੀ ਏ, ਵਧ ਤੋਂ ਵਧ ਜੇਲ ਹੋ ਜਾਏਗੀ, ਆਈ ਐਮ ਰੈਡੀ ਟੂ ਗੋ ਟੂ ਜੇਲ।"

ਰਣਜੀਤ ਕੁਝ ਨਾ ਬੋਲੀ ਤੇ ਉਠ ਕੇ ਗੁਸਲ ਚਲੇ ਗਈ। ਗੁਰਜੰਟ ਗੁਸਲਖਾਨੇ ਦੇ ਬਾਹਰ ਹੀ ਜਾ ਖੜਿਆ। ਉਹ ਬਾਹਰ ਆਈ ਤਾਂ ਬੋਲਿਆ,

"ਚੰਗੀ ਗੱਲ ਏ ਰਾਣੀ ਕਿ ਚੁੱਪ ਰਹਿ, ਫੌਰਗੈੱਟ ਇਟ ਲਾਈਕ ਏ ਬੈਡ ਡਰੀਮ, ਚੁੱਪ ਕਰਕੇ ਮੇਰੇ ਭਰਾ ਨਾਲ ਵਿਆਹ ਕਰਾ, ...ਜੇ ਨਹੀਂ ਤਾਂ ਵੀਡਿਓ ਬਣਾ ਲਈ ਏ, ਪਰਮਜੀਤ ਨੂੰ ਦਿਖਾ ਦੇਵਾਂਗਾ। ...ਵੈਸੇ ਵੀ ਅਜਕਲ ਨੈਚਰਲ ਬਲਿਊ ਫਿਲਮਾਂ ਦੀ ਬਹੁਤ ਡਿਮਾਂਡ ਏ।"

ਰਣਜੀਤ ਰੋਈ ਜਾ ਰਹੀ ਸੀ। ਉਸ ਤੋਂ ਖੜਿਆ ਵੀ ਨਹੀਂ ਸੀ ਜਾ ਰਿਹਾ। ਉਹ ਇਕ ਪਾਸੇ ਪਈ ਕੁਰਸੀ 'ਤੇ ਬੈਠ ਗਈ। ਗੁਰਜੰਟ ਉਸ ਦੇ ਵਾਲ਼ਾਂ ਵਿਚ ਉਂਗਲਾਂ ਫੇਰਦਾ ਬੋਲਿਆ,

"ਚੱਲ ਰਾਣੀ, ਆਪਾਂ ਆਪਣੇ ਘਰ ਚਲਦੇ ਆਂ, ਇਹ ਘਰ ਤਾਂ ਕਿਸੇ ਦਾ ਏ। ਆਪਣਾ ਘਰ ਤਾਂ ਉਹ ਏ ਜਿਥੇ ਪਰਤਾਪ ਨੇ ਵੀ ਆਉਣਾ ਏ, ਜਿਥੇ ਪੂਰੀ ਸ਼ਾਨ ਨਾਲ ਤੁਹਾਡਾ ਵਿਆਹ ਕਰਨਾ ਏਂ, ਲੈੱਟ ਅਸ ਗੋ ਡਾਰਲਿੰਗ!"

ਉਹ ਰਣਜੀਤ ਹੱਥ ਫੜੀ ਉਸ ਨੂੰ ਕਾਰ ਤਕ ਲੈ ਆਇਆ। ਉਸ ਨੇ ਕਿਹਾ,

"ਰਾਣੀ, ਇਹ ਤੇਰਾ ਫੈਸਲਾ ਏ, ਇਕ ਪਾਸੇ ਤੇਰੇ ਪਰਿਵਾਰ ਦੀ ਇੱਜ਼ਤ ਤੇ ਦੂਜੇ ਪਾਸੇ ਇਹ ਮਾਮੂਲੀ ਜਿਹੀ ਗੱਲ, ਪਲੀਜ਼ ਹੁਣ ਬਾਹਰ ਗੱਲ ਨਾ ਕਰੀਂ, ਸਭ ਦਾ ਇਸੇ ਵਿਚ ਭਲਾ ਏ।"

ਸਾਰੇ ਰਾਹ ਗੁਰਜੰਟ ਉਸ ਨੂੰ ਸਮਝਾਉਂਦਾ ਰਿਹਾ ਕਿ ਬਾਹਰ ਦੇ ਕਿਸੇ ਬੰਦੇ ਨਾਲ ਇਸ ਬਾਰੇ ਕੋਈ ਗੱਲ ਨਾ ਕਰੇ। ਰਣਜੀਤ ਹਾਲੇ ਵੀ ਰੋਈ ਜਾ ਰਹੀ ਸੀ। ਕਦੇ ਕਦੇ ਉਹ ਡੈਬਰਿਆਂ ਵਾਂਗ ਗੁਰਜੰਟ ਵਲ ਦੇਖ ਲੈਂਦੀ। ਉਸ ਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਕੀ ਕਹੇ, ਕੀ ਕਰੇ। ਉਸ ਨੂੰ ਆਪਣੇ ਸਰੀਰ ਵਿਚ ਵੀ ਅਜੀਬ ਜਿਹਾ ਦਰਦ ਮਹਿਸੂਸ ਹੋਈ ਜਾ ਰਿਹਾ ਸੀ। ਗੁਰਜੰਟ ਨੇ ਆਪਣੇ ਘਰ ਮੂਹਰੇ ਕਾਰ ਰੋਕੀ। ਰਣਜੀਤ ਦਾ ਹੱਥ ਫੜੀ ਅੰਦਰ ਆ ਗਿਆ ਤੇ ਬੋਲਿਆ,

"ਰਾਣੀ, ਇਹ ਤੇਰਾ ਘਰ ਏ, ਤੂੰ ਤਾਂ ਐਵੇਂ ਹੀ ਇਨਕਾਰ ਕਰੀ ਜਾ ਰਹੀ ਸੀ, ਆਈ ਐਮ ਸੌਰੀ ਕਿ ਇਹ ਸਭ ਮੈਨੂੰ ਤੇਰੇ ਇਨਕਾਰ ਕਰਕੇ ਕਰਨਾ ਪਿਆ ਬੱਟ ਯੂ ਆਰ ਵੈਰੀ ਸਵੀਟ!"

ਗੁਰਜੰਟ ਨੇ ਉਸ ਨੂੰ ਪਾਣੀ ਦਾ ਗਲਾਸ ਦਿਤਾ ਤੇ ਆਪ ਚਾਹ ਬਣਾਉਣ ਲਗ ਪਿਆ। ਹਾਲੇ ਥੋੜੀ ਹੀ ਦੇਰ ਹੋਈ ਸੀ ਕਿ ਬੂਹਾ ਖੜਕਿਆ। ਬਾਹਰ ਪੁਲੀਸ ਖੜੀ ਸੀ। ਗੁਰਜੰਟ ਨੇ ਉਸ ਨੂੰ ਕਿਹਾ,

"ਹੁਣ ਸਭ ਕੁਝ ਤੇਰੇ ਹੱਥ ਵਿਚ ਏ, ਬੈਟਰ ਫੌਰਗੈੱਟ ਐਵਰੀ ਥਿੰਗ ਐਂਡ ਡੌਂਟ ਟੈੱਲ ਐਨੀਥਿੰਗ ਟੂ ਪੁਲੀਸ, ਤੇਰਾ ਤੇ ਤੇਰੇ ਪਰਿਵਾਰ ਦਾ ਭਲਾ ਏਸੇ ਵਿਚ ਏ, ਸੋ ਬੀ ਏ ਗੁੱਡ ਗਰਲ।"

ਗੁਰਜੰਟ ਨੇ ਜਾ ਕੇ ਦਰਵਾਜ਼ਾ ਖੋਹਲਿਆ। ਇਕ ਪੁਲੀਸ ਅਫਸਰ ਨੇ ਪੁੱਛਿਆ,

"ਆਰ ਯੂ ਮਿਸਟਰ ਸੈਂਡੂ?"

"ਯੈੱਸ ਔਫੀਸਰ।"

"ਯੂ ਨੋ ਮਿਸ ਰੈਨਜੀਟ ਚਾਹਲ?"

"ਯੈਸ, ਸ਼ੀ 'ਜ਼ ਹੇਅਰ।"

"ਕੈਨ ਆਏ ਸੀ ਹਰ?"

"ਵਾਈ ਨੌਟ! ਕਮ ਇਨ ਪਲੀਜ਼।"

ਗੁਰਜੰਟ ਨੇ ਪੂਰੇ ਆਤਮ ਵਿਸ਼ਵਾਸ਼ ਨਾਲ ਕਿਹਾ। ਦੋਵੇਂ ਪੁਲੀਸਮੈਨ ਉਸ ਦੇ ਮਗਰ ਅੰਦਰ ਚਲੇ ਗਏ। ਰਣਜੀਤ ਸੈਟੀ 'ਤੇ ਬੈਠੀ ਸੀ। ਪੁਲੀਸਮੈਨ ਨੇ ਉਸ ਦਾ ਨਾਂ ਆਦਿ ਪੁੱਛਿਆ ਤੇ ਫਿਰ ਕਿਹਾ,

"ਆਰ ਯੂ ਔਲ ਰਾਈਟ?"

"ਯੈੱਸ ਸਰ।"

"ਵੇਅਰ ਯੂ ਹੈਵ ਬੀਨ ਲਾਸਟ ਨਾਈਟ?"

ਉਸ ਦੇ ਬੋਲਣ ਤੋਂ ਪਹਿਲਾਂ ਹੀ ਗੁਰਜੰਟ ਆਖਣ ਲਗਿਆ,

"ਵੀ ਹੈਡ ਨਾਈਟ ਆਊਟ ਔਫੀਸਰ।"

ਪੁਲੀਸਮੈਨ ਨੇ ਗੁਰਜੰਟ ਵਲ ਔਖਾ ਹੋ ਕੇ ਦੇਖਿਆ ਤੇ ਕਿਹਾ,
"ਆਏ 'ਮ ਟੌਕਿੰਗ ਟੂ ਮਿਸ ਚਾਹਲ।"
"ਸੌਰੀ ਸਰ।"
ਗੁਰਜੰਟ ਨੇ ਕਿਹਾ। ਪੁਲੀਸਮੈਨ ਨੇ ਆਪਣਾ ਸਵਾਲ ਫਿਰ ਦੁਹਰਾਇਆ। ਰਣਜੀਤ ਬੋਲੀ,
"ਯੈੱਸ ਸਰ, ਵੀ ਹੈਵ ਏ ਨਾਈਟ ਆਊਟ।"
"ਯੂ ਸ਼ੋਅਰ?"
"ਯੈੱਸ ਸ਼ੋਅਰ ਸਰ!"
ਪੁਲੀਸ ਵਾਲੇ ਉਹਨਾਂ ਦੋਨਾਂ ਵਲ ਹੀ ਸ਼ੱਕੀ ਨਜ਼ਰਾਂ ਨਾਲ ਦੇਖ ਰਹੇ ਸਨ। ਉਹਨਾਂ ਦੀ ਤਸੱਲੀ ਨਹੀਂ ਸੀ ਹੋਈ ਪਰ ਰਣਜੀਤ ਦੇਖਣ ਨੂੰ ਠੀਕ ਠਾਕ ਲਗ ਰਹੀ ਸੀ ਇਸ ਲਈ ਉਹਨਾਂ ਨੇ ਬਹੁਤੀ ਜਾਂਚ-ਪੜਤਾਲ ਨਾ ਕੀਤੀ। ਇਕ ਪੁਲੀਸਮੈਨ ਬੋਲਿਆ,
"ਇਟ 'ਜ਼ ਬੈਟਰ ਯੂ ਰਿੰਗ ਟੂ ਯੋਅਰ ਪੇਰਿੰਟਸ, ਦੇ ਆਰ ਵੱਰੀਡ ਫੋਰ ਯੂ।"

ਸੁਰਜਨ ਦੇ ਘਰ ਮਾਤਮ ਛਾਇਆ ਹੋਇਆ ਸੀ। ਸਾਰੀਆਂ ਔਰਤਾਂ ਰੋ ਰਹੀਆਂ ਸਨ। ਸੁਰਜਨ ਸਿੰਘ ਦੇ ਦਿਲਬਾਗ ਸੁੰਨ ਹੋਏ ਬੈਠੇ ਸਨ; ਘੋਰ ਨਿਰਾਸ਼ਾ ਤੇ ਗੁੱਸੇ ਨਾਲ ਭਰੇ ਹੋਏ। ਸੁਰਜਨ ਸਿੰਘ ਵਾਰ ਵਾਰ ਕਹਿ ਰਿਹਾ ਸੀ,
"ਏਸ ਗੱਲ ਦਾ ਜਵਾਬ ਇਕੋ ਐ; ਕਤਲ।"
"ਹਾਂ ਡੈਡੀ, ਕਤਲ ਤੋਂ ਘੱਟ ਉਹਦੀ ਕੋਈ ਸਜ਼ਾ ਨਈਂ, ਏਹ ਕੰਮ ਮੈਂ ਕਰੂੰ। ਦਸ ਸਾਲ ਅੰਦਰ ਕੱਟ ਲਊਂ, ਕਿਹੜੀ ਐਡੀ ਗੱਲ ਐ, ਤੁਸੀਂ ਮੇਰੇ ਨਿਆਣੇ ਪਾਲ਼ ਦਿਓ, ਬਸ।"
"ਨਈਂ, ਇਹ ਕੰਮ ਮੈਂ ਕਰੂੰ, ਮੇਰਾ ਈ ਕੰਮ ਐਂ ਇਹ, ਤੂੰ ਬਸ ਇਹਨਾਂ ਕੁੜੀਆਂ ਦੀ ਹੈਲਪ ਕਰਦਾ ਰਹੀਂ।"
ਉਹ ਦੋਵੇਂ ਹੀ ਗੁਰਜੰਟ ਨੂੰ ਮਾਰਨ ਦੀਆਂ ਸਕੀਮਾਂ ਘੜਨ ਲਗੇ। ਸੁਰਜਨ ਸਿੰਘ ਸੋਚ ਰਿਹਾ ਸੀ ਕਿ ਹੋ ਸਕਦਾ ਹੈ, ਗੁਰਜੰਟ ਸਰੀਰਕ ਤੌਰ ਤੇ ਉਸ ਨਾਲੋਂ ਤਕੜਾ ਹੋਵੇ ਇਸ ਲਈ ਉਸ ਉਪਰ ਵੰਗਾਰ ਕੇ ਨਹੀਂ ਅਚਾਨਕ ਹਮਲਾ ਕਰਨਾ ਹੋਵੇਗਾ। ਵੱਡਾ ਸਾਰਾ ਚਾਕੂ ਹੋਵੇ ਤੇ ਮਾਰਿਆ ਵੀ ਅਜਿਹੇ ਅੰਗ ਵਿਚ ਜਾਵੇ ਤਾਂ ਜੋ ਬਹੁਤੇ ਵਾਰ ਨਾ ਕਰਨੇ ਪੈਣ। ਜਿਵੇਂ ਉਸ ਨੇ ਪਤਿਆ ਕੇ ਰਣਜੀਤ ਨੂੰ ਆਪਣੇ ਜਾਲ ਵਿਚ ਫਸਾਇਆ ਹੈ ਉਵੇਂ ਹੀ ਉਸ ਨੂੰ ਕਿਸੇ ਤਰ੍ਹਾਂ ਪਿਆਰ ਨਾਲ ਫਾਹਿਆ ਜਾਵੇ। ਫਿਰ ਸੋਚਣ ਲਗਿਆ ਕਿ ਹੁਣ ਪਿਆਰ ਉਸ ਨਾਲ ਉਹ ਕਿਵੇਂ ਕਰ ਸਕੇਗਾ। ਇਹ ਤਾਂ ਉਸ ਦੇ ਘਰ ਮੂਹਰੇ ਘਾਤ ਲਾ ਕੇ ਜਾ ਬੈਠਿਆ ਜਾਵੇ ਤੇ ਹਮਲਾ ਕਰ ਦਿਤਾ ਜਾਵੇ। ਇਹ ਹਮਲਾ ਵੀ ਤਲਵਾਰ ਨਾਲ ਹੋਣਾ ਚਾਹੀਦਾ ਹੈ, ਚਾਕੂ ਨਾਲ ਨਹੀਂ। ਸੁਰਜਨ ਸਿੰਘ ਇਹ ਵੀ ਸੋਚ ਰਿਹਾ ਸੀ ਕਿ ਇਹ ਕੰਮ ਜਲਦੀ ਹੋ ਜਾਣਾ ਚਾਹੀਦਾ ਹੈ, ਜੇ ਤੱਤੇ-ਘਾ ਕੁਝ ਨਾ ਕੀਤਾ ਗਿਆ ਤਾਂ ਗੁੱਸਾ ਠੰਡਾ ਵੀ ਪੈ ਸਕਦਾ ਹੈ।
ਦਿਲਬਾਗ ਸੋਚ ਰਿਹਾ ਸੀ ਕਿ ਕਿਤੋਂ ਨਾ ਕਿਤੋਂ ਪਿਸਤੌਲ ਦਾ ਇੰਤਜ਼ਾਮ ਹੋ ਜਾਵੇ ਤਾਂ ਠੀਕ ਹੋਵੇਗਾ। ਈਸਟ ਲੰਡਨ ਵਿਚ ਉਹ ਇਕ ਬੰਦੇ ਨੂੰ ਜਾਣਦਾ ਵੀ ਸੀ ਜਿਸ ਤੋਂ ਅਜਿਹਾ ਹਥਿਆਰ ਮਿਲ ਸਕਦਾ ਹੈ। ਗੁਰਜੰਟ ਦਾ ਪਿੱਛਾ ਕਰਕੇ ਦੇਖ ਲਿਆ ਜਾਵੇ ਕਿ ਕਿਹੜੇ ਵੇਲੇ ਉਹ ਕੰਮ ਤੋਂ ਆਉਂਦਾ ਤੇ ਜਾਂਦਾ ਹੈ। ਇਹ ਕੰਮ ਵੀ ਜਲਦੀ ਹੋਣਾ ਚਾਹੀਦਾ ਹੈ, ਕਿਤੇ ਇਵੇਂ ਨਾ ਹੋਵੇ ਕਿ ਗੁਰਜੰਟ ਕਿਸੇ ਪਾਸੇ ਖਿਸਕ ਜਾਵੇ।
ਜਦੋਂ ਔਰਤਾਂ ਰੋ ਰੋ ਕੇ ਥੱਕ ਗਈਆਂ ਤਾਂ ਸੁਰਿੰਦਰ ਬੋਲੀ,
"ਡੈਡੀ, ਪੁਲੀਸ ਕੋਲ ਰਿਪ੍ਰੋਟ ਲਿਖਾਉਣੀ ਜ਼ਰੂਰੀ ਐ।"
"ਨਈਂ, ਰਿਪ੍ਰੋਟ ਲਿਖਾਉਣ ਨਾਲ਼ ਬਹੁਤ ਖਰਾਬੀ ਹੋਏਗੀ, ...ਬਹੁਤ ਖਿਚ-ਧੂ ਹੋਏਗੀ, ...ਨਾਲ਼ੇ ਮੈਂ ਫੈਸਲਾ ਕਰ ਲਿਆ ਕਿ ਮੈਂ ਵੀ ਉਹਨੂੰ ਹੁਣ ਜੱਟ ਬਣ ਕੇ ਈ ਟੱਕਰੂੰ!"
"ਉਹ ਕਿੱਦਾਂ?"
"ਮਰਡ੍ਰ, ਉਹਦਾ ਮਰਡ੍ਰ ਕਰਕੇ।"
ਪਤੀ ਮੂੰਹੋਂ ਇਹ ਸ਼ਬਦ ਸੁਣ ਕੇ ਪਰਕਾਸ਼ ਕੌਰ ਇਕ ਦਮ ਬੋਲ ਉਠੀ,
"ਜੀ ਨਾ, ...ਕੀ ਕਹਿੰਦੇ ਹੋ ਤੁਸੀਂ! ਆਪਣੀ ਈ ਧੀ ਨੂੰ ਰੰਡੀ ਕਰੋਂਗੇ?"
"ਮੰਮੀ, ਹੁਣ ਵੀ ਕਿਹੜੀ ਮੈਂ ਸੁਹਾਗਣ ਆਂ!"
ਬਲਜਿੰਦਰ ਨੇ ਕੀਰਨਾ ਪਾ ਕੇ ਕਿਹਾ।

www.PunjabiLibrary.com

ਦਿਨ ਭਰ ਉਹ ਨਾ ਖਾ ਸਕੇ, ਨਾ ਹੀ ਪਕਾ ਸਕੇ। ਉਹ ਆਉਣ ਵਾਲੇ ਵਕਤ ਬਾਰੇ ਹੀ ਸੋਚਦੇ ਰਹੇ। ਕਿੰਨੀਆਂ ਹੀ ਸਕੀਮਾਂ ਉਹਨਾਂ ਬਣਾਈਆਂ ਤੇ ਕਿੰਨੀਆਂ ਹੀ ਢਾਹੀਆਂ। ਗੁਰਜੰਟ ਨੂੰ ਕਤਲ ਕਰਨ ਦਾ ਜਿਹੜਾ ਵਲਵਲਾ ਸਵੇਰੇ ਸੀ ਸ਼ਾਮ ਤਕ ਉਹ ਮੱਧਮ ਪੈਣ ਲਗਿਆ। ਪਰਕਾਸ਼ ਕੋਰ ਤਾਂ ਇਥੋਂ ਤਕ ਕਹਿ ਗਈ,

“ਜੀ, ਚਲੋ, ਜੋ ਉਪਰ ਵਾਲ਼ੇ ਨੂੰ ਮਨਜ਼ੂਰ! ...ਜਿੱਦਾਂ ਉਹ ਕਹਿੰਦਾ, ਕਰ ਦਿਓ।”

ਉਸ ਦੀ ਗੱਲ ਸੁਣ ਕੇ ਸੁਰਜਨ ਸਿੰਘ ਇਕ ਦਮ ਗੁੱਸੇ ਵਿਚ ਆ ਗਿਆ ਤੇ ਉਸ ਵਲ ਉਂਗਲ ਸਿੱਧੀ ਕਰਦਾ ਬੋਲਿਆ,

“ਚੁੱਪ ਕਰ ਬੁੜ੍ਹੀਏ, ਏਸ ਹਰਾਮੀ ਕ੍ਰਿਮੀਨਲ ਨੂੰ ਏਦਾਂ ਜਿੱਤ ਜਾਣ ਦਾ ਕੋਈ ਹੱਕ ਨਈਂ, ਮੁੜ ਕੇ ਨਈਂ ਕਰਨੀ ਇਹ ਗੱਲ।”

ਪਰਕਾਸ਼ ਕੋਰ ਝਿੜਕ ਖਾ ਕੇ ਚੁੱਪ ਕਰ ਗਈ। ਸਲਾਹਾਂ ਕਰਦਿਆਂ ਇਹ ਗੱਲ ਹੱਥ ਲਗੀ ਕਿ ਸਭ ਤੋਂ ਪਹਿਲਾਂ ਕਿਸੇ ਤਰ੍ਹਾਂ ਉਸ ਤੋਂ ਉਹ ਵੀਡਿਓ ਹਾਸਲ ਕੀਤੀ ਜਾਵੇ। ਦਿਲਬਾਗ ਕਹਿਣ ਲਗਿਆ,

“ਇਹ ਵੀਡਿਓ ਵੀ ਸਾਨੂੰ ਜਲਦੀ ਤੋਂ ਜਲਦੀ ਲੈਣੀ ਚਾਹੀਦੀ ਐ, ਇਸ ਤੋਂ ਪਹਿਲਾਂ ਕਿ ਇਹਦੀਆਂ ਹੋਰ ਕਾਪੀਆਂ ਕਰ ਲਵੇ।”

“ਇਹ ਵੀਡਿਓ ਰੱਖਣੀ ਤਾਂ ਉਹਨੇ ਘਰੇ ਈ ਐ, ਹਰ ਵੇਲੇ ਤਾਂ ਜੇਬ੍ਹ ਵਿਚ ਪਾਈ ਨਈਂ ਫਿਰਨ ਲਗਿਆ, ਕਿਸੇ ਹੋਰ ਦੇ ਘਰ ਵੀ ਨਈਂ ਰੱਖਣ ਲਗਿਆ।”

ਫਿਰ ਘਰ ਅੰਦਰ ਵੜ੍ਹਨ ਦੀਆਂ ਸਕੀਮਾਂ ਬਣਨ ਲਗੀਆਂ। ਘਰ ਦੀ ਇਕ ਚਾਬੀ ਸੁਰਜਨ ਸਿੰਘ ਦੇ ਘਰ ਪਈ ਸੀ। ਐਮਰਜੈਂਸੀ ਲਈ ਇਕ ਚਾਬੀ ਇਧਰ ਰੱਖੀ ਹੋਈ ਸੀ। ਘਰ ਵਿਚ ਇਕ ਸੇਫ ਸੀ ਜਿਸ ਦਾ ਕੋਡ ਨੰਬਰ ਬਲਜਿੰਦਰ ਨੂੰ ਯਾਦ ਸੀ। ਸੁਰਜਨ ਸਿੰਘ ਨੇ ਔਰਤਾਂ ਤੋਂ ਚੋਰੀ ਦਿਲਬਾਗ ਨੂੰ ਕਿਹਾ,

“ਕਲ੍ਹ ਸਵੇਰੇ ਜਦ ਉਹ ਕੰਮ ‘ਤੇ ਚਲੇ ਜਾਏਗਾ ਤਾਂ ਮੈਂ ਜਾ ਕੇ ਫਿਲਮ ਲੱਭ ਲਿਆਉਂਨਾ ਪਰ ਇਹ ਗੱਲ ਤੀਵੀਂਆਂ ਨੂੰ ਪਤਾ ਨਾ ਚੱਲੇ।”

“ਨਈਂ ਡੈਡੀ, ਤੁਸੀਂ ਨਈਂ, ਮੈਂ ਜਾਊਂ। ਓਸ ਹਰਾਮੀ ਬੰਦੇ ਦਾ ਕੀ ਪਤਾ; ਕੰਮ ਤੇ ਜਾਵੇ ਵੀ ਜਾਂ ਅੰਦਰ ਈ ਲੁਕਿਆ ਬੈਠਾ ਹੋਵੇ। ਜੇ ਮੌਕੇ ‘ਤੇ ਉਪਰ ਆ ਵੀ ਗਿਆ ਤਾਂ ਮੈਂ ਉਹਨੂੰ ਸਾਂਭ ਵੀ ਲਊਂ, ਮੇਰੇ ਤੋਂ ਉਹ ਵਾਧੂ ਨਈਂ ਹੋਣ ਲਗਿਆ।”

ਦਿਲਬਾਗ ਨੇ ਕਿਹਾ। ਸੁਰਜਨ ਸਿੰਘ ਨੂੰ ਲਗਿਆ ਕਿ ਉਹਦੀ ਗੱਲ ਸਹੀ ਵੀ ਹੈ। ਜੇ ਗੁਰਜੰਟ ਨਾਲ ਸਾਹਮਣਾ ਕਰਨਾ ਪਿਆ ਤਾਂ ਸ਼ਾਇਦ ਦਿਲਬਾਗ ਵਾਂਗ ਉਹ ਨਾ ਕਰ ਸਕੇ। ਦਿਲਬਾਗ ਨੇ ਗੁਰਜੰਟ ਦੇ ਘਰ ਦੀ ਚਾਬੀ ਲੈ ਲਈ ਤੇ ਨਾਲ ਹੀ ਸੇਫ ਦਾ ਕੋਡ ਨੰਬਰ ਵੀ। ਸੁਰਜਨ ਸਿੰਘ ਦਿਲਬਾਗ ਨੂੰ ਬੋਲਿਆ,

“ਆਪਾ ਇਕੱਠੇ ਚਲਾਂਗੇ, ਇਹ ਕੰਮ ਇਕੱਲੇ ਬੰਦੇ ਦਾ ਨਈਂ।”

“ਡੈਡੀ, ਮੈਂ ਸਾਰੀ ਸਕੀਮ ਬਣ ਲਈ ਐ, ਤੁਸੀਂ ਬਸ ਘਰ ਬੈਠ ਕੇ ਮੈਨੂੰ ਉਡੀਕਿਓ।”

ਦਿਲਬਾਗ ਤੇ ਅਵਤਾਰ ਸਵੇਰੇ ਸੱਤ ਵਜੇ ਹੀ ਸ਼ਿਸ਼ਤ ਲਾ ਕੇ ਬੈਠ ਗਏ। ਗੁਰਜੰਟ ਵਾਲੀ ਐਲਨਡੇਲ ਰੋਡ ਥਰੂ ਰੋਡ ਨਹੀਂ ਸੀ। ਅਗੇ ਪਾਰਕ ਪੈਂਦਾ ਸੀ। ਰੋਡ ਦੇ ਅਖੀਰ ਵਿਚ ਘਰ ਸੀ। ਉਹਨਾਂ ਆਪਣੀ ਕਾਰ ਇਵੇਂ ਖੜੀ ਕੀਤੀ ਕਿ ਇਸ ਰੋਡ ਵਿਚੋਂ ਨਿਕਲਦੀ ਹਰ ਕਾਰ ਉਹਨਾਂ ਨੂੰ ਦਿਸਦੀ ਰਹੇ। ਮੀਂਹ ਪੈਂਦਾ ਹੋਣ ਕਰਕੇ ਉਹਨਾਂ ਦੇ ਦੇਖੇ ਜਾਣ ਦੇ ਮੌਕੇ ਵੀ ਘੱਟ ਸਨ। ਦਿਲਬਾਗ ਨੇ ਅਵਤਾਰ ਨੂੰ ਆਪਣੇ ਨਾਲ ਜਾਣ ਲਈ ਤਿਆਰ ਕਰ ਲਿਆ ਸੀ। ਅਵਤਾਰ ਅਜਿਹੇ ਕੰਮਾਂ ਵਿਚ ਬਹਾਦਰ ਬੰਦਾ ਨਹੀਂ ਸੀ ਪਰ ਦਿਲਬਾਗ ਨੇ ਉਸ ਨੂੰ ਮਨਾ ਲਿਆ। ਦਿਲਬਾਗ ਨੇ ਉਸ ਨੂੰ ਸਹੀ ਗੱਲ ਨਹੀਂ ਸੀ ਦੱਸੀ। ਬਸ ਇੰਨਾ ਹੀ ਦਸਿਆ ਕਿ ਵੀਡਿਓ ਵਿਚ ਗੁਰਜੰਟ ਦੇ ਖਿਲਾਫ ਕੁਝ ਸਬੂਤ ਹਨ ਜਿਹੜੇ ਕੋਰਟ ਵਿਚ ਵਰਤੇ ਜਾਣੇ ਹਨ। ਇੰਨਾ ਅਵਤਾਰ ਨੂੰ ਪਤਾ ਹੀ ਸੀ ਕਿ ਸੁਰਜਨ ਸਿੰਘ ਦੀ ਦੂਜੇ ਨੰਬਰ ਦੀ ਕੁੜੀ ਵੀ ਘਰ ਆਈ ਬੈਠੀ ਹੈ। ਸੁਰਜਨ ਸਿੰਘ ਦੇ ਨਾਂ ਨੂੰ ਵੀ ਅਵਤਾਰ ਦਿਲਬਾਗ ਨਾਲ ਜਾਣ ਲਈ ਤਿਆਰ ਹੋ ਗਿਆ ਸੀ।

ਪੌਣੇਂ ਕੁ ਅੱਠ ਵਜੇ ਲਾਲ ਰੰਗ ਦੀ ਕਾਰ ਐਲਨਡੇਲ ਰੋਡ ਤੋਂ ਬਾਹਰ ਨਿਕਲੀ। ਗੁਰਜੰਟ ਦੀ ਹੀ ਸੀ। ਉਹਨਾਂ ਨੇ ਗੁਰਜੰਟ ਨੂੰ ਵਿਚ ਬੈਠੇ ਨੂੰ ਪੱਛਾਣ ਲਿਆ। ਉਹ ਕਾਰ ਦੇ ਦੂਰ ਜਾਣ ਦੀ ਉਡੀਕ ਕਰਦੇ ਰਹੇ। ਜਦ ਕਾਰ ਅੱਖੋਂ ਓਝਲ ਹੋ ਗਈ ਤਾਂ ਉਹਨਾਂ ਨੇ ਆਪਣੀ ਕਾਰ ਗੁਰਜੰਟ ਦੇ ਘਰ ਵਲ ਤੋਰ ਲਈ। ਮੁਹਰਲਾ ਦਰਵਾਜ਼ਾ ਖੋਹਲਿਆ। ਉਪਰਲੇ ਬੈੱਡਰੂਮ ਵਿਚ ਪਏ ਸੇਫ ਨੂੰ ਖੋਹਲਿਆ ਤਾਂ ਫਿਲਮ ਉਥੇ ਨਹੀਂ ਸੀ। ਅਵਤਾਰ ਨੇ ਕਿਹਾ,

“ਆਪਾਂ ਨੂੰ ਸਹੀ ਵੀਡਿਓ ਦਾ ਪਤਾ ਕਿੱਦਾਂ ਚੱਲੂ?”

“ਜਿਹਦੇ ‘ਤੇ ਕੁਝ ਲਿਖਿਆ ਨਾ ਹੋਇਆ ਜਾਂ ਨਵੀਂ ਜਿਹੀ ਕੈਸਟ ਹੋਈ, ਜਿੰਨੀਆਂ ਵੀ ਏਦਾਂ ਦੀਆਂ ਹੋਈਆਂ ਆਪਾਂ ਲੈ ਜਾਣੀਆਂ।”

ਦਿਲਬਾਗ ਨੇ ਸੁਰਜਨ ਸਿੰਘ ਦੀ ਸਮਝਾਈ ਹੋਈ ਗੱਲ ਦੁਹਰਾ ਦਿਤੀ। ਉਹ ਦੋਵੇਂ ਕਾਹਲੀ ਕਾਹਲੀ ਹੱਥ ਮਾਰਦੇ ਤਲਾਸ਼ੀ ਲੈਂਦੇ ਵੀਡਿਓ ਲੱਭਣ ਲਗੇ। ਦਿਲਬਾਗ ਬੋਲਿਆ,

www.PunjabiLibrary.com

"ਤੂੰ ਦੂਜੇ ਰੂਮ ਵਿਚ ਟਰਾਈ ਕਰ, ਸਾਰੀਆਂ ਅਲਮਾਰੀਆਂ ਦੇ ਕਪੜਿਆਂ ਦੀ ਤੈਹਾਂ ਫਰੋਲ਼ ਮਾਰ।"

ਅਵਤਾਰ ਦੂਜੇ ਕਮਰੇ ਵਿਚ ਚਲੇ ਗਿਆ। ਅਚਾਨਕ ਬਾਹਰ ਕਾਰ ਦੇ ਆ ਖੜਨ ਦੀ ਅਵਾਜ਼ ਆਈ। ਅਵਤਾਰ ਡਰ ਗਿਆ। ਫਿਰ ਕਿਸੇ ਨੇ ਘਰ ਦਾ ਦਰਵਾਜ਼ਾ ਖੋਹਲਿਆ। ਉਹ ਦੋਵੇਂ ਆਪੋ ਆਪਣੀ ਥਾਂ ਦੁਬਕ ਕੇ ਬਹਿ ਗਏ। ਦਿਲਬਾਗ ਨੇ ਜੇਬ੍ਹ ਵਿਚ ਪਏ ਚਾਕੂ ਨੂੰ ਟੋਹ ਕੇ ਦੇਖਿਆ। ਪਹਿਲਾਂ ਕਿਸੇ ਦੇ ਹੇਠਾਂ ਦੌੜੇ ਫਿਰਨ ਦੀ ਪੈੜ ਸੁਣ ਰਹੀ ਸੀ, ਫਿਰ ਕੋਈ ਦਗੜ ਦਗੜ ਕਰਦਾ ਉਪਰ ਚੜ੍ਹ ਆਇਆ। ਆਉਣ ਵਾਲਾ ਪਹਿਲਾਂ ਉਸ ਕਮਰੇ ਵਿਚ ਆਇਆ ਜਿਥੇ ਅਵਤਾਰ ਲੁਕਿਆ ਹੋਇਆ ਸੀ। ਗੁਰਜੰਟ ਦੇ ਹੱਥ ਵਿਚ ਹਾਕੀ ਦੇਖ ਕੇ ਅਵਤਾਰ ਹੋਰ ਵੀ ਡਰ ਗਿਆ। ਇਸੇ ਡਰ ਵਿਚ ਕਾਹਲ ਕਰਦਿਆਂ ਉਸ ਨੇ ਗੁਰਜੰਟ ਨੂੰ ਪਿਛਿਓਂ ਜਾ ਫੜਿਆ ਤੇ ਰੌਲ਼ਾ ਪਾਉਣ ਲਗਿਆ,

"ਆ ਜਾ ਓਏ ਬਾਗਿਆ, ਫੜ ਲਿਆ ਸਾਲ਼ੇ ਨੂੰ!"

ਦਿਲਬਾਗ ਕਾਹਲੀ ਨਾਲ ਆਇਆ। ਗੁਰਜੰਟ ਨੂੰ ਦੇਖ ਕੇ ਉਸ ਦਾ ਮਨ ਨਫਰਤ ਨਾਲ ਭਰ ਗਿਆ। ਉਸ ਨੇ ਜੇਬ੍ਹ ਵਿਚੋਂ ਚਾਕੂ ਕੱਢਿਆ ਤੇ ਉਸ ਦੇ ਪੇਟ ਵਿਚ ਖੋਭ ਦਿਤਾ। ਗੁਰਜੰਟ ਨੇ ਇਕ ਵਾਰ ਹੀ ਕਿਹਾ; 'ਹਾਏ ਓਏ ਮਰ ਗਿਆ' ਤੇ ਉਹ ਥਾਵੇਂ ਹੀ ਢੇਰੀ ਹੋ ਗਿਆ। ਅੱਧਾ ਕੁ ਬੈੱਡ 'ਤੇ ਤੇ ਅੱਧਾ ਕੁ ਹੇਠਾਂ। ਸਬੱਬਨ ਚਾਕੂ ਅਜਿਹੀ ਥਾਂ ਲਗਿਆ ਕਿ ਪੇਟ ਚੀਰਦਾ ਹੋਇਆ ਸਿੱਧਾ ਜਿਗਰ ਵਿਚ ਜਾ ਵੱਜਿਆ। ਅਵਤਾਰ ਤੇ ਦਿਲਬਾਗ ਦੇ ਹਵਾਸ ਉਡ ਗਏ। ਦਿਲਬਾਗ ਨੇ ਗੁਰਜੰਟ ਦੇ ਨੱਕ ਮੂਹਰੇ ਹੱਥ ਰੱਖ ਕੇ ਦੇਖਿਆ, ਸਾਹ ਬੰਦ ਹੋ ਚੁੱਕਿਆ ਸੀ। ਅਵਤਾਰ ਕੰਬਦੀ ਅਵਾਜ਼ ਵਿਚ ਬੋਲਿਆ,

"ਤੂੰ ਮਾਰ ਈ ਦਿਤਾ, ਕ ਕਿਤੇ ਵਾਧੂ ਸੀ ਆਪਾਂ ਦੋਨਾਂ ਤੋਂ, ...ਮੈਂ ਚ ਚਲਿਆਂ!"

"ਤੂੰ ਹੁਣ ਕਿਥੇ ਚੱਲਿਆਂ ਲਮਢੀਂਗਾ?"

ਦਿਲਬਾਗ ਗੁੱਸੇ ਵਿਚ ਆਉਂਦਾ ਬੋਲਿਆ। ਪਹਿਲਾਂ ਤਾਂ ਉਹ ਬਹੁਤ ਘਬਰਾ ਗਿਆ ਸੀ ਪਰ ਹੁਣ ਕੁਝ ਸੰਭਲਿਆ ਤੇ ਸੋਚਣ ਲਗਿਆ ਕਿ ਜੇ ਅਵਤਾਰ ਉਥੋਂ ਖਿਸਕ ਗਿਆ ਤਾਂ ਉਹ ਇੱਕਲਾ ਫਸ ਜਾਵੇਗਾ। ਅਵਤਾਰ ਆਖਣ ਲਗਿਆ,

"ਖ ਖੂਨ ਤੂੰ ਕੀਤਾ, ਮੈਂ ਨਈਂ।"

"ਮੈਂ ਕੀਤਾ ਜਾਂ ਤੂੰ ਪਰ ਫਸਣਾਂ ਤਾਂ 'ਕੱਠਿਆਂ ਨੇ ਈ ਐ, ਚੱਲ ਏਹਨੂੰ ਕਿਸੇ ਕੰਢੇ ਲਾ ਦੇਈਏ ਤੇ ਚੁੱਪ ਕਰਕੇ ਨਿਕਲ਼ ਚਲਦੇ ਆਂ।"

"ਨ ਨਈਂ, ਮੈਂ ਨਈਂ।"

"ਆਹ ਦਿਸਦਾ ਚਾਕੂ, ਇਕ ਤੇਰੇ ਵੀ ਠੋਕ ਦਊਂ।"

ਦਿਲਬਾਗ ਉਸ ਨੂੰ ਡਰਾਉਂਦਾ ਹੋਇਆ ਬੋਲਿਆ। ਅਵਤਾਰ ਨੇ ਕਿਹਾ,

"ਦ ਦੱਸ ਕੀ ਕਰਨਾਂ।"

"ਕੁਝ ਨਈਂ ਕਰਨਾਂ ਬਸ ਤੂੰ ਖੜਾ ਰਹਿ।"

ਦਿਲਬਾਗ ਨੇ ਕਿਹਾ ਤੇ ਲੰਮੇ ਲੰਮੇ ਸਾਹ ਲੈਂਦਾ ਆਪਣੇ ਅੰਦਰ ਸ਼ਕਤੀ ਇਕੱਠੀ ਕਰਨ ਲਗਿਆ। ਉਥੋਂ ਬੈਡਰੂਮ ਵਿਚ ਪਏ ਫੋਨ ਤੋਂ ਸੁਰਜਨ ਸਿੰਘ ਨੂੰ ਫੋਨ ਕਰ ਦਿਤਾ,

"ਡੈਡੀ, ਏਹਦਾ ਕੰਮ ਹੋ ਗਿਆ, ਹਰਾਮੀ ਨੇ ਇਕ ਚਾਕੂ ਵੀ ਨਈਂ ਖਾਧਾ, ...ਹੁਣ ਕੀ ਕਰਾਂ ਇਹਦਾ, ਘਰ ਨੂੰ ਅੱਗ ਲਾ ਦਿਆਂ, ਆਪੇ ਸੜ ਜਾਊ ਵਿਚੇ ਈ।"

"ਨਈਂ ਤੂੰ ਕੁਝ ਨਾ ਕਰ, ਉਥੇ ਈ ਠਹਿਰ, ਮੈਂ ਬਸ ਆਇਆ।"

ਸੁਰਜਨ ਸਿੰਘ ਨੂੰ ਪਤਾ ਸੀ ਕਿ ਅਜ ਕੁਝ ਹੋਣ ਵਾਲਾ ਹੈ ਇਸ ਲਈ ਉਹ ਕੰਮ 'ਤੇ ਨਹੀਂ ਸੀ ਗਿਆ ਪਰ ਇਸ ਗੱਲ ਦੀ ਆਸ ਨਹੀਂ ਸੀ ਰੱਖੀ। ਉਸ ਦੇ ਮਨ ਨੂੰ ਢੇਰ ਸਾਰੀ ਤਸੱਲੀ ਵੀ ਹੋਈ ਤੇ ਡਰ ਵੀ ਲਗਣ ਲਗਿਆ। ਉਸ ਨੇ ਇਕ ਪਲ ਵਿਚ ਹੀ ਫੈਸਲਾ ਕਰ ਲਿਆ ਕਿ ਅਗੇ ਕੀ ਕਰਨਾ ਹੈ। ਉਸ ਨੇ ਸਾਰੀਆਂ ਧੀਆਂ ਤੇ ਪਤਨੀ ਨੂੰ ਕੋਲ ਬੈਠਾ ਕੇ ਕਿਹਾ,

"ਦੇਖੋ, ਆਪਣੇ 'ਤੇ ਜਿਹੜੀ ਮੁਸੀਬਤ ਦਾ ਪਹਾੜ ਟੁੱਟਿਐ ਇਹ ਬਹੁਤ ਭਾਰਾ ਐ, ਹੋਰ ਅਗੇ ਆਪਾਂ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨੈਂ ਪਰ ਤੁਸੀਂ ਕਿਸੇ ਨੇ ਨਈਂ ਡੋਲਣਾਂ, ਕਿਸੇ ਨੇ ਨਈਂ ਰੋਣਾ, ਸਦਾ ਵਾਂਗੂੰ ਇਕ ਦੂਜੇ ਦਾ ਸਾਥ ਦੇਣਾਂ, ਇਕ ਮੁੱਠ ਹੋ ਕੇ, ...ਸੁਰਿੰਦਰ, ਤੂੰ ਸਭ ਤੋਂ ਸਿਆਣੀ ਐਂ, ਅਜ ਤੋਂ ਬਾਅਦ ਤੂੰ ਘਰ ਦੀ ਲੀਡਰ ਐਂ, ਸਭ ਦਾ ਧਿਆਨ ਰੱਖੀਂ।"

## ਅਠਾਈ

www.PunjabiLibrary.com

ਬਾਰਕਲੇ ਰੋਡ ਉਪਰ ਅਚਾਨਕ ਹੀ ਆਵਾਜਾਈ ਵਧ ਗਈ। ਸੁਰਜਨ ਸਿੰਘ ਦੇ ਘਰ ਨੂੰ ਪੁਲੀਸ ਨੇ ਘੇਰਿਆ ਹੋਇਆ ਸੀ। ਸਾਰੇ ਹੀ ਟੱਬਰ ਨੂੰ ਹਿਰਾਸਤ ਵਿਚ ਲਿਆ ਹੋਇਆ ਸੀ। ਘਰ ਵਿਚ ਜਿਵੇਂ ਹਾਹਾਕਾਰ ਮਚੀ ਹੋਈ ਸੀ। ਰੋਣ-ਪਿੱਟਣ ਵੀ ਪਿਆ ਹੋਇਆ ਸੀ। ਪਰੈੱਸ ਵਾਲੇ, ਕੈਮਰਿਆਂ ਵਾਲੇ, ਟੈਲੀਵੀਯਨ ਵਾਲੇ ਲੋਕਾਂ ਦੀ ਭੀੜ ਜਮ੍ਹਾਂ ਹੋ ਰਹੀ ਸੀ। ਆਂਢ-ਗਵਾਂਢ ਹੈਰਾਨ ਹੋਇਆ ਪਿਆ ਸੀ ਕਿ ਇਥੇ ਐਡਾ ਵੱਡਾ ਕਿਹੜਾ ਜੁਰਮ ਹੋ ਗਿਆ। ਇਹਨਾਂ ਬਾਰੇ ਸਭ ਨੂੰ ਪਤਾ ਸੀ ਕਿ ਇਕ ਨਿਹਾਇਤ ਸ਼ਰੀਫ ਪਰਿਵਾਰ ਹੈ। ਹੌਲੀ ਹੌਲੀ ਗੱਲ ਨਿਕਲਣ ਲਈ ਕਿ ਘਰ ਦੇ ਮੁਖੀ ਮਿਸਟਰ ਸਿੰਘ ਨੇ ਕਤਲ ਕਰ ਦਿਤਾ ਹੈ। ਗਵਾਂਢੀ ਮੂੰਹ ਵਿਚ ਉਂਗਲਾਂ ਪਾਉਣ ਲਗੇ।

ਪੁਲੀਸ ਸਾਰੇ ਪਰਿਵਾਰ ਨੂੰ ਅਲੱਗ-ਅਲੱਗ ਕਰਕੇ ਪੁੱਛ-ਪੜਤਾਲ ਕਰ ਰਹੀ ਸੀ। ਦਿਲਬਾਗ ਤੇ ਗੁਰਿੰਦਰ ਤਾਂ ਇਥੇ ਹੈ ਨਹੀਂ ਸਨ, ਨਹੀਂ ਤਾਂ ਉਹਨਾਂ ਤੋਂ ਵੀ ਜ਼ਰੂਰ ਪੁੱਛਦੇ। ਪਰਕਾਸ਼ ਕੋਰ ਨੂੰ ਛੱਡ ਕੇ ਬਾਕੀ ਚੌਹਾਂ ਨੂੰ ਪੁਲੀਸ ਸਟੇਸ਼ਨ ਲੈ ਜਾਇਆ ਗਿਆ। ਸੁਰਿੰਦਰ ਤੋਂ ਦੋ ਘੰਟੇ ਸਵਾਲ ਪੁੱਛੇ ਗਏ, ਸੁਖਵੀਰ ਤੋਂ ਤਿੰਨ ਘੰਟੇ ਤੇ ਰਣਜੀਤ ਤੋਂ ਪੰਜ ਘੰਟੇ ਤਕ ਪੁੱਛ-ਗਿੱਛ ਜਾਰੀ ਰਹੀ। ਬਲਜਿੰਦਰ ਨੂੰ ਸਾਰੀ ਰਾਤ ਪੁਲੀਸ ਸਟੇਸ਼ਨ ਰਹਿਣ ਪਿਆ। ਉਹ ਸਵੇਰੇ ਘਰ ਆਈ। ਕੁਝ ਦਿਨ ਠਹਿਰ ਕੇ ਦਿਲਬਾਗ ਨੂੰ ਵੀ ਪੁਲੀਸ ਸਟੇਸ਼ਨ ਬੁਲਾਇਆ ਗਿਆ ਪਰ ਬਹੁਤੇ ਸਵਾਲ ਨਾ ਪੁੱਛੇ ਗਏ। ਦਿਲਬਾਗ ਨੇ ਇਹੋ ਬਿਆਨ ਦਿਤਾ ਕਿ ਸੁਰਜਨ ਸਿੰਘ ਕਤਲ ਕਰਨ ਵਾਸਤੇ ਆਖਦਾ ਜ਼ਰੂਰ ਸੀ ਪਰ ਸੱਚੀ ਹੀ ਕਰ ਦੇਵੇਗਾ ਇਹ ਨਹੀਂ ਸੀ ਪਤਾ।

ਸਾਰੀ ਕਹਾਣੀ ਪੁਲੀਸ ਦੇ ਸਾਹਮਣੇ ਸਾਫ ਸੀ। ਸਾਰੇ ਪਰਿਵਾਰ ਦੇ ਬਿਆਨਾਂ ਤੋਂ ਤੇ ਸੁਰਜਨ ਸਿੰਘ ਦੇ ਆਪਣੇ ਬਿਆਨ ਤੋਂ ਵੀ ਇਹ ਇੱਜ਼ਤ ਖਾਤਰ ਕੀਤਾ ਕਤਲ ਸੀ। ਗੁਰਜੰਟ ਵਲੋਂ ਰਣਜੀਤ ਨਾਲ ਹੋਇਆ ਬਲਾਤਕਾਰ ਇਸ ਦਾ ਕਾਰਨ ਸੀ। ਵੀਡਿਓ ਪੁਲੀਸ ਦੇ ਹੱਥ ਲਗ ਗਿਆ ਸੀ। ਉਹ ਚਾਕੂ ਜਿਸ ਨਾਲ ਕਤਲ ਹੋਇਆ ਉਹ ਵੀ ਸੁਰਜਨ ਸਿੰਘ ਨੇ ਪੁਲੀਸ ਨੂੰ ਦੇ ਦਿਤਾ ਸੀ। ਸੁਰਜਨ ਸਿੰਘ ਨੇ ਤਾਂ ਸੱਦਿਆ ਵੀ ਪੁਲੀਸ ਨੂੰ ਆਪ ਹੀ ਸੀ। ਸੁਰਜਨ ਸਿੰਘ ਕਹਿ ਰਿਹਾ ਸੀ ਕਿ ਉਸ ਦਾ ਕਤਲ ਦਾ ਕੋਈ ਇਰਾਦਾ ਨਹੀਂ ਸੀ। ਗੁਰਜੰਟ ਨਾਲ ਹੋਏ ਝਗੜੇ ਵਿਚ ਉਸ ਤੋਂ ਇਹ ਵਾਰ ਅਚਾਨਕ ਹੋ ਗਿਆ। ਉਸ ਦਾ ਮਕਸਦ ਤਾਂ ਵੀਡਿਓ ਹਾਸਲ ਕਰਨਾ ਸੀ, ਚਾਕੂ ਤਾਂ ਉਹ ਆਪਣੇ ਕੋਲ ਆਪਣੀ ਸੁਰੱਖਿਆ ਲਈ ਹੀ ਲਿਆਇਆ ਸੀ। ਪੁਲੀਸ ਨੇ ਉਸ ਦੀ ਇਸ ਗੱਲ ਵਲ ਧਿਆਨ ਨਾ ਦਿਤਾ ਤੇ ਸਿੱਧਾ ਕਤਲ ਦੇ ਕੇਸ ਦੀ ਤਿਆਰੀ ਕਰਨ ਲਗੀ। ਸਾਰੇ ਸਬੂਤ ਉਹਨਾਂ ਦੇ ਹੱਥ ਵਿਚ ਸਨ। ਕਤਲ ਦਾ ਕਾਰਨ, ਕਤਲ ਲਈ ਵਰਤਿਆਰ ਹਥਿਆਰ ਸੁਰਜਨ ਸਿੰਘ ਨੂੰ ਕਾਤਲ ਸਿੱਧ ਕਰਨ ਲਈ ਕਾਫੀ ਸਨ।

ਅਵਤਾਰ ਤੇ ਦਿਲਬਾਗ ਨੂੰ ਗੁਰਜੰਟ ਦੇ ਘਰੋਂ ਵੀਡਿਓ ਲੈਣ ਲਈ ਭੇਜ ਕੇ ਸੁਰਜਨ ਸਿੰਘ ਨੇ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲਿਆ। ਉਸ ਨੂੰ ਲਗ ਰਿਹਾ ਸੀ ਕਿ ਉਹ ਹਾਰ ਗਿਆ ਹੈ। ਗੁਰਜੰਟ ਦੇ ਕੁਕਰਮ ਦੀ ਸਜ਼ਾ ਉਸ ਦਾ ਕਤਲ ਹੈ, ਇਵੇਂ ਵੀਡਿਓ ਚੁਰਾਉਣਾ ਕੋਈ ਮਹਿਨੇ ਨਹੀਂ ਰੱਖਦਾ। ਉਹ ਸੋਚ ਰਿਹਾ ਸੀ ਕਿ ਇਕ ਵਾਰ ਵੀਡਿਓ ਹੱਥ ਲਗ ਜਾਵੇ, ਫਿਰ ਸੋਚੇਗਾ ਕਿ ਕੀ ਕਰਨਾ ਹੈ। ਆਪਣੀ ਧੀ ਦੇ ਦੁੱਖ ਨੂੰ ਅਣਸੁਣਿਆਂ ਨਹੀਂ ਕਰੇਗਾ।

ਰਾਤੀਂ ਦਿਲਬਾਗ ਆਪਣੇ ਘਰ ਚਲੇ ਗਿਆ ਸੀ। ਗੁਰਜੰਟ ਦੇ ਘਰ ਜਾਣ ਵਾਲੀ ਗੱਲ ਦੀ ਉਸ ਨੇ ਕਿਸੇ ਨੂੰ ਨਹੀਂ ਸੀ ਦੱਸੀ, ਸੁਰਿੰਦਰ ਨੂੰ ਵੀ ਨਹੀਂ। ਕਿਧਰੇ ਵੀ ਕੁਝ ਗਲਤ ਹੋ ਸਕਦਾ ਸੀ। ਗੁਰਜੰਟ ਵੀ ਇਸ ਗੁਨਾਹ ਤੋਂ ਬਾਅਦ ਅਵੇਸਲਾ ਹੋ ਕੇ ਨਹੀਂ ਬੈਠਾ ਹੋਵੇਗਾ। ਜਦ ਦਿਲਬਾਗ ਦਾ ਫੋਨ ਆਇਆ ਤਾਂ ਉਸ ਦੇ ਮਨ ਵਿਚ ਉਠ ਰਿਹਾ ਘਟੀਆਪਨ ਵਾਲਾ ਅਹਿਸਾਸ ਇਕ ਦਮ ਦੂਰ ਹੋ ਗਿਆ। ਉਸ ਨੂੰ ਇਕ ਕਿਸਮ ਨਾਲ ਚਾਅ ਜਿਹਾ ਚੜ੍ਹ ਗਿਆ। ਉਸ ਨੇ ਕਾਹਲੀ ਨਾਲ ਪੱਗ ਬੰਨ੍ਹੀ ਤੇ ਸਾਰੇ ਟੱਬਰ ਨੂੰ ਸਲਾਹੁਤਾਂ ਦੇਣ ਲਗਿਆ।...

ਗੁਰਜੰਟ ਦੀ ਲਾਸ਼ ਦੇਖ ਕੇ ਉਸ ਦੇ ਚਿਹਰੇ ਉਪਰ ਜਿੱਤ ਦੀ ਖੁਸ਼ੀ ਦੀ ਲਹਿਰ ਦੌੜ ਗਈ। ਉਸ ਦਾ ਦਿਲ ਕਰੇ ਕਿ ਲਾਸ਼ ਉਪਰ ਥੁੱਕੇ ਦੇਵੇ। ਉਹ ਬੋਲਿਆ,

"ਇਹ ਬਹੁਤ ਜ਼ਰੂਰੀ ਸੀ, ਤੁਹਾਡਾ ਬਹੁਤ ਬਹੁਤ ਧੰਨਵਾਦ!"

ਅਵਤਾਰ ਦੇ ਮੂੰਹ ਵਿਚ ਤਾਂ ਬੋਲ ਹੀ ਨਹੀਂ ਸਨ। ਸੁਰਜਨ ਸਿੰਘ ਨੇ ਉਸ ਦੇ ਮੋਢ੍ਹੇ ਤੇ ਹੱਥ ਰੱਖ ਕੇ ਕਿਹਾ,

"ਘਬਰਾ ਨਾ, ਤੂੰ ਕੁਝ ਨਈਂ ਕੀਤਾ, ਤੂੰ ਇਕ ਛੋਟੇ ਭਰਾ ਵਾਲ਼ਾ ਫਰਜ਼ ਨਿਭਾਇਐ ਤੇ ਤੇਰਾ ਵੱਡਾ ਭਰਾ ਹਾਲੇ ਜਿਉਂਦਾ। ਤੂੰ ਸਿੱਧਾ ਕੰਮ ਤੇ ਚਲੇ ਜਾਹ ਤੇ ਹੋ ਸਕੇ ਤਾਂ ਕੁਝ ਦੇਰ ਇੰਡੀਆ ਲਾ ਇਆ।"

ਅਵਤਾਰ ਹਾਲੇ ਵੀ ਚੁੱਪ ਸੀ। ਫਿਰ ਸੁਰਜਨ ਸਿੰਘ ਨੇ ਦਿਲਬਾਗ ਨੂੰ ਕਿਹਾ,

"ਤੂੰ ਮੇਰਾ ਜਵਾਈ ਨਈਂ ਪੁੱਤ ਹੋਣ ਦਾ ਸਬੂਤ ਦਿਤੈ, ਹੁਣ ਜਾਹ ਤੇ ਕੰਮ 'ਤੇ ਚਲਾ ਜਾਹ, ਘਰ ਜਾਂ ਕਿਸੇ ਕੋਲ਼ ਕੋਈ ਗੱਲ ਨਈਂ ਕਰਨੀ, ਮੈਨੂੰ ਮਿਲਣ ਵੀ ਨਾ ਆਈਂ ਕਦੇ, ਹੋ ਸਕੇ ਤਾਂ ਸੁਰਿੰਦਰ ਦੀ ਮੱਦਦ ਕਰਦਾ ਰਹੀਂ, ਇਹ ਚਾਕੂ ਮੈਨੂੰ ਦੇ ਜਾਹ, ਤੇ ਚੁੱਪ ਕਰਕੇ ਇਥੋਂ ਨਿਕਲ ਜਾਓ। ਤੁਸੀਂ ਦੋਨਾਂ ਨੇ ਬਿਲਕੁਲ ਮੂੰਹ ਨਈਂ ਖੋਹਲਣਾਂ, ਕਿਸੇ ਕੋਲ਼ ਵੀ ਨਈਂ।"

ਦਿਲਬਾਗ ਤੇ ਅਵਤਾਰ ਕੰਬਦੇ ਹੋਏ ਉਥੋਂ ਨਿਕਲ ਆਏ। ਇਥੇ ਆਉਣ ਲਈ ਅਵਤਾਰ ਦੀ ਕਾਰ ਹੀ ਵਤਰੀ ਸੀ। ਦਿਲਬਾਗ ਦੀ ਕਾਰ ਅਵਤਾਰ ਦੇ ਘਰ ਖੜੀ ਸੀ। ਦਿਲਬਾਗ ਨੇ ਕਾਰ ਵਿਚ ਬੈਠਦਿਆਂ ਹੀ ਕੰਟਰੋਲਰ ਨੂੰ ਫੋਨ ਕਰ ਦਿਤਾ ਕਿ ਉਹ ਕੰਮ ਉਪਰ ਆ ਗਿਆ ਹੈ। ਅਵਤਾਰ ਤਾਂ ਉਸੇ ਦਿਨ ਹੀ ਇੰਡੀਆ ਲਈ ਚੜ੍ਹ ਗਿਆ।

ਸੁਰਜਨ ਸਿੰਘ ਨੇ ਬੜੀ ਹੁਸ਼ਿਆਰੀ ਨਾਲ ਘਰ ਵਿਚ ਕਿਸੇ ਹੋਰ ਦੇ ਹੋਣ ਦੇ ਨਿਸ਼ਾਨ ਮਿਟਾ ਦਿਤੇ। ਪਹਿਲਾਂ ਤਾਂ ਉਸ ਨੇ ਸੋਚਿਆ ਕਿ ਜਿਵੇਂ ਦਿਲਬਾਗ ਕਹਿੰਦਾ ਹੀ ਸੀ ਕਿਉਂ ਨਾ ਘਰ ਨੂੰ ਅਗ ਲਗਾ ਦਿਤੀ ਜਾਵੇ ਫਿਰ ਸੋਚਣ ਲਗਿਆ ਕਿ ਇਵੇਂ ਤਫਤੀਸ਼ ਕਰਦੀ ਕਰਦੀ ਪੁਲੀਸ ਦਿਲਬਾਗ ਜਾਂ ਅਵਤਾਰ ਤਕ ਵੀ ਪੱਜ ਸਕਦੀ ਹੈ। ਸਿੱਧਾ ਰਸਤਾ ਇਹੋ ਹੈ ਕਿ ਆਪ ਹੀ ਇਹ ਕਤਲ ਆਪਣੇ ਸਿਰ ਲੈ ਲਵੇ, ਇਸੇ ਵਿਚ ਸਭ ਦਾ ਭਲਾ ਹੋਵੇਗਾ। ਇੱਜ਼ਤ ਖਾਤਰ ਹੋਏ ਕਤਲ ਵਿਚ ਕਈ ਵਾਰ ਕਚਿਹਰੀ ਨਰਮੀ ਵੀ ਵਰਤ ਜਾਂਦੀ ਹੈ। ਹਾਲੇ ਕੁਝ ਸਾਲ ਪਹਿਲਾਂ ਈਸਟ ਲੰਡਨ ਵਿਚ ਹੋਏ ਅਜਿਹੇ ਹੀ ਇਕ ਕਤਲ ਵਿਚ ਕਾਤਲ ਨੂੰ ਚਾਰ ਕੁ ਸਾਲ ਦੀ ਜੇਲ੍ਹ ਹੀ ਹੋਈ ਸੀ। ਚਾਰ ਸਾਲਾਂ ਦਾ ਕੀ ਹੁੰਦਾ ਹੈ, ਉਹ ਤਾਂ ਆਏ ਖੜੇ ਹੁੰਦੇ ਹਨ। ਉਸ ਨੂੰ ਯਕੀਨ ਸੀ ਕਿ ਇਸ ਨੂੰ ਕਤਲ ਨਹੀਂ ਮੈਨ ਸਲਾਟਰ ਹੀ ਮੰਨਿਆਂ ਜਾਵੇਗਾ।

ਸੁਰਜਨ ਸਿੰਘ ਨੇ ਜਦ ਪੁਲੀਸ ਨੂੰ ਫੋਨ ਕੀਤਾ ਤਾਂ ਉਸ ਦੇ ਮਨ ਵਿਚ ਕਿਸੇ ਕਿਸਮ ਦੀ ਚਿੰਤਾ ਨਹੀਂ ਸੀ। ਕੁਝ ਮਿੰਟਾਂ ਵਿਚ ਹੀ ਪੁਲੀਸ ਆ ਪੁੱਜੀ। ਗੁਰਜੰਟ ਦੀ ਲਾਸ਼ ਨੂੰ ਉਹਨਾਂ ਨੇ ਕਬਜ਼ੇ ਵਿਚ ਲੈ ਲਿਆ। ਸੁਰਜਨ ਸਿੰਘ ਮੈਨ ਸਲਾਟਰ ਵਿਚ ਆਪਣਾ ਗੁਨਾਹ ਕਬੂਲ ਕਰ ਰਿਹਾ ਸੀ ਪਰ ਪੁਲੀਸ ਦੇ ਹੱਥ ਇੰਨੇ ਪੁਖਤਾ ਸਬੂਤ ਲਗ ਗਏ ਸਨ, ਇਸ ਲਈ ਉਹ ਕਤਲ ਦਾ ਕੇਸ ਬਣਾਉਣ ਬਾਰੇ ਹੀ ਸੋਚਣ ਲਗੇ। ਸੁਰਜਨ ਸਿੰਘ ਨੂੰ ਇਕ ਵਿਸ਼ੇਸ਼ ਕਾਰ ਵਿਚ ਬੈਠਾ ਕੇ ਲੈ ਗਏ। ਉਸ ਤੋਂ ਬਹੁਤੀ ਪੁੱਛ-ਗਿੱਛ ਦੀ ਲੋੜ ਵੀ ਨਾ ਸਮਝੀ ਗਈ। ਸਾਰੇ ਪਰਿਵਾਰ ਦੇ ਬਿਆਨਾਂ ਤੋਂ ਵੀ ਸਾਫ ਸੀ ਕਿ ਸੁਰਜਨ ਸਿੰਘ ਨੇ ਹੀ ਕਤਲ ਕੀਤਾ ਹੈ।

ਇਸ ਕਤਲ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ, ਖਾਸ ਤੌਰ ਤੇ ਏਸ਼ੀਅਨ ਭਾਈਚਾਰੇ ਵਿਚ। ਅੰਗਰੇਜ਼ੀ ਅਖਬਾਰਾਂ ਵੀ ਇਸ ਖਬਰ ਨੂੰ ਸੁਰਖੀਆਂ ਵਿਚ ਛਾਪ ਰਹੀਆਂ ਸਨ। ਸਥਾਨਕ ਅਖਬਾਰ ਨੇ ਤਾਂ ਇਸ ਖਬਰ ਨੂੰ ਪਹਿਲੇ ਸਫੇ ਉਪਰ ਛਾਪਿਆ ਨਾਲ ਹੀ ਇਹ ਵੀ ਲਿਖਿਆ ਕਿ ਇੱਜ਼ਤ ਖਾਤਰ ਕਤਲ ਕਰਨਾ ਏਸ਼ੀਅਨ ਲੋਕਾਂ ਵਿਚ ਆਮ ਹੈ। ਕਦੇ ਇਹ ਧੀ ਨੂੰ ਮਾਰ ਦਿੰਦੇ ਹਨ ਤੇ ਕਦੇ ਜਵਾਈ ਨੂੰ। ਕਈ ਹੋਰ ਅਖਬਾਰਾਂ ਨੇ ਵੀ ਇਸ ਖਬਰ ਨੂੰ ਲੈ ਕੇ ਏਸ਼ੀਅਨ ਲੋਕਾਂ ਦਾ ਮਜ਼ਾਕ ਉਡਾਇਆ ਹੋਇਆ ਸੀ। ਇਕ ਅਖਬਾਰ ਨੇ ਤਾਂ ਇਹ ਵੀ ਲਿਖਿਆ ਸੀ ਕਿ ਇਹਨਾਂ ਲੋਕਾਂ ਨੂੰ ਬ੍ਰਤਾਨੀਆਂ ਦੀ ਕਾਨੂੰਨ ਵਿਵਸਥਾ ਉਪਰ ਭਰੋਸਾ ਨਹੀਂ ਹੈ ਤੇ ਆਪ ਹੀ ਆਪਣੇ ਦੋਸ਼ੀ ਨੂੰ ਸਜ਼ਾ ਦਿੰਦੇ ਹਨ। ਇਸ ਕਤਲ ਨੂੰ ਫਰਾਂਸ ਦੀ ਅਦਾਲਤ ਵਿਚ ਹੋਏ ਕਤਲ ਨਾਲ ਮੇਲ ਕੇ ਦੇਖਿਆ ਜਾ ਰਿਹਾ ਸੀ। ਫਰਾਂਸ ਦੀ ਔਰਤ ਨੇ ਆਪਣੀ ਧੀ ਦੀ ਹੋਈ ਬੇਪਤੀ ਦਾ ਬਦਲਾ ਲੈਣ ਲਈ ਦੋਸ਼ੀ ਨੂੰ ਸ਼ਰੇਆਮ ਅਦਾਲਤ ਵਿਚ ਗੋਲੀ ਮਾਰ ਦਿਤੀ ਸੀ। ਉਹ ਔਰਤ ਸੋਚਦੀ ਸੀ ਕਿ ਕਿਤੇ ਅਦਾਲਤ ਦੋਸ਼ੀ ਨੂੰ ਬਰੀ ਨਾ ਕਰ ਦੇਵੇ। ਟੈਲੀਵੀਯਨ ਦੀਆਂ ਖਬਰਾਂ ਵਿਚ ਵੀ ਇਸ ਖਬਰ ਨੂੰ ਖਾਸ ਥਾਂ ਮਿਲੀ। ਪੰਜਾਬੀ ਦੀਆਂ ਅਖਬਾਰਾਂ ਵੀ ਇਸ ਖਬਰ ਨੂੰ ਮਸਾਲਾ ਲਾ ਲਾ ਕੇ ਛਾਪ ਰਹੀਆਂ ਸਨ। ਲੋਕ ਫੋਨ ਕਰ ਕਰ ਕੇ ਇਕ ਦੂਜੇ ਨੂੰ ਦਸ ਰਹੇ ਸਨ ਕਿ ਸਾਡੇ ਇਲਾਕੇ ਵਿਚ ਇਕ ਬੰਦੇ ਨੇ ਆਪਣੇ ਜਵਾਈ ਦਾ ਕਤਲ ਕਰ ਦਿਤਾ।

ਇਸ ਕਤਲ ਬਾਰੇ ਪੰਜਾਬੀ ਭਾਈਚਾਰੇ ਵਿਚ ਅਜੀਬ ਜਿਹਾ ਪ੍ਰਤੀਕਰਮ ਸੀ। ਲੋਕਾਂ ਵਿਚ ਅਜੀਬ ਜਿਹੀ ਹਿਲਜੁਲ ਵੀ ਦੇਖਣ ਨੂੰ ਮਿਲੀ। ਲੋਕ ਇਸ ਨੂੰ ਇਕ ਸ਼ਲਾਘਾਯੋਗ ਕੰਮ ਕਹਿ ਰਹੇ ਸਨ। ਅੰਗਰੇਜ਼ ਹੈਰਾਨ ਸਨ ਕਿ ਇਸ ਕਤਲ ਦੀ ਪੰਜਾਬੀ ਲੋਕਾਂ ਵਲੋਂ ਪ੍ਰਸੰਸਾ ਹੋ ਰਹੀ ਹੈ। ਸਾਊਥਾਲ ਦੇ ਇਕ ਗੁਰਦਵਾਰੇ ਦੇ ਆਗੂ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਜਦ ਵੀ ਸੁਰਜਨ ਸਿੰਘ ਜੇਲ੍ਹ ਤੋਂ ਬਾਹਰ ਆਏਗਾ, ਉਸ ਦਾ ਸਨਮਾਨ ਕੀਤਾ ਜਾਵੇਗਾ। ਟੈਲੀਵੀਯਨ ਵਾਲੇ ਸਾਊਥਾਲ ਤੇ ਈਸਟ ਲੰਡਨ ਦੀ ਗ੍ਰੀਨ ਸਟ੍ਰੀਟ ਤੇ ਜਾ ਜਾ ਕੇ ਆਮ ਲੋਕਾਂ ਦੀ ਰਾਏ ਜਾਨਣਾਂ ਚਾਹੁੰਦੇ ਸਨ। ਲੋਕਾਂ ਦੀ ਬਹੁਮਤ ਸੁਰਜਨ ਸਿੰਘ ਨਾਲ ਖੜਦੀ ਸੀ। ਉਸ ਨੂੰ ਕਾਤਲ ਕਹਿਣ ਵਾਲੇ ਲੋਕ ਬਹੁਤ ਘੱਟ ਸਨ। ਅਖਬਾਰਾਂ ਵਾਲਿਆਂ ਨੇ ਇਕ ਵਿਸ਼ੇਸ਼ ਸਰਵੇ ਕਰਾਇਆ ਜਿਸ ਵਿਚ ਪੰਜਾਬੀ ਲੋਕਾਂ ਨੇ ਭਾਰੀ ਗਿਣਤੀ ਵਿਚ ਇਹੋ ਬਿਆਨ ਦਰਜ ਕਰਵਾਏ ਕਿ ਜੇਕਰ ਉਹ ਸੁਰਜਨ ਸਿੰਘ ਦੀ ਜਗਾਹ ਹੋਣ ਤਾਂ ਇਹੋ ਕੁਝ ਕਰਨ ਜੋ ਸੁਰਜਨ ਸਿੰਘ ਨੇ ਕੀਤਾ ਹੈ। ਕਿਸੇ ਨੇ ਤਾਂ ਇਹ ਬਿਆਨ ਵੀ ਦੇ ਦਿਤੇ ਕਿ ਉਸ ਸੁਰਜਨ ਸਿੰਘ ਦੀ ਕਹਾਣੀ 'ਤੇ ਫਿਲਮ ਬਣਾਏਗਾ। ਇਕ ਹੋਰ ਸੰਸਥਾ ਨੇ ਬਿਆਨ ਦਿਤਾ ਕਿ ਸੁਰਜਨ ਸਿੰਘ ਸਾਡਾ ਅਣਗੌਲ਼ਿਆ ਹੀਰੋ ਹੈ।

ਹੋਰ ਕਿਤੇ ਹੋਵੇ ਜਾਂ ਨਾ ਪਰ ਰੁਆਇਲ ਡੀਨ ਵਿਚ ਸੁਰਜਨ ਸਿੰਘ ਹੀਰੋ ਬਣ ਗਿਆ ਸੀ। ਇਕ ਚੁੱਪ ਜਿਹੇ ਬੁੱਢੇ ਨੇ ਆਪਣੀ ਧੀ ਦੀ ਬੇਇਜ਼ਤੀ ਦਾ ਬਦਲਾ ਲੈਣ ਲਈ ਜਵਾਈ ਕਤਲ ਕਰ ਮਾਰਿਆ ਸੀ। ਇਸ ਕੰਮ ਲਈ ਬਹੁਤ ਵੱਡਾ ਜਿਗਰਾ ਚਾਹੀਦਾ ਸੀ। ਲੋਕ ਆਪਣੀ ਕਲਪਨਾ ਦੇ ਘੋੜੇ ਦੁੜਾਉਂਦੇ ਕਿ ਉਸ ਨੇ ਕਿਵੇਂ ਕਤਲ ਕਰਨ ਦੀ ਯੋਯਨਾ ਬਣਾਈ ਹੋਵੇਗੀ ਤੇ ਕਿਵੇਂ ਇਸ ਨੂੰ ਨੇਪਰੇ ਚੜ੍ਹਾਇਆ ਹੋਵੇਗਾ। ਇਕ ਹੋਰ ਗੱਲ ਅਜੀਬ ਇਹ ਹੋਈ ਕਿ ਖਬਰ ਮਿਲਦਿਆਂ ਹੀ ਲੋਕਾਂ ਨੇ ਸੋਚਿਆ ਕਿ ਸੁਰਜਨ ਸਿੰਘ ਨੇ ਗੁਲਵੰਤ ਦਾ ਕਤਲ ਕਰ ਦਿਤਾ ਹੈ। ਖਬਰ ਹੋਰ ਵੀ ਸਨਸਨੀਖੇਜ਼ ਬਣ ਗਈ। ਗੁਲਵੰਤ ਦੇ ਜਾਣਕਾਰਾਂ ਨੇ ਉਸ ਦਾ ਫੋਨ ਨੰਬਰ ਲੱਭ-ਲਭਾ ਕੇ ਉਸ ਨੂੰ ਫੋਨ ਕਰ ਕੇ ਖਬਰ ਦੀ ਪੁਸ਼ਟੀ ਕੀਤੀ ਤਾਂ ਜਾ ਕੇ ਲੋਕਾਂ ਨੂੰ ਤਸੱਲੀ ਹੋਈ ਕਿ ਕਤਲ ਹੋਣ ਵਾਲਾ

www.PunjabiLibrary.com

ਗੁਲਵੰਤ ਨਹੀਂ ਕੋਈ ਹੋਰ ਸੀ। ਰੁਆਇਲ ਡੀਨ ਵਿਚ ਹਰ ਕੋਈ ਆਪਣੇ ਆਪ ਨੂੰ ਸੁਰਜਨ ਦਾ ਦੋਸਤ ਦੱਸਣ ਦੀ ਕੋਸ਼ਿਸ਼ ਕਰਦਾ। ਭਊ ਪਰਗਟ ਸਿੰਘ ਕਹਿਣ ਲਗਿਆ,

"ਇਹ ਹੁੰਦੈ, ਗੁਰੂ ਦਾ ਅਸਲੀ ਸਿੰਘ, ਜੇ ਸਾਡੇ ਕੋਲ਼ ਏਦਾਂ ਦੇ ਸੂਰਮੇ ਹੈਗੇ ਆ ਤਾਂ ਖਾਲਿਸਤਾਨ ਆਇਆ ਹੀ ਆਇਆ।"

"ਯਾਰ, ਕਿਥੇ ਖਾਲਿਸਤਾਨ ਦਾ ਪੰਗਾ ਤੇ ਕਿਥੇ ਸੁਰਜਨ ਸੂੰਹ ਦਾ ਕੀਤਾ ਕਤਲ?"

"ਓ ਬਈ ਯੋਧਾ ਯੋਧਾ ਹੁੰਦਾ ਜੇ, ਕਿਸੇ ਵੀ ਮੈਦਾਨ ਵਿਚ ਲੜੇ।"

ਕਈ ਲੋਕ ਸੁਰਜਨ ਸਿੰਘ ਬਾਰੇ ਕਈ ਕਿਸਮ ਦੀਆਂ ਗੱਲਾਂ ਕਰਨ ਲਗਦੇ। ਕਈ ਕਹਾਣੀਆਂ, ਕਈ ਮਿੱਥਾਂ ਵੀ ਬਣਾਉਣ ਲਗੇ। ਹਰ ਕੋਈ ਉਸ ਨਾਲ ਆਪਣੀ ਦੋਸਤੀ ਦੀ ਗੱਲ ਕਰਦਾ। ਚਮਨ ਲਾਲ ਹਰ ਇਕ ਨੂੰ ਆਪਣੇ ਬਚਪੱਨ ਤੋਂ ਲੈ ਕੇ ਅਜ ਤਕ ਦੀ ਉਸ ਨਾਲ ਆਪਣੀ ਦੋਸਤੀ ਦੀਆਂ ਗੱਲਾਂ ਕਰਨ ਲਗਦਾ।

ਚਮਨ ਲਾਲ ਹੀ ਨਹੀਂ ਸਾਰੇ ਦੋਸਤ ਸੁਰਜਨ ਸਿੰਘ ਦੇ ਹੱਕ ਵਿਚ ਆ ਖੜੇ। ਹਰ ਇਕ ਨੇ ਆਪੋ ਆਪਣੀ ਸਹਾਇਤਾ ਪੇਸ਼ ਕੀਤੀ। ਸਭ ਤੋਂ ਪਹਿਲਾਂ ਤਾਂ ਬਨਾਰਸੀ ਦਾਸ ਤੇ ਲਾਜਵੰਤੀ ਆਏ। ਜਿਸ ਦਿਨ ਪੁਲੀਸ ਸਾਰੇ ਪਰਿਵਾਰ ਨੂੰ ਲੈ ਗਈ ਸੀ ਪਰਕਾਸ਼ ਕੋਰ ਕੋਲ ਉਹ ਸਾਰੀ ਰਾਤ ਬੈਠੇ ਰਹੇ।

ਦੁਪਿਹਰ ਜਿਹੇ ਪੁਲੀਸ ਉਹਨਾਂ ਦੇ ਘਰ ਆਈ ਸੀ। ਜਦ ਇਕ ਪੁਲੀਸ ਵੋਮੈਨ ਨੇ ਸੁਰਿੰਦਰ ਨੂੰ ਦਸਿਆ ਕਿ ਸੁਰਜਨ ਸਿੰਘ ਨੂੰ ਗੁਰਜੰਟ ਦੇ ਕਤਲ ਵਿਚ ਗ੍ਰਿਫਤਾਰ ਕੀਤਾ ਜਾ ਚੁਕਿਆ ਹੈ ਤਾਂ ਸਭ ਦੇ ਹੀ ਖਾਨਿਓਂ ਗਈ। ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਸੁਰਜਨ ਸਿੰਘ ਸੱਚ ਹੀ ਗੁਰਜੰਟ ਦਾ ਕਤਲ ਕਰ ਦੇਵੇਗਾ। ਸੁਰਿੰਦਰ ਨੇ ਸਭ ਤੋਂ ਪਹਿਲਾਂ ਤਾਂ ਬਲਜਿੰਦਰ ਨੂੰ ਆਪਣੀ ਜੱਫੀ ਵਿਚ ਲਿਆ ਪਰ ਬਲਜਿੰਦਰ ਅਡੋਲ ਸੀ ਜਿਵੇਂ ਪਤੀ ਦੇ ਮਾਰੇ ਜਾਣ ਦਾ ਕੋਈ ਗਮ ਹੀ ਨਾ ਹੋਵੇ। ਪਰਕਾਸ਼ ਕੋਰ ਨੇ ਜ਼ਰੂਰ ਪਿੱਟਣਾ ਸ਼ੁਰੂ ਕਰ ਦਿਤਾ। ਸੁਰਿੰਦਰ ਉਸ ਨੂੰ ਭੱਜ ਕੇ ਪੈਂਦੀ ਬੋਲੀ,

"ਚੁੱਪ ਕਰ ਮੰਮੀ, ਇਥੇ ਕੋਈ ਨਈਂ ਮਰਿਆ, ...ਪਤਾ ਡੈਡੀ ਕੀ ਕਹਿ ਕੇ ਗਏ ਆ, ਰੋਣਾ ਬਿਲਕੁਲ ਨਈਂ, ਡੈਡੀ ਨੇ ਜੋ ਵੀ ਕੀਤਾ, ਸੋਚ ਸਮਝ ਕੇ ਈ ਕੀਤਾ ਹੋਊ।"

ਸੁਰਿੰਦਰ ਨੇ ਇਕ ਦਮ ਹੀ ਸੁਰਜਨ ਸਿੰਘ ਵਾਲਾ ਮਿਜ਼ਾਜ਼ ਅਪਣਾ ਲਿਆ ਸੀ। ਉਸ ਨੇ ਬਲਜਿੰਦਰ ਨੂੰ ਵੀ ਜੱਫੀ ਵਿਚ ਲਿਆ ਤੇ ਹੌਂਸਲਾ ਦਿਤਾ। ਪਹਿਲਾ ਦਿਨ ਤਾਂ ਉਹਨਾਂ ਦਾ ਪੁਲੀਸ ਦੀ ਪੁੱਛ-ਪੜਤਾਲ਼ ਵਿਚ ਹੀ ਲੰਘ ਗਿਆ। ਅਗਲੇ ਦਿਨ ਹੀ ਉਸ ਨੇ ਪਤਾ ਕਰ ਲਿਆ ਕਿ ਸੁਰਜਨ ਸਿੰਘ ਨੂੰ ਕਿਹੜੀ ਜਗਾਹ ਰੱਖਿਆ ਹੋਇਆ ਸੀ। ਉਹ ਮਿਲਣ ਚਲੇ ਗਈ। ਉਸ ਨੇ ਪੁੱਛਿਆ,

"ਡੈਡ, ਰੀਅਲੀ ਤੁਸੀਂ ਕੀਤਾ ਇਹ?"

"ਹਾਂ ਪੁੱਤ, ਮੈਨੂੰ ਕਰਨਾ ਈ ਪੈਣਾ ਸੀ, ਜੇ ਨਾ ਕਰਦਾ ਤਾਂ ਮੈਂ ਆਪਣੇ ਆਪ ਨੂੰ ਮੁਆਫ ਨਈਂ ਸੀ ਕਰ ਸਕਣਾਂ ਪਰ ਮੈਂ ਖੁਸ਼ ਆਂ।"

"ਪਰ ਡੈਡ....।"

ਸੁਰਜਨ ਸਿੰਘ ਨੇ ਧੀ ਦੀ ਗੱਲ ਟੋਕਦਿਆਂ ਕਿਹਾ,

"ਮੇਰਾ ਫਿਕਰ ਨਾ ਕਰ, ਹੁਣ ਤੂੰ ਸਾਰੇ ਟੱਬਰ ਨੂੰ ਸੰਭਾਲ, ਮੈਨ ਸਲਾਟਰ ਦਾ ਕੇਸ ਈ ਬਣਨੈਂ, ਸਾਲ ਦੋ ਸਾਲ ਲਈ ਈ ਲਗਣੇ ਆਂ, ਜਦ ਤਕ ਤੂੰ ਘਰ ਸੰਭਾਲ ਖਾਸ ਤੌਰ ਤੇ ਬਲਜਿੰਦਰ ਨੂੰ।"

"ਘਰ ਦਾ ਫਿਕਰ ਨਾ ਕਰੋ ਡੈਡੀ। ਸਾਨੂੰ ਤਾਂ ਤੁਹਾਡਾ ਫਿਕਰ ਐ।"

"ਦੇਖ, ਮੈਂ ਘੋੜੇ ਵਰਗਾਂ, ਮੈਨੂੰ ਕੀ ਹੋਇਆ।"

ਆਖਦਾ ਸੁਰਜਨ ਸਿੰਘ ਹੱਸਣ ਲਗਿਆ। ਇਹ ਹਾਸਾ ਨਕਲੀ ਨਹੀਂ ਸੀ ਬਲਕਿ ਅਸਲੀ ਸੀ। ਜੋ ਕੁਝ ਹੋਇਆ ਉਸ ਉਪਰ ਉਸ ਨੂੰ ਕੋਈ ਪਛਤਾਵਾ ਨਹੀਂ ਸੀ। ਉਸ ਵਲ ਦੇਖ ਕੇ ਸੁਰਿੰਦਰ ਵੀ ਹੌਂਸਲੇ ਵਿਚ ਆ ਗਈ। ਫਿਰ ਉਹ ਹਰ ਰੋਜ਼ ਹੀ ਸਾਰਾ ਟੱਬਰ ਸੁਰਜਨ ਸਿੰਘ ਨੂੰ ਮਿਲਣ ਜਾਣ ਲਗੇ। ਜਿੰਨੇ ਦਿਨ ਉਹ ਹਵਾਲਾਤ ਵਿਚ ਰਿਹਾ ਓਨੇ ਦਿਨ ਮਿਲਣਾ ਸੌਖਾ ਸੀ। ਫਿਰ ਉਸ ਨੂੰ ਜੇਲ੍ਹ ਭੇਜ ਦਿਤਾ ਗਿਆ। ਜੇਲ੍ਹ ਵਿਚ ਮਿਲਣ ਤੇ ਕਈ ਪਾਬੰਦੀਆਂ ਸਨ। ਮਹੀਨੇ ਵਿਚ ਤਿੰਨ ਵਾਰ ਮੁਲਾਕਤ ਹੋ ਸਕਦੀ ਸੀ ਤੇ ਇਕ ਵਾਰੀ ਸਿਰਫ ਤਿੰਨ ਬੰਦੇ ਹੀ ਮਿਲਣ ਜਾ ਸਕਦੇ ਸਨ। ਜਿਹਨਾਂ ਨੇ ਮਿਲਣਾ ਹੁੰਦਾ ਉਹਨਾਂ ਦੇ ਨਾਂ ਦੀ ਚਿੱਠੀ ਸੁਰਜਨ ਸਿੰਘ ਨੂੰ ਲਿਖ ਭੇਜਣੀ ਹੁੰਦੀ।

ਸੁਰਜਨ ਸਿੰਘ ਦੇ ਦੋਸਤ ਵੀ ਉਸ ਨਾਲ ਕੰਧ ਵਾਂਗ ਆ ਖੜੇ ਸਨ। ਚਮਨ ਲਾਲ, ਗੁਰਨਾਮ ਸਿੰਘ ਤੇ ਬਲਦੇਵ ਸਿੰਘ ਘਰ ਆ ਕੇ ਹਜ਼ਾਰ ਹਜ਼ਾਰ ਪੌਂਡ ਦੇ ਗਏ ਤਾਂ ਜੋ ਮੁਕੱਦਮੇ ਵਿਚ ਕੰਮ ਆ ਸਕਣ। ਅਰਜਨ ਸਿੰਘ ਤੇ ਬਨਾਰਸੀ ਦਾਸ ਨੇ ਵੀ ਪੰਜ ਪੰਜ ਸੌਂ ਪੌਂਡ ਦੇ ਕੇ ਆਰਥਿਕ ਸਹਾਇਤਾ ਵਿਚ ਹਿੱਸਾ ਪਾਇਆ। ਫਿਰ ਜਦ ਮੁਕੱਦਮਾ ਲੜ੍ਹਨ ਲਈ ਸੁਰਜਨ ਸਿੰਘ ਨੂੰ ਲੀਗਲ ਏਡ ਮਿਲ ਗਈ ਤਾਂ ਸੁਰਿੰਦਰ ਨੇ ਸਭ ਦੇ ਪੈਸੇ ਵਾਪਸ ਕਰ ਦਿਤੇ। ਸ਼ਿਵਰਾਜ ਸਿੰਘ ਲਗਭਗ ਹਰ ਰੋਜ਼ ਹੀ ਉਹਨਾਂ ਦੇ ਘਰ ਦਾ

www.PunjabiLibrary.com

ਗੇੜਾ ਮਾਰਦਾ ਜਾਂ ਫੋਨ ਕਰਦਾ। ਉਸ ਨੇ ਹੀ ਸੁਰਿੰਦਰ ਦੇ ਨਾਲ ਜਾ ਕੇ ਇਲਾਕੇ ਦਾ ਮੰਨਿਆਂ ਹੋਇਆ ਵਕੀਲ ਕੀਤਾ। ਦੋਸਤ ਉਸ ਨੂੰ ਮਿਲਣ ਜੇਲ੍ਹ ਵਿਚ ਵੀ ਜਾਂਦੇ। ਉਸ ਸਭ ਨਾਲ ਹੀ ਘੁੱਟਵਾਂ ਹੱਥ ਮਿਲਾਉਂਦਾ। ਹਰ ਵੇਲੇ ਚੜ੍ਹਦੀ ਕਲਾ ਵਿਚ ਰਹਿੰਦਾ। ਪਤਨੀ ਨਾਲ ਵੀ ਨਿੱਕੇ ਨਿੱਕੇ ਮਜ਼ਾਕ ਕਰਦਾ ਰਹਿੰਦਾ। ਘਰੋਂ ਰੋਂਦੀਆਂ ਗਈਆਂ ਧੀਆਂ ਹੱਸਦੀਆਂ ਹੋਈਆਂ ਮੁੜਦੀਆਂ।

ਗੁਲਵੰਤ ਨੂੰ ਇਸ ਘਟਨਾ ਦਾ ਦੂਜੇ ਦਿਨ ਹੀ ਪਤਾ ਚਲ ਗਿਆ ਸੀ। ਪਹਿਲਾਂ ਤਾਂ ਉਸ ਨੂੰ ਵੀ ਹੋਰਨਾਂ ਵਾਂਗ ਯਕੀਨ ਨਹੀਂ ਸੀ ਆ ਰਿਹਾ। ਉਸ ਨੇ ਸੋਚਿਆ ਹੀ ਨਹੀਂ ਸੀ ਕਿ ਸੁਰਜਨ ਸਿੰਘ ਕਤਲ ਵੀ ਕਰ ਸਕਦਾ ਹੈ। ਉਸ ਨੂੰ ਬਹੁਤ ਦੁਖ ਹੋਇਆ। ਪਹਿਲੀ ਨਜ਼ਰੇ ਉਹ ਵੀ ਹੋਰਨਾਂ ਕਈਆਂ ਵਾਂਗ ਇਸ ਕਤਲ ਨੂੰ ਜਾਇਜ਼ ਹੀ ਠਹਿਰਾ ਰਿਹਾ ਸੀ। ਅਜਿਹੀ ਸਥਿਤੀ ਵਿਚ ਅਜਿਹਾ ਕਦਮ ਹੀ ਚੁੱਕਿਆ ਜਾ ਸਕਦਾ ਸੀ। ਦੋ ਕੁ ਦਿਨ ਬਾਅਦ ਉਸ ਨੇ ਸੁਰਿੰਦਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਕੀਤਾ। ਹੁਣ ਉਹ ਪਹਿਲਾਂ ਜਿੰਨੇ ਫੋਨ ਨਹੀਂ ਸੀ ਕਰਿਆ ਕਰਦਾ। ਸੁਰਿੰਦਰ ਉਸ ਨਾਲ ਸਿੱਧੇ ਮੂੰਹ ਗੱਲ ਵੀ ਘੱਟ ਕਰਦੀ ਸੀ। ਇਸ ਵਾਰ ਵੀ ਸੁਰਿੰਦਰ ਰੁੱਖੀ ਦੀ ਰੁੱਖੀ ਸੀ। ਉਸ ਨੇ ਕਿਹਾ,

"ਦੱਸ, ਜੇ ਮੈਂ ਕੋਈ ਮੱਦਦ ਕਰ ਸਕਦਾਂ ਤਾਂ?"

"ਤੂੰ ਅੰਮ੍ਰਿਤ ਦਾ ਤੇ ਮੇਰਾ ਖਰਚ ਕਿਉਂ ਨਈਂ ਦਿੰਦਾ? ...ਇਹੀ ਦੇ ਦੇਵੇਂ ਤਾਂ ਬਹੁਤ ਐ।"

"ਤੈਨੂੰ ਕਿਹਾ ਸੀ ਕਿ ਮੇਰੇ ਨਾਲ਼ ਬੈਠ ਕੇ ਗੱਲ ਕਰ, ਜੋ ਚਾਹੇ ਦੇ ਦਊਂ। ...ਕੋਰਟ ਵਿਚ ਜਾ ਕੇ ਮੰਗੀ ਚੀਜ਼ ਤਾਂ ਮੈਂ ਕੋਰਟ ਦੇ ਹਿਸਾਬ ਨਾਲ਼ ਈ ਦੇਊਂ, ...ਤੂੰ ਵਾਪਸ ਆ ਜਾ, ਸਾਰੀ ਤਨਖਾਹ ਸੰਭਾਲਿਆ ਕਰੀਂ।"

"ਨਈਂ ਗੁੱਲ, ਹੁਣ ਮੈਂ ਨਈਂ ਆ ਸਕਣਾਂ।"

"ਮੈਨੂੰ ਪਤਾ ਤੂੰ ਮੁੱਕਦਮੇ ਦੀ ਪੈਰਵਾਈ ਵੀ ਕਰਨੀ ਹੋਏਗੀ, ਤੂੰ ਘਰ ਆ ਜਾ, ਆਪਾਂ ਰਲ਼ ਕੇ ਸਾਰੇ ਕੰਮ ਕਰਾਂਗੇ।"

"ਨਈਂ ਗੁੱਲ, ਇਹ ਮੇਰੀ ਪਰੋਬਲਮ ਐਂ, ਮੈਂ ਖੁਦ ਹੈਂਡਲ ਕਰੂੰਗੀ।"

"ਫਿਰ ਅੰਮ੍ਰਿਤ ਈ ਮੈਨੂੰ ਦੇ ਦੇਹ, ਤੈਨੂੰ ਭੱਜ ਦੌੜ ਕਰਨੀ ਸੌਖੀ ਰਹੂ।"

"ਨੋ ਵੇਅ!"

"ਕਿਉਂ ਜ਼ਿੱਦ ਕਰੀ ਜਾਨੀ ਐਂ, ਪਲੀਜ਼ ਵਾਪਸ ਆ ਜਾਹ, ਜਿਹੜੀ ਵੀ ਸ਼ਰਤ ਕਹੇਂਗੀ ਮੰਨ ਲਊਂ।"

"ਗੁਲ, ਕੋਈ ਹੋਰ ਗੱਲ ਕਰ ਜੇ ਤੇਰੇ ਕੋਲ਼ ਹੈ ਤਾਂ।"

"ਚੱਲ ਤੂੰ ਪ੍ਰੌਮਿਜ਼ ਈ ਕਰ ਲੈ ਕਿ ਕੇਸ ਖਤਮ ਹੋਣ ਤੋਂ ਬਾਅਦ ਆ ਜਾਵੇਂਗੀ।"

"ਮੈਂ ਕੋਈ ਪ੍ਰੌਮਿਜ਼ ਨਈਂ ਕਰ ਸਕਦੀ।"

"ਸਾਰੀ ਉਮਰ ਇਕੱਲੀ ਕਢੇਂਗੀ?"

".....।"

"ਬੋਲ ਵੀ।"

".....।"

"ਬੋਲਦੀ ਕਿਉਂ ਨਈਂ।"

"ਦੇਖ ਗੁੱਲ, ਤੂੰ ਸਾਨੂੰ ਖਰਚ ਦੇਣਾ ਸ਼ੁਰੂ ਕਰ, ਤੈਨੂੰ ਪਤਾ ਈ ਸਾਡੇ ਖਰਚਿਆਂ ਦਾ।"

"ਖਰਚਾ ਮੈਂ ਦੇ ਦਿੰਨਾਂ ਪਰ ਤੂੰ ਸਾਰੇ ਕੇਸ ਵਿਦਡਰਾਅ ਕਰ।"

"ਕੇਸ ਨਈਂ ਵਿਦਡਰਾਅ ਹੋਣੇਂ।"

"ਫੇਰ ਮਲਵੈਣੇ, ਗੁੱਡ ਲੱਕ, ਜੇ ਮੇਰੀ ਕੋਈ ਲੋੜ ਹੋਈ ਤਾਂ ਜਸਟ ਰਿੰਗ ਮੀ।"

ਆਖਦਿਆਂ ਗੁਲਵੰਤ ਨੇ ਫੋਨ ਰੱਖ ਦਿਤਾ। ਹਰ ਵਾਰ ਉਹ ਉਸ ਨੂੰ ਵਾਪਸ ਆਉਣ ਲਈ ਆਖਦਾ ਤੇ ਹਰ ਵਾਰ ਹੀ ਸੁਰਿੰਦਰ ਇਨਕਾਰ ਕਰਦੀ। ਗੁਲਵੰਤ ਨੂੰ ਆਪਣੇ ਆਪ ਉਪਰ ਗੁੱਸਾ ਵੀ ਆਉਂਦਾ ਕਿ ਜਦ ਉਹ ਇਵੇਂ ਅਣਗੌਲ਼ ਰਹੀ ਹੈ ਤਾਂ ਉਹ ਕਿਉਂ ਉਸ ਦੇ ਪਿੱਛੇ ਪਿੱਛੇ ਭੱਜਿਆ ਫਿਰਦਾ ਹੈ। ਉਹ ਸੋਚਦਾ ਸੀ ਕਿ ਰਾਜੂ ਵਲੋਂ ਸੁਖਵੀਰ ਛੱਡਣ ਕਾਰਨ ਹੀ ਸਾਰੇ ਗੁੱਸੇ ਵਿਚ ਹਨ, ਇਹ ਗੁੱਸਾ ਇਕ ਦਿਨ ਖੁਰ ਜਾਵੇਗਾ। ਵਕਤ ਨਾਲ ਸਭ ਠੀਕ ਹੋ ਜਾਵੇਗਾ, ਸੁਰਿੰਦਰ ਵੀ ਨਰਮ ਹੋ ਜਾਵੇਗੀ ਪਰ ਕੁਝ ਨਾ ਬਦਲਿਆ। ਗੁਲਵੰਤ ਤਲਾਕ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਿੰਨਾ ਉਹ ਰੋਕਣ ਦੀ ਕੋਸ਼ਿਸ਼ ਸੁਰਿੰਦਰ ਓਨੀ ਹੀ ਬਾਜ਼ਿਦ ਹੋਈ ਜਾ ਰਹੀ ਸੀ। ਨਹੀਂ ਤਾਂ ਹੁਣ ਤਕ ਕਦੋਂ ਦਾ ਤਲਾਕ ਹੋ ਗਿਆ ਹੁੰਦਾ। ਰਾਜੂ ਦਾ ਹੋ ਹੀ ਗਿਆ ਸੀ। ਸੁਖਵੀਰ ਨੇ ਪੇਪਰ ਪਾਏ ਤੇ ਰਾਜੂ ਨੇ ਦਸਤਖਤ ਕਰ ਕੇ ਵਾਪਸ ਕਰ ਦਿਤੇ। ਮਹੀਨੇ ਬਾਅਦ ਤਲਾਕਨਾਮਾ ਘਰ ਪੁੱਜਦਾ ਹੋ ਗਿਆ।

www.PunjabiLibrary.com

ਸੁਰਿੰਦਰ ਲਈ ਤਾਂ ਉਹ ਤੜਫਦਾ ਹੀ ਸੀ ਪਰ ਅੰਮ੍ਰਿਤ ਲਈ ਉਹ ਤੜਫਦਾ ਵੀ ਤੇ ਫਿਕਰਵੰਦ ਵੀ ਹੋ ਜਾਂਦਾ। ਭਾਵੇਂ ਕੋਰਟ ਵਲੋਂ ਅੰਮ੍ਰਿਤ ਨੂੰ ਮਿਲਣ ਦਾ ਐਕਸੈੱਸ ਉਸ ਨੂੰ ਮਿਲ ਚੁੱਕਿਆ ਸੀ ਪਰ ਸੁਰਿੰਦਰ ਹਰ ਵਾਰ ਕੋਈ ਨਾ ਕੋਈ ਅੜਿੱਕਾ ਡਾਹ ਦਿੰਦੀ; ਕਦੇ ਉਸ ਨੂੰ ਫਲੂ ਹੋਇਆ ਹੁੰਦਾ ਤੇ ਕਦੇ, ਕਦੇ ਉਹ ਕਿਸੇ ਬਰਥਡੇ ਤੇ ਚਲੇ ਗਈ ਹੁੰਦੀ ਤੇ ਕੁਝ ਹੋਰ। ਗੁਲਵੰਤ ਪੂਰਾ ਲੰਡਨ ਲੰਘ ਕੇ ਈਸਟ ਲੰਡਨ ਪੁੱਜਦਾ ਪਰ ਅਗੋਂ ਬਹੁਤੀ ਵਾਰ ਉਸ ਨੂੰ ਅੰਮ੍ਰਿਤ ਨੂੰ ਦੇਖੇ ਬਿਨਾਂ ਹੀ ਮੁੜਨਾ ਪੈਂਦਾ। ਉਸ ਨੂੰ ਬਹੁਤ ਕਰੋਧ ਚੜਦਾ। ਕਾਨੂੰਨੀ ਤੌਰ ਤੇ ਉਹ ਇਸ ਮਾਮਲੇ ਵਿਚ ਸਖਤੀ ਵੀ ਕਰ ਸਕਦਾ ਸੀ ਪਰ ਉਹ ਸੋਚਦਾ ਕਿ ਇਸ ਦਾ ਅੰਮ੍ਰਿਤ ਉਪਰ ਉਲਟਾ ਅਸਰ ਹੀ ਨਾ ਪਵੇ। ਫਿਰ ਉਹ ਅੱਕਣ ਲਗਿਆ। ਜਦੋਂ ਕੰਮ-ਕਾਰ ਵਿਚ ਰੁਝ ਗਿਆ ਤਾਂ ਉਸ ਕੋਲ ਵਕਤ ਦੀ ਘਾਟ ਵੀ ਹੋਣ ਲਗੀ।...

ਇਲਫੋਰਡ ਦੀ ਕਾਉਂਟੀ ਕੋਰਟ ਵਿਚ ਉਹਨਾਂ ਦੇ ਕੇਸ ਦੀ ਤਰੀਕ ਸੀ। ਉਸ ਦਿਨ ਸੁਰਿੰਦਰ ਇਕੱਲੀ ਸੀ। ਪਹਿਲਾਂ ਕਈ ਵਾਰ ਸੁਰਜਨ ਸਿੰਘ ਉਸ ਨਾਲ ਚਲੇ ਜਾਇਆ ਕਰਦਾ ਸੀ ਜਾਂ ਫਿਰ ਸੁਖਵੀਰ। ਉਹ ਕੋਰਟ ਦੇ ਬਾਹਰ ਖੜ ਕੇ ਹੀ ਗੁਲਵੰਤ ਦਾ ਇੰਤਜ਼ਾਰ ਕਰਨ ਲਗੀ। ਉਸ ਨੇ ਗੁਲਵੰਤ ਦੀ ਕਾਰ ਦੂਰੋਂ ਹੀ ਦੇਖ ਲਈ। ਗੁਲਵੰਤ ਨੇ ਕਾਰ ਮੀਟਰ ‘ਤੇ ਖੜੀ ਕੀਤੀ। ਉਹ ਦੂਰੋਂ ਦੇਖਦੀ ਰਹੀ। ਜਦ ਗੁਲਵੰਤ ਕੋਰਟ ਵਲ ਤੁਰਿਆ ਤਾਂ ਉਹ ਕੋਰਟ ਦੀ ਇਮਾਰਤ ਦੇ ਪੀਲਪਾਵੇ ਓਹਲੇ ਲੁਕ ਗਈ। ਉਸ ਨੂੰ ਕੋਰਟ ਵਿਚ ਜਾਂਦੇ ਨੂੰ ਦੇਖਦੀ ਰਹੀ। ਗੁਲਵੰਤ ਨੇ ਕੋਰਟ ਦੇ ਨੋਟਿਸ ਬੋਰਡ ਤੋਂ ਆਪਣੇ ਕੇਸ ਦੀ ਤਰਤੀਬ ਦੇਖੀ ਤੇ ਉਸ ਦੀਆਂ ਨਜ਼ਰਾਂ ਸੁਰਿੰਦਰ ਨੂੰ ਲੱਭਣ ਲਗੀਆਂ। ਸੁਰਿੰਦਰ ਉਸ ਦੇ ਪਿੱਛੇ ਖੜੀ ਸੀ। ਉਸ ਦੀ ਅਜ਼ਾਦ ਮੁਸਕ੍ਰਾਹਟ ਤੋਂ ਹੀ ਗੁਲਵੰਤ ਸਮਝ ਗਿਆ ਕਿ ਅਜ ਉਹ ਇਕੱਲੀ ਆਈ ਹੈ। ਉਸ ਨੇ ਸੁਰਿੰਦਰ ਨੂੰ ਅੱਖ ਮਾਰੀ ਤੇ ਜੱਫੀ ਵਿਚ ਲੈਣ ਲਈ ਅਗੇ ਵਧਿਆ। ਸੁਰਿੰਦਰ ਇਕੱਠੀ ਜਿਹੀ ਹੋ ਗਈ। ਗੁਲਵੰਤ ਨੇ ਉਸ ਦੀ ਬਾਂਹ ਛੋਹੀ; ਠੰਡੀ ਯੱਖ ਬਾਂਹ, ਜਿਵੇਂ ਲਕੜੀ ਹੁੰਦੀ ਹੈ। ਉਹ ਬੋਲਿਆ,

“ਤੂੰ ਆਪਣਾ ਧਿਆਨ ਕਿਉਂ ਨਈਂ ਰੱਖਦੀ?”

“ਤੂੰ ਤਾਂ ਆਪਣਾ ਬਥੇਰਾ ਰੱਖਦੈਂ, ਝੋਟੇ ਵਾਂਗੂੰ ਮੱਲੀ ਜਾਨੈਂ!”

“ਚੱਲ, ਆਪਾਂ ਕਾਰ ਵਿਚ ਬੈਠਦੇ ਆਂ, ਹਾਲੇ ਟਾਈਮ ਹੈਗਾ।”

“ਨਾ ਬਾਬਾ, ਤੂੰ ਕਾਰ ਦੁੜਾ ਕੇ ਲੈ ਜਾਏਂਗਾ, ...ਚੇਤਾ? ਮੰਮੀ ਦੇ ਘਰ ਰਾਤ ਰਹਿਣ ਆਉਂਦੀ ਹੁੰਦੀ ਸੀ ਤਾਂ ਮਗਰੇ ਹੀ ਆ ਜਾਂਦਾ ਸੈਂ, ਬਹਾਨੇ ਨਾਲ਼ ਬਾਹਰ ਬੁਲਾ ਕੇ ਕਾਰ ਵਿਚ ਬੈਠਾ ਲੈਂਦਾ ਤੇ ਕਾਰ ਭਜਾ ਕੇ ਲੈ ਜਾਂਦਾ।”

ਕਹਿ ਕੇ ਸੁਰਿੰਦਰ ਹੱਸਣ ਲਗੀ। ਗੁਲਵੰਤ ਉਹਦੇ ਵਲ ਧਿਆਨ ਨਾਲ ਦੇਖਦਾ ਬੋਲਿਆ,

“ਤੂੰ ਨਕਲੀ ਹਾਸਾ ਕਿੰਨਾ ਸਹਿਜੇ ਹੱਸ ਲੈਨੀ ਐਂ!”

“ਕੀ ਮਤਲਬ ਤੇਰਾ?”

“ਮਤਲਬ ਕਿ ਤੇਰੇ ਹਾਸੇ ਪਿੱਛੇ ਲੁਕਿਆ ਸੱਚ ਤੇਰੀਆਂ ਅੱਖਾਂ ਵਿਚ ਬੈਠਾ ਐ।”

“ਕੀ ਹੋਇਆ ਮੇਰੀਆਂ ਅੱਖਾਂ ਨੂੰ?”

“ਉਹੋ ਸਭ, ਜੋ ਕੁਝ ਤੈਨੂੰ ਹੋਇਐ।”

“ਕੁਝ ਨਈਂ ਹੋਇਆ ਮੈਨੂੰ, ਮੈਂ ਠੀਕ ਆਂ।”

“ਚੱਲ, ਮਾਈ ਟੈੱਨ ਬਾਈ ਟੈੱਨ, ਘਰ ਚੱਲੀਏ।”

“ਮੈਂ ਨਈਂ ਆਉਣਾ ਗੁੱਲ, ਤੈਨੂੰ ਮੇਰੀ ਹਾਲਤ ਦਾ ਪਤਾ ਈ ਐ, ਹੁਣ ਮੈਂ ਕਿੱਦਾਂ ਆ ਸਕਦੀ ਆਂ!”

“ਤੂੰ ਪ੍ਰੌਮਿਜ਼ ਕਰ ਲੈ, ਮੈਂ ਸਾਰੀ ਉਮਰ ਤੇਰੀ ਉਡੀਕ ਕਰ ਲਊਂ।”

“ਨਾ ਬਈ ਨਾ, ਜੇ ਪ੍ਰੌਮਿਜ਼ ਕਰ ਲਿਆ ਤਾਂ ਤੂੰ ਰੋਜ਼ ਮੇਰਾ ਸਿਰ ਖਾਏਂਗਾ। ...ਗੁੱਲ ਜੇ ਤੂੰ ਚਾਹੁੰਨਾਂ ਤਾ ਵਿਆਹ ਹੋਰ ਕਰਾ ਲੈ।”

“ਇਟ ਮੀਨਜ਼, ਯੂ ਡੌਂਟ ਲਵ ਮੀ।”

“ਗੁੱਲ, ਏਹਦਾ ਤੈਨੂੰ ਮੇਰੇ ਤੋਂ ਜ਼ਿਆਦਾ ਪਤਾ।”

ਸੁਰਿੰਦਰ ਗੁਲਵੰਤ ਨੂੰ ਹਾਲੇ ਵੀ ਪਿਆਰ ਕਰਦੀ ਸੀ। ਪਹਿਲਾਂ ਵਾਂਗ ਹੀ ਚਾਹੁੰਦੀ ਸੀ ਪਰ ਉਹ ਹੁਣ ਉਸ ਕੋਲ ਵਾਪਸ ਨਹੀਂ ਸੀ ਜਾ ਸਕਦੀ। ਉਸ ਨੇ ਸੁਖਵੀਰ ਨਾਲ ਵਾਅਦਾ ਕੀਤਾ ਸੀ, ਆਪਣੇ ਡੈਡੀ ਨਾਲ ਵੀ ਤੇ ਆਪਣੇ ਆਪ ਨਾਲ ਵੀ। ਉਹ ਉਸ ਵਾਅਦੇ ਤੋਂ ਫਿਰਨਾ ਨਹੀਂ ਸੀ ਚਾਹੁੰਦੀ। ਉਹ ਗੁਲਵੰਤ ਪ੍ਰਤੀ ਆਪਣੇ ਸੁਭਾਅ ਵਿਚ ਜਾਣ ਬੁਝ ਕੇ ਰੁੱਖਾਪਨ ਲੈ ਆਉਂਦੀ ਸੀ, ਉਹ ਚਾਹੁੰਦੀ ਸੀ ਕਿ ਗੁਲਵੰਤ ਉਸ ਦਾ ਪਿੱਛਾ ਛੱਡ ਦੇਵੇ ਪਰ ਗੁਲਵੰਤ ਸੀ ਕਿ ਵਾਰ ਵਾਰ ਦਸਤਕ ਦੇਈ ਜਾ ਰਿਹਾ ਸੀ। ਉਸ ਦਾ ਇਵੇਂ ਮੁੜ ਮੁੜ ਵਾਪਸ ਆਉਣ ਲਈ ਕਹਿੰਦੇ ਰਹਿਣਾ ਉਸ ਨੂੰ ਚੰਗਾ ਵੀ ਲਗਦਾ।

www.PunjabiLibrary.com

ਕਈ ਵਾਰ ਸੁਰਿੰਦਰ ਆਪਣੇ ਆਪ ਨੂੰ ਗੁਨਾਹਗਾਰ ਵੀ ਮੰਨਣ ਲਗਦੀ। ਸੁਖਵੀਰ ਦੀ ਗੁਨਾਹਗਾਰ; ਉਸ ਨੂੰ ਵਾਪਸ ਰਾਜੂ ਕੋਲ ਲੈ ਜਾ ਕੇ, ਗੁਲਵੰਤ ਦੀ ਗੁਨਾਹਗਾਰ; ਉਸ ਨੂੰ ਛੱਡ ਕੇ, ਅੰਮ੍ਰਿਤ ਦੀ ਗੁਨਾਹਗਾਰ; ਉਸ ਨੂੰ ਪਿਓ ਦੇ ਪਿਆਰ ਤੋਂ ਵਾਂਝਿਆਂ ਰੱਖ ਕੇ। ਹੁਣ ਉਹ ਇਸੇ ਗੁਨਾਹ ਦੀ ਭਾਵਨਾ ਵਿਚ ਹੀ ਜ਼ਿੰਦਗੀ ਕੱਢ ਲੈਣਾ ਚਾਹੁੰਦੀ ਸੀ। ਉਸ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਸੀ ਕਿ ਉਸ ਦੇ ਆਲੇ-ਦੁਆਲੇ ਉਸ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਵੱਡੀ ਗਿਣਤੀ ਸੀ। ਵੱਡੀ ਗੱਲ ਤਾਂ ਉਸ ਕੋਲ ਅੰਮ੍ਰਿਤ ਸੀ ਜਿਸ ਦੇ ਆਸਰੇ ਉਹ ਸਾਰਾ ਜੀਵਨ ਕੱਢ ਸਕਦੀ ਸੀ।

ਉਸ ਦਾ ਧਿਆਨ ਹਰ ਵਕਤ ਗੁਲਵੰਤ ਵਲ ਹੀ ਰਹਿੰਦਾ ਸੀ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਖਿੜਕੀ ਵਿਚ ਖੜੀ ਰਹਿੰਦੀ। ਉਸ ਨੂੰ ਪਤਾ ਸੀ ਕਿ ਗੁਲਵੰਤ ਦੀ ਕਾਰ ਉਹਨਾਂ ਦੀ ਸੜਕ ਦਾ ਗੇੜਾ ਜ਼ਰੂਰ ਮਾਰੇਗੀ। ਉਸ ਨੂੰ ਗੁਲਵੰਤ ਦੀ ਕਾਰ ਦੀ ਆਵਾਜ਼ ਦੀ ਹੀ ਪੱਛਾਣ ਸੀ। ਡੀਜ਼ਲ ਵਾਲੀ ਕਾਰ ਜ਼ਰਾ ਹੋਰਨਾਂ ਕਾਰਾਂ ਤੋਂ ਅਲੱਗ ਕਿਸਮ ਦੀ ਆਵਾਜ਼ ਕਰਦੀ। ਕਈ ਵਾਰ ਉਹ ਗਲਤੀ ਨਾਲ ਉਸ ਵਰਗੀ ਕਿਸੇ ਹੋਰ ਕਾਰ ਨੂੰ ਵੀ ਹੱਥ ਹਿਲਾ ਬੈਠਦੀ। ਕਦੀ ਖਾਲੀ ਸੜਕ ਨੂੰ ਹੀ ਅਲਵਿਦਾ ਕਰ ਕੇ ਬਿਸਤਰ ਉਪਰ ਜਾ ਡਿਗਦੀ।

ਬਿਸਤਰ ਉਪਰ ਪਈ ਪਈ ਉਹ ਕਈ ਵਾਰ ਗੁਲਵੰਤ ਨੂੰ ਆਪਣੇ ਨਾਲ ਪਿਆ ਤਸੱਵਰ ਕਰਨ ਲਗਦੀ। ਉਸ ਨੂੰ ਚੇਤੇ ਆਉਂਦਾ ਕਿ ਕਿਵੇਂ ਉਹਨਾਂ ਦਾ ਬਿਸਤਰ ਵੱਟੋ-ਵੱਟ ਹੋਇਆ ਰਹਿੰਦਾ ਸੀ। ਗੁਲਵੰਤ ਤੜਕਸਾਰ ਕੰਮ ਤੋਂ ਮੁੜਦਾ ਤੇ ਦੇਰ ਤਕ ਸੁੱਤਾ ਰਹਿੰਦਾ। ਉਹ ਉਸ ਨੂੰ ਵੀ ਨਾ ਉਠਣ ਦਿੰਦਾ। ਹੁਣ ਉਹ ਸਵੇਰੇ ਵੇਲੇ ਸਿਰ ਹੀ ਉਠ ਖੜਿਆ ਕਰਦੀ ਸੀ। ਸੌਣ ਦਾ ਕੋਈ ਕਾਰਨ ਵੀ ਨਹੀਂ ਸੀ। ਕਈ ਵਾਰ ਤਾਂ ਉਸ ਨੂੰ ਨੀਂਦ ਵੀ ਨਹੀਂ ਸੀ ਆਉਂਦੀ। ਗੁਲਵੰਤ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਵੱਡੀਆਂ ਹੋ ਕੇ ਉਸ ਦੇ ਸਾਹਮਣੇ ਆ ਖੜਦੀਆਂ। ਕਈ ਵਾਰ ਸੁੱਤੀ ਪਈ ਅੰਮ੍ਰਿਤ ਦਾ ਚਿਹਰਾ ਦੇਖਦੀ ਰਹਿੰਦੀ। ਇਸ ਉਸ ਦੇ ਆਪਣੇ ਕਮਰੇ ਦੀ ਦੁਨੀਆਂ ਸੀ ਨਹੀਂ ਤਾਂ ਘਰ ਵਿਚ ਉਹ ਸਦਾ ਖੁਸ਼ ਰਹਿੰਦੀ। ਕਦੇ ਕਦੇ ਪਰਕਾਸ਼ ਕੋਰ ਧੀ ਦੇ ਅੰਦਰਲੀ ਗੱਲ ਸਮਝਦੀ ਉਸ ਨੂੰ ਪੁੱਛਦੀ,

"ਕੀ ਗੱਲ ਹੋਈ, ...ਯਾਦ ਆ ਗਿਆ ਕੁਝ?"

"ਨਹੀਂ ਮੰਮੀ, ਐਵੇਂ ਸਿਰ ਦੁਖਦੈ।"

"ਮੇਰੀ ਭੋਲ਼ੀ ਧੀ!"

ਪਰਕਾਸ਼ ਕੋਰ ਹੌਲੀ ਜਿਹੇ ਆਖਦੀ। ਸੁਰਿੰਦਰ ਆਪਣੇ ਆਪ ਨੂੰ ਕਮਜ਼ੋਰ ਨਹੀਂ ਸੀ ਦਿਖਾਉਣਾ ਚਾਹੁੰਦੀ। ਉਹਨਾਂ ਦੇ ਘਰ ਵਿਚ ਰਾਜੂ ਨੂੰ ਕਿਸੇ ਨੇ ਮੁਆਫ ਨਹੀਂ ਸੀ ਕੀਤਾ ਤੇ ਗੁਲਵੰਤ ਨੂੰ ਮੁਆਫੀ ਕਿਵੇਂ ਮਿਲ ਜਾਂਦੀ। ਇਸ ਲਈ ਉਹ ਵੀ ਕਦੇ ਕਿਸੇ ਕੋਲ ਗੁਲਵੰਤ ਦੀ ਗੱਲ ਨਾ ਕਰਦੀ, ਜੋ ਵੀ ਮਹਿਸੂਸ ਕਰਦੀ ਸਿਰਫ ਆਪਣੇ ਤਕ ਹੀ ਰੱਖਦੀ। ਸੁਰਜਨ ਸਿੰਘ ਨੇ ਕੁਝ ਇਕ ਵਾਰ ਕਿਹਾ ਵੀ ਕਿ ਜੇ ਦਿਲ ਕਰਦਾ ਹੈ ਤਾਂ ਗੁਲਵੰਤ ਕੋਲ ਚਲੇ ਜਾਵੇ ਪਰ ਉਹ ਹਰ ਵਾਰ ਮਨਾਂ ਕਰ ਦਿੰਦੀ ਸੀ। ਜਦ ਬਲਜਿੰਦਰ ਵੀ ਘਰ ਆ ਗਈ ਤਾਂ ਪਰਕਾਸ਼ ਕੋਰ ਨੇ ਪਤੀ ਨੂੰ ਕਿਹਾ ਸੀ,

"ਇਹ ਤਾਂ ਸਾਰੀਆਂ ਈ ਮੁੜ ਆਈਆਂ, ...ਸੁਰਿੰਦਰ ਨੂੰ ਈ ਵਾਪਸ ਭੇਜ ਦਿਓ।"

"ਬੁੜ੍ਹੀਏ, ਮੈਂ ਏਹਨੂੰ ਰੋਕਦਾਂ, ਮੈਂ ਤਾਂ ਏਹਨੂੰ ਆਉਣ ਵਾਸਤੇ ਵੀ ਨਈਂ ਸੀ ਕਿਹਾ।"

"ਮੰਮੀ, ਜਦ ਮੈਂ ਜਾਣਾ ਈ ਨਈਂ ਤਾਂ ਏਹ ਗੱਲ ਈ ਕਿਉਂ ਕਰਦੇ ਆਂ।"

ਸੁਰਿੰਦਰ ਨੇ ਖਿਝ ਕੇ ਕਿਹਾ ਸੀ। ਉਹ ਚਾਹੁੰਦੀ ਕਿ ਘਰਦੇ ਉਸ ਨੂੰ ਗੁਲਵੰਤ ਕੋਲ ਭੇਜਣ ਲਈ ਜ਼ਬਰਦਸਤੀ ਕਰਨ। ਘੱਟੋ-ਘੱਟ ਜ਼ੋਰ ਪਾ ਕੇ ਤਾਂ ਕਹਿਣ। ਡੈਡੀ ਕਹੇ ਜਾਂ ਇਕੱਲੀ ਸੁਖਵੀਰ ਹੀ ਕਹੇ ਪਰ ਕੋਈ ਨਹੀਂ ਸੀ ਕਹਿ ਰਿਹਾ। ਸਾਰੇ ਸਲਾਹਾਂ ਦਿੰਦੇ ਸਨ ਪਰ ਗੁਲਵੰਤ ਵਾਂਗ ਜ਼ੋਰ ਕੋਈ ਨਹੀਂ ਸੀ ਪਾਉਂਦਾ।

ਜੇਲ੍ਹ ਵਿਚ ਸੁਰਜਨ ਸਿੰਘ ਨੂੰ ਮਿਲਣ ਗਈ ਤਾਂ ਗੁਲਵੰਤ ਨਾਲ ਚੱਲ ਰਹੇ ਕੇਸ ਬਾਰੇ ਗੱਲਾਂ ਹੋਣ ਲਗੀਆਂ। ਸੁਰਜਨ ਸਿੰਘ ਬੋਲਿਆ,

"ਸੁਰਿੰਦਰ, ਮੈਂ ਕਹਿੰਨਾਂ ਕਿ ਜਦ ਗੁਲਵੰਤ ਏਨਾ ਕਹਿ ਰਿਹਾ ਤਾਂ ਤੂੰ ਕੇਸ ਵਾਪਸ ਲੈ ਲੈ ਤੇ ਉਹਦੇ ਕੋਲ ਚਲੇ ਜਾਹ।"

ਸੁਰਿੰਦਰ ਨੇ ਪਹਿਲਾਂ ਡੈਡੀ ਵਲ ਦੇਖਿਆ ਤੇ ਜੇਲ੍ਹ ਦੀ ਚਾਰ ਦਿਵਾਰੀ ਵਲ ਤੇ ਨੀਵੀਂ ਪਾ ਲਈ।

ਸੁਰਜਨ ਸਿੰਘ ਦਾ ਕੇਸ ਅਦਾਲਤ ਵਿਚ ਲਗ ਗਿਆ। ਉਹ ਮੈਨ ਸਲਾਟਰ ਵਿਚ ਆਪਣੇ ਗੁਨਾਹ ਦਾ ਇਕਬਾਲ ਕਰ ਰਿਹਾ ਸੀ ਪਰ ਪੁਲੀਸ ਨੇ ਕਤਲ ਦਾ ਕੇਸ ਬਣਾਇਆ। ਪੁਲੀਸ ਮੁਤਾਬਕ ਇਹ ਕਤਲ ਅਚਾਨਕ ਨਹੀਂ ਸਗੋਂ ਇਕ ਸੋਚੀ ਸਮਝੀ ਯੋਯਨਾ ਤਹਿਤ ਹੋਇਆ ਸੀ। ਸੁਰਜਨ ਸਿੰਘ ਨੇ ਲੁਕ ਕੇ ਗੁਰਜੰਟ ਸਿੰਘ 'ਤੇ ਚਾਕੂ ਨਾਲ ਵਾਰ ਕੀਤਾ ਸੀ ਤੇ ਵਾਰ ਵੀ ਅਜਿਹੀ ਜਗਾਹ ਜਿਥੇ ਬੰਦਾ ਸਹਿਜੇ ਹੀ ਮਰ ਸਕੇ। ਗੁਰਜੰਟ ਦੇ ਸਰੀਰ ਤੇ ਕੋਈ ਹੋਰ ਜ਼ਖਮ ਵੀ ਨਹੀਂ ਸੀ। ਕਮਰੇ ਦਾ ਸਾਰਾ ਸਮਾਨ ਉਵੇਂ

www.PunjabiLibrary.com

ਹੀ ਪਿਆ ਸੀ ਜਿਸ ਦਾ ਮਤਲਬ ਕਿ ਦੋਹਾਂ ਵਿਚਕਾਰ ਕੋਈ ਲੜ੍ਹਾਈ ਵੀ ਨਹੀਂ ਸੀ ਹੋਈ। ਬਾਕੀ ਦੇ ਪਰਿਵਾਰ ਤੋਂ ਪੁੱਛਗਿਛ ਸਮੇਂ ਵੀ ਇਹੋ ਗੱਲ ਸਾਹਮਣੇ ਆਈ ਸੀ ਕਿ ਸੁਰਜਨ ਸਿੰਘ ਗੁਰਜੰਟ ਨੂੰ ਮਾਰਨ ਦੀ ਗੱਲ ਕਰਦਾ ਰਿਹਾ ਸੀ। ਘਰੋਂ ਵੀ ਸਭ ਨੂੰ ਔਖੀ ਘੜੀ ਲਈ ਤਿਆਰ ਰਹਿਣ ਲਈ ਕਹਿ ਕੇ ਗਿਆ ਸੀ।

ਸੁਰਜਨ ਸਿੰਘ ਦੇ ਇਸ ਕੇਸ ਬਾਰੇ ਹਿੰਦੁਸਤਾਨ ਤਕ ਖਬਰ ਫੈਲ ਗਈ ਸੀ। ਗੁਰਜੰਟ ਦੇ ਪਰਿਵਾਰ ਵਿਚ ਪੁੱਤ ਦੇ ਕਤਲ ਕਾਰਨ ਮਾਤਮ ਛਾ ਗਿਆ ਸੀ। ਪਰਕਾਸ਼ ਕੋਰ ਦੇ ਭਰਾ ਸਰਦੂਲ ਸਿੰਘ ਨੂੰ ਪਤਾ ਚਲਿਆ ਤਾਂ ਉਹ ਆਪ ਹੀ ਆ ਗਿਆ। ਉਸ ਸੁਰਜਨ ਸਿੰਘ ਨੂੰ ਮਿਲਣ ਜਾਂਦਾ ਤੇ ਦੁੱਖ ਸਾਂਝਾ ਕਰ ਆਉਂਦਾ। ਉਹ ਦੋ ਕੁ ਮਹੀਨੇ ਰਹਿ ਕੇ ਮੁੜ ਗਿਆ। ਉਸ ਨੇ ਦੇਖ ਲਿਆ ਕਿ ਇਥੇ ਨਾ ਹੀ ਕੋਈ ਰਿਸ਼ਵਤ ਚਲਣੀ ਹੈ ਤੇ ਨਾ ਹੀ ਸਿਫਾਰਸ਼। ਸਾਰੇ ਸਬੂਤ ਸੁਰਜਨ ਸਿੰਘ ਦੇ ਖਿਲਾਫ ਜਾਂਦੇ ਸਨ।

ਦੋ ਹਫਤੇ ਲਗਾਤਾਰ ਕੇਸ ਚਲਦਾ ਰਿਹਾ। ਸਾਰਾ ਟੱਬਰ ਹੀ ਕੇਸ ਦੀ ਕਾਰਵਾਈ ਸੁਣਨ ਪੁੱਜਦਾ। ਸੁਰਜਨ ਸਿੰਘ ਦਾ ਕੋਈ ਨਾ ਕੋਈ ਦੋਸਤ ਵੀ ਚਲੇ ਜਾਇਆ ਕਰਦਾ। ਇਕ ਦਿਨ ਦਿਲਬਾਗ ਵੀ ਗਿਆ ਪਰ ਬਾਹਰੋਂ ਹੀ ਮੁੜ ਆਇਆ। ਉਹ ਕਦੇ ਕਦੇ ਆ ਕੇ ਘਰ ਦੇ ਕੰਮਾਂ ਵਿਚ ਸੁਰਿੰਦਰ ਦੀ ਮੱਦਦ ਕਰਾ ਦਿਆ ਕਰਦਾ ਸੀ ਪਰ ਉਹ ਹੁਣ ਬਹੁਤ ਹੀ ਚੁੱਪ ਚੁੱਪ ਰਹਿਣ ਲਗਿਆ ਸੀ। ਅਦਾਲਤ ਵਿਚ ਦੋਨਾਂ ਪਾਸਿਆਂ ਦੇ ਵਕੀਲਾਂ ਨੇ ਜੱਜ ਤੇ ਜਿਊਰੀ ਸਾਹਮਣੇ ਆਪਣੀਆਂ ਦਲੀਲਾਂ ਰੱਖੀਆਂ। ਬਲਾਤਕਾਰ ਦੀ ਦਰਦਨਾਕ ਕਹਾਣੀ ਇਕ ਵਾਰ ਫਿਰ ਕਚਿਹਰੀ ਵਿਚ ਦੁਹਰਾਈ ਗਈ। ਸੁਰਜਨ ਸਿੰਘ ਕੇਸ ਨੂੰ ਮੈਨ ਸਲਾਟਰ ਸਿੱਧ ਕਰਨ ਦੀ ਕੋਸ਼ਿਸ਼ ਵਿਚ ਸੀ ਪਰ ਕਰ ਨਾ ਸਕਿਆ। ਪੁਲੀਸ ਦਾ ਕੇਸ ਜ਼ਿਆਦਾ ਮਜ਼ਬੂਤ ਸੀ। ਜਿਊਰੀ ਨੇ ਬਹੁਮਤ ਨਾਲ ਉਸ ਨੂੰ ਕਾਤਲ ਕਰਾਰ ਦੇ ਦਿਤਾ। ਸਭ ਦੇ ਚਿਹਰਿਆਂ 'ਤੇ ਮੁਰਦੇਹਾਨੀ ਛਾ ਗਈ। ਸੁਰਜਨ ਸਿੰਘ ਕਟਿਹਰੇ ਵਿਚ ਖੜਾ ਸਭ ਨੂੰ ਹੱਥ ਦੇ ਇਸ਼ਾਰੇ ਨਾਲ ਹੌਂਸਲਾ ਦਿੰਦਾ ਰਿਹਾ।

ਉਸ ਨੂੰ ਉਮਰ ਕੈਦ ਬੋਲ ਗਈ। ਉਮਰ ਕੈਦ ਵੀ ਹੋਮ ਔਫਿਸ ਦੇ ਮਰਜ਼ੀ ਤਕ।

## ਉਣੱਤੀ

ਰਾਤ ਭਰ ਬਰਫਬਾਰੀ ਹੁੰਦੀ ਰਹੀ। ਘਰਾਂ ਦੀਆਂ ਛੱਤਾਂ, ਬਗੀਚਿਆਂ, ਸੜਕਾਂ, ਕਾਰਾਂ, ਪਾਰਕਾਂ; ਸਭ ਪਾਸੇ ਮੋਟੀ ਚਿੱਟੀ ਰਜਾਈ ਵਿਛ ਗਈ। ਰੁੱਖਾਂ ਉਪਰ ਚਿੱਟੇ ਫੁੱਲ ਆ ਟਿਕੇ। ਸਵੇਰ ਸਾਰ ਠੰਡੀ ਹਵਾ ਚਲ ਪਈ ਜਿਸ ਕਾਰਨ ਨਰਮ ਚਿੱਟੀ ਰਜਾਈ ਪੱਥਰ ਬਣਨ ਲਗੀ। ਲੋਕ ਜਾਗਣੇ ਸ਼ੁਰੂ ਹੋ ਗਏ। ਕਮਰਿਆਂ ਦੇ ਪਰਦੇ ਹਟਾ ਕੇ ਦੇਖਦੇ ਤਾਂ ਬਰਫ ਦੇਖ ਕੇ ਉਹਨਾਂ ਦੇ ਚਿਹਰੇ ਪ੍ਰਸੰਨ ਹੋ ਜਾਂਦੇ। ਕਿੰਨੇ ਹੀ ਸਾਲਾਂ ਬਾਅਦ ਲੰਡਨ ਵਿਚ ਇੰਨੀ ਬਰਫ ਪਈ ਸੀ।

ਹੌਲੀ ਹੌਲੀ ਲੋਕ ਕੰਮਾਂ 'ਤੇ ਜਾਣ ਲਗੇ। ਗੱਡੀਆਂ ਬਰਫ ਦੀ ਖੂਬਸੂਰਤੀ ਨੂੰ ਗੰਦਾ ਕਰਨ ਲਗੀਆਂ। ਕਾਰਾਂ ਸਲਿਪ ਹੋ ਹੋ ਜਾਂਦੀਆਂ। ਹੈਰੋ ਵਿਚ ਤਾਂ ਹੋਰਨਾਂ ਇਲਾਕਿਆਂ ਨਾਲੋਂ ਬਰਫ ਪੈਂਦੀ ਵੀ ਜ਼ਿਆਦਾ ਸੀ। ਉੱਚਾ-ਨੀਵਾਂ ਇਲਾਕਾ ਹੋਣ ਕਰਕੇ ਕਾਰਾਂ ਚਲਾਉਣੀਆਂ ਹੋਰ ਵੀ ਔਖੀਆ ਪੈ ਰਹੀਆਂ ਸਨ।

ਸਤਿੰਦਰ ਨੇ ਪਰਦਾ ਹਟਾ ਕੇ ਬਰਫ ਦੇਖ ਰਹੀ ਸੀ ਕਿ ਘੜੀ ਦਾ ਅਲਾਰਮ ਵੱਜ ਗਿਆ। ਦੀਪੂ ਤੇ ਪ੍ਰੀਤੀ ਇਕੱਠੇ ਹੀ ਉਠ ਕੇ ਬਾਥਰੂਮ ਵਲ ਭੱਜ ਤੁਰੇ। ਪ੍ਰੀਤੀ ਪਹਿਲਾਂ ਜਾ ਵੜੀ ਤੇ ਦੀਪੂ ਬਾਹਰ ਖੜਾ ਦਰਵਾਜ਼ੇ ਨੂੰ ਕਿੱਕਾਂ ਮਾਰਨ ਲਗਿਆ। ਸਤਿੰਦਰ ਬੋਲੀ,

"ਤੂੰ ਹੇਠਾਂ ਵਾਲੀ ਟੁਆਇਲਟ ਵਿਚ ਚਲੇ ਜਾ ਤਾਂ।"

"ਇਹਨੂੰ ਕਹਿ ਹੇਠਾਂ ਜਾਵੇ।"

ਸਤਿੰਦਰ ਨੇ ਦੀਪੂ ਨੂੰ ਬਾਹੋਂ ਫੜਿਆ ਤੇ ਖਿਚਦੀ ਹੋਈ ਹੇਠਾਂ ਲੈ ਗਈ ਤੇ ਜਬਰਦਸਤੀ ਫੜ ਕੇ ਟੁਆਇਲਟ 'ਤੇ ਬੈਠਾ ਦਿਤਾ। ਫਿਰ ਉਹ ਪਤੀ ਨੂੰ ਉਠਾਉਣ ਬੈੱਡਰੂਮ ਵਿਚ ਆ ਗਈ ਪਰ ਪਤੀ ਨੇ ਰਜਾਈ ਹੋਰ ਖਿੱਚ ਕੇ ਲੈ ਲਈ। ਉਹ ਰਸੋਈ ਵਿਚ ਆ ਕੇ ਚਾਹ ਧਰਨ ਲਗ ਪਈ। ਪ੍ਰੀਤੀ ਟੁਇਲਟ ਤੋਂ ਵਿਹਲੀ ਹੋ ਕੇ ਲੌਂਜ ਵਿਚ ਆਈ ਤੇ ਵਾਲ ਵਾਹੁਣ ਲਗੀ। ਉਹ ਮਾਂ ਨੂੰ ਬੋਲੀ,

"ਮੰਮ, ਮੈਂ ਵਾਲ਼ ਕੱਟ ਲੈਣੇ ਆਂ। ਬਹੁਤ ਕੁਲਜਾਂ ਬਣਦੀਆਂ।"

"ਨਈਂ ਪੁੱਤ, ਕੱਟੇ ਵਾਲ਼ ਸੁਹਣੇ ਨਈਂ ਲਗਦੇ।"

"ਡੈਡੀ ਐਗਰੀ ਹੁੰਦੇ, ਤੂੰ ਕਿਉਂ ਨਈਂ ਹੁੰਦੀ?"

"ਡੈਡੀ ਤੇਰੇ ਦਾ ਕੀ ਐ!"

"ਫੇਰ ਦੀਪੂ ਦੇ ਕਿਉਂ ਕੱਟੇ?"

"ਬਹੁਤੀਆਂ ਗੱਲਾਂ ਨਾ ਕਰ, ਲਿਆ ਯੁਰੇ ਫੜਾ ਕੰਘੀ।"
"ਨਈਂ, ਤੂੰ ਦੁਕ ਲੈਣਾਂ।"

ਆਖਦੀ ਪ੍ਰੀਤੀ ਬਾਥਰੂਮ ਵਿਚ ਜਾ ਕੇ ਵਾਲਾਂ ਨੂੰ ਗਿੱਲੇ ਕਰਕੇ ਵਾਹੁਣ ਦੀ ਕੋਸ਼ਿਸ਼ ਕਰਨ ਲਗੀ। ਸਤਿੰਦਰ ਇਕ ਵਾਰ ਫਿਰ ਪਤੀ ਨੂੰ ਜਗਾਉਣ ਚਲੇ ਗਈ। ਉਹ ਉਸ ਨੂੰ ਮੋਢ੍ਹੇ ਤੋਂ ਫੜ ਕੇ ਹਿਲਾਉਂਦੀ ਬੋਲੀ,

"ਉਠੋ, ਦੇਖੋ ਬਾਹਰ ਸਨੋਅ ਪਈ ਐ, ...ਦੇਖੋ ਜ਼ਰਾ ਉਠ ਕੇ, ਕਿੰਨੀ ਬਿਊਟੀਫੁੱਲ ਲਗਦੀ ਐ।"
"ਤੇਰੇ ਨਾਲੋਂ ਵੀ ਜ਼ਿਆਦਾ?"

ਆਖਦਿਆਂ ਪਤੀ ਨੇ ਉਸ ਨੂੰ ਵੀ ਰਜਾਈ ਵਿਚ ਖਿਚ ਲਿਆ। ਸਤਿੰਦਰ ਪਤੀ ਨੂੰ ਚੁੰਬੜਦੀ ਬੋਲੀ,

"ਉਠੋ, ਨਈਂ ਤਾਂ ਮੈਨੂੰ ਵੀ ਨੀਂਦ ਆਉਣ ਲਗ ਪੈਣੀ ਆਂ। ...ਨਿਆਣੇ ਵੀ ਸਕੂਲੇ ਛੱਡਣੇ ਆਂ। ਨਾਲ਼ੇ ਕਾਰ ਸਟਾਟ ਕਰ ਕੇ ਦੇਖ ਲਓ ਕਿ ਹੁੰਦੀ ਵੀ ਐ ਕਿ ਨਈਂ।"
"ਨਿਆਣੇ ਤੂੰ ਸਕੂਲ ਛੱਡ ਆ, ਮੈਨੂੰ ਹਾਲੇ ਨੀਂਦ ਆਉਂਦੀ ਐ।"
"ਬਾਹਰ ਦਾ ਮੌਸਮ ਦੇਖੋ, ਭਲਾ ਮੈਂ ਕਾਰ ਚਲਾ ਲਊਂ?"

ਆਖਦੀ ਉਹ ਉਠ ਖੜੀ ਤੇ ਹੇਠਾਂ ਆ ਕੇ ਬੱਚਿਆਂ ਨੂੰ ਨਾਸ਼ਤੇ ਲਈ ਡਾਈਨਿੰਗ ਟੇਬਲ 'ਤੇ ਬੈਠਾ ਲਿਆ। ਦੀਪੂ ਕੁਝ ਵੀ ਖਾਣ ਤੋਂ ਇਨਕਾਰ ਕਰੀ ਜਾ ਰਿਹਾ ਸੀ। ਸਤਿੰਦਰ ਤਰ੍ਹਾਂ ਤਰ੍ਹਾਂ ਦੇ ਲਾਲਚ ਦੇ ਕੇ ਸੀਰੀਅਲ ਉਹਦੇ ਮੂੰਹ ਵਿਚ ਪਾ ਰਹੀ ਸੀ। ਪ੍ਰੀਤੀ ਆਪਣਾ ਸੀਰੀਅਲ ਮੁਕਾ ਕੇ ਪਿਓ ਨੂੰ ਹਾਕਾਂ ਮਾਰਨ ਲਗੀ,

"ਡੈਡ, ਕਮ ਔਨ, ਆ ਜੋ, ਸਨੋਅ ਮੈਨ ਮੇਕ ਕਰੀਏ।"

ਬੱਚੇ ਸਨੋਅਮੈਨ ਬਣਾਉਣ ਲਈ ਬਰਫ ਨੂੰ ਉਡੀਕਦੇ ਰਹਿੰਦੇ ਸਨ। ਸਤਿੰਦਰ ਬੋਲੀ,

"ਨਈਂ, ਬਾਹਰ ਨਈਂ ਨਿਕਲਣਾ, ਠੰਡ ਲਗ ਜਾਊ, ਨਾਲ਼ੇ ਸਿਰ ਢਕ।"

ਇੰਨੇ ਚਿਰ ਵਿਚ ਫੋਨ ਦੀ ਘੰਟੀ ਵੱਜਣ ਲਗੀ। ਪਤੀ ਉਪਰੋਂ ਹੀ ਬੋਲਿਆ,

"ਫੋਨ ਦੇਖੋ ਕਿਹਦਾ ਐ, ਮੇਰਾ ਹੋਇਆ ਤਾਂ ਕਹਿ ਦਈਂ ਦਸਾਂ ਮਿੰਟਾਂ 'ਚ ਦੁਬਾਰਾ ਕਰੋ।"

ਆਖਦਾ ਉਹ ਬਾਥਰੂਮ ਵਿਚ ਜਾ ਵੜਿਆ। ਸਤਿੰਦਰ ਨੇ ਫੋਨ ਸੁਣਿਆਂ ਤੇ ਬਾਥਰੂਮ ਦੇ ਬਾਹਰ ਖੜ ਕਹਿਣ ਲਗੀ,

"ਜਲਦੀ ਕਰੋ, ਤੁਸੀਂ ਤੇਜੀ ਤੇ ਸੂਰਜ ਨੂੰ ਵੀ ਲੈ ਕੇ ਜਾਣਾਂ।"
"ਕਿਉਂ? ...ਸਾਬ ਕਿਧਰ ਗਿਐ?
"ਉਹ ਕੰਮ 'ਤੇ ਨਿਕਲ ਗਿਐ, ਸਨੋਅ ਜਿਉਂ ਪਈ ਐ, ਬੀਜ਼ੀ ਹੋਊ।"

ਪਤੀ ਤਿਆਰ ਹੋ ਕੇ ਪੌੜੀਆਂ ਉਤਰਦਾ ਬੱਚਿਆਂ ਨੂੰ ਬੋਲਿਆ,

"ਚਲੋ ਬਈ ਕਾਰ ਦੇ ਸ਼ੀਸ਼ੇ ਸਾਫ ਕਰੋ ਤੇ ਨਾਲ ਸਨੋਅਮੈਨ ਬਣਾਉਣਾ ਸ਼ੁਰੂ ਕਰੋ।"
"ਕਿਉਂ, ਇਹਨਾਂ ਨੂੰ ਬਿਮਾਰ ਕਰਨੈ?"
"ਜੇ ਤੂੰ ਇਹਨਾਂ ਨੂੰ ਨਾਜ਼ਕ ਬਣਾ ਕੇ ਰੱਖਣਾ ਤਾਂ ਬਿਮਾਰ ਤਾਂ ਆਪੇ ਹੋਣਗੇ ਈ।"

ਆਖਦਾ ਉਹ ਦੋਵਾਂ ਬੱਚਿਆਂ ਨੂੰ ਉਂਗਲ ਲਾ ਕੇ ਬਾਹਰ ਨਿਕਲ ਗਿਆ। ਕਾਰ ਲਈ ਗੈਰਜ ਤਾਂ ਉਹਨਾਂ ਦੇ ਘਰ ਦੇ ਨਾਲ ਹੈ ਸੀ ਪਰ ਕਾਰ ਕਦੇ ਗੈਰਜ ਵਿਚ ਨਹੀਂ ਸੀ ਖੜੀ ਕੀਤੀ। ਉਸ ਨੇ ਕਾਰ ਦੇ ਸ਼ੀਸ਼ੇ ਸਾਫ ਕੀਤੇ। ਬੱਚਿਆਂ ਨੂੰ ਸਨੋਅਮੈਨ ਬਣਾਉਣ ਲਾ ਕੇ ਆਪ ਉਹ ਕਾਰ ਸਟਾਟ ਕਰਕੇ ਦੇਖਣ ਲਗ ਪਿਆ। ਕਾਰ ਪਹਿਲੀ ਸੈਲਫ ਨਾਲ ਹੀ ਚੱਲ ਪਈ। ਪਤਨੀ ਬੱਚਿਆਂ ਨੂੰ ਬਰਫ ਨਾਲ ਖੇਲ੍ਹਣ ਤੋਂ ਰੋਕਦੀ ਰਹੀ ਪਰ ਬੱਚੇ ਆਪੋ ਆਪਣਾ ਸਨੋਅਮੈਨ ਬਣਾਉਣ ਵਿਚ ਰੁਝੇ ਰਹੇ। ਪ੍ਰੀਤੀ ਨੇ ਆਪਣਾ ਸਨੋਅਮੈਨ ਲਗਭਗ ਬਣਾ ਲਿਆ ਪਰ ਦੀਪੂ ਤੋਂ ਬਣ ਨਹੀਂ ਸੀ ਰਿਹਾ ਇਸ ਲਈ ਉਹ ਰੋਣ ਲਗ ਪਿਆ। ਡੈਡੀ ਨੇ ਉਸ ਦੀ ਮੱਦਦ ਕੀਤੀ ਤਾਂ ਉਹ ਖੁਸ਼ ਹੋ ਗਿਆ। ਉਸ ਨੇ ਬੱਚਿਆਂ ਨੂੰ ਕਾਰ ਵਿਚ ਬੈਠਾਇਆ ਤੇ ਕਾਰ ਤੋਰ ਲਈ।

ਬਰਫ ਮਿਧਦੀ ਕਾਰ ਸੜਕ 'ਤੇ ਆ ਗਈ। ਇਹ ਛੋਟੀ ਰੋਡ ਸੀ, ਬਹੁਤੀਆਂ ਕਾਰਾਂ ਨਾ ਲੰਘੀਆਂ ਹੋਣ ਕਰਕੇ ਬਰਫ ਭੱਜੀ ਨਹੀਂ ਸੀ, ਕੌਂਸਲ ਵਾਲਿਆਂ ਨੇ ਇਧਰ ਗਰਿੱਟ ਵੀ ਨਹੀਂ ਸੀ ਛਿੜਕੀ। ਉਹ ਹੌਲੀ ਹੌਲੀ ਬਹੁਤ ਹੀ ਧਿਆਨ ਨਾਲ ਕਾਰ ਚਲਾ ਰਿਹਾ ਸੀ। ਮੁੱਖ ਸੜਕ ਤੇ ਆਇਆ ਤਾਂ ਇਹ ਕੁਝ ਰਮਾ ਹੋ ਚੁੱਕੀ ਸੀ। ਉਹ ਫਿਰ ਨਾਲ ਦੀ ਛੋਟੀ ਰੋਡ ਉਪਰ ਜਾ ਵੜਿਆ। ਉਸ ਨੇ ਦੂਜੇ ਬੱਚੇ ਵੀ ਲੈਣੇ ਸਨ। ਪ੍ਰੀਤੀ ਤੇ ਦੀਪੂ ਆਪਸ ਵਿਚ ਲੜਦੇ ਹੋਏ ਇਕ ਦੂਜੇ ਤੇ ਇਲਜ਼ਾਮ ਲਾਈ ਜਾ ਰਹੇ ਸਨ। ਇਕ ਦੂਜੇ ਦੀਆਂ ਡੈਡੀ ਕੋਲ ਸ਼ਿਕਾਇਤਾਂ ਵੀ ਕਰ ਰਹੇ ਸਨ। ਜਦ ਤੇਜੀ ਤੇ ਸੂਰਜ ਵੀ ਕਾਰ ਵਿਚ ਚੜ੍ਹ ਆਏ ਤਾਂ ਉਹ ਚਾਰੇ ਆਪਣੀਆਂ ਗੱਲਾਂ ਵਿਚ ਖੁੱਭ ਗਏ। ਨਵੀਆਂ ਵੀਡਿਓ ਗੇਮਾਂ ਬਾਰੇ ਗੱਲਾਂ ਕਰਨ ਲਗੇ। ਭਾਵੇਂ ਉਹਨਾਂ ਨੂੰ ਪੰਜਾਬੀ ਵਿਚ ਗੱਲਾਂ ਕਰਨ ਦੀ ਸਖਤ ਹਿਦਾਇਤ ਸੀ ਪਰ ਉਹ ਭੁੱਲ ਜਾਂਦੇ ਤੇ ਅੰਗਰੇਜ਼ੀ ਬੋਲਣ ਲਗਦੇ। ਝਿੜਕ ਖਾ ਕੇ ਫਿਰ ਪੰਜਾਬੀ ਵਲ ਆ ਜਾਂਦੇ।

www.PunjabiLibrary.com

ਬੱਚਿਆਂ ਦਾ ਸਕੂਲ ਕੁਝ ਦੂਰ ਸੀ। ਇਕ ਸਕੂਲ ਤਾਂ ਉਹਨਾਂ ਦੇ ਘਰ ਦੇ ਬਿਲਕੁਲ ਹੀ ਨਜ਼ਦੀਕ ਵੀ ਪਰ ਇਸ ਸਕੂਲ ਦੇ ਨਤੀਜੇ ਚੰਗੇ ਆਉਂਦੇ ਸਨ ਇਸ ਲਈ ਉਹਨਾਂ ਨੇ ਬੱਚੇ ਇਥੇ ਪਾਏ ਸਨ। ਅਜਿਹੇ ਮੌਸਮ ਵਿਚ ਮਾਪੇ ਭਾਵੇਂ ਔਖੇ ਹੋਣ ਪਰ ਬੱਚੇ ਪੂਰਾ ਅਨੰਦ ਲੈ ਰਹੇ ਸਨ।

ਸੁਰਿੰਦਰ ਤੋਂ ਅਲੱਗ ਹੋ ਕੇ ਗੁਲਵੰਤ ਜਿਸ ਘਰ ਵਿਚ ਗਿਆ ਸੀ ਉਹ ਸਰੂਪ ਦਾ ਸੀ। ਕੀਮਤਾਂ ਵਧਣ ਦੇ ਡਰੋਂ ਸਰੂਪ ਨੇ ਖਰੀਦ ਲਿਆ ਸੀ ਪਰ ਖਾਲੀ ਹੀ ਪਿਆ ਸੀ। ਰਾਜੂ ਵੀ ਇੰਡੀਆ ਤੋਂ ਮੁੜਿਆ ਤਾਂ ਉਸੇ ਘਰ ਵਿਚ ਹੀ ਆ ਟਿਕਿਆ। ਗੁਲਵੰਤ ਨੇ ਸੁਰਿੰਦਰ ਨੂੰ ਇਕ ਦਿਨ ਉਹ ਘਰ ਦਿਖਾਉਂਦਿਆਂ ਕਿਹਾ ਸੀ,

"ਪਰਸੋਂ ਨੂੰ ਆਪਾਂ ਚਾਬੀ ਦੇ ਦੇਣੀ ਆਂ, ਮੈਂ ਇਥੇ ਮੂਵ ਹੋ ਜਾਣਾਂ, ਮੈਂ ਚਾਹੁੰਨਾਂ ਤੂੰ ਵੀ ਸਿੱਧੀ ਏਥੇ ਆਵੇਂ।"

"ਗੁੱਲ, ਨੈਵਰ, ਇਹ ਗੱਲ ਤਾਂ ਭੁੱਲ ਈ ਜਾ। ...ਚੁੱਪ ਕਰਕੇ ਤੂੰ ਆਪਣੇ ਹਿੱਸੇ ਦਾ ਸਮਾਨ ਚੁੱਕ ਲਿਆ।"

"ਨਈਂ, ਮੈਂ ਕੋਈ ਸਮਾਨ ਨਈਂ ਚੁੱਕਣਾਂ, ਜੋ ਤੂੰ ਲੈ ਕੇ ਜਾਣਾ ਲੈ ਜਾਹ ਤੇ ਬਾਕੀ ਛੱਡ ਜਾਈਂ।"

"ਗੁੱਲ ਤੇਰੀ ਮਰਜ਼ੀ।"

ਗੁੱਲ ਇਕ ਵਾਰ ਉਸ ਘਰ ਵਿਚੋਂ ਅਜਿਹਾ ਗਿਆ ਕਿ ਮੁੜ ਉਧਰ ਨੂੰ ਮੂੰਹ ਨਹੀਂ ਸੀ ਕੀਤਾ। ਸੁਰਿੰਦਰ ਹੌਲੀ ਹੌਲੀ ਸਮਾਨ ਡੈਡੀ ਦੇ ਘਰ ਚੁੱਕ ਲੈ ਗਈ। ਚਾਬੀ ਨਵੇਂ ਖਰੀਦਦਾਰ ਨੂੰ ਦੇ ਦਿਤੀ ਗਈ। ਗੁਲਵੰਤ ਦੇ ਹਿੱਸੇ ਦਾ ਚੈੱਕ ਉਸ ਨੂੰ ਪੁੱਜਦਾ ਹੋ ਗਿਆ।

ਰਾਜੂ ਨੇ ਇੰਡੀਆ ਤੋਂ ਆਉਂਦੇ ਨੇ ਹੀ ਗੈਰਜ ਦੇਖਣੀ ਸ਼ੁਰੂ ਕਰ ਦਿਤੀ। ਪੈਸੇ ਤਾਂ ਉਸ ਕੋਲ ਪਏ ਹੀ ਸਨ। ਇਹਨਾਂ ਦਿਨਾਂ ਵਿਚ ਹੀ ਉਸ ਦਾ ਤਲਾਕ ਵੀ ਹੋ ਗਿਆ। ਫਿਰ ਉਸ ਨੇ ਆਪਣਾ ਅਲੱਗ ਘਰ ਖਰੀਦ ਲਿਆ ਤੇ ਛੇਤੀ ਹੀ ਇਕ ਗੈਰਜ ਵੀ ਖੋਹਲ ਲਈ। ਗੁਲਵੰਤ ਨੇ ਰੁਆਇਲ ਡੀਨ ਵਿਚੋਂ ਕੰਮ ਛੱਡ ਦਿਤਾ ਸੀ। ਕੁਝ ਦੇਰ ਵਿਹਲਾ ਰਹਿ ਕੇ ਉਹ ਇਕ ਇਸਟੇਟ ਏਜੰਟ ਨਾਲ ਕੰਮ ਕਰਨ ਜਾ ਲਗਿਆ। ਰਾਜੂ ਦੀ ਗੈਰਜ ਛੇਤੀ ਹੀ ਚੱਲ ਪਈ ਪਰ ਗੁਲਵੰਤ ਦਾ ਕੰਮ ਸਾਵਾਂ ਹੀ ਸੀ। ਇਸਟੇਟ ਏਜੰਟ ਤਨਖਾਹ ਥੋੜੀ ਹੀ ਦਿੰਦਾ ਸੀ। ਰਾਜੂ ਬਹੁਤ ਕਹਿੰਦਾ ਕਿ ਉਸ ਨਾਲ ਗੈਰਜ ਵਿਚ ਹੀ ਆ ਜਾਵੇ ਪਰ ਉਸ ਨੂੰ ਗੈਰਜ ਵਾਲਾ ਕੰਮ ਬਹੁਤਾ ਪਸੰਦ ਨਹੀਂ ਸੀ।

ਗੁਲਵੰਤ ਇਸਟੇਟ ਏਜੰਟ ਵਿਚ ਕੰਮ ਕਰਨ ਲਗਿਆ ਤਾਂ ਉਸ ਦਾ ਤਜੁਰਬਾ ਹੋਇਆ ਕਿ ਬਾਹਰੋਂ ਸੌਖਾ ਜਿਹਾ ਦਿਸਦਾ ਕੰਮ ਅਸਲ ਵਿਚ ਬਹੁਤ ਔਖਾ ਸੀ। ਵਿਓਪਾਰਕ ਮੁਕਾਬਲਾ ਲੋਹੜੇ ਦਾ ਸੀ। ਇਸ਼ਤਿਹਾਰਬਾਜ਼ੀ ਉਪਰ ਵੀ ਬਹੁਤ ਖਰਚ ਕਰਨਾ ਪੈਂਦਾ। ਗਾਹਕ ਵੀ ਹੇਰਾਫੇਰੀ ਕਰ ਜਾਂਦੇ। ਬੈਂਕਾਂ-ਬਿਲਡਿੰਗ ਸੁਸਾਇਟੀਆਂ ਵਾਲਿਆਂ ਨਾਲ ਦੋਸਤੀਆਂ ਰੱਖਣੀਆਂ ਪੈਂਦੀਆਂ ਤਾਂ ਜੋ ਗਾਹਕਾਂ ਨੂੰ ਕਰਜ਼ਾ ਦੁਆਇਆ ਜਾ ਸਕੇ।

ਇਸਟੇਟ ਏਜੰਟ ਨਾਲ ਕੰਮ ਕਰਨ ਦਾ ਇਕ ਫਾਇਦਾ ਉਸ ਨੂੰ ਇਹ ਹੋਇਆ ਕਿ ਉਸ ਨੂੰ ਵਿਬੀਅਨ ਮਿਲ ਪਈ। ਉਹ ਉਥੇ ਹੀ ਕੰਮ ਕਰਦੀ ਸੀ। ਉਸ ਦੀ ਆਪਣੇ ਬੁਆਏ ਫਰੈਂਡ ਨਾਲੋਂ ਪੰਜ ਸਾਲ ਬਾਅਦ ਛੱਡ-ਛਡਾਈ ਹੋਈ ਸੀ। ਉਹ ਕਿਸੇ ਅਮੀਰ ਔਰਤ ਨਾਲ ਜਾ ਰਹਿਣ ਲਗਿਆ ਸੀ। ਇਧਰ ਗੁਲਵੰਤ ਦਾ ਵੀ ਦਿਲ ਟੁੱਟਿਆ ਹੋਇਆ ਸੀ। ਦੋਵੇਂ ਹੀ ਇਕ ਦੂਜੇ ਲਈ ਸਹਾਰਾ ਬਣ ਗਏ, ਦੋ ਦਿਲਾਂ ਦਾ ਆਰਜ਼ੀ ਜਿਹਾ ਬੰਨ-ਛੁੱਬ ਹੋ ਗਿਆ। ਗੁਲਵੰਤ ਨੂੰ ਕੰਮ ਕਰਦੇ ਨੂੰ ਸਾਲ ਵੀ ਨਹੀਂ ਹੋਇਆ ਹੋਣਾ ਕਿ ਇਸਟੇਟ ਏਜੰਟ ਦੇ ਮਾਲਕ ਨੇ ਦੁਕਾਨ ਵੇਚ ਦਿਤੀ। ਨਵੇਂ ਮਾਲਕ ਨੂੰ ਗੁਲਵੰਤ ਦੀ ਜ਼ਰੂਰਤ ਨਹੀਂ ਸੀ। ਉਹ ਇਕ ਵਾਰ ਫਿਰ ਵਿਹਲਾ ਹੋ ਗਿਆ। ਇਕ ਦਿਨ ਸਰੂਪ ਉਸ ਨੂੰ ਬੋਲਿਆ,

"ਕਿਉਂ ਨਈਂ ਤੂੰ ਦੁਕਾਨ ਲੈ ਲੈਂਦਾ, ਕਹੇਂ ਤਾਂ ਮੈਂ ਦੇਖਣੀ ਸ਼ੁਰੂ ਕਰ ਦਿੰਨਾਂ।"

"ਭਾਜੀ, ਮੇਰੇ ਤੋਂ ਤੁਹਾਡੇ ਜਿੰਨੇ ਘੰਟੇ ਕੰਮ ਨਈਂ ਕਰ ਹੋਣਾਂ।"

"ਡਾਕਖਾਨੇ ਵਿਚ ਇੰਨੇ ਘੰਟੇ ਲਾਉਂਦਾ ਰਿਹਾਂ, ਦੁਕਾਨ ਵਿਚ ਵੀ ਓਨੇ ਕੁ ਈ ਲਗਦੇ ਆ, ਨਈਂ ਤਾਂ ਇਸਟੇਟ ਏਜੰਸੀ ਈ ਖੋਹਲ ਲੈ, ਹੁਣ ਤਜੁਰਬਾ ਤਾਂ ਤੈਨੂੰ ਹੈਗਾ ਈ।"

ਸਰੂਪ ਦੀ ਗੱਲ ਉਸ ਨੂੰ ਪਸੰਦ ਆ ਗਈ। ਉਹ ਦੁਕਾਨ ਲੱਭਣ ਲਗਿਆ। ਮਹੀਨਾ ਕੁ ਘੁੰਮ ਕੇ ਉਸ ਨੂੰ ਈਲਿੰਗ ਰੋਡ ਉਪਰ ਇਕ ਖਾਲੀ ਦੁਕਾਨ ਮਿਲ ਗਈ। ਉਥੇ ਉਸ ਨੇ ਆਪਣੀ ਇਸਟੇਟ ਏਜੰਸੀ ਖੋਹਲ ਲਈ; 'ਟੈੱਨ ਬਾਈ ਟੈੱਨ ਇਸਟੇਟ ਏਜੰਸੀ'। ਇਹ ਬੂਮ ਦਾ ਵਕਤ ਸੀ ਘਰਾਂ-ਦੁਕਾਨਾਂ ਦੀ ਬਹੁਤ ਮੰਗ ਸੀ। ਲੋਕ ਮੂੰਹ ਮੰਗੀ ਕੀਮਤ ਦੇ ਰਹੇ ਸਨ। ਬੈਂਕਾਂ ਵਾਲੇ ਵੀ ਮਨਚਾਹੇ ਕਰਜ਼ੇ ਦੇਈ ਜਾ ਰਹੇ ਸਨ। ਗੁਲਵੰਤ ਨੇ ਲੋਕਲ ਅਖਬਾਰਾਂ ਵਿਚ ਮਸ਼ਹੂਰੀਆਂ ਦੇਣੀਆਂ ਸ਼ੁਰੂ ਕਰ ਦਿਤੀਆਂ। ਘਰਾਂ ਵਿਚ ਵੀ ਇਸ਼ਤਿਹਾਰ ਸੁਟਵਾਏ। ਘਰ ਵੇਚਣ ਦੇ ਨਾਲ ਨਾਲ ਉਸ ਨੇ ਘਰਾਂ ਨੂੰ ਕਿਰਾਏ 'ਤੇ ਦੇਣ ਦਾ ਕੰਮ ਵੀ ਸ਼ੁਰੂ ਕਰ ਲਿਆ। ਹੌਲੀ

www.PunjabiLibrary.com

ਹੌਲੀ ਉਹ ਵਿਅਸਤ ਹੋਣ ਲਗਿਆ। ਵਿਬੀਅਨ ਉਸ ਨਾਲ ਕੰਮ ਕਰਨ ਆ ਲਗੀ। ਫਿਰ ਉਸ ਨੂੰ ਇਕ ਹੋਰ ਔਰਤ ਲਿੰਡੇ ਵੀ ਕੰਮ ‘ਤੇ ਰੱਖਣੀ ਪਈ।

ਸਰੂਪ ਕੁਝ ਦਿਨਾਂ ਲਈ ਇੰਡੀਆ ਗਿਆ ਹੋਇਆ ਸੀ। ਵਾਪਸ ਮੁੜਦਾ ਹੀ ਗੁਲਵੰਤ ਨੂੰ ਫੋਨ ਕਰਕੇ ਬੋਲਿਆ,

‘‘ਤੇਰੇ ਤਲਾਕ ਵਾਲ਼ਾ ਕੀ ਫੰਡਾ ਬਈ?’’

‘‘ਭਾਜੀ, ਮੈਂ ਕਹਿੰਦਾ ਸੀ ਕਿ ਕਿਸੇ ਤਰ੍ਹਾਂ ਬਚ ਜਾਏ, ਤਲਾਕ ਨਾ ਹੋਵੇ।’’

‘‘ਇੰਨੇ ਸਾਲ ਹੋ ਗਏ ਕੇਸ ਚਲਦੇ ਨੂੰ, ਦੋ ਸਾਲ ਦੀ ਸੈਪੇਰੇਸ਼ਨ ਤੋਂ ਬਾਅਦ ਤਾਂ ਓਦਾਂ ਈ ਤਲਾਕ ਹੋ ਜਾਂਦਾ, ਤੂੰ ਐਵੇਂ ਈ ਰੱਸੀ ਨੂੰ ਸੱਪ ਸਮਝ ਕੇ ਕੁਟੀ ਜਾਂਨੈ, ਚੁੱਪ ਕਰਕੇ ਤਲਾਕ ਲੈ ਤੇ ਵਿਹਲਾ ਹੋ, ਇੰਡੀਆ ਵਾਲ਼ੇ ਤੇਰੀ ਵੇਟ ਕਰੀ ਜਾਂਦੇ ਆ।’’

ਉਸ ਨੂੰ ਵੀ ਲਗਿਆ ਕਿ ਬਹੁਤ ਹੋ ਗਿਆ ਹੈ। ਵਕੀਲ ਵੀ ਇਹੋ ਸਲਾਹ ਦੇ ਰਿਹਾ ਸੀ ਕਿ ਤਲਾਕ ਨੂੰ ਲਟਕਾਉਣ ਦਾ ਕੋਈ ਫਾਇਦਾ ਨਹੀਂ ਹੈ। ਕਿੰਨਾ ਕੁਝ ਸੋਚ ਕੇ ਉਸ ਨੇ ਸੁਰਿੰਦਰ ਨੂੰ ਫੋਨ ਕੀਤਾ,

‘‘ਕਿਉਂ ਬਈ ਟੈੱਨ ਬਾਈ ਟੈੱਨ, ਤੂੰ ਕਹਿੰਦੀ ਸੀ ਕਿ ਡੈਡੀ ਦਾ ਕੇਸ ਕਿਸੇ ਕੰਢੇ ਲਗ ਜਾਵੇ, ਹੁਣ ਤਾਂ ਜਿਹੜਾ ਵੀ ਫੈਸਲ ਹੋਣਾ ਸੀ ਹੋ ਗਿਆ, ਹੁਣ ਤਾਂ ਆ ਜਾ।’’

‘‘ਨਈਂ ਗੁੱਲ, ਸੁਖਵੀਰ ਨੇ ਮੇਰੇ ਕਰਕੇ ਆਪਣੀ ਜ਼ਿੰਦਗੀ ਖਰਾਬ ਕੀਤੀ ਸੀ, ਇਹ ਕਿਸੇ ਕੰਢੇ ਲਗ ਜਾਵੇ, ਮੈਂ ਆਪਣੇ ਬਾਰੇ ਫੇਰ ਸੋਚੂੰਗੀ।’’

‘‘ਦੇਖ, ਮੇਰੇ ਘਰਦੇ ਮੇਰੇ ਪਿੱਛੇ ਪਏ ਹੋਏ ਆ ਕਿ ਜਾਂ ਤਾਂ ਸੁਰਿੰਦਰ ਨੂੰ ਲਿਆ ਜਾਂ ਫੇਰ ਹੋਰ ਵਿਆਹ ਕਰਾ।’’

‘‘ਤੂੰ ਹੋਰ ਵਿਆਹ ਕਰਾ ਲੈ।’’

‘‘ਜਾਣੀ ਕਿ ਤੂੰ ਨਈਂ ਆਉਣਾ।’’

‘‘ਕਿਹੜੀ ਕੁੜੀ ਚਾਹੂ ਕਿ ਉਹਦਾ ਘਰ ਨਾ ਵਸੇ ਪਰ ਮੇਰੀਆਂ ਕੁਝ ਮਜਬੂਰੀਆਂ ਹੈਗੀਆਂ, ...ਸਮਝ।’’

ਗੁਲਵੰਤ ਨੇ ਵਕੀਲ ਦੇ ਜਾ ਕੇ ਤਲਾਕ ਦੀ ਪਟੀਸ਼ਨ ‘ਤੇ ਦਸਤਖਤ ਕਰ ਦਿਤੇ। ਨਾਲ ਹੀ ਅੰਮ੍ਰਿਤ ਦੇ ਖਰਚੇ ਤੇ ਐਕਸੈੱਸ ਦਾ ਕੇਸ ਵੀ ਨਿਬੱੜ ਗਿਆ। ਤੀਹ ਪੌਂਡ ਉਸ ਨੂੰ ਹਫਤੇ ਦਾ ਖਰਚ ਪੈ ਗਿਆ ਜਿਹੜਾ ਕਿ ਅੰਮ੍ਰਿਤ ਦੇ ਸੋਲਾਂ ਸਾਲ ਦੀ ਹੋਣ ਤਕ ਦੇਣਾ ਪੈਣਾ ਸੀ। ਉਸ ਨੂੰ ਮਹੀਨੇ ਵਿਚ ਚਾਰ ਘੰਟੇ ਮਿਲਣ ਦਾ ਐਕਸੈੱਸ ਮਿਲ ਗਿਆ। ਪਹਿਲੇ ਮਹੀਨੇ ਉਹ ਗਿਆ ਤੇ ਅੰਮ੍ਰਿਤ ਨੂੰ ਇਧਰ ਓਧਰ ਘੁਮਾ ਕੇ ਕੁਝ ਤੋਹਫੇ ਦੇ ਕੇ ਛੱਡ ਆਇਆ। ਐਤਵਾਰ ਦਾ ਹੀ ਦਿਨ ਉਸ ਕੋਲ ਖਾਲੀ ਹੁੰਦਾ ਸੀ ਤੇ ਐਤਵਾਰ ਦੇ ਦਿਨ ਹੀ ਸੁਰਿੰਦਰ ਨੇ ਸੁਰਜਨ ਸਿੰਘ ਨੂੰ ਮਿਲਣ ਜਾਣਾ ਹੁੰਦਾ ਸੀ। ਦੋ ਕੁ ਵਾਰ ਤੋਂ ਬਾਅਦ ਸੁਰਿੰਦਰ ਪਹਿਲਾਂ ਜਿਹੇ ਹੀ ਬਹਾਨੇ ਬਣਾਉਣ ਲਗੀ; ਅੰਮ੍ਰਿਤ ਠੀਕ ਨਹੀਂ ਹੈ, ਅੰਮ੍ਰਿਤ ਦੀ ਸਹੇਲੀ ਦਾ ਜਨਮਦਿਨ ਹੈ, ਉਥੇ ਜਾਣਾ ਹੈ ਆਦਿ। ਦੋ ਵਾਰ ਉਹ ਸੁਰਿੰਦਰ ਦੇ ਘਰੋਂ ਅੰਮ੍ਰਿਤ ਨੂੰ ਦੇਖੇ ਬਿਨਾਂ ਮੁੜ ਆਇਆ। ਸੁਰਿੰਦਰ ਡਰਨ ਲਗਦੀ ਸੀ ਕਿ ਕਿਤੇ ਉਹ ਅੰਮ੍ਰਿਤ ਨੂੰ ਉਸ ਤੋਂ ਖੋਹ ਹੀ ਨਾ ਲਵੇ। ਜਦ ਵੀ ਅੰਮ੍ਰਿਤ ਉਸ ਨਾਲ ਬਾਹਰ ਜਾਂਦੀ ਤਾਂ ਕਈ ਦਿਨ ਤਕ ‘ਡੈਡੀ, ਡੈਡੀ’ ਦੀ ਮੁਹਾਰਨੀ ਪੜ੍ਹਦੀ ਰਹਿੰਦੀ। ਹਾਰ ਕੇ ਗੁਲਵੰਤ ਨੂੰ ਇੰਨਾ ਗੁੱਸਾ ਚੜ੍ਹਿਆ ਕੇ ਆਪਣਾ ਕੰਮ ਵਿਬੀਅਨ ਨੂੰ ਸੰਭਾਲ ਕੇ ਤਿੰਨ ਹਫਤੇ ਲਈ ਇੰਡੀਆ ਨੂੰ ਚੜ੍ਹ ਗਿਆ। ਵਿਆਹ ਕਰਾ ਆਇਆ।

ਬਾਕੀ ਸਾਰੇ ਤਾਂ ਉਸ ਦੇ ਹੋਰ ਵਿਆਹ ਕਰਾ ਲੈਣ ‘ਤੇ ਖੁਸ਼ ਸਨ ਪਰ ਵਿਬੀਅਨ ਉਸ ਨਾਲ ਗੁੱਸੇ ਹੋ ਗਈ। ਉਸ ਨੇ ਗੁਲਵੰਤ ਤੋਂ ਬਹੁਤ ਆਸਾਂ ਰੱਖ ਲਈਆਂ ਸਨ। ਭਾਵੇਂ ਉਹ ਇਕੱਠੇ ਨਹੀਂ ਸਨ ਰਹਿੰਦੇ ਪਰ ਫਿਰ ਵੀ ਉਹ ਉਸ ਨੂੰ ਪਿਆਰ ਕਰਨ ਲਗੀ ਸੀ। ਉਸ ਨੇ ਵਿਬੀਅਨ ਨੂੰ ਸਪੱਸ਼ਟ ਵੀ ਕੀਤਾ ਹੋਇਆ ਸੀ ਕਿ ਉਹਨਾਂ ਦੇ ਸਬੰਧ ਆਰਜ਼ੀ ਹਨ ਤੇ ਹੋ ਸਕਦਾ ਹੈ ਉਸ ਦੀ ਪਤਨੀ ਵਾਪਸ ਮੁੜ ਆਵੇ ਪਰ ਵਿਬੀਅਨ ਨੇ ਉਸ ਦਾ ਵਿਆਹ ਕਰਾਉਣਾ ਦਿਲ ਨੂੰ ਲਾ ਲਿਆ ਤੇ ਕੰਮ ਛੱਡ ਕੇ ਅਲੋਪ ਹੋ ਗਈ। ਅਜਿਹੀ ਅਲੋਪ ਹੋਈ ਕਿ ਮੁੜ ਕੇ ਆਪਣੀ ਤਨਖਾਹ ਲੈਣ ਵੀ ਨਹੀਂ ਆਈ ਤੇ ਨਾ ਹੀ ਦਫਤਰ ਦੀਆਂ ਡੁਪਲੀਕੇਟ ਚਾਬੀਆਂ ਵਾਪਸ ਕਰਨ ਆਈ। ਗੁਲਵੰਤ ਨੇ ਕੰਮ ਲਈ ਵਿਬੀਅਨ ਦੀ ਥਾਂ ਸਾਈਮਨ ਰੱਖ ਲਿਆ। ਸਾਈਮਨ ਆਪਣੇ ਕੰਮ ਵਿਚ ਪੂਰੀ ਤਰ੍ਹਾਂ ਨਿਪੁੰਨ ਸੀ। ਉਸ ਨੇ ਤਨਖਾਹ ਭਾਵੇਂ ਕੁਝ ਜ਼ਿਆਦਾ ਮੰਗੀ ਸੀ ਪਰ ਗੁਲਵੰਤ ਨੂੰ ਪੁੱਗਦਾ ਸੀ।

ਗੁਲਵੰਤ ਦੇ ਵਿਆਹ ਕਰਾਉਣ ਮਗਰੋਂ ਰਾਜੂ ਵੀ ਇੰਡੀਆ ਤੁਰ ਗਿਆ। ਉਸ ਨੇ ਵੀ ਜਾਂਦਿਆਂ ਹੀ ਵਿਆਹ ਕਰਾ ਲਿਆ। ਗੁਲਵੰਤ ਨੇ ਨਾਲ ਦੀ ਹੀ ਰੋਡ ‘ਤੇ ਆਪਣੇ ਲਈ ਘਰ ਖਰੀਦ ਲਿਆ। ਉਸ ਦੀ ਪਤਨੀ ਇੰਡੀਆ ਤੋਂ ਪੁੱਜ ਗਈ। ਜ਼ਿੰਦਗੀ ਮੁੜ ਲੀਹੇ ਪੈ ਤੁਰੀ।

ਉਹਨਾਂ ਦੇ ਘਰ ਪਹਿਲਾ ਬੱਚਾ ਕੁੜੀ ਹੋਈ; ਪ੍ਰੀਤੀ। ਬਿਲਕੁਲ ਅੰਮ੍ਰਿਤ ਵਰਗੀ। ਗੁਲਵੰਤ ਦੀ ਟੀਸ ਕੁਝ ਘਟਣ ਲਗੀ। ਸਾਲ ਬਾਅਦ ਹੀ ਦੀਪੂ ਆ ਗਿਆ। ਇਹਨਾਂ ਦਿਨਾਂ ਵਿਚ ਹੀ ਉਹ ਅੰਮ੍ਰਿਤ ਨੂੰ ਮਿਲ ਵੀ ਨਾ ਸਕਿਆ ਤੇ ਲੋੜ ਵੀ ਮਹਿਸੂਸ ਨਾ

www.PunjabiLibrary.com

ਹੋਈ। ਉਹ ਅੰਮ੍ਰਿਤ ਨੂੰ ਮਿਲਣ ਲਈ ਸੁਰਿੰਦਰ ਨੂੰ ਫੋਨ ਕਰਦਾ ਤਾਂ ਉਹ ਅਗਿਓਂ ਉਲਟੀ ਸਿੱਧੀ ਗੱਲ ਕਰ ਦਿੰਦੀ। ਸਤਿੰਦਰ ਕਈ ਵਾਰ ਕਹਿ ਦਿੰਦੀ,

"ਜਾਓ, ਅੰਮ੍ਰਿਤ ਨੂੰ ਲੈ ਆਓ, ਮੈਂ ਵੀ ਦੇਖ ਲਵਾਂ, ਸਾਰੇ ਕਹਿੰਦੇ ਪ੍ਰੀਤੀ ਬਿਲਕੁਲ ਓਹਦੇ ਵਰਗੀ ਐ।"

ਗੁਲਵੰਤ ਹੱਸ ਕੇ ਟਾਲ਼ ਦਿੰਦਾ। ਹੌਲੀ ਹੌਲੀ ਸੁਰਿੰਦਰ ਉਸ ਦੇ ਦਿਲ ਦੇ ਪਿਛਲੇ ਰਖਨਿਆਂ ਵਿਚ ਪੁੱਜਦੀ ਹੋਣ ਲਗੀ ਪਰ ਜਦ ਕਦੇ ਉਸ ਦੀ ਯਾਦ ਦਾ ਝੋਂਕਾ ਆਉਂਦਾ ਤਾਂ ਉਸ ਦੇ ਦਿਲ ਵਿਚ ਤਾਰ ਜਿਹੀ ਫਿਰ ਜਾਂਦੀ ਤੇ ਉਹ ਸੀਨਾ ਫੜ੍ਹ ਕੇ ਬਹਿ ਜਾਂਦਾ। ਫਿਰ ਵੀ ਉਹ ਨਵੇਂ ਜੀਵਨ ਵਿਚ ਸਹਿਜ ਹੋ ਗਿਆ ਸੀ। ਹੁਣ ਰਾਜੂ ਦੇ ਵੀ ਦੋ ਬੱਚੇ ਹੋ ਗਏ ਸਨ, ਲਗਭਗ ਉਸ ਦੇ ਬੱਚਿਆਂ ਦੀ ਉਮਰ ਦੇ ਹੀ। ਉਹ ਆਪਣੇ ਘਰ ਠੀਕ ਸੀ।

ਗੁਲਵੰਤ ਦਾ ਕਾਰੋਬਾਰ ਠੀਕ ਚਲ ਰਿਹਾ ਸੀ ਕਿ ਇੰਗਲੈਂਡ ਦੇ ਹਾਲਾਤ ਬਦਲਣ ਲਗੇ। ਇੰਗਲੈਂਡ ਦੇ ਕੀ ਪੂਰੇ ਯੌਰਪ ਦੀ ਇਕੌਨੋਮੀ ਵਿਚ ਜਿਹੜਾ ਬੂਮ ਆਇਆ ਸੀ ਉਸ ਨੇ ਮੰਦਵਾੜੇ ਦਾ ਰੂਪ ਧਾਰਨ ਕਰਨਾ ਸ਼ੁਰੂ ਕਰ ਦਿਤਾ। ਥੈਚਰ ਸਰਕਾਰ ਬਰਤਾਨਵੀ ਇਕੌਨੋਮੀ ਨੂੰ ਨਕਲੀ ਟੀਕੇ ਲਾ ਲਾ ਕੇ ਖੜਾ ਕਰਨ ਦੀ ਕੋਸ਼ਿਸ਼ ਕਰਦੀ ਜਾ ਰਹੀ ਸੀ; ਕਦੇ ਟੈਲੀਫੋਨ ਮਹਿਕਮਾ ਵੇਚ ਦਿਤਾ ਤੇ ਕਦੇ ਗੈਸ ਤੇ ਕਦੇ ਬਿਜਲੀ ਮਹਿਕਮਾ। ਜਾਇਦਾਦਾਂ ਦੀਆਂ ਕੀਮਤਾਂ ਲੋੜ ਤੋਂ ਕਿਤੇ ਉਪਰ ਚਲੇ ਗਈਆਂ ਸਨ। ਮੰਦਵਾੜੇ ਕਾਰਨ ਵੱਡੀਆਂ ਵੱਡੀਆਂ ਫੈਕਟਰੀਆਂ ਤੇ ਫਰਮਾਂ ਬੰਦ ਹੋਣ ਲਗੀਆਂ, ਲੋਕ ਵਿਹਲੇ ਹੋਣ ਲਗ ਪਏ। ਨੌਕਰੀ ਨਾ ਹੋਣ ਕਰਕੇ ਲੋਕਾਂ ਤੋਂ ਘਰਾਂ ਦੀਆਂ ਕਿਸ਼ਤਾਂ ਮੋੜਨੀਆਂ ਔਖੀਆ ਹੋ ਗਈਆਂ। ਲੋਕਾਂ ਦੇ ਦਿਵਾਲ਼ੇ ਨਿਕਲਣ ਲਗ ਪਏ। ਬੈਂਕਾਂ ਘਰਾਂ ਉਪਰ ਕਬਜ਼ਾ ਕਰਨ ਲਗੀਆਂ। ਮਾਰਕੀਟ ਵਿਚ ਵੇਚਣ ਵਾਲੇ ਘਰਾਂ ਦੀ ਗਿਣਤੀ ਇੰਨੀ ਹੋ ਗਈ ਕਿ ਘਰਾਂ ਦੀਆਂ ਕੀਮਤਾਂ ਇਕ ਦਮ ਹੇਠਾਂ ਆ ਗਈਆਂ। ਘਰ ਵਿਕਣੇ ਮੁਸ਼ਕਲ ਹੋ ਗਏ। ਬਹੁਤ ਸਾਰੇ ਲੋਕ ਆਪਣੇ ਬੈਂਕ ਜਾਂ ਬਿਲਡਿੰਗ ਸੁਸਾਇਟੀ ਕੋਲ ਜਾਂਦੇ ਤੇ ਘਰ ਦੀ ਚਾਬੀ ਫੜਾ ਆਉਂਦੇ। ਆਕੇ ਕੌਂਸਲ ਦੀ ਸ਼ਰਣ ਵਿਚ ਚਲੇ ਜਾਂਦੇ। ਨਤੀਜਨ ਬੈਂਕ ਤੇ ਬਿਲਡਿੰਗ ਸੁਸਾਇਟੀਆਂ ਫੇਹਲ ਹੋਣ ਲਗੇ। ਅਰਥ ਸ਼ਾਸ਼ਤਰੀ ਹੈਰਾਨ ਸਨ ਕਿ ਬੈਂਕਾਂ ਨੇ ਲੋਕਾਂ ਨੂੰ ਜਾਇਦਾਦ ਦੀ ਕੀਮਤ ਤੋਂ ਵੱਧ ਕਰਜ਼ੇ ਕਿਵੇਂ ਦੇ ਦਿਤੇ। ਇਹ ਕਹਾਵਤ ਬਣ ਗਈ ਕਿ ਜਿਹੜਾ ਇਸ ਮੰਦਵਾੜੇ ਤੋਂ ਬਚ ਗਿਆ ਉਹ ਕਦੇ ਮਾਰ ਨਹੀਂ ਖਾਂਦਾ।

ਇਸ ਦਾ ਅਸਰ ਗੁਲਵੰਤ 'ਤੇ ਪੈਣਾ ਕੁਦਰਤੀ ਸੀ ਪਰ ਉਸ ਦੇ ਕਿਰਾਏ 'ਤੇ ਦਿਤੇ ਘਰਾਂ ਵਿਚੋਂ ਕੁਝ ਆਮਦਨ ਆ ਰਹੀ ਸੀ। ਉਸ ਨਾਲ ਕੰਮ ਕਰਦਾ ਸਾਈਮਨ ਤੇਜ਼ ਬੰਦਾ ਸੀ ਉਹ ਕੋਈ ਨਾ ਕੋਈ ਜੁਗਾੜ ਬਣਾਈ ਰੱਖਦਾ ਪਰ ਫਿਰ ਵੀ ਉਸ ਨੇ ਲਿੰਡੇ ਨੂੰ ਕੰਮ ਤੋਂ ਹਟਾ ਦਿਤਾ ਸੀ। ਇਸ ਮੰਦਵਾੜੇ ਦਾ ਜੇ ਕਿਸੇ ਉਪਰ ਅਸਰ ਨਹੀਂ ਸੀ ਤਾਂ ਉਹ ਸੀ ਸਰੂਪ। ਉਸ ਦੀ ਦੁਕਾਨ ਦੀ ਵੱਟਤ ਘਟੀ ਤਾਂ ਸੀ ਪਰ ਉਸ ਦੇ ਖਰਚੇ ਬਹੁਤੇ ਨਹੀਂ ਸਨ ਇਸ ਲਈ ਬਹੁਤਾ ਫਰਕ ਨਾ ਪਿਆ। ਫਿਰ ਉਸ ਨੇ ਗੁਲਵੰਤ ਰਾਹੀਂ ਘਰ ਕਿਰਾਏ 'ਤੇ ਦਿਤਾ ਹੋਇਆ ਸੀ, ਉਸ ਦੀ ਵੀ ਲਗਾਤਾਰ ਆਮਦਨ ਆ ਰਹੀ ਸੀ। ਜਦੋਂ ਤੋਂ ਸਰੂਪ ਵੱਡੀ ਸਾਰੀ ਪੱਗ ਬੰਨ ਕੇ ਤੇ ਦਾਹੜੀ ਰੱਖ ਕੇ ਖਾਲਿਸਤਾਨੀ ਬਣ ਗਿਆ ਸੀ, ਗੁਲਵੰਤ ਨੇ ਉਸ ਵਲ ਜਾਣਾ ਘੱਟ ਕੀਤਾ ਹੋਇਆ ਸੀ ਪਰ ਫਿਰ ਵੀ ਕਦੇ ਨਾ ਕਦੇ ਚਲੇ ਹੀ ਜਾਂਦਾ। ਇਕ ਦਿਨ ਸਰੂਪ ਗੁਲਵੰਤ ਨੂੰ ਪੁੱਛਣ ਲਗਿਆ,

"ਗੜਬੜ ਕਿਥੇ ਐ?"

"ਭਾਜੀ, ਘਰ ਦੀ ਕੀਮਤ ਦੋ ਗੱਲਾਂ 'ਤੇ ਨਿਰਭਰ ਹੁੰਦੀ ਐ; ਇਕ ਉਸ ਜਗਾਹ ਦੀ ਕੀਮਤ ਜਿਥੇ ਘਰ ਬਣਿਆਂ ਹੁੰਦੈ ਤੇ ਦੂਜਾ ਘਰ ਨੂੰ ਬਣਾਉਣ ਦੀ ਕੀਮਤ। ਨਾ ਜਗਾਹ ਦੀ ਕੀਮਤ ਵਧੀ ਐ ਤੇ ਨਾ ਹੀ ਘਰ ਬਣਾਉਣ ਦੀ ਕੀਮਤ ਵਿਚ ਵਾਧਾ ਹੋਇਆ, ਇਹ ਬੂਮ ਸਰਕਾਰ ਤੇ ਬੈਂਕਾਂ ਨੇ ਪੈਦਾ ਕੀਤਾ ਹੋਇਆ ਸੀ, ਤੇ ਕੁਝ ਸਾਡੇ ਵਰਗੇ ਏਜੰਟਾਂ ਨੇ ਜਿਹੜੇ ਮੋਟੇ ਮੋਟੇ ਕਰਜ਼ੇ ਚੁਕਵਾ ਕੇ ਲੋਕਾਂ ਨੂੰ ਮੌਰਟਗੇਜ ਦੇ ਪਹਾੜ ਹੇਠ ਦੇਈ ਜਾਂਦੇ ਸੀ।"

ਗੁਲਵੰਤ ਦਾ ਦੋਸਤ ਵਿਜੇ ਇਸ ਘੁੰਮਣ ਘੇਰੀ ਵਿਚ ਫਸਿਆ ਹੋਇਆ ਸੀ। ਉਸ ਦੀ ਗਰੌਸਰੀ ਦੀ ਦੁਕਾਨ ਸੀ। ਇਕ ਤਾਂ ਹੁਣ ਵੱਡੇ ਵੱਡੇ ਸਟੋਰ ਖੁਲ੍ਹ ਗਏ ਸਨ ਤੇ ਦੂਸਰੇ ਮੰਦਵਾੜੇ ਕਾਰਨ ਉਸ ਦੀ ਵੱਟਤ ਬਹੁਤ ਘੱਟ ਗਈ ਸੀ। ਦੁਕਾਨ ਦੇ ਖਰਚੇ ਪਹਿਲਾਂ ਜਿੰਨੇ ਹੀ ਸਨ। ਕੈਮਡਨ ਟਾਊਨ ਦੇ ਇਲਾਕੇ ਵਿਚ ਉਸ ਦੀ ਦੁਕਾਨ ਸੀ ਜਿਥੇ ਕੌਂਸਲ ਦੇ ਜਨਰਲ ਰੇਟਸ ਤੇ ਕਿਰਾਏ ਆਮ ਨਾਲੋਂ ਵਧੇਰੇ ਸਨ। ਵਿਜੇ ਨੇ ਆਪਣੇ ਨਿੰਜੀ ਖਰਚੇ ਬਹੁਤ ਘਟਾ ਦਿਤੇ। ਸ਼ਰਾਬ ਪੀਣੀ ਛੱਡ ਦਿਤੀ। ਕਿਸੇ ਨੂੰ ਮਿਲਣਾ ਜੁਲਣਾ ਵੀ ਘੱਟ ਕਰ ਦਿਤਾ। ਕੁਝ ਸਾਹ ਆਇਆ ਤਾਂ ਉਸ ਨੇ ਗੁਲਵੰਤ ਨੂੰ ਫੋਨ ਕੀਤਾ,

"ਕਿੱਦਾਂ ਬਈ, ਵੇਚੀ ਜਾਨੈ ਲੋਕਾਂ ਨੂੰ ਸੁਫਨੇ?"

"ਗੱਲ ਤੇਰੀ ਠੀਕ ਐ, ਘਰ ਅਜ ਕਲ ਸੁਫਨਾ ਈ ਹੋਇਆ ਪਿਐ, ਕੀ ਹਾਲ ਐ, ਲੌਂਗ ਟਾਈਮ ਨੋ ਫੋਨ, ਨੋ ਸੀ!"

"ਤੂੰ ਮੈਨੂੰ ਮਰਿਆ ਸਮਝਦਾ ਹੋਣਾਂ।"

"ਮਰਨ ਆਪਣੇ ਦੁਸ਼ਮਣ! ...ਪਰ ਤੂੰ ਕਦੇ ਕੋਈ ਫੋਨ ਨਈਂ ਕਦੇ ਕੁਝ ਹੋਰ ਨਈਂ, ਪੰਜਾਹ ਮੈਸੇਜ ਛੱਡੇ ਹੋਣੇਂ ਆ ਮੈਂ ਤੈਨੂੰ।"

"ਮੈਸੇਜ ਤੇਰੇ ਸਾਰੇ ਈ ਮਿਲ ਗਏ ਪਰ ਤੇਰੇ ਕਰੀਏਟ ਕੀਤੇ ਏਸ ਰਿਸੈਸ਼ਨ ਨੇ ਬੁਰੀ ਹਾਲਤ ਕੀਤੀ ਪਈ ਐ।"

"ਆ ਜਾ ਯਾਰ ਕਿਤੇ ਬੈਠੀਏ, ਬਹੁਤ ਦੇਰ ਹੋ ਗਈ, ਬਹੁਤ ਦਿਲ ਕਰ ਰਿਹੈ।"

"ਦਿਲ ਤਾਂ ਮੇਰਾ ਵੀ ਕਰਦੈ, ਐਤਵਾਰ ਨੂੰ ਤੂੰ ਵਿਹਲਾ ਈ ਹੁੰਨੈ ਆ ਜਾ ਕਿਤੇ।"

ਵਿਜੇ ਨੇ ਪੂਰੇ ਮੋਹ ਨਾਲ ਕਿਹਾ। ਗੁਲਵੰਤ ਸੋਚਣ ਲਗਿਆ ਕਿ ਆਉਂਦੇ ਹੀ ਕਿਸੇ ਐਤਵਾਰ ਉਸ ਵਲ ਗੇੜਾ ਮਾਰ ਕੇ ਆਵੇਗਾ। ਪੁਰਾਣੇ ਦੋਸਤਾਂ ਜਾਂ ਵਾਕਫਾਂ ਵਿਚੋਂ ਇਕ ਵਿਜੇ ਹੀ ਸੀ ਜਿਸ ਨਾਲ ਉਸ ਦਾ ਰਾਬਤਾ ਰਹਿ ਗਿਆ ਸੀ। ਸਰੂਪ ਭਾਵੇਂ ਤਾਏ ਦਾ ਪੁੱਤ-ਭਰਾ ਸੀ ਪਰ ਉਹ ਖਾਲਿਸਤਾਨੀ ਬਣ ਜਾਣ ਕਾਰਨ ਉਸ ਨਾਲ ਉਹ ਬਹੁਤਾ ਨਹੀਂ ਸੀ ਮਿਲਦਾ। ਸਰੂਪ ਆਪ ਵੀ ਹੁਣ ਸਿਆਸਤ ਵਿਚ ਹਿੱਸਾ ਲੈਣ ਲਗਿਆ ਸੀ। ਦੁਕਾਨ 'ਤੇ ਬਹੁਤਾ ਸਮਾਂ ਸਤਨਾਮੀ ਹੀ ਹੁੰਦੀ। ਉਸ ਦੇ ਦੋਨੋਂ ਬੱਚੇ ਹੁਣ ਯੂਨੀਵਰਸਟੀ ਜਾਂਦੇ ਸਨ। ਖਾਲਿਸਤਾਨ ਦੀ ਲਹਿਰ ਜ਼ਰਾ ਠੰਡੀ ਪਈ ਤਾਂ ਉਸ ਨੇ ਦਾਹੜੀ ਕੁਤਰਨੀ ਸ਼ੁਰੂ ਕਰ ਦਿਤੀ।

ਦਿਲਬਾਗ ਨਾਲ ਉਸ ਦਾ ਕੋਈ ਵਾਹ ਨਹੀਂ ਸੀ ਪਰ ਸਰੂਪ ਕੋਲ ਦਿਲਬਾਗ ਕਦੇ ਕਦੇ ਆ ਜਾਇਆ ਕਰਦਾ ਸੀ। ਉਸ ਦਾ ਮੁੰਡਾ ਪੜ੍ਹਨ ਨੂੰ ਢਿੱਲਾ ਨਿਕਲਿਆ ਸੀ ਤੇ ਕੰਮ ਕਰਨ ਲਗ ਪਿਆ ਸੀ। ਕੁੜੀ ਪੜ੍ਹਨ ਵਿਚ ਹੁਸ਼ਿਆਰ ਹੋਣ ਕਰਕੇ ਯੂਨੀ ਪੁੱਜ ਗਈ ਸੀ। ਦਿਲਬਾਗ ਬਿਮਾਰੀ ਦਾ ਬਹਾਨਾ ਕਰਕੇ ਘਰੇ ਹੀ ਬੈਠਾ ਸੋਸ਼ਲ ਸਕਿਉਰਟੀ ਲੈ ਰਿਹਾ ਸੀ। ਅਵਤਾਰ ਇੰਡੀਆ ਤੋਂ ਮੁੜ ਕੇ ਨਹੀਂ ਸੀ ਆਇਆ। ਉਹ ਕੈਨੇਡਾ ਪੁੱਜ ਗਿਆ ਸੀ ਤੇ ਉਥੇ ਹੀ ਸੈੱਟਲ ਹੋ ਗਿਆ ਸੀ। ਬਨਾਰਸੀ ਦਾਸ ਦੀ ਮੌਤ ਹੋ ਚੁੱਕੀ ਸੀ। ਉਸ ਦੀ ਪਤਨੀ ਲਾਜਵੰਤੀ ਨੇ ਤਿੰਨੋਂ ਮੁੰਡੇ ਵਿਆਹ ਦਿਤੇ ਸਨ ਤੇ ਉਹ ਅਜਕਲ ਮੰਦਿਰ ਦੀ ਪ੍ਰਧਾਨ ਬਣੀ ਹੋਈ ਸੀ। ਗੁਲਵੰਤ ਨੂੰ ਇਹਨਾਂ ਖਬਰਾਂ ਨਾਲ ਹੁਣ ਬਹੁਤਾ ਸਰੋਕਾਰ ਨਹੀਂ ਸੀ। ਉਸ ਦੀ ਆਪਣੀ ਜ਼ਿੰਦਗੀ ਮਸਤ ਹਾਥੀ-ਚਾਲ ਚੱਲੀ ਜਾ ਰਹੀ ਸੀ।

ਇਕ ਐਤਵਾਰ ਛੱਡ ਕੇ ਉਹ ਵਿਜੇ ਦੀ ਦੁਕਾਨ ਉਪਰ ਉਸ ਨੂੰ ਮਿਲਣ ਚਲੇ ਗਿਆ। ਵਿਜੇ ਜਿਵੇਂ ਉਸ ਨੂੰ ਉਡੀਕ ਹੀ ਰਿਹਾ ਹੋਵੇ। ਦੋਵੇਂ ਨਾਲ ਦੇ ਪੱਬ ਵਿਚ ਜਾ ਬੈਠੇ ਤੇ ਰੁਆਇਲ ਡੀਨ ਦੇ ਸੁਨਿਹਰੀ ਦਿਨਾਂ ਦੀਆਂ ਯਾਦਾਂ ਵਿਚ ਗੁਆਚ ਗਏ। ਗੁਲਵੰਤ ਵਾਂਗ ਹੀ ਵਿਜੇ ਦਾ ਵੀ ਕਿਸੇ ਪੁਰਾਣੇ ਬੰਦੇ ਨਾਲ ਵਾਹ ਨਹੀਂ ਸੀ। ਗੱਲਾਂ ਗੱਲਾਂ ਵਿਚ ਵਿਜੇ ਪੁੱਛਣ ਲਗਿਆ,

"ਬੁੜ੍ਹੇ ਦਾ ਕੀ ਹਾਲ ਐ ਬਈ?"

"ਕੁਝ ਨਈਂ ਪਤਾ, ਕੋਈ ਖਬਰ ਨਈਂ।"

"ਭਰਜਾਈ ਈ ਕਦੇ ਮਿਲੀ ਹੋਊ।"

"ਨਾ ਬਈ, ਨੌਂ ਦਸ ਸਾਲ ਹੋ ਗਏ, ਪਤਾ ਨਈਂ ਜੀਉਂਦੀ ਵੀ ਐ ਕਿ ਮਰ ਗਈ, ...ਮੈਨੂੰ ਏਨਾ ਪਤਾ ਕਿ ਹਰ ਹਫਤੇ ਮੇਰੇ ਖਾਤੇ ਵਿਚੋਂ ਤੀਹ ਪੌਂਡ ਨਿਕਲ ਜਾਂਦੇ ਆ।"

"ਅੰਮ੍ਰਿਤ ਵੀ ਨਈਂ ਦੇਖੀ ਕਦੇ?"

"ਨਾ ਬਈ, ਪਹਿਲਾਂ ਉਹਦੀ ਮਾਂ ਆਕਵ੍ਰਡ ਬਣਦੀ ਰਹਿੰਦੀ ਸੀ, ਫਿਰ ਮੈਂ ਵੀ ਅੱਕ ਗਿਆ, ਹੁਣ ਤਾਂ ਉਹਦੀ ਮਾਂ ਨੇ ਉਹਦੇ ਮਨ ਵਿਚ ਪਤਾ ਨਈਂ ਕੀ ਕੀ ਜ਼ਹਿਰ ਭਰ ਦਿਤੀ ਹੋਵੇ, ਵੱਡੀ ਹੋਈ ਨੂੰ ਈ ਦੇਖਾਂਗੇ, ...ਨਾਲ਼ੇ ਆਏ 'ਮ ਹੈਪੀ ਮੈਨ ਨਾਓ।"

"ਓਹ ਜਿਹੜੀ ਗੋਰੀ ਹੁੰਦੀ ਸੀ ਤੇਰੇ ਨਾਲ ਦਫਤਰ ਵਿਚ, ਘੁੰਗਰਾਲ਼ੇ ਵਾਲ਼ਾਂ ਵਾਲੀ, ਤਿੱਖੀਆਂ ਛਾਤੀਆਂ ਵਾਲ਼ੀ, ਕਦੇ ਮਿਲਦੀ ਹੁੰਦੀ ਐ? ...ਕੀ ਨਾਂ ਸੀ ਓਹਦਾ? ...ਹਾਂ ਹਾਂ, ਵਿਬੀਅਨ!"

ਹੈਰੋ ਤੋਂ ਗਰੀਨਫੋਰਡ ਰੋਡ ਉਪਰ ਆਈਏ ਤਾਂ ਸਡਬਰੀ ਹਿੱਲ ਸਟੇਸ਼ਨ ਤੋਂ ਪਹਿਲਾਂ ਪਹਿਲਾਂ ਇਕ ਐਲੀਵੇਅ ਨਿਕਲਦਾ ਸੀ। ਇਸ ਦੇ ਬਾਹਰ ਹੀ ਬੋਰਡ ਲਗਿਆ ਹੋਇਆ ਸੀ; 'ਚੱਠਾ ਮੋਟਰਜ਼'। ਇਸ ਦੇ ਨਾਲ ਹੀ ਤਿੰਨ ਤਿਕੋਨਾਂ ਦੇ ਨਿਸ਼ਾਨ ਬਣੇ ਹੋਏ ਸਨ, ਜਿਹਨਾਂ ਉਪਰ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ; ਵੀ ਡੂ ਐਮ.ਓ.ਟੀ ਹੇਅਰ। ਦਸ ਕੁ ਗਜ਼ ਐਲੀਵੇਅ ਲੰਘ ਕੇ ਅਗੇ ਖੁਲ੍ਹਾ ਸਾਰਾ ਹਾਤਾ ਆ ਜਾਂਦਾ ਸੀ। ਇਥੇ ਸੈਕਿੰਡ ਹੈਂਡ ਕਾਰਾਂ ਖੜੀਆਂ ਰਹਿੰਦੀਆਂ ਸਨ, ਜਿਹਨਾਂ ਉਪਰ ਉਹਨਾਂ ਦੀ ਕੀਮਤ ਲਗੀ ਹੁੰਦੀ। ਇਕ ਪਾਸੇ ਕੁਝ ਕਾਰਾਂ ਮੁਰੰਮਤ ਕਰਨ ਵਾਲੀਆਂ ਵੀ ਖੜੀਆਂ ਹੁੰਦੀਆਂ। ਨਾਲ ਹੀ ਵੱਡੀ ਸਾਰੀ ਗੈਰਿਜ ਸੀ। ਦੋ ਮਕੈਨਿਕ ਹਰ ਵੇਲੇ ਕਾਰਾਂ ਠੀਕ ਕਰ ਰਹੇ ਹੁੰਦੇ। ਇਕ ਐਨਕਾਂ ਵਾਲਾ ਮਕੈਨਿਕ ਕਾਂਤੀ ਸ਼ਾਹ ਕਿਸੇ ਨਾ ਕਿਸੇ ਕਾਰ ਦੀ ਐਮ.ਓ.ਟੀ ਕਰ ਰਿਹਾ ਹੁੰਦਾ। ਵਰਕਸ਼ਾਪ ਦੇ ਨਾਲ ਹੀ ਸੱਜੇ ਪਾਸੇ ਦਫਤਰ ਸੀ ਜਿਸ ਦੇ ਦੋ ਹਿੱਸੇ ਸਨ। ਇਕ ਹਿੱਸੇ ਵਿਚ ਬੈਠੇ ਗਾਹਕ ਉਡੀਕ ਕਰ ਰਹੇ ਹੁੰਦੇ ਤੇ ਦੂਜੇ ਹਿੱਸੇ ਵਿਚ ਦਫਤਰੀ ਕਾਰਵਾਈ ਚੱਲ ਰਹੀ ਹੁੰਦੀ। ਹਰ ਕਾਰ ਦੀ ਸਾਲ ਬਾਅਦ ਨਿਰਖ-ਪਰਖ ਕਰਾ ਕੇ ਸਰਟੀਫਿਕੇਟ ਲੈਣਾ ਹੁੰਦਾ ਕਿ ਇਹ ਸੜਕ 'ਤੇ ਚੱਲਣ ਦੇ ਕਾਬਲ ਵੀ ਹੈ ਕਿ ਨਹੀਂ। ਇਸੇ ਸਰਟੀਫਿਕੇਟ ਨੂੰ ਐਮ.ਓ.ਟੀ. ਕਹਿੰਦੇ ਸਨ।

ਲੋਕਾਂ ਦਾ ਕਹਿਣਾ ਸੀ ਕਿ ਇਸ ਗੈਰਜ ਵਿਚੋਂ ਕਾਰ ਠੀਕ ਕਰਾਈ ਹੋਵੇ ਤਾਂ ਥੋੜੇ ਕੀਤੇ ਖਰਾਬ ਨਹੀਂ ਹੁੰਦੀ। ਐਮ.ਓ.ਟੀ. ਵਿਚ ਵੀ ਕੁਝ ਰਿਆਇਤ ਕਰ ਦਿਤੀ ਜਾਂਦੀ ਸੀ। ਪਿਛਲੇ ਸਾਲਾਂ ਵਿਚ ਇਸ ਗੈਰਜ ਦਾ ਵਾਹਵਾ ਨਾਂ ਬਣ ਚੁੱਕਿਆ ਸੀ। ਭਾਉ ਪਰਗਟ ਸਿੰਘ ਨੂੰ ਇਵੇਂ ਹੀ ਕਿਸੇ ਨੇ ਇਸ ਗੈਰਜ ਬਾਰੇ ਦੱਸਿਆ ਸੀ। ਉਹ ਆਪਣੀ ਕਾਰ ਐਲੀਵੇਅ ਵਿਚ ਹੀ ਛੱਡ ਕੇ ਤੁਰ ਆਇਆ। ਕਾਂਤੀ ਸ਼ਾਹ ਨੂੰ ਦੇਖ ਕੇ ਬੋਲਿਆ,

"ਬਾਹਰ ਚੱਠਾ ਮੋਟਰਜ਼ ਲਿਖਿਆ ਪਰ ਲਗਦੀ ਊ ਕੱਛੀਆਂ ਦੀ ਗੈਰਜ!"
"ਕਿਆ ਕਹਾ ਸਰਦਾਰ ਜੀ?"
"ਕੁਝ ਨਈਂ ਓ ਭੈਈਆ, ਐਮ.ਓ.ਟੀ. ਕਰੌਣੀ ਆਂ ਪਰ ਜੇ ਨੁਕਸ ਕੱਢਣੇ ਊਂ ਤਾਂ ਰਹਿਣ ਦੇ।"
ਕਾਂਤੀ ਸ਼ਾਹ ਉਸ ਦੀ ਗੱਲ 'ਤੇ ਜ਼ਰਾ ਕੁ ਹੱਸਿਆ ਤੇ ਕਹਿਣ ਲਗਿਆ,
"ਸਰਦਾਰ ਜੀ, ਨੁਕਸ ਹੋਗਾ ਤੋ ਨਿਕਲੇਗਾ ਹੀ, ਬਾਬਾ ਆਦਮ ਕੇ ਸਮੇਂ ਕੀ ਕਾਰ ਹੈ!"
"ਦੇਖ ਓ ਭੈਈਆ, ਮੇਰੀ ਬੱਕੀ ਨੂੰ ਏਦਾਂ ਨਾ ਕਹਿ, ਨਈਂ ਕਰਨੀ ਐਮ.ਓ.ਟੀ. ਤਾਂ ਬੇਸ਼ੱਕ ਨਾ ਕਰ।"
"ਆਪ ਚਾਬੀ ਗਾੜੀ ਮੇਂ ਛੋੜ ਜਾਓ ਔਰ ਉਧਰ ਜਾ ਕੇ ਵੇਟਿੰਗ ਰੂਮ ਮੇਂ ਬੈਠੋ।"
"ਭੈਈਆ, ਇਕ ਅੱਧੇ ਨੁਕਸ 'ਤੇ ਰਿਜੈਕਟ ਨਾ ਕਰ ਮਾਰੀਂ ਯਾਰ।"
"ਅਰੇ ਸਰਦਾਰ ਜੀ, ਨੁਕਸ ਹੋਗਾ ਤੋ ਰਿਪੇਅਰ ਵੀ ਕਰ ਦੇਂਗੇ।"
"ਤੁਮ ਛਿੱਲ ਲਾਹਨੀ ਚਾਹਤੇ ਹੋ!"

ਪਰਗਟ ਸਿੰਘ ਉਸ ਨਾਲ ਮੇਰ ਜਿਹੀ ਪੈਦਾ ਕਰਦਾ ਵੇਟਿੰਗ ਰੂਮ ਵਲ ਤੁਰ ਪਿਆ। ਦਫਤਰ ਵਿਚ ਵੀ 'ਚੱਠਾ ਮੋਟਰਜ਼' ਦਾ ਬੋਰਡ ਲਾ ਕੇ ਉਸ ਵਿਚ ਲਾਈਟਾਂ ਫਿੱਟ ਕੀਤੀਆਂ ਹੋਈਆਂ ਸਨ। ਉਹ ਉੱਚੀ ਆਵਾਜ਼ ਵਿਚ ਬੋਰਡ ਪੜ੍ਹਨ ਲਗਿਆ,
"ਚੱਠਾ ਮੋਟਰਜ਼, ...ਬੱਲੇ ਓਏ ਚੱਠਿਓ, ਛਾ ਗਏ ਜੇ, ਨਈ ਰੀਸਾਂ!"
ਗੈਰਜ ਵਲੋਂ ਰਾਜੂ ਦਫਤਰ ਵਿਚ ਆਇਆ ਤੇ ਪਰਗਟ ਸਿੰਘ ਨੂੰ ਕਹਿਣ ਲਗਿਆ,
"ਬਸ ਜੀ ਅਗਲੀ ਵਾਰੀ ਤੁਹਾਡੀ ਕਾਰ ਦੀ ਈ ਐ।"
"ਚੱਠੇ, ਚੀਮੇ ਤੇ ਚਾਹਲ, ...ਮੈਂ ਕਿਹਾ ਛਾਏ ਪਏ ਨੇ, ਇੰਡੀਆ ਵਿਚ ਵੀ ਤੇ ਏਥੇ ਵੀ, ਬਸ ਜੀ, ਇਹਨਾਂ ਦੀ ਈ ਚਲਦੀ ਊ।"
ਰਾਜੂ ਉਸ ਦੀ ਗੱਲ 'ਤੇ ਜ਼ਰਾ ਕੁ ਮੁਸਕ੍ਰਾਇਆ। ਪਰਗਟ ਸਿੰਘ ਫਿਰ ਬੋਲਿਆ,
"ਮੈਂ ਆਇਆਂ ਤੁਹਾਡੇ ਕੋਲ ਜੱਟ ਭਰਾ ਹੋਣ ਕਰਕੇ ਪਰ ਤੂੰ ਚੌਧਰੀ ਬਣਾਇਆ ਹੋਇਐ ਇਕ ਕੱਛੀ ਨੂੰ, ਦੇਖੀਂ ਕਿਤੇ ਛੋਟੇ ਮੋਟੇ ਨੁਕਸ 'ਤੇ ਰਿਜੈਕਟ ਈ ਨਾ ਕਰ ਮਾਰੇ।"
"ਤੁਸੀਂ ਫਿਕਰ ਨਾ ਕਰੋ, ਆਰਾਮ ਨਾਲ਼ ਬੈਠੋ।"
"ਤੁਸੀਂ ਕਿਹੜੇ ਇਲਾਕੇ ਦੇ ਚੱਠੇ ਓ?"
"ਕਪੂਰਥਲ਼ੇ ਤੋਂ।"
"ਬੱਲੇ ਬਈ ਬੱਲੇ! ਚੱਠੇ ਤਾਂ ਹਰੇਕ ਜ਼ਿਲੇ ਵਿਚ ਈ ਛਾਏ ਹੋਏ ਨੇ।"
"ਤੁਸੀਂ?"
"ਅਹੀਂ ਸਿੱਧੂ ਹੁੰਨੇ ਆਂ, ਨਿੱਕਾ ਜਿਹਾ ਗੋਤ ਐ, ...ਆਹ ਕੱਛੀ ਨੂੰ ਕਹਿ ਛੱਡ ਬਈ ਜੱਟ ਭਰਾ ਦੀ ਕਾਰ ਜੇ।"
ਰਾਜੂ ਫਿਰ ਮੁਸਕ੍ਰਾਇਆ ਤੇ ਉਸ ਤੋਂ ਪਹਿਲੇ ਗਾਹਕ ਦੀ ਐਮ.ਓ.ਟੀ ਤਿਆਰ ਕਰਨ ਲਗਿਆ। ਪਰਗਟ ਸਿੰਘ ਆਪਣੀ ਗੱਲ ਕਰਦਾ ਗਿਆ,
"ਏਹ ਜੱਟ ਕੌਮ ਬੜੀ ਕੁਤੀ ਚੀਜ਼ ਊ, ਜਿਵੇਂ ਕੁੱਤਾ ਕੁੱਤੇ ਦਾ ਵੈਰੀ, ਬਹ ਇਹੋ ਕੰਮ ਊ ਇਹਨਾਂ ਦਾ ਵੀ। ...ਚੱਠਿਆਂ, ਚਾਹਲਾਂ, ਚੀਮਿਆਂ, ਵਿਰਕਾਂ ਦੀਆਂ ਦੋਸਤੀਆਂ ਵੀ ਤੇ ਦੁਸ਼ਮਣੀਆਂ ਵੀ ਬਹੁਤ ਮਸ਼ਹੂਰ ਨੇ, ...ਅਹਾਡੇ ਕੰਮ 'ਤੇ ਚੱਠਾ ਜੁਆਈ ਤੇ ਚਾਹਲ ਸੁਹਰਾ, ਬਸ ਪੈ ਗਿਆ ਪੰਗਾ। ...ਦੇਖੀਂ ਯਾਰ ਇਕ ਆਰੀ ਕੱਛੀ ਨੂੰ ਕਹਿ ਦੇ ਮਾੜਾ ਜਿਹਾ!"
ਕੁਝ ਲਿਖਦੇ ਰਾਜੂ ਨੇ ਸਿਰ ਚੁੱਕ ਕੇ ਉਸ ਵਲ ਦੇਖਿਆ ਤੇ ਮੁੜ ਕੇ ਆਪਣੇ ਕੰਮ ਲਗ ਗਿਆ। ਮਿੰਟ ਕੁ ਬਾਅਦ ਫਿਰ ਪਰਗਟ ਸਿੰਘ ਆਖਣ ਲਗਿਆ,
"ਚੱਠਾ ਸਾਬ, ਦੇਖਣਾ ਜ਼ਰਾ ਕੱਛੀ ਨੂੰ, ਕਾਰ ਟਰੈਕ 'ਤੇ ਚਾੜ੍ਹ ਲਈ ਊ।"
"ਤੁਸੀਂ ਫਿਕਰ ਨਾ ਕਰੋ, ਤਸੱਲੀ ਨਾਲ਼ ਬੈਠੋ, ਚਾਹ ਪੀਣੀ ਤਾਂ ਮੰਗਾਵਾਂ?"
"ਤੂੰ ਜ਼ਰਾ ਕੱਛੀ ਨੂੰ ਸਮਝਾ ਦੇ ਬਈ ਆਪਣੀ ਈ ਕਾਰ ਊ, ਤੇਰੇ ਇੰਨੇ ਕਹਿਣ ਨਾਲ਼ ਮੈਨੂੰ ਚਾਹ ਦੇ ਕੱਪ ਜਿੰਨਾਂ ਮਜ਼ਾ ਆ ਜਾਣੈਂ। ...ਇਹਨਾਂ ਐਨਕਾਂ ਵਾਲੇ ਬੰਦਿਆਂ 'ਤੇ ਮੈਨੂੰ ਬਹੁਤਾ ਭਰੋਸਾ ਨਈਂ, ...ਦੀਹੰਦਾ ਤਾਂ ਪਹਿਲਾਂ ਈ ਇਹਨਾਂ ਨੂੰ ਲੰਗੇ ਡੰਗ ਹੁੰਦਾ!"
ਕਹਿੰਦਾ ਉਹ ਹੱਸਿਆ ਤੇ ਨਾਲ ਹੀ ਰਾਜੂ ਵੀ। ਪਰਗਟ ਸਿੰਘ ਨੂੰ ਰਾਜੂ ਦੇ ਹਾਸੇ ਨਾਲ ਤਸੱਲੀ ਜਿਹੀ ਹੋ ਗਈ। ਉਸ ਨੇ ਗੱਲ ਮੁੜ ਗੋਤਾਂ ਵੱਲ ਲੈ ਆਂਦੀ,
"ਪਾਕਿਸਤਾਨ ਬਣਨ ਤੋਂ ਪਹਿਲਾਂ ਦੀਆਂ ਬਹੁਤ ਕਹਾਣੀਆਂ ਮਿਲ਼ਦੀਆਂ ਸੁਣਨ ਨੂੰ, ...ਇਕ ਦੂਜੇ ਦੇ ਪਹੂ ਖੋਹਲ ਲੈਣੇਂ, ਘੋੜੀਆਂ ਦੁੜਾ ਲੈ ਜਾਣੀਆਂ, ਚੋਰੀ ਕਰਨ ਲਈ ਇਲਾਕੇ ਵੰਡ ਲੈਣੈਂ, ...ਪਰ ਚੱਠਿਆਂ ਦੀ ਗੱਲ ਈ ਕੋਈ ਹੋਰ ਊ।"
ਜਦ ਤਕ ਕਾਂਤੀ ਸ਼ਾਹ ਐਮ.ਓ.ਟੀ। ਵਾਲੀ ਸ਼ੀਟ ਲੈ ਆਇਆ। ਰਾਜੂ ਨੇ ਆਪਣੀ ਫੀਸ ਮੰਗਦਿਆਂ ਕਿਹਾ,

"ਲਓ ਸਿੱਧੂ ਸਾਹਿਬ, ਤੁਸੀਂ ਵੀ ਕੀ ਯਾਦ ਕਰੋਂਗੇ, ਨੁਕਸ ਤਾਂ ਕਈ ਐ, ਲਾਈਟਾਂ ਜ਼ਰਾ ਚੈੱਕ ਕਰਾ ਲਿਓ, ਮੂਹਰਲੇ ਦੋਨੋਂ ਟਾਇਰ ਬਦਲਣ ਵਾਲੇ ਐ ਪਰ ਅਸੀਂ ਤੁਹਾਨੂੰ ਐਮ.ਓ.ਟੀ. ਦੇ ਦਿੰਨੇ ਆਂ।"

"ਬੱਲੇ ਓ ਬੱਲੇ! ਮੈਂ ਤਾਂ ਪਹਿਲਾਂ ਈ ਕਿਹਾ ਸੀ ਬਈ ਚੱਠਿਆਂ ਦੀ ਗੱਲ ਈ ਕੋਈ ਹੋਰ ਊ!"

## ਤੀਹ

ਰਣਜੀਤ ਦੇ ਘਰ ਨਾ ਪਰਤਣ ਵਾਲੀ ਰਾਤ ਇਕਬਾਲ ਸਿੰਘ ਉਪਰ ਵੀ ਘੱਟ ਭਾਰੀ ਨਹੀਂ ਸੀ। ਉਹ ਪਤੀ-ਪਤਨੀ ਤਾਂ ਸੋਚ ਰਹੇ ਸਨ ਕਿ ਸ਼ਾਇਦ ਰਣਜੀਤ ਕਿਸੇ ਹੋਰ ਮੁੰਡੇ ਨਾਲ ਹੀ ਭੱਜ ਗਈ ਹੋਵੇਗੀ ਪਰ ਪਰਮਜੀਤ ਉਸ ਦੇ ਫਿਕਰ ਵਿਚ ਮਾਰਿਆ ਜਾ ਰਿਹਾ ਸੀ। ਉਹ ਕਾਰ ਲੈ ਕੇ ਕਮਲ਼ਿਆਂ-ਹਾਰ ਸੜਕਾਂ ਉਪਰ ਦੌੜ ਲਗਾ ਰਿਹਾ ਸੀ। ਕਿਸੇ ਪਾਰਕ ਵਿਚ ਜਾਂ ਸੜਕ 'ਤੇ ਤੁਰੀ ਜਾਂਦੀ ਕੁੜੀ ਦਿਸਦੀ ਤਾਂ ਉਸ ਨੂੰ ਲਗਦਾ ਕਿ ਉਹ ਰਣਜੀਤ ਹੀ ਹੈ, ਉਹ ਭਜਦਾ ਹੋਇਆ ਉਸ ਤਕ ਪੁੱਜ ਜਾਂਦਾ ਤੇ ਫਿਰ ਨਿਮੋਝੂਣਾ ਹੋ ਮੁੜ ਆਉਂਦਾ। ਉਸ ਦੇ ਮਾਂਪੇ ਘਰ ਬੈਠੇ ਉਸ ਲਈ ਤੜਫ ਰਹੇ ਸਨ। ਜਗੀਰ ਕੋਰ ਦੀਆਂ ਤਾਂ ਆਂਦਰਾਂ ਹੀ ਨਿਕਲੀਆਂ ਜਾ ਰਹੀਆਂ ਸਨ। ਉਸ ਨੇ ਆਪਣੀ ਮਾਂ ਰਾਹੀਂ ਰਣਜੀਤ ਦੇ ਘਰ ਕਈ ਫੋਨ ਕਰਾਏ ਪਰ ਰਾਣੀ ਦਾ ਕੁਝ ਪਤਾ ਨਹੀਂ ਸੀ ਚਲਿਆ। ਪਰਮਜੀਤ ਦੀ ਰਾਤ ਬਹੁਤ ਹੀ ਮੁਸ਼ਕਲ ਨਾਲ ਨਿਕਲੀ। ਅਗਲੇ ਦਿਨ ਸਵੇਰੇ ਹੀ ਉਹਨਾਂ ਦੇ ਘਰ ਫਿਰ ਜਗੀਰ ਕੋਰ ਨੂੰ ਫੋਨ ਕਰਨਾ ਪਿਆ। ਜਦ ਰਣਜੀਤ ਮੁੜ ਆਈ ਤਾਂ ਸੁਰਿੰਦਰ ਨੇ ਕਹਿ ਦਿਤਾ ਕਿ ਉਹ ਰਾਤੀਂ ਭੈਣ ਵਲ ਚਲੇ ਗਈ ਸੀ ਜਿਸ ਦਾ ਉਹਨਾਂ ਨੂੰ ਬਾਅਦ ਵਿਚ ਪਤਾ ਚਲਿਆ।

ਹੁਣ ਰਣਜੀਤ ਘਰ ਪੁੱਜ ਗਈ ਸੀ ਤਾਂ ਪਰਮਜੀਤ ਉਸ ਨਾਲ ਗੱਲ ਕਰਨ ਲਈ ਤਰਲੋਮੱਛੀ ਹੋਇਆ ਪਿਆ ਸੀ। ਜਗੀਰ ਕੋਰ ਫੋਨ ਉਪਰ ਸੁਰਿੰਦਰ ਨੂੰ ਸੁਨੇਹਾ ਦਿੰਦੀ ਤੇ ਸੁਰਿੰਦਰ ਕਹਿ ਦਿੰਦੀ ਕਿ ਰਣਜੀਤ ਬਾਹਰ ਗਈ ਹੋਈ ਹੈ। ਜਦ ਨਾ ਹੀ ਕੋਈ ਗੱਲ ਬਣੀ ਤਾਂ ਉਸ ਨੇ ਆਪ ਫੋਨ ਕੀਤਾ ਤੇ ਸੁਰਿੰਦਰ ਨੂੰ ਕਹਿਣ ਲਗਿਆ,

"ਪਲੀਜ਼ ਲੈੱਟ ਮੀ ਟਾਕ ਟੂ ਰਾਨੀ, ਪਲੀਜ਼, ਲੈੱਟ ਮੀ ਸੇ ਹਰ ਹੈਲੋ!"

"ਸ਼ੀ 'ਜ਼ ਗੌਨ ਆਊਟ, ਮੈਂ ਉਹਨੂੰ ਤੇਰਾ ਮੈਸੇਜ ਦੇ ਦੇਊਂ, ਡੌਂਟ ਵੱਰੀ!"

ਪਰ ਉਸ ਨੂੰ ਇਸ ਜਵਾਬ ਨਾਲ ਤਸੱਲੀ ਨਹੀਂ ਸੀ ਹੋ ਰਹੀ। ਉਹ ਤਾਂ ਦੋ ਬੋਲ ਰਣਜੀਤ ਨਾਲ ਸਾਂਝੇ ਕਰਨੇ ਚਾਹੁੰਦਾ ਸੀ। ਉਸ ਦੀ ਮਾਂ ਦਿਨ ਭਰ ਉਸ ਨੂੰ ਸਮਝਾਉਂਦੀ ਰਹੀ, ਸਬਰ ਕਰਨ ਲਈ ਕਹਿੰਦੀ ਰਹੀ। ਇਕਬਾਲ ਸਿੰਘ ਆਪਣੇ ਪੁੱਤਰ ਦੇ ਪਾਗਲਪਨ ਕਾਰਨ ਗੁੱਸੇ ਨਾਲ ਭਰਿਆ ਪਿਆ ਸੀ।

ਅਗਲੇ ਦਿਨ ਸ਼ਾਮ ਤਕ ਗੁਰਜੰਟ ਦੇ ਕਤਲ ਦੀਆਂ ਖਬਰਾਂ ਆਉਣ ਲਗੀਆਂ। ਉਸ ਤੋਂ ਅਗਲੇ ਦਿਨ ਅਖਬਾਰਾਂ ਦੀਆਂ ਸੁਰਖੀਆਂ ਇਸ ਕਤਲ ਨਾਲ ਭਰੀਆਂ ਪਈਆਂ ਸਨ ਤੇ ਕਤਲ ਦੇ ਸੰਭਾਵਿਤ ਕਾਰਨ ਦੇ ਨਾਲ਼ ਵੀ। ਪਰਮਜੀਤ ਹੋਰ ਵੀ ਤੜਫਣ ਲਗਿਆ। ਉਸ ਨੇ ਫਿਰ ਰਣਜੀਤ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਇਕਬਾਲ ਸਿੰਘ ਪੁੱਤ ਨੂੰ ਬੋਲਿਆ,

"ਪਰਮਜੀਤ, ਉਹ ਕੁੜੀ ਹੁਣ ਉਹ ਨਈਂ ਰਹੀ ਜਿਸ ਨੂੰ ਤੂੰ ਲਵ ਕਰਦਾ ਸੀ।"

"ਵਾਏ ਨੌਟ?"

"ਬਿਕੌਜ਼ ਸ਼ੀ ਹੈਜ਼ ਬੀਨ ਰੇਪਡ!"

"ਸੋ ਵੌਟ! ...ਇਟਜ਼ ਨੌਟ ਹਰ ਫੌਲਟ, ...ਮੈਨ ਹੂ ਰੇਪਡ ਹਰ, ਇਜ਼ ਨੋ ਮੋਰ, ਵੱਟ ਐਲਜ਼?"

ਪਰਮਜੀਤ ਨੇ ਦ੍ਰਿੜ ਆਵਾਜ਼ ਵਿਚ ਕਿਹਾ। ਇਕਬਾਲ ਸਿੰਘ ਖਿੱਝਦਾ ਹੋਇਆ ਆਪਣੀ ਪਤਨੀ ਨੂੰ ਆਖਣ ਲਗਿਆ,

"ਤੂੰ ਈ ਸਮਝਾ ਆਪਣੇ ਲਾਡਲੇ ਨੂੰ, ਇਹ ਸਾਲ਼ਾ ਨਵਾਂ ਈ ਰੋਮੀਓ ਪੈਦਾ ਹੋਇਆ, ...ਲੱਖਾਂ ਕੁੜੀਆਂ ਹੋਰ ਹੈਗੀਆਂ, ਸਮਝਾ ਇਹਨੂੰ!"

"ਬੱਟ ਡੈਡ, ਦੇਅਰ 'ਜ਼ ਓਨਲੀ ਵਨ ਰਾਨੀ! ...ਡੈਡ, ਆਏ ਲਵ ਹਰ!"

"ਯਾਰ, ਇਹ ਕੀ ਲਵ ਲਵ ਲਾਈ ਐ! ਉਹ ਕੁੜੀ ਹੁਣ ਉਹ ਨਈਂ ਰਹੀ, ਸ਼ੀ 'ਜ਼ ਵਾਈਸ ਗਰਲ ਨਾਓ।"

ਇਕਬਾਲ ਸਿੰਘ ਉੱਚੀ ਆਵਾਜ਼ ਵਿਚ ਬੋਲਿਆ। ਇਕ ਪਲ ਲਈ ਤਾਂ ਪਰਮਜੀਤ ਡਰ ਗਿਆ ਪਰ ਅਗਲੇ ਪਲ ਕਹਿਣ ਲਗਿਆ,

"ਡੈਡ, ਆਏ ਵੌਂ 'ਟੂ ਸੀ ਹਰ ਵਨਸ!"

www.PunjabiLibrary.com

''ਉਥੇ ਪੁਲੀਸ ਆਈ ਬੈਠੀ ਐ, ਸੌ ਕਿਸਮ ਦੀ ਇਨਕੁਆਰੀ ਚਲ ਰਹੀ ਐ, ਹਾਲੇ ਕੁੜੀ ਨੇ ਕਚਿਹਰੀ ਵਿਚ ਤਰੀਕਾਂ ਭੁਗਤਣੀਆਂ, ਤੈਨੂੰ ਉਹਦੇ ਨਾਲ ਗੱਲ ਕਰਨ ਦੀ ਪਈ ਐ!''

ਫਿਰ ਉਸ ਨੇ ਆਪਣੇ ਪੁੱਤ ਦੇ ਮੋਢ੍ਹੇ 'ਤੇ ਹੱਥ ਰੱਖ ਕੇ ਆਖਿਆ,

''ਦੇਖ ਪਰਮਜੀਤ, ਤੂੰ ਆਪਣੀ ਪੜ੍ਹਾਈ ਵਲ ਧਿਆਨ ਦੇ ਤੇ ਵਿਹਲੇ ਸਮੇਂ ਵਿਚ ਮੇਰੇ ਕੋਲ ਦਫਤਰ ਆ ਕੇ ਮੱਦਦ ਕਰਿਆ ਕਰ।''

''ਡੈਡ, ਮੇਰੇ ਤੋਂ ਕੰਨਸੰਟਰੇਟ ਨਈਂ ਹੁੰਦਾ! ਇਹੋ ਮੈਂ ਟੈੱਲ ਕਰਨ ਦੀ ਟਰਾਈ ਕਰਦਾਂ, ਆਇ ਨੀਡ ਟੂ ਸੀ ਹਰ।''

ਉਹ ਤੜਫਦਾ ਰਿਹਾ ਪਰ ਰਣਜੀਤ ਨੂੰ ਨਾ ਉਹ ਮਿਲ ਸਕਿਆ ਤੇ ਨਾ ਹੀ ਫੋਨ ਉਪਰ ਕੋਈ ਗੱਲ ਕਰ ਸਕਿਆ। ਇਕ ਦਿਨ ਉਹ ਰਣਜੀਤ ਦੇ ਘਰ ਵੀ ਚਲੇ ਗਿਆ ਪਰ ਸੁਰਿੰਦਰ ਨੇ ਦਰਵਾਜ਼ੇ ਵਿਚੋਂ ਹੀ ਕਹਿ ਦਿਤਾ ਕਿ ਰਣਜੀਤ ਘਰ ਨਹੀਂ। ਉਸ ਨੂੰ ਪਤਾ ਸੀ ਕਿ ਹੁਣ ਇਹ ਰਿਸ਼ਤਾ ਸਿਰੇ ਨਹੀਂ ਚੜ੍ਹ ਸਕਣਾ। ਬਲਾਤਕਾਰ ਹੋਈ ਕੁੜੀ ਦਾ ਸਾਡੇ ਸਮਾਜ ਵਿਚ ਸਥਾਨ ਬਹੁਤਾ ਵਧੀਆ ਨਹੀਂ ਹੁੰਦਾ। ਰਣਜੀਤ ਦਾ ਦਿਲ ਕਰਦਾ ਸੀ ਕਿ ਪਰਮਜੀਤ ਨਾਲ ਮਿਲੇ ਪਰ ਉਹ ਵੀ ਘਰ ਦੇ ਹਾਲਾਤ ਦੇਖ ਕੇ ਚੁੱਪ ਰਹਿੰਦੀ। ਘਰ ਵਿਚ ਜਲਦੀ ਜਲਦੀ ਇੰਨਾ ਕੁਝ ਵਾਪਰ ਰਿਹਾ ਸੀ ਕਿ ਉਸ ਨੂੰ ਬਹੁਤਾ ਸੋਚਣ ਦਾ ਮੌਕਾ ਵੀ ਨਹੀਂ ਸੀ ਮਿਲ ਰਿਹਾ।

ਪਰਮਜੀਤ ਹਰ ਰੋਜ਼ ਹੀ ਆਪਣੇ ਮਾਂਪਿਆਂ ਨਾਲ ਬਹਿਸਦਾ। ਪਹਿਲਾਂ ਉਹ ਆਪਣੇ ਪਿਓ ਨਾਲ ਗੱਲ ਕਰਦਾ ਕੁਝ ਝਿਜਕਦਾ ਹੁੰਦਾ ਸੀ ਪਰ ਹੁਣ ਉਹ ਖੁਲ੍ਹ ਕੇ ਗੱਲ ਕਰਨ ਲਗਿਆ ਸੀ। ਹੁਣ ਮਾਂ ਨੂੰ ਪਿਓ-ਪੁੱਤ ਵਿਚਕਾਰ ਵਿਚੋਲਗਿਰੀ ਦੀ ਜ਼ਰੂਰਤ ਨਹੀਂ ਸੀ ਪੈਂਦੀ। ਇਕਬਾਲ ਸਿੰਘ ਕਲ਼ਪਦਾ ਹੋਇਆ ਕਹਿੰਦਾ,

''ਜੇ ਸਾਲ਼ੇ ਦੋ-ਚਾਰ ਨਿਆਣੇ ਹੁੰਦੇ ਤਾਂ ਏਹਦੀ ਕਦੇ ਪਰਵਾਹ ਨਾ ਕਰਦਾ। ...ਕਰਨ ਦਿੰਦਾ ਜੋ ਏਹਨੇ ਕਰਨੈਂ!''

ਪਰਮਜੀਤ ਦੀ ਸਿਹਤ ਖਰਾਬ ਹੋ ਗਈ। ਉਸ ਦਾ ਰੰਗ ਪੀਲਾ ਫਿਰ ਗਿਆ। ਉਸ ਨੇ ਖਾਣਾ ਪੀਣਾ ਛੱਡ ਦਿਤਾ ਹੋਇਆ ਸੀ। ਇਕਬਾਲ ਸਿੰਘ ਤੇ ਜਗੀਰ ਕੋਰ ਨੂੰ ਫਿਕਰ ਪੈ ਗਿਆ ਕਿ ਕਿਤੇ ਮੁੰਡੇ ਤੋਂ ਹੀ ਨਾ ਹੱਥ ਧੋ ਬੈਠਣ। ਜਗੀਰ ਕੋਰ ਨੇ ਆਪ ਸੁਰਿੰਦਰ ਨੂੰ ਫੋਨ ਕੀਤਾ,

''ਧੀਏ, ਜੋ ਕੁਝ ਵੀ ਤੁਹਾਡੇ ਘਰ ਹੋਇਆ, ਸਾਨੂੰ ਬਹੁਤ ਦੁੱਖ ਐ, ਅਸੀਂ ਤੁਹਾਡੇ ਹਰ ਗਮ ਵਿਚ ਸ਼ਰੀਕ ਆਂ।''

''ਥੈਂਕਿਉ ਅੰਟੀ ਜੀ, ਰੱਬ ਦੀ ਜੋ ਮਰਜ਼ੀ, ਓਹਦੇ ਮੂਹਰੇ ਕਿਹਦਾ ਜ਼ੋਰ ਚਲਦੈ!''

''ਪੁੱਤ, ਅਸੀਂ ਤੁਹਾਡੇ ਘਰ ਆਉਣਾ ਚਾਹੁੰਨੇ ਆਂ।''

''ਅੰਟੀ ਜੀ, ਹਾਲੇ ਤਾਂ ਅਸੀਂ ਬਹੁਤ ਵੱਡੇ ਸ਼ੌਕ ਵਿਚ ਆਂ, ਹਾਲੇ ਸੰਭਲੇ ਨਈਂ, ਹਾਲੇ ਸਾਨੂੰ ਕੁਝ ਪਤਾ ਨਈਂ ਚਲਦਾ ਕਿ ਕੀ ਕਰੀਏ ਕੀ ਨਾ।''

''ਅਸੀਂ ਸਾਰੀ ਗੱਲ ਸਮਝਦੇ ਆਂ, ਕੁਝ ਵੀ ਹੋਵੇ ਆਪਾਂ ਨੂੰ ਜ਼ਿੰਦਗੀ ਤਾਂ ਜੀਉਣੀ ਈ ਪੈਣੀ ਆਂ, ...ਨਾਲ਼ੇ ਪਰਮਜੀਤ ਵੀ ਰਣਜੀਤ ਨੂੰ ਮਿਲਣਾ ਚਾਹੁੰਦੈ।''

ਜਗੀਰ ਕੋਰ ਨੇ ਇੰਨੀ ਅਪਣੱਤ ਨਾਲ ਕਿਹਾ ਕਿ ਸੁਰਿੰਦਰ ਨਾਂਹ ਨਾ ਕਰ ਸਕੀ। ਉਸ ਨੇ ਘਰ ਵਿਚ ਜਦ ਇਹ ਗੱਲ ਦੱਸੀ ਤਾਂ ਸਾਰੇ ਹੀ ਹੈਰਾਨ ਰਹਿ ਗਏ। ਇਕ ਗੱਲ ਚੰਗੀ ਵੀ ਲਗੀ ਕਿ ਜੇ ਪਰਮਜੀਤ ਹਾਲੇ ਵੀ ਰਣਜੀਤ ਨੂੰ ਮਿਲਣਾ ਚਾਹੁੰਦਾ ਹੈ ਤਾਂ ਸ਼ਾਇਦ ਉਹ ਇਸ ਹਾਦਸੇ ਨੂੰ ਮਨਜ਼ੂਰ ਕਰ ਲਵੇ ਤੇ ਰਣਜੀਤ ਨਾਲ ਪਹਿਲਾਂ ਜਿਹੇ ਸਬੰਧ ਬਣਾਈ ਰੱਖੇ ਤੇ ਇਕ ਦਿਨ ਦੋਨਾਂ ਦਾ ਵਿਆਹ ਵੀ ਹੋ ਜਾਵੇ। ਉਹ ਉਹਨਾਂ ਨੂੰ ਉਡੀਕਣ ਲਗੇ।

ਅਗਲੇ ਦਿਨ ਹੀ ਪਰਮਜੀਤ ਆਪਣੀ ਮਾਂ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਆ ਗਿਆ। ਇਕਬਾਲ ਸਿੰਘ ਜਾਣ ਬੁੱਝ ਕੇ ਹੀ ਨਹੀਂ ਸੀ ਆਇਆ। ਉਹ ਇਹ ਵੀ ਸੋਚਦਾ ਸੀ ਕਿ ਘਰ ਵਿਚ ਕੋਈ ਮਰਦ ਤਾਂ ਹੈ ਨਹੀਂ ਜਿਹਦੇ ਨਾਲ ਉਹ ਗੱਲ ਕਰ ਸਕੇ। ਜਗੀਰ ਕੋਰ ਸਭ ਨੂੰ ਗਲ਼ ਲਗ ਕੇ ਮਿਲੀ ਤੇ ਰੋ ਕੇ ਆਪਣੇ ਦੁੱਖ ਦਾ ਇਜ਼ਹਾਰ ਕੀਤਾ ਖਾਸ ਤੌਰ 'ਤੇ ਬਲਜਿੰਦਰ ਨੂੰ ਉਸ ਨੇ ਦੋ ਵਾਰ ਆਪਣੀ ਜੱਫੀ ਵਿਚ ਲੈ ਕੇ ਅਫਸੋਸ ਕੀਤਾ। ਉਹਨਾਂ ਨੇ ਰਣਜੀਤ ਤੇ ਪਰਮਜੀਤ ਨੂੰ ਜਾਣ ਬੁੱਝ ਕੇ ਫਰੰਟ ਰੂਮ ਵਿਚ ਇਕੱਲਿਆਂ ਛੱਡ ਦਿਤਾ ਤਾਂ ਜੋ ਆਪਣੀਆਂ ਗੱਲਾਂ ਕਰ ਸਕਣ।

ਰਣਜੀਤ ਨੇ ਇਕ ਵਾਰ ਪਰਮਜੀਤ ਵਲ ਦੇਖਿਆ ਤੇ ਫਿਰ ਨੀਵੀਂ ਪਾ ਲਈ। ਪੈਰਾਂ ਦੇ ਅੰਗੂਠੇ ਕਾਰਪੈੱਟ ਵਿਚ ਖੋਭਣ ਲਗੀ। ਪਰਮਜੀਤ ਉਠ ਕੇ ਉਸ ਦੇ ਨੇੜੇ ਹੋ ਗਿਆ ਤੇ ਬੋਲਿਆ,

''ਆਇ 'ਮ ਸੌਰੀ ਡਾਰਲਿੰਗ! ...ਬੱਟ ਆਇ ਲਵ ਯੂ, ਆਇ ਮੀਨ ਇਟ।''

ਰਣਜੀਤ ਨੇ ਇਕ ਵਾਰ ਫਿਰ ਉਸ ਵਲ ਦੇਖਿਆ ਤੇ ਉਸ ਨੂੰ ਚੁੰਬੜਦੀ ਭੁੱਬੀਂ ਹੋ ਤੁਰੀ। ਪੂਰੇ ਹਾਦਸੇ ਵਿਚ ਉਹ ਇੰਨਾ ਨਹੀਂ ਸੀ ਰੋਈ। ਭੁੱਬਾਂ ਘਟੀਆਂ ਤਾਂ ਹਉਕੇ ਸ਼ੁਰੂ ਹੋ ਗਏ। ਪਰਮਜੀਤ ਉਸ ਦੇ ਹੰਝੂ ਪੂੰਝਣ ਲਗਿਆ। ਉਸ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਚੁੱਪ ਕਰਾਇਆ। ਉਹ ਕਿੰਨੀ ਦੇਰ ਤਕ ਇਕ ਦੂਜੇ ਨੂੰ ਬਾਹਾਂ ਵਿਚ ਲਈ ਬੈਠੇ ਰਹੇ। ਦੋਨਾਂ ਤੋਂ ਹੀ ਬੋਲਿਆ ਨਹੀਂ ਸੀ ਜਾ ਰਿਹਾ। ਰਣਜੀਤ ਨੇ ਪਰਮਜੀਤ ਦੇ ਮੋਢ੍ਹੇ ਉਪਰ ਸਿਰ ਇਵੇਂ ਰੱਖ ਲਿਆ ਜਿਵੇਂ ਮੁੜ ਕੇ ਚੁੱਕਣਾ ਹੀ ਨਾ ਹੋਵੇ।

www.PunjabiLibrary.com

ਸੁਰਿੰਦਰ ਦਾ ਧਿਆਨ ਫਰੰਟ ਰੂਮ ਵਲ ਹੀ ਸੀ। ਉਸ ਨੂੰ ਰਣਜੀਤ ਦਾ ਰੋਣਾ ਸੁਣ ਰਿਹਾ ਸੀ, ਉਹ ਖੁਸ਼ ਵੀ ਸੀ ਕਿ ਰੋ ਕੇ ਰਣਜੀਤ ਦੇ ਅੰਦਰਲਾ ਦੁੱਖ ਵਹਿ ਜਾਵੇਗਾ। ਜਗੀਰ ਕੌਰ ਤੇ ਪਰਕਾਸ਼ ਕੌਰ ਗੱਲਾਂ ਕਰਦੀਆਂ ਰਹੀਆਂ ਪਰ ਉਹਨਾਂ ਨੂੰ ਵੀ ਲਗਿਆ ਕਿ ਰਣਜੀਤ ਤੇ ਪਰਮਜੀਤ ਲੋੜ ਤੋਂ ਜ਼ਿਆਦਾ ਦੇਰ ਤੋਂ ਅੰਦਰ ਹਨ। ਸੁਰਿੰਦਰ ਹੌਲੀ ਜਿਹੀ ਦਰਵਾਜ਼ਾ ਖੋਹਲ ਕੇ ਅੰਦਰ ਚਲੇ ਗਈ। ਮਗਰੇ ਹੀ ਜਗੀਰ ਕੌਰ ਤੇ ਪਰਕਾਸ਼ ਕੌਰ ਵੀ। ਰਣਜੀਤ ਤੇ ਪਰਮਜੀਤ ਹਾਲੇ ਵੀ ਕਿਧਰੇ ਦੂਰ ਗਵਾਚੇ ਬੈਠੇ ਸਨ। ਉਹਨਾਂ ਨੂੰ ਪਤਾ ਹੀ ਨਹੀਂ ਚੱਲਿਆ ਕਿ ਉਹ ਕਦ ਅੰਦਰ ਆਈਆਂ। ਪਰਮਜੀਤ ਉਠ ਕੇ ਖੜਾ ਹੋ ਗਿਆ ਤੇ ਬੋਲਿਆ,
"ਮੌਮ, ਆਏ ਵੌਂ 'ਟੂ ਮੈਰੀ ਰਾਨੀ, ਮੈਂ ਜਲਦੀ ਵਿਆਹ ਕਰਨਾ ਮੰਗਦਾਂ!"

ਇਕਬਾਲ ਸਿੰਘ ਇਕ ਵਾਰ ਫਿਰ ਆਪਣਾ ਸਿਰ ਫੜ ਕੇ ਬੈਠ ਗਿਆ। ਉਸ ਨੂੰ ਆਪਣੇ ਮੁੰਡੇ ਉਪਰ ਤਾਂ ਗੁੱਸਾ ਆ ਹੀ ਰਿਹਾ ਸੀ ਪਰ ਉਸ ਅੰਦਰ ਚਾਹਲ ਟੱਬਰ ਨਾਲ ਵੀ ਖਿੱਝ ਪੈਦਾ ਹੋਣ ਲਗੀ ਜਿਹੜੇ ਮੱਲੋ-ਮੱਲੀ ਆਪਣੀ ਦਾਗੀ ਕੁੜੀ ਉਹਨਾਂ ਦੇ ਮੁੰਡੇ ਦੇ ਗਲ਼ ਪਾ ਰਹੇ ਸਨ। ਪਰਮਜੀਤ ਉਪਰ ਉਹਨਾਂ ਨੇ ਜਿਵੇਂ ਕੋਈ ਜਾਦੂ ਕਰ ਦਿਤਾ ਹੋਇਆ ਸੀ। ਉਸ ਨੂੰ ਰਾਣੀ ਤੋਂ ਬਿਨਾਂ ਕੁਝ ਦਿਸ ਹੀ ਨਹੀਂ ਸੀ ਰਿਹਾ। ਜਿਸ ਦਿਨ ਦਾ ਰਾਣੀ ਨੂੰ ਮਿਲ ਕੇ ਆਇਆ ਸੀ, ਉਸ ਦਿਨ ਦਾ ਉਸ ਦਾ ਚਿਹਰਾ ਵੀ ਕੁਝ ਟਹਿਕਣ ਲਗਿਆ। ਰੋਟੀ ਵੀ ਚੰਗੀ ਤਰ੍ਹਾਂ ਖਾਣ ਲਗਿਆ ਸੀ ਤੇ ਕੰਮ ਨੂੰ ਵੀ ਹੱਥ ਪੁਆਉਣ ਡਹਿ ਪਿਆ ਸੀ। ਉਹ ਰਾਣੀ ਤੋਂ ਪਰਮਜੀਤ ਨੂੰ ਕਿਵੇਂ ਮੋੜੇ ਇਸ ਦਾ ਕੋਈ ਹੱਲ ਨਹੀਂ ਸੀ ਲੱਭ ਰਿਹਾ। ਬਹੁਤ ਸੋਚ ਕੇ ਉਸ ਨੇ ਆਪਣੇ ਦਫਤਰ ਵਿਚ ਕੰਮ ਕਰਦੀ ਸੂਜੀ ਨੂੰ ਕਿਹਾ,
"ਇਸ ਮਾਮਲੇ ਵਿਚ ਮੇਰੀ ਕੋਈ ਹੈੱਲਪ ਕਰ ਸੂਜੀ।"
"ਮਿਸਟਰ ਬੱਲ, ਦੱਸ, ਕਿਹੋ ਜਿਹੀ ਹੈੱਲਪ ਕਰਾਂ?"
"ਮੈਂ ਪੈਸੇ ਖਰਚ ਦੇਊਂ, ਕੋਈ ਕੁੜੀ ਲੱਭ ਕੇ ਇਹਦੇ ਮਗਰ ਪਾ।"
"ਕੁੜੀ ਤਾਂ ਹੈਗੀ ਐ, ਮੇਰੀ ਸਹੇਲੀ ਦੀ ਕੁੜੀ ਐ, ਤੇਜ਼ ਵੀ ਬਹੁਤ ਐ, ਸਾਰੀ ਗੱਲ ਸਮਝ ਜਾਵੇਗੀ।"
"ਠੀਕ ਐ, ਪੈਸਿਆਂ ਦਾ ਫਿਕਰ ਨਾ ਕਰ।"

ਅਗਲੇ ਹੀ ਦਿਨ ਇਕਬਾਲ ਸਿੰਘ ਦੇ ਦਫਤਰ ਵਿਚ ਵੀਹ ਕੁ ਸਾਲ ਦੀ ਇਕ ਕੁੜੀ, ਕ੍ਰਿਸਟੀ, ਕੰਮ 'ਤੇ ਆ ਲਗੀ। ਉਸ ਦਾ ਮੁੱਖ ਕੰਮ ਪਰਮਜੀਤ ਦੀ ਮੱਦਦ ਕਰਨਾ ਸੀ। ਕ੍ਰਿਸਟੀ ਤੇਜ਼ ਤਾਂ ਬਹੁਤ ਸੀ ਪਰ ਪਰਮਜੀਤ ਨੂੰ ਜਿੱਤ ਨਾ ਸਕੀ। ਦੂਜੇ ਦਿਨ ਹੀ ਉਸ ਨੇ ਆਪਣੇ ਪਿਓ ਨੂੰ ਕਿਹਾ,
"ਡੈਡ, ਇਹ ਕੁੜੀ ਰਾਈਟ ਨਈਂ, ਇਹਨੂੰ ਕੰਮ ਤੇ ਨਾ ਰੱਖ।"
"ਪਰਮਜੀਤ, ਕੀ ਰਾਈਟ ਐ ਤੇ ਕੀ ਰੌਂਗ, ਤੈਨੂੰ ਇਕੱਲੇ ਨੂੰ ਈ ਇਹਦਾ ਪਤੈ!"
"ਡੈਡ, ਇਹ ਮੇਰੇ ਨਾਲ਼ ਨੌਟੀ ਗੱਲਾਂ ਕਰਦੀ ਸੀ ਬੱਟ ਆਏ ਲਵ ਰਾਨੀ।"
"ਤੂੰ ਕਿਉਂ ਨਈਂ ਸਮਝਦਾ ਕਿ ਰਾਨੀ ਹੁਣ ਤੇਰੇ ਲਈ ਠੀਕ ਕੁੜੀ ਨਈਂ, ਉਹਦਾ ਨਾਂ ਬਹੁਤ ਬੈਡ ਹੋ ਗਿਆ। ਸੁਸਾਇਟੀ ਏਦਾਂ ਦੀ ਕੁੜੀ ਨੂੰ ਲਾਏਕ ਨਈਂ ਕਰਦੀ ਹੁੰਦੀ।"
"ਹੂ ਇਜ਼ ਸੁਸਾਇਟੀ? ...ਆਏ ਲਾਏਕ ਹਰ, ਆਏ ਡੌਂਟ ਕੇਅਰ ਅਬਾਊਟ ਐਨੀਬੌਡੀ ਐਲਜ਼। ...ਇਟ 'ਜ਼ ਨੌਟ ਹਰ ਫੌਲਟ।"
"ਤੈਨੂੰ ਵੀ ਸਾਰੀ ਉਮਰ ਓਹਦਾ ਬੈਡ ਨੇਮ ਕੈਰੀ ਕਰਨਾ ਪੈਣਾਂ।"
"ਆਏ ਡੌਂਟ ਮਾਈਂਡ।"
"ਇਕ ਹੋਰ ਗੱਲ ਬਹੁਤ ਵੱਡੀ ਐ ਕਿ ਇਸ ਘਟਨਾ ਦਾ ਉਹਦੇ ਦਿਮਾਗ ਦਾ ਤਵਾਜ਼ਨ ਵੀ ਖਰਾਬ ਕਰ ਦਿਤਾ ਹੋਇਐ।"
"ਆਏ ਡੌਂਟ ਥਿੰਕ ਸੋ, ਮੈਂ ਤਾਂ ਉਹਦੇ ਨਾਲ ਰੋਜ਼ ਗੱਲਾਂ ਕਰਦਾਂ, ਜੇ ਕੋਈ ਐਸੀ ਗੱਲ ਹੋਈ ਵੀ ਤਾਂ ਟਾਈਮ ਨਾਲ ਠੀਕ ਹੋ ਜਾਏਗੀ।"

ਪਰਮਜੀਤ ਆਪਣੀ ਗੱਲ ਉਪਰ ਪੂਰੀ ਤਰ੍ਹਾਂ ਬਾਜ਼ਿੱਦ ਸੀ। ਉਹ ਹਰ ਰੋਜ਼ ਰਣਜੀਤ ਨੂੰ ਫੋਨ ਕਰਦਾ। ਦੋ ਕੁ ਵਾਰ ਉਸ ਨੂੰ ਮਿਲਣ ਉਹਨਾਂ ਦੇ ਘਰ ਵੀ ਜਾ ਆਇਆ ਸੀ। ਜਦੋਂ ਦਾ ਉਹ ਰਣਜੀਤ ਨੂੰ ਮਿਲਣ ਲਗਿਆ ਸੀ, ਰਣਜੀਤ ਵੀ ਸਦਮੇ ਵਿਚੋਂ ਬਾਹਰ ਆਉਣ ਲਗ ਪਈ ਸੀ। ਸੁਰਿੰਦਰ ਇਸ ਗੱਲੋਂ ਖੁਸ਼ ਸੀ ਪਰ ਇਧਰ ਇਕਬਾਲ ਸਿੰਘ ਤੇ ਜਗੀਰ ਕੌਰ ਪਰੇਸ਼ਾਨ ਹੋਏ ਬੈਠੇ ਸਨ। ਇਕਬਾਲ ਸਿੰਘ ਨੇ ਆਪਣੀ ਪਤਨੀ ਨੂੰ ਕਿਹਾ,
"ਤੂੰ ਕਿਉਂ ਨਈਂ ਕੁੜੀ ਦੀ ਮਾਂ ਨਾਲ ਗੱਲ ਕਰਦੀ, ਉਹਨਾਂ ਨੂੰ ਕਹਿ ਕਿ ਕੁੜੀ ਨੂੰ ਸਮਝਾਉਣ।"
"ਦੇਖੋ ਜੀ, ਮੈਂ ਤਾਂ ਸੋਚ ਸੋਚ ਕੇ ਕਮਲ਼ੀ ਹੋਈ ਪਈ ਆਂ, ਏਸ ਮੁੰਡੇ ਨੇ ਸਾਡੇ ਸਿਰ ਖੇਹ ਪੁਆ ਕੇ ਈ ਰਹਿਣਾਂ, ਜੇ ਮੈਂ ਉਹਨਾਂ ਨੂੰ ਕਿਹਾ ਤਾਂ ਇਸਦਾ ਮੁੰਡੇ ਉਪਰ ਉਲਟਾ ਅਸਰ ਵੀ ਪੈ ਸਕਦਾ, ਕਿਤੇ ਮੁੰਡਾ ਈ ਹੱਥੋਂ ਨਾ ਗਵਾ ਬੈਠੀਏ।"

ਇਕਬਾਲ ਸਿੰਘ ਨੇ ਪਰਮਜੀਤ ਨੂੰ ਆਪਣੇ ਕੋਲ ਬੈਠਾ ਕੇ ਕਿਹਾ,
"ਠੀਕ ਐ, ਹਾਲੇ ਤੂੰ ਆਪਣੀ ਸਟੱਡੀ ਵਲ ਧਿਆਨ ਦੇ, ਹਾਲੇ ਤੇਰੀ ਉਮਰ ਵੀ ਨਈਂ ਹੋਈ, ਹਾਲੇ ਤੂੰ ਉਹਦੇ ਬਾਰੇ ਹੋਰ ਜਾਣ, ਦੋ ਕੁ ਸਾਲ ਤਕ ਅਸੀਂ ਤੇਰਾ ਵਿਆਹ ਕਰ ਦੇਵਾਂਗੇ।"
"ਡੈਡ, ਰਾਨੀ ਨੂੰ ਮੇਰੀ ਲੋੜ ਹੁਣ ਐਂ, ਦੋ ਸਾਲ ਬਾਅਦ ਨਈਂ।"
"ਪਿਓ ਮੈਂ ਆਂ ਕਿ ਤੂੰ?"
"ਯੂ।"
"ਫੇਰ ਤੂੰ ਹਰ ਗੱਲ ਦਾ ਜਵਾਬ ਪਹਿਲਾਂ ਈ ਘੜੀ ਫਿਰਦੈਂ, ਇਹ ਵਿਆਹ ਕੋਈ ਸਬਜ਼ੀ ਹੁੰਦੀ ਐ ਕਿ ਜਾ ਕੇ ਖਰੀਦ ਲਿਆਓ, ਇਹਨੂੰ ਓਰਗੇਨਾਈਜ਼ ਕਰਨ ਨੂੰ ਵਕਤ ਲਗਦਾ।"
"ਡੈਡ, ਮੇਰੇ ਕੋਲ ਵਕਤ ਨਈਂ।"
ਪਰਮਜੀਤ ਨੇ ਪਹਿਲੇ ਹੀ ਮਿਜ਼ਾਜ਼ ਵਿਚ ਕਿਹਾ। ਇਕਬਾਲ ਸਿੰਘ ਨੂੰ ਜਾਪਿਆ ਕਿ ਜਾਂ ਇਹ ਵਿਆਹ ਕਰੇ ਨਹੀਂ ਤਾਂ ਮੁੰਡਾ ਗੁਆ ਲਵੇ। ਉਹ ਤਾਂ ਸੋਚ ਰਿਹਾ ਸੀ ਕਿ ਜੇਕਰ ਵਿਆਹ ਨੂੰ ਅਗਾਂਹ ਪਾ ਦਿਤਾ ਜਾਵੇਗਾ ਤਾਂ ਜਦ ਤਕ ਸ਼ਾਇਦ ਇਸ ਦਾ ਮਨ ਉਸ ਕੁੜੀ ਤੋਂ ਭਰ ਹੀ ਜਾਵੇ ਤੇ ਉਹ ਕ੍ਰਿਸਟੀ ਵਰਗੀ ਕਿਸੇ ਹੋਰ ਕੁੜੀ ਨੂੰ ਉਸ ਦੇ ਮਗਰ ਪਾ ਦੇਵੇ ਪਰ ਪਰਮਜੀਤ ਉਸ ਦੀ ਕੋਈ ਵੀ ਚਾਲ ਕਾਮਯਾਬ ਨਹੀਂ ਸੀ ਹੋਣ ਦੇ ਰਿਹਾ। ਉਸ ਨੇ ਜਿਵੇਂ ਹਾਰ ਮੰਨ ਲਈ ਹੋਵੇ। ਉਸ ਨੇ ਪਤਨੀ ਨੂੰ ਕਿਹਾ,
"ਚਾਹਲਾਂ ਨੂੰ ਪੁੱਛ ਕਿ ਉਹਨਾਂ ਦੇ ਘਰ ਵਿਚ ਕਿਹੜਾ ਬੰਦੈ ਜਿਹਦੇ ਨਾਲ਼ ਅਸੀਂ ਗੱਲ ਕਰ ਸਕਦੇ ਆਂ?"

ਸੁਰਜਨ ਸਿੰਘ ਤੋਂ ਬਾਅਦ ਘਰ ਨੂੰ ਤਾਂ ਸੁਰਿੰਦਰ ਹੀ ਚਲਾਉਂਦੀ ਸੀ। ਸੁਰਜਨ ਸਿੰਘ ਵਾਲੀਆਂ ਸਾਰੀਆਂ ਜ਼ਿੰਮੇਵਾਰੀਆਂ ਉਸ ਦੇ ਕੋਲ਼ ਹੀ ਸਨ ਪਰ ਜਿਥੇ ਆਦਮੀਆਂ ਦੇ ਕਰਨ ਵਾਲਾ ਕੰਮ ਹੋਵੇ ਤਾਂ ਸ਼ਿਵਰਾਜ ਸਿੰਘ ਆ ਜਾਇਆ ਕਰਦਾ, ਫੋਨ ਤਾਂ ਉਸ ਦਾ ਆਉਂਦਾ ਹੀ ਰਹਿੰਦਾ। ਦਿਲਬਾਗ ਬਹੁਤਾ ਨਹੀਂ ਸੀ ਆਉਂਦਾ। ਜੇ ਆਉਂਦਾ ਵੀ ਤਾਂ ਕੁਝ ਦੇਰ ਬੈਠ ਕੇ, ਕੋਈ ਕੰਮ-ਕਾਰ ਪੁੱਛ ਕੇ ਚਲੇ ਜਾਂਦਾ। ਉਸ ਦਿਨ ਸ਼ਿਵਰਾਜ ਸਿੰਘ ਦਾ ਫੋਨ ਆਇਆ ਤਾਂ ਸੁਰਿੰਦਰ ਕਹਿਣ ਲਗੀ,
"ਅੰਕਲ ਜੀ, ਕਿਸੇ ਦਿਨ ਆਵੋਂ ਤਾਂ ਇਕ ਜ਼ਰੂਰੀ ਸਲਾਹ ਕਰਨ ਵਾਲੀ ਐ।"
"ਠੀਕ ਐ, ਮੈਂ ਤੇ ਤੇਰੀ ਅੰਟੀ ਕੱਲ ਨੂੰ ਈ ਆ ਜਾਂਗੇ।"
ਉਹ ਆਏ ਤਾਂ ਸੁਰਿੰਦਰ ਨੇ ਰਣਜੀਤ ਤੇ ਪਰਮਜੀਤ ਵਾਲੀ ਸਾਰੀ ਕਹਾਣੀ ਸੁਣਾ ਦਿਤੀ। ਸ਼ਿਵਰਾਜ ਸਿੰਘ ਖੁਸ਼ ਹੁੰਦਾ ਬੋਲਿਆ,
"ਮੈਨੂੰ ਤਾਂ ਇਹ ਬਹੁਤ ਚੰਗੀ ਗੱਲ ਲਗਦੀ ਐ, ਜੇ ਮੁੰਡਾ ਏਨਾ ਚੰਗਾ ਤਾਂ ਕਿਉਂ ਨਈਂ, ਇਹਨਾਂ ਦਾ ਵਿਆਹ ਕਰਨ ਵਿਚ ਕੋਈ ਨੁਕਸਾਨ ਨਈਂ, ਆਪਣੇ ਡੈਡੀ ਨੂੰ ਪੁੱਛਣਾ ਸੀ, ਉਹ ਕੀ ਕਹਿੰਦਾ?"
"ਡੈਡੀ ਤਾਂ ਕਹਿੰਦੇ ਠੀਕ ਐ ਪਰ ਕਹਿੰਦੇ ਕਿ ਹਾਲੇ ਮੁਕੱਦਮੇ ਦਾ ਫੈਸਲਾ ਹੋ ਲੈਣ ਦਿਓ।"
ਸੁਰਜਨ ਸਿੰਘ ਸੋਚ ਰਿਹਾ ਸੀ ਕਿ ਜਦ ਤਕ ਮੁਕੱਦਮਾ ਨਹੀਂ ਮੁਕਦਾ, ਰਣਜੀਤ ਇਸ ਝੰਜਟ ਵਿਚੋਂ ਵਿਹਲੀ ਨਹੀਂ ਹੋ ਸਕਦੀ। ਕੋਰਟ ਉਸ ਨੂੰ ਵੀ ਗਵਾਹੀ ਲਈ ਬੁਲਾ ਸਕਦੀ ਸੀ ਕਿਉਂਕਿ ਪੁਲੀਸ ਨੇ ਉਸ ਦਾ ਡਾਕਟਰੀ ਮੁਆਇਨ ਵੀ ਕਰਾਇਆ ਸੀ ਤੇ ਇਸ ਘਟਨਾ ਨੂੰ ਪੂਰੀ ਤਰ੍ਹਾਂ ਕਤਲ ਨਾਲ ਜੋੜ ਰਹੀ ਸੀ। ਸ਼ਿਵਰਾਜ ਸਿੰਘ ਕਹਿਣ ਲਗਿਆ,
"ਗੱਲ ਤਾਂ ਚਾਹਲ ਦੀ ਠੀਕ ਐ, ਮੁਕੱਦਮੇ ਦਾ ਫੈਸਲਾ ਹੋ ਲੈਣ ਦਿਓ, ਫਿਰ ਆਪਾਂ ਵਿਆਹ ਕਰ ਦੇਵਾਂਗੇ।"
ਸ਼ਿਵਰਾਜ ਸਿੰਘ ਇਕਬਾਲ ਸਿੰਘ ਨੂੰ ਆਪ ਉਸ ਦੇ ਘਰ ਜਾ ਕੇ ਮਿਲਿਆ। ਉਸ ਦਾ ਵਾਕਫ ਤਾਂ ਉਹ ਪਹਿਲਾਂ ਹੀ ਸੀ। ਪਹਿਲਾਂ ਤਾਂ ਇਕਬਾਲ ਸਿੰਘ ਦਾ ਦਿਲ ਕੀਤਾ ਕਿ ਕਿਸੇ ਸ਼ਿਵਰਾਜ ਸਿੰਘ ਨੂੰ ਕਹੇ ਕਿ ਕਿਸੇ ਤਰ੍ਹਾਂ ਇਸ ਵਿਆਹ ਨੂੰ ਟਾਲ਼ ਦੇਵੇ ਪਰ ਉਸ ਦੀ ਹਿੰਮਤ ਨਾ ਪਈ। ਸ਼ਿਵਰਾਜ ਸਿੰਘ ਮਿਲਦੇ ਸਾਰ ਹੀ ਕਹਿਣ ਲਗਿਆ,
"ਬੱਲ ਸਾਹਿਬ, ਮੈਂ ਤਾਂ ਤੁਹਾਡਾ ਤੇ ਤੁਹਾਡੀ ਇਸ ਸੱਚੀ-ਸੁੱਚੀ ਸੋਚ ਦਾ ਕਾਇਲ ਹੋ ਗਿਆਂ।"
"ਕੀ ਕਰੀਏ ਜੀ, ਜ਼ਿੰਦਗੀ ਇਵੇਂ ਈ ਚਲਦੀ ਐ।"
"ਅਜਕੱਲ ਏਨੀ ਪਰੌਗਰੈੱਸਿਵ ਸੋਚ ਵਾਲ਼ੇ ਬੰਦੇ ਕਿਥੋਂ ਮਿਲਦੇ ਆ, ਦਰਅਸਲ ਏਦਾਂ ਸਮਝੋ ਕਿ ਇਹ ਬੱਚੀ ਸੁਰਜਨ ਸਿੰਘ ਦੀ ਨਹੀਂ ਮੇਰੀ ਈ ਐ।"
"ਜੀ, ਪਰ ਇਵੇਂ ਹੋ ਸਕਦੈ ਕਿ ਵਿਆਹ ਆਪਾਂ ਕੁਝ ਠਹਿਰ ਕੇ ਕਰੀਏ, ਅਸੀਂ ਆਪਣੇ ਕੁਝ ਰਿਸ਼ਤੇਦਾਰ ਵੀ ਇੰਡੀਆ ਤੋਂ ਸੱਦਣੇ ਚਾਹੁੰਦੇ ਆਂ।"

ਇਕਬਾਲ ਸਿੰਘ ਨੇ ਵਿਆਹ ਵਾਲੀ ਗੱਲ ਨੂੰ ਲੰਮਾ ਖਿਚਣ ਲਈ ਦਾਅ ਵਰਤਦਿਆਂ ਕਿਹਾ ਸੀ। ਸ਼ਿਵਰਾਜ ਸਿੰਘ ਨੇ ਕਿਹਾ,

"ਮੈਂ ਸੁਰਜਨ ਸਿੰਘ ਨਾਲ ਮੁਲਾਕਾਤ ਕਰ ਕੇ ਆਇਆਂ, ਉਹ ਵੀ ਚਾਹੁੰਦੇ ਆ ਕਿ ਮੁਕੱਦਮੇ ਦੇ ਫੈਸਲੇ ਤੋਂ ਬਾਅਦ ਹੀ ਅਜਿਹਾ ਕੋਈ ਕਾਰਜ ਹੋਵੇ।"

"ਲਓ ਜੀ, ਤੁਸੀਂ ਤਾਂ ਖੁਸ਼ ਕਰ ਦਿਤਾ, ਇਹ ਬੱਚੇ ਜ਼ਰਾ ਜਲਦੀ ਕਰੀ ਜਾ ਰਹੇ ਸੀ।"

ਜਦ ਤਕ ਪਰਮਜੀਤ ਵੀ ਆ ਗਿਆ। ਇਕਬਾਲ ਸਿੰਘ ਨੇ ਪਰਮਜੀਤ ਨੂੰ ਬੁਲਾ ਕੇ ਸ਼ਿਵਰਾਜ ਸਿੰਘ ਨਾਲ ਮਿਲਾਇਆ ਤੇ ਆਖਿਆ,

"ਆਪਾਂ ਨੂੰ ਇਸ ਵਿਆਹ ਲਈ ਕੁਝ ਦੇਰ ਰੁਕਣਾ ਪੈਣਾਂ।"

"ਵਾਏ?"

"ਤੈਨੂੰ ਪਤਾ ਕਿ ਇਹ ਮਰਡਰ ਕੇਸ ਐ, ਇਹਦਾ ਫੈਸਲਾ ਨਈਂ ਹੁੰਦਾ ਤਾਂ ਵਿਆਹ ਕਿਵੇਂ ਹੋ ਸਕੇਗਾ।"

"ਵੌਂ 'ਟੂ ਡੂ ਵਿਦ ਰਾਨੀ?"

"ਯੂ ਨੋਅ ਦਾ ਸਕੋਰ, ...ਉਹਦੀ ਕੋਰਟ ਵਿਚ ਲੋੜ ਪੈ ਸਕਦੀ ਐ।"

ਇਕਬਾਲ ਸਿੰਘ ਵਲ ਪਰਮਜੀਤ ਇਵੇਂ ਦੇਖਣ ਲਗਿਆ ਜਿਵੇਂ ਉਹ ਝੂਠ ਬੋਲ ਰਿਹਾ ਹੋਵੇ। ਇਕਬਾਲ ਸਿੰਘ ਨੇ ਫਿਰ ਕਿਹਾ,

"ਵਾਏ ਨੌਟ ਯੂ ਟਾਕ ਟੂ ਰਾਨੀ।"

ਉਸ ਨੂੰ ਪਤਾ ਸੀ ਕਿ ਸੁਰਜਨ ਦੇ ਘਰ ਤਾਂ ਇਹ ਗੱਲ ਪਹਿਲਾਂ ਹੀ ਹੋ ਚੁੱਕੀ ਹੋਵੇਗੀ। ਸ਼ਿਵਰਾਜ ਸਿੰਘ ਨੇ ਫਿਰ ਪੁੱਛਿਆ,

"ਤੁਸੀਂ ਦੱਸੋ ਕਿ ਵਿਆਹ ਕਿਹੋ ਜਿਹਾ ਹੋਵੇ, ਜ਼ਿੰਦਗੀ ਵਿਚ ਦੁੱਖ-ਸੁੱਖ ਬਰਾਬਰ ਚਲਦੇ ਆ, ਜੋ ਹੋ ਗਿਆ ਸੋ ਹੋ ਗਿਆ ਪਰ ਅਸੀਂ ਵਿਆਹ ਤੋਂ ਪਿੱਛੇ ਨਈਂ ਹਟਦੇ।"

"ਸ਼ਿਵਰਾਜ ਸਿੰਘ ਜੀ, ਤੁਸੀਂ ਫਿਕਰ ਨਾ ਕਰੋ, ਵਕਤ ਆਏਗਾ ਤਾਂ ਬੈਠ ਕੇ ਸਲਾਹ ਕਰ ਲਵਾਂਗੇ, ਹਾਲੇ ਤਾਂ ਆਪਾਂ ਮੁਕੱਦਮੇ ਦਾ ਫੈਸਲਾ ਹੋਣ ਦੇਈਏ, ਫਿਰ ਬੈਠਾਂਗੇ ਤੇ ਸੋਚਾਂਗੇ।"

ਇਕਬਾਲ ਸਿੰਘ ਨੇ ਪਿਆਰ ਨਾਲ ਕਿਹਾ ਪਰ ਮਨ ਹੀ ਮਨ ਆਖ ਰਿਹਾ ਸੀ ਕਿ ਜਦ ਤਕ ਪਤਾ ਨਹੀਂ ਕਿਹੜੇ ਰਾਜੇ ਦੀ ਪਰਜਾ ਹੋਵੇਗੀ, ਪਤਾ ਨਹੀਂ ਇਹ ਵਿਆਹ ਹੋਵੇਗਾ ਕਿ ਨਹੀਂ।

ਪਰਮਜੀਤ ਨੇ ਰਣਜੀਤ ਨਾਲ ਗੱਲ ਕੀਤੀ ਤਾਂ ਇਹ ਗੱਲ ਪੱਕ ਹੋ ਗਈ ਕਿ ਵਿਆਹ ਮੁਕੱਦਮੇ ਦੇ ਫੈਸਲੇ ਤੋਂ ਬਾਅਦ ਹੀ ਹੋ ਸਕੇਗਾ। ਉਸ ਨੂੰ ਜ਼ਰਾ ਕੁ ਔਖਾ ਤਾਂ ਲਗਿਆ ਪਰ ਉਸ ਨੇ ਇਹ ਗੱਲ ਮੰਨ ਲਈ। ਇਕਬਾਲ ਸਿੰਘ ਹਰ ਵੇਲੇ ਉਸ ਨੂੰ ਉਤਸ਼ਾਹਤ ਕਰਦਾ ਕਿ ਰਣਜੀਤ ਨੂੰ ਲੈ ਕੇ ਬਾਹਰ ਘੁੰਮੇ। ਕੋਈ ਅਜਿਹਾ ਬਹਾਨਾ ਲਭਦਾ ਰਹਿੰਦਾ ਕਿ ਉਹਦੇ ਤੇ ਰਾਣੀ ਵਿਚਕਾਰ ਦਰਾੜ ਪੈ ਜਾਵੇ। ਪਰ ਇਵੇਂ ਹੋ ਨਾ ਸਕਿਆ। ਪਰਮਜੀਤ ਦਾ ਜਨੂਨ ਕਿਸੇ ਵੀ ਤਰ੍ਹਾਂ ਘੱਟ ਨਾ ਹੋਇਆ। ਮੁਕੱਦਮੇ ਦਾ ਫੈਸਲਾ ਹੁੰਦੇ ਨੂੰ ਕਾਫੀ ਸਮਾਂ ਲਗ ਗਿਆ। ਆਸ ਤੋਂ ਉਲਟ ਉਮਰ ਕੈਦ ਹੋ ਜਾਣ ਕਰਕੇ ਚਾਹਲ ਪਰਿਵਾਰ ਕੁਝ ਦੇਰ ਸਦਮੇ ਵਿਚ ਰਹੇ। ਉਸ ਵਿਚੋਂ ਨਿਕਲੇ ਤਾਂ ਵਿਆਹ ਬਾਰੇ ਸੋਚਣ ਲਗੇ। ਪਰਮਜੀਤ ਉਵੇਂ ਦਾ ਉਵੇਂ ਆਪਣੀ ਗੱਲ 'ਤੇ ਕਾਇਮ ਸੀ। ਇਕਬਾਲ ਸਿੰਘ ਨੂੰ ਹਾਰ ਕੇ ਵਿਆਹ ਦੀ ਤਿਆਰੀ ਕਰਨੀ ਪਈ। ਉਸ ਨੇ ਗੱਜ-ਵੱਜ ਕੇ ਵਿਆਹ ਕੀਤਾ, ਜਿਵੇਂ ਉਹ ਚਾਹੁੰਦਾ ਹੀ ਸੀ। ਆਪਣੀ ਕੌਂਸਲ ਦੇ ਸਾਰੇ ਕੌਂਸਲਰ ਤੇ ਮੇਅਰ ਤੇ ਲੋਕਲ ਐਮ.ਪੀ. ਤਕ ਮੁੰਡੇ ਦੇ ਵਿਆਹ 'ਤੇ ਸੱਦੇ। ਉਹ ਇਸ ਗੱਲ ਦਾ ਫਾਇਦਾ ਵੀ ਲੈਣਾ ਚਾਹੁੰਦਾ ਸੀ ਕਿ ਇਕ ਬਲਾਤਕਾਰ ਦੀ ਪੀੜਤ ਕੁੜੀ ਨਾਲ ਆਪਣੇ ਪੁੱਤਰ ਦਾ ਵਿਆਹ ਕਰ ਰਿਹਾ ਹੈ।

ਚਾਹਲ ਪਰਿਵਾਰ ਵਲੋਂ ਵੀ ਸਿਰਫ ਇਕ ਸੁਰਜਨ ਹੀ ਵਿਆਹ ਵਿਚ ਸ਼ਾਮਲ ਨਹੀਂ ਸੀ ਨਹੀਂ ਤਾਂ ਸਭ ਕੁਝ ਸੀ। ਸ਼ਿਵਰਾਜ ਸਿੰਘ ਨੇ ਪਿਓ ਵਾਲੀਆਂ ਸਾਰੀਆਂ ਰਸਮਾਂ ਨਿਭਾਈਆਂ। ਬਲਦੇਵ ਸਿੰਘ, ਗੁਰਨਾਮ ਸਿੰਘ ਤੇ ਚਮਨ ਲਾਲ ਨੇ ਵੀ ਮੁਹਰੇ ਹੋ ਕੇ ਸਾਰੇ ਕੰਮ ਕੀਤੇ। ਸਾਰੇ ਖੁਸ਼ ਸਨ।

ਸਾਧੂ ਸਿੰਘ, ਜਿਸ ਦੇ ਮੁੰਡੇ ਨੂੰ ਪਰਕਾਸ਼ ਕੋਰ ਦੀ ਭਾਣਜੀ ਮਨਿੰਦਰ ਵਿਆਹੀ ਹੋਈ ਸੀ, ਵੀ ਵਿਆਹ ਵਿਚ ਸ਼ਾਮਲ ਸੀ। ਉਸ ਦੇ ਸੁਰਜਨ ਸਿੰਘ ਦੇ ਟੱਬਰ ਨਾਲ ਹੁਣ ਸਬੰਧ ਬਹੁਤੇ ਵਧੀਆ ਨਹੀਂ ਸਨ। ਉਹ ਪਰਕਾਸ਼ ਕੋਰ 'ਤੇ ਇਲਜ਼ਾਮ ਲਾਉਂਦਾ ਰਹਿੰਦਾ ਕਿ ਉਹ ਮਨਿੰਦਰ ਨੂੰ ਚੁੱਕਦੀ ਰਹਿੰਦੀ ਹੈ ਇਸੇ ਲਈ ਮਨਿੰਦਰ ਆਪਣੇ ਪਤੀ ਬਲਜੀਤ ਨੂੰ ਲੈ ਕੇ ਅਲੱਗ ਹੋ ਗਈ ਸੀ। ਸਾਧੂ ਸਿੰਘ ਇਕਬਾਲ ਸਿੰਘ ਦਾ ਵਾਹਵਾ ਜਾਣੂ ਸੀ। ਵੋਟਾਂ ਖਾਤਰ ਇਕ ਦੋਵੇਂ ਇਕ ਦੂਜੇ ਦੀ ਲੋੜ ਸਨ। ਜਦ ਸਾਧੂ ਸਿੰਘ ਨੂੰ ਇਸ ਰਿਸ਼ਤੇ ਬਾਰੇ ਪਤਾ ਚਲਿਆ ਤਾਂ ਉਹ ਇਕਬਾਲ ਸਿੰਘ ਨੂੰ ਕਹਿਣ ਲਗਿਆ,

"ਬੱਲ ਸਾਹਿਬ, ਇਹ ਕੀ ਕੀਤਾ ਤੁਸੀਂ? ...ਭਲਾ ਤੁਹਾਡੇ ਮੁੰਡੇ ਨੂੰ ਰਿਸ਼ਤਿਆਂ ਦਾ ਘਾਟਾ ਸੀ!"

www.PunjabiLibrary.com

"ਸਾਧੂ ਸਿੰਘ ਜੀ, ਡੁਬੀ ਤਦੇ ਜਦ ਸਾਹ ਨਾ ਆਇਆ। ਮੁੰਡਾ ਤੰਗ ਕਰਨ ਲਗਿਆ ਸੀ, ਕੁੜੀ ਖਾਤਰ ਕਮਲ਼ਾ ਹੋਇਆ ਫਿਰਦਾ ਸੀ, ਅਸੀਂ ਡਰਦੇ ਸੀ ਕਿ ਇਕੋ ਇਕ ਔਲਾਦ ਐ, ਕਿਤੇ ਕੁੜੀ ਨੂੰ ਲੈ ਕੇ ਬਾਹਰ ਹੀ ਨਾ ਰਹਿਣ ਲਗ ਪਏ। ...ਗੋਰਿਆਂ ਦੀ ਕਹਾਵਤ ਐ ਨਾ ਕਿ ਜੇ ਤੁਹਾਡਾ ਵਿਗੜਿਆ ਮੁੰਡਾ ਬਾਹਰ ਖੜ ਕੇ ਅੰਦਰ ਨੂੰ ਪਿਸ਼ਾਬ ਕਰੇ ਤਾਂ ਉਹਨੂੰ ਅੰਦਰ ਵਾੜ ਲਓ ਤਾਂ ਜੋ ਧਾਰ ਬਾਹਰ ਨੂੰ ਜਾਵੇ!"

ਸੁਰਜਨ ਸਿੰਘ ਕਦੇ ਵੀ ਨਹੀਂ ਸੀ ਡੋਲਿਆ। ਜੇਲ੍ਹ ਪੁੱਜਦਿਆਂ ਹੀ ਉਸ ਨੇ ਆਪਣੇ ਆਪ ਨੂੰ ਇਸ ਮਹੌਲ ਦੇ ਹਾਣ ਦਾ ਬਣਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਸਨ। ਮੈਨ ਸਲਾਟਰ ਦਾ ਕੇਸ ਕਤਲ ਵਿਚ ਬਦਲਦਾ ਦੇਖ ਕੇ ਉਸ ਨੇ ਆਪਣੇ ਆਪ ਨੂੰ ਕਹਿ ਦਿਤਾ ਸੀ ਕਿ ਹੁਣ ਤਾਂ ਇਥੇ ਹੀ ਰਹਿਣਾ ਹੈ; ਦਸ ਸਾਲ, ਪੰਦਰਾਂ ਜੀ ਵੀਹ। ਜੇਲ੍ਹ ਬਾਰੇ ਜਿਵੇਂ ਉਹ ਸੋਚਦਾ ਸੀ ਏਨੀ ਮੁਸ਼ਕਲ ਨਹੀਂ ਸੀ। ਉਸ ਦੀ ਪੱਗ ਕਾਰਨ ਉਹ ਖਿੱਚ ਦਾ ਕਾਰਨ ਵੀ ਬਣ ਜਾਂਦਾ। ਕਤਲ ਕੇਸ ਵਿਚ ਆਏ ਹੋਣ ਕਰਕੇ ਉਸ ਨੂੰ ਵਿਸ਼ੇਸ਼ ਸਮਝਿਆ ਜਾਂਦਾ। ਜਦੋਂ ਕਤਲ ਦੇ ਕਾਰਨ ਦਾ ਪਤਾ ਚਲਦਾ ਤਾਂ ਉਸ ਦੀ ਇੱਜ਼ਤ ਹੋਰ ਵੀ ਵਧ ਜਾਂਦੀ। ਉਸ ਦੀ ਉਮਰ ਕਰਕੇ ਵੀ ਉਸ ਨਾਲ ਚੰਗਾ ਵਿਵਹਾਰ ਹੀ ਕੀਤਾ ਜਾਂਦਾ ਸੀ ਨਹੀਂ ਤਾਂ ਜੇਲ੍ਹ ਵਿਚ ਉਹ ਸਭ ਬੁਰਾਈਆਂ ਸਨ ਜੋ ਬਾਹਰਲੀ ਦੁਨੀਆਂ ਵਿਚ ਹੁੰਦੀਆਂ ਹਨ। ਨਸਲਵਾਦ ਜ਼ੋਰਾਂ 'ਤੇ ਸੀ। ਡਰੱਗ ਆਦਿ ਵੀ ਆਮ ਮਿਲ ਜਾਂਦੇ। ਰਿਸ਼ਵਤ ਲੈ ਕੇ ਕਈ ਸਹੂਲਤਾਂ ਵੀ ਦਿਤੀਆਂ ਜਾਂਦੀਆਂ।

ਕਿਤਾਬਾਂ ਦੇ ਸਹਾਰੇ ਉਸ ਨੇ ਜੇਲ੍ਹ ਦੀ ਜ਼ਿੰਦਗੀ ਸੌਖੀ ਬਣਾ ਲਈ ਸੀ। ਸਾਊਥਾਲ ਤੋਂ ਨਿਕਲਦਾ ਹਫਤਾਵਾਰੀ ਪਰਚਾ 'ਵਾਸ-ਪਰਵਾਸ' ਉਸ ਨੇ ਜੇਲ੍ਹ ਵਿਚ ਹੀ ਮੰਗਵਾਉਣਾ ਸ਼ੁਰੂ ਕਰ ਦਿਤਾ ਸੀ, ਜਿਸ ਨਾਲ ਦੇਸ਼ ਵਿਦੇਸ਼ ਦੀਆਂ ਖਬਰਾਂ ਦਾ ਪਤਾ ਚਲਦਾ ਰਹਿੰਦਾ। ਇਸੇ ਪਰਚੇ ਵਿਚ ਹੀ ਫਿਰ ਗੁਲਵੰਤ ਦੀ ਇਸਟੇਟ ਏਜੰਸੀ ਦੀ ਮਸ਼ਹੂਰੀ ਵੀ ਲਗੀ ਹੁੰਦੀ। ਗੁਲਵੰਤ ਵਾਲ਼ ਵਾਹ ਕੇ ਫੋਟੋ ਵਿਚ ਬੈਠਾ ਹੁੰਦਾ। ਸੁਰਜਨ ਸਿੰਘ ਕਾਹਲੀ ਨਾਲ ਉਹ ਸਫਾ ਉਲਟ ਦਿੰਦਾ। ਸੁਰਿੰਦਰ ਜਾਂ ਕੋਈ ਦੋਸਤ ਉਸ ਨੂੰ ਕਿਤਾਬਾਂ ਦੇ ਵੀ ਜਾਂਦੇ। ਪ੍ਰੀਤ ਲੜੀ ਕਿਸੇ ਵੇਲੇ ਉਹ ਚਾਅ ਨਾਲ ਪੜ੍ਹਿਆ ਕਰਦਾ ਸੀ ਪਰ ਹੁਣ ਇਸ ਦਾ ਮਿਆਰ ਡਿਗ ਪੈਣ ਕਰਕੇ ਇਸ ਨੂੰ ਬੰਦ ਕਰਵਾ ਦਿਤਾ ਸੀ। ਉਸ ਨੂੰ ਹਰ ਵੇਲੇ ਕੋਈ ਨਾ ਕੋਈ ਕਿਤਾਬ ਲੈ ਕੇ ਬੈਠੇ ਨੂੰ ਦੇਖ ਕੇ ਕਈ ਕੈਦੀ ਸਾਥੀ ਮਜ਼ਾਕ ਕਰਦੇ ਕਹਿਣ ਲਗਦੇ; 'ਮਿਸਟਰ ਸਿੰਘ, ਕੋਈ ਇਮਥਿਹਾਨ ਦੇਣਾ!'

ਜੇਲ੍ਹ ਵਿਚ ਉਸ ਦਾ ਪਹਿਲਾ ਦੁੱਖ ਭਰਿਆ ਦਿਨ ਉਹ ਸੀ ਜਦ ਪਰਕਾਸ਼ ਕੋਰ ਉਸ ਵਲ ਦੇਖ ਕੇ ਅਜੀਬ ਤਰੀਕੇ ਨਾਲ ਮੁਸਕ੍ਰਾਈ ਸੀ। ਹਰ ਵਾਰ ਮੁਲਾਕਾਤ ਨੂੰ ਆਇਆ ਟੱਬਰ ਕੁਝ ਮਿੰਟ ਪਹਿਲਾਂ ਉਠ ਖੜਦਾ। ਇਹ ਸਮਾਂ ਪਰਕਾਸ਼ ਕੋਰ ਨੂੰ ਆਪਣੇ ਪਤੀ ਨਾਲ ਗੱਲ ਕਰਨ ਲਈ ਦੇ ਦਿਤਾ ਜਾਂਦਾ ਸੀ। ਉਹ ਘਰ ਦੀ ਕੋਈ ਖਾਸ ਗੱਲ ਕਰ ਲੈਂਦੇ ਜਾਂ ਕੋਈ ਨਿੱਜੀ ਜਿਹੀ। ਉਸ ਦਿਨ ਜਦ ਸਾਰੇ ਉਠ ਕੇ ਚਲੇ ਗਏ ਤਾਂ ਪਰਕਾਸ਼ ਕੋਰ ਮੂੰਹ ਫੇਰ ਚੁੱਪ ਕਰਕੇ ਬੈਠੀ ਰਹੀ। ਪਤਨੀ ਨੂੰ ਇਵੇਂ ਦੇਖ ਕੇ ਉਹ ਬੋਲਿਆ,

"ਬੁੜ੍ਹੀਏ, ਕੁਨੈਣ ਖਾਧੀ ਐ, ਏਦਾਂ ਦਾ ਮੂੰਹ ਕਰੀ ਬੈਠੀ ਐਂ?"

ਉਹ ਕੁਝ ਨਹੀਂ ਸੀ ਬੋਲੀ ਸਿਰਫ ਨੀਲੇ ਰੰਗ ਦਾ ਖੜਕਵਾਂ ਲਿਫਾਫਾ ਉਹਦੇ ਵਲ ਵਗਾਹ ਮਾਰਿਆ ਸੀ ਤੇ ਇਕ ਦਮ ਉਠ ਖੜੀ ਹੋਈ, ਆਪਣੀ ਅੱਡੀ ਜ਼ੋਰ ਨਾਲ ਜ਼ਮੀਨ 'ਤੇ ਮਾਰਦੀ ਤੁਰ ਗਈ। ਫਿਰ ਉਸ ਨੇ ਕੁਝ ਦੂਰ ਜਾ ਕੇ ਮੁੜ ਉਸ ਵਲ ਦੇਖਿਆ ਤੇ ਅਜਿਹੀ ਤੱਕਣੀ ਉਸ ਵਲ ਸੁਟੀ ਜਿਵੇਂ ਕਹਿ ਰਹੀ ਹੋਵੇ ਕਿ ਤੇਰੀ ਇਹੋ ਸਹੀ ਜਗਾਹ ਹੈ। ਸੁਰਜਨ ਸਿੰਘ ਅੰਦਰੋਂ ਤੜਫ ਉਠਿਆ।

ਸਾਰੇ ਚਲੇ ਗਏ। ਉਹ ਆਪਣੀ ਕੋਠੜੀ ਵਿਚ ਆ ਕੇ ਪਤਨੀ ਦੇ ਇਸ ਵਤੀਰੇ ਬਾਰੇ ਸੋਚਣ ਲਗਿਆ ਫਿਰ ਆਪਣੇ ਆਪ ਨੂੰ ਤਸੱਲੀ ਦਿੰਦਾ ਕਹਿਣ ਲਗਿਆ ਕਿ ਪਰਕਾਸ਼ ਕੋਰ ਦਾ ਵੀ ਕੀ ਕਸੂਰ ਹੈ, ਉਸ ਨੇ ਹੀ ਕਦੇ ਅਮਾਂਡਾ ਬਾਰੇ ਗੱਲ ਨਹੀਂ ਸੀ ਕੀਤੀ। ਜੇ ਅਮਾਂਡਾ ਬਾਰੇ ਸਾਰੀ ਗੱਲ ਪਤਨੀ ਨੂੰ ਦਸ ਦਿੰਦਾ ਤਾਂ ਸ਼ਾਇਦ ਉਸ ਦੇ ਮਨ ਵਿਚ ਇੰਨਾ ਗੁੱਸਾ ਨਾ ਹੁੰਦਾ। ਇਸ ਗੱਲ ਨੂੰ ਭੁੱਲਦਾ ਉਹ ਅਮਾਂਡਾ ਦੀ ਚਿੱਠੀ ਪੜ੍ਹਨ ਲਗਿਆ। ਬਹੁਤੀਆਂ ਉਹੋ ਪੁਰਾਣੀਆਂ ਗੱਲਾਂ ਸਨ। ਉਹ ਬਹੁਤ ਇਕੱਲੀ ਸੀ। ਵੱਡਾ ਸਾਰਾ ਫਾਰਮ ਉਸ ਨੂੰ ਵੱਡੀਆਂ ਵੱਡੀਆਂ ਮੁਸ਼ਕਲਾਂ ਦੇ ਰਿਹਾ ਸੀ। ਘਰੋਂ ਕੱਢਿਆ ਪਤੀ ਪੈਸੇ ਦੀ ਖਾਤਰ ਚੱਕਰ ਮਾਰਦਾ ਰਹਿੰਦਾ ਸੀ। ਪੁੱਤਰ ਹਾਲੇ ਅਮਰੀਕਾ ਵਿਚੋਂ ਨਹੀਂ ਸੀ ਮੁੜਿਆ। ਗਵਾਂਢੀ ਲੋਕ ਉਸ ਦਾ ਫਾਰਮ ਦੱਬਣ ਨੂੰ ਫਿਰਦੇ ਸਨ। ਉਸ ਨੇ ਸੁਰਜਨ ਦੀ ਮਿੰਨਤ ਕੀਤੀ ਸੀ ਕਿ ਇਕ ਵਾਰੀ ਅਸਟਰੇਲੀਆ ਆ ਕੇ ਉਸ ਨੂੰ ਮਿਲੇ।

ਸੁਰਜਨ ਸਿੰਘ ਨੇ ਹਾਲੇ ਤਕ ਅਮਾਂਡਾ ਨੂੰ ਨਹੀਂ ਸੀ ਦਸਿਆ ਕਿ ਉਹ ਜੇਲ੍ਹ ਵਿਚ ਹੈ। ਜੇਲ੍ਹ ਵਿਚੋਂ ਚਿੱਠੀ ਲਿਖਣ ਲਈ ਜੇਲ੍ਹ ਦੀ ਲੈਟਰ-ਹੈੱਡ ਵਾਲੇ ਪੇਪਰ ਹੀ ਮਿਲਦੇ ਸਨ ਪਰ ਸੁਰਜਨ ਨੇ ਇਕ ਅਫਸਰ ਨੂੰ ਰਿਸ਼ਵਤ ਦੇ ਕੇ ਕੋਰੇ ਕਾਗਜ਼ ਪ੍ਰਾਪਤ ਕਰ ਲਏ ਤੇ ਅਮਾਂਡਾ ਨੂੰ ਚਿੱਠੀ ਲਿਖ ਦਿਤੀ। ਉਸ ਨੇ ਵੀ ਚਿੱਠੀ ਵਿਚ ਕੁਝ ਸਲਾਹਾਂ, ਕੁਝ ਤਸੱਲੀਆਂ ਤੇ ਕੁਝ ਰਾਵਾਂ ਵੀ ਦਿਤੀਆਂ ਸਨ, ਮੋਹਰ ਨੂੰ ਦੇਖਦੇ ਤੁਰਨ ਦੀ ਤਾਗੀਦ ਕੀਤੀ। ਆਪਣੇ ਅਸਟਰਲੀਆ ਨਾ ਆ ਸਕਣ ਦੀ ਅਸਮਰਥਤਾ ਵੀ ਦਰਸਾਈ। ਉਸ ਦਾ ਦਿਲ ਕਰਦਾ ਸੀ ਕਿ ਅਮਾਂਡਾ ਨੂੰ ਲਿਖੇ ਕਿ ਉਹ ਇੰਗਲੈਂਡ ਆ ਕੇ ਕੁਝ ਦੇਰ ਉਸ ਦੇ ਪਰਿਵਾਰ ਵਿਚ ਰਹੇ ਪਰ ਅਜਿਹਾ ਉਹ

www.PunjabiLibrary.com

ਕਰ ਨਾ ਸਕਿਆ। ਵਿਸ਼ੇਸ਼ ਤੌਰ 'ਤੇ ਪਰਕਾਸ਼ ਕੌਰ ਦੀ ਕਾਟਵੀਂ ਮੁਸਕ੍ਰਾਹਟ ਦੇਖ ਕੇ ਤਾਂ ਉਹ ਅਜਿਹਾ ਲਿਖਣ ਬਾਰੇ ਸੋਚ ਵੀ ਨਹੀਂ ਸੀ ਸਕਦਾ।

ਇਸ ਤੋਂ ਬਾਅਦ ਤਿੰਨੀਂ ਕੁ ਮਹੀਨੀਂ ਅਮਾਂਡਾ ਦੀ ਚਿੱਠੀ ਆ ਗਈ। ਉਹ ਬਹੁਤ ਖੁਸ਼ ਸੀ। ਉਸ ਦਾ ਮੁੰਡਾ ਅਮਰੀਕਾ ਤੋਂ ਮੁੜ ਆਇਆ ਸੀ। ਉਸ ਦਾ ਪਤੀ ਜੌਰਜ ਵੀ ਹੁਣ ਸੁਧਰ ਗਿਆ ਸੀ ਤੇ ਉਸ ਦੀ ਸੰਭਾਲ ਕਰਨ ਲਗਿਆ ਸੀ। ਹੁਣ ਉਹ ਇਕੱਲੀ ਨਹੀਂ ਸੀ ਪਰ ਉਸ ਨੇ ਸੁਰਜਨ ਸਿੰਘ ਨੂੰ ਅਸਟਰੇਲੀਆ ਆਉਣ ਦਾ ਸੱਦਾ ਇਕ ਵਾਰ ਫਿਰ ਦਿਤਾ ਹੋਇਆ ਸੀ। ਅਮਾਂਡਾ ਨੂੰ ਖੁਸ਼ ਦੇਖ ਕੇ ਉਸ ਦਾ ਮਨ ਵੀ ਪ੍ਰਸੰਨ ਹੋ ਗਿਆ ਤੇ ਸੋਚਣ ਲਗਿਆ ਕਿ ਹੁਣ ਉਸ ਨੂੰ ਆਪਣੇ ਬਾਰੇ ਸਭ ਕੁਝ ਦਸ ਦੇਣਾ ਚਾਹੀਦਾ ਹੈ। ਇਸ ਵਾਰ ਉਸ ਨੇ ਜੇਲ ਦੇ ਲੈਟਰ-ਹੈੱਡ ਵਾਲੇ ਕਾਗਜ਼ਾਂ ਉਪਰ ਚਿੱਠੀ ਲਿਖੀ। ਸਾਰੀ ਗੱਲ ਤਫਸੀਲ ਵਿਚ ਲਿਖਦਿਆਂ ਜੇਲ੍ਹ ਦਾ ਪਤਾ ਵੀ ਦੇ ਦਿਤਾ ਤਾਂ ਜੋ ਉਹ ਉਸ ਨੂੰ ਸਿੱਧੀ ਚਿੱਠੀ ਲਿਖ ਸਕੇ। ਅਮਾਂਡਾ ਨੂੰ ਚਿੱਠੀ ਪੋਸਟ ਕਰਕੇ ਉਹ ਉਸੇ ਪਲ ਹੀ ਉਸ ਦੇ ਜਵਾਬ ਦੀ ਉਡੀਕ ਕਰਨ ਲਗਿਆ। ਮਹੀਨਾ ਤਾਂ ਜਵਾਬ ਆਉਣ ਨੂੰ ਲਗਣਾ ਹੀ ਸੀ ਪਰ ਕਈ ਮਹੀਨੇ ਲੰਘ ਗਏ, ਅਮਾਂਡਾ ਦੀ ਚਿੱਠੀ ਨਾ ਆਈ। ਸਾਲ ਲੰਘ ਗਿਆ ਤੇ ਫਿਰ ਡੇੜ੍ਹ ਸਾਲ। ਅਮਾਂਡਾ ਵਲੋਂ ਕੋਈ ਖਬਰ ਨਾ ਆਈ। ਉਸ ਲਈ ਇੰਤਜ਼ਾਰ ਕਰਨਾ ਔਖਾ ਹੋ ਰਿਹਾ ਸੀ। ਉਹ ਸੋਚਣ ਲਗਿਆ ਕਿ ਇਕ ਹੋਰ ਚਿੱਠੀ ਲਿਖੇ।

ਜੇਲ੍ਹ ਵਿਚ ਉਸ ਦੇ ਖੁਸ਼ੀ ਦੇ ਦਿਨਾਂ ਵਿਚੋਂ ਪਹਿਲਾ ਦਿਨ ਉਹ ਸੀ ਜਦ ਪਰਮਜੀਤ ਤੇ ਰਣਜੀਤ ਉਸ ਨੂੰ ਮਿਲਣ ਆਏ ਸਨ। ਉਹ ਇਸ ਜੋੜੀ ਵਲ ਦੇਖ ਕੇ ਖੁਸ਼ ਹੋ ਗਿਆ। ਉਹਨਾਂ ਵਲ ਦੇਖ ਕੇ ਉਸ ਨੂੰ ਗੁਲਵੰਤ ਤੇ ਸੁਰਿੰਦਰ ਦੀ ਜੋੜੀ ਦੀ ਯਾਦ ਆ ਗਈ। ਪਰਮਜੀਤ ਨੇ ਮੁੜ ਕੇ ਪੜ੍ਹਾਈ ਸ਼ੁਰੂ ਕਰ ਦਿਤੀ ਸੀ ਪਰ ਰਣਜੀਤ ਕਾਲਜ ਨਾ ਜਾ ਸਕੀ। ਉਹ ਘਰ ਸੰਭਾਲਦੀ। ਹੁਣ ਅਗਾਂਹ ਗਰਭਵਤੀ ਸੀ, ਇਸ ਕਰਕੇ ਘਰ ਵਿਚ ਉਸ ਦੀ ਕਦਰ ਹੋਣ ਲਗੀ ਸੀ।

## ਇਕੱਤੀ

ਉਹ ਸਾਰੀਆਂ ਕਾਰ ਵਿਚੋਂ ਇਕ ਇਕ ਕਰਕੇ ਉਤਰਨ ਲਗੀਆਂ। ਸੁਰਿੰਦਰ ਸਭ ਤੋਂ ਬਾਅਦ ਵਿਚ ਉਤਰੀ। ਉਹਨਾਂ ਸਭ ਨੇ ਲੋੜੀਂਦਾ ਸਮਾਨ ਚੁੱਕਿਆ ਹੋਇਆ ਸੀ। ਪਹਿਲਾਂ ਉਹਨਾਂ ਸਭ ਨੇ 'ਵਿਜ਼ਟਰ ਰੂਮ' ਵਿਚ ਜਾ ਕੇ ਆਪਣੀ ਹਾਜ਼ਰੀ ਲਗਵਾਈ, ਫਾਰਮ ਭਰੇ, ਆਪਣੀ ਸ਼ਨਾਖਤ ਲਈ ਪਾਸਪੋਰਟ ਦਿਖਾਏ, ਉਹਨਾਂ ਨੂੰ ਪੰਦਰਾਂ ਨੰਬਰ ਟੇਬਲ ਅਲਾਟ ਕਰ ਦਿਤਾ ਗਿਆ। ਫਿਰ ਉਹ ਮੁਲਾਕਾਤੀਆਂ ਦੀ ਕਤਾਰ ਵਿਚ ਖੜ ਗਈਆਂ। ਅਗਿਓਂ ਵੀ ਕਈ ਕਿਸਮ ਦੀ ਸਕਿਊਰਟੀ ਵਿਚੋਂ ਲੰਘਦੀਆਂ ਉਹ ਵੱਡੇ ਮੇਨ ਹਾਲ ਵਿਚ ਆ ਗਈਆਂ। ਉਹ ਪੰਦਰਾਂ ਨੰਬਰ ਟੇਬਲ ਉਪਰ ਜਾ ਬੈਠੀਆਂ, ਛੇ ਕੁਰਸੀਆਂ ਲਗੀਆਂ ਹੋਈਆਂ ਸਨ। ਤਕਰੀਬਨ ਦਸ ਵਜੇ ਸੱਜੇ ਪਾਸੇ ਦੇ ਇਕ ਦਰਵਾਜ਼ੇ ਵਿਚੋਂ ਕੈਦੀ ਆਉਣੇ ਸ਼ੁਰੂ ਹੋ ਗਏ। ਦੂਰੋਂ ਆਉਂਦੇ ਸੁਰਜਨ ਸਿੰਘ ਨੂੰ ਦੇਖਦੇ ਹੀ ਅੰਮ੍ਰਿਤਾ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿਤੀਆ; 'ਨਾਨਾ ਜੀ ਆ ਗਏ, ਨਾਨਾ ਜੀ ਆ ਗਏ!'

ਅੰਮ੍ਰਿਤ ਹੁਣ ਵੱਡੀ ਹੋ ਗਈ ਸੀ, ਸਾਰੀ ਗੱਲ ਸਮਝਦੀ ਸੀ। ਸੁਰਜਨ ਸਿੰਘ ਦੇ ਜੇਲ੍ਹ ਜਾਣ ਤੋਂ ਬਾਅਦ ਕੁਝ ਦੇਰ ਉਹ ਉਸ ਨੂੰ ਬਹੁਤ ਚੇਤੇ ਕਰਦੀ ਰਹੀ ਸੀ। 'ਨਾਨਾ ਜੀ, ਨਾਨਾ ਜੀ' ਪੁਕਾਰਦੀ ਸਾਰੇ ਕਮਰਿਆਂ ਵਿਚ ਉਸ ਨੂੰ ਲੱਭਦੀ ਫਿਰਦੀ। ਉਸ ਵਲ ਦੇਖ ਕੇ ਸਾਰਾ ਟੱਬਰ ਹੀ ਰੋਣ ਲਗਦਾ। ਬਹੁਤ ਮੁਸ਼ਕਲ ਨਾਲ ਸੰਭਲੀ ਸੀ ਉਹ। ਸੁਰਜਨ ਸਿੰਘ ਨੇ ਉਹਨਾਂ ਸਭ ਵਲ ਦੇਖਿਆ, ਆਦਤਨ ਮੁਸਕ੍ਰਾਇਆ ਤੇ ਪਤਨੀ ਨੂੰ ਬੋਲਿਆ,

"ਬੁੜ੍ਹੀਏ, ਵਾਲ਼ ਨਵੇਂ ਰੰਗੇ ਲਗਦੇ ਆ।"

ਪਰਕਾਸ਼ ਕੌਰ ਹੰਝੂਆਂ ਵਿਚ ਦੀ ਜ਼ਰਾ ਕੁ ਹੱਸੀ। ਸੁਰਿੰਦਰ ਵੀ ਤੇ ਬਲਜਿੰਦਰ ਵੀ। ਸੁਖਵੀਰ ਕਹਿਣ ਲਗੀ,

"ਡੈਡ, ਹੁਣ ਮੰਮੀ ਦੇ ਦੰਦ ਬਹੁਤ ਦਖਦੇ ਆ, ਅਸੀਂ ਕਿਹਾ ਕੱਢਵਾ ਕੇ ਨਵੇਂ ਲਗਵਾ ਲੈ।"

"ਬੁੜ੍ਹੀਏ, ਐਵੇਂ ਨਾ ਨਿਆਣਿਆਂ ਮਗਰ ਲਗ ਕੇ ਮੂੰਹ ਆਲ਼ੇ ਅਰਗਾ ਕਰਾ ਬੈਠੀਂ, ...ਨਕਲੀ ਦੰਦ ਨਕਲੀ ਹੁੰਦੇ ਆ, ਖਾਣ ਪੀਣ ਦਾ ਸਵਾਦ ਨਈਂ ਰਹਿੰਦਾ।"

ਸਾਰੇ ਹੱਸਣ ਲਗੇ। ਨਿੱਕੀਆਂ ਨਿੱਕੀਆਂ ਗੱਲਾਂ ਤੁਰ ਪਈਆਂ। ਸਾਰੇ ਹਾਲ ਵਿਚ ਕਾਵਾਂ-ਰੌਲ਼ੀ ਪਈ ਹੋਈ ਸੀ। ਕੈਦੀਆਂ ਤੇ ਮੁਲਾਕਾਤੀਆਂ ਨਾਲ ਹਾਲ ਭਰਿਆ ਪਿਆ ਸੀ। ਲੋਕ ਆਪਣਿਆਂ ਨੂੰ ਮਿਲ ਕੇ ਖੁਸ਼ ਸਨ। ਕੋਈ ਕੋਈ ਰੋ ਵੀ ਰਿਹਾ ਸੀ। ਦੋ ਪੰਜਾਬੀ ਕੈਦੀ ਹੋਰ ਵੀ ਸਨ। ਉਹਨਾਂ ਨੂੰ ਮਿਲਣ ਆਏ ਲੋਕ ਸੁਰਜਨ ਸਿੰਘ ਦੇ ਟੱਬਰ ਨੂੰ ਘੋਖਵੀਆਂ ਨਜ਼ਰਾਂ ਨਾਲ ਦੇਖੀ ਜਾ ਰਹੇ ਸਨ।

ਆਮ ਤੌਰ 'ਤੇ ਇਕ ਵਾਰੀ ਵਿਚ ਤਿੰਨ ਮੁਲਾਕਤੀ ਹੀ ਮਿਲ ਸਕਦੇ ਸਨ, ਉਹ ਵੀ ਡੇੜ ਤੋਂ ਦੋ ਘੰਟੇ ਤਕ ਪਰ ਲੰਮੀ ਕੈਦ ਵਾਲਿਆਂ ਲਈ ਸਾਲ ਵਿਚ ਕੁਝ ਦਿਨ ਅਜਿਹੇ ਵੀ ਹੁੰਦੇ ਕਿ ਪੂਰਾ ਦਿਨ ਆਪਣੇ ਟੱਬਰ ਨਾਲ ਬਤੀਤ ਕਰ ਸਕਦੇ ਸਨ।

ਅਜਿਹਾ ਦਿਨ ਤਾਂ ਪੂਰੇ ਪਰਿਵਾਰ ਨਾਲ ਪਿਕਨਿਕ ਮਨਾਉਣ ਵਾਂਗ ਹੋ ਜਾਂਦਾ। ਪਤੀ-ਪਤਨੀ ਲਈ ਵੀ ਕੁਝ ਦਿਨ ਰੱਖੇ ਹੋਏ ਸਨ। ਪਤੀ-ਪਤਨੀ ਦੇ ਸਹਿਵਾਸ ਲਈ ਕੁਝ ਵਿਸ਼ੇਸ਼ ਕਮਰੇ ਵੀ ਬਣਾਏ ਹੋਏ ਸਨ। ਸੁਰਜਨ ਸਿੰਘ ਨੂੰ ਮਿਲਣ ਲਈ ਪਰਿਵਾਰ ਤੋਂ ਬਿਨਾਂ ਦੋਸਤ ਵੀ ਆਉਂਦੇ ਰਹਿੰਦੇ ਸਨ। ਸ਼ਿਵਰਾਜ ਸਿੰਘ ਤਾਂ ਕਈ ਵਾਰ ਮਿਲ ਆਇਆ ਸੀ। ਇਵੇਂ ਹੋਰ ਦੋਸਤ ਵੀ ਜਾਂਦੇ ਰਹਿੰਦੇ। ਇਹ ਜੇਲ੍ਹ ਕੈਂਟ ਦੇ ਇਲਾਕੇ ਵਿਚ ਸੀ। ਇਕ ਛੋਟੇ ਜਿਹੇ ਜਜ਼ੀਰੇ ਉਪਰ। ਦਰਿਆ ਜਿੱਡਾ ਜ਼ਮੀਨ ਵਿਚ ਸਮੁੰਦਰੀ ਪਾੜ ਇਸ ਨੂੰ ਇੰਗਲੈਂਡ ਦੀ ਧਰਤੀ ਤੋਂ ਅਲੱਗ ਕਰਦਾ ਸੀ ਜਿਸ ਨੂੰ ਕਈ ਪੁਲ਼ਾਂ ਨਾਲ ਜੋੜ ਰੱਖਿਆ ਸੀ। ਵੈਸੇ ਪੁੱਲ ਪਾਰ ਕਰਦਿਆਂ ਇਹ ਪਤਾ ਨਹੀਂ ਸੀ ਚਲਦਾ ਕਿ ਤੁਸੀਂ ਸਮੁੰਦਰ ਪਾਰ ਕਰ ਰਹੇ ਹੋ।

ਇਧਰ ਉਧਰ ਦੀਆਂ ਗੱਲਾਂ ਮੁੱਕੀਆਂ ਤਾਂ ਸੁਰਜਨ ਸਿੰਘ ਸੁਰਿੰਦਰ ਨੂੰ ਪੁੱਛਣ ਲਗਿਆ,

"ਹਾਂ ਬਈ, ਕੀ ਗੱਲ ਕਰ ਰਹੀ ਸੀ ਫੋਨ ਉਪਰ?"

"ਡੈਡ, ਅੰਕਲ ਕੋਈ ਮੁੰਡਾ ਦੱਸ ਰਹੇ ਆ ਬਲਜਿੰਦਰ ਲਈ ਪਰ ਇਹ ਨਈਂ ਮੰਨਦੀ।"

ਸੁਰਜਨ ਸਿੰਘ ਬਲਜਿੰਦਰ ਵਲ ਦੇਖਣ ਲਗਿਆ। ਬਲਜਿੰਦਰ ਨੇ ਸ਼ਰਮਾਉਂਦਿਆਂ ਹੋਇਆਂ ਨੀਵੀਂ ਪਾ ਲਈ। ਕੁਝ ਕੁ ਰੁਕ ਕੇ ਬੋਲੀ,

"ਡੈਡੀ, ਮੈਂ ਨਈਂ ਵਿਆਹ ਕਰੌਣਾ, ਸੁਖਵੀਰ ਦਾ ਕਰ ਦਿਓ।"

"ਬੱਲੀ, ਸੋਚ ਲੈ, ਵਿਆਹ ਤਾਂ ਸਭ ਨੂੰ ਕਰਾਉਣਾ ਈ ਚਾਹੀਦੈ ਪਰ ਜਿੰਦਾਂ ਤੁਹਾਡਾ ਦਿਲ ਕਰੇ, ਮੈਂ ਤਾਂ ਸਲਾਹ ਈ ਦੇ ਸਕਦਾਂ, ਤੂੰ ਸੁਖਵੀਰ ਤੋਂ ਵੱਡੀ ਐਂ, ਪਹਿਲਾਂ ਤਾਂ ਤੇਰਾ ਈ ਹੋਣਾ ਚਾਹੀਦੈ।"

"ਡੈਡੀ, ਮਨ ਨਈਂ ਮੰਨਦਾ, ...ਇਹ ਸਭ ਕਿੱਦਾਂ ਹੋ ਪਾਊ?"

"ਮੈਂ ਤਾਂ ਤੁਹਾਨੂੰ ਸਦਾ ਹੀ ਇਹੋ ਕਹਿੰਨਾਂ ਕਿ ਪਾਸਟ ਵਿਚ ਕਦੇ ਨਾ ਜੀਓ। ...ਜੀਓ ਅੱਜ ਵਿਚ ਤੇ ਦੇਖੋ ਕੱਲ ਵਲ ਨੂੰ। ਜਿਹੜਾ ਕੱਲ ਬੀਤ ਗਿਆ ਉਹ ਤਾਂ ਡੈੱਡ ਐ, ਖਤਮ ਐ, ਉਹਦਾ ਤੁਹਾਡੇ ਨਾਲ ਕੋਈ ਵਾਹ ਨਈਂ, ਉਹਦੇ ਨਾਲ ਚੁੰਬੜੇ ਰਹਿਣ ਦਾ ਕੋਈ ਮਤਲਬ ਨਈਂ। ...ਤੁਹਾਡਾ ਮਤਲਬ ਹੈ ਅੱਜ ਨਾਲ ਤੇ ਆਉਣ ਵਾਲ਼ੇ ਕੱਲ ਨਾਲ਼।"

"ਡੈਡੀ, ਗੱਲ ਤਾਂ ਤੁਹਾਡੀ ਮੈਂ ਸਮਝਦੀ ਆਂ ਪਰ ਇਕ ਦਮ...!"

"ਬੱਲੀ, ਇਕ ਗੱਲ ਹੋਰ ਚੇਤੇ ਰੱਖ, ਇਹਨਾਂ ਅੰਗਰੇਜ਼ਾਂ ਦੀ ਕਹਾਵਤ ਐ ਕਿ ਤੁਸੀਂ ਮੌਕੇ ਨੂੰ ਉਡੀਕਦੇ ਓ, ਮੌਕਾ ਤੁਹਾਨੂੰ ਨਈਂ ਉਡੀਕਦਾ, ...ਜਿਹੋ ਜਿਹੀ ਹਾਲਤ ਵਿਚ ਦੀ ਆਪਾਂ ਲੰਘ ਰਹੇ ਆਂ ਜੇ ਕੋਈ ਖੁਸ਼ੀ ਚੱਲ ਕੇ ਤੁਹਾਡੇ ਤਕ ਆ ਜਾਵੇ ਤਾਂ ਉਸ ਤੋਂ ਮੂੰਹ ਨਈਂ ਮੋੜਨਾ ਚਾਹੀਦਾ।"

ਬਲਜਿੰਦਰ ਨੇ ਪਿਓ ਦੀ ਗੱਲ ਨੂੰ 'ਹਾਂ'ਕਰਦਿਆਂ ਕਿਹਾ,

"ਜੇ ਥੋੜ੍ਹਾ ਹੋਰ ਟਾਈਮ ਵਿਚ ਪੈ ਜਾਂਦਾ ਤਾਂ...।"

"ਬਥੇਰਾ ਟਾਈਮ ਵਿਚ ਪੈ ਗਿਆ, ਤਿੰਨ-ਚਾਰ ਸਾਲ ਕਿਤੇ ਥੋੜੇ ਹੁੰਦੇ ਆ! ...ਜੇ ਜ਼ਖਮਾਂ ਨੂੰ ਨੰਗੇ ਰੱਖੀਏ ਤਾਂ ਭਰਨ ਵਿਚ ਜ਼ਿਆਦਾ ਵਕਤ ਲਗਦੈ, ਡਾਕਟਰ ਇਸੇ ਲਈ ਪੱਟੀ ਕਰਦੇ ਆ ਕਿ ਜ਼ਖਮ ਬੰਨੇ ਹੋਏ ਈ ਠੀਕ ਰਹਿੰਦੇ ਆ।"

ਬਲਜਿੰਦਰ ਕੁਝ ਨਾ ਬੋਲੀ। ਪਿਓ ਦੀ ਗੱਲ ਦਾ ਅਸਰ ਹੋ ਗਿਆ ਸੀ। ਸੁਰਿੰਦਰ ਨੇ ਸਾਰੀ ਗੱਲ ਫੋਨ ਉਪਰ ਦੱਸ ਦਿਤੀ ਹੋਈ ਸੀ। ਸੁਰਜਨ ਸਿੰਘ ਨੇ ਸ਼ਿਵਰਾਜ ਸਿੰਘ ਨਾਲ ਵੀ ਫੋਨ ਉਪਰ ਗੱਲ ਕਰ ਲਈ ਸੀ। ਉਹ ਸੋਚਦਾ ਸੀ ਕਿ ਇਸ ਤੋਂ ਢੁਕਵਾਂ ਮੌਕਾ ਹੋਰ ਕੋਈ ਨਹੀਂ ਮਿਲਣਾ। ਉਸ ਨੂੰ ਸ਼ਿਵਰਾਜ ਸਿੰਘ ਰੱਬ ਬਣ ਕੇ ਬਹੁੜਿਆ ਜਾਪ ਰਿਹਾ ਸੀ। ਉਹ ਕਾਫੀ ਦੇਰ ਤਕ ਬੈਠੀਆਂ ਰਹੀਆਂ। ਹੋਰ ਗੱਲਾਂ-ਬਾਤਾਂ, ਹਾਸਾ-ਮਜ਼ਾਕ ਵੀ ਚਲਦਾ ਰਿਹਾ। ਸੁਰਜਨ ਸਿੰਘ ਨੇ ਗੁਲਵੰਤ ਵਲੋਂ ਖੋਹਲੀ ਗਈ ਇਸਟੇਟ ਏਜੰਸੀ ਬਾਰੇ ਵੀ ਗੱਲ ਕੀਤੀ ਜਿਸ ਦੀ ਮਸ਼ਹੂਰੀ 'ਵਾਸ-ਪਰਵਾਸ' ਵਿਚ ਆਉਂਦੀ ਸੀ। ਸੁਰਿੰਦਰ ਨੇ ਉਸ ਦੀ ਗੱਲ ਤਾਂ ਧਿਆਨ ਨਾਲ ਸੁਣੀ ਪਰ ਜਾਣ ਕੇ ਅਣਗੌਲ਼ੇ ਜਿਹੇ ਕਰ ਦਿਤੀ।

ਮੁਲਾਕਤ ਦਾ ਸਮਾਂ ਖਤਮ ਹੋਣ ਵਾਲਾ ਸੀ। ਸੁਰਜਨ ਸਿੰਘ ਨੇ ਸੁਰਿੰਦਰ ਨੂੰ ਕਿਹਾ,

"ਕਿਸੇ ਕਿਸਮ ਦਾ ਲੁਕਾਅ ਨਈਂ ਰੱਖਣਾ, ਸਾਫ ਤੇ ਸਪੱਸ਼ਟ ਗੱਲ ਕਰਨੀ। ...ਜੇ ਸ਼ਿਵਰਾਜ ਕਹਿ ਰਿਹਾ ਤਾਂ ਸਭ ਠੀਕ ਈ ਹੋਏਗਾ।"

ਗੁਰਮੀਤ ਦਾ ਦੋਸਤ ਸੀ; ਗੁਰਪਾਲ ਸੰਧੂ। ਗੁਰਮੀਤ ਸ਼ਿਵਰਾਜ ਸਿੰਘ ਦੀ ਪਤਨੀ ਦਾ ਸਭ ਤੋਂ ਛੋਟਾ ਭਰਾ ਸੀ, ਸਲੋਅ ਰਹਿੰਦਾ ਸੀ। ਕਿਸੇ ਵੇਲੇ ਗੁਰਮੀਤ ਤੇ ਗੁਰਪਾਲ ਲੁਧਿਆਣੇ ਇਕੱਠੇ ਪੜ੍ਹਦੇ ਰਹੇ ਸਨ। ਗੁਰਮੀਤ ਵਿਆਹ ਕਰਾਕੇ ਇੰਗਲੈਂਡ ਆ ਗਿਆ ਸੀ ਤੇ ਗੁਰਪਾਲ ਕੈਲੇਫੋਰਨੀਆਂ ਜਾ ਵਸਿਆ ਸੀ। ਦੋਵਾਂ ਦੀ ਦੋਸਤੀ ਅਜਿਹੀ ਸੀ ਕਿ ਲਗਾਤਾਰ ਰਾਬਤਾ ਬਣਿਆਂ ਹੋਇਆ ਸੀ। ਗੁਰਮੀਤ ਇਕ ਵਾਰੀ ਗੁਰਪਾਲ ਕੋਲ ਕੈਲੇਫੋਰਨੀਆਂ ਜਾ ਆਇਆ ਸੀ। ਗੁਰਪਾਲ ਵੀ ਇੰਡੀਆ ਜਾਂਦਾ ਹੋਇਆ ਇੰਗਲੈਂਡ

www.PunjabiLibrary.com

ਵਿਚ ਦੀ ਲੰਘ ਜਾਂਦਾ। ਇਸ ਵਾਰ ਗੁਰਪਾਲ ਆਇਆ ਤਾਂ ਲੰਡਨ ਘੁੰਮਣ ਨਿਕਲੇ ਉਹ ਸ਼ਿਵਰਾਜ ਸਿੰਘ ਦੇ ਘਰ ਚਲੇ ਗਏ। ਉਸ ਦੀ ਸ਼ਿਵਰਾਜ ਸਿੰਘ ਨਾਲ ਜਾਣ ਪੱਛਾਣ ਕਰਾਉਂਦਿਆਂ ਕਿਹਾ,

"ਭਾਜੀ, ਇਹ ਮੇਰਾ ਦੋਸਤ ਐ, ਗੁਰਪਾਲ ਸੰਧੂ, ਅਮੇਰਿਕਾ ਰਹਿੰਦੈ, ਕੈਲੇਫੋਰਨੀਆਂ। ...ਇੰਡੀਆ ਜਾ ਰਿਹੈ, ਵਿਆਹ ਕਰਾਉਣ।"

ਸ਼ਿਵਰਾਜ ਸਿੰਘ ਨੇ ਮੁੰਡੇ ਵਲ ਦੇਖਿਆ। ਜ਼ਰਾ ਚੜ੍ਹੀ ਉਮਰ ਦਾ ਜਾਪਦਾ ਸੀ। ਲਗਦਾ ਸੀ ਕਿ ਇਹ ਜ਼ਰੂਰ ਦੂਜੀ ਵਾਰ ਵਿਆਹ ਕਰਾਉਣ ਚਲਿਆ ਹੋਵੇਗਾ। ਉਸ ਦੀ ਗੁਰਪਾਲ ਵਿਚ ਦਿਲਚਸਪੀ ਜਾਗ ਆਈ। ਉਸ ਦੇ ਕੁਝ ਪੁੱਛਣ ਤੋਂ ਪਹਿਲਾਂ ਹੀ ਗੁਰਪਾਲ ਬੋਲਿਆ,

"ਬਾਈਜੀ, ਵਿਆਹ ਕਾਹਦਾ! ...ਲਾਈਫ ਟੇਡੀ ਹੋਈ ਪਈ ਐ, ਜ਼ਰਾ ਸਿੱਧੀ ਕਰਨ ਦੀ ਕੋਸ਼ਿਸ਼ ਕਰਨ ਜਾਣਾ ਏਂ, ਜੇ ਹੋ ਗਈ ਤਾਂ।"

"ਕੀ ਮਤਲਬ?"

"ਬਾਈ ਜੀ, ਮਤਲਬ ਇਹ ਕਿ ਇਕ ਅਲਟਰਾ ਮੌਡਰਨ ਕੁੜੀ ਨਾਲ ਵਿਆਹ ਕਰਾ ਬੈਠਾ ਸਾਂ, ਸਾਰੀ ਫੈਮਿਲੀ ਈ ਕੁਝ ਅਜਿਹੀ ਸੀ, ਪੰਜ ਛੇ ਸਾਲ ਮੇਰੀ ਜ਼ਿੰਦਗੀ ਦੇ ਗਾਲ਼ ਕੇ ਰੱਖ ਦਿਤੇ, ...ਪਤਾ ਨਈਂ ਹੁਣ ਅਗਾਂਹ ਕਿਹੋ ਜਿਹੀ ਮਿਲੇ, ਬਸ ਜੀ ਇਕ ਵਾਰ ਹੋਰ ਜੂਆ ਖੇਡਣ ਜਾਣਾਂ।"

"ਦੇਖੀ ਹੋਈ ਐ ਕੋਈ ਕੁੜੀ?"

"ਨਾ ਬਾਈ ਜੀ, ਜਾਕੇ ਅਖਬਾਰ 'ਚ ਦੇ ਦਾਂਗੇ, ਅਮਰੀਕਾ ਦੇ ਨਾਂ ਤਾਂ ਲੈਣ ਲਗਜੂ, ...ਪਰ ਬਾਈ ਜੀ ਵਿਆਹ ਤਾਂ ਲਾਟਰੀ ਲਗਣ ਵਾਂਗੂੰ ਹੁੰਦਾ।"

"ਇਥੇ ਇੰਗਲੈਂਡ 'ਚ ਦੇਖ ਲੈਣੀ ਸੀ ਕੋਈ।"

"ਬਾਈ ਜੀ, ਇਥੇ ਤਾਂ ਗੁਰਮੀਤ ਤੋਂ ਬਿਨਾਂ ਮੇਰਾ ਕੋਈ ਵਾਕਫ ਹੈ ਨਈਂ, ...ਇਥੇ ਮਿਲ ਜਾਏ ਤਾਂ ਤੇ ਬਲਾਈ ਵਧੀਆ!"

"ਕਿਹੋ ਜਿਹੀ ਕੁੜੀ ਚਾਹੀਦੀ ਐ?"

"ਦੇਖੋ ਜੀ, ਮੈਂ ਤਾਂ ਬਹੁਤ ਸਿੰਪਲ ਆਂ, ਕੁੜੀਆਂ ਵਰਗੀ ਕੁੜੀ ਹੋਵੇ, ਘਰ ਵਿਚ ਬੈਠੀ ਸਜੇ, ਸ਼ਰੀਫ ਖਾਨਦਾਨ ਹੋਵੇ।"

"ਕੁੜੀਆਂ ਤਾਂ ਇਕ ਦੋ ਹੈਗੀਆਂ, ਨਿਹਾਇਤ ਖੂਬਸੂਰਤ ਪਰ ਹੈਗੀਆਂ ਡਾਇਵੋਰਸੀ ਪਰ ਬਹੁਤ ਹੀ ਸ਼ਰੀਫ ਖਾਨਦਾਨ, ਇਸ ਗੱਲ ਦੀ ਗਰੰਟੀ ਐ।"

"ਬਾਈ ਜੀ, ਮੈਂ ਵੀ ਡਾਇਵੋਰਸੀ ਆਂ, ਅੱਧੀ ਦੁਨੀਆਂ ਡਾਇਵੋਰਸ ਦਾ ਗਿੱਦੜ ਪਰਵਾਨਾ ਜੇਬ੍ਹ ਵਿਚ ਪਾਈ ਫਿਰਦੀ ਐ, ...ਕੁੜੀ ਖਾਨਦਾਨੀ ਹੋਵੇ, ਬਸ ਹੋਰ ਕੁਝ ਨਈਂ।"

ਗੁਰਪਾਲ ਨੇ ਕਿਹਾ। ਸ਼ਿਵਰਾਜ ਨੂੰ ਗੱਲ ਸਹੀ ਪਾਸੇ ਜਾਂਦੀ ਦਿਸੀ। ਉਸ ਨੇ ਫਿਰ ਕਿਹਾ,

"ਇਸ ਗੱਲ ਦੀ ਗਰੰਟੀ ਐ ਕਿ ਕੁੜੀ ਸੁਹਣੀ ਹੋਏਗੀ, ਤੁਹਾਨੂੰ ਪਸੰਦ ਆਏਗੀ, ਇਕ ਵਾਰ ਦੇਖ ਕੇ ਤੁਸੀਂ ਨਾਂਹ ਨਈਂ ਕਰ ਸਕਣੀ।"

"ਠੀਕ ਏ ਬਾਈ ਜੀ, ਸ਼ਾਇਦ ਮੇਰਾ ਕਲਿਆਣ ਤੁਹਾਡੇ ਹੱਥੋਂ ਹੋਣ ਈ ਲਿਖਿਆ ਹੋਵੇ।"

"ਤੁਸੀਂ ਸੰਧੂ ਓ, ਕਿਹੜਾ ਪਿੰਡ ਐ ਤੁਹਾਡਾ?"

"ਲੁਧਿਆਣੇ ਡਿਸਟਿਕ ਵਿਚ, ਸੁਭਾਨ ਪੁਰ, ਵੱਡੀ ਨਹਿਰ 'ਤੇ।"

"ਭੂੰਦੜ ਤੁਹਾਡੇ ਤੋਂ ਕਿੰਨੀ ਦੂਰ ਐ?"

"ਏਹੀ ਪੰਜ-ਸੱਤ ਕਿਲੋਮੀਟਰ, ...ਸਾਡੇ ਆਲੇ ਦੁਆਲੇ ਸੰਧੂਆਂ ਦੇ ਨੌਂ ਪਿੰਡ ਨੇ ਜੀ, ਭੂੰਦੜ ਵੀ ਸੰਧੂ ਨੇ।"

"ਜਿਹੜੀ ਕੁੜੀ ਦੀ ਮੈਂ ਗੱਲ ਕਰਦਾਂ, ਇਹ ਭੂੰਦੜ ਵਿਆਹੀ ਹੋਈ ਸੀ, ਹਸਬੈਂਡ ਦਾ ਮਰਡਰ ਹੋ ਗਿਆ ਸੀ, ਕੋਈ ਬੱਚਾ ਨਈਂ, ਉਮਰ ਤੀਹ ਤੋਂ ਹੇਠਾਂ ਈ ਐ।"

"ਵਿਡੋ ਜਾਂ ਡਾਇਵੋਰਸੀ ਦਾ ਮੈਨੂੰ ਕੋਈ ਫਰਕ ਨਈਂ ਬਸ ਕੁੜੀ ਪਸੰਦ ਆਉਣੀ ਚਾਹੀਦੀ ਏ, ਬਾਕੀ ਖਾਨਦਾਨ ਦੀ ਗੱਲ ਤੁਸੀਂ ਦਸ ਈ ਰਹੇ ਓ।"

"ਜਦ ਮਰਡਰ ਵਿਚ ਔਰਤ ਵਿਧਵਾ ਹੁੰਦੀ ਏ ਤਾਂ ਉਸ ਦੀ ਸਾਈਕੀ ਜ਼ਰਾ ਹੋਰ ਤਰ੍ਹਾਂ ਦੀ ਹੋ ਜਾਂਦੀ ਐ, ...ਪਰ ਮੈਂ ਏਸ ਕੁੜੀ ਨੂੰ ਜਾਣਦਾਂ ਅਜਿਹੀ ਕੋਈ ਗੱਲ ਨਈਂ, ਮੈਂ ਏਸ ਲਈ ਕਹਿ ਰਿਹਾਂ ਕਿਉਂ ਇਹ ਸਭ ਗੱਲਾਂ ਕਨਸਿਡਰ ਕਰਨ ਦੀ ਲੋੜ ਹੁੰਦੀ ਐ।"

"ਭੂੰਦੜ ਦੇ ਇਕ ਮੁੰਡੇ ਦਾ ਕਤਲ ਹੋਇਆ ਵੀ ਸੀ, ਜਿਹਨੇ ਰੇਪ ਕਰ ਦਿਤਾ ਸੀ, ਉਹਦੇ ਸੁਹਰੇ ਨੇ ਈ ਓਹਦਾ ਕੰਮ ਕਰ ਦਿਤਾ ਸੀ।"

"ਬਸ ਸੰਧੂ ਜੀ, ਇਹ ਉਹੋ ਕੇਸ ਐ।"

www.PunjabiLibrary.com

“ਉਹਨਾਂ ਦਿਨਾਂ ਵਿਚ ਮੈਂ ਇੰਡੀਆ ਗਿਆ ਹੋਇਆ ਸੀ। ਲੋਕਾਂ ਨੇ ਇਸ ਗੱਲ ਲਈ ਬੁੜ੍ਹੇ ਦੀ ਬਹੁਤ ਤਾਰੀਫ ਕੀਤੀ ਸੀ, ਇਕ ਅਖਬਾਰ ਦੀ ਖਬਰ ਦਾ ਹੈਡਿੰਗ ਸੀ; ਅਣਖ ਜੱਟ ਦੀ।”

“ਬਸ ਉਹੋ ਟੱਬਰ ਐ, ਕੁੜੀ ਜੌਬ ਕਰਦੀ ਐ, ਚਾਰ ਪੈਸੇ ਵੀ ਕੋਲ਼ ਹੈਗੇ ਆ।”

“ਪੈਸਿਆਂ ਤੋਂ ਤਾਂ ਬਾਈ ਜੀ ਆਪਾਂ ਕੀ ਲੈਣਾਂ, ਮੈਨੂੰ ਕੁੜੀ ਦਿਖਾ ਦਿਓ।”

ਸੁਰਿੰਦਰ ਵਲ ਦੇਖ ਦੇਖ ਕੇ ਬਲਜਿੰਦਰ ਵੀ ਹੁਣ ਅੰਦਰੋਂ ਬਹੁਤ ਮਜ਼ਬੂਤ ਹੋ ਚੁੱਕੀ ਸੀ। ਸੁਰਿੰਦਰ ਵਾਂਗ ਹੀ ਉਸ ਨੇ ਆਪਣੇ ਬਹੁਤ ਸਾਰੇ ਜਜ਼ਬਾਤ ਦਬਾ ਕੇ ਜੀਉਣਾ ਸਿਖ ਲਿਆ ਹੋਇਆ ਸੀ। ਵਿਆਹ ਲਈ ਉਸ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ। ਗੁਰਜੰਟ ਉਸ ਨੂੰ ਭੁੱਲਿਆ ਤਾਂ ਨਹੀਂ ਸੀ ਪਰ ਉਸ ਦੀ ਕੋਈ ਅਜਿਹੀ ਯਾਦ ਹੈ ਵੀ ਨਹੀਂ ਸੀ ਕਿ ਉਸ ਨੂੰ ਕਦੇ ਮਨ ਵਿਚ ਚਿਤਵਿਆ ਜਾਂਦਾ। ਜਦ ਉਸ ਨੂੰ ਪਤਾ ਚਲਿਆ ਕਿ ਮੁੰਡਾ ਅਮਰੀਕਾ ਤੋਂ ਹੈ ਤਾਂ ਉਸ ਦਾ ਮਨ ਹੋਰ ਵੀ ਤਿਆਰ ਹੋ ਗਿਆ ਕਿ ਘੱਟੋ ਘੱਟ ਇਸ ਸਾਰੇ ਮਹੌਲ ਤੋਂ ਹੀ ਉਹ ਦੂਰ ਚਲੇ ਜਾਵੇਗੀ। ਸ਼ਿਵਰਾਜ ਸਿੰਘ ਨੇ ਦੋਨਾਂ ਨੂੰ ਇਕ ਦੂਜੇ ਨੂੰ ਦੇਖਣ ਦਾ ਇੰਤਜ਼ਾਮ ਕਰ ਦਿਤਾ। ਗੁਰਪਾਲ ਦੇ ਤਾਂ ਬਲਜਿੰਦਰ ਇੰਨੀ ਪਸੰਦ ਆਈ ਕਿ ਉਸ ਨੇ ਸਭ ਦੇ ਸਾਹਮਣੇ ਹੀ ‘ਹਾਂ’ ਕਰ ਦਿਤੀ। ਬਲਜਿੰਦਰ ਸ਼ਰਮਾਉਣ ਕਾਰਨ ਇਕ ਦਮ ਕੋਈ ਉੱਤਰ ਨਾ ਦੇ ਸਕੀ ਪਰ ਗੁਰਪਾਲ ਉਸ ਨੂੰ ਪਸੰਦ ਸੀ। ਗੁਰਪਾਲ ਨੇ ਇੰਡੀਆ ਜਾਣ ਦਾ ਆਪਣਾ ਪਰੋਗਰਾਮ ਖਾਰਜ ਕਰ ਦਿਤਾ।

ਇਕ ਹੋਰ ਗੱਲ ਚੰਗੀ ਨਿਕਲ ਆਈ ਕਿ ਗੁਰਨਾਮ ਸਿੰਘ ਦਾ ਭਰਾ ਸੁਭਾਨ ਪੁਰ ਹੀ ਵਿਆਹਿਆ ਹੋਇਆ ਸੀ। ਵਿਆਹਿਆ ਵੀ ਗੁਰਪਾਲ ਦੇ ਘਰਾਂ ਵਿਚ ਹੀ ਸੀ। ਇਸ ਨਾਲ ਰਿਸ਼ਤੇਦਾਰੀ ਦੀ ਜੜ੍ਹ ਹੋਰ ਡੂੰਘੀ ਹੋ ਗਈ। ਵਿਆਹ ਰੱਖ ਦਿਤਾ ਗਿਆ। ਸਾਦਾ ਜਿਹਾ ਵਿਆਹ ਕਰ ਦਿਤਾ ਗਿਆ। ਵਿਆਹ ਤੋਂ ਬਾਅਦ ਗੁਰਪਾਲ ਤੇ ਬਲਜਿੰਦਰ ਸੁਰਜਨ ਸਿੰਘ ਨੂੰ ਵੀ ਮਿਲਣ ਗਏ। ਬਲਜਿੰਦਰ ਬਹੁਤ ਖੁਸ਼ ਸੀ। ਗੁਰਪਾਲ ਵਿਆਹ ਤੋਂ ਬਾਅਦ ਕੁਝ ਦਿਨ ਚਾਹਲ ਪਰਿਵਾਰ ਵਿਚ ਹੀ ਰਿਹਾ। ਉਸ ਦੇ ਸੁਭਾਅ ਨੇ ਸਾਰੇ ਟੱਬਰ ਨੂੰ ਹੀ ਮੋਹ ਰੱਖਿਆ ਸੀ। ਮਹੀਨੇ ਕੁ ਦੇ ਅੰਦਰ ਅੰਦਰ ਹੀ ਬਲਜਿੰਦਰ ਅਮਰੀਕਾ ਲਈ ਚੜ੍ਹ ਗਈ। ਜਾਂਦੀ ਨੇ ਹੀ ਫੋਨ ਕਰਕੇ ਵੀ ਦੱਸ ਦਿਤਾ ਕਿ ਉਹ ਉਮੀਦਵਾਰੀ ਤੋਂ ਹੈ।

ਜਿਹੜੀ ਪਰਕਾਸ਼ ਕੋਰ ਹਰ ਵੇਲੇ ਰੋਂਦੀ ਰਹਿੰਦੀ ਸੀ, ਉਹ ਖੁਸ਼ ਰਹਿਣ ਲਗੀ। ਭਾਵੇਂ ਪਤੀ ਦੇ ਜੇਲ੍ਹ ਚਲੇ ਜਾਣ ਕਾਰਨ ਉਹ ਬਿਮਾਰ ਰਹਿਣ ਲਗੀ ਸੀ ਪਰ ਹੁਣ ਜਿਵੇਂ ਮੁੜ ਸਿਹਤਵੰਦ ਹੋ ਗਈ ਹੋਵੇ। ਪਹਿਲਾਂ ਰਣਜੀਤ ਦਾ ਵਿਆਹ, ਫਿਰ ਉਸ ਦੇ ਘਰ ਪੁੱਤਰ ਦਾ ਜਨਮ। ਹੁਣ ਬਲਜਿੰਦਰ ਦਾ ਵਿਆਹ ਤੇ ਸਾਲ ਦੇ ਅੰਦਰ ਅੰਦਰ ਉਹ ਵੀ ਮਾਂ ਬਣ ਜਾਵੇਗੀ। ਹੋਰ ਉਸ ਨੂੰ ਕੀ ਚਾਹੀਦਾ ਸੀ। ਉਸ ਨੂੰ ਲਗਣ ਲਗਿਆ ਸੀ ਕਿ ਉਸ ਦਾ ਰੱਬ ਹਾਲੇ ਮਰਿਆ ਨਹੀਂ ਹੈ। ਉਸ ਦਾ ਬਾਬਾ ਜਵਾਲਾ ਸ਼ਾਹ ਵਿਚਲਾ ਵਿਸ਼ਵਾਸ਼ ਮੁੜ ਕੇ ਜੀਵਤ ਹੋਣ ਲਗਿਆ। ਉਸ ਨੇ ਸੁਰਿੰਦਰ ਨੂੰ ਕਿਹਾ,

“ਆਪਣੇ ਮਾਮੇ ਨੂੰ ਫੋਨ ਕਰ ਦੇ, ਬਾਬਾ ਜੁਆਲਾ ਸ਼ਾਹ ਦੇ ਰੋਟ ਚੜ੍ਹਾ ਆਵੇ।”

“ਮੰਮੀ, ਕੋਈ ਅਕਲ ਦਾ ਕੰਮ ਨਈਂ ਕਰਨਾ!”

ਸੁਰਿੰਦਰ ਨੇ ਮਾਂ ਨੂੰ ਟਿੱਚਰ ਵਿਚ ਕਿਹਾ ਪਰ ਪਰਕਾਸ਼ ਕੋਰ ਦਾ ਯਕੀਨ ਅਟੱਲ ਸੀ। ਉਹ ਕਹਿਣ ਚਾਹੁੰਦੀ ਸੀ ਕਿ ਅਗੇ ਤੇਰੇ ਪਿਓ ਨੇ ਬਾਬੇ ਨੂੰ ਟਿੱਚਰਾਂ ਕਰਕੇ ਕੀ ਖੱਟਿਆ ਪਰ ਉਹ ਚੁੱਪ ਰਹੀ ਕਿਉਂਕਿ ਸੁਰਿੰਦਰ ਨੇ ਹੋਰ ਭਾਸ਼ਨ ਦੇਣ ਲਗਣਾ ਸੀ।

ਇਹਨਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਵਾਪਰ ਗਈ ਜਿਸ ਕਾਰਨ ਪਰਕਾਸ਼ ਕੋਰ ਦਾ ਬਾਬੇ ਵਿਚ ਵਿਸ਼ਵਾਸ਼ ਹੋਰ ਪੱਕਾ ਹੋ ਗਿਆ। ਸੁਖਵੀਰ ਨੂੰ ਵੀ ਰਿਸ਼ਤਾ ਹੋ ਗਿਆ। ਗੁਰਨਾਮ ਦਾ ਰਿਸ਼ਤੇਦਾਰ ਮੁੰਡਾ ਇਥੇ ਰਾਜਨੀਤਕ ਸ਼ਰਣ ‘ਤੇ ਆਇਆ ਹੋਇਆ ਸੀ। ਉਸ ਨੂੰ ਪੱਕਾ ਹੋਣ ਲਈ ਬ੍ਰਿਟਿਸ਼ ਪਾਸਪੋਰਟ ਵਾਲੀ ਕੁੜੀ ਚਾਹੀਦੀ ਸੀ। ਸੁਖਵੀਰ ਤੋਂ ਵਧੀਆ ਕੁੜੀ ਕਿਹੜੀ ਹੋ ਸਕਦੀ ਸੀ। ਸਭ ਨੇ ਸਲਾਹ ਕੀਤੀ। ਮੁੰਡਾ ਕੁੜੀ ਇਕ ਦੂਜੇ ਨੂੰ ਦਿਖਾ ਦਿਤੇ, ਦੋਨਾਂ ਧਿਰਾਂ ਨੂੰ ਸਭ ਪਸੰਦ ਸੀ। ਸੁਖਵੀਰ ਦਾ ਵੀ ਸਾਦਾ ਜਿਹਾ ਵਿਆਹ ਕਰ ਦਿਤਾ ਗਿਆ। ਸੁਖਵੀਰ ਨੂੰ ਵੀ ਮੁੰਡਾ ਚੰਗਾ ਮਿਲ ਗਿਆ ਸੀ। ਉਸ ਨੂੰ ਤੋਰ ਕੇ ਪਰਕਾਸ਼ ਕੋਰ ਰੱਜ ਕੇ ਰੋਈ। ਇਹਨਾਂ ਹੰਝੂਆਂ ਨਾਲ ਜਿਵੇਂ ਉਸ ਦੀਆਂ ਸਾਰੀਆਂ ਬਿਮਾਰੀਆਂ ਧੋਤੀਆਂ ਗਈਆਂ ਹੋਣ। ਉਹ ਕਾਹਲੀ ਕਾਹਲੀ ਤੁਰਨ ਲਗੀ। ਘਰ ਦੇ ਸਾਰੇ ਕੰਮਾਂ ਨੂੰ ਉਹ ਭੱਜ ਭੱਜ ਕੇ ਕਰਦੀ। ਅਗਲੀ ਵਾਰ ਪਤੀ ਨੂੰ ਮਿਲਣ ਗਈ ਤਾਂ ਉਸ ਨੇ ਕਿਹਾ,

“ਕਿਉਂ ਬੁੜ੍ਹੀਏ, ਜਵਾਨ ਹੋ ਗਈ ਲਗਦੀ ਐਂ! ...ਕੀ ਖਾਨੀ ਹੁੰਨੀ ਐਂ?”

“ਖਾਨੀ ਆਂ ਗੁਆਚੀਆਂ ਖੁਸ਼ੀਆਂ, ਦੇਖੋ ਸਾਡਾ ਰੱਬ ਮੁੜ ਬਹੁਤ ਪਿਆ, ...ਅਸੀਂ ਕਿੱਦਾਂ ਅਰਸ਼ ਤੋਂ ਫਰਸ਼ ਤੇ ਡਿਗੇ ਤੇ ਹੁਣ ਫੇਰ ਰੱਬ ਸਾਡੇ ਨਾਲ ਆ ਖੜਿਆ, ਹੁਣ ਅਸੀਂ ਫੇਰ ਉਠ ਰਹੇ ਆਂ, ...ਕੁੜੀਆਂ ਵਿਆਹੀਆਂ ਗਈਆਂ, ਹੀਰਿਆਂ ਵਰਗੇ ਮੁੰਡੇ ਮਿਲ ਗਏ। ਹੁਣ ਤਾ ਬਾਬਾ ਜੁਆਲਾ ਸ਼ਾਹ ਅਗੇ ਅਰਦਾਸ ਐ ਬਈ...।”

ਸੁਰਜਨ ਸਿੰਘ ਉਸ ਦੀ ਗੱਲ ਟੋਕਦਾ ਬੋਲਿਆ,

"ਤੂੰ ਵਿਚਾਰੇ ਜੁਆਲਾ ਸ਼ਾਹ ਦਾ ਪਿੱਛਾ ਨਾ ਛੱਡੀਂ!"

ਕਹਿੰਦਾ ਉਹ ਹੱਸਣ ਲਗਿਆ ਤੇ ਨਾਲ ਹੀ ਸੁਰਿੰਦਰ ਵੀ। ਪਰਕਾਸ਼ ਕੋਰ ਨੇ ਉਹਨਾਂ ਦੇ ਹਾਸੇ ਦੀ ਪ੍ਰਵਾਹ ਕੀਤੇ ਬਿਨਾਂ ਉਸ ਨੇ ਆਪਣੀ ਗੱਲ ਜਾਰੀ ਰੱਖੀ,

"ਹੁਣ ਤਾਂ ਸੁਰਿੰਦਰ ਦਾ ਵੀ ਕੁਝ ਹੋ ਜਾਏ, ...ਤੁਸੀਂ ਵੀ ਘਰ ਆ ਜਾਓ, ਹੋਰ ਕੁਝ ਨਈਂ ਚਾਹੀਦਾ।"

"ਬੁੜ੍ਹੀਏ, ਤੂੰ ਹੌਂਸਲੇ ਵਿਚ ਰਿਹਾ ਕਰ, ਮੇਰੇ ਘਰ ਆਉਣ ਦੀ ਚਿੰਤਾ ਨਾ ਕਰ, ਮੈਂ ਸਦਾ ਈ ਤੇਰੇ ਨਾਲ਼ ਆਂ। ...ਸੁਰਿੰਦਰ ਦਾ ਵੀ ਤੂੰ ਫਿਕਰ ਨਾ ਕਰ, ਇਹ ਸਾਡੀ ਧੀ ਥੋੜੋਂ ਪੁੱਤ ਐ!"

ਸੁਰਜਨ ਸਿੰਘ ਆਪਣੇ ਰੌਂਅ ਵਿਚ ਗੱਲ ਕਰ ਰਿਹਾ ਸੀ। ਸੁਰਿੰਦਰ ਨੂੰ ਆਸ ਸੀ ਕਿ ਡੈਡੀ ਕਹੇਗਾ ਕਿ ਗੁਲਵੰਤ ਨੂੰ ਫੋਨ ਕਰ ਜਾਂ ਗੁਲਵੰਤ ਬਾਰੇ ਕੁਝ ਬੋਲੇਗਾ ਪਰ ਉਸ ਨੇ ਕੁਝ ਨਾ ਕਿਹਾ।

ਸੁਰਜਨ ਸਿੰਘ ਵੀ ਪਤਨੀ ਵਾਂਗ ਹੀ ਅਕਸਰ ਸੋਚਣ ਲਗਦਾ ਕਿ ਇਕ ਇਕ ਕਰਕੇ ਗਵਾਚੀ ਖੁਸ਼ੀ ਹੁਣ ਉਸੇ ਹਿਸਾਬ ਨਾਲ ਹੀ ਵਾਪਸ ਆ ਰਹੀ ਹੈ। ਸਾਰੇ ਧੀਆਂ ਜਵਾਈ ਉਸ ਨੂੰ ਮਿਲਣ ਆਉਂਦੇ। ਗੁਰਪਾਲ ਤੇ ਬਲਜਿੰਦਰ ਸਾਲ ਵਿਚ ਇਕ ਚੱਕਰ ਜ਼ਰੂਰ ਮਾਰ ਜਾਂਦੇ। ਦੋ ਬੱਚੇ ਹੀ ਰਣਜੀਤ ਦੇ ਸਨ ਤੇ ਦੋ ਹੀ ਬਲਜਿੰਦਰ ਦੇ ਹੋ ਗਏ ਸਨ। ਉਸ ਦਾ ਪਰਿਵਾਰ ਮੁੜ ਵਧਣ ਫੁਲਣ ਲਗਿਆ ਸੀ। ਉਸ ਨੇ ਅਮਾਂਡਾ ਨੂੰ ਇਸ ਬਾਰੇ ਚਿੱਠੀ ਲਿਖੀ। ਅਮਾਂਡਾ ਨੇ ਹਾਲੇ ਉਸ ਦੀ ਪਿਛਲੀ ਚਿੱਠੀ ਦਾ ਜਵਾਬ ਵੀ ਨਹੀਂ ਸੀ ਦਿਤਾ। ਉਸ ਨੂੰ ਡਰ ਵੀ ਲਗਣ ਲਗਿਆ ਸੀ ਕਿ ਉਹ ਠੀਕ ਵੀ ਹੋਵੇ।

ਉਸ ਦਿਨ ਮੁਲਾਕਾਤ ਦਾ ਸਮਾਂ ਖਤਮ ਹੋਣ ਵਾਲਾ ਸੀ। ਨਿੱਤ ਵਾਂਗ ਸੁਰਿੰਦਰ ਤੇ ਅੰਮ੍ਰਿਤ ਉਠ ਕੇ ਚਲੇ ਗਈਆਂ, ਪਰਕਾਸ਼ ਕੋਰ ਸੁਰਜਨ ਸਿੰਘ ਦੇ ਕੋਲ ਹੀ ਬੈਠੀ ਰਹੀ। ਸੁਰਜਨ ਸਿੰਘ ਨੇ ਕਿਹਾ,

"ਗੱਲ ਸੁਣ ਬੁੜ੍ਹੀਏ, ਮੇਰੀ ਚਿੱਠੀ ਨਈਂ ਆਈ ਏਨੀ ਦੇਰ ਤੋਂ, ਦੋ ਸਾਲ ਹੋ ਚੱਲੇ ਆ, ਕਿਤੇ ਤੂੰ ਕੋਈ ਗੜਬੜ ਤਾਂ ਨਈਂ ਕੀਤੀ?"

ਪਰਕਾਸ਼ ਕੋਰ ਦੀਆਂ ਭਵਾਂ ਤਣ ਗਈਆਂ, ਉਹ ਬੋਲੀ,

"ਕੈਸੀ ਚਿੱਠੀ? ਕੇਹਦੀ ਚਿੱਠੀ? ਮੈਂ ਅੱਗ ਲੌਨੀ ਆਂ ਏਦਾਂ ਦੀਆਂ ਚਿੱਠੀਆਂ ਨੂੰ!"

ਪਹਿਲਾਂ ਵਾਂਗ ਹੀ ਉਹ ਧਰਤੀ 'ਤੇ ਅੱਡੀ ਮਾਰਦੀ ਉਠੀ ਤੇ ਤੁਰਦੀ ਹੋਈ ਬੋਲੀ,

"ਜੇ ਮੈਂ ਕੋਈ ਗੜਬੜ ਕਰਨੀ ਹੁੰਦੀ ਤਾਂ ਪਹਿਲਾਂ ਕਰਦੀ, ਪੱਚੀ ਸਾਲ ਹੋ ਗਏ ਮੈਨੂੰ ਅੱਕ ਚੱਬਦੀ ਨੂੰ!"

ਆਖ ਉਹ ਕਾਹਲੀ ਨਾਲ ਚਲੇ ਗਈ। ਸੁਰਜਨ ਉਸ ਦੀ ਪਿੱਠ ਨੂੰ ਦੇਖਦਾ ਰਿਹਾ। ਉਸ ਨੂੰ ਪਤਨੀ ਉਪਰ ਕੋਈ ਗੁੱਸਾ ਨਹੀਂ ਸੀ ਆ ਰਿਹਾ, ਸਗੋਂ ਇਤਬਾਰ ਸੀ। ਇਹ ਤਾਂ ਅਮਾਂਡਾ ਦੀ ਚਿੱਠੀ ਨਾ ਆਉਣ ਕਰਕੇ ਪੈਦਾ ਹੋਈ ਬੁਖਲਾਹਟ ਕਾਰਨ ਇਹ ਪੁੱਛ ਗਿਆ ਸੀ। ਜੇਲ੍ਹ ਵਿਚੋਂ ਲਿਖੀਆਂ ਚਿੱਠੀਆਂ ਵਿਚੋਂ ਕਿਸੇ ਦਾ ਜਵਾਬ ਨਹੀਂ ਸੀ ਆਇਆ। ਇਸ ਬਾਰੇ ਉਸ ਕਿਸੇ ਨਾਲ ਗੱਲ ਵੀ ਨਹੀਂ ਸੀ ਕਰ ਸਕਦਾ।

ਅਮਾਂਡਾ ਦੀ ਚਿੱਠੀ ਨਾ ਆਉਣ ਤੋਂ ਬਿਨਾਂ ਸੁਰਜਨ ਸਿੰਘ ਨੂੰ ਹੋਰ ਕੋਈ ਤਕਲੀਫ ਨਹੀਂ। ਹੁਣ ਜੇਲ੍ਹ ਵਿਚ ਉਹ ਪੰਜ ਪੰਜਾਬੀ ਹੋ ਗਏ ਸਨ। ਇਹਨਾਂ ਵਿਚੋਂ ਦੋ ਉਮਰ ਕੈਦ ਤੇ ਬਾਕੀ ਛੋਟੀਆਂ ਸਜਾਵਾਂ ਵਾਲੇ ਸਨ। ਸਾਰੇ ਹੀ ਸੁਰਜਨ ਸਿੰਘ ਨਾਲ ਇੱਜ਼ਤ ਨਾਲ ਪੇਸ਼ ਆਉਂਦੇ ਸਨ। ਉਹ ਆਪਣੇ ਆਪ ਨੂੰ ਸਦਾ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਾ। ਉਸ ਦਾ ਵਿਚਾਰ ਸੀ ਕਿ ਖੁਸ਼ੀ ਲੱਭਣ ਕਿਤੇ ਹੋਰ ਨਹੀਂ ਜਾਣਾ ਪੈਂਦਾ, ਇਹ ਤੁਹਾਡੇ ਅੰਦਰ ਹੀ ਬੈਠੀ ਹੁੰਦੀ ਹੈ। ਪਿੱਛੇ ਨੂੰ ਝਾਕਣ ਦੀ ਤਾਂ ਉਸ ਦੀ ਆਦਤ ਹੀ ਨਹੀਂ ਸੀ ਪਰ ਉਹ ਦਾ ਧਿਆਨ ਹਰ ਵਕਤ ਆਪਣੇ ਟੱਬਰ ਵਲ ਰਹਿੰਦਾ। ਉਹ ਮਿਲਣ ਵਾਲਿਆਂ ਦੀ ਬੇਸਬਰੀ ਨਾਲ ਉਡੀਕ ਕਰਦਾ। ਮੁਲਾਕਾਤੀਆਂ ਨਾਲ ਮਿਲ ਕੇ ਇਵੇਂ ਲਗਦਾ ਜਿਵੇਂ ਉਹ ਆਪ ਬਾਹਰ ਦਾ ਗੇੜਾ ਮਾਰ ਆਇਆ ਹੋਵੇ। ਉਸ ਨੂੰ ਮਿਲਣ ਲਈ ਉਸ ਦੇ ਕਈ ਦੋਸਤ ਆ ਜਾਇਆ ਕਰਦੇ ਸਨ। ਦਿਲਬਾਗ ਕਦੇ-ਕਦਾਈਂ ਹੀ ਆਉਂਦਾ। ਕਈ ਸਾਲ ਖਾਮੋਸ਼ ਜਿਹਾ ਰਹਿ ਕੇ ਉਸ ਨੇ ਮੁੜ ਗੱਪਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਸਨ। ਹੁਣ ਸੁਰਜਨ ਸਿੰਘ ਨੂੰ ਉਸ ਦੀਆਂ ਗੱਪਾਂ ਬੁਰੀਆਂ ਨਹੀਂ ਸਨ ਲਗਦੀਆਂ।

ਉਸ ਨੂੰ ਮਿਲਣ ਆਉਣ ਵਾਲਿਆਂ ਦੀ ਸੂਚੀ ਵਿਚ ਨਿਸ਼ਾਨ ਸਿੰਘ ਦਾ ਨਾਂ ਵੀ ਹੁਣ ਸ਼ਾਮਲ ਹੋ ਗਿਆ ਸੀ। ਗ੍ਰੰਥੀ ਨਿਸ਼ਾਨ ਸਿੰਘ। ਹਰ ਕੈਦੀ ਲਈ ਧਾਰਮਿਕ ਸੁੱਧੀ ਜ਼ਰੂਰੀ ਸਮਝੀ ਜਾਂਦੀ ਸੀ। ਇਹ ਸੁੱਧੀ ਧਰਮ ਅਨੁਸਾਰ ਪਾਦਰੀ, ਮੌਲਵੀ, ਪੰਡਤ ਕਰਦੇ ਆਏ ਸਨ। ਇਵੇਂ ਹੀ ਸੁਰਜਨ ਸਿੰਘ ਦੀ ਧਾਰਮਿਕ ਸੁੱਧੀ ਲਈ ਜੇਲ੍ਹ ਅਧਿਕਾਰੀਆਂ ਵਲੋਂ ਨਿਸ਼ਾਨ ਸਿੰਘ ਨੂੰ ਨੀਯਤ ਕੀਤਾ ਗਿਆ ਸੀ। ਜਦ ਉਹ ਜੇਲ੍ਹ ਵਿਚ ਇਕੱਲਾ ਸਿੱਖ ਸੀ ਤਦ ਵੀ ਇਕ ਵਾਰ ਗਿਆਨੀ ਕਰਮ ਸਿੰਘ ਦੋ ਕੁ ਵਾਰ ਆਇਆ ਸੀ ਪਰ ਉਸ ਨੇ ਆਪਣੀ ਧਾਰਮਿਕ ਸੁੱਧੀ ਪ੍ਰਪਤ ਕਰਨ ਤੋਂ ਨਾਂਹ ਕਰ ਦਿਤੀ ਸੀ। ਹੁਣ ਜੇਲ੍ਹ ਵਿਚ ਉਹ ਤਿੰਨ ਸਿੱਖ ਹੋ ਗਏ ਸਨ ਇਸ ਲਈ ਨਿਸ਼ਾਨ ਸਿੰਘ ਆਉਣ ਲਗਿਆ ਸੀ। ਸੁਰਜਨ ਸਿੰਘ ਪਹਿਲੇ ਦਿਨ ਹੀ ਨਿਸ਼ਾਨ ਸਿੰਘ ਨਾਲ ਉਲਝ ਪਿਆ। ਉਹ ਉਸ ਨੂੰ ਬੋਲਿਆ,

"ਗਿਆਨੀ ਜੀ, ਆਓ ਬੈਠੋ, ਗੱਪ ਸ਼ੱਪ ਮਾਰਦੇ ਆਂ, ਮੈਂ ਨਾਸਤਿਕ ਬੰਦਾਂ, ਪਹਿਲਾਂ ਈ ਪਵਿੱਤਰ ਆਂ, ਮੈਨੂੰ ਤੁਹਾਡੀ ਇਸ ਕੰਮ ਲਈ ਕੋਈ ਲੋੜ ਨਈਂ।"

"ਕੀ ਗੱਲ ਕਰਦੇ ਓ ਸੁਰਜਨ ਸਿੰਘ ਜੀ! ...ਪਤਿਤ ਹੋ ਕੇ ਆਪਣੇ ਆਪ ਨੂੰ ਪਵਿੱਤਰ ਆਖਦੇ ਓ, ਪਵਿੱਤਰ ਉਹ ਹੁੰਦਾ ਏ ਜਿਹੜਾ ਪੰਜ ਕਕਾਰੀ ਹੁੰਦਾ ਏ, ਜਿਹੜਾ ਰਹਿਤਾਂ ਵਿਚ ਰਹਿੰਦਾ ਏ।"

"ਗਿਆਨੀ ਜੀ, ਮੈਂ ਤਾਂ ਪਹਿਲਾਂ ਈ ਜੇਲ੍ਹ ਵਿਚ ਆਂ, ਤੁਸੀਂ ਮੈਨੂੰ ਰਹਿਤਾਂ ਦੀ ਇਕ ਹੋਰ ਜੇਲ੍ਹ ਵਿਚ ਸੁੱਟਣਾ ਚਾਹੁੰਦੇ ਓ?"

ਸੁਰਜਨ ਸਿੰਘ ਨੇ ਹੱਸਦਿਆਂ ਹੋਇਆਂ ਕਿਹਾ। ਗ੍ਰੰਥੀ ਬਹੁਤਾ ਪੜ੍ਹਿਆ-ਲਿਖਿਆ ਹੋਇਆ ਨਹੀਂ ਸੀ ਇਸ ਲਈ ਉਹ ਬਹੁਤੀ ਬਹਿਸ ਵਿਚ ਪੈਣੋਂ ਡਰਦਾ ਚੁੱਪ ਕਰ ਗਿਆ ਪਰ ਉਸ ਨੂੰ ਸੁਰਜਨ ਸਿੰਘ ਨਾਲ ਗੱਲਾਂ ਕਰਨਾ ਚੰਗਾ ਲਗਿਆ। ਉਹ ਜਦ ਵੀ ਜੇਲ੍ਹ ਵਿਚ ਆਉਂਦਾ ਤਾਂ ਕੁਝ ਦੇਰ ਲਈ ਸੁਰਜਨ ਸਿੰਘ ਨੂੰ ਜ਼ਰੂਰ ਮਿਲ ਕੇ ਜਾਂਦਾ। ਸੁਰਜਨ ਸਿੰਘ ਵੀ ਉਸ ਨੂੰ ਉਡੀਕਦਾ ਰਹਿੰਦਾ। ਦੋ ਕੁ ਸਾਲ ਬਾਅਦ ਨਿਸ਼ਾਨ ਸਿੰਘ ਦੀ ਥਾਵੇਂ ਇਕ ਨੌਜਵਾਨ ਗ੍ਰੰਥੀ ਆਉਣ ਲਗਿਆ। ਉਹ ਆਪਣੇ ਆਪ ਨੂੰ ਬਾਬਾ ਕਰਤਾਰ ਸਿੰਘ ਅਖਵਾਉਂਦਾ ਸੀ। ਉਸ ਨੇ ਆਉਂਦਿਆਂ ਹੀ ਖਾਲਿਸਤਾਨ ਬਾਰੇ ਭਾਸ਼ਨ ਦੇਣਾ ਸ਼ੁਰੂ ਕਰ ਦਿਤਾ। ਸੁਰਜਨ ਸਿੰਘ ਇਸ ਉਪਰ ਭੜਕਦਾ ਹੋਇਆ ਬੋਲਿਆ,

"ਕਰਤਾਰ ਸਿੰਘ ਜੀ, ਆਪਣੀ ਸੌੜੀ ਸੋਚ ਨੂੰ ਆਪਣੇ ਕੋਲ਼ ਈ ਰੱਖੋ!"

"ਖਾਲਸਾ ਜੀ, ਸਿੱਖ ਹੋਣ ਦੇ ਨਾਤੇ ਤੁਹਾਡੇ ਵੀ ਕੁਝ ਫਰਜ਼ ਨੇ, ਇਸ ਲਹਿਰ ਵਿਚ ਜਿੰਨਾ ਵੀ ਹਿੱਸਾ ਪਾ ਸਕਦੇ ਹੋ ਪਾਓ।"

"ਨਹੀਂ, ਤੁਹਾਡੀ ਏਸ ਬੰਦੇ-ਮਾਰ ਲਹਿਰ ਵਿਚ ਮੈਂ ਕਿਸੇ ਤਰ੍ਹਾਂ ਵੀ ਹਿੱਸਾ ਨਹੀਂ ਪਾ ਸਕਦਾ। ਇਹ ਨੌਨ-ਡੈਮੋਕਰੇਟਿਕ ਲਹਿਰ ਐ, ਤੁਸੀਂ ਕਿਸੇ ਦੇ ਵਿਚਾਰ ਨਹੀਂ ਸੁਣ ਸਕਦੇ ਬਸ ਆਪਣੇ ਅਗਲੇ 'ਤੇ ਥੋਪਣ ਦੀ ਕਰਦੇ ਓ।"

"ਕਿਉਂ ਨਹੀਂ ਸੁਣ ਸਕਦੇ ਅਸੀਂ ਕਿਸੇ ਦੇ ਵਿਚਾਰ ਸਰਦਾਰ ਜੀ! ਤੁਸੀਂ ਇਸ ਬਾਰੇ ਦੱਸੋ ਜੋ ਦੱਸਣਾਂ, ਕੋਈ ਸੁਝਾਅ ਹੈ ਤਾਂ ਦਿਓ।"

"ਜਿਹੜੀ ਲਹਿਰ ਬੇਗੁਨਾਹਾਂ ਦੇ ਖੂਨ ਉਪਰ ਉਸਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ ਉਸ ਬਾਰੇ ਮੈਂ ਕੀ ਸੁਝਾਅ ਦੇ ਸਕਦਾਂ।"

"ਇਸ ਲਹਿਰ ਨਾਲ ਜੁੜੇ ਲੋਕ ਕਿਸੇ ਵੀ ਬੇਗੁਨਾਹ ਦਾ ਖੂਨ ਨਹੀਂ ਵਹਾਉਂਦੇ।"

"ਸਾਡੇ ਰਿਸ਼ਤੇਦਾਰ ਦਾ ਇਸ ਕਰਕੇ ਕਤਲ ਕਰ ਦਿਤਾ ਗਿਆ ਕਿ ਉਹ ਇਸ ਲਹਿਰ ਦਾ ਵਿਰੋਧ ਕਰਦਾ ਸੀ।"

ਸੁਰਜਨ ਸਿੰਘ ਨੂੰ ਪਿਛਲੇ ਸਾਲ ਕਾਮਰੇਡ ਬਿਸ਼ੰਭਰ ਸਿੰਘ ਦੇ ਹੋਏ ਕਤਲ ਦਾ ਗੁੱਸਾ ਸੀ। ਬਾਬਾ ਕਰਤਾਰ ਸਿੰਘ ਬੋਲਿਆ,

"ਦੇਖੋ ਜੀ, ਅਜਿਹੇ ਕੰਮ ਸਰਕਾਰ ਆਪ ਕਰਦੀ ਐ, ਹੋ ਸਕਦਾ ਕਿ ਬਾਬਿਆਂ ਨੇ ਵੀ ਅਜਿਹੇ ਸੋਧੇ ਲਾਏ ਹੋਣ ਪਰ...।"

ਸੋਧੇ ਲਾਉਣ ਵਾਲੀ ਗੱਲ ਨਾਲ ਸੁਰਜਨ ਸਿੰਘ ਸਿੰਘ ਦਾ ਗੁੱਸਾ ਹੋਰ ਵੀ ਵਧ ਗਿਆ। ਉਹ ਆਖਣ ਲਗਿਆ,

"ਤੁਸੀਂ ਇਥੇ ਕੈਦੀਆਂ ਆਤਮਿਕ ਸ਼ਾਂਤੀ ਦੇਣ ਆਉਂਦੇ ਹੋ ਜਾਂ ਅੱਤਵਾਦ ਫੈਲਾਉਣ? ...ਜੇ ਮੁੜ ਕੇ ਇਸ ਵਿਸ਼ੇ ਤੇ ਮੇਰੇ ਨਾਲ ਕੋਈ ਗੱਲ ਕੀਤੀ ਤਾਂ ਮੈਂ ਤੁਹਾਡੀ ਸ਼ਿਕਾਇਤ ਕਰ ਦੇਵਾਂਗਾ।"

ਅਮਾਂਡਾ ਦੀ ਚਿੱਠੀ ਦਾ ਨਾ-ਆਉਣਾ ਉਸ ਨੂੰ ਬਹੁਤ ਹੀ ਪਰੇਸ਼ਾਨ ਕਰਨ ਲਗਿਆ। ਉਹ ਹੈਰਾਨ ਸੀ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਅਮਾਂਡਾ ਨੂੰ ਪਤਾ ਲਗੇ ਕਿ ਉਹ ਜੇਲ੍ਹ ਵਿਚ ਹੈ ਤੇ ਉਹ ਚਿੱਠੀ ਨਾ ਲਿਖੇ। ਉਹ ਤਾਂ ਸਗੋਂ ਡਰ ਰਿਹਾ ਸੀ ਕਿ ਅਮਾਂਡਾ ਉਸ ਦੇ ਜੇਲ੍ਹ ਵਿਚ ਹੋਣ ਦਾ ਸੁਣ ਕੇ ਕਿਧਰੇ ਜਹਾਜ਼ੇ ਨਾ ਚੜ੍ਹ ਆਵੇ। ਉਸ ਕੋਲ ਅਮਾਂਡਾ ਦਾ ਫੋਨ ਨੰਬਰ ਵੀ ਸੀ ਪਰ ਕਦੇ ਕੀਤਾ ਨਹੀਂ ਸੀ। ਉਹ ਡਰਨ ਲਗਦਾ ਕਿ ਫੋਨ ਕਰਦਾ ਕਿਧਰੇ ਉਹ ਭਾਵੁਕ ਹੀ ਨਾ ਹੋ ਜਾਵੇ। ਹੁਣ ਉਹ ਫੋਨ ਕਰਨ ਦੀ ਲੋੜ ਮਹਿਸੂਸ ਹੋਣ ਲਗੀ ਸੀ। ਉਹ ਸੋਚਣ ਲਗਿਆ ਕਿ ਮੈਲਬੌਰਨ ਵਿਚ ਇਧਰਲੇ ਵਕਤ ਦੇ ਅਨੁਸਾਰ ਨਾਲ ਕਿੰਨੇ ਵੱਜੇ ਹੋਣਗੇ। ਇਥੇ ਦਿਨ ਹੁੰਦਾ ਤਾਂ ਉਥੇ ਰਾਤ। ਫੋਨ ਕਰਨ ਵਿਓਂਤਬੰਦੀ ਵਿਚ ਹੀ ਉਸ ਨੇ ਕਈ ਦਿਨ ਕੱਢ ਦਿਤੇ। ਇਕ ਦਿਨ ਉਸ ਨੇ ਸਵੇਰੇ ਦੇ ਨੌਂ ਵਜੇ ਫੋਨ ਘੁਮਾਇਆ। ਉਸ ਨੂੰ ਪਤਾ ਸੀ ਉਥੇ ਰਾਤ ਦੇ ਅੱਠ-ਨੌਂ ਵੱਜੇ ਹੋਣਗੇ ਤੇ ਇਸ ਸਮੇਂ ਅਮਾਂਡਾ ਘਰ ਹੀ ਹੋਵੇਗੀ। ਦੂਜੇ ਪਾਸੇ ਘੰਟੀ ਵੱਜਣ ਲਗੀ। ਉਸ ਦੇ ਦਿਲ ਨੂੰ ਡੋਬਾ ਪੈਣਾ ਸ਼ੁਰੂ ਹੋ ਗਿਆ; ਉਸ ਨਾਲ ਕਿਹੜੀ ਗੱਲ ਕਰੇ! ...ਕੀ ਕਹੇ! ...ਕਿਹੋ ਜਿਹੀ ਹੋਵੇਗੀ ਹੁਣ ਅਮਾਂਡਾ ਦੀ ਅਵਾਜ਼! ...ਪਤਾ ਨਹੀਂ ਉਹ ਉਸ ਦੀ ਅਵਾਜ਼ ਪੱਛਾਣੇਗੀ ਵੀ ਕਿ ਨਹੀਂ! ਕਾਫੀ ਦੇਰ ਤਕ ਘੰਟੀ ਵਜਦੀ ਰਹੀ। ਉਸ ਨੇ ਹੋਰ ਪੈਸੇ ਫੋਨ ਬੌਕਸ ਪਾਉਣ ਲਈ ਕਾਫੀ ਸਾਰੀ ਭਾਨ ਹੱਥ ਵਿਚ ਫੜੀ ਹੋਈ ਸੀ। ਕਿੰਨੇ ਚਿਰ ਬਾਅਦ ਘੰਟੀ ਰੁਕੀ, ਕਿਸੇ ਨੇ ਰਸੀਵਰ ਚੁੱਕਿਆ। ਸੁਰਜਨ ਸਿੰਘ ਨੇ ਧੜਕਦੇ ਦਿਲ ਨਾਲ 'ਹੈਲੋ' ਕਿਹਾ। ਦੂਜੇ ਪਾਸਿਓਂ ਕਿਸੇ ਮਰਦਾਵੀਂ ਆਵਾਜ਼ ਨੇ ਹੈਲੋ ਦਾ ਉੱਤਰ ਦਿਤਾ। ਸੁਰਜਨ ਸਿੰਘ ਨੇ ਕਿਹਾ,

"ਮੈਂ ਇੰਗਲੈਂਡ ਤੋਂ ਸੁਰਜਨ ਸਿੰਘ ਬੋਲ ਰਿਹਾਂ, ਕੀ ਮੈਂ ਮਿਸਿਜ਼ ਅਮਾਂਡਾ ਰਾਈਡਰ ਨਾਲ ਗੱਲ ਕਰ ਸਕਦਾਂ?"

ਸੁਰਜਨ ਸਿੰਘ ਗੱਲ ਮੁਕਾ ਕੇ ਜਵਾਬ ਦੀ ਉਡੀਕ ਕਰਨ ਲਗਿਆ ਪਰ ਦੂਜੇ ਪਾਸੇ ਟੈਲੀਫੋਨ ਉਪਰ ਖਾਮੋਸ਼ੀ ਛਾ ਗਈ। ਸੁਰਜਨ ਸਿੰਘ ਨੇ ਕੁਝ ਪਲ ਉਡੀਕ ਕੇ ਫਿਰ 'ਹੈਲੋ' ਕਹੀ ਤੇ ਪੁੱਛਿਆ,

"ਤੁਸੀਂ ਕੌਣ ਬੋਲ ਰਹੇ ਓ?"

"ਸਰ, ਮੈਂ ਜੌਰਜ ਰਾਈਡਰ, ਅਮਾਂਡਾ ਦਾ ਪੁੱਤਰ। ...ਮਿਸਟਰ ਸਿੰਘ, ਮੌਮ ਨੂੰ ਤੁਹਾਡੀ ਚਿੱਠੀ ਮਿਲ ਗਈ ਸੀ...।"

ਇੰਨੀ ਗੱਲ ਕਹਿ ਕੇ ਦੂਜੇ ਪਾਸੇ ਦੀ ਆਵਾਜ਼ ਫਿਰ ਚੁੱਪ ਕਰ ਗਈ। ਸੁਰਜਨ ਸਿੰਘ ਬੇਸਬਰੀ ਨਾਲ ਉਡੀਕ ਕਰਨ ਲਗਿਆ। ਦੋ ਕੁ ਪਲ ਬਾਅਦ ਫਿਰ ਆਵਾਜ਼ ਆਈ,

"ਆਏ'ਮ ਸੌਰੀ ਮਿਸਟਰ ਸਿੰਘ, ਮੌਮ ਨੇ ਤੁਹਾਡੀ ਚਿੱਠੀ ਪੜ੍ਹੀ ਸੀ, ਮੈਂ ਵੀ ਪੜ੍ਹੀ ਏ ਪਰ ਮੌਮ ਹੁਣ ਇਸ ਦੁਨੀਆਂ ਵਿਚ ਨਹੀਂ ਰਹੀ, ਉਸ ਨੂੰ ਦਿਲ ਦਾ ਦੌਰਾ ਪੈ ਗਿਆ ਸੀ, ਹੋ ਸਕਦਾ ਤੁਹਾਡੀ ਚਿੱਠੀ ਪੜ੍ਹ ਕੇ ਅਜਿਹਾ ਹੋਇਆ ਹੋਵੇ। ...ਉਸ ਦੇ ਦੇਹਾਂਤ ਨੂੰ ਤਾਂ ਦੋ ਸਾਲ ਹੋਣ ਵਾਲੇ ਹੋਣਗੇ, ...ਮੈਂ ਤਾਂ ਸੋਚਿਆ ਸੀ ਕਿ ਮੇਰੇ ਡੈਡੀ ਨੇ ਇਸ ਬਾਰੇ ਤੁਹਾਨੂੰ ਚਿੱਠੀ ਲਿਖ ਦਿਤੀ ਹੋਵੇਗੀ।"

ਸੁਰਜਨ ਸਿੰਘ ਨੇ ਆਹਿਸਤਾ ਜਿਹੇ ਫੋਨ ਰੱਖ ਦਿਤਾ। ਉਸ ਨੂੰ ਲਗਿਆ ਜਿਵੇਂ ਉਸ ਦੇ ਅੰਦਰ ਕੁਝ ਫਟਣ ਵਾਲਾ ਹੋਵੇ। ਉਹ ਭੱਜ ਕੇ ਬਾਥਰੂਮ ਵਿਚ ਜਾ ਵੜ੍ਹਿਆ। ਉਸ ਨੇ ਬਹੁਤ ਸਾਰੇ ਕੈਦੀ ਜਜ਼ਬਾਤੀ ਹੋਏ ਰੋਂਦੇ ਦੇਖੇ ਸਨ। ਬਾਕੀ ਕੈਦੀ ਉਹਨਾਂ ਦਾ ਮੌਜੂ ਬਣਾਉਂਦੇ ਹੱਸਦੇ। ਉਹ ਡਰ ਰਿਹਾ ਸੀ ਕਿ ਉਹ ਵੀ ਕਿਸੇ ਦੇ ਹਾਸੇ ਦਾ ਕਾਰਨ ਨਾ ਬਣ ਜਾਵੇ। ਬਾਥਰੂਮ ਦਾ ਦਰਵਾਜ਼ਾ ਬੰਦ ਕਰਕੇ ਉਹ ਰੋਂਦਾ ਰਿਹਾ। ਰੋਂਦਾ ਰਿਹਾ ਜਿਵੇਂ ਉਮਰਾਂ ਦੇ ਡੱਕੇ ਹੰਝੂਆਂ ਨੂੰ ਹੁਣੇ ਹੀ ਵਗਣ ਦਾ ਮੌਕਾ ਮਿਲਿਆ ਹੋਵੇ।

## ਬੱਤੀ

ਦੇਖਦੇ ਹੀ ਦੇਖਦੇ ਵੈਂਬਲੇ ਦੀ ਈਲਿੰਗ ਰੋਡ ਉਪਰ ਰੌਣਕਾਂ ਲਗ ਗਈਆਂ। ਸਾਊਥਾਲ ਦੇ ਬਰੌਡਵੇਅ ਵਾਂਗ, ਜਾਂ ਪੂਰਬੀ ਲੰਡਨ ਦੀ ਗਰੀਨ ਸਟ੍ਰੀਟ ਵਾਂਗ ਹੀ ਦੇਸੀ ਦੁਕਾਨਾਂ ਦੀ ਭਰਮਾਰ ਹੋ ਗਈ। ਵੱਡੇ-ਵੱਡੇ ਸਟੋਰ ਖੁਲ੍ਹ ਗਏ। ਰੈਸਟੋਰੈਂਟ, ਬੈਂਕ ਤੇ ਹੋਰ ਕਿੰਨੇ ਹੀ ਦਫਤਰ। ਚੌਵੀ ਘੰਟੇ ਖੁਲ੍ਹਣ ਵਾਲੀਆਂ ਦੁਕਾਨਾਂ। ਸਾਊਥਾਲ ਵਾਂਗ ਹੀ ਲੋਕਾਂ ਨੇ ਫੁੱਟਪਾਥ ਉਪਰ ਵੀ ਫੱਟੇ ਜਿਹੇ ਲਾ ਲਏ। ਫੁੱਟਪਾਥ ਉਪਰ ਇੰਨਾ ਰਸ਼ ਹੁੰਦਾ ਕਿ ਆਪੋ ਆਪਣੇ ਮੁਬਾਈਲਾਂ ਵਿਚ ਗੁਆਚੇ ਤੁਰਦੇ ਲੋਕ ਇਕ ਦੂਜੇ ਵਿਚ ਵੱਜਦੇ ਫਿਰਦੇ। ਜਿਵੇਂ ਸਾਊਥਾਲ ਵਿਚ ਵਿਓਪਾਰਕ ਮਾਲਕੀ ਪੰਜਾਬੀਆਂ ਦੀ ਸੀ, ਈਲਿੰਗ ਰੋਡ 'ਤੇ ਗੁਜਰਾਤੀਆਂ ਦੀ ਹੋ ਗਈ। ਇਕ ਪਾਕਿਸਤਾਨੀ, ਮੁਨੀਰ ਅਹਿਮਦ ਨੇ ਇਕ ਪੱਬ ਖਰੀਦ ਕੇ ਮੁਜਰਾ ਕਰਵਾਉਣਾ ਸ਼ੁਰੂ ਕਰ ਦਿਤਾ। ਰਾਤ ਨੂੰ ਸੜਕਾਂ ਦੇ ਮੋੜਾਂ ਉਪਰ ਵੇਸਵਾਵਾਂ ਖੜਨ ਲਗੀਆਂ, ਇਹਨਾਂ ਵਿਚ ਖੜੀਆਂ ਏਸ਼ੀਅਨ ਔਰਤਾਂ ਗਾਹਕਾਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ।

ਦਿਵਾਲੀ ਸਮੇਂ ਈਲਿੰਗ ਰੋਡ ਉਪਰ ਜਗਦੀਆਂ-ਬੁਝਦੀਆਂ ਰੌਸ਼ਨੀਆਂ ਦਾ ਇੰਤਜ਼ਾਮ ਕੀਤਾ ਜਾਂਦਾ। ਇਹ ਰੌਸ਼ਨੀਆਂ ਕ੍ਰਿਸਮਸ ਤਕ ਰਹਿੰਦੀਆਂ। ਹੌਲੀ ਹੌਲੀ ਇੰਨਾ ਟਰੈਫਿਕ ਰਹਿਣ ਲਗਿਆ ਕਿ ਅੱਧਾ ਮੀਲ ਦੇ ਸੜਕ ਦੇ ਟੋਟੇ ਨੂੰ ਲੰਘਣ ਲਈ ਅੱਧਾ ਘੰਟਾ ਲਗ ਜਾਂਦਾ। ਲੋਕ ਇਸ ਪਾਸਿਓਂ ਆਉਣ ਤੋਂ ਝਿਜਕਦੇ। ਇਸ ਇਲਾਕੇ ਦੇ ਲੋਕਾਂ ਨੂੰ ਕੁਝ ਕੁ ਸਹੂਲਤਾਂ ਵੀ ਹੋ ਗਈਆ ਪਰ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪੈਣ ਲਗਿਆ। ਆਪਣੇ ਹੀ ਘਰਾਂ ਮੂਹਰੇ ਕਾਰ ਖੜੀ ਕਰਨ ਲਈ ਜਗਾਹ ਨਾ ਮਿਲਦੀ। ਕਈ ਸੜਕਾਂ ਨੂੰ ਵਨ ਵੇਅ ਬਣਾ ਦਿਤਾ ਗਿਆ ਤੇ ਉਹਨਾਂ ਨੂੰ ਘੁੰਮ ਕੇ ਆਉਣਾ ਪੈਂਦਾ। ਇਕ ਸ਼ੋਰ ਜਿਹਾ ਹਰ ਵੇਲੇ ਪਿਆ ਰਹਿੰਦਾ। ਫਾਇਦਿਆਂ ਵਿਚੋਂ ਸਭ ਤੋਂ ਵੱਡਾ ਜੋ ਫਾਇਦਾ ਹੋਇਆ ਉਹ ਇਹ ਸੀ ਕਿ ਇਥੇ ਘਰਾਂ ਤੇ ਹੋਰ ਜਾਇਦਾਦਾਂ ਦੀਆਂ ਕੀਮਤਾਂ ਬਹੁਤ ਵਧ ਗਈਆਂ ਜਦ ਕਿ ਦੇਸ਼ ਦੇ ਬਾਕੀ ਹਿਸਿਆਂ ਵਿਚ ਮੰਦਵਾੜੇ ਨੇ ਬੁਰੀ ਹਾਲਤ ਕੀਤੀ ਪਈ ਸੀ।

ਗੁਲਵੰਤ ਦੀ ਦੁਕਾਨ ਵੀ ਇਸੇ ਰੋਡ ਉਪਰ ਹੀ ਸੀ। ਉਸ ਨੂੰ ਤਰ੍ਹਾਂ ਤਰ੍ਹਾਂ ਦੀ ਕੀਮਤ ਦੀਆਂ ਪੇਸ਼ਕਸ਼ਾਂ ਆਉਂਦੀਆਂ, ਇਕ ਦੂਜੀ ਤੋਂ ਵੱਧ। ਕਦੇ ਕਦੇ ਤਾਂ ਉਹ ਸੋਚਦਾ ਕਿ ਇਸਟੇਟ ਏਜੰਸੀ ਦਾ ਕੰਮ ਤਾਂ ਇਸ਼ਤਿਹਾਰਬਾਜ਼ੀ ਦੇ ਸਿਰ 'ਤੇ ਚਲਦਾ ਹੈ, ਇਹ ਕਿਤਿਓਂ ਵੀ ਚਲਾਈ ਜਾ ਸਕਦੀ ਹੈ। ਇਹ ਦੁਕਾਨ ਵੇਚ ਕੇ ਕਿਸੇ ਹੋਰ ਰੋਡ ਉਪਰ ਦੋ ਦੁਕਾਨਾਂ ਸਹਿਜੇ ਹੀ ਲਈਆਂ ਜਾ ਸਕਦੀਆਂ ਹਨ ਪਰ ਫਿਰ ਸੋਚਣ ਲਗਦਾ ਕਿ ਇੰਨੇ ਚਿਰ ਦਾ ਟਿਕਾਣਾ ਬਣਿਆਂ ਹੋਇਆ ਹੈ, ਲੋਕ ਜਾਣਦੇ ਹਨ ਸੋ ਹੁਣ ਇਥੇ ਟਿਕੇ ਰਹਿਣਾ ਹੀ ਠੀਕ ਹੋਵੇਗਾ।

ਆਰਥਿਕ ਮੰਦਵਾੜੇ ਨੇ ਇਸਟੇਟ ਏਜੰਟਾਂ ਦੀ ਬਹੁਤੀ ਹੀ ਬੁਰੀ ਹਾਲਤ ਕਰ ਦਿਤੀ ਸੀ ਕਿਉਂਕਿ ਜਾਇਦਾਦਾਂ ਵਿਕਣੀਆਂ ਲਗਭਗ ਬੰਦ ਹੋ ਗਈਆਂ ਸਨ, ਉਹਨਾਂ ਦਾ ਕਮਿਸ਼ਨ ਤਾਂ ਜਾਇਦਾਦਾਂ ਦੇ ਵਿਕਣ ਵਿਚੋਂ ਹੀ ਨਿਕਲਣਾ ਹੁੰਦਾ। ਕਿੰਨੀਆਂ ਹੀ ਇਸਟੇਟ ਏਜੰਸੀਆਂ ਬੰਦ ਹੋ ਗਈਆਂ ਸਨ। ਗੁਲਵੰਤ ਇਸ ਲਈ ਬਚ ਗਿਆ ਕਿ ਉਸ ਨੇ ਆਪਣਾ ਕਰਜ਼ਾ ਵੇਲੇ ਸਿਰ ਮੋੜ ਦਿਤਾ ਸੀ ਤੇ ਉਪਰਲੇ ਫਲੈਟਾਂ ਦਾ ਕਿਰਾਇਆ ਵੀ ਆਉਂਦਾ ਰਿਹਾ ਸੀ। ਘਰ ਵਿਕਣੇ ਜ਼ਰੂਰ ਘਟੇ ਸਨ ਪਰ ਕਿਰਾਏ ਉਪਰ ਹਾਲੇ ਵੀ

www.PunjabiLibrary.com

ਚੜ੍ਹ ਰਹੇ ਸਨ, ਲੈਟਿੰਗ ਏਜੰਸੀ ਵਾਲਾ ਹਿੱਸਾ ਉਸ ਦੀਆਂ ਤਨਖਾਹਾਂ ਕੱਢੀ ਜਾ ਰਿਹਾ ਸੀ। ਉਸ ਦਾ ਕਰਮਚਾਰੀ ਸਾਈਮਨ ਬਹੁਤ ਤੇਜ਼ ਆਦਮੀ ਸੀ, ਗਾਹਕ ਇਕ ਵਾਰ ਦੁਕਾਨ ਵਿਚ ਵੜ ਜਾਂਦਾ ਤਾਂ ਉਸ ਨੂੰ ਉਹ ਬੰਨ੍ਹ ਲੈਂਦਾ ਸੀ। ਮਹੀਨੇ ਵਿਚ ਇਕ ਵੀ ਘਰ ਵਿਕ ਜਾਵੇ ਤਾਂ ਉਹਨਾਂ ਦਾ ਘਰ ਪੂਰਾ ਹੋ ਜਾਂਦਾ ਸੀ। ਫਿਰ ਹੌਲੀ ਹੌਲੀ ਮੰਦਵਾੜੇ ਦਾ ਅਸਰ ਘਟਣ ਲਗਿਆ। ਪਰੌਪਰਟੀ ਮਾਰਕਿਟ ਵਿਚ ਕੁਝ ਹਿਲਜੁਲ ਹੋਣ ਲਗੀ, ਭਾਵੇਂ ਦੋ-ਤਿੰਨ ਪ੍ਰਤੀਸ਼ਤ ਹੀ ਸਹੀ। ਵਿਓਪਾਰੀ ਤਬਕੇ ਨੂੰ ਕੁਝ ਕੁ ਸਾਹ ਆਉਣ ਲਗਿਆ।

ਗੁਲਵੰਤ ਸਵੇਰੇ ਬੱਚੇ ਸਕੂਲ ਛੱਡ ਦਫਤਰ ਆ ਜਾਂਦਾ। ਉਸ ਦੇ ਪੁੱਜਦੇ ਨੂੰ ਸਾਈਮਨ ਦਫਤਰ ਖੋਹਲ ਦਿੰਦਾ। ਦਫਤਰ ਛੇ ਵਜੇ ਤਕ ਖੋਹਲਣਾ ਹੁੰਦਾ ਪਰ ਸਾਈਮਨ ਪੰਜ ਵਜੇ ਹੀ ਚਲੇ ਜਾਂਦਾ। ਸ਼ਾਮੀਂ ਸਤਿੰਦਰ ਬੱਚਿਆਂ ਨੂੰ ਸਕੂਲ ਤੋਂ ਲੈ ਆਉਂਦੀ ਸੀ। ਸਤਿੰਦਰ ਘਰੇਲੂ ਜਿਹੀ ਔਰਤ ਸੀ। ਦਫਤਰ ਵਿਚ ਉਹ ਕਦੇ ਨਹੀਂ ਸੀ ਆਉਂਦੀ। ਗੁਲਵੰਤ ਦੇ ਕੰਮਕਾਰ ਵਿਚ ਵੀ ਕਿਸੇ ਕਿਸਮ ਦਾ ਦਖਲ ਨਹੀਂ ਸੀ ਦਿੰਦੀ। ਉਹ ਘਰ ਦੇ ਕੰਮ ਮੁਕਾ ਟੈਲੀਵੀਯਨ ਮੂਹਰੇ ਬੈਠ ਜਾਂਦੀ। ਘਰ ਦੀ ਸ਼ੌਪਿੰਗ ਕਰ ਆਉਂਦੀ। ਇਧਰੋਂ ਓਧਰੋਂ ਪੈਸੇ ਬਚਾ ਕੇ ਆਪਣੀ ਮਾਂ ਨੂੰ ਭੇਜ ਦਿੰਦੀ। ਬੱਚੇ ਸਕੂਲ ਛੱਡਣ ਜਾਂਦੀਆਂ ਕੁਝ ਔਰਤਾਂ ਉਸ ਦੀਆਂ ਸਹੇਲੀਆਂ ਬਣੀਆਂ ਹੋਈਆਂ ਸਨ, ਉਹਨਾਂ ਨਾਲ ਗੱਲਾਂ ਕਰ ਦਿਲ ਪਰਚਾ ਛੱਡਦੀ।

ਗੁਲਵੰਤ ਕਾਫੀ ਰੁਝਿਆ ਰਹਿੰਦਾ। ਉਸ ਦੀਆਂ ਕਈ ਕਿਸਮ ਦੀਆਂ ਮੀਟਿੰਗਾਂ ਚਲਦੀਆਂ ਰਹਿੰਦੀਆਂ। ਉਹ ਸਰਵੇਅਰਾਂ, ਬੈਂਕ-ਮੈਨਜਰਾਂ ਬਗੈਰਾ ਨਾਲ ਡਿਨਰ ਪਾਰਟੀਆਂ ਕਰਦਾ ਰਹਿੰਦਾ ਕਿਉਂਕਿ ਉਸ ਨੇ ਘਰਾਂ ਉਪਰ ਕਰਜ਼ਾ ਵੀ ਦਵਾਉਣਾ ਹੁੰਦਾ। ਕਦੇ ਕਲਾਇੰਟ ਨੂੰ ਪਰੌਪ੍ਰਟੀ ਦਿਖਾਉਣੀ ਹੁੰਦੀ, ਕਿਸੇ ਇਮਾਰਤ ਦੀ ਕੀਮਤ ਪਾਉਣੀ ਹੁੰਦੀ, ਘੱਟ ਵੱਧ ਕਰਕੇ ਸੌਦਾ ਕਰਾਉਣਾ ਹੁੰਦਾ। ਜਦ ਮਾਰਕਿਟ ਕੁਝ ਸੰਭਲੀ ਤਾਂ ਉਸ ਨੇ ਲਿੰਡੇ ਨੂੰ ਮੁੜ ਕੇ ਕੰਮ 'ਤੇ ਰੱਖ ਲਿਆ।

ਅਪਰੈਲ ਦਾ ਮਹੀਨਾ ਸ਼ੁਰੂ ਹੋ ਚੁੱਕਿਆ ਸੀ। ਸੂਰਜ ਦੀ ਮਰੀਅਲ ਜਿਹੀ ਧੁੱਪ ਦਿਨ ਨੂੰ ਖਿੜਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਲੋਕ ਮੌਸਮ ਬਾਰੇ ਗੱਲਾਂ ਕਰਦੇ ਕਹਿ ਰਹੇ ਸਨ; 'ਕੋਲਡ ਬਟ ਫਰੈੱਸ਼'। ਗੁਲਵੰਤ ਹੰਸਲੋ ਜਾਣ ਲਈ ਆਪਣੀ ਕਾਰ ਵਿਚ ਜਾ ਬੈਠਾ। ਬੈਂਕ ਮੈਨੇਜਰ ਨਾਲ ਮਿਲਣ ਦਾ ਸਮਾਂ ਨੀਯਤ ਕੀਤਾ ਹੋਇਆ ਸੀ। ਹਾਲੇ ਉਹ ਮੁੱਖ ਸੜਕ 'ਤੇ ਪੁੱਜਿਆ ਹੀ ਸੀ ਕਿ ਉਸ ਦੇ ਮੁਬਾਈਲ ਦੀ ਰਿੰਗ ਟਿਊਨ ਵੱਜਣ ਲਗੀ। ਉਸ ਨੇ ਓਨ ਕਰਕੇ ਕੰਨ ਨੂੰ ਲਾਇਆ। ਦੂਜੇ ਪਾਸੇ ਤੋਂ ਆਈ ਹੈਲੋ ਤੋਂ ਉਹ ਹੈਰਾਨ ਰਹਿ ਗਿਆ। ਉਸ ਨੇ ਇਕ ਦਮ ਕਾਰ ਨੂੰ ਬ੍ਰੇਕਾਂ ਲਾਈਆਂ, ਇਕ ਪਾਸੇ ਪਾਰਕ ਕਰਦਾ ਬੋਲਿਆ,

"ਹਾਂ ਬਈ ਮਾਈ ਟੈੱਨ ਬਾਈ ਟੈੱਨ, ਹਾਓ ਆਰ ਯੂ?"

"ਯੂ ਸਟਿੱਲ ਰਿਮੈਂਬਰ ਮੀ?"

"ਤੈਨੂੰ ਭਲਾ ਕਿੱਦਾਂ ਭੁੱਲ ਸਕਦਾਂ! ...ਆਇ ਲਵਡ ਯੂ ਸੋ ਮੱਚ! ਐਂਡ ਸਟਿੱਲ ਆਏ ਲਵ ਯੂ!"

"ਜਿਹਨੂੰ ਪਿਆਰ ਕਰੀਏ ਓਹਦਾ ਮੁੜ ਕੇ ਪਤਾ ਨਹੀਂ ਲਈਦਾ?"

"ਤੂੰ ਮੈਨੂੰ ਪਤਾ ਲੈਣ ਜੋਗਾ ਛੱਡਿਆ ਈ ਕਿੱਥੇ ਸੀ! ਮੈਂ ਤੇਰੇ ਨੇੜੇ ਆਉਂਦਾ ਤੇ ਤੂੰ ਦੂਰ ਭੱਜਦੀ ਸੀ।"

"ਤੈਨੂੰ ਪਤੈ ਤੁਸੀਂ ਮੇਰੀ ਫੈਮਲੀ ਨੂੰ ਕਿੰਨਾ ਹਰਟ ਕੀਤਾ ਸੀ।"

"ਮੈਂ ਸਮਝਦਾਂ ਪਰ ਏਹਦੀ ਏਨੀ ਸਜ਼ਾ ਤਾਂ ਨਹੀਂ ਸੀ ਦੇਣੀ ਚਾਹੀਦੀ। ...ਤਲਾਕ ਦੇਣ ਦੀ ਕੀ ਲੋੜ ਸੀ?"

"ਤਲਾਕ ਨਾਲ ਕੀ ਫਰਕ ਪੈਂਦੈ, ਇਹ ਤਾਂ ਕਾਗਜ਼ ਦਾ ਇਕ ਟੁਕੜਾ ਹੁੰਦੈ!"

"ਤੇ ਤੂੰ ਇਹ ਟੁਕੜਾ ਸਿਰ ਵਿਚ ਮਾਰਨਾ ਸੀ?"

"ਯੂ ਨੋਅ ਮਾਈ ਸਿਚੂਏਸ਼ਨ।"

"ਚਲ ਛੱਡ ਇਹ ਬਹਿਸ, ਦਸ ਅੰਮ੍ਰਿਤ ਕੈਸੀ ਐ?"

"ਸ਼ੀ 'ਜ਼ ਫਾਈਨ।"

"ਕਦੇ ਮੈਨੂੰ ਵੀ ਚੇਤੇ ਕਰਦੀ ਹੁੰਦੀ ਐ?"

"ਨਹੀਂ।"

"ਕਿਉਂ ਨਹੀਂ?"

"ਬਿਕੌਜ਼ ਯੂ ਡੌਂਟ ਵਾਂਟ ਇਟ, ...ਮੁੜ ਕੇ ਸਾਡਾ ਕਦੇ ਪਤਾ ਈ ਨਈਂ ਕੀਤਾ ਤੂੰ। ਕਦੇ ਸਾਨੂੰ ਮਿਲਣਾ ਈ ਨਹੀਂ ਚਾਹਿਆ, ਉਹਨੂੰ ਤੇਰਾ ਚੇਤਾ ਕਿੱਦਾਂ ਰਹਿ ਜਾਂਦਾ!"

"ਮੈਂ ਤਾਂ ਤੁਹਾਨੂੰ ਮਿਲਣ ਲਈ ਤਰਲੇ ਕਰਦਾ ਮਰ ਗਿਆ ਪਰ ਤੂੰ ਈ ਦੂਰ ਭਜਦੀ ਸੀ।"

"ਹੁਣ ਦਿਲ ਕਰਦੈ ਸਾਨੂੰ ਦੇਖਣ ਲਈ?"

"ਬਹੁਤ ਬਹੁਤ ਕਰਦੈ, ਯੂ ਆਰ ਮਾਏ ਟੈੱਨ ਬਾਈ ਟੈੱਨ!"

"ਕੱਲ ਕੀ ਕਰ ਰਿਹੈਂ?"

"ਕੱਲ ਕੀ, ਮੈਂ ਹੁਣੇ ਆ ਜਾਨਾਂ, ਦਸ ਕਿਥੇ ਐਂ?"
"ਏਨਾ ਕਾਹਲ਼ਾ ਨਾ ਪੈ! ...ਕੱਲ ਦਸ ਕੀ ਕਰ ਰਿਹੈਂ?"
"ਤੈਨੂੰ ਮਿਲਣ ਲਈ ਬਿਲਕੁਲ ਵਿਹਲਾਂ, ਹੁਕਮ ਕਰ ਕਿਥੇ ਪੁੱਜਾਂ?"

ਗੁਲਵੰਤ ਨੇ ਅਲਪਰਟਨ ਤੋਂ ਟਿਊਬ ਲਈ ਤੇ ਪਿਕਾਡਲੀ ਸਰਕਸ ਪੁੱਜ ਗਿਆ। ਸਾਹਮਣੇ ਹੀ ਮਿਲੇਨੀਅਮ ਦੀ ਵੱਡੀ ਇਮਾਰਤ ਸੀ। ਇਹ ਬਰਤਾਨੀਆਂ ਦਾ ਸਭ ਤੋਂ ਮਹਿੰਗਾ ਸਟੋਰ ਸੀ ਜਿਥੇ ਆਮ ਬੰਦਾ ਜਾਣੋਂ ਵੀ ਝਿਜਕਦਾ ਸੀ। ਸੁਰਿੰਦਰ ਇਥੇ ਹੀ ਕੰਪਿਊਟਰ-ਪਰੋਗਰੈਮਰ ਵਜੋਂ ਕੰਮ ਕਰਦੀ ਸੀ। ਗੁਲਵੰਤ ਨੇ ਘੜੀ ਦੇਖੀ। ਹਾਲੇ ਇਕ ਨਹੀਂ ਸੀ ਵੱਜਿਆ। ਕੁਝ ਮਿੰਟ ਬਾਕੀ ਸਨ। ਗੁਲਵੰਤ ਨੂੰ ਇਹ ਮਿੰਟ ਘੰਟਿਆਂ ਵਾਂਗ ਲਗ ਰਹੇ ਸਨ। ਉਸ ਨੇ ਤਾਂ ਪਿਛਲੀ ਰਾਤ ਵੀ ਬਹੁਤ ਮੁਸ਼ਕਲ ਨਾਲ ਕੱਢੀ ਸੀ। ਉਹ ਸੁਰਿੰਦਰ ਨੂੰ ਮਿਲਣ ਲਈ ਬਹੁਤ ਕਾਹਲ਼ਾ ਸੀ। ਇੰਨਾ ਉਤਸੁਕਤ ਤਾਂ ਉਹ ਵਿਆਹ ਤੋਂ ਪਹਿਲਾਂ ਵੀ ਨਹੀਂ ਸੀ ਹੋਇਆ। ਉਹ ਮੁੜ ਮੁੜ ਘੜੀ ਦੇਖੀ ਜਾ ਰਿਹਾ ਸੀ। ਅਚਾਨਕ ਸਾਹਮਣੇ ਦੇਖਿਆ ਕਿ ਸੁਰਿੰਦਰ ਤੁਰੀ ਆ ਰਹੀ ਸੀ। ਉਹੋ ਪਹਿਲਾਂ ਵਾਲੀ ਸੁਰਿੰਦਰ। ਉਸ ਦੀ ਪਸੰਦ ਦੇ ਮੋਢਿਆਂ ਤਕ ਕੱਟੇ ਹੋਏ ਵਾਲ, ਕੰਨਾਂ ਵਿਚ ਉਹੀ ਵੱਡੇ ਵੱਡੇ ਬਾਲ਼ੇ ਜਿਹੜੇ ਉਸ ਨੇ ਇਕ ਵਾਰ ਵਿਆਹ ਦੀ ਐਨੀਵਰਸਰੀ 'ਤੇ ਖਰੀਦ ਕੇ ਦਿਤੇ ਸਨ। ਯੂਨੀਫਾਰਮ 'ਮਿਲੇਨੀਅਮ' ਵਾਲੀ ਸੀ। ਕਾਲੀ ਟਰਾਊਜ਼ਰ, ਲਾਲ ਕਮੀਜ਼ ਤੇ ਕਾਲਾ ਬਲੇਜ਼ਰ। ਯੂਨੀਫਾਰਮ ਉਪਰ ਉਸ ਦੇ ਨਾਂ ਦਾ ਬੈਜ ਲਗਿਆ ਹੋਇਆ ਸੀ; 'ਸੁਰਿੰਦਰ ਚੱਠਾ'। ਗੁਲਵੰਤ ਉਸ ਵਲ ਲਗਾਤਾਰ ਦੇਖਦਾ ਜਾ ਰਿਹਾ ਸੀ। ਉਸ ਦੇ ਮੂੰਹੋਂ ਨਿਕਲਿਆ; 'ਟੈੱਨ ਬਾਈ ਟੈੱਨ!' ਸੁਰਿੰਦਰ ਉਸ ਦੇ ਇਕ ਦਮ ਸਾਹਮਣੇ ਆ ਕੇ ਖੜ ਗਈ। ਉਹ ਪੱਥਰ ਬਣਿਆਂ ਉਸ ਵਲ ਦੇਖਦਾ ਜਾ ਰਿਹਾ ਸੀ। ਉਸ ਤੋਂ ਕੁਝ ਬੋਲਿਆ ਹੀ ਨਹੀਂ ਸੀ ਜਾ ਰਿਹਾ। ਸੁਰਿੰਦਰ ਨੇ ਪੁੱਛਿਆ,
"ਕਿਥੇ ਗਵਾਚ ਗਿਐਂ?"

ਗੁਲਵੰਤ ਹਾਲੇ ਵੀ ਨਾ ਬੋਲਿਆ। ਉਸ ਨੇ ਉਸ ਦੇ ਹੱਥ ਆਪਣੇ ਹੱਥਾਂ ਵਿਚ ਲਏ ਤੇ ਉਸ ਵਲ ਉਵੇਂ ਹੀ ਦੇਖਦਾ ਰਿਹਾ। ਉਸ ਦੀਆਂ ਸ਼ਰਬਤੀ ਅੱਖਾਂ ਵਿਚੋਂ ਆਪਣਾ ਗੁਆਚਿਆ ਅਤੀਤ ਲੱਭ ਰਿਹਾ ਸੀ। ਸੁਰਿੰਦਰ ਨੇ ਫਿਰ ਕਿਹਾ,
"ਕੀ ਦੇਖ ਰਿਹੈਂ?"
"ਆਪਣੀ ਟੈੱਨ ਬਾਈ ਟੈੱਨ ਨੂੰ ਦੇਖ ਰਿਹਾਂ, ਕਿੰਨੀਆਂ ਸਦੀਆਂ ਹੋ ਗਈਆਂ ਦੇਖੀ ਨੂੰ, ...ਰੱਜ ਕੇ ਦੇਖ ਲੈਣੀ ਚਾਹੁੰਨਾ!"

ਫਿਰ ਉਸ ਨੇ ਸੁਰਿੰਦਰ ਦਾ ਚਿਹਰਾ ਆਪਣੇ ਹੱਥਾਂ ਵਿਚ ਲਿਆ ਤੇ ਉਸ ਨੂੰ ਬੇਤਹਾਸ਼ਾ ਚੁੰਮਣ ਲਗਿਆ। ਉਹ ਨਾਲ ਦੀ ਨਾਲ ਕਹਿੰਦਾ ਜਾ ਰਿਹਾ ਸੀ,
"ਆਏ ਮਿਸਡ ਯੂ, ਮਿਸਡ ਯੂ ਸੋ ਮੱਚ! ...ਆਏ ਲਵ ਯੂ, ਲਵ ਯੂ ਸੋ ਮੱਚ!"

ਜਦ ਉਹ ਜ਼ਰਾ ਰੁਕਿਆ ਤਾਂ ਸੁਰਿੰਦਰ ਬੋਲੀ,
"ਇਥੇ ਬਹੁਤ ਸਾਰੇ ਮੇਰੇ ਵਾਕਫ ਐ, ਚੱਲ, ਚਲ ਕੇ ਕਿਤੇ ਬੈਠਦੇ ਆਂ।"

ਗੁਲਵੰਤ ਇਕ ਦਮ ਆਪੇ ਵਿਚ ਮੁੜਿਆ ਤੇ ਕਹਿਣ ਲਗਿਆ,
"ਉਹ ਸੌਰੀ! ...ਮੈਂ ਤਾਂ ਭੁੱਲ ਈ ਗਿਆ ਸਾਂ ਕਿ ਕਿਥੇ ਆਂ ਪਰ ਕੀ ਕਰਾਂ! ਹੱਡ ਮਾਸ ਦਾ ਬਣਿਆਂ ਮਨੁੱਖ ਆਂ, ਸੈਂਟੀ ਹੋ ਜਾਨਾਂ, ਤੇਰੇ ਜਿਹਾ ਪੱਥਰ ਨਈਂ ਆਂ ਕਿ ਕੁਝ ਫੀਲ ਈ ਨਈਂ ਹੁੰਦਾ!"
"ਦੈਟ 'ਜ਼ ਵੱਟ ਯੂ ਸੇਅ, ਤੈਨੂੰ ਕੀ ਪਤਾ ਮੈਂ ਤੈਨੂੰ ਕਿੰਨਾ ਮਿਸ ਕੀਤਾ!"

ਸੁਰਿੰਦਰ ਨੇ ਕਿਹਾ। ਗੁਲਵੰਤ ਕੁਝ ਹੋਰ ਕਹਿਣਾ ਚਾਹੁੰਦਾ ਸੀ ਪਰ ਉਸ ਨੇ ਸੋਚਿਆ ਕਿ ਇੰਨੀ ਦੇਰ ਬਾਅਦ ਮਿਲੇ ਹਾਂ, ਨਿਹੋਰਿਆਂ ਵਿਚ ਵਕਤ ਕਿਉਂ ਖਰਾਬ ਕੀਤਾ ਜਾਵੇ। ਉਸ ਨੇ ਕਿਹਾ,
"ਲੰਚ ਕੀਤਾ ਕੀ?"
"ਤੂੰ ਨਈਂ ਕਰਾਏਂਗਾ?"

ਆਖਦੀ ਸੁਰਿੰਦਰ ਨੇ ਉਸ ਦੀ ਬਾਂਹ ਫੜ ਲਈ। ਗੁਲਵੰਤ ਉਸ ਨੂੰ ਵੱਖੀ ਵਿਚ ਵਾੜਦਾ ਤੁਰ ਪਿਆ। ਨੇੜੇ ਹੀ ਇਕ ਚਾਈਨੀਜ਼ ਰੈਸਟੋਰੈਂਟ ਸੀ, ਉਹ ਉਥੇ ਜਾ ਬੈਠੇ। ਗੁਲਵੰਤ ਨੇ ਉਸ ਦੇ ਮੋਢੇ ਛੂਹੇ, ਉਸ ਦੇ ਚਿਹਰੇ ਤੇ ਹੱਥ ਫੇਰਿਆ ਤੇ ਕਹਿਣ ਲਗਿਆ,
"ਦੇਖ ਤੂੰ ਆਪਣੀ ਕੀ ਹਾਲਤ ਬਣਾ ਲਈ ਐ!"
"ਛੱਡ ਏਸ ਗੱਲ ਨੂੰ ਤੂੰ ਸੁਣਾ ਤੇਰਾ ਕੀ ਹਾਲ ਐ?"
"ਮੈਂ ਬਿਲਕੁਲ ਠੀਕ ਆਂ, ਤੂੰ ਸੁਣਾ ਤੇਰਾ ਕੰਮਕਾਰ ਕਿਵੇਂ ਐ, ਅੰਮ੍ਰਿਤਾ ਦੀ ਕੀ ਹਾਲ ਐ ਤੇ ਬਾਕੀ ਸਭ ਫੈਮਿਲੀ?"
"ਸਭ ਕੁਝ ਫਾਈਨ।"

www.PunjabiLibrary.com

"ਵੈਸੇ ਤਾਂ ਫੋਨ ਕਰਨ ਲਈ ਸ਼ੁਕਰੀਆ ਪਰ ਏਨੇ ਚਿਰ ਬਾਅਦ ਮੇਰੀ ਯਾਦ ਕਿੱਦਾਂ ਆ ਗਈ?"
"ਮੈਨੂੰ ਤਾਂ ਤੂੰ ਸਦਾ ਈ ਯਾਦ ਰਿਹੈਂ, ਤੂੰ ਈ ਭੁੱਲ ਗਿਐਂ।"
"ਨਈਂ ਟੈੱਨ ਬਾਈ ਟੈੱਨ, ਮੈਂ ਤੈਨੂੰ ਕਦੇ ਨਈਂ ਭੁੱਲਿਆ, ਹਰ ਵੇਲੇ ਯਾਦ ਰਖਦਾਂ।"
"ਜੇ ਯਾਦ ਰੱਖਦਾ ਹੁੰਦਾ ਤਾਂ ਵਿਆਹ ਨਾ ਕਰਾਉਂਦਾ! ...ਵਿਆਹ ਕਰਾ ਲਿਆ ਤੇ ਫੇ' ਠਾਹ ਠਾਹ ਕਰਦੇ ਦੋ ਬੱਚੇ ਵੀ ਬਣਾ ਧਰੇ!"
"ਵਾਹ! ਤੈਨੂੰ ਤਾਂ ਮੇਰੀ ਪੂਰੀ ਖਬਰ ਐ।"
"ਮੈਂ ਤੇਰੀ ਹਰ ਚਾਲ 'ਤੇ ਨਜ਼ਰ ਰਖਦੀ ਆਂ, ਮੈਨੂੰ ਤੇਰੇ ਘਰ ਦਾ ਵੀ ਪਤਾ, ਤੇਰੇ ਦਫਤਰ ਦਾ ਵੀ। ...ਸ਼ਰਮ ਨਹੀਂ ਆਉਂਦੀ, ਆਪਣੀ ਕੰਪਨੀ ਦਾ ਨਾਂ ਟੈੱਨ ਬਾਈ ਟੈੱਨ ਰੱਖ ਕੇ ਮੈਨੂੰ ਬਦਨਾਮ ਕਰਦਾ ਫਿਰਦੈਂ!"
"ਇਹੋ ਤਾਂ ਮੇਰੇ ਪਿਆਰ ਦਾ ਸਬੂਤ ਐ, ...ਇਹਦਾ ਮਤਲਬ ਤੂੰ ਮੇਰੀ ਪੂਰੀ ਜਾਸੂਸੀ ਕਰਦੀ ਫਿਰਦੀ ਐਂ, ਮੇਰਾ ਫੋਨ ਨੰਬਰ ਕਿਥੋਂ ਲਿਆ?"
"ਹਰ ਹਫਤੇ ਤਾਂ ਟਾਈ ਲਾ ਕੇ ਫੋਟੋ ਲਾਈ ਹੁੰਦੀ ਐ ਪੇਪਰਾਂ ਵਿਚ।"
"ਸੋ ਦੈਟ 'ਜ਼ ਦਾ ਸੋਰਸ! ...ਅੰਮ੍ਰਿਤ ਕਿੱਦਾਂ?"
"ਤੈਨੂੰ ਅੰਮ੍ਰਿਤ ਨਾਲ ਕੀ? ...ਤੂੰ ਹੋਰ ਬੱਚੇ ਪੈਦਾ ਕਰ ਲਏ, ਉਹਨੂੰ ਭੁੱਲ ਗਿਐਂ!"
"ਇਹ ਸਭ ਤੇਰੀ ਕੀਤੀ ਕਰਾਈ ਐ, ਜਦੋਂ ਮੈਂ ਉਹਨੂੰ ਲੈਣ ਜਾਂਦਾ ਸੀ ਤਾਂ ਤੂੰ ਅੜਿੱਕੇ ਡਾਹੀ ਜਾਂਦੀ ਸੀ।"
"ਤੂੰ ਤੇ ਵਿਆਹ ਵੀ ਕਰਾ ਲਿਆ ਸੀ, ਆਪ ਸੋਚ ਗੁੱਲ ਕਿ ਓਪਰੀ ਤੀਵੀਂ ਕੋਲ ਕੁੜੀ ਨੂੰ ਕਿੱਦਾਂ ਭੇਜਦੀ?"
"ਚਲ ਹੁਣ ਛੱਡ ਪੁਰਾਣੀਆਂ ਗੱਲਾਂ, ਆ ਕੋਈ ਮੋਹ-ਮੁਹੱਬਤ ਦੀ ਗੱਲ ਕਰੀਏ।"
"ਅੱਛਾ ਗੁੱਲ, ਦਸ ਭਲਾ ਅਜ ਕੀ ਦਿਨ ਐ?"

ਗੁਲਵੰਤ ਚੇਤੇ ਕਰਨ ਦੀ ਕੋਸ਼ਿਸ਼ ਕਰਨ ਲਗਿਆ। ਸੁਰਿੰਦਰ ਨੇ ਪਰਸ ਵਿਚੋਂ ਇਕ ਕਾਰਡ ਕੱਢਿਆ ਤੇ ਨਾਲ ਹੀ ਪ੍ਰਫਿਊਮ ਦੀ ਇਕ ਸ਼ੀਸ਼ੀ ਵੀ। ਉਸ ਨੂੰ ਫੜਾਂਉਂਦੀ ਹੋਈ ਬੋਲੀ,
"ਹੈਪੀ ਬਰਥਡੇ ਗੁੱਲ!"

ਗੁਲਵੰਤ ਇਕ ਦਮ ਭਾਵੁਕ ਹੋ ਗਿਆ। ਉਸ ਨੇ ਸੁਰਿੰਦਰ ਦੇ ਦੋਵੇਂ ਹੱਥ ਚੁੰਮ ਲਏ ਤੇ ਅੱਖਾਂ ਭਰਦਾ ਬੋਲਿਆ,
"ਤੈਨੂੰ ਹਾਲੇ ਤਕ ਯਾਦ ਐ! ...ਮੈਂ ਤਾਂ ਜੜੇ-ਜਨਮ ਦਿਨ ਭੁੱਲ ਈ ਗਿਆ ਹੋਇਆਂ।"
"ਮੈਂ ਭਲਾ ਛੇ ਅਪਰੈਲ ਕਿੱਦਾਂ ਭੁੱਲ ਸਕਦੀ ਆਂ। ...ਮੈਂ ਤਾਂ ਹਰ ਸਾਲ ਤੇਰੇ ਲਈ ਕਾਰਡ ਖਰੀਦ ਕੇ ਰੱਖਦੀ ਰਹੀ ਆਂ ਬਸ ਭੇਜਿਆ ਈ ਨਈਂ, ਐਤਕੀਂ ਸੋਚਿਆ ਕਿ ਹਿੰਮਤ ਕਰ ਕੇ ਦੇਖਾਂ।"

ਗੁਲਵੰਤ ਨੇ ਧੰਨਵਾਦ ਕਰਦਿਆਂ ਉਠ ਕੇ ਉਸ ਦਾ ਇਕ ਚੁੰਮਣ ਲਿਆ। ਬਹਿਰਾ ਆ ਕੇ ਮੈਨਿਓ ਉਹਨਾਂ ਦੇ ਸਾਹਮਣੇ ਰੱਖ ਗਿਆ। ਉਹ ਖਾਣੇ ਦਾ ਆਰਡਰ ਦੇਣ ਦੀਆਂ ਸਲਾਹਾਂ ਬਣਾਉਣ ਲਗੇ। ਗੁਲਵੰਤ ਨੇ ਸੁਰਿੰਦਰ ਦੀ ਮਨ ਪਸੰਦ ਰੈੱਡ ਵਾਈਨ ਦਾ ਵੀ ਆਰਡਰ ਕਰ ਲਿਆ। ਸੁਰਿੰਦਰ ਉਸ ਨੂੰ ਰੋਕਣਾ ਚਾਹੁੰਦੀ ਸੀ ਕਿ ਉਹ ਵਾਈਨ ਨਹੀਂ ਪੀਵੇਗੀ ਪਰ ਉਹ ਚੁੱਪ ਰਹੀ। ਇੰਨੀ ਦੇਰ ਬਾਅਦ ਉਹ ਆਪਣੇ ਗੁੱਲ ਨੂੰ ਮਿਲ ਰਹੀ ਸੀ, ਉਸ ਨੂੰ ਨਰਾਜ਼ ਕਿਵੇਂ ਕਰ ਸਕਦੀ ਸੀ। ਵਾਈਨ ਦੀ ਬੋਤਲ ਆ ਗਈ। ਬਹਿਰੇ ਨੇ ਦੋਵੇਂ ਗਲਾਸ ਭਰ ਦਿਤੇ। ਉਹਨਾਂ ਨੇ ਗਲਾਸ ਖੜਕਾਏ। ਪਹਿਲਾ ਘੁੱਟ ਭਰਦਾ ਗੁਲਵੰਤ ਬੋਲਿਆ,
"ਮੇਰੇ ਬਾਰੇ ਤਾਂ ਤੂੰ ਸਭ ਜਾਣਦੀ ਐਂ, ਹੁਣ ਆਪਣੇ ਬਾਰੇ ਦੱਸ?"
"ਮੇਰੇ ਘਰ ਵਿਚ ਜੋ ਹੋਇਆ ਤੈਨੂੰ ਪਤਾ ਈ ਐ, ਵੌਟ ਡੂ ਯੂ ਥਿੰਕ?"
"ਡੈਡੀ ਨੇ ਜੋ ਵੀ ਕੀਤਾ ਜਾਂ ਜੋ ਵੀ ਹੋਇਆ ਇਕ ਆਮ ਪਿਓ ਦੇ ਗੁੱਸੇ ਦਾ ਦਿਖਾਵਾ ਸੀ। ਆਏ ਐਮ ਹੈਪੀ ਵਿਦ ਦਿਸ।"

ਗੁਲਵੰਤ ਨੇ ਜ਼ਰਾ ਕੁ ਝੂਠ ਬੋਲ ਦਿਤਾ। ਪਹਿਲੀ ਨਜ਼ਰੇ ਭਾਵੇਂ ਉਸ ਨੂੰ ਇਹ ਸਭ ਠੀਕ ਲਗਿਆ ਸੀ ਪਰ ਜਦ ਉਹ ਇਸ ਘਟਨਾ ਬਾਰੇ ਧਿਆਨ ਨਾਲ ਸੋਚਦਾ ਤਾਂ ਉਸ ਨੂੰ ਲਗਦਾ ਕਿ ਗੁਰਜੰਟ ਨੂੰ ਕਤਲ ਕਰਨਾ ਜਾਇਜ਼ ਨਹੀਂ ਸੀ। ਗੁਰਜੰਟ ਨੂੰ ਸਜ਼ਾ ਦੇਣਾ ਕੋਰਟ ਦਾ ਕੰਮ ਸੀ ਨਾ ਕਿ ਸੁਰਜਨ ਸਿੰਘ ਦਾ। ਗੁਲਵੰਤ ਨੇ ਪੁੱਛਿਆ,
"ਡੈਡੀ-ਮੰਮੀ ਦਾ ਕੀ ਹਾਲ ਐ?"
"ਠੀਕ ਐ, ਡੈਡੀ ਤਾਂ ਹਾਲੇ ਘਰ ਨਹੀਂ ਆਏ, ਉਮਰ ਨਾਲ ਸਿਹਤ ਕੁਝ ਕਮਜ਼ੋਰ ਐ, ਓਦਾਂ ਠੀਕ ਸਭ।"
"ਤੇਰੀਆਂ ਭੈਣਾਂ?"
"ਵਿਆਹ ਹੋ ਗਈਆਂ ਸਾਰੀਆਂ, ਬਲਜਿੰਦਰ ਕੈਲੇਫੋਰਨੀਆਂ ਚਲੇ ਗਈ।"
"ਤੇ ਤੂੰ?"

ਜਵਾਬ ਵਿਚ ਸੁਰਿੰਦਰ ਨੇ ਆਪਣੇ ਬੈਜ ਉਪਰ ਲਿਖੇ; 'ਸੁਰਿੰਦਰ ਚੱਠਾ' ਉਪਰ ਉਂਗਲ ਫੇਰੀ ਤੇ ਬੋਲੀ,
"ਮੈਂ ਤੇਰੇ ਵਰਗੀ ਸੈਲਫਿਸ਼ ਨਈਂ, ...ਮੈਂ ਅੰਮ੍ਰਿਤ ਬਾਰੇ ਵੀ ਸੋਚਣਾ ਸੀ।"

www.PunjabiLibrary.com

ਖਾਣਾ ਖਾਂਦਿਆਂ ਉਹਨਾਂ ਨੇ ਢੇਰ ਸਾਰੀਆਂ ਗੱਲਾਂ ਕੀਤੀਆਂ। ਸੁਰਿੰਦਰ ਨੇ ਕੰਮ ਤੋਂ ਅੱਧੀ ਛੁੱਟੀ ਕਰ ਲਈ ਹੋਈ ਸੀ। ਬਾਕੀ ਦਾ ਸਮਾਂ ਉਹ ਗੁਲਵੰਤ ਨਾਲ ਗੁਜ਼ਾਰਨਾ ਚਾਹੁੰਦੀ ਸੀ। ਉਹ ਰੈਸਟੋਰੈਂਟ ਵਿਚੋਂ ਉਠ ਕੇ ਥੇਮਜ਼ ਦਰਿਆ ਵਲ ਨੂੰ ਤੁਰ ਪਏ। ਦਰਿਆ ਪੂਰੀ ਚੜ੍ਹਾਈ 'ਤੇ ਸੀ। ਪਾਣੀ ਕੰਢੇ ਟੱਪਣ ਟੱਪਣ ਕਰਦਾ ਸੀ। ਉਹ ਇਕ ਜਗਾਹ ਰੁਕ ਦਰਿਆ ਦੇ ਪਾਰ ਦੇ ਪਾਰ ਫਿਰਦੇ ਲੋਕਾਂ ਵਲ ਦੇਖਣ ਲਗੇ। ਗੁਲਵੰਤ ਨੇ ਪੁੱਛਿਆ,

"ਕਿਹੋ ਜਿਹੀ ਨਿਕਲ਼ੀ ਆ ਅੰਮ੍ਰਿਤ?"

"ਬਿਲਕੁਲ ਤੇਰੇ ਵਰਗੀ। ਤੇਰੀਆਂ ਆਦਤਾਂ। ਤੇਰਾ ਹਾਸਾ ਤੇ ਰੋਸਾ ਵੀ। ...ਜਿੱਦਾਂ ਮੈਂ ਸੌਂ ਜਾਇਆ ਕਰਦੀ ਸੀ ਤੇ ਤੂੰ ਪੜ੍ਹਦਾ ਰਹਿੰਦਾ ਸੀ ਓਦਾਂ ਈ ਓਹ ਕਰਦੀ ਐ, ...ਮੈਨੂੰ ਲਗਣ ਲਗਦੈ ਕਿ ਤੂੰ ਮੇਰੇ ਨਾਲ਼ ਪਿਐਂ!"

ਗੱਲ ਕਰ ਕੇ ਸੁਰਿੰਦਰ ਦੂਰ ਕਿਧਰੇ ਗਵਾਚ ਗਈ। ਗੁਲਵੰਤ ਨੇ ਇਕ ਪਤਲਾ ਜਿਹਾ ਪੱਥਰ ਚੁੱਕਿਆ ਤੇ ਦਰਿਆ ਉਪਰ ਨੂੰ ਤਿਰਸ਼ਾ ਚਲਾ ਦਿਤਾ ਜਿਵੇਂ ਬਚਪਨ ਵਿਚ ਪਿੰਡ ਦੇ ਛੱਪੜ ਉਪਰ ਠੀਕਰੀਆਂ ਦੇ ਟੱਪੇ ਪੁਆਇਆ ਕਰਦਾ ਸੀ। ਐਡਾ ਵੱਡਾ ਥੇਮਜ਼ ਦਰਿਆ, ਉਹ ਵੀ ਸਮੁੰਦਰੀ ਛੱਲਾਂ ਨਾਲ ਠਾਠਾਂ ਮਾਰਦਾ, ਨਿੱਕਾ ਜਿਹਾ ਪੱਥਰ ਕਿਵੇਂ ਟੱਪੇ ਮਾਰ ਸਕਦਾ ਸੀ, ਉਹ ਪਹਿਲੀ ਡੁਬਕੀ ਵਿਚ ਕਿਧਰੇ ਗੁੰਮ ਹੋ ਗਿਆ। ਕੁਝ ਦੇਰ ਉਹ ਚੁੱਪ ਰਹੇ ਤੇ ਫਿਰ ਸੁਰਿੰਦਰ ਪੁੱਛਣ ਲਗੀ,

"ਤੂੰ ਖੁਸ਼ ਐਂ?"

"ਮਾਈ ਟੈੱਨ ਬਾਈ ਟੈੱਨ, ਮੈਂ ਖੁਸ਼ ਈ ਆਂ। ...ਖੁਸ਼ੀ ਕੋਈ ਓਵਰਕੋਟ ਤਾਂ ਨਹੀਂ ਕਿ ਚੁੱਕੋ ਤੇ ਪਹਿਨ ਲਓ, ਖੁਸ਼ੀ-ਗਮੀ ਹਾਲਾਤ ਵਿਚੋਂ ਨਿਕਲਦੀ ਐ ਪਰ ਮੈਂ ਉਦਾਸ ਨਈਂ।"

"ਮੇਰਾ ਮਤਲਬ ਐ ਕਿ ਹੈਪੀਲੀ ਮੈਰਿਡ ਐਂ?"

"ਹੁਣ ਇਹ ਸਵਾਲ ਬਹੁਤੇ ਮਹਿਨੈ ਨਈਂ ਰਖਾਉਂਦਾ, ਜਿਹੜਾ ਘਰ ਉਜੜ ਗਿਆ ਸੀ, ਉਹ ਮੁੜ ਬੰਨ੍ਹ ਲਿਐ, ਦੁਖ ਦੀ ਗੱਲ ਇਹੋ ਐ ਕਿ ਘਰ ਵਿਚ ਤੂੰ ਨਹੀਂ ਕੋਈ ਹੋਰ ਐ, ...ਪਰ ਇਹ ਤੇਰਾ ਫੈਸਲਾ ਸੀ।"

"ਤੇਰੀ ਵਾਈਫ ਕੈਸੀ ਐ?"

"ਸ਼ੀ 'ਜ਼ ਓਕੇ, ਚੰਗੀ ਮਦਰ ਐ, ਘਰ ਸੰਭਾਲੀ ਜਾ ਰਹੀ ਐ, ਵੱਟ ਐਲਜ਼?"

"ਮੇਰੇ ਤੋਂ ਬਿਊਟੀਫੁੱਲ ਐ?"

"ਤੇਰੇ ਤੋਂ ਬਿਊਟੀਫੁੱਲ ਕੁੜੀ ਤਾਂ ਸਾਰੇ ਪਲਾਨਟ 'ਤੇ ਕੋਈ ਨਈਂ ਹੋਣੀ!"

"ਝੂਠ!"

"ਤੂੰ ਮੈਨੂੰ ਝੂਠ ਬੋਲਦੇ ਨੂੰ ਕਦੇ ਸੁਣਿਆਂ?"

"ਫੇਰ ਮੇਰੀ ਵੇਟ ਕਿਉਂ ਨਈਂ ਕੀਤੀ?"

"ਕਾਹਦੇ ਆਸਰੇ ਕਰਦਾ ਤੇਰੀ ਵੇਟ? ...ਕੋਈ ਝੂਠਾ ਲਾਰਾ ਈ ਦੇ ਗਈ ਹੁੰਦੀ ਵੇਟ ਕਰਨ ਵਾਸਤੇ।"

"ਗੁੱਲ, ਤੈਨੂੰ ਪਤੈ ਕਿ ਝੂਠ ਮੈਂ ਵੀ ਨਹੀਂ ਸੀ ਬੋਲਣਾਂ!"

ਕੁਝ ਦੇਰ ਲਈ ਉਹ ਫਿਰ ਖਾਮੋਸ਼ ਹੋ ਗਏ। ਥੋੜੀ ਦੇਰ ਬਾਅਦ ਸੁਰਿੰਦਰ ਬੋਲੀ,

"ਪਤੈ ਗੁੱਲ, ਜਦ ਤੂੰ ਡਇਵੋਰਸ ਦਾ ਕੇਸ ਡਿਫੈਂਡ ਕਰਦਾ ਹੁੰਦਾ ਸੀ ਤਾਂ ਮੈਨੂੰ ਬਹੁਤ ਚੰਗਾ ਲਗਦਾ ਸੀ ਪਰ ਸਾਡੇ ਘਰ ਵਿਚ ਵਾਪਰੇ ਇਨਸੀਡੈਂਟ ਨੇ ਮੇਰੀਆਂ ਸਾਰੀਆਂ ਫੀਲਿੰਗਜ਼ ਫਰੀਜ਼ ਕਰ ਦਿਤੀਆਂ ਸੀ।"

"ਕੀ ਮਤਲਬ?"

"ਜੇ ਇਕ ਪਾਸੇ ਤੁਹਾਡਾ ਅੰਗੂਠਾ ਕੱਟ ਹੋ ਜਾਵੇ ਤੇ ਦੂਜੇ ਪਾਸੇ ਤੁਹਾਡਾ ਪੈਰ ਤਾਂ ਕੁਦਰਤੀ ਤੁਹਾਡਾ ਬਹੁਤਾ ਧਿਆਨ ਪੈਰ ਵਲ ਹੀ ਜਾਏਗਾ, ਮੇਰੇ ਨਾਲੋਂ ਮੇਰੇ ਘਰ ਦੀ ਪਰੌਬਲਮ ਬਹੁਤੀ ਵੱਡੀ ਸੀ।"

"ਫਿਰ ਵੀ ਕਦੇ ਤਾਂ ਆਵਾਜ਼ ਦੇ ਲੈਂਦੀ!"

ਗੁਲਵੰਤ ਨੇ ਆਖਿਆ। ਸੁਰਿੰਦਰ ਨੇ ਆਪਣੇ ਡੈਡੀ ਦੀ ਰੀਸੇ ਚੁਟਕੀ ਵਜਾਉਂਦਿਆਂ ਕਿਹਾ,

"ਨੋ ਯੂ ਟਰਨ!"

ਐਤਵਾਰ ਦਾ ਦਿਨ ਸੀ। ਸੁਰਜਨ ਸਿੰਘ ਨੂੰ ਮਿਲਣ ਜਾਣ ਦੀ ਤਿਆਰੀ ਹੋ ਰਹੀ ਸੀ। ਸੁਰਿੰਦਰ, ਅੰਮ੍ਰਿਤ ਤੇ ਪਰਕਾਸ਼ ਕੌਰ ਜਾ ਰਹੀਆਂ ਸਨ। ਸਵੇਰੇ ਉਠਦਿਆਂ ਹੀ ਅੰਮ੍ਰਿਤ ਦੇ ਪੇਟ-ਦਰਦ ਸ਼ੁਰੂ ਹੋ ਗਿਆ। ਉਹ ਰੋਣ ਲਗੀ। ਸੁਰਿੰਦਰ ਸੋਚ ਰਹੀ ਸੀ ਕਿ ਜਾਣ ਤਕ ਠੀਕ ਹੋ ਜਾਵੇਗਾ ਪਰ ਨਾ ਹੋਇਆ। ਪਰਕਾਸ਼ ਕੌਰ ਕੋਸਦੀ ਹੋਈ ਬੋਲੀ,

"ਕਿੰਨੀ ਵਾਰ ਕਿਹਾ ਕਿ ਬਾਹਰੋਂ ਅੰਡ-ਸੰਡ ਨਾ ਖਾਇਆ ਕਰੋ ਪਰ ਮੇਰੀ ਕੋਈ ਸੁਣੇ ਵੀ।"

www.PunjabiLibrary.com

"ਕੱਲ ਇਹ ਗੁੱਲ ਨਾਲ਼ ਰਲ਼ ਕੇ ਪੀਜ਼ਾ ਖਾਈ ਗਈ, ਲਗਦੈ ਉਸੇ ਖਾਣੇ ਨੇ ਇਹ ਪਰੌਬਲਮ ਪਾਈ ਐ।"
"ਤੂੰ ਏਦਾਂ ਕਰ ਕਿ ਗੁਰਿੰਦਰ ਨੂੰ ਸਾਥ ਲਈ ਨਾਲ਼ ਲੈ ਜਾ, ਜਾਂ ਕਿਸੇ ਨਿਆਣੇ ਨੂੰ, ਇਹਦਾ ਜਾਣਾ ਠੀਕ ਨਈਂ, ...ਮੈਂ ਏਹਦਾ ਕੋਈ ਓਹੜ-ਪੋਹੜ ਕਰਦੀ ਆਂ।"
"ਪਹਿਲਾਂ ਮੈਂ ਓਹਨੂੰ ਪਿੱਕ ਕਰਨ ਜਾਊਂ, ਲੇਟ ਨਾ ਹੋ ਜਾਊਂ ਏਦਾਂ?"
"'ਕੱਲੀ ਜਾਏਂਗੀ?"
"ਮੈਨੂੰ 'ਕੱਲੀ ਨੂੰ ਕੀ ਐ, ਆਹ ਨਾਲ਼ੋਂ ਈ ਤਾਂ ਐਮ ਅਲੈਵਨ ਮਿਲ ਜਾਣੀ ਐਂ।"

ਉਸ ਨੇ ਇਕ ਦਮ ਹੀ ਫੈਸਲਾ ਕਰ ਲਿਆ ਕਿ ਉਹ ਇਕੱਲੀ ਹੀ ਚਲੇ ਜਾਵੇਗੀ। ਅਸਲ ਵਿਚ ਇਸ ਵਾਰ ਉਹ ਡੈਡੀ ਨਾਲ ਗੁਲਵੰਤ ਬਾਰੇ ਗੱਲ ਕਰਨੀ ਚਾਹੁੰਦੀ ਸੀ ਪਰ ਆਪ ਨਹੀਂ ਮੰਮੀ ਰਾਹੀਂ। ਪਿਛਲੀ ਕਈ ਵਾਰ ਉਸ ਨੇ ਕੋਸ਼ਿਸ਼ ਕੀਤੀ ਪਰ ਡੈਡੀ ਦਾ ਮੂਡ ਬਹੁਤ ਖਰਾਬ ਰਿਹਾ ਸੀ। ਉਸ ਨੇ ਸੋਚ ਲਿਆ ਕਿ ਅਜ ਆਪ ਹੀ ਡੈਡੀ ਨਾਲ ਸਾਰੀ ਗੱਲ ਕਰ ਲਵੇਗੀ।

ਅਮਾਂਡਾ ਦੀ ਮੌਤ ਤੋਂ ਬਾਅਦ ਸੁਰਜਨ ਸਿੰਘ ਕਈ ਹਫਤੇ ਤਕ ਸੰਭਲ ਨਹੀਂ ਸੀ ਸਕਿਆ। ਉਦਾਸੀ ਦਾ ਵੱਡਾ ਕਾਰਨ ਇਹ ਵੀ ਸੀ ਕਿ ਅਮਾਂਡਾ ਇੰਨੀ ਦੇਰ ਦੀ ਗੁਜ਼ਰੀ ਹੋਈ ਸੀ ਤੇ ਉਸ ਨੂੰ ਪਤਾ ਤਕ ਨਹੀਂ ਸੀ ਚਲਿਆ। ਚਿੱਠੀ ਨਾ ਆਉਣ ਦੇ ਕਾਰਨ ਨੂੰ ਉਹ ਬਿਲਕੁਲ ਨਹੀਂ ਸੀ ਸਮਝ ਸਕਿਆ। ਸੁਫਨੇ ਰਾਹੀਂ ਵੀ ਕੋਈ ਸੂਹ ਨਹੀਂ ਸੀ ਮਿਲੀ। ਉਸ ਦੀ ਉਦਾਸੀ ਦਾ ਕੋਈ ਕਾਰਨ ਪੁੱਛਦਾ ਤਾਂ ਕਹਿ ਦਿੰਦਾ ਕਿ ਇੰਨੀ ਲੰਮੀ ਜੇਲ੍ਹ ਤੋਂ ਉਹ ਤੰਗ ਆ ਗਿਆ ਹੈ। ਜੇਲ੍ਹ ਵੀ ਜ਼ਰੂਰ ਲੰਮੀ ਹੋ ਰਹੀ ਸੀ। ਉਸ ਦੀ ਫਾਈਲ ਹਰ ਸਾਲ ਹੋਮ ਔਫਿਸ ਨੂੰ ਜਾਂਦੀ ਪਰ ਉਸ ਦੀ ਰਿਹਾਈ ਦੇ ਹੁਕਮ ਲੈ ਕੇ ਨਾ ਮੁੜਦੀ। ਕਿਧਰੇ ਵੀ ਉਮੀਦ ਦੀ ਕੋਈ ਕਿਰਨ ਦਿਖਾਈ ਨਹੀਂ ਸੀ ਦੇ ਰਹੀ। ਜੱਜ ਨੇ ਆਪਣਾ ਫੈਸਲਾ ਸੁਣਾਉਂਦੇ ਸਮੇਂ ਲਿਖ ਦਿਤਾ ਸੀ ਕਿ ਸੁਰਜਨ ਸਿੰਘ ਇਕ ਨਿਹਾਇਤ ਸ਼ਾਤਰ ਮੁਜਰਮ ਹੈ, ਜਿਸ ਨੇ ਬਹੁਤ ਹੀ ਗਿਣੇ-ਮਿਥੇ ਢੰਗ ਨਾਲ ਇਹ ਕਤਲ ਕੀਤਾ ਹੈ। ਉਸ ਦੀ ਕੈਦ ਭਾਵੇਂ ਉਮਰ ਕੈਦ ਹੀ ਸੀ ਪਰ ਹੋਮ ਸੈਕਟਰੀ ਦੀ ਖਾਸ ਇਜਾਜ਼ਤ ਦੀ ਜ਼ਰੂਰਤ ਜ਼ਰੂਰੀ ਸੀ ਜੋ ਮਿਲ ਨਹੀਂ ਸੀ ਰਹੀ ਹਾਲਾਂਕਿ ਸੁਰਜਨ ਦੀਆਂ ਜੇਲ੍ਹ ਵਿਚਲੀਆਂ ਰਿਪੋਟਾਂ ਬਹੁਤ ਸਹੀ ਜਾ ਰਹੀਆਂ ਸਨ।

ਸੁਰਜਨ ਨੂੰ ਕਈ ਜੇਲ੍ਹਾਂ ਵਿਚ ਤਬਦੀਲ ਕੀਤਾ ਜਾਂਦਾ ਰਿਹਾ ਸੀ; ਕਦੀ ਕੈਂਟ, ਕਦੀ ਮਿਡਲੈਂਡ, ਕਦੀ ਕੈਂਬਰਜ ਤੇ ਕਦੀ ਕਿਤੇ ਹੋਰ। ਹੁਣ ਸਾਲ ਕੁ ਤੋਂ ਉਹ ਵੇਵੀਲੈਂਡ ਜੇਲ੍ਹ ਵਿਚ ਸੀ। ਉਹ ਕਿਸੇ ਵੀ ਜੇਲ੍ਹ ਵਿਚ ਹੁੰਦਾ, ਪਰਿਵਾਰ ਨੇ ਮੁਲਾਕਾਤ ਦਾ ਸਮਾਂ ਕਦੇ ਨਹੀਂ ਸੀ ਖੁੰਝਾਇਆ। ਅਜ ਵੀ ਸੁਰਿੰਦਰ ਵਕਤ ਸਿਰ ਨਿਕਲ ਪਈ। ਐਮ ਅਲੈਵਨ ਫੜ, ਏ ਅਲੈਵਨ ਲੈਣੀ ਸੀ। ਥੈਟਫੋਰਡ ਲੰਘ ਕੇ ਹੀ ਵੇਵੀਲੈਂਡ ਸੀ। ਡੇੜ ਘੰਟੇ ਦਾ ਰਾਹ। ਸੁਰਿੰਦਰ ਸਦਾ ਦੋ ਘੰਟੇ ਹੱਥ ਵਿਚ ਰੱਖ ਕੇ ਤੁਰਦੀ।

ਐਮ ਅਲੈਵਨ 'ਤੇ ਪੈਂਦਿਆਂ ਹੀ ਉਹ ਆਪਣੇ ਖਿਆਲਾਂ ਵਿਚ ਗਵਾਚ ਗਈ। ਹੁਣ ਗੁਲਵੰਤ ਉਸ ਨੂੰ ਅਕਸਰ ਮਿਲਣ ਲਗਿਆ ਸੀ। ਉਸ ਨੂੰ ਇੰਨੇ ਸਾਲਾਂ ਵਿਚ ਗੁਲਵੰਤ ਵਿਚ ਕੋਈ ਫਰਕ ਨਹੀਂ ਸੀ ਦਿਸਿਆ। ਉਸ ਨੂੰ ਪਹਿਲਾਂ ਵਾਂਗ ਹੀ ਪਿਆਰ ਕਰਦਾ ਸੀ। ਫਰਕ ਇੰਨਾ ਸੀ ਕਿ ਉਹ ਹੁਣ ਸ਼ਾਦੀਸ਼ੁਦਾ ਬੰਦਾ ਸੀ। ਕਿਸੇ ਹੋਰ ਦਾ ਪਤੀ। ਉਸ ਦਾ ਕੁਝ ਨਹੀਂ ਸੀ ਲਗਦਾ। ਭਾਵੇਂ ਉਸ ਦਾ ਕੁਝ ਨਹੀਂ ਸੀ ਲਗਦਾ ਪਰ ਉਸ ਨੂੰ ਉਹ ਆਪਣਾ ਆਪਣਾ ਹੀ ਲਗ ਰਿਹਾ ਸੀ। ਉਸ ਦਾ ਆਪਣਾ, ਉਸ ਦੀ ਧੀ ਦਾ ਪਿਓ। ਅੰਮ੍ਰਿਤ ਦੇ ਮਾਮਲੇ ਵਿਚ ਜਿਹੜਾ ਯਕੀਨ ਉਹ ਗੁਲਵੰਤ 'ਤੇ ਕਰ ਸਕਦੀ ਸੀ ਕਿਸੇ ਹੋਰ 'ਤੇ ਭਲਾ ਕਿਵੇਂ ਕਰਦੀ। ਗੁਲਵੰਤ ਨੇ ਅੰਮ੍ਰਿਤ ਨੂੰ ਵੀ ਛਾਤੀ ਨਾਲ ਲਾ ਲਿਆ ਸੀ। ਅੰਮ੍ਰਿਤ ਵੀ ਉਸ ਨੂੰ ਮਿਲ ਕੇ ਬਹੁਤ ਖੁਸ਼ ਸੀ। ਜਦੋਂ ਦੀ ਉਹ ਗੁਲਵੰਤ ਨੂੰ ਮਿਲਣ ਲਗੀ ਉਸ ਦੇ ਤੌਰ-ਤਰੀਕੇ ਹੀ ਬਦਲ ਗਏ ਸਨ। ਹਰ ਵੇਲੇ ਚਹਿਕਦੀ ਰਹਿੰਦੀ। ਹਰ ਵੇਲੇ ਘਰ ਵਿਚ ਆਪਣੇ ਡੈਡੀ ਦੀਆਂ ਗੱਲਾਂ ਹੀ ਕਰਦੀ ਰਹਿੰਦੀ। ਹੁਣ ਸੁਰਿੰਦਰ ਨੂੰ ਮਹਿਸੂਸ ਹੋਣ ਲਗਿਆ ਸੀ ਕਿ ਅੰਮ੍ਰਿਤ ਨੂੰ ਪਿਓ ਦੀ ਕਿੰਨੀ ਲੋੜ ਸੀ। ਹੁਣ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਵੀ ਹੋਣ ਲਗਿਆ ਸੀ। ਗੁਲਵੰਤ ਮੁੜ ਮੁੜ ਕੇ ਉਸ ਦੇ ਦਰ 'ਤੇ ਆਉਂਦਾ ਰਿਹਾ ਪਰ ਉਹ ਉਸ ਨੂੰ ਠੁਕਰਾਉਂਦੀ ਰਹੀ। ਉਸ ਨੂੰ ਇਕ ਵਾਰ ਵੀ ਆਪਣੇ ਦਿਲ ਦੀ ਗੱਲ ਨਹੀਂ ਕਹਿ ਸਕੀ। ਉਸ ਨੂੰ ਜਾਪਣ ਲਗਿਆ ਕਿ ਉਸ ਦੇ ਪਰਿਵਾਰ ਨੇ ਆਪਣੇ ਸਵਾਰਥ ਲਈ ਉਸ ਨੂੰ ਵਰਤ ਲਿਆ ਹੈ। ਕਿਸੇ ਨੇ ਵੀ ਉਸ ਦੇ ਵਾਪਸ ਗੁਲਵੰਤ ਕੋਲ ਮੁੜਨ ਬਾਰੇ ਨਾ ਸੋਚਿਆ। ਅਜ ਉਹ ਮਨ ਹੀ ਮਨ ਤੈਅ ਕਰ ਕੇ ਜਾ ਰਹੀ ਰਹੀ ਸੀ ਕਿ ਉਹ ਡੈਡੀ ਦੀ ਇਸ ਬਾਰੇ ਸਲਾਹ ਨਹੀਂ ਪੁੱਛੇਗੀ ਬਲਕਿ ਦੱਸੇਗੀ ਕਿ ਉਹ ਕੀ ਸੋਚ ਰਹੀ ਹੈ ਤੇ ਕਰੇਗੀ ਵੀ ਉਹੀ।

ਗੁਲਵੰਤ ਉਸ ਨੂੰ ਬਾਹਾਂ ਖੋਹਲ ਕੇ ਮਿਲਦਾ। ਅੰਮ੍ਰਿਤ ਨੂੰ ਵੀ ਬਹੁਤ ਪਿਆਰ ਕਰਦਾ ਪਰ ਕਦੇ ਵੀ ਆਪਣੇ ਭਵਿੱਖ ਬਾਰੇ ਗੱਲ ਨਾ ਕਰਦਾ। ਇਕ ਦਿਨ ਸੁਰਿੰਦਰ ਨੇ ਆਪ ਹੀ ਪੁੱਛਿਆ,
"ਗੁੱਲ, ਹੁਣ ਅਗਾਂਹ ਬਾਰੇ ਕੀ ਸੋਚਦਾਂ?"
"ਅਗਾਂਹ ਬਾਰੇ! ...ਮੈਂ ਕੁਝ ਨਹੀਂ ਸੋਚਦਾ, ਜੋ ਮੈਂ ਸੋਚਦਾਂ ਕਦੇ ਹੁੰਦਾ ਨਈਂ। ...ਮੇਰੇ ਸਾਰੇ ਸੁਫਨੇ ਤਾਂ ਚਕਨਾ-ਚੂਰ ਹੋ ਚੁੱਕੇ ਆ, ਹੁਣ ਮੈਂ ਸੁਫਨੇ ਦੇਖਣੇ ਛੱਡੇ ਹੋਏ ਆ।"
"ਮੈਂ ਤਾਂ ਮੁੜ ਕੇ ਇਕੱਠੇ ਰਹਿਣ ਦਾ ਸੁਫਨਾ ਦੇਖ ਰਹੀ ਆਂ।"

www.PunjabiLibrary.com

"ਇਹ ਕਿੱਦਾਂ ਹੋ ਜਾਊ? ...ਮੈਂ ਉਸ ਔਰਤ ਨੂੰ ਕਦੇ ਨਹੀਂ ਛੱਡ ਸਕਣਾਂ ਜਿਹਨੇ ਮੈਨੂੰ ਔਖੇ ਵੇਲੇ ਸਹਾਰਾ ਦਿਤਾ, ਮੈਨੂੰ ਦੋ ਖੂਬਸੂਰਤ ਬੱਚੇ ਦਿਤੇ, ...ਕਦੇ ਨਹੀਂ।"

ਗੁਲਵੰਤ ਦੇ ਬੋਲਾਂ ਵਿਚ ਦ੍ਰਿੜਤਾ ਸੀ। ਉਸ ਦੀ ਗੱਲ ਸੁਣ ਕੇ ਸੁਰਿੰਦਰ ਕੁਝ ਦੇਰ ਲਈ ਚੁੱਪ ਰਹੀ ਤੇ ਫਿਰ ਬੋਲੀ,

"ਪਰ ਗੁੱਲ, ਅੰਮ੍ਰਿਤ ਤਾਂ ਤੇਰੇ ਵਿਚੋਂ ਪਿਓ ਲੱਭਣ ਲਗ ਪਈ ਐ।"

"ਮੇਰੇ ਵਿਚੋਂ ਪਿਓ ਕਿਉਂ ਲੱਭਣ ਲਗ ਪਈ, ਮੈਂ ਤਾਂ ਉਹਦਾ ਹੈਗਾ ਈ ਪਿਓ!"

"ਇਹਦਾ ਹੁਣ ਹੱਲ ਕੀ ਹੋਵੇ?"

"ਮਾਈ ਟੈੱਨ ਬਾਈ ਟੈੱਨ, ਉਹ ਗਾਣਾ ਨਹੀਂ ਸੁਣਿਆਂ; ਸਭ ਕੁਝ ਲੁਟਾ ਕੇ ਹੋਸ਼ ਮੇ ਆਏ ਤੋ ਕਿਆ ਕੀਆ।"

ਉਸ ਦੀ ਗੱਲ ਸੁਣ ਕੇ ਸੁਰਿੰਦਰ ਉਦਾਸ ਹੋ ਗਈ ਤੇ ਅੱਖਾਂ ਭਰ ਲਈਆਂ। ਕੁਝ ਦੇਰ ਸੋਚਦਾ ਗੁਲਵੰਤ ਬੋਲਿਆ,

"ਮੈਂ ਇਕ ਵਾਅਦਾ ਤਾਂ ਕਰ ਸਕਦਾਂ ਕਿ ਕੁਝ ਨਾ ਕੁਝ ਟਾਈਮ ਤੁਹਾਨੂੰ ਦੋਹਾਂ ਨੂੰ ਦਿੰਦਾ ਰਹੂੰ ਪਰ ਕਿਸੇ ਹਿਸਾਬ ਕਿਤਾਬ ਨਾਲ।"

"ਕਿਵੇਂ?"

"ਇਹ ਨਹੀਂ ਪਤਾ, ਸੋਚਣਾ ਪਏਗਾ ਪਰ ਮੈਂ ਕਿਸੇ ਕਿਸਮ ਦਾ ਪਰੈਸ਼ਰ ਵੀ ਨਹੀਂ ਲੈਣਾ ਚਾਹੁੰਦਾ।"

ਫਿਰ ਇਕ ਦਿਨ ਉਹਨਾ ਦੋਨਾਂ ਵਿਚਕਾਰ ਸਮਝੌਤਾ ਹੋ ਗਿਆ ਕਿ ਉਹ ਦੋਵੇਂ ਰਲ਼ ਕੇ ਇਕ ਘਰ ਖਰੀਦ ਲੈਣਗੇ ਜਿਸ ਵਿਚ ਉਹ ਹਫਤੇ ਵਿਚ ਕੁਝ ਸਮਾਂ ਇਕੱਠੇ ਬਿਤਾਇਆ ਕਰਨਗੇ। ਸੁਰਿੰਦਰ ਨੂੰ ਇਹੋ ਹੀ ਬਹੁਤ ਲਗਿਆ। ਉਸ ਨੇ ਮੰਮੀ ਨੂੰ ਇਹ ਗੱਲ ਦਸ ਦਿਤੀ ਹੋਈ ਸੀ ਤੇ ਅਜ ਉਹ ਡੈਡੀ ਨੂੰ ਵੀ ਕਹਿ ਦੇਣਾ ਚਾਹੁੰਦੀ ਸੀ।

ਉਹ ਵਕਤ ਸਿਰ ਪੁੱਜ ਗਈ। ਸੁਰਜਨ ਸਿੰਘ ਉਸ ਨੂੰ ਇਕੱਲੀ ਨੂੰ ਦੇਖ ਕੇ ਹੈਰਾਨ ਹੁੰਦਾ ਪੁੱਛਣ ਲਗਿਆ,

"ਬਾਕੀ ਜੰਤਾ?"

"ਅੰਮ੍ਰਿਤ ਅਚਾਨਕ ਬਿਮਾਰ ਹੋ ਗਈ, ਮੰਮੀ ਨੂੰ ਵੀ ਰਹਿਣਾ ਪਿਆ।"

"ਕੀ ਹੋ ਗਿਆ?"

"ਕੋਈ ਖਾਸ ਨਈਂ, ਕੁਝ ਘੱਟ-ਵੱਧ ਖਾਧਾ ਗਿਆ, ਤੁਸੀਂ ਸੁਣਾਓ ਡੈਡ, ਕਿੱਦਾਂ ਹੁਣ?"

"ਹੁਣ ਮੈਂ ਠੀਕ ਆਂ, ਬਸ ਐਵੇਂ ਭੈੜਾ ਜਿਹਾ ਮੂਡ ਮੇਰੇ ਉਪਰ ਹਾਵੀ ਹੋਣ ਲਗਿਆ ਸੀ, ...ਜੇ ਮੈਂ ਇਥੇ ਨਾ ਆਉਂਦਾ ਤਾਂ ਸਹਿਜੇ ਈ ਸੌ ਸਾਲ ਕੱਢ ਜਾਣੇ ਸੀ ਪਰ ਹੁਣ ਨਈਂ ਲਗਦਾ ਕਿ ਅੱਸੀਆਂ ਨੂੰ ਵੀ ਪਹੁੰਚੂੰ, ...ਅਸਲ ਵਿਚ ਮੈਂ ਸਰਕਸ ਦਾ ਨਈਂ ਜੰਗਲ ਦਾ ਸ਼ੇਰ ਆਂ।"

ਆਖਦਾ ਸੁਰਜਨ ਸਿੰਘ ਹੱਸਣ ਲਗਿਆ। ਸੁਰਿੰਦਰ ਚੁੱਪ ਜਿਹੀ ਬੈਠੀ ਰਹੀ। ਉਹ ਆਪਣੀ ਗੱਲ ਕਰਨ ਦਾ ਰਾਹ ਬਣਾ ਰਹੀ ਸੀ। ਸੁਰਜਨ ਸਿੰਘ ਸਮਝ ਗਿਆ। ਉਸ ਨੇ ਪੁੱਛਿਆ,

"ਅੰਮ੍ਰਿਤ ਕਰਕੇ ਏਨਾ ਘਬਰਾਈ ਹੋਈ ਐਂ?"

"ਨਈਂ ਡੈਡ, ਦੇਅਰ ਇਜ਼ ਸਮਥਿੰਗ ਐਲਜ਼।"

"ਕੀ?"

"ਅਸੀਂ ਗੁੱਲ ਨੂੰ ਮਿਲੀਆਂ ਸੀ।"

ਸੁਰਿੰਦਰ ਗੱਲ ਕਰ ਕੇ ਇਕ ਦਮ ਚੁੱਪ ਕਰ ਗਈ। ਸੁਰਜਨ ਸਿੰਘ ਵੀ ਖਾਮੋਸ਼ ਹੋ ਗਿਆ। ਉਹ ਹਰ ਹਫਤੇ 'ਵਾਸ-ਪਰਵਾਸ' ਵਿਚ ਗੁਲਵੰਤ ਦੀ ਤਸਵੀਰ ਦੇਖਿਆ ਕਰਦਾ ਸੀ ਤੇ ਉਸ ਦਾ ਮਨ ਨਫਰਤ ਨਾਲ ਭਰ ਜਾਇਆ ਕਰਦਾ ਸੀ। ਉਸ ਨੇ ਕਦੇ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਸੁਰਿੰਦਰ ਮੁੜ ਕੇ ਕਦੇ ਗੁਲਵੰਤ ਦੀ ਗੱਲ ਕਰੇਗੀ। ਸੁਰਿੰਦਰ ਨੇ ਪਿਓ ਨਾਲ ਅੱਖਾਂ ਮਿਲਾਏ ਬਿਨਾਂ ਫਿਰ ਆਖਿਆ,

"ਇਟ 'ਜ਼ ਨਾਈਸ ਟੂ ਸੀ ਹਿੰਮ, ...ਅੰਮ੍ਰਿਤ ਬਹੁਤ ਖੁਸ਼ ਐ।"

ਸੁਰਜਨ ਸਿੰਘ ਹਾਲੇ ਵੀ ਚੁੱਪ ਸੀ। ਸੁਰਿੰਦਰ ਨੇ ਉਸ ਵਲੋਂ ਕੁਝ ਕਹੇ ਜਾਣ ਨੂੰ ਇਕ ਪਲ ਉਡੀਕਿਆ ਤੇ ਫਿਰ ਬੋਲੀ,

"ਡੈਡ, ਆਈ ਨੋਅ, ਆਈ ਹੈਵ ਡੱਨ ਮਿਸਟੇਕ, ...ਮੈਨੂੰ ਉਦੋਂ ਈ ਵਾਪਸ ਚਲੇ ਜਾਣਾ ਚਾਹੀਦਾ ਸੀ, ਘੱਟੋ-ਘੱਟ ਤਲਾਕ ਨਾ ਲੈਂਦੀ।"

ਸੁਰਜਨ ਸਿੰਘ ਨੂੰ ਇਕ ਵਾਰ ਤਾਂ ਲਗਿਆ ਕਿ ਧੀ ਉਸੇ ਨੂੰ ਹੀ ਕਸੂਰਵਾਰ ਠਹਿਰਾ ਰਹੀ ਹੈ। ਉਹ ਕਹਿਣ ਲਗਿਆ,

"ਜਿਹੜਾ ਵਕਤ ਨਿਕਲ ਗਿਆ ਉਹਦੇ ਬਾਰੇ ਕੀ ਸੋਚਣਾ, ...ਹੁਣ ਜੋ ਤੂੰ ਚਾਹੁੰਨੀ ਐਂ ਕਰ ਲੈ, ਅਸੀਂ ਤੇਰੇ ਨਾਲ਼ ਆਂ।"

"ਬੱਟ ਡੈਡ, ਹੀ 'ਜ਼ ਮੈਰਿਡ ਨਾਓ, ਟੂ ਚਿਲਡਰਨ ਐਜ਼ ਵੈੱਲ।"

ਸੁਰਿੰਦਰ ਨੇ ਚਿਹਰਾ ਉਪਰ ਉਠਾ ਪਿਓ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ। ਸੁਰਜਨ ਸਿੰਘ ਨੇ ਨੀਵੀਂ ਪਾ ਲਈ ਤੇ ਕਹਿਣ ਲਗਿਆ,

www.PunjabiLibrary.com

"ਦੇਖ ਪੁੱਤ, ਇਹ ਤੇਰੀ ਲਾਈਫ ਐ, ...ਪਰ ਕਿਸੇ ਸੁਫਨੇ ਵਿਚ ਨਾ ਰਹੀਂ, ਸੱਚ ਤਾਂ ਇਹ ਐ ਕਿ ਬਹੁਤ ਵਕਤ ਲੰਘ ਚੁਕਿਐ, ...ਮੈਂ ਬਹੁਤ ਵਾਰ ਕਿਹਾ ਕਿ ਘੜੀ ਦੀਆਂ ਸੂਈਆਂ ਪਿੱਛੇ ਨੂੰ ਨਈਂ ਜਾਂਦੀਆਂ।"

"ਬਿਲਕੁਲ ਠੀਕ ਏ ਡੈਡ, ਮੈਂ ਵੀ ਪਿੱਛੇ ਨੂੰ ਜਾਣ ਦੀ ਗੱਲ ਨਈਂ ਕਰ ਰਹੀ, ਅਗੇ ਬਾਰੇ ਹੀ ਸੋਚ ਰਹੀ ਆਂ।"

"ਕੀ ਉਹ ਤੁਹਾਡੀ ਖਾਤਰ ਆਪਣਾ ਟੱਬਰ ਛੱਡ ਦੇਵੇਗਾ?"

"ਨਈਂ ਡੈਡ ਪਰ ਅਸੀਂ ਵੱਖਰੀ ਕਿਸਮ ਦੇ ਲਿਵਿੰਗ ਰਿਲੇਸ਼ਨ ਰੱਖਣ ਦਾ ਫੈਸਲਾ ਕੀਤੈ, ...ਡੈਡ, ਮੈਨੂੰ ਹਸਬੈਂਡ ਕਈ ਮਿਲ ਜਾਣਗੇ ਪਰ ਅੰਮ੍ਰਿਤ ਨੂੰ ਡੈਡ ਨਈਂ ਮਿਲਣਾ।"

"ਸੁਰਿੰਦਰ, ਮੈਂ ਤਾਂ ਸਲਾਹ ਦੇਵਾਂਗਾ ਕਿ ਕੋਈ ਹੋਰ ਮੁੰਡਾ ਦੇਖ ਲੈਨੇ ਆਂ ਤੇ ਅੰਮ੍ਰਿਤ ਨੂੰ ਅਸੀਂ ਸੰਭਾਲਾਂਗੇ।"

"ਨਈਂ ਡੈਡ, ਅੰਮ੍ਰਿਤ ਬਿਨਾਂ ਮੈਂ ਕਾਹਦੀ!"

"ਬੇਟਾ, ਮੈਂ ਤਾਂ ਪਹਿਲਾਂ ਵੀ ਕਹਿੰਨਾ ਹੁੰਨਾਂ ਕਿ ਤੂੰ ਸਾਡੀ ਧੀ ਨਈਂ ਪੁੱਤ ਐਂ। ਦੇਖ, ਤੂੰ ਸਾਨੂੰ ਕਿਡੀ ਮੁਸੀਬਤ ਵਿਚੋਂ ਬਾਹਰ ਕੱਢਿਐ, ...ਮੈਂ ਤਾਂ ਹੁਣ ਇਥੇ ਬੈਠਾ ਸੀ, ਤੂੰ ਹੀ ਸਭ ਨੂੰ ਆਪੋ-ਆਪਣੇ ਟਿਕਾਣਿਆਂ ਤੇ ਪਹੁੰਚਾਇਆ। ਮੈਂ ਤਾਂ ਹਰ ਵੇਲੇ ਇਹੋ ਚਾਹੁੰਨਾ ਕਿ ਤੂੰ ਵੀ ਕਿਸੇ ਕੰਢੇ ਲਗ ਜਾਵੇਂ।"

ਇਸ ਵਾਰ ਉਹ ਤਿੰਨੋ ਹੀ ਸੁਰਜਨ ਸਿੰਘ ਨੂੰ ਮਿਲਣ ਆਈਆਂ; ਨਾਨੀ, ਮਾਂ ਤੇ ਦੋਹਤੀ। ਸੁਰਜਨ ਨੂੰ ਉਹਨਾਂ ਦੇ ਹਾਲ ਵਿਚ ਪੁੱਜਣ ਤੋਂ ਪਹਿਲਾਂ ਹੀ ਦਿਤੇ ਗਏ ਟੇਬਲ 'ਤੇ ਆ ਬੈਠਾ ਸੀ। ਉਹ ਉਹਨਾਂ ਆਉਂਦੀਆਂ ਨੂੰ ਦੂਰੋਂ ਹੀ ਦੇਖ ਸਕਦਾ ਸੀ। ਪਰਕਾਸ਼ ਕੋਰ ਮਿੰਨਾ ਮਿੰਨਾ ਮੁਸਕ੍ਰਾਉਂਦੀ ਤੁਰੀ ਆ ਰਹੀ ਸੀ। ਸੁਰਿੰਦਰ ਤੇ ਅੰਮ੍ਰਿਤ ਇਕ ਦੂਜੇ ਦੇ ਚੂੰਡੀਆਂ ਜਿਹੀਆਂ ਵਢਦੀਆਂ, ਰੌਲਾ ਪਾ ਰਹੀਆਂ ਸਨ ਤੇ ਹਾਲ ਵਿਚ ਹਾਜ਼ਰ ਲੋਕਾਂ ਦਾ ਧਿਆਨ ਆਪਣੇ ਵਲ ਖਿੱਚ ਰਹੀਆਂ ਸਨ। ਸੁਰਜਨ ਸਿੰਘ ਨੇ ਅੰਮ੍ਰਿਤ ਨੂੰ ਜੱਫੀ ਵਿਚ ਲੈ ਕੇ ਕਿਹਾ,

"ਲਗਦਾ ਈ ਨਈਂ ਕਿ ਤੂੰ ਕਦੇ ਬਿਮਾਰ ਹੋਈ ਹੋਵੇਂ।"

"ਨਾਨਾ ਜੀ, ਮੌਮ ਮੇਡ ਜਸਟ ਸਟੋਰੀ, ਆਏ ਵੌਜ਼ ਔਲਰਾਈਟ।"

ਫਿਰ ਸੁਰਜਨ ਸਿੰਘ ਸੁਰਿੰਦਰ ਵਲ ਦੇਖਣ ਲਗਿਆ। ਉਸ ਦੇ ਚਿਹਰਾ ਵੀ ਰੌਣਕ ਨਾਲ ਭਰਿਆ ਪਿਆ ਸੀ। ਪਹਿਲਾਂ ਇਵੇਂ ਉਸ ਨੇ ਸੁਰਿੰਦਰ ਨੂੰ ਨਹੀਂ ਸੀ ਦੇਖਿਆ। ਸੁਰਜਨ ਸਿੰਘ ਪਰਕਾਸ਼ ਕੋਰ ਤੋਂ ਉਸ ਦਾ ਹਾਲਚਾਲ ਪੁੱਛਣ ਲਗਿਆ। ਸੁਰਿੰਦਰ ਤੇ ਅੰਮ੍ਰਿਤ ਫਿਰ ਆਪਸ ਵਿਚ ਛੇੜ-ਛਾੜ ਕਰਨ ਲਗੀਆਂ। ਕਿਸੇ ਗੱਲ 'ਤੇ ਸੁਰਿੰਦਰ ਨੇ ਅੰਮ੍ਰਿਤ ਨੂੰ ਧੱਫਾ ਜਿਹਾ ਮਾਰਿਆ ਤੇ ਉਹ ਮੁਹਰਿਓਂ ਮੂੰਹ ਚਿੜਾਉਣ ਲਗੀ। ਸੁਰਜਨ ਸਿੰਘ ਨੇ ਅੰਮ੍ਰਿਤ ਦੇ ਨਵੇਂ ਕਪੜੇ ਦੇਖ ਕੇ ਪੁੱਛਿਆ,

"ਇਹ ਡਰੈੱਸ ਤਾਂ ਬਈ ਨਵੀਂ ਖਰੀਦੀ ਲਗਦੀ ਐ!"

ਅੰਮ੍ਰਿਤ ਦੇ ਬੋਲਣ ਤੋਂ ਪਹਿਲਾਂ ਹੀ ਸੁਰਿੰਦਰ ਕਹਿਣ ਲਗੀ,

"ਪੰਜਾਬੀ ਵਿਚ ਗੱਲ ਕਰਨੀ ਹੋਏਗੀ, ਯੂ ਰਿਮੈਂਬਰ!"

"ਓਕੇਅ, ਓਕੇਅ!"

ਆਖਦੀ ਅੰਮ੍ਰਿਤ ਪੰਜਾਬੀ ਵਿਚ ਬੋਲਣ ਦਾ ਯਤਨ ਕਰਨ ਲਗੀ,

"ਨਾਨਾ ਜੀ, ਇਹ ਨਾ ਮੇਰਾ ਪਰੈਜ਼ੰਟ ਹੋਇਆ...।"

ਉਸ ਕੋਲੋਂ ਗੱਲ ਪੂਰੀ ਨਾ ਕਰ ਹੋਈ ਤਾਂ ਸੁਰਿੰਦਰ ਬੋਲੀ,

"ਇਹਦੇ ਡੈਡੀ ਨੇ ਲੈ ਕੇ ਦਿਤੀ ਐ।"

"ਐਂਡ ਮੁਬਾਈਲ, ਐਂਡ ਦਿਸ ਵੌਚ!"

ਆਖਦੀ ਅੰਮ੍ਰਿਤ ਆਪਣੀ ਘੜੀ ਦਿਖਾਉਣ ਲਗੀ। ਮੁਬਾਈਲ ਫੋਨ ਸਕਿਓਰਟੀ ਵਾਲਿਆਂ ਨੇ ਅੰਦਰ ਲਿਆਉਣ ਨਹੀਂ ਸੀ ਦਿਤਾ। ਸੁਰਿੰਦਰ ਸੁਰਜਨ ਸਿੰਘ ਨੂੰ ਦਸਣ ਲਗੀ,

"ਇਹਦੇ ਡੈਡੀ ਨੇ ਕਿਹੈ ਕਿ ਜਿੰਨੇ ਮਿੰਟ ਪੰਜਾਬੀ ਬੋਲਿਆ ਕਰੇਂਗੀ, ਓਨੇ ਈ ਪੌਂਡ ਮਿਲਣਗੇ, ...ਮੈਂ ਕਿਹਾ, ਸੌਦਾ ਮਾੜਾ ਨਈਂ! ...ਹੁਣ ਇਹ ਪੰਜਾਬੀ ਬੋਲਣ ਦੀ ਪਰੈਕਟਿਸ ਕਰਦੀ ਐ, ਕਿਉਂ ਅੰਮ੍ਰਿਤ?"

"ਯੈੱਡ ਮੌਮ, ਆਏ ਡੂ, ...ਸੌਰੀ, ਮੈਂ ਕਰਦੀ ਆਂ।"

"ਹੁਣ ਬਰਥਡੇ ਵੀ ਆ ਰਿਹੈ, ਪੰਜਾਬੀ ਬੋਲ ਕੇ ਹੋਰ ਪਰੈਜ਼ੰਟ ਲੈਣੇਂ ਆਂ।"

ਸੁਰਿੰਦਰ ਕਹਿ ਰਹੀ ਸੀ। ਇਸ ਗੱਲ ਦਾ ਸੁਰਜਨ ਸਿੰਘ ਉਪਰ ਕੀ ਅਸਰ ਹੋ ਰਿਹਾ ਸੀ ਇਸ ਦੀ ਉਸ ਨੂੰ ਕੋਈ ਚਿੰਤਾ ਨਹੀਂ ਸੀ। ਸੁਰਜਨ ਸਿੰਘ ਉਪਰ ਅਸਰ ਬਹੁਤ ਚੰਗਾ ਹੋ ਰਿਹਾ ਸੀ। ਉਹ ਤਾਂ ਸਗੋਂ ਆਪਣੇ ਆਪ ਨੂੰ ਹਲਕਾ ਹਲਕਾ ਮਹਿਸੂਸ

ਕਰਨ ਲਗਿਆ ਸੀ। ਉਸ ਨੂੰ ਸੁਰਿੰਦਰ ਦਾ ਹੀ ਤਾਂ ਹੁਣ ਫਿਕਰ ਸੀ, ਸੁਰਿੰਦਰ ਖੁਸ਼ ਤਾਂ ਉਹ ਵੀ ਖੁਸ਼। ਸੁਰਿੰਦਰ ਆਪਣੇ ਕੰਨਾਂ ਦੀਆਂ ਬਾਲ਼ੀਆਂ ਦਿਖਾ ਰਹੀ ਸੀ ਜਿਹੜੀਆਂ ਗੁਲਵੰਤ ਨੇ ਲੈ ਕੇ ਦਿਤੀਆਂ ਸਨ। ਅੰਮ੍ਰਿਤ ਦਸ ਰਹੀ ਸੀ ਕਿ ਉਹ ਕੇਂਦਰੀ ਲੰਡਨ ਦੇ ਇਕ ਮਹਿੰਗੇ ਰੈਸਟੋਰੈਂਟ ਵਿਚ ਰੋਟੀ ਖਾਣ ਗਏ, ਥੋਰਪ ਪਾਰਕ ਤੇ ਸੀ-ਸਾਈਡ 'ਤੇ ਵੀ ਗਏ। ਮਾਂ-ਧੀ ਦੀਆਂ ਗੱਲਾਂ ਵਿਚ ਇਕ ਅਜੀਬ ਚਮਲਾਹਟ ਸੀ। ਪਰਕਾਸ਼ ਕੋਰ ਵੀ ਉਹਨਾਂ ਵਲ ਦੇਖ ਦੇਖ ਖੁਸ਼ ਹੋ ਰਹੀ ਸੀ। ਭਾਵੇਂ ਉਹ ਸੁਰਿੰਦਰ ਦੇ ਇਵੇਂ ਵਿਆਹੇ ਬੰਦੇ ਨਾਲ ਸਬੰਧ ਰੱਖਣ ਦੇ ਹੱਕ ਵਿਚ ਨਹੀਂ ਸੀ ਪਰ ਧੀ ਦੀ ਖੁਸ਼ੀ ਇਸ ਗੱਲ ਤੋਂ ਵੱਡੀ ਸੀ। ਉਹ ਵਾਰ ਵਾਰ ਪਤੀ ਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਵੀ ਕਰਦੀ ਜਾ ਰਹੀ ਸੀ ਕਿ ਉਹ ਕੀ ਸੋਚ ਰਿਹਾ ਹੋਵੇਗਾ। ਮੁਲਾਕਤ ਦੇ ਦੋ ਘੰਟਿਆਂ ਵਿਚ ਬਹੁਤੀਆਂ ਗੱਲਾਂ ਸੁਰਿੰਦਰ ਤੇ ਅੰਮ੍ਰਿਤ ਨੇ ਹੀ ਕੀਤੀਆਂ। ਉਹਨਾਂ ਵਲ ਦੇਖ ਕੇ ਸੁਰਜਨ ਸਿੰਘ ਦੀਆਂ ਅੱਖਾਂ ਵੀ ਚਮਕ ਰਹੀਆਂ ਸਨ।

ਮੁਲਾਕਾਤ ਦਾ ਵਕਤ ਖਤਮ ਹੋ ਗਿਆ। ਪਰਕਾਸ਼ ਕੋਰ ਆਮ ਵਾਂਗ ਕੁਝ ਮਿੰਟ ਵਾਧੂ ਬੈਠੀ ਰਹੀ। ਉਹ ਜਾਣ ਬੁੱਝ ਕੇ ਖਿਝਦੀ ਹੋਈ ਬੋਲੀ,

"ਜੀ, ਲਓ ਤਾਂ ਜੀ! ਹੁਣ ਸੁਰਿੰਦਰ ਗੁੱਲ ਨੂੰ ਮਿਲਣ ਲਗ ਪਈ ਐ, ਦੋਵੇਂ ਘਰ ਖਰੀਦਣ ਲਗੇ ਆ, ...ਭਲਾ ਲੋਕ ਕੀ ਕਹਿਣਗੇ?"

"ਬੁੜ੍ਹੀਏ, ਤੂੰ ਲੋਕਾਂ ਵਲ ਨਈਂ ਨਿਆਣਿਆਂ ਦੀ ਖੁਸ਼ੀ ਵਲ ਦੇਖ!"

ਉਹ ਅਲਵਿਦਾ ਲੈ ਕੇ ਚਲੇ ਗਈਆਂ। ਉਸ ਦਿਨ ਸੁਰਜਨ ਸਿੰਘ ਚਿੱਠੀ ਲਿਖਣ ਬੈਠ ਗਿਆ,

'ਮੇਰੀ ਪਿਆਰੀ ਅਮਾਂਡਾ, ਤੂੰ ਜਿਉਂਦੀ ਹੁੰਦੀ ਤਾਂ ਇਹ ਸਭ ਤੇਰੇ ਨਾਲ ਜ਼ਰੂਰ ਸਾਂਝਾ ਕਰਦਾ ਪਰ...।'

## ਅੰਤਿਕਾ

ਗਰਮੀਆਂ ਦੇ ਦਿਨ ਸਨ। ਸਵੇਰੇ ਹੀ ਵਾਹਵਾ ਸਾਰੀ ਧੁੱਪ ਖਿੜ ਗਈ ਸੀ। ਬਰਕਲੇ ਰੋਡ ਦੇ ਲਾਲ ਦਰਾਂ ਵਾਲੇ ਘਰ ਵਿਚ ਉਤਸਵ ਜਿਹਾ ਮਹੌਲ ਸੀ। ਘਰ ਮਹਿਮਾਨਾਂ ਨਾਲ ਭਰਿਆ ਪਿਆ ਸੀ। ਬਾਹਰ ਗਾਰਡਨ ਵਿਚ ਵੀ ਟੈਂਟ ਲਗਾ ਲਏ ਹੋਏ ਸਨ। ਪਾਰਟੀ ਜਿਹੀ ਚਲ ਰਹੀ ਸੀ। ਦਿਲਬਾਗ ਨੇ ਸਵੇਰੇ ਹੀ ਬੀਅਰ ਦਾ ਡੱਬਾ ਖੋਹਲ ਲਿਆ ਸੀ ਤੇ ਨਾਲ ਹੀ ਗੁਰਪਾਲ ਸੰਧੂ ਨੂੰ ਵੀ ਖੋਹਲ ਕੇ ਫੜਾ ਦਿਆ ਹੋਇਆ ਸੀ। ਉਹ ਆਦਤਨ ਗੱਪਾਂ ਸੁਣਾ ਰਿਹਾ ਸੀ। ਅਮਰੀਕਾ ਤੋਂ ਗੁਰਪਾਲ ਤੇ ਬਲਜਿੰਦਰ ਆਪਣੇ ਬੱਚਿਆਂ ਸਮੇਤ ਹਾਲੇ ਕੱਲ ਹੀ ਪੁੱਜੇ ਸਨ। ਦਿਲਬਾਗ ਤੇ ਗੁਰਿੰਦਰ ਵੀ ਰਾਤ ਹੀ ਆ ਗਏ ਸਨ। ਕੁਲਵਿੰਦਰ ਤੇ ਸੁਖਵੀਰ ਹੁਣੇ ਹੀ ਆਏ ਸਨ। ਪਰਮਜੀਤ ਤੇ ਰਣਜੀਤ ਆਪਣੇ ਦੋਨੋਂ ਮੁੰਡੇ ਲੈ ਕੇ ਸਵੇਰੇ ਹੀ ਆ ਗਏ ਸਨ। ਮਨਿੰਦਰਾਂ ਤੇ ਬਲਜੀਤ ਵੀ ਬੱਚਿਆਂ ਸਮੇਤ ਹਾਜ਼ਰ ਸਨ। ਬਲਜਿੰਦਰ ਨੇ ਘੜੀ ਵਲ ਦੇਖਦਿਆਂ ਸੁਰਿੰਦਰ ਨੂੰ ਕਿਹਾ,

"ਤੂੰ ਟਾਈਮ ਬਾਰੇ ਸ਼ੋਅਰ ਐਂ?"

"ਹੋਰ ਕਿਤੇ ਨਈਂ ਵੀ ਪਰ ਟਰੈਫਿਕ ਵੀ ਤਾਂ ਹੋ ਸਕਦੈ।"

ਆਦਮੀ ਭਾਵੇਂ ਗਾਰਡਨ ਵਿਚ ਬੈਠੇ ਸਨ ਪਰ ਸਾਰੀਆਂ ਔਰਤਾਂ ਪਰਦਿਆਂ ਪਿੱਛੇ ਖੜੀਆਂ ਬਾਹਰ ਸੜਕ ਵਲ ਦੇਖ ਰਹੀਆਂ ਸਨ। ਦਸ ਵਜੇ ਦੇ ਕਰੀਬ ਇਕ ਕਾਲੀ ਟੈਕਸੀ ਉਹਨਾਂ ਦੇ ਘਰ ਦੇ ਬਾਹਰ ਆ ਕੇ ਰੁਕੀ। ਉਹ ਅੰਦਰੋਂ ਚੀਕਾਂ ਮਾਰਨ ਲਗੀਆਂ ਤੇ ਨਾਲ਼ ਹੀ ਰੋਣ ਵੀ। ਟੈਕਸੀ ਵਿਚੋਂ ਇਕ ਪੁਲੀਸਮੈਨ ਨਿਕਲਿਆ। ਉਸ ਦੇ ਮਗਰ ਹੀ ਇਕ ਅੰਗਰੇਜ਼ ਸੋਸ਼ਲ ਵਰਕਰ ਵੀ, ਉਸ ਦੇ ਮਗਰ ਸੁਰਜਨ ਸਿੰਘ। ਉਹੋ ਪਹਿਲਾਂ ਵਾਲਾ ਸੁਰਜਨ ਸਿੰਘ। ਉਹੋ ਬਦਾਮੀ ਰੰਗ ਦੀ ਪੱਗ, ਐਨਕਾਂ ਤੇ ਦਗ ਦਗ ਕਰਦਾ ਚਿਹਰਾ। ਜੇ ਕੋਈ ਫਰਕ ਸੀ ਤਾਂ ਸੀ ਬੱਗੀ ਹੋਈ ਦਾਹੜੀ ਦਾ ਤੇ ਜ਼ਰਾ ਕੁ ਝੁਕੀ ਹੋਈ ਕਮਰ ਦਾ। ਸੁਰਿੰਦਰ ਨੇ ਭੱਜ ਕੇ ਦਰਵਾਜ਼ਾ ਖੋਹਲਿਆ ਤੇ ਭੱਜ ਕੇ ਸੁਰਜਨ ਸਿੰਘ ਨੂੰ ਚੁੰਬੜ ਗਈ। ਉਸ ਦੇ ਮਗਰ ਹੀ ਬਾਕੀ ਦੀਆਂ ਧੀਆਂ ਵੀ ਉਸ ਦੇ ਗਲ਼ ਲਗ ਗਈਆਂ। ਸਭ ਦੀਆਂ ਅੱਖਾਂ ਤਰ ਸਨ। ਸੁਰਜਨ ਸਿੰਘ ਅੰਦਰ ਆਇਆ। ਇਕ ਇਕ ਨੂੰ ਗਲ਼ ਲਗ ਕੇ ਮਿਲਿਆ। ਗਾਰਡਨ ਵਿਚ ਵੀ ਸਾਰੇ ਹੁਣ ਤਕ ਅੰਦਰ ਆ ਗਏ ਸਨ। ਸਭ ਨਾਲ ਹੱਥ ਮਿਲਾ ਕੇ ਬੈਠ ਗਿਆ। ਉਸ ਨੇ ਸਾਰੇ ਘਰ ਨੂੰ ਨਿਹਾਰਿਆ, ਸਭ ਕੁਝ ਉਵੇਂ ਦਾ ਉਵੇਂ ਹੀ ਸੀ। ਉਸ ਦੇ ਹੱਥਾਂ ਦੀਆਂ ਲਗਾਈਆਂ ਸੀਨਰੀਆਂ ਉਵੇਂ ਹੀ ਕੰਧਾਂ ਉਪਰ ਲਟਕ ਰਹੀਆਂ ਸਨ। ਹਾਂ, ਹੁਣ ਤਸਵੀਰਾਂ ਬਹੁਤ ਹੋ ਗਈਆਂ ਸਨ। ਇੰਨੇ ਬੱਚਿਆਂ ਦੀਆਂ ਲਗੀਆਂ ਫੋਟੋ ਦੇਖ ਕੇ ਉਸ ਨੂੰ ਆਪਣਾ-ਆਪ ਵਧਿਆ-ਫੁੱਲਿਆ ਮਹਿਸੂਸ ਹੋਣ ਲਗਿਆ। ਉਸ ਨੇ ਇਕੱਲੇ ਇਕੱਲੇ ਦਾ ਹਾਲਚਾਲ ਪੁੱਛਿਆ। ਦਿਲਬਾਗ ਨੇ ਸੁਰਜਨ ਦੀ ਮਨਪਸੰਦ ਵਾਈਨ ਦੀ ਬੋਤਲ ਉਹਦੇ ਸਾਹਮਣੇ ਲਿਆ ਰੱਖੀ ਤਾਂ ਸਭ ਹੱਸਣ ਲਗੇ।

www.PunjabiLibrary.com

ਅਜ ਦਾ ਇਹ ਦਿਨ ਸੁਰਜਨ ਸਿੰਘ ਦੀ ਪੈਰੋਲ ਦਾ ਇਕ ਦਿਨ ਸੀ। ਉਸ ਦੀ ਰਿਹਾਈ ਕਦ ਹੋਣੀ ਸੀ, ਕਿੰਨੇ ਸਾਲ ਲਗਣੇ ਸਨ; ਇਸ ਦਾ ਕਿਸੇ ਨੂੰ ਕੁਝ ਨਹੀਂ ਸੀ ਪਤਾ। ਇਹ ਸਿਰਫ ਰਿਹਾਈ ਵਲ ਇਕ ਕਦਮ ਸੀ। ਸਰਕਾਰੀ ਮਨੋਵਿਗਿਆਨੀ ਦਾ ਵਿਚਾਰ ਸੀ ਕਿ ਇੰਨੇ ਸਾਲ ਜੇਲ੍ਹ ਵਿਚ ਰਹਿ ਕੇ ਸੁਰਜਨ ਸਿੰਘ ਲਈ ਵਾਪਸ ਕੁਦਰਤੀ ਜ਼ਿੰਦਗੀ ਵਿਚ ਵਿਚਰਨਾ ਮੁਸ਼ਕਲ ਹੋ ਜਾਣਾ ਸੀ, ਇਵੇਂ ਉਸ ਨੂੰ ਕਦੇ ਕਦੇ ਪੈਰੋਲ 'ਤੇ ਭੇਜ ਕੇ ਬਾਹਰਲੇ ਸਮਾਜ ਦਾ ਆਦੀ ਬਣਾਉਣਾ ਜ਼ਰੂਰੀ ਸੀ। ਭਾਵੇਂ ਇਹ ਇਕ ਦਿਨ ਹੀ ਸੀ ਪਰ ਘਰ ਦਾ ਮਹੌਲ ਖੁਸ਼ੀਆਂ ਭਰਪੂਰ ਸੀ।

ਉਸ ਨੇ ਘਰ ਨੂੰ ਕਰਾਏ ਨਵੇਂ ਪੇਂਟ ਦਾ ਜਾਇਜ਼ਾ ਲਿਆ। ਉਠ ਕੇ ਗਾਰਡਨ ਦੇ ਫੁੱਲ ਦੇਖੇ ਜਿਹਨਾਂ ਨੂੰ ਸੁਰਿੰਦਰ ਉਸ ਦੀ ਗੈਰਹਾਜ਼ਰੀ ਵਿਚ ਸੰਭਾਲਦੀ ਰਹੀ ਸੀ। ਘਰ ਦੇ ਉਪਰਲੇ ਹਿੱਸੇ ਵਿਚ ਜਾ ਕੇ ਆਪਣਾ ਬੈੱਡਰੂਮ ਦੇਖਿਆ। ਇਕ ਵਾਰ ਤਾਂ ਉਸ ਦਾ ਮਨ ਭਰ ਆਇਆ ਪਰ ਉਹ ਸੰਭਲ ਗਿਆ। ਉਹ ਮੁੜ ਫਰੰਟ ਰੂਮ ਵਿਚ ਆ ਬੈਠਾ। ਉਸ ਦਾ ਸਾਰਾ ਪਰਿਵਾਰ ਉਸ ਦੇ ਦੁਆਲੇ ਜੁੜਿਆ ਹੋਇਆ ਸੀ। ਸਾਰੀਆਂ ਧੀਆਂ ਆਪਣੇ ਪਤੀਆਂ ਸਮੇਤ ਹਾਜ਼ਰ ਸਨ ਪਰ ਸੁਰਿੰਦਰ ਇਕੱਲੀ ਸੀ। ਉਹ ਮੁੜ ਮੁੜ ਸੁਰਿੰਦਰ ਵਲ ਦੇਖਣ ਲਗਦਾ। ਫਿਰ ਉਸ ਨੇ ਅੰਮ੍ਰਿਤ ਵਲ ਧਿਆਨ ਨਾਲ ਦੇਖਿਆ। ਅੰਮ੍ਰਿਤ ਦੀਆਂ ਅੱਖਾਂ ਵਿਚਦੀ ਕੋਈ ਹੋਰ ਝਾਕ ਰਿਹਾ ਸੀ। ਉਸ ਦਾ ਵੱਡਾ ਸਾਰਾ ਨੱਕ ਤੇ ਚੌੜਾ ਮੱਥਾ ਉਸ ਨੇ ਪਹਿਲਾਂ ਵੀ ਕਿਧਰੇ ਦੇਖਿਆ ਹੋਇਆ ਸੀ, ਜਿਵੇਂ ਕੋਈ ਦੇਰ ਬਾਅਦ ਮਿਲ ਰਿਹਾ ਹੋਵੇ। ਅੰਮ੍ਰਿਤ ਹੱਸੀ, ਜਿਵੇਂ ਕੋਈ ਹੋਰ ਹੱਸਿਆ ਹੋਵੇ। ਵੀਹ ਸਾਲ ਦੀ ਅੰਮ੍ਰਿਤ ਸੁਰਿੰਦਰ ਨਾਲੋਂ ਵੀ ਲੰਮੀ ਹੋ ਗਈ ਸੀ। ਉਹ ਸਮਝਦੀ ਹੋਈ ਉਸ ਦੇ ਸਾਹਮਣੇ ਹੁੰਦੀ ਉਸ ਵਾਂਗ ਹੀ ਚੁਟਕੀ ਵਜਾਉਂਦੀ ਬੋਲੀ,
''ਨਾਨਾ ਜੀ, ਨੋ ਯੂ ਟਰਨ!''

(ਸਮਾਪਤ)

www.PunjabiLibrary.com